ਅਧਿਆਇ 1
ਮਹੱਤਵਪੂਰਨ ਪ੍ਰੀਭਾਸ਼ਾਵਾਂ ਬਾਰੇ ਜਾਣਕਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੀਆਂ ਪ੍ਰੀਭਾਸ਼ਾਵਾਂ ਦੇ ਹਵਾਲੇ ਨਿਰੰਤਰ ਮਿਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਸਮਝਣ ਲਈ ਇਹਨਾਂ ਪ੍ਰੀਭਾਸ਼ਾਵਾਂ ਦੇ ਅਰਥਾਂ ਨੂੰ ਸਮਝਣਾ ਬਹੁਤ ਹੀ ਮਦਦਗਾਰ ਹੋਵੇਗਾ। ਇੱਥੇ ਉਹ ਪ੍ਰੀਭਾਸ਼ਾਵਾਂ ਦਿੱਤੀਆਂ ਗਈਆਂ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੀ ਵਿਆਖਿਆ ਕਰਨ ਲਈ ਵਰਤੀਆਂ ਗਈਆਂ ਹਨ।

ਇਸ ਕਿਤਾਬ ਵਿਚ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਭਗਤੀ ਦੀ ਸ਼ੁਰੂਆਤ ਇਸ ਦੀ ਪ੍ਰਗਤੀ ਅਤੇ ਭਗਤੀ ਦੇ ਉੱਚੇ ਦਰਜੇ ਨਾਲ ਸਬੰਧਿਤ ਵਿਸ਼ਿਆਂ ਬਾਰੇ ਗੱਲਬਾਤ ਕੀਤੀ ਗਈ ਹੈ। ਉੱਚਾ ਦਰਜਾ ਉਹ ਹੈ ਜਦੋਂ ਭਗਤ ਦਾ ਮਨ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਜੁੜਨ ਦੇ ਮਾਰਗ 'ਤੇ ਹੋਵੇ। ਇਸ ਨੂੰ ਗਿਆਨ ਦੀ ਸਹਿਜ ਅਵਸਥਾ ਕਿਹਾ ਜਾਂਦਾ ਹੈ।

ਗੁਰੂ/ਸਤਿਗੁਰੂ : —ਸੰਪੂਰਨ ਰੱਬੀ ਗਿਆਨ ਵਾਲਾ ਗੁਰੂ ਜਾਂ ਸਤਿਗੁਰੂ ਹੁੰਦਾ ਹੈ। ਸੱਚਾ ਗੁਰੂ ਜਾਂ ਸਤਿਗੁਰੂ ਆਪਣੇ ਗੰਭੀਰ ਸਿੱਖ ਨੂੰ ਰੱਬੀ ਗਿਆਨ ਦੇ ਪਾਠ ਸਿੱਖਣ ਵਿਚ ਸਫਲਤਾ ਪ੍ਰਾਪਤ ਕਰਵਾਉਣ ਲਈ ਵਚਨਬੱਧ ਹੁੰਦਾ ਹੈ। ਸਤਿਗੁਰੂ ਪ੍ਰਮਾਤਮਾ ਦੀ ਵਡਿਆਈ ਦੇ ਬਾਰੇ ਸੰਪੂਰਨ ਸੱਚਾਈ ਦੱਸਦਾ ਹੈ, ਕਿਉਂਕਿ ਪ੍ਰਮਾਤਮਾ ਆਪ ਹੀ ਗੁਰੂ ਨੂੰ ਸੱਚਾਈ ਦੱਸਣ ਦੇ ਅਧਿਕਾਰ ਦਿੰਦਾ ਹੈ। ਸਤਿਗੁਰੂ, ਪਤਿਤਾਂ ਨੂੰ ਵੀ ਸੁਧਾਰਨ ਦੇ ਸਮਰੱਥ ਹੈ। ਉਹ ਉਸ ਨੂੰ ਪ੍ਰਮਾਤਮਾ ਦੀ ਭਗਤੀ ਦੇ ਰਾਹ 'ਤੇ ਲਿਆਉਂਦਾ ਹੈ। ਗੁਰੂ ਉਸ ਨੂੰ ਪ੍ਰਮਾਤਮਾ ਦੇ ਸਰਬ-ਵਿਆਪੀ ਹੋਣ ਦਾ ਅਨੁਭਵ ਕਰਨ ਦੇ ਕਾਬਿਲ ਬਣਾਉਂਦਾ ਹੈ।

ਗੁਰੂ ਦੀਆਂ ਸਿੱਖਿਆਵਾਂ ਗਿਆਨ ਦੀ ਸਹਿਜ ਅਵਸਥਾ ਵਿਚ ਜ਼ਾਹਿਰ ਕੀਤੀਆਂ ਜਾਂਦੀਆਂ ਹਨ। ਇਹ ਆਤਮਿਕ ਪ੍ਰਗਤੀ ਦਾ ਬਹੁਤ ਹੀ ਅਗਾਂਹ ਵਾਲਾ ਪੱਧਰ ਹੁੰਦਾ ਹੈ, ਜਦੋਂ ਸਿੱਖ ਆਪਣੇ ਗੁਰੂ ਦੀਆਂ ਸਿੱਖਿਆਵਾਂ ਦੇ ਅਰਥ ਦੀ ਡੂੰਘਿਆਈ ਚੰਗੀ ਤਰ੍ਹਾਂ ਸਮਝ ਸਕੇ ਅਤੇ ਉਸ ਦੀ ਪ੍ਰਸੰਸਾ ਕਰ ਸਕੇ।

ਸਹਿਜ ਅਵਸਥਾ ਤੋਂ ਪਹਿਲਾਂ ਸਿੱਖ ਗੁਰੂ ਦੀਆਂ ਸਿੱਖਿਆਵਾਂ ਨੂੰ ਸਮਝਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਹਮੇਸ਼ਾ ਆਪਣੇ ਹਮ-ਖਿਆਲ ਲੋਕਾਂ ਦੀ ਮਦਦ ਦੀ ਲੋੜ ਹੁੰਦੀ ਹੈ। ਇਹੀ ਕਾਰਣ ਹੈ ਕਿ ਗੁਰੂ ਨੇ ਸਹਿਯੋਗੀ ਸ਼ਰਧਾਲੂ ਸੇਵਕਾਂ ਦੀ ਸੰਗਤ ਦੇ ਮਹੱਤਵ ਤੇ

ਖ਼ਾਸ ਜ਼ੋਰ ਦਿੱਤਾ ਹੈ। ਆਤਮਿਕ ਪ੍ਰਗਤੀ ਦੀ ਪੌੜੀ ਚੜ੍ਹਦਿਆਂ, ਸਹਿਜ ਅਵਸਥਾ ਦੇ ਅਨੁਭਵ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਲਈ, ਸਿੱਖ ਨੂੰ ਗੁਰੂ ਦੇ ਸਹਾਰੇ ਦੀ ਹਮੇਸ਼ਾਂ ਲੋੜ ਹੁੰਦੀ ਹੈ। ਜ਼ਿੰਦਗੀ ਦੇ ਉਤਰਾਅ ਅਤੇ ਚੜ੍ਹਾਅ ਦਾ ਠੀਕ ਤਰ੍ਹਾਂ ਸਾਹਮਣਾ ਕਰਨ ਲਈ ਅਤੇ ਆਪਣੇ ਗੁਰੂ ਦੀ ਸੂਝ-ਬੂਝ ਤੋਂ ਹਮੇਸ਼ਾ ਲਾਭ ਉਠਾਉਣ ਲਈ, ਸਿੱਖ ਆਪਣੇ ਗੁਰੂ ਅੱਗੇ ਅਰਦਾਸ ਕਰਦਾ ਹੈ।

ਸ਼ਰਧਾ/ਭਾਵਨਾ : — ਪ੍ਰੇਮਾ-ਭਗਤੀ - ਪ੍ਰਮਾਤਮਾ ਅਤੇ ਗੁਰੂ ਪ੍ਰਤੀ ਆਦਰ-ਸਤਿਕਾਰ ਅਤੇ ਪਿਆਰ।

ਸੰਤ/ਪੰਚ/ਭਗਤ : — ਸੰਤ, ਉਹ ਮਨੁੱਖ, ਜੋ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਪ੍ਰਮਾਤਮਾ ਨਾਲ ਸਾਂਝ ਪਾਈ ਰੱਖਦਾ ਹੈ ਅਤੇ ਗੁਰੂ ਦਾ ਆਦਰ-ਸਤਿਕਾਰ ਕਰਦਾ ਹੈ। ਸੰਤ ਆਪਣੇ ਗੁਰੂ ਦਾ ਬਹੁਤ ਹੀ ਜਗਿਆਸੂ ਅਤੇ ਸਮਰਪਿਤ ਸ਼ਰਧਾਲੂ ਹੁੰਦਾ ਹੈ।

ਕਿਰਪਾ/ਮਿਹਰ/ਨਦਰ/ਪ੍ਰਸਾਦਿ : — ਪ੍ਰਮਾਤਮਾ ਦੀ ਆਪਣੇ ਭਗਤ ਅਤੇ ਗੁਰੂ ਦੀ ਆਪਣੇ ਸਿੱਖ 'ਤੇ ਮਿਹਰ। ਇਹ ਪ੍ਰਮਾਤਮਾ ਅਤੇ ਗੁਰੂ ਦੀ ਮਿਹਰ ਭਰੀ ਵਿਸ਼ੇਸ਼ਤਾ ਹੈ।

ਜਦੋਂ ਗੁਰੂ ਦਾ ਸਿੱਖ ਆਪਣੇ ਵਿਵਹਾਰਿਕ ਜੀਵਨ ਵਿਚ ਗੁਰੂ ਦੀਆਂ ਸਿੱਖਿਆਵਾਂ ਨੂੰ ਸਮਝਦਾ, ਸਵੀਕਾਰਦਾ, ਮਹੱਤਵ ਦਿੰਦਾ ਅਤੇ ਅਪਣਾਉਂਦਾ ਹੈ, ਤਾਂ ਇਹ ਇਸ ਸੱਚਾਈ ਨੂੰ ਪੁਖਤਾ ਕਰਦਾ ਹੈ ਕਿ ਸਿੱਖ/ਸ਼ਰਧਾਲੂ ਦੋਨਾਂ 'ਤੇ ਗੁਰੂ ਅਤੇ ਪ੍ਰਮਾਤਮਾ ਦੀ ਮਿਹਰ ਹੈ।

ਹੁਕਮ : — ਇਹ ਵਿਸ਼ੇਸ਼ਤਾ ਪ੍ਰਮਾਤਮਾ ਦੀ ਸ਼ਕਤੀ ਦਰਸਾਉਂਦੀ ਹੈ। ਪ੍ਰਮਾਤਮਾ ਦੀ ਰਚਨਾ ਨਾਲ ਜੋ ਕੁਛ ਵੀ ਵਾਪਰਦਾ ਹੈ, ਇਹੀ ਉਸ ਦਾ ਸਭ ਤੋਂ ਵੱਡਾ ਕਾਰਣ ਹੈ। ਪ੍ਰਮਾਤਮਾ ਦੇ ਹੁਕਮ ਨੂੰ ਮੰਨਣਾ ਅਤੇ ਉਸ ਮੇਲ-ਮਿਲਾਪ ਨਾਲ ਰਹਿਣਾ ਹੀ ਪ੍ਰਮਾਤਮਾ ਨਾਲ ਸਾਂਝ ਦੀ ਕੁੰਜੀ ਹੈ।

ਸਿੱਖ : — ਸਿੱਖ ਉਹ ਹੈ ਜੋ ਸੰਤ ਬਨਣ ਦੇ ਰਾਹ 'ਤੇ ਹੁੰਦਾ ਹੈ। ਗੁਰੂ ਦਾ ਸਿੱਖ ਹੋਣ ਦੇ ਨਾਤੇ, ਸਿੱਖ ਰੱਬੀ ਗਿਆਨ ਨੂੰ ਪੂਰੀ ਨਿਮਰਤਾ, ਉਤਸੁਕਤਾ ਅਤੇ ਬਹੁਤ ਹੀ ਪ੍ਰੇਮ ਨਾਲ ਸਿੱਖਦਾ ਹੈ। ਉਹ ਸਭ ਜੀਵਾਂ ਨੂੰ ਦਾਤਾਂ ਬਖ਼ਸ਼ਣ ਵਾਲੇ, ਉਸ ਮਿਹਰਾਂ ਵਾਲੇ ਨਾਲ ਹਮੇਸ਼ਾਂ ਦੀ ਸਾਂਝ ਪਾਈ ਰੱਖਣ ਲਈ ਆਪਣੇ ਗੁਰੂ ਅੱਗੇ ਅਰਜ਼ੋਈ ਕਰਦਾ ਹੈ। ਸਿੱਖ ਆਪਣੇ ਪ੍ਰਮਾਤਮਾ ਅਤੇ ਆਪਣੇ ਗੁਰੂ ਪ੍ਰਤੀ ਹਮੇਸ਼ਾਂ ਨਿਮਰ, ਰਿਣੀ ਅਤੇ ਧੰਨਵਾਦੀ ਰਹਿੰਦਾ ਹੈ। ਸਿੱਖ ਆਪਣੇ ਗੁਰੂ ਅਤੇ ਉਸ ਦੀਆਂ ਸਿੱਖਿਆਵਾਂ ਨੂੰ ਮਾਣ ਬਖ਼ਸ਼ਦਾ ਹੈ।

ਗੁਰਸਿੱਖ : — ਗੁਰੂ ਦਾ ਸਿੱਖ (ਚੇਲਾ)।

ਗੁਰਬਾਣੀ : — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੱਬੀ ਗਿਆਨ। ਗੁਰਬਾਣੀ ਇਕ ਤੁਕ, ਜਾਂ ਇਕ ਸ਼ਬਦ (ਬਹੁਤ ਸਾਰੀਆਂ ਤੁਕਾਂ ਵਾਲਾ ਸ਼ਬਦ) ਜਾਂ ਇਕ ਬਾਣੀ (ਸ਼ਬਦਾਂ ਦਾ ਸੰਗ੍ਰਹਿ) ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਉਪਦੇਸ਼ਾਂ ਦਾ ਸੰਗ੍ਰਹਿ ਹੈ। ਗੁਰਬਾਣੀ

ਭਾਵੇਂ ਗੁਰੂ ਦੀ ਹੋਵੇ, ਜਾਂ ਭਗਤ ਦੀ ਹੋਵੇ ਜਾਂ ਭੱਟ ਦੀ ਹੋਵੇ, ਸਾਰਿਆਂ ਨੇ ਇਸ ਦਾ ਪ੍ਰਗਟਾਵਾ ਗਿਆਨ ਦੀ ਸਹਿਜ ਅਵਸਥਾ ਵਿਚ ਹੀ ਕੀਤਾ ਹੈ। ਮਨ ਦੀ ਸਹਿਜ ਅਵਸਥਾ ਜੋ ਕਿ ਪ੍ਰਮਾਤਮਾ ਪ੍ਰਤੀ ਵਿਚਾਰਾਂ ਅਤੇ ਭਾਵਨਾਵਾਂ ਨਾਲ ਬਣਦੀ ਹੈ। ਪੂਰੇ ਪਿਆਰ ਅਤੇ ਸ਼ਰਧਾ ਨਾਲ ਸ਼ਰਧਾਲੂ ਦਾ ਆਪਣੇ ਪ੍ਰਮਾਤਮਾ ਦੇ ਨਾਲ ਸੁਭਾਵਿਕ ਅਤੇ ਚਿਰ ਸਥਾਈ ਲੀਨਤਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਸ਼ਬਦ ਸਹਿਜ ਅਵਸਥਾ ਵਿਚ ਹੀ ਪ੍ਰਗਟਾਏ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ : — ਸਿੱਖਾਂ ਦਾ ਜੁਗੋ ਜੁਗ ਅਟੱਲ ਗੁਰੂ, ਜੋ ਸਾਰੀ ਮਨੁੱਖੀ ਨੂੰ ਰੱਬੀ ਗਿਆਨ ਦਾ ਉਪਦੇਸ਼ ਦੇਣ ਵਾਲਾ ਹੈ। ਇਹ ਉਪਦੇਸ਼ ਵਿਸ਼ਵ-ਵਿਆਪੀ ਅਤੇ ਸਾਰੀ ਮਨੁੱਖਤਾ ਦੇ ਭਲੇ ਲਈ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਦਰਸਾਈਆਂ ਗਈਆਂ ਸਿੱਖਿਆਵਾਂ, ਗੁਰੂਆਂ, ਸੰਤਾਂ ਅਤੇ ਸ਼ਰਧਾਲੂ ਸਿੱਖਾਂ ਦੁਆਰਾ ਦੱਸੀਆਂ ਗਈਆਂ ਹਨ। ਇਹ ਸਿੱਖਿਆਵਾਂ ਕਵਿਤਾ ਰੂਪ ਵਿਚ ਹਨ ਅਤੇ ਭਾਰਤੀ ਸ਼ਾਸਤਰੀ ਸੰਗੀਤ ਦੀਆਂ ਮਧੁਰ ਧੁਨਾਂ ਤੇ ਹਨ। ਗੁਰੂ ਦੇ ਸਿੱਖ ਜਦੋਂ ਇਹ ਸਿੱਖਿਆਵਾਂ ਲੈਂਦੇ ਹਨ। ਉਨ੍ਹਾਂ ਦਾ ਸੁਆਗਤ ਤੁੱਕਬੰਦੀ ਅਤੇ ਸੰਗੀਤ ਦੇ ਉੱਤਮ ਮੇਲ ਨਾਲ ਹੁੰਦਾ ਹੈ। ਇਸ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਰੱਬੀ ਗਿਆਨ ਪ੍ਰਦਾਨ ਕਰਨ ਵਾਲਾ ਇਕ ਵਿਲੱਖਣ ਗੁਰੂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਸ਼ਰਧਾਲੂ ਦੇ ਮਨ ਨੂੰ ਪ੍ਰੇਰਿਤ ਅਤੇ ਉਤਸਾਹਿਤ ਕਰਦੀਆਂ, ਸਾਧਾਰਣ ਚੇਤਾਵਨੀ ਦਿੰਦੀਆਂ, ਇਕ ਨਮੂਨਾ ਪੇਸ਼ ਕਰਦੀਆਂ ਅਤੇ ਮਨ ਨੂੰ ਆਸਰਾ ਪ੍ਰਦਾਨ ਕਰਦੀਆਂ ਹਨ। ਗੁਰੂ ਆਪਣੇ ਸਿੱਖ ਅੰਦਰ, ਪ੍ਰਮਾਤਮਾ ਪ੍ਰਤੀ ਉਸ ਦੇ ਪ੍ਰੇਮ ਨੂੰ ਹੋਰ ਵਧਾਉਣ ਲਈ ਇਹ ਸਭ ਕਰਦਾ ਹੈ।

ਸਤਿਨਾਮ : — ਪ੍ਰਮਾਤਮਾ ਜੋ ਕਿ ਬੇਅੰਤ ਹੈ। ਇਕ ਨਾਮ ਜੋ ਕਿ ਹਮੇਸ਼ਾਂ ਹੀ ਸੱਚਾ ਹੈ।

ਵਾਹਿਗੁਰੂ (ਪ੍ਰਮਾਤਮਾ) : — ਪ੍ਰਮਾਤਮਾ ਸਰਬ-ਉਚ, ਬੇਅੰਤ ਅਤੇ ਵਿਲੱਖਣ ਵਿਸ਼ੇਸ਼ਤਾਵਾਂ ਵਾਲਾ ਹੈ। ਉਹ ਹੀ ਸ੍ਰਿਸ਼ਟੀ ਦਾ ਸਿਰਜਨਹਾਰ, ਪਾਲਣਹਾਰ ਅਤੇ ਨਾਸ ਕਰਨ ਵਾਲਾ ਹੈ। ਪ੍ਰਮਾਤਮਾ ਪਰਿਪੂਰਨ, ਹੈਰਾਨਕੁੰਨ ਕਰਨ ਵਾਲਾ ਗੁਰੂ ਹੈ ਜੋ ਆਪਣੇ ਸ਼ਰਧਾਲੂ ਗੁਰੂ ਦੇ ਸਿੱਖ ਦੇ ਸਨਮਾਨ ਅਤੇ ਪ੍ਰਸੰਸਾ ਦੇ ਕਾਬਿਲ ਹੈ। ਵਾਹਿਗੁਰੂ, ਗੁਰੂ ਅਤੇ ਸੰਤ ਦਾ ਆਪਸ ਵਿਚ ਸਦੀਵੀ ਮੇਲ ਹੈ।

ਇਹ ਪ੍ਰੀਭਾਸ਼ਾ ਰੱਬੀ ਗਿਆਨ ਵਾਲੇ ਪੂਰਨ ਗੁਰੂ, ਸਤਿਗੁਰੂ ਲਈ ਵੀ ਵਰਤੀ ਜਾਂਦੀ ਹੈ। ਸਤਿਗੁਰੂ ਬਿਨਾਂ ਕਿਸੇ ਧਾਰਮਿਕ, ਸੱਭਿਆਚਾਰਕ, ਸਮਾਜਿਕ, ਰਾਸ਼ਟਰੀ ਭੇਦ-ਭਾਵ ਦੇ ਸਾਰੀ ਮਨੁੱਖਤਾ ਦਾ ਗੁਰੂ ਹੁੰਦਾ ਹੈ। ਪ੍ਰਮਾਤਮਾ ਬਾਰੇ ਉਸ ਦੀਆਂ ਸਿੱਖਿਆਵਾਂ ਵਿਸ਼ਵ-ਵਿਆਪੀ ਮਹੱਤਤਾ ਰੱਖਦੀਆਂ ਹਨ।

ਕੀਰਤਨ : — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਨੂੰ ਸੰਗੀਤ ਵਿਚ ਬਿਆਨ ਕੀਤਾ ਗਿਆ ਹੈ, ਜਿਸ ਵਿਚ ਸਿਰਫ਼ ਵਾਹਿਗੁਰੂ ਦੀ ਵਡਿਆਈ ਹੈ। ਕੀਰਤਨ ਪ੍ਰਮਾਤਮਾ ਅਤੇ ਉਸ

ਦੇ ਭਗਤਾਂ ਦੀ ਸਿਫਤ-ਸਾਲਾਹ ਦਾ ਇਕ ਅਦਭੁੱਤ ਮਾਧਿਅਮ ਹੈ।

ਗੁਰਮੁਖ : — ਦਸ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੱਬੀ ਗਿਆਨ ਦਾ ਇਕ ਗੰਭੀਰ ਵਿਦਿਆਰਥੀ।

ਬ੍ਰਹਮ ਗਿਆਨੀ : — ਗੁਰੂ ਦਾ ਉਹ ਸਿੱਖ ਜਿਹੜਾ ਸਹਿਜ ਅਵਸਥਾ ਤੱਕ ਪਹੁੰਚਿਆ ਹੋਵੇ। ਜਾਗਰੁਕਤਾ ਦੇ ਇਸ ਪੱਧਰ 'ਤੇ ਪਹੁੰਚ ਕੇ ਸਿੱਖ, ਗੁਰੂ ਦੀ ਪ੍ਰਮਾਤਮਾ ਬਾਰੇ ਸਮਝ, ਗੁਰੂ, ਸੰਤਾਂ ਅਤੇ ਪ੍ਰਮਾਤਮਾ ਦੀ ਰਚਨਾ ਬਾਰੇ ਪੂਰੀ ਤਰ੍ਹਾਂ ਜਾਨਣ ਲੱਗਦਾ ਹੈ। ਬ੍ਰਹਮ ਗਿਆਨੀ ਦੀ ਅਵਸਥਾ ਤੇ ਪਹੁੰਚਣ ਤੋਂ ਪਹਿਲਾਂ, ਗੁਰੂ ਦਾ ਸਿੱਖ, ਗੁਰੂ ਦੀ ਸਹਿਜ ਅਵਸਥਾ ਦੀ ਸਮਝ, ਗੁਰੂ ਅਤੇ ਸੰਤਾਂ ਅਤੇ ਉਸ ਦੀ ਰਚਨਾ ਦੀ ਪੌੜੀ ਚੜ੍ਹਨ ਦੇ ਮਾਰਗ ਤੇ ਹੁੰਦਾ ਹੈ।

ਮਨਮੁਖ : — ਉਹ ਮਨੁੱਖ ਜੋ ਰੱਬੀ ਗਿਆਨ ਤੋਂ ਅਨਜਾਣ ਹੁੰਦਾ ਹੈ ਅਤੇ ਕੇਵਲ ਆਪਣੇ ਮਨ ਦੇ ਮਗਰ ਹੀ ਤੁਰਦਾ ਹੈ। ਅਜਿਹਾ ਮਨੁੱਖ ਗੁਰਮੁਖ ਦੇ ਵਿਸ਼ਵਾਸ ਅਤੇ ਵਿਵਹਾਰ ਦਾ ਪੂਰੀ ਤਰ੍ਹਾਂ ਵਿਰੋਧੀ ਹੁੰਦਾ ਹੈ। ਇਹਨਾਂ ਦੋਨਾਂ (ਗੁਰਮੁਖ ਅਤੇ ਮਨਮੁਖ) ਵਿਚਕਾਰ ਕਦੀ ਵੀ ਮਿੱਤਰਤਾ ਨਹੀਂ ਹੋ ਸਕਦੀ।

ਦੁੱਖ : — ਉਹ ਤਕਲੀਫ਼ ਜੋ ਅਸੀਂ ਪ੍ਰਮਾਤਮਾ ਤੋਂ ਵਿਛੜ ਕੇ ਭੋਗਦੇ ਹਾਂ। ਇਹ ਜਨਮ ਮਰਨ ਦੇ ਗੇੜ ਨੂੰ ਦਰਸਾਉਂਦਾ ਹੈ। ਜੀਵਨ ਵਿਚ ਇਹ ਝੂਠ ਦੇ ਜਾਲ ਵਿਚ ਫਸਣ ਅਤੇ ਪੰਜ ਅਜੇਤੂ ਖਾਹਿਸ਼ਾਂ ਦੇ ਪਿੱਛੇ ਲੱਗ ਕੇ ਨੈਤਿਕ ਪਤਨਤਾ ਵੱਲ ਵੱਧਣ ਦੇ ਕਾਰਣ ਹੀ ਹੁੰਦਾ ਹੈ। ਇਹ ਖਾਹਿਸ਼ਾਂ ਹਨ — ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ। ਇੱਥੇ ਵਰਣਿਤ ਦੁੱਖ, ਗੁਰੂ ਅਤੇ ਪ੍ਰਮਾਤਮਾ ਪ੍ਰਤੀ ਪ੍ਰੇਮ ਦੀ ਭਾਵਨਾ ਨਾਲ ਖਤਮ ਕੀਤੇ ਜਾਂਦੇ ਹਨ। ਗੁਰਬਾਣੀ ਵਿਚ ਦੁੱਖ ਤੋਂ ਭਾਵ ਗਰੀਬੀ, ਕੁਛ ਦਰਦਨਾਕ ਅਨੁਭਵ ਅਤੇ ਮਾਨਸਿਕ ਅਤੇ ਸਰੀਰਕ ਅਰੋਗਤਾ ਵੀ ਹੈ। ਹਾਲਾਂਕਿ ਅਜਿਹੇ ਦੁੱਖ ਪ੍ਰਮਾਤਮਾ ਪ੍ਰਤੀ ਪਿਆਰ ਨਾਲ ਦੂਰ ਹੋ ਸਕਦੇ ਹੋਣ ਜਾਂ ਨਹੀਂ, ਪ੍ਰੰਤੂ ਝੂਠ ਦੇ ਜਾਲ ਵਿਚ ਫਸਣ ਅਤੇ ਇਹਨਾਂ ਪੰਜ ਇੱਛਾਵਾਂ ਨਾਲ ਪੈਦਾ ਹੋਏ ਦੁੱਖ, ਗੁਰਬਾਣੀ ਦੁਆਰਾ ਯਕੀਨਨ ਹੀ ਦੂਰ ਹੋ ਜਾਂਦੇ ਹਨ। ਦੁੱਖ ਵਿਚ ਸਿੱਖ ਇਸ ਦੇ ਖਾਤਮੇ ਲਈ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ।

ਸੁੱਖ : — ਉਹ ਸੁੱਖ ਅਤੇ ਪ੍ਰਸੰਨਤਾ ਜੋ ਪ੍ਰਮਾਤਮਾ ਨਾਲ ਜੁੜਨ ਤੇ ਹਾਸਿਲ ਹੁੰਦੀ ਹੈ। ਸੁੱਖ, ਸ਼ਰਧਾਲੂ ਦੇ ਜਨਮ-ਮਰਨ ਦੇ ਚੱਕਰ ਦੇ ਖਾਤਮੇ ਦਾ ਸੰਕੇਤਕ ਹੈ। ਇਸ ਦਾ ਅਰਥ ਪੰਜ ਅਜੇਤੂ ਇੱਛਾਵਾਂ ਤੋਂ ਪੂਰਨ ਮੁਕਤੀ ਵੀ ਹੈ।

ਬੰਦਗੀ : — ਪ੍ਰਮਾਤਮਾ ਦੀ ਬੰਦਗੀ ਪੰਜਾਬੀ/ਉਰਦੂ ਦਾ ਸ਼ਬਦ ਹੈ। ਇਸ ਦਾ ਅਰਥ ਹੈ ਮਨ ਦੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਪੂਰੇ ਪਿਆਰ ਅਤੇ ਸਤਿਕਾਰ ਨਾਲ ਸਾਂਝ।

ਹੁਕਮ/ਭਾਣਾ : — ਜੋ ਪ੍ਰਮਾਤਮਾ ਨੂੰ ਭਾਵੇ। ਜੇ ਕੋਈ ਪ੍ਰਮਾਤਮਾ ਦੇ ਹੁਕਮ ਨੂੰ

ਮੰਨਦਾ ਹੈ, ਤਾਂ ਫਿਰ ਉਹ ਸੱਚਾਈ ਨੂੰ ਸਵੀਕਾਰਨ ਲੱਗਦਾ ਹੈ। ਗੁਰੂ ਦੀ ਸੋਝੀ ਨਾਲ ਹੀ ਪ੍ਰਮਾਤਮਾ ਦੇ ਭਾਣੇ ਨੂੰ ਮੰਨਣ ਦੀ ਜਾਚ ਆਉਂਦੀ ਹੈ।

ਵਡਭਾਗ : —ਪ੍ਰਮਾਤਮਾ ਅਤੇ ਗੁਰੂ ਦੀ ਕਿਰਪਾ ਨਾਲ ਸਰੀਰਕ ਅਤੇ ਮਾਨਸਿਕ ਅਰੋਗਤਾ ਦਾ ਸਥਾਈ ਪ੍ਰਬੰਧ।

ਆਨੰਦ/ਆਤਮ-ਅਨੰਦ/ਦੈਵੀ-ਅਨੁਭਵ : —ਅਜਿਹਾ ਅਨੁਭਵ ਜੋ ਬਾਕੀ ਬਖ਼ਸ਼ਿਸ਼ਾਂ ਦੇ ਨਾਲ-ਨਾਲ ਮਨ ਨੂੰ ਸੁਭਾਵਿਕ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਦਾਨ ਕਰਦਾ ਹੈ। ਇਹ ਅਨੁਭਵ ਪ੍ਰਮਾਤਮਾ ਦੀ ਭਗਤੀ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਨਾਲ ਸਾਂਝ ਪਾਉਣ ਵਾਲਾ ਹੁੰਦਾ ਹੈ।

ਸਹਿਜ : —ਸ਼ਰਧਾਲੂ ਦਾ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਨਾਲ ਸਾਂਝ ਪਾਉਣ ਤੇ ਸੁਭਾਵਿਕ ਅਨੰਦ ਦੀ ਪ੍ਰਾਪਤੀ ਦੀ ਅਵਸਥਾ। ਇਹ ਪ੍ਰੀਭਾਸ਼ਾ ਜੀਵਨ ਵਿਚ ਹਰੇਕ ਹਾਲਾਤ ਵਿਚ ਅਲੌਕਿਕ ਅਨੁਭਵ ਦੀ ਨਿਰੰਤਰਤਾ ਵੱਲ ਸੰਕੇਤ ਕਰਦੀ ਹੈ। ਇਹ ਅਨੁਭਵ ਆਤਮ ਅਨੰਦ, ਸੱਚੀ ਪ੍ਰਸੰਨਤਾ ਅਤੇ ਸੱਚੀ ਸ਼ਾਂਤੀ ਦੁਆਰਾ ਹੁੰਦਾ ਹੈ। ਸ਼ਰਧਾਲੂ ਦੇ ਚੰਗੇ ਜਾਂ ਮਾੜੇ ਹਾਲਾਤ, ਉਸ ਦੀ ਪ੍ਰਮਾਤਮਾ ਨਾਲ ਇਸ ਸਾਂਝ ਦੇ ਰਸਤੇ ਵਿਚ ਰੋੜਾ ਨਹੀਂ ਬਣਦੇ। ਆਪਣੇ ਸ਼ਰਧਾਲੂ ਲਈ ਪ੍ਰਮਾਤਮਾ ਦੇ ਦਰਸ਼ਨਾਂ ਤੋਂ ਬਾਅਦ 'ਸਹਿਜ' ਪ੍ਰਮਾਤਮਾ ਦੀ ਦੂਸਰੀ ਵੱਡੀ ਦਾਤ ਹੈ। ਪ੍ਰਮਾਤਮਾ ਨਾਲ ਸੰਜੋਗ ਦੀ ਕਾਮਨਾ ਕਰਨ ਵਾਲੇ ਸ਼ਰਧਾਲੂ ਵੱਲੋਂ ਕੀਤੀ ਗਈ ਅਰਦਾਸ ਦਾ ਉੱਤਰ ਹੈ—'ਸਹਿਜ' ਅਤੇ 'ਦਰਸ਼ਨ'। 'ਸਹਿਜ' ਸ਼ਰਧਾਲੂ ਲਈ ਸੋਝੀ ਦੇ ਉਹ ਰਸਤੇ ਖੋਲ੍ਹ ਦਿੰਦਾ ਹੈ ਜਿਨ੍ਹਾਂ ਤੋਂ ਦੂਜੇ ਸਾਰੇ ਅਨਜਾਣ ਹੁੰਦੇ ਹਨ। ਮਨੁੱਖ ਅਤੇ ਜਾਨਵਰ ਅਨਗਿਣਤ ਤਰ੍ਹਾਂ ਦੀਆਂ ਭਾਵਨਾਵਾਂ ਦਾ ਅਨੁਭਵ ਕਰਦੇ ਹਨ। ਉਹਨਾਂ ਸਾਰੀਆਂ ਭਾਵਨਾਵਾਂ ਵਿੱਚੋਂ 'ਸਹਿਜ' ਸਭ ਤੋਂ ਉਤਮ ਹੈ। ਕਿਸੇ ਵਿਰਲੇ ਸ਼ਰਧਾਲੂ ਨੂੰ ਹੀ ਪ੍ਰਮਾਤਮਾ ਵੱਲੋਂ ਇਸ ਦਾਤ ਦੀ ਪ੍ਰਾਪਤੀ ਹੁੰਦੀ ਹੈ।

ਆਤਮਾ : —ਇਹ ਜ਼ਿੰਦਗੀ ਦਾ ਸੋਮਾ ਹੈ। ਇਹ ਸਰੀਰ ਨੂੰ ਜਿਉਂਦਾ ਰੱਖਦੀ ਹੈ। ਇਹ ਪ੍ਰਮਾਤਮਾ ਦੀ ਰਚਨਾਤਮਕ ਸ਼ਕਤੀ ਦੀ ਸਪੱਸ਼ਟਤਾ ਹੈ। ਆਤਮਾ ਸਦੀਵੀ ਹੈ। ਪਰਮ ਆਤਮਾ (ਪ੍ਰਮਾਤਮਾ) ਸੂਰਜ ਹੈ। ਆਤਮਾ ਉਸ ਸੂਰਜ ਦੀ ਕਿਰਨ ਹੈ। ਜਿਵੇਂ ਆਤਮਾ ਸਰੀਰ ਨੂੰ ਜਿਉਂਦਾ ਰੱਖਦੀ ਹੈ, ਠੀਕ ਉਸੇ ਤਰ੍ਹਾਂ ਆਤਮਾ ਮਨ ਅਤੇ ਇਸ ਦੇ ਚਿੰਨ੍ਹ ਸਰੀਰਕ ਮੌਤ ਤੋਂ ਬਾਅਦ ਵੀ ਜਿੰਦਾ ਰੱਖਦੀ ਹੈ। ਮਨ ਉਤੇ ਇਹ ਛਾਪ ਜ਼ਿੰਦਗੀ ਵਿਚ ਮਨੁੱਖ ਦੁਆਰਾ ਕੀਤੇ ਗਏ ਚੰਗੇ ਅਤੇ ਮਾੜੇ ਕਰਮਾਂ ਨਾਲ ਬਣਦੇ ਹਨ। ਇਹ ਹੀ ਜਨਮ ਅਤੇ ਮਰਨ ਦੇ ਚੱਕਰ ਦਾ ਕਾਰਣ ਹਨ। ਇਹ ਜਨਮ-ਮਰਨ ਦਾ ਚੱਕਰ ਸਿਰਫ ਸੱਚੇ ਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਖਤਮ ਹੁੰਦਾ ਹੈ। ਮਨ ਝੂਠੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਇਹ ਪਵਿੱਤਰ ਹੋ ਜਾਂਦਾ ਹੈ ਅਤੇ ਆਤਮਾ ਤੋਂ ਇਸ ਦਾ ਵੱਖਰੇਵਾਂ ਖਤਮ ਹੋ ਜਾਂਦਾ ਹੈ। ਫਿਰ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ।

ਦਸਮ ਦੁਆਰ :—ਵਰਣਮਾਲਾ ਮੁਤਾਬਿਕ ਇਸ ਦਾ ਅਰਥ ਹੈ—ਦਸਵਾਂ ਦਰਵਾਜ਼ਾ। ਇਹ ਵੀ ਸਰੀਰ ਦੇ ਬਾਕੀ ਨੌਂ ਦਰਵਾਜ਼ਿਆਂ ਦੀ ਤਰ੍ਹਾਂ ਸਰੀਰ ਵਿਚ ਹੀ ਹੁੰਦਾ ਹੈ। ਉਹ ਨੌਂ ਦਰਵਾਜ਼ੇ ਹਨ—ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ ਅਤੇ ਮਲ-ਤਿਆਗ ਦੇ ਦੋ ਛੇਕ। ਇਹ ਸਾਰੇ ਦਰਵਾਜ਼ੇ ਸਰੀਰਕ ਹਨ ਅਤੇ ਪ੍ਰਤੱਖ ਨਜ਼ਰ ਆਉਂਦੇ ਹਨ।

ਪਰ ਦਸਵਾਂ ਦੁਆਰ ਨਜ਼ਰ ਨਹੀਂ ਆਉਂਦਾ। ਇਹ ਦਸਵਾਂ ਦੁਆਰ ਉਥੇ ਹੈ, ਜਿੱਥੇ ਜ਼ਿੰਦਗੀ ਦਾ ਸੋਮਾ—'ਆਤਮਾ' ਹੈ। ਹਰ ਜੀਵਨ ਦੀ ਉਤਪਤੀ ਪ੍ਰਮਾਤਮਾ ਤੋਂ ਹੀ ਹੁੰਦੀ ਹੈ। ਹਰ ਰੂਪ ਵਿਚਲੀ ਜ਼ਿੰਦਗੀ ਦਾ ਸੋਮਾ ਪ੍ਰਮਾਤਮਾ ਹੈ। ਜਿਵੇਂ ਸੂਰਜ ਦੇ ਪ੍ਰਤੱਖ ਹੋਣ ਦਾ ਪ੍ਰਮਾਣ ਉਸ ਦੀਆਂ ਕਿਰਣਾਂ ਹਨ। ਠੀਕ ਉਸੇ ਤਰ੍ਹਾਂ ਹਰੇਕ ਆਤਮਾ ਜੋ ਕਿ ਸਰੀਰ ਦੀ ਹੋਂਦ ਅਤੇ ਉਸ ਨੂੰ ਜਿਉਂਦਾ ਰੱਖਦੀ ਹੈ। ਪ੍ਰਮਾਤਮਾ ਦੀ ਪ੍ਰਤੱਖਤਾ ਨੂੰ ਦਰਸਾਉਂਦੀ ਹੈ। ਸਾਰੀਆਂ ਆਤਮਾਵਾਂ ਦਾ ਸੋਮਾ ਪ੍ਰਮਾਤਮਾ ਹੈ।

ਗੁਰਬਾਣੀ ਮੁਤਾਬਿਕ ਪ੍ਰਮਾਤਮਾ, ਜੋ ਕਿ ਸਰਬ-ਵਿਆਪਕ ਹੈ, ਉਸ ਦਾ ਨਿਵਾਸ ਅਸਥਾਨ ਇਹ ਦਸਮ ਦੁਆਰ ਹੀ ਹੈ। ਅੱਖਾਂ, ਦੇਖਣ ਅਤੇ ਕੰਨ, ਸੁਨਣ ਦਾ ਇਕ ਸਾਧਨ ਹਨ। ਇਸੇ ਤਰ੍ਹਾਂ ਦਸਮ ਦੁਆਰ, ਪ੍ਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਾਉਣ ਦਾ ਇਕ ਸਾਧਨ ਹੈ। ਗੁਰੂ ਦੇ ਰੱਬੀ ਗਿਆਨ ਤੋਂ ਠੀਕ ਤਰ੍ਹਾਂ ਪਰੀਚਿਤ ਹੋਏ ਬਗੈਰ ਇਸ ਦਸਮ ਦੁਆਰ ਵਿਚ ਰੁੱਝਣਾ ਅਸੰਭਵ ਹੈ।

ਮਨ :—ਸਰੀਰ ਵਿਚ ਇਸ ਦੀ ਹੋਂਦ, ਸਰੀਰ ਨੂੰ ਕਾਰਜ ਕਰਨ ਅਤੇ ਦਿਮਾਗ ਦੇ ਸੋਚਣ ਲਈ ਹੈ। ਇਹ ਚੰਗੇ ਅਤੇ ਮਾੜੇ, ਦੋਨਾਂ ਤਰ੍ਹਾਂ ਦੇ ਕਾਰਜ ਕਰਨ ਦੇ ਸਮਰੱਥ ਹੈ। ਗਿਆਨ ਸਹਿਤ ਰੱਬੀ ਗਿਆਨ ਨਾਲ ਮਨ ਨੂੰ ਤਬਦੀਲ ਕੀਤਾ ਜਾ ਸਕਦਾ ਹੈ। ਰੱਬੀ ਗਿਆਨ ਦੀ ਸੁਰੱਖਿਆ ਅਤੇ ਅਗਵਾਈ ਤੋਂ ਬਗੈਰ ਮਨ—ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਵਰਗੇ ਪ੍ਰਲੋਭਨਾਂ ਅੱਗੇ ਗੋਡੇ ਟੇਕ ਦਿੰਦਾ ਹੈ। ਇਸ ਦੇ ਉਲਟ, ਗੁਰੂ ਦੀ ਸੋਝੀ ਨਾਲ, ਮਨ ਅਧਿਆਤਮਵਾਦ ਦੀ ਪੌੜੀ 'ਤੇ ਇੰਨਾ ਉੱਚਾ ਚੜ੍ਹ ਜਾਂਦਾ ਹੈ ਕਿ 'ਸਹਿਜ ਅਵਸਥਾ' ਦੀ ਪ੍ਰਾਪਤੀ ਕਰ ਲੈਂਦਾ ਹੈ ਅਤੇ ਜੇ ਪ੍ਰਮਾਤਮਾ ਦੀ ਕਿਰਪਾ ਹੋਵੇ ਤਾਂ ਹੋ ਸਕਦਾ ਹੈ ਉਹ ਪ੍ਰਮਾਤਮਾ ਦੇ ਦਰਸ਼ਨ ਵੀ ਕਰ ਲਵੇ।

ਹਿਰਦਾ :—ਮਨੁੱਖੀ ਸਰੀਰ ਵਿਚ ਇਹ ਮਨ ਦੀ ਅਜਿਹੀ ਸ਼ਕਤੀ ਹੈ ਜੋ ਸਾਡੇ ਵਿਚਾਰਾਂ, ਭਾਵਨਾਵਾਂ ਅਤੇ ਕਰਮਾਂ 'ਤੇ ਕਾਬੂ ਰੱਖਦੀ ਹੈ। ਹਿਰਦੇ ਦਾ ਬਦਲਾਵ ਹੋ ਸਕਦਾ ਹੈ। (ਹਿਰਦਾ ਬਦਲਿਆ ਜਾ ਸਕਦਾ ਹੈ) ਜੇ ਗੁਰੂ ਦੀ ਸੂਝ-ਬੂਝ ਨਾਲ ਇਹ ਸੁਧਰ ਜਾਵੇ ਜਾਂ ਫਿਰ ਗੁਰੂ ਦੀ ਸੂਝ-ਬੂਝ ਨੂੰ ਅਪਣਾ ਲੈਂਦਾ ਹੈ। ਅਤੇ ਫਿਰ ਗੁਰੂ ਦੀ ਸੋਝੀ ਨਾਲ ਵਿਚਾਰ, ਭਾਵਨਾਵਾਂ ਅਤੇ ਕਰਮ-ਸਭ ਇਕਸਾਰ ਹੋ ਜਾਂਦੇ ਹਨ। ਗੁਰਬਾਣੀ ਅਨੁਸਾਰ ਗੁਰੂ ਅਤੇ ਪ੍ਰਮਾਤਮਾ ਦੋਨੋਂ ਨਿਰਮਲ ਹਿਰਦੇ ਵਿਚ ਨਿਵਾਸ ਕਰਦੇ ਹਨ। ਮਨ ਅਤੇ ਹਿਰਦਾ ਦੋਨੋਂ ਆਪੋ ਵਿਚ ਸਬੰਧਿਤ ਹਨ।

ਸ਼ਬਦ/ਸਬਦ : — ਗੁਰੂ ਦੇ ਰੱਬੀ ਗਿਆਨ ਭਰੇ ਸ਼ਬਦ। ਇਹ ਸ਼ਬਦ ਸਦੀਵੀ ਹੁੰਦੇ ਹਨ ਅਤੇ ਪ੍ਰਮਾਤਮਾ ਦੀ ਉਤਪਤੀ ਦੇ ਬਾਰੇ ਅਤੇ ਹੋਰ ਚੀਜ਼ਾਂ ਬਾਰੇ ਜਾਣਕਾਰੀ ਦਿੰਦੇ ਹਨ।

ਸੁਰਤ : — ਇਹ ਮਨ ਦੀ ਉਹ ਵਿਸ਼ੇਸ਼ਤਾ ਹੈ ਜੋ ਸਾਨੂੰ ਕਿਸੇ ਚੀਜ਼ ਬਾਰੇ ਜਾਣੂ (ਜਾਗਰੁਕ) ਕਰਾਉਂਦੀ ਹੈ।

ਸ਼ਬਦ-ਸੁਰਤ : — ਇਹ ਦੈਵੀ ਸੂਝ-ਬੂਝ ਅਤੇ ਗੁਰੂ ਦੇ ਸਿੱਖ ਦੇ ਮਨ ਦੀ ਜਾਗਰੁਕਤਾ ਦਾ ਇਕ ਸਾਂਝਾ ਸ਼ਬਦ ਹੈ। ਇਹ ਸਾਂਝ ਪ੍ਰਮਾਤਮਾ ਵੱਲੋਂ ਪਹਿਲਾਂ ਹੀ ਨਿਰਧਾਰਿਤ ਹੁੰਦੀ ਹੈ।

ਸੁਨੀਏ : — ਗੁਰੂ ਕੋਲੋਂ ਪ੍ਰਮਾਤਮਾ ਦੇ ਬਾਰੇ ਸੋਝੀ ਭਰੇ ਸ਼ਬਦਾਂ ਨੂੰ ਬਹੁਤ ਹੀ ਧਿਆਨ ਨਾਲ ਸੁਨਣਾ, ਸਮਝਣਾ, ਵਿਸ਼ਵਾਸ ਕਰਨਾ ਅਤੇ ਫਿਰ ਉਹਨਾਂ 'ਤੇ ਅਮਲ ਕਰਨਾ।

ਮੰਨੀਏ : — ਪ੍ਰਮਾਤਮਾ ਬਾਰੇ ਗੁਰੂ ਦੀਆਂ ਸਿੱਖਿਆਵਾਂ 'ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਨਾ ਅਤੇ ਫਿਰ ਇਸ ਵਿਸ਼ਵਾਸ ਨਾਲ ਪ੍ਰਾਪਤ ਹੋਈਆਂ ਬਖ਼ਸ਼ਿਸ਼ਾਂ ਅਤੇ ਮਿਹਰਾਂ ਹਾਸਿਲ ਕਰਨਾ।

ਅਨਹਦ ਨਾਦ : — ਇਸ ਸੰਖੇਪ ਵਾਕ-ਖੰਡ ਤੋਂ ਭਾਵ ਅਜਿਹੇ ਸੰਗੀਤ ਤੋਂ ਹੈ ਜੋ ਕਿਸੇ ਸਾਜ, ਅਵਾਜ਼ ਜਾਂ ਕਿਸੇ ਹੋਰ ਸਰੀਰਕ ਸਾਧਨ, ਜਿਵੇਂ ਦਰੱਖਤਾਂ ਵਿਚ ਹਵਾ ਦੇ ਸਾਂ-ਸਾਂ ਚੱਲਣ ਦੀ ਆਵਾਜ਼ ਜਾਂ ਝਰਨਿਆਂ ਦੀ ਕਲਕਲ (ਆਵਾਜ਼) ਨਾਲ ਪੈਦਾ ਨਹੀਂ ਹੁੰਦਾ। ਇਸ ਦਾ ਅਨੁਭਵ, ਸਿੱਧਾ ਮਨ ਦੁਆਰਾ ਹੁੰਦਾ ਹੈ—ਅਜਿਹਾ ਮਨ ਜੋ ਆਤਮਾ ਦੀ ਸਹਿਜ ਅਵਸਥਾ ਤੱਕ ਪਹੁੰਚਿਆ ਹੁੰਦਾ ਹੈ।

ਅਨਹਦ ਸ਼ਬਦ : — ਇਹ, ਗੁਰੂ ਦੇ ਸਿੱਖ ਦੀ, ਗੁਰੂ ਦੁਆਰਾ ਦੱਸੀ ਗਈ, ਦੈਵੀ ਸੂਝ-ਬੂਝ ਦਾ ਉਹ ਸ਼ਿਖਰ ਹੈ, ਜਦੋਂ ਸਿੱਖ ਆਤਮਿਕ ਅਵਸਥਾ ਦੇ 'ਸਹਿਜ' ਤੱਕ ਪਹੁੰਚਦਾ ਹੈ।

ਅਨਹਦ ਬਾਣੀ : — ਇਹ ਪ੍ਰਮਾਤਮਾ ਦੁਆਰਾ ਗੁਰੂ ਨੂੰ ਦੱਸੀ ਗਈ ਅਲੌਕਿਕ ਸੂਝ ਹੈ। ਇਸ ਦਾ ਖੁਲਾਸਾ, ਗੁਰੂ ਆਪਣੀਆਂ ਸਿੱਖਿਆਵਾਂ ਵਿਚ ਕਰਦਾ ਹੈ।

ਸੇਵਾ : — ਇਕ ਸਿੱਖ ਵੱਲੋਂ ਨਿਮਰਤਾ ਪੂਰਬਕ ਸਵੈ-ਇੱਛਾ ਨਾਲ ਕਾਰਜ ਕਰਨਾ, ਸੰਗਤ ਦੀ ਤਨ, ਮਨ, ਧਨ, ਜਾਂ ਗਿਆਨ ਨਾਲ ਸੇਵਾ ਕਰਨੀ, ਸਿੱਖ ਧਰਮ ਵਿਚ ਇਹ ਸੰਗਤ, ਸਥਾਨਕ ਇੱਕੋ ਧਰਮ ਦੇ ਲੋਕ ਜਾਂ ਵਿਸ਼ਵ-ਵਿਆਪੀ ਸਿੱਖ ਕੌਮ ਦੀ ਵੀ ਹੋ ਸਕਦੀ ਹੈ। ਇਕ ਸਿੱਖ ਵੱਲੋਂ ਮਨੁੱਖਤਾ ਦੀ ਸੇਵਾ ਲਈ, ਬਿਨਾਂ ਕਿਸੇ ਨਿੱਜੀ ਸੁਆਰਥ ਤੋਂ ਕੀਤੇ ਗਏ ਕੰਮਾਂ ਨੂੰ ਸੇਵਾ ਕਿਹਾ ਜਾਂਦਾ ਹੈ। ਪੂਰੀ ਸ਼ਰਧਾ, ਸਤਿਕਾਰ ਅਤੇ ਪਿਆਰ ਨਾਲ ਪ੍ਰਮਾਤਮਾ ਅਤੇ ਗੁਰੂ ਪ੍ਰਤੀ ਸਮਰਪਣ ਵੀ ਗੁਰੂ ਅਤੇ ਪ੍ਰਮਾਤਮਾ ਦੀ ਸੇਵਾ ਹੀ ਹੈ।

ਅੰਮ੍ਰਿਤ ਵੇਲਾ : — ਦਿਨ ਚੜ੍ਹਣ ਤੋਂ ਪਹਿਲਾਂ ਅਜਿਹਾ ਸਮਾਂ ਜਦੋਂ ਕੋਈ ਵੀ ਕਿਸੇ

ਤਰ੍ਹਾਂ ਦੀ ਅੜਚਣ ਨਾ ਹੋਵੇ ਅਤੇ ਪ੍ਰਮਾਤਮਾ ਨੂੰ ਯਾਦ ਕਰਨ ਅਤੇ ਗੁਰੂ ਦੀਆਂ ਸਿੱਖਿਆਵਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਪ੍ਰਮਾਤਮਾ ਦੀ ਭਗਤੀ ਲਈ ਤੜ੍ਹਕ ਸਵੇਰ ਦਾ ਸਮਾਂ ਸਭ ਤੋਂ ਉੱਤਮ ਮੰਨਿਆ ਗਿਆ ਹੈ।

ਸਰਗੁਣ ਸਰੂਪ :—ਪ੍ਰਮਾਤਮਾ ਦੀ, ਉਸ ਦੀ ਆਪਣੀ ਰਚਨਾ ਦੇ ਰੂਪ ਵਿਚ, ਆਪਣੀ ਪ੍ਰਤੱਖ ਸ਼ਖ਼ਸੀਅਤ।

ਨਿਰਗੁਣ ਸਰੂਪ :—ਪ੍ਰਮਾਤਮਾ ਦੀ ਆਪਣੀ ਰਚਨਾ ਦੀ ਉਤਪਤੀ ਤੋਂ ਪਹਿਲਾਂ, ਉਸ ਦੀ ਅਦ੍ਰਿਸ਼ ਸ਼ਖ਼ਸੀਅਤ।

ਦਰਸ਼ਨ :—ਪ੍ਰਮਾਤਮਾ ਦਾ ਆਪਣੇ ਭਗਤ ਨੂੰ ਦਰਸ਼ਨ ਦੇਣਾ ਜਾਂ ਮਿਲਣਾ ਹੀ ਉਸ ਦੇ ਭਗਤ ਲਈ ਸਭ ਤੋਂ ਉੱਚੀ ਜਾਤ ਹੈ। ਭਗਤ, ਜਿਸ ਨੂੰ 'ਸਹਿਜ' (ਭਗਤ ਦੇ ਮਨ ਦੀ ਆਪਣੇ ਪ੍ਰਮਾਤਮਾ ਪ੍ਰਤੀ ਕੁਦਰਤੀ, ਖੁਸ਼ੀ ਨਾਲ ਲਗਾਤਾਰ ਅਤੇ ਸੁਭਾਵਿਕ ਸਾਂਝ) ਦੀ ਦਾਤ ਦੀ ਬਖ਼ਸ਼ਿਸ਼ ਹੋਵੇ, ਉਹ ਉਸ ਦੇ ਦਰਸ਼ਨ ਲਈ ਤਤਪਰ ਰਹਿੰਦਾ ਹੈ ਅਤੇ ਹਮੇਸ਼ਾਂ ਆਸਵੰਦ ਹੁੰਦਾ ਹੈ। ਕੇਵਲ ਪ੍ਰਮਾਤਮਾ ਹੀ ਜਾਣਦਾ ਹੈ ਕਿ ਕਦੋਂ ਅਤੇ ਕਿਵੇਂ ਉਹ ਆਪਣੇ ਭਗਤ ਨੂੰ ਆਪਣੇ ਦਰਸ਼ਨ ਦੇਵੇਗਾ।

ਸੰਜੋਗ :—ਦੋ ਜਣਿਆਂ ਦਾ ਸੁਮੇਲ। ਜਿਵੇਂ : ਪਤੀ ਅਤੇ ਪਤਨੀ, ਗੁਰੂ ਅਤੇ ਸਿੱਖ, ਜਾਂ ਭਗਤ ਤੇ ਭਗਵਾਨ।

ਵਿਜੋਗ :—ਸਵੈ-ਇੱਛਾ ਜਾਂ ਹਾਲਤਾਂ ਦੇ ਕਾਰਣ ਦੋ ਜਣਿਆਂ ਦਾ ਵਿਛੜਣਾ।

ਵੈਰਾਗ/ਬੈਰਾਗ :—ਜਦੋਂ ਇਸ ਅਹਿਸਾਸ ਨਾਲ ਮਨ ਉਦਾਸ ਹੋ ਜਾਵੇ ਕਿ ਇਸ ਸੰਸਾਰ ਵਿਚ ਪੈਦਾ ਹੋਈ ਹਰ ਚੀਜ਼ ਆਰਜ਼ੀ, ਸੀਮਤ ਅਤੇ ਸਮੇਂ ਦੀ ਪਾਬੰਦ ਹੈ।

ਬਿਰਹਨ/ਬਿਰਹਾ/ਬਿਰਹੋਂ :—ਇਹ ਮਨ ਦੀ ਜਾਗਰੁਕਤਾ ਦੀ ਉਹ ਅਵਸਥਾ ਹੈ, ਜਦੋਂ ਇਕ ਪਾਸੇ ਤਾਂ ਪ੍ਰਮਾਤਮਾ ਦੀ ਹੋਂਦ ਅਤੇ ਉਸ ਦੇ ਲਾਸਾਨੀ ਹੋਣ ਦਾ ਅਹਿਸਾਸ ਹੋਵੇ, ਦੂਸਰੇ ਪਾਸੇ ਪ੍ਰਮਾਤਮਾ ਅਤੇ ਭਗਤ ਦੀ ਵਿਚਲੀ ਮਾਨਸਿਕ ਦੂਰੀ ਦਾ ਵੀ ਅਹਿਸਾਸ ਹੋਵੇ। ਇਹ ਭਗਤ ਦੀ ਆਪਣੇ ਅਤੇ ਪ੍ਰਮਾਤਮਾ ਦਾ ਮਿਲਾਪ ਨਾ ਹੋ ਸਕਣ ਦੀ ਜਾਗਰੁਕਤਾ ਹੈ ਅਤੇ ਉਸ ਪ੍ਰਮਾਤਮਾ ਨਾਲ ਮਿਲਾਪ ਦੀ ਲਗਾਤਾਰ ਤਾਂਘ ਵੀ ਹੈ।

ਸਰਨ/ਸ਼ਰਨ :—ਗੁਰੂ ਵੱਲੋਂ ਆਪਣੇ ਸਿੱਖ ਨੂੰ ਪ੍ਰਦਾਨ ਕੀਤੀ ਓਟ। ਪ੍ਰਮਾਤਮਾ ਵਲੋਂ ਵੀ ਆਪਣੇ ਸ਼ਰਧਾਲੂ ਨੂੰ ਪ੍ਰਦਾਨ ਕੀਤੀ ਓਟ। ਇਹ ਓਟ ਸਿੱਖ/ਸ਼ਰਧਾਲੂ ਦੀ ਕਿਸੇ ਵੀ ਨੁਕਸਾਨ ਤੋਂ ਰੱਖਿਆ ਕਰਦੀ ਹੈ।

ਆਸ :—ਮੁਸ਼ਕਿਲ ਸਮੇਂ ਦੌਰਾਨ ਪ੍ਰਮਾਤਮਾ, ਗੁਰੂ ਅਤੇ ਸੰਤਾਂ ਤੋਂ ਪਿਆਰ ਅਤੇ ਮਦਦ ਦੀ ਬਖ਼ਸ਼ਿਸ਼ ਦੀ ਉਮੀਦ। ਇਹ ਸ਼ਬਦ ਮਨ ਦੀ ਉਸ ਕਾਰਵਾਈ ਲਈ ਹਨ, ਜਦੋਂ ਮਨ ਪੂਰੇ ਪਿਆਰ ਅਤੇ ਸ਼ਰਧਾ ਨਾਲ ਪ੍ਰਮਾਤਮਾ ਨਾਲ ਜੁੜਦਾ ਹੈ। ਇਸ ਕਾਰਜ ਵਿਚ ਮਨ

ਸ਼ਬਦਾਂ ਨਾਲ, ਜਾਂ ਸ਼ਬਦਾਂ ਤੋਂ ਬਗੈਰ ਵੀ ਸ਼ਾਮਿਲ ਹੋ ਸਕਦਾ ਹੈ।

ਸਿੱਖਿਆ :—ਸ਼ਰਧਾਲੂ ਦੁਆਰਾ ਆਪਣੇ ਪ੍ਰਮਾਤਮਾ ਨੂੰ ਯਾਦ ਕਰਨਾ ਜਾਂ ਭਗਤ ਦੀ ਪ੍ਰਮਾਤਮਾ ਨੂੰ ਅਰਜ਼ੋਈ।

ਨਾਮ :—ਪ੍ਰਮਾਤਮਾ ਦਾ ਇਕ ਵਿਸ਼ੇਸ਼ ਗੁਣ, ਪ੍ਰਮਾਤਮਾ ਦਾ ਸਿਮਰਨ/ਪ੍ਰਮਾਤਮਾ ਨੂੰ ਮਨ ਵਿਚ ਰੱਖਣਾ/ਪ੍ਰਮਾਤਮਾ ਨੂੰ ਮਨ ਵਿਚ ਧਿਆਉਣਾ। ਪ੍ਰਸੰਗ ਦੇ ਮੁਤਾਬਿਕ ਢੁੱਕਵਾਂ ਅਰਥ ਲੱਭਿਆ ਜਾ ਸਕਦਾ ਹੈ।

ਨਾਮ ਜਪਣਾ/ਨਾਮ ਸਿਮਰਨ/ਨਾਮ ਧਿਆਉਣਾ :—ਪ੍ਰਮਾਤਮਾ ਨਾਲ ਪਿਆਰ ਅਤੇ ਸ਼ਰਧਾ ਨਾਲ ਜੁੜਨਾ, ਉਸ ਨੂੰ ਯਾਦ ਕਰਨਾ, ਉਸ ਦਾ ਨਾਮ ਲੈਣਾ, ਉਸ ਬਾਰੇ ਸੋਚਣਾ, ਉਸ ਨੂੰ ਸੰਬੋਧਿਤ ਕਰਨਾ, ਉਸ ਉਪਰ ਧਿਆਨ ਕੇਂਦਰਿਤ ਕਰਨਾ, ਉਸ ਦਾ ਧਿਆਨ ਕਰਨਾ, ਉਸ ਬਾਰੇ ਸੋਚ-ਵਿਚਾਰ ਕਰਨਾ ਅਤੇ ਉਸ ਬਾਰੇ ਸੋਚਣਾ। ਗੁਰੂ ਦੇ ਰੱਬੀ ਗਿਆਨ ਦੁਆਰਾ ਹੀ ਸਿੱਖ ਦੇ ਮਨ ਵਿਚ ਪ੍ਰਮਾਤਮਾ ਦੇ ਪ੍ਰਤੀ ਸ਼ਰਧਾ ਅਤੇ ਪਿਆਰ ਪੈਦਾ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਕ ਦਾ ਪ੍ਰਸੰਗ ਹੀ ਦਰਸਾਉਂਦਾ ਹੈ ਕਿ ਉਪਰੋਕਤ ਅਰਥਾਂ ਵਿਚੋਂ ਕਿਹੜਾ ਅਰਥ ਸਭ ਤੋਂ ਵੱਧ ਢੁੱਕਵਾਂ ਹੈ।

ਗੁਰੂ ਦੇ ਰੱਬੀ ਗਿਆਨ ਦਾ ਅਧਿਐਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਅਤੇ ਤੁਕ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ ਬਾਰੇ ਦੱਸਦਾ ਹੈ।

ਇਹ ਇਕ ਅਜਿਹੀ ਕਾਰਜਵਿਧੀ ਹੈ ਜੋ ਮਨ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ। ਇਸ ਕਾਰਜਵਿਧੀ ਦੇ ਦੋ ਰੂਪ ਹਨ। ਇਕ ਰੂਪ ਕੋਸ਼ਿਸ਼ ਤੇ ਅਧਾਰਿਤ ਹੈ, ਜਿਸ ਵਿਚ ਪ੍ਰਮਾਤਮਾ ਨਾਲ ਜੁੜਨ ਲਈ ਤਹੇਦਿਲ ਨਾਲ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਵੇਂ ਪ੍ਰਮਾਤਮਾ ਦਾ ਲਗਾਤਾਰ ਨਾਮ ਜਪ ਕੇ। ਦੂਸਰਾ ਰੂਪ 'ਸਹਿਜ' ਅਵਸਥਾ ਹੈ ਜਿਸ ਵਿਚ ਮਨ ਪ੍ਰਮਾਤਮਾ ਨਾਲ ਸੁਭਾਵਿਕ, ਪ੍ਰਸੰਨਤਾ ਪੂਰਬਕ ਅਤੇ ਆਪਣੇ ਆਪ ਹੀ ਜੁੜ ਜਾਂਦਾ ਹੈ।

ਗਿਆਨ ਦੀ ਸਹਿਜ ਅਵਸਥਾ ਸਿੱਖ ਉਪਰ, ਗੁਰੂ ਵੱਲੋਂ ਪ੍ਰਮਾਤਮਾ ਦੀ ਕਿਰਪਾ ਨਾਲ ਹੀ ਹੁੰਦੀ ਹੈ। ਗੁਰੂ ਵੱਲੋਂ ਰੱਬੀ ਗਿਆਨ ਪ੍ਰਾਪਤ ਕਰਕੇ ਹੀ ਗੁਰੂ ਅਤੇ ਸੰਤ ਪ੍ਰਮਾਤਮਾ ਦੇ ਪ੍ਰਤੀ ਵਿਚਾਰ, ਭਾਵਨਾਵਾਂ ਨਾਲ ਸਿੱਖ ਸਹਿਜ ਅਵਸਥਾ ਦਾ ਅਨੁਭਵ ਕਰਦਾ ਹੈ।

ਰਸ ਦਾ ਆਉਣਾ, ਸਹਿਜ ਅਵਸਥਾ ਧਾਰੀ ਹੋ ਜਾਣਾ/ਦਸਮ ਦੁਆਰ ਖੁੱਲ੍ਹ ਜਾਣਾ/ ਅਨਹਦ ਸ਼ਬਦ ਸ਼ੁਰੂ ਹੋ ਜਾਣਾ/ਪ੍ਰਮਾਤਮਾ ਦਾ ਬੰਦੇ ਉਪਰ ਮਿਹਰਬਾਨ ਹੋ ਜਾਣਾ/ ਲਗਾਤਾਰ ਨਾਮ ਜਪਣਾ :— ਇਹ ਪ੍ਰੀਭਾਸ਼ਾਵਾਂ ਗੁਰਬਾਣੀ ਵਿਚ ਯਥਾ-ਸ਼ਬਦ ਨਹੀਂ ਆਉਂਦੀਆਂ। ਪਰ ਬੁਨਿਆਦੀ ਵਿਚਾਰ ਦਾ ਬਾਰ-ਬਾਰ ਜ਼ਿਕਰ ਹੈ। ਹਰੇਕ ਤੁੱਕ ਮਨ ਦੀ ਪ੍ਰਮਾਤਮਾ ਨਾਲ ਸਥਾਈ ਸਾਂਝ ਦੀ ਮਹੱਤਤਾ ਦੱਸਦੀ ਹੈ।

ਸਾਕਤ :—ਅਜਿਹਾ ਮਨੁੱਖ ਜੋ ਪ੍ਰਮਾਤਮਾ ਤੋਂ ਇਲਾਵਾ ਕਿਸੇ ਹੋਰ ਦੀ ਹੋਂਦ 'ਤੇ

ਵਿਸ਼ਵਾਸ ਕਰਦਾ ਹੋਵੇ।

ਸੰਸਕਾਰ : —ਮਨੁੱਖ ਦੁਆਰਾ ਕੀਤੇ ਗਏ ਚੰਗੇ ਜਾਂ ਮਾੜੇ ਕਰਮਾਂ ਦਾ ਉਸ ਦੇ ਦਿਮਾਗ਼ 'ਤੇ ਅਸਰ। ਇਸ ਅਨੁਸਾਰ ਮਨੁੱਖ ਆਪਣੇ ਹਰ ਜਨਮ ਵਿਚ, ਆਪਣੇ ਹੀ ਕੀਤੇ ਕਰਮਾਂ ਦਾ ਫਲ ਭੋਗਦਾ ਹੈ।

ਮਾਇਆ : —ਅਜਿਹੀ ਸ਼ਕਤੀ, ਜੋ ਸੰਸਾਰ ਵਿਚ ਕਿਸੇ ਨੂੰ ਵੀ ਲੁਭਾ ਸਕਦੀ ਹੈ ਅਤੇ ਉਸ ਨੂੰ ਅਸਥਾਈ ਨੂੰ ਸਥਾਈ ਅਤੇ ਝੂਠ ਨੂੰ ਸੱਚ ਦਿਖਾ ਕੇ ਭਰਮਾ ਸਕੇ।

ਕਲਯੁੱਗ : —ਸਮੇਂ ਦਾ ਯੁੱਗ, ਵਰਤਮਾਨ ਯੁੱਗ, ਜਦੋਂ ਸੰਸਾਰ ਵਿਚ ਝੂਠ, ਹਿੰਸਾ, ਅਨੈਤਿਕਤਾ, ਨਾਸਤਿਕਤਾ ਅਤੇ ਚਰਿੱਤਰਹੀਣਤਾ ਦਾ ਬੋਲ ਬਾਲਾ ਹੋਵੇ।

ਭਰਮ : —ਸ਼ੱਕ ਅਤੇ ਅਸੰਤੁਸ਼ਟੀ ਜਿਸ ਨੂੰ ਕਦੀ ਵੀ ਸੰਤੁਸ਼ਟ ਨਾ ਕੀਤਾ ਜਾ ਸਕੇ। ਇਹ ਮਨੁੱਖ ਦੇ ਮਨ ਵਿਚ ਭਰਮ ਪੈਦਾ ਕਰਕੇ ਉਸ ਨੂੰ ਪ੍ਰਮਾਤਮਾ ਤੋਂ ਵੱਖ ਕਰ ਦਿੰਦੀ ਹੈ। ਗੁਰੂ ਦੀ ਸੋਝੀ ਨਾਲ ਇਸ ਦਾ ਖਾਤਮਾ ਹੁੰਦਾ ਹੈ।

ਭਰੋਸਾ : —ਅਜਿਹਾ ਵਿਸ਼ਵਾਸ ਜਿਸ ਨੂੰ ਡੁਲਾਇਆ ਨਾ ਜਾ ਸਕੇ। ਆਤਮਿਕ ਪ੍ਰਗਤੀ ਲਈ, ਗੁਰੂ ਅਤੇ ਉਸ ਦੀ ਸਮਝ 'ਤੇ ਭਰੋਸਾ ਹੋਣਾ ਅਤਿਅੰਤ ਜ਼ਰੂਰੀ ਹੈ। ਗੁਰੂ ਕੋਲੋਂ ਸਿੱਖਿਆ ਹਾਸਿਲ ਕਰਨ ਲਈ, ਮਨੁੱਖ ਨੂੰ ਉਸ ਦੀ ਸੂਝ-ਬੂਝ 'ਤੇ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ। ਗੁਰੂ ਕੋਲੋਂ ਪ੍ਰਮਾਤਮਾ ਦੀ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਣ ਲਈ ਪ੍ਰਮਾਤਮਾ ਦੀ ਹੋਂਦ 'ਤੇ ਭਰੋਸਾ ਹੋਣਾ ਵੀ ਬਹੁਤ ਜ਼ਰੂਰੀ ਹੈ।

ਤ੍ਰਿਸ਼ਣਾ/ਤ੍ਰਿਸ਼ਨਾ : —ਨਿਰੰਤਰਤਾ ਵਿਚ ਅਸੰਤੁਸ਼ਟੀ।

ਅਗਨ ਸਾਗਰ : —ਤ੍ਰਿਸ਼ਨਾ ਅਤੇ ਝੂਠ ਦੀ ਅੱਗ ਦਾ ਅਜਿਹਾ ਸਮੁੰਦਰ, ਜਿਹੜਾ ਹਰੇਕ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ।

ਅਗਨ ਸਾਗਰ ਤਰਨਾ : —ਗੁਰੂ ਦੇ ਰੱਬੀ ਗਿਆਨ ਦੀ ਬਦੌਲਤ, ਇਸ ਅੱਗ ਦੇ ਸਮੁੰਦਰ ਨੂੰ ਸਫਲਤਾ ਪੂਰਬਕ ਤੈਰ ਕੇ ਪਾਰ ਕਰ ਜਾਣਾ।

❑

ਅਧਿਆਇ 2
ਸਿੱਖ ਦੀ ਆਪਣੇ ਗੁਰੂ ਵਿਚ ਸ਼ਰਧਾ

ਮਨ ਵਿਚ ਅਜਿਹੇ ਬੋਧ ਅਤੇ ਭਾਵਨਾਵਾਂ ਦਾ ਸਥਾਈ ਪ੍ਰਬੰਧ ਕਰਨਾ ਚਾਹੀਦਾ ਹੈ, ਜੋ ਇਸ ਨੂੰ ਪ੍ਰਮਾਤਮਾ ਨਾਲ ਜੋੜਨ। ਜ਼ਰੂਰੀ ਬੋਧ ਅਤੇ ਭਾਵਨਾਵਾਂ ਤੋਂ ਬਿਨਾਂ ਇਹ ਪ੍ਰਮਾਤਮਾ ਨਾਲ ਜੁੜਨ ਤੋਂ ਅਯੋਗ ਹੁੰਦਾ ਹੈ। ਇਹ ਇਹਨਾਂ ਵਿਚਾਰਾਂ ਅਤੇ ਭਾਵਨਾਵਾਂ ਦੀ ਮੌਜੂਦਗੀ ਤੋਂ ਅਨਜਾਣ ਹੈ। ਇਹ ਅੰਧਕਾਰ ਵਿਚ ਹੈ। ਕੇਵਲ ਸਤਿਗੁਰੂ ਹੀ ਆਪਣੇ ਸਿੱਖ ਦੇ ਮਨ ਵਿਚੋਂ ਅਗਿਆਨਤਾ ਨੂੰ ਦੂਰ ਕਰਨ ਦੇ ਸਮਰੱਥ ਹੈ। ਕੇਵਲ ਸਤਿਗੁਰੂ ਹੀ ਉਸ ਦੇ ਮਨ ਨੂੰ ਰੋਸ਼ਨ ਕਰਕੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਭਾਵਨਾਵਾਂ ਪੈਦਾ ਕਰ ਸਕਦਾ ਹੈ। ਇਸ ਲਈ, ਇਹ ਬਹੁਤ ਹੀ ਜ਼ਰੂਰੀ ਹੈ ਕਿ ਰੱਬੀ ਗਿਆਨ ਹਾਸਿਲ ਕਰਨ ਲਈ ਸਿੱਖ ਆਪਣੇ ਗੁਰੂ ਦੇ ਪ੍ਰਤੀ ਵਚਨਬੱਧ ਹੁੰਦਾ ਹੈ। ਪ੍ਰਮਾਤਮਾ ਤੇ ਗੁਰੂ ਦੇ ਪ੍ਰਤੀ ਅਸਮੰਜਸ ਹਮੇਸ਼ਾ ਹੀ ਮਾੜਾ ਹੁੰਦਾ ਹੈ। ਪ੍ਰਮਾਤਮਾ ਅਤੇ ਗੁਰੂ ਦੇ ਪ੍ਰਤੀ ਇਕ ਰਾਇ ਹਮੇਸ਼ਾਂ ਚੰਗੀ ਹੁੰਦੀ ਹੈ। ਗੁਰੂ ਦੀ ਸਿਆਣਪ, ਪ੍ਰਮਾਤਮਾ ਨਾਲ ਇਕ ਰਾਇ ਕਾਇਮ ਕਰਦੀ ਹੈ ਅਤੇ ਫੁੱਟ ਖਤਮ ਕਰਦੀ ਹੈ।

ਪ੍ਰਮਾਤਮਾ ਦੀ ਕ੍ਰਿਪਾ : — ਮਨੁੱਖਾ ਜਨਮ ਪ੍ਰਮਾਤਮਾ ਦੀ ਇਕ ਬਹੁਤ ਵੱਡੀ ਬਖ਼ਸ਼ਿਸ਼ ਹੈ। ਮਨੁੱਖ ਵਿਚ ਸਰੀਰ ਅਤੇ ਦਿਮਾਗ਼ ਦੀਆਂ ਅਜਿਹੀਆਂ ਯੋਗਤਾਵਾਂ ਹਨ ਜੋ ਹੋਰ ਕਿਸੇ ਵੀ ਜੀਵ ਵਿਚ ਨਹੀਂ ਹਨ। ਮਨੁੱਖ ਦਾ ਦਿਮਾਗ ਰੱਬੀ ਗਿਆਨ ਸਮੇਤ ਕਈ ਹੋਰ ਅਲੱਗ ਵਿਸ਼ਿਆਂ ਨੂੰ ਸਮਝਣ ਦੇ ਵੀ ਕਾਬਿਲ ਹੁੰਦਾ ਹੈ। ਗੁਰੂ ਦੇ ਸੱਚੇ ਸਿੱਖ ਵਿਚ ਪ੍ਰਮਾਤਮਾ ਨਾਲ ਇਕ-ਮਿਕ ਹੋਣ ਦੀ ਵੀ ਕਾਬਲੀਅਤ ਅਤੇ ਸਮਰੱਥਾ ਹੁੰਦੀ ਹੈ।

ਕਿਸੇ ਮਨੁੱਖ ਦਾ ਅਜਿਹੇ ਘਰ ਵਿਚ ਪੈਦਾ ਹੋਣਾ, ਜਿੱਥੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦਾ ਬਹੁਤ ਆਦਰ-ਸਤਿਕਾਰ ਹੁੰਦਾ ਹੈ, ਵੀ ਪ੍ਰਮਾਤਮਾ ਦੀ ਬਹੁਤ ਵੱਡੀ ਮਿਹਰ ਹੈ। ਇਕ ਸਿੱਖ ਨੂੰ ਜਨਮ ਤੋਂ ਧਰਮ ਅਤੇ ਇਤਿਹਾਸ ਦੇ ਸ਼ਾਨਦਾਰ ਵਿਰਸੇ ਅਤੇ ਜ਼ਿੰਦਗੀ ਦੇ ਯਥਾਰਥ ਨੂੰ ਚਿਤਰਨ ਦੀ ਦਾਤ ਮਿਲੀ ਹੁੰਦੀ ਹੈ। ਪਰ ਜ਼ਿੰਦਗੀ ਦੀ ਇਹ ਜ਼ਬਰਦਸਤ ਸ਼ੁਰੂਆਤ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਉਹ ਪ੍ਰਮਾਤਮਾ ਦਾ ਭਗਤ ਹੀ ਬਣੇਗਾ। ਸਭ ਤੋਂ ਪਹਿਲਾਂ ਮਨੁੱਖ ਨੂੰ ਉਪਰੋਕਤ ਦੱਸੀ ਗਈ ਦਾਤ ਦੀ ਚੇਤਨਤਾ (ਜਾਣਕਾਰੀ) ਜ਼ਰੂਰੀ ਹੈ ਅਤੇ ਦੂਸਰਾ ਪ੍ਰਮਾਤਮਾ ਦਾ ਸ਼ਰਧਾਲੂ ਬਨਣ ਲਈ, ਗੁਰੂ ਤੋਂ ਰੱਬੀ ਗਿਆਨ ਸਬਕ ਸਿੱਖਣ ਲਈ ਇੱਛਾ ਵੀ ਹੋਣੀ ਜ਼ਰੂਰੀ ਹੈ।

ਰੱਬੀ ਗਿਆਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ (ਦੈਵੀ ਰਚਨਾਵਾਂ) ਨੂੰ ਦਰਸਾਉਂਦਾ ਹੈ। ਇਹਨਾਂ ਸ਼ਬਦਾਂ ਵਿਚ ਰਚਨਾਕਾਰ ਦੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਵਿਚਾਰ ਅਤੇ ਭਾਵਨਾਵਾਂ ਪ੍ਰਗਟਾਈਆਂ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਾਨਵਤਾ (ਮਨੁੱਖਤਾ) ਦਾ ਪਵਿੱਤਰ ਧਾਰਮਿਕ ਗ੍ਰੰਥ ਅਤੇ ਸਿੱਖਾਂ ਦਾ ਜਿਉਂਦਾ-ਜਾਗਦਾ ਗੁਰੂ ਸਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਰੱਬੀ ਗਿਆਨ ਦਾ ਉਪਦੇਸ਼ ਸਿਖਾਉਂਦਾ ਹੈ। ਇਹ ਉਪਦੇਸ਼ ਅਨੇਕਾਂ ਸਿੱਖ ਗੁਰੂਆਂ, ਸੰਤਾਂ ਅਤੇ ਗੁਰੂਆਂ ਦੇ ਸ਼ਰਧਾਲੂਆਂ ਦੇ ਦਰਸਾਏ ਹੋਏ ਹਨ। ਇਹਨਾਂ ਸਾਰੇ ਉਪਦੇਸ਼ਾਂ ਦਾ ਇਕ ਨਿਰਧਾਰਿਤ ਵਿਸ਼ਾ ਪ੍ਰਮਾਤਮਾ ਦੀ ਭਗਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਨੂੰ ਰੱਬੀ ਗਿਆਨ ਸਿਖਾਉਂਦਾ ਹੈ। ਇਹ ਰੱਬੀ ਗਿਆਨ ਵਿਸ਼ਵ-ਵਿਆਪੀ ਮਹੱਤਤਾ ਰੱਖਦਾ ਹੈ। ਗੁਰੂ ਤੋਂ ਕੋਈ ਵੀ ਗਿਆਨ (ਸਿੱਖਿਆ) ਲੈ ਸਕਦਾ ਹੈ। ਪੂਰਨ ਗਿਆਨ ਹਾਸਿਲ ਕਰਨ ਦੀ ਬੱਸ ਇਕ ਹੀ ਸ਼ਰਤ ਹੈ ਕਿ ਜਗਿਆਸੂ ਸਿੱਖਿਆਵਾਂ ਨੂੰ ਸਮਝਣ ਦੀ ਪੂਰੇ ਮਨ ਨਾਲ ਉਹਨਾਂ ਸਿੱਖਿਆਵਾਂ ਨੂੰ ਸਮਝਦਾ ਅਤੇ ਫਿਰ ਉਨ੍ਹਾਂ ਸਿੱਖਿਆਵਾਂ 'ਤੇ ਅਮਲ ਕਰਦਾ ਹੈ। ਇਹਨਾਂ ਸਿੱਖਿਆਵਾਂ ਦਾ ਉਦੇਸ਼, ਸ਼ਰਧਾਲੂ ਨੂੰ ਪ੍ਰਮਾਤਮਾ ਨਾਲ ਜੋੜਨਾ (ਇਕ-ਮਿਕ) ਕਰਨਾ ਹੈ।

ਅਸੀਂ 21ਵੀਂ ਸਦੀ ਦੀਆਂ ਅਦਭੁੱਤ ਤਕਨੀਕੀ ਤਰੱਕੀ ਦੇ ਧੰਨਵਾਦੀ ਹਾਂ, ਜਿਸ ਕਾਰਣ ਇਹਨਾਂ ਸਿੱਖਿਆਵਾਂ ਨੂੰ ਸਮਝਣ ਲਈ ਭਾਸ਼ਾਈ ਰੁਕਾਵਟਾਂ ਤੇ ਕਾਬੂ ਪਾਇਆ ਜਾ ਸਕਿਆ ਹੈ। ਹੁਣ ਗੁਰੂ ਦੀਆਂ ਸਿੱਖਿਆਵਾਂ ਦਾ ਇੰਟਰਨੈਟ ਤੇ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਮੌਜੂਦ ਹੈ।

ਭਗਤ ਵਾਸਤੇ ਸਭ ਤੋਂ ਪਹਿਲੀ ਪੌੜੀ, ਗਿਆਨ ਦੀ ਸਹਿਜ ਅਵਸਥਾ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ :-

ਇਹ ਸੰਸਾਰ ਉਸ ਸਿਰਜਣਹਾਰ ਅਕਾਲ ਪੁਰਖ ਦਾ ਹੈ। ਉਸ ਦਾ ਸੰਸਾਰ 'ਤੇ ਅਟੱਲ ਰਾਜ ਹੈ। ਪ੍ਰਮਾਤਮਾ ਦੀ ਸੱਚਾਈ ਨੂੰ ਜਾਨਣ ਦੇ ਲਈ ਮਨੁੱਖ ਨੂੰ ਉਸ ਦੀ ਆਪਣੀ ਰਚਨਾ ਤੇ ਸੰਪੂਰਨ ਸਰਵ-ਉੱਚਤਾ ਨੂੰ ਜਾਣਨਾ ਚਾਹੀਦਾ ਹੈ। ਉਸ ਨਾਲ (ਪ੍ਰਮਾਤਮਾ ਨਾਲ) ਜੁੜਨ ਲਈ, ਮਨੁੱਖ ਦਾ ਉਸ. 'ਤੇ ਪੂਰਾ ਵਿਸ਼ਵਾਸ ਹੋਣਾ ਜ਼ਰੂਰੀ ਹੈ।

ਸਹਿਜ ਅਵਸਥਾ ਦੀ ਯਾਤਰਾ ਦੇ ਅਨੁਭਵ ਲਈ ਪਹਿਲੀ ਪੌੜੀ ਹੈ—ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਹਮੇਸ਼ਾਂ ਪਿਆਰ ਅਤੇ ਸਤਿਕਾਰ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਬਨਣਾ। ਸਿੱਖ ਬਨਣ ਲਈ ਇਕ ਯੋਗ ਵਿਦਿਆਰਥੀ ਵਰਗੀ, ਨਿਮਰਤਾ ਨਾਲ ਆਪਣੇ ਗੁਰੂ ਤੋਂ ਕੁਛ ਸਿੱਖਣ ਦੀ ਇੱਛਾ ਸ਼ਕਤੀ ਹੋਣੀ ਚਾਹੀਦੀ ਹੈ। ਵਿਦਿਆਰਥੀ ਪਹਿਲੀ ਪੌੜੀ ਸਿਰਫ ਉਦੋਂ ਹੀ ਚੜ੍ਹਦਾ ਹੈ, ਜਦੋਂ ਪ੍ਰਮਾਤਮਾ ਆਪਣੀ ਕਿਰਪਾ ਨਾਲ, ਗੁਰੂ ਅਤੇ ਸਿੱਖ ਨੂੰ ਮਿਲਾਉਂਦਾ ਹੈ। ਮਨੁੱਖ ਦਾ ਪ੍ਰਮਾਤਮਾ ਦੀ ਹੋਂਦ 'ਤੇ ਵਿਸ਼ਵਾਸ ਵੀ ਪ੍ਰਮਾਤਮਾ

ਦੀ ਮਿਹਰ ਸਦਕਾ ਹੀ ਹੁੰਦਾ ਹੈ। ਜੇ ਪ੍ਰਮਾਤਮਾ ਆਪਣੀ ਮਿਹਰ ਭਰੀ ਨਦਰਿ (ਨਜ਼ਰ) ਕਿਸੇ 'ਤੇ ਕਰਦਾ ਹੈ, ਗੁਰੂ ਦੀ ਸੂਝ-ਬੂਝ ਦਾ ਲਾਭ ਉਠਾਉਣ ਦੀ ਦਾਤ ਦੀ ਬਖ਼ਸ਼ਿਸ਼ ਕਰਦਾ ਹੈ, ਫਿਰ ਉਹ ਮਨੁੱਖ ਮੁਕਤੀ ਹਾਸਿਲ ਕਰ ਹੀ ਲੈਂਦਾ ਹੈ, ਭਾਵੇਂ ਇਸ ਤੋਂ ਪਹਿਲਾਂ ਉਸ ਨੇ ਕਿਹੋ ਜਿਹਾ ਵੀ ਜੀਵਨ ਬਤੀਤ ਕੀਤਾ ਹੋਵੇ।

ਆਤਮਿਕ ਮਾਰਗ 'ਤੇ ਪ੍ਰਗਤੀ ਲਈ ਸਿੱਖ ਅੰਦਰ ਗੁਰੂ ਤੋਂ ਸਿੱਖਿਆ ਗ੍ਰਹਿਣ ਕਰਨ ਦੀ ਪ੍ਰਬਲ ਇੱਛਾ ਹੋਣਾ ਜ਼ਰੂਰੀ ਹੈ। ਜੇ ਇੱਛਾ ਸ਼ਕਤੀ ਵਿਚ ਹੀ ਕਮੀ ਹੋਵੇ ਤਾਂ ਫਿਰ ਗੁਰੂ ਦੀਆਂ ਸਿੱਖਿਆਵਾਂ ਦਾ ਉਸ ਦੇ ਅੰਦਰ ਗਹਿਰਾਈ ਨਹੀਂ ਪਕੜ ਸਕਦੀਆਂ। ਕਿਸੇ ਵੀ ਸਿੱਖਿਆ ਨੂੰ ਗ੍ਰਹਿਣ ਕਰਨ ਲਈ ਵਿਦਿਆਰਥੀ ਵਿਚ ਪ੍ਰਬਲ ਇੱਛਾ ਹੋਣੀ ਜ਼ਰੂਰੀ ਹੈ। ਗੁਰੂ ਤੋਂ ਸੋਝੀ ਪ੍ਰਾਪਤ ਕਰਨ ਲਈ ਵੀ ਇਹ ਸਭ ਹੋਣਾ ਜ਼ਰੂਰੀ ਹੈ।

ਰੱਬੀ ਗਿਆਨ ਨੂੰ ਸਿੱਖਣ ਦੀ ਪ੍ਰਕ੍ਰਿਆ :—

ਪ੍ਰਮਾਤਮਾ ਨੂੰ ਉਸ ਦੇ ਵਿਅਕਤਿੱਤਵ ਦੀਆਂ ਵਿਸ਼ੇਸ਼ਤਾਵਾਂ ਦੁਆਰਾ ਜਾਣਿਆ ਜਾਂਦਾ ਹੈ। ਇਹ ਵਿਸ਼ੇਸ਼ਤਾਵਾਂ, ਗੁਰੂ ਦੇ ਰੱਬੀ ਗਿਆਨ ਨਾਲ ਜਾਣੀਆਂ ਜਾਂਦੀਆਂ ਹਨ। ਜਿਉਂ ਹੀ ਗੁਰੂ ਦਾ ਸਿੱਖ, ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ ਨੂੰ ਆਪਣੇ ਮਨ ਵਿਚ ਸਵੀਕਾਰਦਾ ਹੈ, ਉਸ ਦੀ ਪ੍ਰਮਾਤਮਾ ਪ੍ਰਤੀ ਅਗਿਆਨਤਾ ਪ੍ਰਮਾਤਮਾ ਦੇ ਗਿਆਨ ਅੱਗੇ ਗੋਡੇ ਟੇਕ ਦਿੰਦੀ ਹੈ।

ਗੁਰੂ ਦਾ ਗੰਭੀਰ ਸਿੱਖ ਰੱਬੀ ਗਿਆਨ ਦੇ ਸਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹਾਸਿਲ ਕਰਦਾ ਹੈ। ਫਿਰ ਸਿੱਖ ਗੁਰੂ ਦੀਆਂ ਸਿੱਖਿਆਵਾਂ ਦੀਆਂ ਵਿਰੋਧੀ ਭਾਵਨਾਵਾਂ ਅਤੇ ਵਿਚਾਰ ਭੁੱਲਣਾ ਸ਼ੁਰੂ ਕਰ ਦਿੰਦਾ ਹੈ। ਪਿਛਲੀਆਂ ਵਿਸ਼ੇਸ਼ਤਾਵਾਂ, ਆਦਤਾਂ ਅਤੇ ਕਦਰਾਂ-ਕੀਮਤਾਂ ਗੁਰੂ ਦੀਆਂ ਸਿੱਖਿਆਵਾਂ ਅੱਗੇ ਖ਼ਤਮ ਹੋ ਜਾਂਦੀਆਂ ਹਨ। ਫਿਰ ਸਿੱਖ, ਗੁਰੂ ਕੋਲੋਂ ਨਵੀਆਂ ਵਿਸ਼ੇਸ਼ਤਾਵਾਂ, ਆਦਤਾਂ ਅਤੇ ਕਦਰਾਂ-ਕੀਮਤਾਂ ਸਿੱਖਦਾ ਹੈ। ਫਿਰ ਸਿੱਖ ਆਪਣੇ ਅੰਦਰ ਅਜਿਹੀਆਂ ਭਾਵਨਾਵਾਂ ਅਤੇ ਵਿਚਾਰ ਉਤਪੰਨ ਕਰਨ ਲੱਗਦਾ ਹੈ, ਜਿਹੜੀਆਂ ਗੁਰੂ ਗ੍ਰੰਥ ਸਾਹਿਬ ਦੇ ਮੁਤਾਬਿਕ ਉਸ ਦੇ ਗੁਰੂ ਦੀਆਂ ਸਿੱਖਿਆਵਾਂ ਨਾਲ ਮੇਲ ਖਾਂਦੀਆਂ ਹੋਣ। ਫਿਰ ਸਮਾਂ ਪਾ ਕੇ, ਗੁਰੂ ਦੇ ਉਪਦੇਸ਼ਾਂ ਨੂੰ ਸਿੱਖਣ ਲਈ ਸਿੱਖ ਜਿੰਨੀ ਕੋਸ਼ਿਸ਼ ਕਰਦਾ ਹੈ, ਗੁਰੂ, ਪ੍ਰਮਾਤਮਾ ਅਤੇ ਸੰਤਾਂ ਪ੍ਰਤੀ ਸਿੱਖ ਨੂੰ ਓਨੀ ਹੀ ਜ਼ਿਆਦਾ ਸਮਝ ਲੱਗਣੀ ਸ਼ੁਰੂ ਹੋ ਜਾਂਦੀ ਹੈ। ਆਖਿਰਕਾਰ ਗੁਰੂ ਦੇ ਵਿਚਾਰ ਅਤੇ ਭਾਵਨਾਵਾਂ, ਸਿੱਖ ਦੇ ਆਪਣੇ ਵਿਚਾਰ ਅਤੇ ਭਾਵਨਾਵਾਂ ਬਣ ਜਾਂਦੇ ਹਨ। ਆਤਮਿਕ ਪ੍ਰਗਤੀ ਦੇ ਇਸ ਪੱਧਰ 'ਤੇ ਆ ਕੇ ਸਿੱਖ ਆਪਣੇ ਗੁਰੂ, ਪ੍ਰਮਾਤਮਾ ਅਤੇ ਸੰਤਾਂ ਪ੍ਰਤੀ ਬਹੁਤ ਹੀ ਅਧਿਕ ਨਿਮਰਤਾ ਦਾ ਅਨੁਭਵ ਕਰਦਾ ਹੈ। ਫਿਰ ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਸ਼ਰਧਾਲੂ ਵਾਂਗ, ਪ੍ਰਮਾਤਮਾ ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਨਾਲ ਅਸੀਮ ਮਾਨਸਿਕ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੁਭਵ ਕਰਦਾ ਹੈ। ਇਹ ਪਿਆਰ ਅਤੇ ਸਤਿਕਾਰ, ਨਿਮਰਤਾ ਅਤੇ ਭਗਤੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੰਦਾ ਹੈ। ਫਿਰ ਸ਼ਰਧਾਲੂ ਆਪਣੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪੂਰੀ ਤਰ੍ਹਾਂ ਨਿਮਰਤਾ ਅਤੇ ਸ਼ਰਧਾ ਰੱਖਣ ਲੱਗਦਾ ਹੈ।

ਫਿਰ ਗੁਰੂ ਕੇਵਲ ਰੱਬੀ ਗਿਆਨ ਦਾ ਅਧਿਆਪਕ ਹੀ ਨਹੀਂ ਰਹਿੰਦਾ, ਸਗੋਂ ਮੋਹ ਅਤੇ ਗਹਿਰੀ ਸ਼ਰਧਾ ਵਿਚ ਵੀ ਬਾਕੀਆਂ ਨੂੰ ਮਾਤ ਪਾਉਂਦਾ ਹੈ। ਫਿਰ ਆਪਣੀ ਭਗਤੀ ਦੀ ਗੰਭੀਰਤਾ ਨਾਲ ਉਹ ਸ਼ਰਧਾਲੂ ਆਪਣੇ ਪ੍ਰਮਾਤਮਾ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਫਿਰ ਪ੍ਰਮਾਤਮਾ ਅਤੇ ਭਗਤ ਇਕਮਿਕ ਹੋ ਜਾਂਦੇ ਹਨ ਅਤੇ ਫਿਰ ਇਹਨਾਂ ਨੂੰ ਕੋਈ ਵੀ ਵੱਖ ਨਹੀਂ ਕਰ ਸਕਦਾ।

ਗੁਰੂ ਸਿਖਾਉਂਦਾ ਹੈ ਅਤੇ ਸਿੱਖ ਸਿੱਖਦਾ ਹੈ ਕਿ :—

- ✲ ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖੋ।
- ✲ ਪ੍ਰਮਾਤਮਾ ਦੀ ਆਪਣੀ ਰਚਨਾ ਉਤੇ ਸੰਪੂਰਨ ਸਰਵ-ਉੱਚਤਾ 'ਤੇ ਵਿਸ਼ਵਾਸ ਰੱਖੋ।
- ✲ ਗੁਰੂ ਦੀਆਂ ਸਿੱਖਿਆਵਾਂ 'ਤੇ ਪੂਰਾ ਵਿਸ਼ਵਾਸ ਰੱਖੋ।
- ✲ ਗੁਰੂ ਦੇ ਸਿੱਖ ਅਤੇ ਇਕ ਅਗਿਆਨੀ ਮਨੁੱਖ ਵਿਚ ਫਰਕ ਸਮਝੋ।
- ✲ ਕੁ-ਵਿਚਾਰਾਂ ਅਤੇ ਕੁਕਰਮਾਂ ਵਿਚ ਕਦੀ ਨਾ ਉਲਝੋ।
- ✲ ਆਪਣੀ ਸ਼ਖ਼ਸੀਅਤ ਦੀਆਂ ਅਸ਼ੁੱਧੀਆਂ ਅਤੇ ਖਾਮੀਆਂ ਦਾ ਸ਼ੁੱਧੀ-ਕਰਨ ਕਰੋ।
- ✲ ਪ੍ਰਮਾਤਮਾ ਦੀ ਭਗਤੀ ਲਈ ਮਨ ਵਿਚ ਸੁਭਾਵਿਕਤਾ ਪੈਦਾ ਕਰੋ।
- ✲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਨਿਮਰ ਰਹੋ।
- ✲ ਅਲੌਕਿਕ ਜੀਵਨ ਜਾਚ ਲਈ ਮਦਦ ਅਤੇ ਮਾਰਗ ਦਰਸ਼ਨ ਲਈ ਪ੍ਰਮਾਤਮਾ, ਗੁਰੂ ਅਤੇ ਸੰਤਾਂ ਅੱਗੇ ਅਰਦਾਸ ਕਰੋ।
- ✲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਸਾਂਝ ਪ੍ਰਾਪਤ ਕਰਨ ਲਈ ਜਾਂ ਕੋਲ ਆਉਣ ਲਈ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਉਤਸ਼ਾਹਿਤ ਹੋ ਕੇ ਅਤੇ ਇੱਛੁਕ ਹੋ ਕੇ, ਅਲੌਕਿਕ ਗਿਆਨ ਪ੍ਰਾਪਤ ਕਰਨ ਦੀ ਭੁੱਖ ਨਾਲ ਰਿਸ਼ਤਾ ਸਥਾਪਿਤ ਕਰੋ।
- ✲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਾਂਝ ਸਥਾਪਿਤ ਕਰਨ ਲਈ ਦ੍ਰਿੜਤਾ ਨਾਲ ਉਮੀਦ ਰੱਖੋ।
- ✲ ਇਕ ਮਨੁੱਖ ਅਤੇ ਮਨੁੱਖਤਾ ਦੇ ਮੈਂਬਰ ਹੋਣ ਦੇ ਨਾਤੇ ਆਪਣੇ ਵਿਅਕਤਿੱਤਵ ਦੀਆਂ ਵਿਸ਼ੇਸ਼ਤਾਵਾਂ ਚੰਗੀ ਤਰ੍ਹਾਂ ਪਛਾਣੋ। ਅਲੌਕਿਕ ਗਿਆਨ ਦੀ ਰੋਸ਼ਨੀ ਵਿਚ ਆਪਣੀ ਸ਼ਖ਼ਸੀਅਤ ਦੀਆਂ ਕਮੀਆਂ ਅਤੇ ਨੁਕਸ ਦੂਰ ਕਰੋ।
- ✲ ਦੂਸਰਿਆਂ ਪ੍ਰਤੀ ਚੰਗੀ ਭਾਵਨਾ ਰੱਖੋ।
- ✲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਗਹਿਰਾ ਅਤੇ ਵਫਾਦਾਰੀ ਵਾਲਾ ਸਨਮਾਨ ਰੱਖੋ।
- ✲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਮੇਹਰ 'ਕਿਰਪਾ' ਸ਼ਬਦਾਂ ਦਾ ਅਰਥ ਸਮਝੋ।

- ਹੰਕਾਰ ਤਿਆਗੋ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ, ਪੂਰੀ ਨਿਮਰਤਾ ਨਾਲ, ਚਿਰ-ਸਥਾਈ ਰਿਸ਼ਤਾ ਬਣਾ ਕੇ ਰੱਖੋ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸ਼ਰਧਾ ਅਤੇ ਪਿਆਰ ਦਾ ਅਰਥ ਸਮਝੋ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੇ ਸਦੀਵੀ ਰਿਸ਼ਤੇ ਦੇ ਸਰੂਪ ਨੂੰ ਸਮਝੋ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਤੋਂ ਮਿਲੀਆਂ ਦਾਤਾਂ ਲਈ ਧੰਨਵਾਦੀ ਹੋਵੋ।
- ਗੁਰੂ ਅਤੇ ਗੁਰੂਆਂ ਵਰਗੇ ਪੁਰਖਾਂ ਦੀ ਨਿਸ਼ਕਾਮ ਸੇਵਾ ਦੀ ਕਦਰ ਕਰੋ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪੱਕੀ ਵਫਾਦਾਰੀ ਰੱਖੋ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸ਼ਰਧਾ ਨਾਲ ਚੱਲ ਰਹੀ ਵਚਨ-ਬੱਧਤਾ ਨੂੰ ਕਾਇਮ ਰੱਖੋ।
- ਇਸ ਲੋਕ ਅਤੇ ਪਰਲੋਕ ਵਿਚ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਓਟ ਲਓ।
- ਕੁ-ਵਿਚਾਰ ਅਤੇ ਕੁਕਰਮਾਂ ਦਾ ਤਿਆਗ ਕਰਦੇ ਸਮੇਂ ਨੇਕ ਵਿਚਾਰ ਅਤੇ ਨੇਕ ਕਰਮਾਂ ਨੂੰ ਅਪਨਾਓ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਸ਼ਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਨੂੰ ਆਪਣੇ ਜੀਵਨ ਵਿਚ ਸ਼ਾਮਿਲ ਕਰੋ।
- ਰਚਨਾਕਾਰ ਅਤੇ ਉਸ ਦੀ ਰਚਨਾ ਦੀ ਸੱਚਾਈ ਦਾ ਚਿੰਤਨ ਕਰੋ।
- ਪ੍ਰਮਾਤਮਾ ਨਾਲ ਲਗਾਤਾਰ ਪ੍ਰਗਤੀ ਦੇ ਆਧਾਰ 'ਤੇ ਪਿਆਰ ਕਰੋ ਅਤੇ ਉਸ ਨਾਲ ਜੁੜੇ ਰਹੋ।
- ਆਪਣੀ ਖੁਸ਼ਕਿਸਮਤੀ ਦੂਜਿਆਂ ਨਾਲ ਵੀ ਸਾਂਝੀ ਕਰੋ।
- ਰੋਜੀ ਰੋਟੀ ਲਈ ਇਮਾਨਦਾਰੀ ਦੀ ਕਿਰਤ ਕਰੋ।
- ਮੁਕਤੀ ਲਈ ਸਹੀ ਮਾਰਗ ਚੁਣੋ।
- ਅਲੌਕਿਕ ਆਨੰਦ ਦਾ ਅਨੁਭਵ ਕਰੋ।
- ਦਇਆ, ਕਰੁਣਾ, ਸੰਤੁਸ਼ਟੀ, ਸਚਾਈ, ਵਿਸ਼ਵਾਸ, ਪ੍ਰਮਾਤਮਾ ਦੀ ਭਗਤੀ, ਸਬਰ-ਸੰਤੋਖ ਅਤੇ ਹੋਰ ਅਨੇਕਾਂ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਓ।
- ਗੁਰੂ ਕੋਲੋਂ ਸਿੱਖੀਆਂ ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ ਨੂੰ ਯਾਦ ਕਰਦੇ ਹੋਏ ਪ੍ਰਮਾਤਮਾ ਦੇ ਵਿਅਕਤਿੱਤਵ ਦਾ ਧਿਆਨ ਕਰੋ।

ਇਸ ਗੱਲ ਦਾ ਉਲੇਖ ਵੀ ਜ਼ਰੂਰੀ ਹੈ ਕਿ ਰੱਬੀ ਗਿਆਨ ਦੇ ਉਪਦੇਸ਼ਾਂ ਨੂੰ ਸਿਰਫ ਯਾਦ

ਕਰਨਾ ਹੀ ਕਾਫੀ ਨਹੀਂ, ਸਗੋਂ ਇਹ ਗਿਆਨ ਜੀਵਨ ਵਿਚ ਵੀ ਅਪਣਾਓ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਅਰਥ ਵੀ ਸਮਝਣਾ ਜ਼ਰੂਰੀ ਹੈ। ਨਿੱਜੀ ਰੁਝੇਵੇਂ (ਲਗਨ) ਵੀ ਬਹੁਤ ਹੀ ਮਹੱਤਵਪੂਰਨ ਹਨ। ਇਸ ਮਾਮਲੇ ਵਿਚ ਅਸੀਂ ਹੇਠ ਲਿਖੀਆਂ ਗੱਲਾਂ 'ਤੇ ਜ਼ੋਰ ਦਿਆਂਗੇ :—

- ਇਕ ਸ਼ਬਦ ਨੂੰ ਚੁਣ ਲਓ ਅਤੇ ਫਿਰ ਉਸ ਦਾ ਤਰਜਮਾ ਆਪਣੇ ਸ਼ਬਦਾਂ ਵਿਚ ਕਰੋ। ਸ਼ੁਰੂ ਵਿਚ ਸੁਖਮਨੀ ਸਾਹਿਬ ਦੇ ਸ਼ਬਦ ਚੁਣੋ, ਜੋ ਕਿ ਬਹੁਤ ਹੀ ਆਸਾਨ ਰਚਨਾ (ਬਾਣੀ) ਮੰਨੀ ਗਈ ਹੈ।
- ਸ਼ਬਦ ਦੇ ਵਿਚ ਵਰਤੇ ਗਏ ਔਖੇ ਸ਼ਬਦਾਂ ਦਾ ਠੀਕ ਤਰ੍ਹਾਂ ਅਰਥ ਸਮਝਣ ਲਈ ਕਿਸੇ ਚੰਗੀ ਡਿਕਸ਼ਨਰੀ ਦੀ ਵਰਤੋਂ ਕਰੋ।
- ਸ਼ਬਦ ਦਾ ਸ਼ਾਬਦਿਕ ਤਰਜਮਾ ਕਰੋ।
- ਸ਼ਬਦ ਵਿਚ ਦਰਸਾਈਆਂ ਗਈਆਂ ਸਿੱਖਿਆਵਾਂ ਨੂੰ ਸਮਝੋ ਅਤੇ ਆਪਣੇ ਕੋਲ ਲਿਖ ਕੇ ਰੱਖ ਲਓ।
- ਸ਼ਬਦਾਂ ਬਾਰੇ ਆਪਣੀ ਸਮਝ ਨੂੰ ਗੁਰਬਾਣੀ ਦੇ ਕਿਸੇ ਚੰਗੇ ਜਾਣਕਾਰ ਦੇ ਵਿਚਾਰਾਂ ਨਾਲ ਤੁਲਨਾ ਕਰੋ। ਅਜਿਹੀ ਮਦਦ ਕਿਤਾਬ ਦੇ ਰੂਪ ਵਿਚ ਜਾਂ ਫਿਰ ਇੰਟਰਨੈੱਟ 'ਤੇ ਵੀ ਮੌਜੂਦ ਹੈ।
- ਹੋਰ ਸ਼ਬਦਾਂ ਵਿਚ ਦਰਸਾਈਆਂ ਗਈਆਂ ਗੁਰੂ ਵੱਲੋਂ ਦਿੱਤੀਆਂ ਸਿੱਖਿਆਵਾਂ ਦਾ ਚੁਣੇ ਹੋਏ ਸ਼ਬਦ ਦੀ ਆਪਣੀ ਸਮਝ ਨਾਲ ਘੋਖੋ ਅਤੇ ਉਸ ਦੇ ਅਨੁਸਾਰ ਆਪਣੀ ਸਮਝ ਨੂੰ ਠੀਕ ਕਰੋ।
- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਹੋਰ ਸ਼ਬਦਾਂ ਦਾ ਤਰਜਮਾ ਕਰਨ ਦਾ ਪ੍ਰਕਰਨ ਵੀ ਦੁਹਰਾਓ।
- ਸ਼ਬਦ ਦਾ ਤਰਜਮਾ ਕਿਸੇ ਵੀ ਭਾਸ਼ਾ ਵਿਚ ਹੋ ਸਕਦਾ ਹੈ ਜੋ ਕਿ ਜਗਿਆਸੂ ਨੂੰ ਆਉਂਦੀ ਹੋਵੇ। ਬਿਨਾਂ ਸ਼ੱਕ ਕਿਸੇ ਸ਼ਬਦ ਦਾ ਤਰਜਮਾ ਕਰਨ ਦੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਵਰਤੀ ਗਈ ਭਾਸ਼ਾ ਦਾ ਗਿਆਨ ਹੋਣਾ ਵੀ ਬਹੁਤ ਮਹੱਤਵਪੂਰਨ ਹੈ।
- ਉਪਰੋਕਤ ਕਦਮ ਗੁਰਬਾਣੀ ਦੇ ਕਿਸੇ ਵੀ ਗਿਆਤਾ ਨੂੰ ਚੁਣੌਤੀ ਦੇਣਗੇ। ਪਰ ਕਿਸੇ ਚੀਜ਼ ਨੂੰ ਠੀਕ ਤਰ੍ਹਾਂ ਸਿੱਖਣਾ ਹਮੇਸ਼ਾ ਹੀ ਮੁਸ਼ਕਿਲ ਹੁੰਦਾ ਹੈ। ਇਸ ਲਈ ਸਿੱਖਣ ਦੀ ਪ੍ਰਕ੍ਰਿਆ ਨੂੰ ਜਾਰੀ ਰੱਖਣ ਲਈ ਦ੍ਰਿੜ ਨਿਸ਼ਚੇ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।
- ਆਪਣਾ ਧਿਆਨ ਫਲ ਤੇ ਕੇਂਦਰਿਤ ਰੱਖੋ—ਫਲ ਗੁਰੂ ਦੇ ਰੱਬੀ ਗਿਆਨ ਨੂੰ ਸਿੱਖਣ ਅਤੇ ਇਸ ਗਿਆਨ ਨਾਲ ਸਿੱਖ ਨੂੰ ਹਾਸਿਲ ਹੋਣ ਵਾਲੇ ਅਦਭੁੱਤ ਲਾਭਾਂ ਦਾ।

ਅਧਿਆਇ 3
ਗੁਰੂ ਦੇ ਬ੍ਰਹਮ ਗਿਆਨ ਦੇ ਉਪਦੇਸ਼

ਗੁਰੂ ਆਪਣੇ ਸਿੱਖ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਸਿਖਾਉਂਦਾ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਸਿੱਖ ਨੂੰ ਆਤਮਿਕ ਪ੍ਰਗਤੀ ਲਈ ਕਈ ਕੀਮਤੀ ਉਪਦੇਸ਼ ਸਿਖਾਉਂਦਾ ਹੈ। ਇਹ ਉਪਦੇਸ਼ ਸਿੱਖ ਦੀ ਬੁੱਧੀ ਅਤੇ ਭਾਵਨਾਵਾਂ ਨੂੰ ਰੂਪ ਪ੍ਰਦਾਨ ਕਰਦੇ ਹਨ। ਸਿੱਖ ਦੀ ਜਾਗਰੂਕਤਾ ਉਸ ਨੂੰ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਲਈ ਪ੍ਰੇਰਿਤ ਕਰਦੀ ਹੈ।

ਗੁਰੂ ਦੇ ਗਿਆਨ-ਉਪਦੇਸ਼ ਨੂੰ ਜਾਣਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂਆਂ, ਭਗਤਾਂ, ਸੰਤਾਂ ਤੇ ਸਿੱਖਾਂ ਦੀ ਬਾਣੀ ਦਾ ਅਧਿਐਨ ਜ਼ਰੂਰੀ ਹੈ। ਗੁਰੂ ਦੇ ਸਿੱਖ ਲਈ ਕਿਤਾਬਾਂ ਵਿਚ ਅਤੇ ਇੰਟਰਨੈਟ 'ਤੇ ਬਹੁਤ ਸਾਰੇ ਯੋਗ ਸ਼ਬਦ ਅਰਥ ਮੌਜੂਦ ਹਨ। ਇਹਨਾਂ ਦੀ ਮਦਦ ਨਾਲ, ਗੁਰੂ ਦੀਆਂ ਸਿੱਖਿਆਵਾਂ ਨੂੰ ਬੜੀ ਆਸਾਨੀ ਨਾਲ ਸਿੱਖਿਆ ਜਾ ਸਕਦਾ ਹੈ। ਹੇਠਾਂ, ਗੁਰੂ ਗ੍ਰੰਥ ਸਾਹਿਬ ਦੇ ਰੱਬੀ ਗਿਆਨ ਦੇ ਕੁਛ ਉਪਦੇਸ਼ ਦਰਸਾਏ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਪੂਰੀ ਤਰ੍ਹਾਂ ਸਮਝਣ ਦੇ ਲਈ ਸ਼ਬਦਾਂ ਦੇ ਵਿਚ ਵਰਣਿਤ ਉਪਦੇਸ਼ਾਂ ਨੂੰ ਸਿੱਖਣਾ ਬਹੁਤ ਹੀ ਜ਼ਰੂਰੀ ਹੈ।

ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਦਾ ਇਕ ਸੰਗ੍ਰਹਿ

1. ਜਪੁਜੀ ਸਾਹਿਬ ਤੋਂ ਲਏ ਗਏ ਉਪਦੇਸ਼

(ਅੰਗ ੧-੮, ਸ੍ਰੀ ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਦੇਵ ਜੀ ਦੀ ਰਚਨਾ— 'ਜਪੁ', ਸਿੱਖਾਂ ਦੇ ਪਵਿੱਤਰ ਧਾਰਮਿਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਮਿਲਦੀ ਹੈ। 'ਜੀ', 'ਸ੍ਰੀ', ਅਤੇ 'ਸਾਹਿਬ' ਸ਼ਬਦ, ਲੇਖਕ ਵਲੋਂ ਸਨਮਾਨ ਵਜੋਂ ਸ਼ਾਮਿਲ ਕੀਤੇ ਗਏ ਹਨ। 'ਜਪੁਜੀ ਸਾਹਿਬ' ਦਾ ਪੂਰਾ ਮੂਲ-ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧-੮ 'ਤੇ ਹੈ। ਉਪਦੇਸ਼ ਨੰਬਰ 1 ਨੂੰ ਜਪੁਜੀ ਸਾਹਿਬ ਦਾ ਹਿੱਸਾ ਨਹੀਂ ਮੰਨਿਆ ਜਾਂਦਾ ਹੈ। ਇਹ ਉਪਦੇਸ਼ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ ਆਉਂਦਾ ਹੈ। ਇਸ ਉਪਦੇਸ਼ ਦਾ ਮੂਲ-ਪਾਠ ਕਈ ਸੰਖੇਪ ਅਕਾਰਾਂ ਵਿਚ ਲਗਾਤਾਰ ਬਾਰ ਆਉਂਦਾ ਹੈ। ਇਸ ਉਪਦੇਸ਼ ਦਾ ਮੂਲ-ਪਾਠ ਕਈ ਸੰਖੇਪ ਅਕਾਰਾਂ ਵਿਚ ਲਗਾਤਾਰ ਬਾਰ-ਬਾਰ ਆਉਂਦਾ ਹੈ। ਪਰ ਫੇਰ ਵੀ ਅਰਥ ਲਗਾਤਾਰ ਇੱਕੋ ਹੀ ਹੈ।

ਉਪਦੇਸ਼ ਨੰਬਰ 1

ਪ੍ਰਮਾਤਮਾ ਸਰਬ ਵਿਆਪਕ ਹੈ : ਪ੍ਰਮਾਤਮਾ ਸਤਿ ਹੈ : ਉਸ ਨੂੰ ਉਸ ਦੀ ਕ੍ਰਿਪਾ ਨਾਲ, ਗੁਰੂ ਦੇ ਉਪਦੇਸ਼ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ

ਪ੍ਰਮਾਤਮਾ ਕੇਵਲ ਇਕ ਹੈ। ਉਸ ਦੀਆਂ ਹੋਰ ਅਨੇਕਾਂ (ਅਣਗਿਣਤ) ਵਿਸ਼ੇਸ਼ਤਾਵਾਂ ਦੇ ਨਾਲ-ਨਾਲ, ਕੁਛ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

- ਇਸ ਸੰਸਾਰ ਵਿਚ ਜੋ ਕੁਛ ਵੀ ਮੌਜੂਦ ਹੈ, ਉਸ ਦਾ ਰਚਨਹਾਰਾ ਕੇਵਲ ਉਹ ਹੀ ਹੈ।
- ਉਹ ਹਰ ਜਗ੍ਹਾ ਅਤੇ ਹਰ ਇਕ ਦੇ ਅੰਦਰ ਮੌਜੂਦ ਹੈ।
- ਸਿਰਫ ਉਸ ਦਾ ਨਾਮ ਹੀ ਹਰ ਤਰ੍ਹਾਂ ਦੇ ਸਮਿਆਂ ਵਿਚ ਸੱਚਾ ਹੈ—ਉਹ ਸਦਾ ਰਹਿਣ ਵਾਲਾ ਹੈ।
- ਉਸ ਦਾ ਸੁਭਾਅ ਉਦਾਸੀਨ ਨਹੀਂ, ਕ੍ਰਿਆਸ਼ੀਲ ਹੈ।
- ਉਸ ਦੀ ਹੋਂਦ ਹੈ- ਇਕ ਵਿਅਕਤਿੱਤਵ ਹੈ।
- ਉਹ ਨਿਡਰ ਹੈ ਅਤੇ ਉਸ ਦਾ ਕਿਸੇ ਨਾਲ ਵੈਰ ਨਹੀਂ।
- ਉਹ ਅਟੱਲ, ਅਮਰ ਹੈ।
- ਉਹ ਪੁਨਰ-ਜਨਮ, ਜਨਮ, ਮਰਨ ਦੇ ਚੱਕਰ ਤੋਂ ਮੁਕਤ ਹੈ।
- ਉਹ ਆਪਣਾ ਰਚਨਾਕਾਰ ਆਪ ਹੈ।
- ਉਹ ਅਗਿਆਨਤਾ ਨੂੰ ਸਿਆਣਪ ਵਿਚ ਤਬਦੀਲ ਕਰਦਾ ਹੈ।
- ਉਹ ਦਿਆਲੂ ਹੈ, ਉਸ ਦੀ ਕ੍ਰਿਪਾ ਨਾਲ ਹੀ ਉਸ ਨੂੰ ਜਾਣਿਆ ਜਾ ਸਕਦਾ ਹੈ। ਜੋ ਪ੍ਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ, ਉਹੀ ਉਸ ਦਾ ਹਿੱਸਾ ਬਣਦਾ ਹੈ ਅਤੇ ਇਹ ਸਭ ਗੁਰੂ ਦੀ ਕ੍ਰਿਪਾ, ਗੁਰੂ ਦੀ ਬਖਸ਼ਿਸ਼ ਅਤੇ ਗੁਰੂ ਵੱਲੋਂ ਸਿਖਾਈ ਗਈ ਦੈਵੀ ਸੂਝ ਨਾਲ ਹੀ ਸੰਭਵ ਹੈ।
- ਗੁਰੂ ਦੇ ਸਿੱਖ ਨੂੰ ਪੂਰੀ ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ। ਪ੍ਰਮਾਤਮਾ ਦੀ ਹੋਂਦ ਵੱਖ-ਵੱਖ ਸਮਿਆਂ ਅਤੇ ਯੁੱਗਾਂ ਦੇ ਸ਼ੁਰੂ ਹੋਣ ਤੋਂ ਵੀ ਪਹਿਲਾਂ ਦੀ ਹੈ। ਉਹ ਅੱਜ ਵੀ ਮੌਜੂਦ ਹੈ ਅਤੇ ਭਵਿੱਖ ਵਿਚ ਵੀ ਹਮੇਸ਼ਾ ਰਹੇਗਾ।

ਲੇਖਕ ਦੀ ਟਿੱਪਣੀ : ਗੁਰੂ ਨਾਨਕ ਦੇਵ ਜੀ ਦੇ ਰੱਬੀ ਗਿਆਨ ਦਾ ਸੰਖੇਪ ਮੂਲ-ਪਾਠ ਉਪਰੋਕਤ ਦਰਸਾਇਆ ਗਿਆ ਹੈ। ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ (1469-1539) ਜੀ ਨੇ ਆਪਣੇ ਗੁਰੂ-ਪ੍ਰਭੂ ਤੋਂ ਰੱਬ ਦੇ ਵਿਸ਼ਿਆਂ ਬਾਰੇ ਜਾਣਕਾਰੀ ਹਾਸਿਲ ਕਰਕੇ, ਪ੍ਰਮਾਤਮਾ ਦੇ ਬਾਰੇ ਇਕ ਪੂਰਨ ਵਿਸਥਾਰ ਨਾਲ ਵਿਆਖਿਆ ਕੀਤੀ। ਇਹ

ਵਿਆਖਿਆ, ਸਿੱਖਾਂ ਦੇ ਮੌਜੂਦਾ ਗੁਰੂ, ਧਾਰਮਿਕ ਗ੍ਰੰਥ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਹਾ ਜਾਂਦਾ ਹੈ, ਵਿਚ ਮੁੱਢਲੀ ਰਚਨਾ ਵਜੋਂ ਦਰਜ ਹੈ।

ਪ੍ਰਮਾਤਮਾ ਨੇ ਆਪਣੇ ਗੁਣ, ਗੁਰੂ ਨਾਨਕ ਦੇਵ ਜੀ ਨੂੰ ਪ੍ਰਗਟਾਏ ਅਤੇ ਗੁਰੂ ਨਾਨਕ ਦੇਵ ਜੀ ਨੇ ਉਹੀ ਸਭ ਮਨੁੱਖਤਾ ਨੂੰ ਦੱਸੇ। ਪ੍ਰਮਾਤਮਾ ਦਾ ਇਹ ਵਿਲੱਖਣ ਗੁਣ ਅਤੇ ਨਾਲ ਹੀ ਗੁਰੂ ਨਾਨਕ ਦੇਵ ਜੀ ਦਾ ਮਨੁੱਖਾਂ ਨੂੰ ਸੰਬੋਧਨ, ਸਿੱਖਾਂ ਵਲੋਂ ਧਾਰਮਿਕ ਗਿਆਨ ਦਾ ਸਭ ਤੋਂ ਸੰਖੇਪ ਵਰਨਣ ਮੰਨਿਆ ਜਾਂਦਾ ਹੈ ਅਤੇ ਇਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਜੀ ਰਹਿੰਦੀ ਦੁਨੀਆਂ ਤੱਕ ਸਿੱਖਾਂ ਦੇ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਸਿੱਖਾਂ ਦੇ 10 ਗੁਰੂ ਹੋਏ, ਜਿਨ੍ਹਾਂ ਨੇ ਗੁਰਗੱਦੀ ਅੱਗੇ ਸੌਂਪੀ, ਸ਼ੁਰੂਆਤ ਗੁਰੂ ਨਾਨਕ ਦੇਵ ਜੀ, ਸਿੱਖ ਧਰਮ ਦੇ ਬਾਨੀ ਤੋਂ ਹੋਈ ਅਤੇ ਅੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ 1708 ਸਿੱਖਾਂ ਦੇ ਦਸਵੇਂ ਨਾਲ ਹੋਈ।

ਸਿੱਖਾਂ ਵਲੋਂ ਵਾਹਿਗੁਰੂ ਸ਼ਬਦ ਦਾ ਉਚਾਰਨ ਪ੍ਰਮਾਤਮਾ ਅਤੇ ਗੁਰੂ ਨਾਨਕ ਦੇਵ ਜੀ ਦੇ ਇਸ ਮਹਾਨ ਦਿਆਲਤਾ ਵਾਲੇ ਕੰਮ, ਜਿਸ ਵਿਚ ਉਹਨਾਂ ਨੇ ਪ੍ਰਮਾਤਮਾ ਦੇ ਗੁਣ ਮਨੁੱਖਤਾ ਨੂੰ ਦੱਸੇ, ਨੂੰ ਸਵੀਕਾਰਨ ਵਜੋਂ ਕੀਤਾ ਜਾਂਦਾ ਹੈ। ਇਸ ਦਾ ਅਰਥ ਹੈ ਪ੍ਰਮਾਤਮਾ ਦੀ ਜੈ ਜੈਕਾਰ ਹੋਵੇ। ਜੋ ਪ੍ਰਮਾਤਮਾ ਸਾਰੇ ਅਗਿਆਨਤਾ ਨੂੰ ਦੂਰ ਕਰਦਾ ਹੈ ਅਤੇ ਪ੍ਰਮਾਤਮਾ ਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਨੂੰ ਜ਼ਾਹਿਰ ਕਰਾਉਂਦਾ ਹੈ। ਇਸ ਦਾ ਅਰਥ ਹੈ ਪ੍ਰਮਾਤਮਾ ਦੀ ਜੈ ਹੋਵੇ ਅਤੇ ਨਿੱਜੀ ਅਤੇ ਨਜ਼ਦੀਕੀ ਤੌਰ 'ਤੇ, ਸਿੱਖ ਆਪਣੇ ਗੁਰੂ ਅਤੇ ਪ੍ਰਮਾਤਮਾ ਦੀ ਪੂਜਾ ਕਰਦਾ ਹੈ ਜਿਸ ਨੇ ਉਸ ਨੂੰ ਪ੍ਰਮਾਤਮਾ ਦੇ ਇਹਨਾਂ ਗੁਣਾਂ ਤੋਂ ਜਾਣੂ ਕਰਾਇਆ। ਸਿੱਖ ਇਸ ਪ੍ਰਗਟਾਅ ਤੇ ਧਿਆਨ ਕਰਦੇ ਹਨ। ਉਹ ਇਹ ਪ੍ਰਗਟਾਅ (ਭਾਵ) ਨਿੱਜੀ ਤੌਰ 'ਤੇ ਅਤੇ ਸੰਗਤ ਵਿਚ ਉਚਾਰਦੇ ਹਨ। ਉਹ ਆਪਣੇ ਆਪ ਵਿਚ ਹੀ ਇਹ ਬਾਰ-ਬਾਰ ਬੋਲਦੇ ਰਹਿੰਦੇ ਹਨ। ਉਹਨਾਂ ਦਾ ਉਦੇਸ਼, ਇਸ ਨਾਲ, ਆਪਣੇ ਆਪ ਮਨ ਨੂੰ ਇਕਾਗਰਚਿਤ ਕਰਨਾ ਹੁੰਦਾ ਹੈ। ਮਨ ਦੀ ਅਜਿਹੀ ਸਥਿਤ ਅਵਸਥਾ ਵਿਚ ਜਦੋਂ ਪ੍ਰਮਾਤਮਾ ਦੀ ਗੁਰੂ ਦੀ ਤਰ੍ਹਾਂ ਅਤੇ ਉਸ ਦੀ ਅਨੰਤਤਾ ਦੀ ਯਾਦ ਆਪਣੇ ਆਪ ਆਉਂਦੀ ਰਹਿੰਦੀ ਹੈ, ਨੂੰ ਸਹਿਜ ਅਵਸਥਾ ਕਹਿੰਦੇ ਹਨ। ਫਿਰ ਪ੍ਰਮਾਤਮਾ ਅਤੇ ਗੁਰੂ ਤੇ ਮਨ ਆਪਣੇ ਆਪ ਹੀ ਇਕਾਗਰ ਹੋ ਜਾਂਦਾ ਹੈ ਅਤੇ ਮਨ ਨੂੰ ਬਹੁਤ ਅਧਿਕ ਸ਼ਾਂਤੀ, ਪ੍ਰਸੰਨਤਾ ਅਤੇ ਲਾਸਾਨੀ ਅਨੰਦ ਦਿੰਦਾ ਹੈ।

ਉਪਦੇਸ਼ ਨੰਬਰ 2

(ਪਉੜੀ ੧ 'ਤੇ ਆਧਾਰਿਤ)

ਉਸ ਪ੍ਰਮਾਤਮਾ ਨਾਲ ਮਿਲਾਪ ਲਈ, ਪ੍ਰਮਾਤਮਾ ਦੀ ਆਪਣੀ ਰਚਨਾ ਉੱਪਰ ਪ੍ਰਭੂਸੱਤਾ ਨੂੰ ਸਵੀਕਾਰਨਾ

ਹਰੇਕ ਇਨਸਾਨ ਉਂਝ ਹੀ ਜ਼ਿੰਦਗੀ ਗੁਜ਼ਾਰਦਾ ਹੈ, ਜਿਵੇਂ ਪ੍ਰਮਾਤਮਾ ਨੇ ਉਸ ਲਈ ਨਿਰਧਾਰਿਤ ਕੀਤੀ ਹੁੰਦੀ ਹੈ। ਪ੍ਰਮਾਤਮਾ, ਹਰੇਕ ਪੱਖੋਂ, ਆਪਣੀ ਸੰਪੂਰਨ ਰਚਨਾ ਤੋਂ

ਸਰਵਉੱਚ ਹੈ। ਇਸ ਸੱਚਾਈ ਨੂੰ ਮੰਨ ਕੇ ਹੀ ਮਨੁੱਖ ਇਸ ਝੂਠੇ ਜੰਜਾਲ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਉਸ ਦੀ ਪੂਰਨ ਰਜ਼ਾ ਵਿਚ ਰਹਿ ਕੇ, ਉਸ ਦੀ ਭਗਤੀ ਕਰਕੇ ਅਤੇ ਉਸ ਪ੍ਰਤੀ ਸੱਚੀ ਲਗਨ ਨਾਲ ਇਸ ਝੂਠ ਦੀ ਦੀਵਾਰ ਨੂੰ ਡੇਗਿਆ ਜਾ ਸਕਦਾ ਹੈ, ਜੋ ਪ੍ਰਮਾਤਮਾ ਨੂੰ ਬੰਦੇ ਤੋਂ ਓਝਲ ਰੱਖਦੀ ਹੈ। ਕੇਵਲ ਇੰਜ ਕਰਕੇ ਹੀ ਮਨੁੱਖ ਆਪਣੀ ਜ਼ਿੰਦਗੀ ਉਸੇ ਤਰ੍ਹਾਂ ਜੀਅ ਸਕਦਾ ਹੈ ਜਿਵੇਂ ਪ੍ਰਮਾਤਮਾ ਨੇ ਉਸ ਲਈ ਨਿਰਧਾਰਿਤ ਕੀਤੀ ਹੈ। ਕੋਈ ਹੋਰ ਤਰੀਕਾ ਉਸ ਨੂੰ ਇਸ ਝੂਠ ਦੇ ਜਾਲ ਵਿੱਚੋਂ ਕੱਢ ਕੇ ਪ੍ਰਮਾਤਮਾ ਨਾਲ ਇਕਮਿਕ ਨਹੀਂ ਕਰਾ ਸਕਦਾ। ਸਾਰੀਆਂ ਮਨੁੱਖੀ ਕੋਸ਼ਿਸ਼ਾਂ, ਜਿਵੇਂ ਧਿਆਨ, ਗਹਿਰਾ ਗਹਿਨ, ਸਾਧੂਪੁਣਾ, ਬਹੁਤ ਜ਼ਿਆਦਾ ਧਨ ਅਤੇ ਤਾਕਤ ਦੀ ਪ੍ਰਾਪਤੀ ਜਾਂ ਅਕਲ ਦੇ ਕਰਿਸ਼ਮੇ, ਪ੍ਰਮਾਤਮਾ ਦੇ ਗੁਣਾਂ ਨੂੰ ਸਮਝਣ ਜਾਂ ਪ੍ਰਾਪਤ ਕਰਨ ਲਈ ਵਿਅਰਥ ਹਨ।

ਉਪਦੇਸ਼ ਨੰਬਰ 3

(ਪਉੜੀ ੨ 'ਤੇ ਆਧਾਰਿਤ)

ਪ੍ਰਮਾਤਮਾ ਦੀ ਆਪਣੀ ਰਚਨਾ ਤੇ ਸਰਵਉੱਚਤਾ ਨੂੰ ਮੰਨ ਕੇ ਹੀ ਹਉਮੈ 'ਤੇ ਕਾਬੂ ਪਾਇਆ ਜਾ ਸਕਦਾ ਹੈ

ਸੰਸਾਰ ਵਿਚ ਜੋ ਕੁਛ ਵੀ ਮੌਜੂਦ ਹੈ, ਉਹ ਪ੍ਰਮਾਤਮਾ ਦੀ ਹੀ ਰਜ਼ਾ ਅਤੇ ਕਰਮ ਹੈ। ਪ੍ਰਮਾਤਮਾ ਦਾ ਉਸ ਦੀ ਰਚਨਾ ਦੀ ਸੱਤਾ ਉਤੇ ਕਾਬੂ ਨੂੰ ਮਾਪਿਆ ਨਹੀਂ ਜਾ ਸਕਦਾ। ਉਹ ਮਨੁੱਖ ਜੋ ਇਸ ਸੱਚਾਈ ਨੂੰ ਸਵੀਕਾਰ ਕਰ ਲੈਂਦੇ ਹਨ, ਪ੍ਰਮਾਤਮਾ ਵੱਲੋਂ ਸਨਮਾਨੇ ਜਾਂਦੇ ਹਨ। ਕੋਈ ਭਲਾ ਹੈ ਜਾਂ ਬੁਰਾ, ਦੁੱਖ ਭੋਗਦਾ ਹੈ ਜਾਂ ਸੁੱਖ, ਉਸ (ਮਨੁੱਖ) ਉਤੇ ਉਸ ਦੀ (ਪ੍ਰਮਾਤਮਾ ਦੀ) ਕ੍ਰਿਪਾ ਹੁੰਦੀ ਹੈ ਜਾਂ ਨਹੀਂ, ਇਹ ਸਭ ਪ੍ਰਮਾਤਮਾ ਦੇ ਹੁਕਮ ਅੰਦਰ ਹੀ ਹੁੰਦਾ ਹੈ। ਸਭ ਕੁਛ ਉਸ ਪ੍ਰਮਾਤਮਾ ਦੇ ਸਰਵਉੱਚ ਹੁਕਮ ਅਧੀਨ ਹੈ। ਇਸ ਸੱਚਾਈ ਨੂੰ ਨਾ ਮੰਨ ਕੇ, ਮਨੁੱਖ, ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਪ੍ਰਮਾਤਮਾ ਦੀ ਸਰਵਉੱਚਤਾ ਨੂੰ ਸਵੀਕਾਰ ਕੇ ਮਨੁੱਖ, ਪ੍ਰਮਾਤਮਾ ਨਾਲ ਮਿਲਾਪ ਵੱਲ ਵੱਧਦਾ ਹੈ।

ਉਪਦੇਸ਼ ਨੰਬਰ 4

(ਪਉੜੀ ੩ 'ਤੇ ਆਧਾਰਿਤ)

ਹੁੰਦਾ ਉਹੋ ਹੀ ਹੈ, ਜੋ ਪ੍ਰਮਾਤਮਾ ਦੀ ਇੱਛਾ ਹੁੰਦੀ ਹੈ

ਆਪਣੀ ਰਚਨਾ ਦੇ ਕਾਰਜ ਪ੍ਰਮਾਤਮਾ ਆਪਣੀ ਪ੍ਰਸੰਨਤਾ ਮੁਤਾਬਿਕ ਚਲਾਉਂਦਾ ਹੈ। ਯੁੱਗਾਂ ਤੋਂ, ਉਹ ਆਪਣੀ ਰਚਨਾ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਆਪਣੇ ਨਾ ਖ਼ਤਮ ਹੋਣ ਵਾਲੇ ਖ਼ਜ਼ਾਨੇ ਵਰਤਾਈ ਜਾ ਰਿਹਾ ਹੈ, ਲੈਣ ਵਾਲੇ ਭਾਵੇਂ ਥੱਕ ਜਾਣ, ਪਰ ਪ੍ਰਮਾਤਮਾ ਦੀ ਉਦਾਰਤਾ ਦੇ ਖ਼ਜ਼ਾਨੇ ਕਦੀ ਖਤਮ ਨਹੀਂ ਹੁੰਦੇ। ਕੋਈ ਵੀ, ਉਸ ਦੀ ਤਾਕਤ ਦਾ ਨਾ ਹੀ ਅਨੁਮਾਨ ਲਗਾ ਸਕਦਾ ਹੈ, ਨਾ ਹੀ ਬਿਆਨ ਕਰ ਸਕਦਾ ਹੈ, ਨਾ ਹੀ ਉਸ ਦੇ ਉਦੇਸ਼

ਸਮਝ ਸਕਦਾ ਹੈ, ਨਾ ਹੀ ਉਸ ਦੀਆਂ ਵਿਸ਼ੇਸ਼ਤਾਵਾਂ ਜਾਣ ਸਕਦਾ ਹੈ, ਨਾ ਹੀ ਉਸ ਦੇ ਗਿਆਨ ਦਾ ਦਾਇਰਾ ਜਾਣ ਸਕਦਾ ਹੈ, ਨਾ ਹੀ ਇਹ ਸਮਝ ਸਕਦਾ ਹੈ ਕਿ ਉਹ (ਪ੍ਰਮਾਤਮਾ) ਕਿਉਂ ਪਹਿਲਾਂ ਰਚਦਾ ਹੈ, ਫਿਰ ਨਾਸ਼ ਕਰਦਾ ਦਿੰਦਾ ਹੈ, ਨਾ ਹੀ ਇਹ ਕਿ ਕਿਉਂ ਉਹ ਏਨੀ ਦੂਰ ਪ੍ਰਤੀਤ ਹੁੰਦਾ ਹੈ ਅਤੇ ਫਿਰ ਵੀ ਹਰ ਜਗ੍ਹਾ, ਹਰ ਇਕ ਦੇ ਅੰਦਰ ਮੌਜੂਦ ਹੈ। ਉਪਰੋਕਤ ਸਭ ਕੁਛ ਦੀ ਸੱਚਾਈ ਕੇਵਲ ਪ੍ਰਮਾਤਮਾ ਹੀ ਜਾਣਦਾ ਹੈ। ਪਰ, ਇਹ ਵੀ ਸੱਚ ਹੈ ਕਿ ਅਜਿਹੇ ਲੋਕਾਂ ਦੀ ਵੀ ਕਮੀ ਨਹੀਂ, ਜੋ ਉਪਰੋਕਤ ਮਾਮਲਿਆਂ ਬਾਰੇ ਫਜ਼ੂਲ ਦੀ ਵਿਚਾਰਧਾਰਾਵਾਂ ਬਣਾਉਂਦੇ ਹਨ ਅਤੇ ਆਪਣੀ ਰਾਇ ਵੀ ਦਿੰਦੇ ਹਨ।

ਉਪਦੇਸ਼ ਨੰਬਰ 5

(ਪਉੜੀ ੬ 'ਤੇ ਆਧਾਰਿਤ)

ਪ੍ਰਮਾਤਮਾ ਪਿਆਰ ਦੀ ਭਾਸ਼ਾ ਨਾਲ ਵਾਰਤਾਲਾਪ ਕਰਦਾ ਹੈ

ਪ੍ਰਮਾਤਮਾ ਬਾਰੇ ਸਭ ਕੁਛ ਸੱਚਾ ਅਤੇ ਹਮੇਸ਼ਾ ਕਾਇਮ ਰਹਿਣ ਵਾਲਾ ਹੈ। ਸੱਚਾਈ ਅਤੇ ਅਨੰਤਤਾ ਉਸ ਦੇ ਵਿਅਕਤਿੱਤਵ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ। ਇਹ ਸਿਰਫ ਪਿਆਰ ਹੀ ਹੈ ਜਿਸ ਦੁਆਰਾ ਉਹ, ਉਹਨਾਂ ਨਾਲ ਵਾਰਤਾਲਾਪ ਕਰਦਾ ਹੈ, ਜਿਨ੍ਹਾਂ ਨੂੰ ਉਹ (ਪ੍ਰਮਾਤਮਾ) ਵਾਰਤਾਲਾਪ ਲਈ ਚੁਣਦਾ ਹੈ। ਉਸ ਦੀ ਕੋਈ ਸੀਮਾ ਨਹੀਂ ਹੈ। ਉਹ ਆਪਣੀ ਰਚਨਾ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਕੋਈ ਉਸ ਨੂੰ ਕਿੰਝ ਖ਼ੁਸ਼ ਕਰ ਸਕਦਾ ਹੈ ? ਅਜਿਹਾ ਕੀ ਹੈ, ਜਿਸ ਨਾਲ ਮਨੁੱਖ ਉਸ ਦਾ ਧਿਆਨ ਆਪਣੇ ਵੱਲ ਕਰਾ ਸਕੇ ਜਾਂ ਉਸ ਦਾ ਪਿਆਰ ਹਾਸਿਲ ਕਰ ਸਕੇ ? ਜੁਆਬ ਹੈ ਕਿ ਪੂਰਨ ਸ਼ਰਧਾ ਨਾਲ ਉਸ ਪ੍ਰਮਾਤਮਾ ਦੀਆਂ ਮਹਾਨ ਅਤੇ ਬੇਅੰਤ ਵਿਸ਼ੇਸ਼ਤਾਵਾਂ ਉਪਰ ਚਿੰਤਨ ਕਰਕੇ। ਇਸ ਤਰ੍ਹਾਂ ਬਿਤਾਇਆ ਸਮਾਂ ਉਸ ਦੀ ਕ੍ਰਿਪਾ ਨਾਲ ਹੀ ਬਿਤਾਇਆ ਜਾਂਦਾ ਹੈ। ਖਾਸ ਤੌਰ 'ਤੇ ਅੰਮ੍ਰਿਤ ਵੇਲੇ ਦਾ ਸਮਾਂ। ਆਤਮਾ ਨੂੰ ਮਨੁੱਖੀ ਸਰੀਰ ਦੀ ਪ੍ਰਾਪਤੀ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਹੁੰਦੀ ਹੈ। ਇਹ ਉਸ 'ਮੁਕਤੀ ਦਾਤਾ' ਦੀ ਮਿਹਰ ਸਦਕਾ ਹੁੰਦਾ ਹੈ ਕਿ ਮਨੁੱਖ ਉਸ ਦੇ ਦਰ 'ਤੇ ਆਉਂਦਾ ਹੈ ਅਤੇ ਮੁਕਤੀ ਦੀ ਦਾਤ ਪ੍ਰਾਪਤ ਕਰਦਾ ਹੈ। ਆਤਮਾ ਨੂੰ ਕਿਸੇ ਹੋਰ ਸਰੀਰ ਦੀ ਪ੍ਰਾਪਤੀ ਨਹੀਂ ਹੁੰਦੀ, ਬਲਕਿ ਆਤਮਾ ਉਸ ਪਰਮ ਆਤਮਾ-ਪ੍ਰਮਾਤਮਾ ਵਿਚ ਮਿਲ ਜਾਂਦੀ ਹੈ। ਸਿਰਫ਼ ਉਸ ਦੀ ਕ੍ਰਿਪਾ ਨਾਲ ਹੀ ਮਨੁੱਖ ਉਸ ਸੱਚੇ ਪ੍ਰਭੂ ਦੇ ਵਿਅਕਤਿੱਤਵ ਨੂੰ ਸਮਝ ਸਕਦਾ ਹੈ। ਉਹ ਹਰ ਪੱਖੋਂ ਸਰਵਉੱਚ ਹੈ।

ਨੋਟ :—ਮਨੁੱਖ ਉਸ ਦਾ (ਪ੍ਰਮਾਤਮਾ) ਸੱਚਾ ਨਾਮ ਆਪਣੇ ਅੰਦਰ ਸਮੋ ਲੈਂਦਾ ਹੈ। ਪ੍ਰਮਾਤਮਾ ਦਾ ਨਾਮ, ਉਸ ਦੇ ਗੁਣਾਂ ਨੂੰ ਯਾਦ ਕਰਨ ਨਾਲ ਪ੍ਰਮਾਤਮਾ ਦਾ ਵਿਅਕਤਿੱਤਵ, ਮਨੁੱਖ ਦੀ ਜਾਗਰੁਕਤਾ ਵਿਚ ਆਉਂਦਾ ਹੈ। ਇਹ ਜਾਗਰੁਕਤਾ, ਮਨੁੱਖ ਦੇ ਅੰਦਰ ਬਹੁਤ ਜ਼ਿਆਦਾ ਠਹਿਰਾਵ, ਖ਼ੁਸ਼ੀ ਅਤੇ ਅੰਦਰੂਨੀ ਸ਼ਾਂਤੀ ਪੈਦਾ ਕਰਦੀ ਹੈ। ਜਦੋਂ ਪ੍ਰਮਾਤਮਾ ਕਿਸੇ ਮਨੁੱਖ ਤੇ ਆਪਣੇ ਪਿਆਰ ਦੀ ਮਿਹਰ ਕਰਦਾ ਹੈ, ਤਾਂ ਉਸ ਨੂੰ ਬਹੁਤ ਵਿਲੱਖਣ ਖ਼ੁਸ਼ੀ ਦਾ

ਅਹਿਸਾਸ ਹੁੰਦਾ ਹੈ, ਫਿਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਉਹ ਮਨੁੱਖ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਉਸ ਨੂੰ ਹਰ ਜਗ੍ਹਾ 'ਤੇ ਉਹ ਪ੍ਰਮਾਤਮਾ ਨਜ਼ਰ ਆਉਣ ਲੱਗਦਾ ਹੈ। ਉਸ (ਪ੍ਰਮਾਤਮਾ) ਦੇ ਸਤਿਕਾਰ ਅਤੇ ਪਿਆਰ ਦੁਆਰਾ ਹੀ ਮਨੁੱਖ, ਪ੍ਰਮਾਤਮਾ ਨਾਲ ਇਕਮਿਕ ਹੁੰਦਾ ਹੈ।

ਉਪਦੇਸ਼ ਨੰਬਰ 6

(ਪਉੜੀ ੫ 'ਤੇ ਆਧਾਰਿਤ)

ਪ੍ਰਮਾਤਮਾ ਦੀ ਸਵੈ-ਹੋਂਦ ਹੈ ਉਹ ਆਪਣਾ ਰਚਨਾਕਾਰ ਆਪ ਹੈ

ਪ੍ਰਮਾਤਮਾ-ਨਿਰੰਜਨ ਕਿਸੇ ਬਾਹਰੀ ਕਾਰਨ ਕਰਕੇ ਨਹੀਂ, ਬਲਕਿ ਆਪਣੇ ਕਾਰਨ ਹੀ ਹੋਂਦ ਵਿਚ ਹੈ। ਮਾਇਆ ਦਾ ਉਸ ਉਤੇ ਕੋਈ ਪ੍ਰਭਾਵ ਨਹੀਂ ਹੈ। ਉਹ ਸੁਭਾਵਿਕ ਤੌਰ 'ਤੇ ਹੀ ਅਜ਼ਾਦ ਹੈ। ਜੋ ਉਸ ਦਾ ਸਤਿਕਾਰ ਕਰਦੇ ਹਨ ਜਾਂ ਉਸ ਨੂੰ ਸਿਮਰਦੇ ਹਨ, ਉਹ ਉਸ ਦੁਆਰਾ ਸਨਮਾਨੇ ਜਾਂਦੇ ਹਨ। ਪ੍ਰਮਾਤਮਾ ਅਜਿਹੇ ਵਿਅਕਤੀਆਂ ਨੂੰ ਹਰ ਤਰ੍ਹਾਂ ਦੇ ਦੁੱਖਾਂ ਤੋਂ ਮੁਕਤ ਕਰ ਦਿੰਦਾ ਹੈ। ਉਹ, ਉਹਨਾਂ ਨੂੰ ਇਸ ਜਨਮ ਅਤੇ ਜਨਮ ਤੋਂ ਬਾਅਦ ਵੀ ਸ਼ਾਂਤੀ ਅਤੇ ਖ਼ੁਸ਼ੀਆਂ ਬਖ਼ਸ਼ਦਾ ਹੈ। ਉਹ ਅਥਾਹ ਵਿਸ਼ੇਸ਼ਤਾਵਾਂ ਅਤੇ ਗੁਣਾਂ ਦਾ ਖ਼ਜ਼ਾਨਾ ਹੈ। ਮਨੁੱਖ ਨੂੰ ਉਸ ਦੀ ਪ੍ਰਸ਼ੰਸਾ ਦੇ ਗੁਣਗਾਨ ਜ਼ਰੂਰ ਕਰਨੇ ਚਾਹੀਦੇ ਹਨ।

ਨੋਟ :—ਸਿੱਖ ਗੁਰੂਆਂ ਅਤੇ ਭਗਤਾਂ ਦੁਆਰਾ ਵਰਤੇ ਗਏ ਸ਼ਬਦ 'ਮਾਇਆ' ਦਾ ਅਰਥ ਸਿਰਫ ਧਨ-ਦੌਲਤ ਹੀ ਨਹੀਂ ਹੈ, ਬਲਕਿ ਇਸ ਦਾ ਅਰਥ ਇਸ ਤੋਂ ਵੀ ਹੋਰ ਕਈ ਗੁਣਾਂ ਜ਼ਿਆਦਾ ਵਿਆਪਕ ਹੈ। ਮਾਇਆ ਅਵਾਸਤਵਿਕ ਹੈ, ਪਰ ਇਸ ਦੀ ਹੋਂਦ ਸੱਚੀ ਹੈ ਜੋ ਪ੍ਰਮਾਤਮਾ, ਸਤਿਗੁਰੂ ਅਤੇ ਗੁਰੂ ਦੇ ਸੱਚੇ ਸੇਵਕਾਂ ਤੋਂ ਇਲਾਵਾ, ਬਾਕੀ ਰਚਨਾ ਨੂੰ ਪ੍ਰਭਾਵਿਤ ਕਰਦੀ ਹੈ।

ਮਨੁੱਖੀ ਮਨ ਨੂੰ ਹੋਰ ਕਿਸੇ ਵੀ ਤਰ੍ਹਾਂ ਇਸ ਦੇ ਕਾਬੂ ਦੇ ਪ੍ਰਭਾਵ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਇਸ ਵਿਚ ਭਰਮ ਪੈਦਾ ਕਰਨ ਦੀ ਸ਼ਕਤੀ ਹੈ, ਜੋ ਮਨੁੱਖਾਂ ਨੂੰ ਭਟਕਾ ਸਕਦੀ ਹੈ—ਇਹ, ਉਹਨਾਂ ਨੂੰ ਆਰਜ਼ੀ ਚੀਜ਼ਾਂ, ਸਦੀਵੀ ਪ੍ਰਤੀਤ ਕਰਾਉਂਦੀ ਹੈ। ਇਸ ਦੀ ਵਿਰੋਧਤਾ ਨਹੀਂ ਕੀਤੀ ਜਾ ਸਕਦੀ, ਇਸ ਵਿਚ ਮਨੁੱਖੀ ਮਨ ਨੂੰ ਆਕਰਸ਼ਿਤ ਕਰਨ ਅਤੇ ਫਿਰ ਬਹਿਲਾਉਣ ਦੇ ਅਣਗਿਣਤ ਤਰੀਕੇ ਹਨ। ਇਸ ਦੀ ਮੌਜੂਦਗੀ ਹੀ ਮਨੁੱਖ ਅਤੇ ਪ੍ਰਮਾਤਮਾ ਦੇ ਆਪਸੀ ਮਿਲਾਪ ਦੇ ਰਸਤੇ ਵਿਚ ਵਿਚਕਾਰ ਖੜੀ ਹੈ। ਇਹ ਮਨੁੱਖੀ ਚਰਿੱਤਰ ਨੂੰ ਮੈਲਾ ਕਰਦੀ ਹੈ। ਇਹ ਆਪਣੇ ਗੁਣਵਾਨ ਮੰਨਣ ਵਾਲੇ ਅਤੇ ਮਨੁੱਖਾਂ ਸੱਚੇ ਨੂੰ ਮਾੜੇ ਵਿਚਾਰ ਰੱਖਣ ਅਤੇ ਫਿਰ ਮਾੜੇ ਕਰਮ ਕਰਨ ਲਈ ਪ੍ਰੇਰਿਤ ਕਰਨ ਦੀ ਸਮਰੱਥਾ ਰੱਖਦੀ ਹੈ। ਮਨੁੱਖੀ ਸੋਚ ਨੂੰ ਮਲੀਨ ਕਰਨ ਲਈ ਕਾਮ, ਕ੍ਰੋਧ, ਲੋਭ, ਮੋਹ, ਝੂਠ ਅਤੇ ਅਹੰਕਾਰ ਇਸ ਦੇ ਪੱਕੇ ਹਥਿਆਰ ਹਨ। ਆਪਣੇ ਸ਼ਿਕਾਰ ਲਈ ਇਹ ਦੁੱਖ ਅਤੇ ਤਕਲੀਫਾਂ ਪੈਦਾ ਕਰਦੀ ਹੈ। ਜਨਮ ਮਰਨ ਦੇ ਚੱਕਰ ਵਿਚ ਫਸਣ ਦਾ ਮੂਲ ਕਾਰਨ ਵੀ ਇਹੋ ਹੀ ਹੈ। ਇਹ ਹਮੇਸ਼ਾਂ

ਤੋਂ ਹੀ ਸੱਚਾਈ ਦੀ ਵਿਰੋਧੀ ਹੈ। ਪ੍ਰੰਤੂ ਮਨੁੱਖੀ ਮਨ ਉਤੇ ਇਸ ਦੇ ਕਾਬਜ਼ ਹੋਣ ਦੇ ਬਾਵਜੂਦ, ਇਹ ਪ੍ਰਮਾਤਮਾ ਅਤੇ ਪ੍ਰਮਾਤਮਾ ਸਰੂਪੀ, ਉਹ ਜੋ ਦੈਵੀ ਸੂਝ-ਬੂਝ ਦੇ ਉਪਦੇਸ਼ਾਂ ਨਾਲ ਚੱਲਦੇ ਹਨ, ਦੇ ਪੂਰੀ ਤਰ੍ਹਾਂ ਅਧੀਨ ਹੈ।

ਕੇਵਲ ਪ੍ਰਮਾਤਮਾ ਦੀ ਕ੍ਰਿਪਾ ਹੀ ਆਪਣੇ ਸੇਵਕ ਨੂੰ ਮਾਇਆ ਦੇ ਜਾਲ ਤੋਂ ਮੁਕਤ ਕਰਾਉਂਦੀ ਹੈ। ਉਹ (ਪ੍ਰਮਾਤਮਾ) ਦਾ ਵੀ ਭਗਵਾਨ ਹੈ। ਪ੍ਰਮਾਤਮਾ ਆਪਣੇ ਗਿਣੇ-ਚੁਣੇ ਖਾਸ ਬੰਦਿਆਂ ਨੂੰ ਸਤਿਗੁਰੂ ਦੇ ਕੋਲ ਲਿਆ ਕੇ ਬਚਾਅ ਲੈਂਦਾ ਹੈ। ਗੁਰੂ ਦੀ ਕ੍ਰਿਪਾ ਅਤੇ ਇਸ ਤਰ੍ਹਾਂ ਪ੍ਰਾਪਤ ਕੀਤੇ ਗਿਆਨ ਨਾਲ, ਸੇਵਕ ਝੂਠ ਦੇ ਜਾਲ ਤੋਂ ਮੁਕਤ ਹੋ ਜਾਂਦੇ ਹਨ। ਉਹ ਪ੍ਰਮਾਤਮਾ ਨਾਲ ਮਿਲਾਪ ਕਰਕੇ ਮੁਕਤੀ ਪ੍ਰਾਪਤ ਕਰਦੇ ਹਨ। ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਨਹੀਂ ਭੋਗਦੇ।

ਉਪਦੇਸ਼ ਨੰਬਰ 7

(ਪਉੜੀ ੫ 'ਤੇ ਆਧਾਰਿਤ)

ਪ੍ਰਮਾਤਮਾ ਸੱਚੇ ਗੁਰੂ ਅਤੇ ਉਸ ਦੇ ਸੇਵਕਾਂ ਦਾ ਖਾਸ ਧਿਆਨ ਰੱਖਦਾ ਹੈ

ਸਤਿਗੁਰੂ ਦਾ ਸੇਵਕ ਦੈਵੀ ਸੰਗੀਤ, ਦੈਵੀ ਸੂਝ ਵਿਚ ਕੁਸ਼ਲ (ਨਿਪੁੰਨ) ਹੁੰਦਾ ਹੈ ਅਤੇ ਪ੍ਰਮਾਤਮਾ ਨਾਲ ਇੱਕ-ਮਿੱਕ ਹੁੰਦਾ ਹੈ। ਗੁਰੂ ਵਿਚ ਸ਼ਿਵ, ਬ੍ਰਹਮਾ, ਵਿਸ਼ਨੂੰ ਅਤੇ ਪਾਰਬਤੀ ਜੀ ਦੀਆਂ ਸ਼ਕਤੀਆਂ ਸਮਾਈਆਂ ਹੁੰਦੀਆਂ ਹਨ। ਉਹ ਰੁਤਬੇ ਵਿਚ ਪ੍ਰਮਾਤਮਾ ਤੋਂ ਉੱਪਰ ਨਹੀਂ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਪ੍ਰਮਾਤਮਾ ਦੇ ਵਿਅਕਤਿੱਤਵ ਬਾਰੇ ਜੋ ਜਾਣਦੇ ਹਨ, ਉਹ ਉਸ ਬਾਰੇ ਬੋਲਣਾ ਨਹੀਂ ਚਾਹੁੰਦੇ। ਇਹ ਮੰਨ ਲੈਣਾ ਕਾਫੀ ਹੈ ਕਿ ਪ੍ਰਮਾਤਮਾ ਦੇ ਗੁਣ ਪੂਰੀ ਤਰ੍ਹਾਂ ਬਿਆਨ ਨਹੀਂ ਕੀਤੇ ਜਾ ਸਕਦੇ।

ਗੁਰੂ ਤੋਂ ਜੋ ਮੰਗਣਾ ਜ਼ਰੂਰੀ ਹੈ, ਉਹ ਇਹ ਕਿ ਉਹ ਏਨੀ ਕ੍ਰਿਪਾ ਬਣਾਈ ਰੱਖੇ ਕਿ ਉਹ ਆਪਣੇ ਸੇਵਕ ਨੂੰ ਪ੍ਰਮਾਤਮਾ ਨਾਲ ਜੋੜੀ ਰੱਖੇ। ਪ੍ਰਮਾਤਮਾ ਸਾਰੇ ਜੀਵਾਂ ਦਾ ਭਲਾ ਚਾਹੁਣ ਵਾਲਾ ਹੈ। ਮਨੁੱਖ ਨੂੰ ਪੂਰੀ ਨਿਮਰਤਾ ਨਾਲ ਗੁਰੂ ਅਤੇ ਪ੍ਰਮਾਤਮਾ ਨੂੰ ਅਰਦਾਸ ਕਰਨੀ ਚਾਹੀਦੀ ਹੈ ਤਾਂ ਕਿ ਉਸ ਦਾ ਸੇਵਕ ਆਪਣੇ ਉਸ ਪਰਉਪਕਾਰੀ (ਪ੍ਰਮਾਤਮਾ) ਨੂੰ ਕਦੇ ਨਾ ਭੁੱਲੇ।

ਉਪਦੇਸ਼ ਨੰਬਰ 8

(ਪਉੜੀ ੬ 'ਤੇ ਆਧਾਰਿਤ)

ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ

ਧਾਰਮਿਕ ਸਥਾਨਾਂ 'ਤੇ ਇਸ਼ਨਾਨ ਕਰਨ ਨਾਲ ਕੁਛ ਹਾਸਿਲ ਨਹੀਂ ਹੁੰਦਾ। ਆਤਮ-

ਸ਼ੁੱਧੀ ਕੇਵਲ ਉਦੋਂ ਹੀ ਹੁੰਦੀ ਹੈ, ਜਦੋਂ ਪ੍ਰਮਾਤਮਾ ਕਿਸੇ ਮਨੁੱਖ ਨੂੰ ਚੁਣਦਾ ਹੈ ਅਤੇ ਉਸ ਉਤੇ ਆਪਣੀ ਮਿਹਰ ਕਰਦਾ ਹੈ। ਗੁਰੂ ਦੀਆਂ ਹਿਦਾਇਤਾਂ ਨਾਲ ਪ੍ਰਮਾਤਮਾ ਅਜਿਹੇ ਮਨੁੱਖ 'ਤੇ ਬਖ਼ਸ਼ਿਸ਼ ਕਰਦਾ ਹੈ (ਸਿੱਖ ਧਰਮ ਵਿਚ ਗੁਰੂ ਦੇ ਸੇਵਕ ਨੂੰ ਗੁਰਮੁਖ ਕਿਹਾ ਜਾਂਦਾ ਹੈ)। ਸੇਵਕ ਆਪਣੇ ਗੁਰੂ ਦੀਆਂ ਹਿਦਾਇਤਾਂ ਨਾਲ ਪ੍ਰਮਾਤਮਾ ਸੰਬੰਧੀ ਬੌਧਿਕ ਸੂਝ-ਬੂਝ ਪੈਦਾ ਕਰਦਾ ਹੈ। ਉਹ, ਭਾਵਨਾਤਮਕ ਤੌਰ 'ਤੇ ਵੀ ਪ੍ਰਮਾਤਮਾ ਦੇ ਹੋਰ ਨੇੜੇ-ਨੇੜੇ ਹੁੰਦਾ ਜਾਂਦਾ ਹੈ। ਉਹ ਆਪਣੇ ਗੁਰੂ ਦੇ ਉਪਦੇਸ਼ ਨੂੰ ਮੰਨਦਾ ਵੀ ਹੈ ਅਤੇ ਸਤਿਕਾਰਦਾ ਵੀ ਹੈ। ਗੁਰੂ ਦੇ ਉਪਦੇਸ਼ ਨਾਲ ਹਾਸਿਲ ਕੀਤੇ ਗਿਆਨ ਨਾਲ ਸੇਵਕ ਦਾ ਮਨ ਵੀ ਰੋਸ਼ਨ ਹੋ ਜਾਂਦਾ ਹੈ। ਸੇਵਕ ਆਪਣੇ ਗੁਰੂ ਅੱਗੇ ਅਰਜ਼ੋਈ ਕਰਦਾ ਹੈ ਕਿ ਉਹ, ਉਸ ਨੂੰ, ਕਦੀ ਵੀ ਆਪਣੇ ਜੀਵਨਦਾਤਾ ਅਤੇ ਪਾਲਣਹਾਰ ਪ੍ਰਮਾਤਮਾ ਨੂੰ ਭੁੱਲਣ ਨਾ ਦੇਵੇ।

ਉਪਦੇਸ਼ ਨੰਬਰ 9

(ਪਉੜੀ ੭ 'ਤੇ ਆਧਾਰਿਤ)

ਪ੍ਰਮਾਤਮਾ ਮਨੁੱਖ ਦੇ ਦੁਨਿਆਵੀ ਗੁਣਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ

ਹਰੇਕ ਮਨੁੱਖ ਦੇ ਵਿਅੱਕਤਿੱਤਵ ਵਿਚ ਅਣਗਿਣਤ ਖਾਮੀਆਂ ਹੁੰਦੀਆਂ ਹਨ। ਵੈਸੇ ਸ਼ੇਖੀ ਮਾਰਨਾ ਵੀ ਅਹੰਕਾਰ ਹੀ ਹੈ। ਪ੍ਰਮਾਤਮਾ ਕਦੀ ਵੀ ਅਹੰਕਾਰੀ ਦੇ ਪੱਖ ਵਿਚ ਨਹੀਂ ਹੁੰਦਾ। ਅਹੰਕਾਰੀ ਮਨੁੱਖ ਹਮੇਸ਼ਾ ਅਪਮਾਨ ਹੀ ਸਹਿੰਦਾ ਹੈ। ਉਹ ਪ੍ਰਮਾਤਮਾ ਦੀ ਆਲੋਚਨਾ ਤੋਂ ਬਚ ਨਹੀਂ ਸਕਦਾ। ਪ੍ਰਮਾਤਮਾ ਦੀ ਨਜ਼ਰ ਵਿਚ ਅਹੰਕਾਰੀ ਹੇਠਲੇ ਦਰਜੇ ਦਾ ਮਨੁੱਖ ਹੁੰਦਾ ਹੈ। ਬਾਕੀ ਮਨੁੱਖਾਂ ਦੇ ਮੁਕਾਬਲੇ ਉਹ ਭਾਵੇਂ ਕਿੰਨੀ ਵੀ ਅਨਅਨੁਮਾਨੀ ਲੰਬੀ ਜ਼ਿੰਦਗੀ ਜੀਅ ਰਿਹਾ ਹੋਵੇ, ਸਾਰੀ ਦੁਨੀਆਂ 'ਤੇ ਰਾਜ ਕਰਦਾ ਹੋਵੇ, ਪਰ ਜੇਕਰ ਉਹ ਪ੍ਰਮਾਤਮਾ ਦੀ ਕ੍ਰਿਪਾ ਤੋਂ ਸੱਖਣਾ ਹੈ, ਤਾਂ ਉਹ ਕਿਸੇ ਵੀ ਗੁਣ ਦਾ ਮਾਲਕ ਨਹੀਂ ਹੈ ਅਤੇ ਉਹ ਸਾਰਿਆਂ ਵੱਲੋਂ ਛੇਕਿਆ ਜਾਂਦਾ ਹੈ।

ਮਨੁੱਖ ਉਦੋਂ ਹੀ ਸੱਚੇ ਗੁਣ ਗ੍ਰਹਿਣ ਕਰਦਾ ਹੈ ਜਦੋਂ ਪ੍ਰਮਾਤਮਾ ਉਸ ਉਪਰ ਆਪਣੀ ਮਿਹਰ ਕਰੇ। ਨਹੀਂ ਤਾਂ, ਸਾਰੀਆਂ ਪ੍ਰਾਪਤੀਆਂ, ਭਾਵੇਂ ਕਿੰਨੀਆਂ ਵੀ ਸ਼ਾਨਦਾਰ ਕਿਉਂ ਨਾ ਹੋਣ, ਬਿਲਕੁਲ ਬੇਕਾਰ ਹਨ। ਕੋਈ ਵੀ ਮਨੁੱਖ ਆਪਣੇ ਨਿੱਜੀ ਗੁਣਾਂ ਨਾਲ ਪ੍ਰਮਾਤਮਾ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਕੇਵਲ ਉਹਨਾਂ ਪ੍ਰਾਪਤੀਆਂ ਦਾ ਹੀ ਮੁੱਲ ਹੈ ਜੋ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਹਾਸਿਲ ਹੁੰਦੀਆਂ ਹਨ। ਅਜਿਹੀਆਂ ਪ੍ਰਾਪਤੀਆਂ ਹਾਸਿਲ ਕਰਨ ਲਈ ਮਨੁੱਖ ਨੂੰ ਪ੍ਰਮਾਤਮਾ ਅੱਗੇ ਅਰਜ਼ੋਈ ਕਰਨੀ ਚਾਹੀਦੀ ਹੈ। ਪ੍ਰਮਾਤਮਾ ਕਿਸੇ ਨਿਰਗੁਣੀ ਨੂੰ ਵੀ ਗੁਣੀ ਬਣਾਉਣ ਦੀ ਸ਼ਕਤੀ ਰੱਖਦਾ ਹੈ ਅਤੇ ਜੋ ਪਹਿਲਾਂ ਤੋਂ ਹੀ ਗੁਣੀ ਹਨ, ਉਹਨਾਂ ਨੂੰ ਹੋਰ ਗੁਣਾਂ ਦੀ ਬਖ਼ਸ਼ਿਸ਼ ਕਰਨ ਦੇ ਵੀ ਸਮਰੱਥ ਹੈ। ਅਜਿਹਾ ਕੋਈ ਵੀ ਨਹੀਂ ਹੈ ਜੋ ਪ੍ਰਮਾਤਮਾ ਤੇ ਗੁਣਾਂ ਦੀ ਬਖ਼ਸ਼ਿਸ਼ ਕਰ ਸਕੇ।

ਉਪਦੇਸ਼ ਨੰਬਰ 10

(ਪਉੜੀ ੮, ੯, ੧੦ 'ਤੇ ਆਧਾਰਿਤ)

ਗੁਰੂ ਆਪਣੇ ਸੇਵਕ ਨੂੰ ਕਈ ਨੇਕ ਸਬਕ ਸਿਖਾਉਂਦਾ ਹੈ

ਗੁਰੂ ਦੀਆਂ ਹਿਦਾਇਤਾਂ ਦਾ ਸੇਵਕ 'ਤੇ ਪ੍ਰਭਾਵਸ਼ਾਲੀ ਅਸਰ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਉਹ ਉਸ ਨੂੰ ਦੈਵੀ ਸੂਝ-ਬੂਝ ਪ੍ਰਦਾਨ ਕਰਦਾ ਹੈ। ਉਹ ਉਸ ਨੂੰ ਹੇਠ ਲਿਖੇ ਵਿਸ਼ਿਆਂ ਬਾਰੇ ਜਾਣੂ ਕਰਾਉਂਦਾ ਹੈ :

- ਪਵਿੱਤਰ (ਜਿਵੇਂ ਸਿੱਧ, ਪੀਰ, ਸੁਰ, ਨਾਥ) ਅਤੇ ਉਹਨਾਂ ਦੀਆਂ ਵਿਸ਼ੇਸ਼ਤਾਵਾਂ।
- ਸ੍ਰਿਸ਼ਟੀ ਦੀਆਂ ਬੁਨਿਆਦੀ ਸੱਚਾਈਆਂ ਬਾਰੇ।
- ਦੁੱਖਾਂ ਤੋਂ ਮੁਕਤੀ।
- ਅਸ਼ੁਭ ਕਰਮ ਕਰਨ ਵਾਲਿਆਂ ਦੀ ਸੰਪੂਰਨ ਮੁਕਤੀ।
- ਅੰਸ਼ ਅਵਤਾਰ ਅਤੇ ਉਹਨਾਂ ਦੇ ਸੇਵਕ।
- ਮਨ ਨੂੰ ਕਾਬੂ ਕਰਨ ਸੰਬੰਧੀ ਅਨੁਸ਼ਾਸਨ।
- ਮਨੁੱਖੀ ਸਰੀਰ ਦੀ ਸਮਝ।
- ਧਾਰਮਿਕ ਰਚਨਾਵਾਂ ਜਿਵੇਂ ਕਿ ਸ਼ਾਸਤਰ, ਸਿਮ੍ਰਿਤ, ਵੇਦਾਂ ਦਾ ਗਿਆਨ।
- ਸਹਿਨਸ਼ੀਲਤਾ।
- ਦੈਵੀ ਗਿਆਨ।
- ਸਿਰਫ ਪਵਿੱਤਰ ਮੰਨੇ ਜਾਣ ਵਾਲੇ 68 ਅਸਥਾਨਾਂ 'ਤੇ ਨਹਾਉਣਾ ਹੀ ਨਹੀਂ, ਬਲਕਿ ਸੱਚਾ ਇਸ਼ਨਾਨ
- ਸਹਿਜ ਦੀ ਸੂਝ (ਸਮਝ) ਪ੍ਰਮਾਤਮਾ ਨਾਲ ਸੁਭਾਵਿਕ ਸਾਂਝ।
- ਬਹੁਤ ਹੀ ਨੇਕ ਗੁਣਾਂ ਵਾਲਿਆਂ ਦੀ ਸਮਝ।
- ਪ੍ਰਮਾਤਮਾ ਵੱਲੋਂ ਸਨਮਾਨੇ ਜਿਵੇਂ ਕਿ ਸ਼ੇਖ, ਪੀਰ, ਪਾਤਸ਼ਾਹ।
- ਆਤਮਿਕ (ਤੌਰ 'ਤੇ) ਅੰਨਿਆਂ ਦਾ ਸੁਧਾਰ।
- ਸੰਸਾਰ ਵਿਚ ਅਣਮਾਪੀਆਂ ਨਜ਼ਰ ਆਉਣ ਵਾਲੀਆਂ ਚੀਜ਼ਾਂ ਬਾਰੇ ਗਿਆਨ।

ਗੁਰੂ ਦੀ ਸਿੱਖਿਆ ਸਾਰੇ ਦੁੱਖ, ਦਰਦ, ਤਕਲੀਫਾਂ ਅਤੇ ਪਾਪਾਂ ਦਾ ਖਾਤਮਾ ਕਰ ਦਿੰਦੀ ਹੈ ਅਤੇ ਇਹ ਸੇਵਕ ਨੂੰ ਪ੍ਰਮਾਤਮਾ ਨਾਲ ਜੋੜ ਦਿੰਦੀ ਹੈ। ਇੰਜ ਪ੍ਰਮਾਤਮਾ ਦੇ ਭਗਤ ਤੇ ਸਦੀਵੀ ਖ਼ੁਸ਼ੀਆਂ, ਸ਼ਾਂਤੀ ਅਤੇ ਪ੍ਰਸੰਨਤਾ ਦੀ ਬਖ਼ਸ਼ਿਸ਼ ਕਰਦੀ ਹੈ।

ਉਪਦੇਸ਼ ਨੰਬਰ 11

(੧੧, ੧੨, ੧੩, ੧੪ ਅਤੇ ੧੫ ਪਉੜੀ 'ਤੇ ਆਧਾਰਿਤ)

ਪ੍ਰਮਾਤਮਾ ਦਾ ਪਿਆਰ ਭਗਤ ਦੇ ਅੰਦਰ ਕਈ ਸਨਮਾਨਯੋਗ ਤਬਦੀਲੀਆਂ ਲਿਆਉਂਦਾ ਹੈ

ਗੁਰੂ ਦੇ ਉਹ ਸਿੱਖ, ਜੋ ਗੁਰੂ ਦੀਆਂ ਸਿੱਖਿਆਵਾਂ ਨੂੰ ਮਹੱਤਵ ਦਿੰਦੇ ਹਨ ਅਤੇ ਉਸ ਦਾ ਚਿੰਤਨ ਕਰਦੇ ਹਨ। ਪ੍ਰਮਾਤਮਾ ਦੀ ਭਗਤੀ ਦੀ ਬਖ਼ਸ਼ਿਸ਼ ਪ੍ਰਾਪਤ ਕਰਦੇ ਹਨ। ਉਹ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੁੰਦੇ ਹਨ। ਉਹਨਾਂ ਵਿਚ ਹੇਠ ਲਿਖੇ ਗੁਣ ਹੁੰਦੇ ਹਨ :

- ਉਹਨਾਂ ਦੇ ਮਨ ਦੀ ਸਥਿਤੀ ਨੂੰ ਦਰਸਾਇਆ ਨਹੀਂ ਜਾ ਸਕਦਾ।
- ਉਹਨਾਂ ਦੀਆਂ ਨੇਕ ਪ੍ਰਾਪਤੀਆਂ ਵਰਨਣ ਤੋਂ ਪਰ੍ਹੇ ਹੁੰਦੀਆਂ ਹਨ।
- ਉਹਨਾਂ ਦਾ ਮਨ ਗਿਆਨ ਨਾਲ ਪ੍ਰਕਾਸ਼ਿਤ ਹੁੰਦਾ ਹੈ।
- ਉਹ ਸ੍ਰਿਸ਼ਟੀ ਦੇ ਹਰ ਖੇਤਰ ਵਿਚ ਪ੍ਰਮਾਤਮਾ ਦੇ ਕੇਂਦਰਿਤ ਹੋਣ ਤੋਂ ਜਾਣੂ ਹੁੰਦੇ ਹਨ।
- ਉਹ ਜਾਣਦੇ ਹਨ ਕਿ ਪ੍ਰਮਾਤਮਾ ਸਰਬ-ਵਿਆਪਕ ਹੈ।
- ਉਹ ਜੀਵਨ ਵਿਚ ਦੁੱਖ ਨਹੀਂ ਭੋਗਦੇ।
- ਉਹ ਮੌਤ ਵਿਚ ਵੀ ਦੁੱਖ ਨਹੀਂ ਭੋਗਦੇ।
- ਉਹ ਰਸਤੇ ਦੀਆਂ ਰੁਕਾਵਟਾਂ ਤੋਂ ਬਿਨਾਂ ਡਰੇ ਆਤਮਿਕ ਜੀਵਨ ਜਿਉਂਦੇ ਹਨ।
- ਉਹ ਆਪਣਾ ਸਨਮਾਨ ਬਣਾਈ ਰੱਖਦੇ ਹਨ ਅਤੇ ਲੋਕ ਵੀ ਉਹਨਾਂ ਨੂੰ ਸਨਮਾਨਿਤ ਨਜ਼ਰਾਂ ਨਾਲ ਦੇਖਦੇ ਹਨ।
- ਉਹ ਜ਼ਿੰਦਗੀ ਦੇ ਸਹੀ ਰਸਤੇ ਲੱਭਣ ਲਈ ਇਧਰ-ਉਧਰ ਨਹੀਂ ਭਟਕਦੇ।
- ਉਹ ਇਕ ਸੰਪੂਰਨ ਨੈਤਿਕ ਜੀਵਨ ਜਿਉਂਦੇ ਹਨ।
- ਉਹ ਮੁਕਤੀ ਪ੍ਰਾਪਤ ਕਰਦੇ ਹਨ।
- ਉਹ ਆਪ ਅਤੇ ਉਹਨਾਂ ਨਾਲ ਜੁੜੇ ਹੋਏ ਲੋਕ, ਜ਼ਿੰਦਗੀ ਦਾ ਭਵ-ਸਾਗਰ ਸਫਲਤਾ ਪੂਰਵਕ ਪਾਰ ਕਰਦੇ ਹਨ।
- ਉਹ ਜੀਵਨ ਵਿਚ ਇਧਰ-ਉਧਰ ਨਹੀਂ ਭਟਕਦੇ।

ਉਪਦੇਸ਼ ਨੰਬਰ 12

(ਪਉੜੀ ਨੰਬਰ ੧੬ 'ਤੇ ਆਧਾਰਿਤ)

ਪ੍ਰਮਾਤਮਾ ਆਪਣੇ ਭਗਤਾਂ ਦੀ ਸ਼ਾਨ ਵਧਾਉਂਦਾ ਹੈ

ਸਹੀ ਅਰਥਾਂ ਵਿਚ ਸ਼ਾਨ ਉਹਨਾਂ ਲੋਕਾਂ ਦੀ ਹੀ ਵੱਧਦੀ ਹੈ, ਜਿਨ੍ਹਾਂ ਨੂੰ ਪ੍ਰਮਾਤਮਾ

ਆਪ, ਆਪਣੇ ਖਾਸ ਵਜੋਂ ਸਵੀਕਾਰਦਾ ਹੈ। ਪ੍ਰਮਾਤਮਾ ਉਹਨਾਂ ਨੂੰ ਸਨਮਾਨਿਤ ਕਰਦਾ ਹੈ। ਉਹਨਾਂ ਦਾ ਆਪਣੇ ਗੁਰੂ ਦੀਆਂ ਸਿੱਖਿਆਵਾਂ 'ਤੇ ਪੂਰਾ ਵਿਸ਼ਵਾਸ ਹੁੰਦਾ ਹੈ।

ਉਪਦੇਸ਼ ਨੰਬਰ 13

(ਪਉੜੀ ੧੬, ੧੭, ੧੮ ਅਤੇ ੧੯ 'ਤੇ ਆਧਾਰਿਤ)

ਕੇਵਲ ਪ੍ਰਮਾਤਮਾ ਦੇ ਹੁਕਮ ਨਾਲ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਕੋਈ ਵੀ ਪ੍ਰਮਾਤਮਾ ਦੇ ਹੁਕਮ ਨੂੰ ਟਾਲ ਨਹੀਂ ਸਕਦਾ।

ਪ੍ਰਮਾਤਮਾ ਦੀ ਰਚੀ ਸ੍ਰਿਸ਼ਟੀ ਅੰਦਰ, ਉਸ ਦੇ ਕਾਰਜਾਂ ਦੀ ਅਨੰਤਤਾ ਮਨੁੱਖ ਨੂੰ ਹੈਰਾਨ ਕਰ ਦਿੰਦੀ ਹੈ। ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਪੁਲਾੜ ਵਿਚ ਗ੍ਰਹਿਾਂ ਨੂੰ ਸਹਾਰਾ ਕਿਵੇਂ ਮਿਲਦਾ ਹੈ। ਪ੍ਰਮਾਤਮਾ ਨੂੰ ਜਾਨਣ ਲਈ ਕੇਵਲ ਇਹ ਜਾਣ ਲੈਣਾ ਹੀ ਜ਼ਰੂਰੀ ਹੈ ਕਿ ਸਿਰਫ ਪ੍ਰਮਾਤਮਾ ਹੀ ਇਨ੍ਹਾਂ ਅਜੂਬਿਆਂ ਦਾ ਸ਼ਿਲਪਕਾਰ ਹੈ। ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ (ਗੁਣ) ਜਿਵੇਂ ਕਿ ਕਰੁਣਾ (ਤਰਸ ਵਾਲੀ ਭਾਵਨਾ) ਸਹਿਣਸ਼ੀਲਤਾ ਅਤੇ ਬਹੁਤ ਜ਼ਿਆਦਾ ਨੇਕੀ ਆਦਿ ਹੀ ਅਜਿਹੇ ਗੁਣ ਹਨ, ਜੋ ਪੁਲਾੜ ਵਿਚ ਮੌਜੂਦ ਹਰ ਚੀਜ਼ ਨੂੰ ਬਿਨਾਂ ਕਿਸੇ ਸਹਾਰੇ ਦੇ ਆਪਣੇ ਆਪ ਚੱਲਣ ਲਈ ਸ਼ਕਤੀ ਪ੍ਰਦਾਨ ਕਰਦੇ ਹਨ। ਕੇਵਲ ਪ੍ਰਮਾਤਮਾ ਦੇ ਹੁਕਮ ਨਾਲ ਹੀ ਇਸ ਵਿਭਿੰਨਤਾ ਭਰੀ ਸ੍ਰਿਸ਼ਟੀ ਦੀ ਰਚਨਾ ਹੋਈ। ਉਸ ਦੀ ਰਚਨਾ ਦੀਆਂ ਹੇਠ ਲਿਖੀਆਂ ਗੱਲਾਂ ਬਿਲਕੁਲ ਠੀਕ ਹਨ :

- ਹਰ ਵਿਅਕਤੀ ਦਾ ਜੀਵਨ ਕਿਸੇ ਖਾਸ ਤਰੀਕੇ ਨਾਲ ਪ੍ਰਾਲਬਧ ਵੱਲੋਂ ਨਿਰਧਾਰਿਤ ਹੈ।
- ਜੀਵਾਂ ਦੀਆਂ ਤਕਦੀਰਾਂ (ਕਿਸਮਤ) ਦੇ ਭੇਦਾਂ ਨੂੰ ਕੋਈ ਨਹੀਂ ਸਮਝ ਸਕਦਾ।
- ਕੋਈ ਨਹੀਂ ਜਾਣਦਾ ਕਿ ਪ੍ਰਮਾਤਮਾ ਦੀਆਂ ਸ਼ਕਤੀਆਂ ਕੀ ਹਨ ਅਤੇ ਉਹ ਕਿੰਨਾ ਲਾ-ਜਵਾਬ ਅਤੇ ਸੁੰਦਰ ਹੈ।
- ਕੋਈ ਵੀ ਪ੍ਰਮਾਤਮਾ ਦੀਆਂ ਅਥਾਹ ਸ਼ਕਤੀਆਂ ਅਤੇ ਉਸ ਦੇ ਅਥਾਹ ਖ਼ਜ਼ਾਨੇ ਜੋ ਉਹ ਆਪਣੇ ਜੀਵਾਂ ਨੂੰ ਬਖ਼ਸ਼ਦਾ ਹੈ, ਬਾਰੇ ਨਹੀਂ ਜਾਣਦਾ।
- ਵੱਖਰੇ-ਵੱਖਰੇ ਧਰਮਾਂ ਨੂੰ ਮੰਨਣ ਵਾਲੇ ਅਨੇਕਾਂ ਹੀ ਸ਼ਰਧਾਲੂ ਹਨ।
- ਭਗਤੀ ਅਤੇ ਕਠੋਰ ਤਪ ਦੇ ਅਣਗਿਣਤ ਹੀ ਤਰੀਕੇ ਹਨ।
- ਅਣਗਿਣਤ ਹੀ ਧਾਰਮਿਕ ਗ੍ਰੰਥ ਹਨ ਅਤੇ ਉਨ੍ਹਾਂ ਨੂੰ ਪੜ੍ਹਨ ਵਾਲੇ ਵੀ ਅਣਗਿਣਤ ਹਨ।
- ਅਣਗਿਣਤ ਯੋਗੀ ਦੁਨੀਆਂ ਤੋਂ ਸੰਨਿਆਸ ਲੈ ਚੁੱਕੇ ਹਨ।
- ਅਣਗਿਣਤ ਭਗਤ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਅਤੇ ਉਸ ਦੇ ਬ੍ਰਹਮ ਗਿਆਨ ਨੂੰ ਵਿਚਾਰਦੇ ਹਨ।
- ਅਣਗਿਣਤ ਹੀ ਗੁਣਵਾਨ ਲੋਕ ਹਨ।

- ਅਣਗਿਣਤ ਹੀ ਦਾਨੀ ਹਨ।
- ਅਣਗਿਣਤ ਹੀ ਨਿਡਰ ਯੋਧਾ ਹਨ।
- ਅਣਗਿਣਤ ਹੀ ਅਜਿਹੇ ਲੋਕ ਹਨ ਜੋ ਡੂੰਘਾ ਅਧਿਐਨ ਕਰਦੇ ਹਨ ਅਤੇ ਮੂੰਹ ਤੋਂ ਇਕ ਸ਼ਬਦ ਵੀ ਨਹੀਂ ਬੋਲਦੇ।
- ਅਣਗਿਣਤ ਹੀ ਮਹਾਂ-ਮੂਰਖ ਹਨ।
- ਅਣਗਿਣਤ ਹੀ ਚੋਰ-ਡਾਕੂ ਹਨ ਜੋ ਦੂਸਰਿਆਂ ਦੀਆਂ ਕੀਮਤੀ ਵਸਤੂਆਂ ਲੁੱਟ ਲੈਂਦੇ ਹਨ।
- ਅਣਗਿਣਤ ਹੀ ਦੂਜਿਆਂ 'ਤੇ ਜ਼ੁਲਮ ਕਰਦੇ ਹਨ।
- ਅਣਗਿਣਤ ਹੀ ਕਾਤਿਲ ਹਨ।
- ਅਣਗਿਣਤ ਹੀ ਪਾਪੀ ਹਨ।
- ਅਣਗਿਣਤ ਹੀ ਝੂਠੇ ਅਤੇ ਫਰੇਬੀ ਹਨ।
- ਅਣਗਿਣਤ ਹੀ ਚੋਰ ਹਨ।
- ਅਣਗਿਣਤ ਹੀ ਮਨੁੱਖ ਖੋਟੇ ਮਨ ਵਾਲੇ ਹਨ ਅਤੇ ਭ੍ਰਿਸ਼ਟ ਤਰੀਕੇ ਅਪਨਾਉਂਦੇ ਹਨ।
- ਅਣਗਿਣਤ ਹੀ ਦੂਸਰਿਆਂ 'ਤੇ ਹਮਲਾ ਕਰਦੇ ਹਨ ਅਤੇ ਦੂਸਰਿਆਂ ਨਾਲ ਧੱਕਾ ਕਰਦੇ ਹਨ।
- ਅਣਗਿਣਤ ਹੀ ਲਾਪ੍ਰਵਾਹ ਕਾਤਿਲ ਹਨ।
- ਅਣਗਿਣਤ ਅਜਿਹੇ ਪਾਪੀ ਹਨ ਜੋ ਬਿਨਾਂ ਕਿਸੇ ਪਸ਼ਚਾਤਾਪ ਦੇ ਘਿਨਾਉਣੇ ਪਾਪ ਕਰਦੇ ਹਨ।
- ਅਣਗਿਣਤ ਹੀ ਝੂਠ ਬੋਲਦੇ ਹਨ ਅਤੇ ਇਸੇ ਨੂੰ ਹੀ ਜ਼ਿੰਦਗੀ ਜਿਉਣ ਦਾ ਤਰੀਕਾ ਬਣਾ ਲੈਂਦੇ ਹਨ।
- ਅਣਗਿਣਤ ਹੀ ਭ੍ਰਿਸ਼ਟਾਚਾਰੀ ਹਨ ਅਤੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਦੇ ਕਿ ਉਹ ਕੀ ਕਰ ਰਹੇ ਹਨ।
- ਅਣਗਿਣਤ ਹੀ ਦੂਜਿਆਂ ਦੀ ਬੁਰਾਈ ਕਰਕੇ ਆਪਣੇ ਮਨ ਨੂੰ ਬੋਝਿਲ ਕਰਦੇ ਹਨ।
- ਸ੍ਰਿਸ਼ਟੀ ਵਿਚ ਅਣਗਿਣਤ ਹੀ ਥਾਵਾਂ ਅਤੇ ਉਨ੍ਹਾਂ ਦੇ ਨਾਂ ਹਨ।
- ਸ੍ਰਿਸ਼ਟੀ ਵਿਚ ਅਣਗਿਣਤ ਹੀ ਦੈਵੀ ਹਸਤੀਆਂ ਹਨ ਜੋ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਹਨ।

ਪ੍ਰਮਾਤਮਾ ਦੀ ਸ੍ਰਿਸ਼ਟੀ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਣ ਲਈ ਵਰਤਿਆ ਗਿਆ ਸ਼ਬਦ ''ਅਣਗਿਣਤ'' ਉਸ ਦੀ ਸ੍ਰਿਸ਼ਟੀ ਦੀ ਵਿਆਪਕਤਾ ਨੂੰ ਦਰਸਾਉਣ ਲਈ ਕਾਫੀ ਨਹੀਂ ਹੈ। ਫੇਰ ਵੀ ਪ੍ਰਮਾਤਮਾ ਦੀਆਂ ਵਿਲੱਖਣਤਾਵਾਂ (ਵਿਸ਼ੇਸ਼ਤਾਵਾਂ, ਗੁਣ) ਸ਼ਬਦਾਂ

ਦੁਆਰਾ ਦਰਸਾਈਆਂ ਜਾਂਦੀਆਂ ਹਨ। ਸ਼ਬਦਾਂ ਦੁਆਰਾ ਹੀ ਪ੍ਰਮਾਤਮਾ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਸ਼ਬਦਾਂ ਦੁਆਰਾ ਹੀ ਬ੍ਰਹਮ ਗਿਆਨ ਵੰਡਿਆ ਜਾਂਦਾ ਹੈ। ਸ਼ਬਦਾਂ ਦੁਆਰਾ ਹੀ ਪ੍ਰਮਾਤਮਾ ਦੀ ਸਿਫ਼ਤ ਦੇ ਗੀਤ ਲਿਖੇ ਜਾਂਦੇ ਹਨ। ਸ਼ਬਦ ਹੀ ਬੋਲਣ ਅਤੇ ਲਿਖਣ ਦਾ ਸਾਧਨ ਹਨ। ਪ੍ਰਮਾਤਮਾ ਨਾਲ ਮਿਲਾਪ ਦੀ ਵਿਆਖਿਆ ਸ਼ਬਦਾਂ ਦੀ ਪਹੁੰਚ ਤੋਂ ਬਾਹਰ ਹੈ। ਪ੍ਰਮਾਤਮਾ ਹੀ ਆਪਣੇ ਸਿੱਖ ਦੇ ਆਪਣੇ ਨਾਲ ਮਿਲਾਪ ਦੀ ਵਿਵਸਥਾ ਕਰਦਾ ਹੈ। ਕੋਈ ਵੀ ਉਸ ਦੇ (ਪ੍ਰਮਾਤਮਾ ਦੇ) ਇਸ ਫੈਸਲੇ 'ਤੇ ਪ੍ਰਸ਼ਨ-ਚਿੰਨ੍ਹ ਨਹੀਂ ਲਗਾ ਸਕਦਾ। ਮਨੁੱਖ ਦਾ ਮੇਲ ਉਸ ਦੀ (ਪ੍ਰਮਾਤਮਾ ਦੀ) ਕ੍ਰਿਪਾ ਨਾਲ ਹੀ ਹੁੰਦਾ ਹੈ। ਮਨੁੱਖ ਦੇ ਜੀਵਨ ਜਿਉਣ ਦੇ ਤਰੀਕਿਆਂ ਦੇ ਬਾਰੇ ਪ੍ਰਮਾਤਮਾ ਦੇ ਹੁਕਮ ਸੰਪੂਰਨ ਹੁੰਦੇ ਹਨ ਅਤੇ ਕੋਈ ਵੀ ਉਸ ਦੇ ਹੁਕਮਾਂ ਨੂੰ ਕੱਟ ਨਹੀਂ ਸਕਦਾ। ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਕੇਵਲ ਇਕ ਹੀ ਹੈ। ਇਸ ਸ੍ਰਿਸ਼ਟੀ ਵਿਚ ਅਜਿਹਾ ਕੁਛ ਵੀ ਨਹੀਂ ਹੈ, ਜਿਸ ਵਿਚ ਉਹ (ਪ੍ਰਮਾਤਮਾ) ਮੌਜੂਦ ਨਾ ਹੋਵੇ।

ਪ੍ਰਮਾਤਮਾ ਦੀ ਰਚਨਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਦੀ ਸ਼ਖ਼ਸੀਅਤ ਅਜਿਹੀ ਹੈ ਕਿ ਉਸ ਦੀ ਤਾਰੀਫ ਕਰਨ ਦੇ ਸਾਡੇ ਸਾਰੇ ਅਭਿਆਸ ਅਸਫਲ ਹਨ। ਪ੍ਰਮਾਤਮਾ ਦੀ ਹੋਂਦ ਸਦੀਵੀ ਹੈ ਅਤੇ ਸਭ ਕੁਛ ਉਸ ਦੀ ਰਜ਼ਾ ਮੁਤਾਬਕ ਹੀ ਹੁੰਦਾ ਹੈ। ਇਕ ਸ਼ਰਧਾਲੂ ਲਈ, ਉਹੀ ਕਰਮ ਸਹੀ ਹੈ, ਜੋ ਪ੍ਰਮਾਤਮਾ ਨੂੰ ਖ਼ੁਸ਼ੀ ਦੇਵੇ—ਇਕ ਸ਼ਰਧਾਲੂ ਹਮੇਸ਼ਾ ਹੀ ਪ੍ਰਮਾਤਮਾ ਦਾ ਆਗਿਆਕਾਰੀ ਹੁੰਦਾ ਹੈ ਅਤੇ ਹਮੇਸ਼ਾ ਹੀ ਉਸ ਦੀ ਰਜ਼ਾ ਨੂੰ ਮੰਨਣ ਵਾਲਾ ਹੁੰਦਾ ਹੈ।

ਨੋਟ :—'ਸਹਿਜ' ਦੀ ਇਸ ਵਾਰਤਾਲਾਪ ਵਿਚ ਅਸੀਂ ਸ਼ਰਧਾਲੂ ਸ਼ਬਦ ਦੀ ਵਰਤੋਂ—ਗੁਰੂ, ਭਗਤ, ਸੰਤ, ਬ੍ਰਹਮ ਗਿਆਨੀ, ਸਾਧ ਜਾਂ ਸਾਧੂ ਲਈ ਕੀਤੀ ਹੈ ਅਤੇ ਇਹ ਸ਼ਬਦ ਉਸ ਵਿਅਕਤੀ ਲਈ ਵੀ ਵਰਤਿਆ ਹੈ, ਜਿਸ ਨੇ ਅਜੇ ਸਾਧੂ ਦੇ ਪੱਧਰ ਤੱਕ ਪਹੁੰਚਣਾ ਹੈ, ਪਰ ਉਹ ਗੁਰੂ ਦਾ ਇਕ ਗੰਭੀਰ ਜਗਿਆਸੂ ਹੋਣ ਕਰਕੇ ਪ੍ਰਮਾਤਮਾ ਦਾ ਸ਼ਰਧਾਲੂ ਹੈ। ਪ੍ਰਮਾਤਮਾ ਦੇ ਅਜਿਹੇ ਸ਼ਰਧਾਲੂ ਨੂੰ, ਅਜੇ ਬਣ ਰਿਹਾ ਸਾਧੂ ਜਾਂ ਸੰਤ ਵੀ ਕਿਹਾ ਜਾ ਸਕਦਾ ਹੈ। ਸਮਾਂ ਪਾ ਕੇ, ਪ੍ਰਮਾਤਮਾ ਦੀ ਕ੍ਰਿਪਾ ਨਾਲ ਉਹ ਸਾਧੂ ਜਾਂ ਸੰਤ ਬਣ ਜਾਵੇਗਾ।

ਉਪਦੇਸ਼ ਨੰਬਰ 14

(ਪਉੜੀ ੨੦ 'ਤੇ ਆਧਾਰਿਤ)

ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਪਾਪ ਧੋਤੇ ਜਾਂਦੇ ਹਨ

ਪ੍ਰਮਾਤਮਾ ਦੇ ਪ੍ਰਤੀ ਸੱਚੀ, ਸਤਿਕਾਰ, ਇਮਾਨਦਾਰੀ ਭਰੀ ਅਤੇ ਪਿਆਰ ਭਰੀ ਸੋਚ ਮਨੁੱਖ ਦੇ ਸਾਰੇ ਪਾਪ ਉਂਝ ਹੀ ਧੋ ਦਿੰਦੀ ਹੈ, ਜਿਵੇਂ ਸਾਬਣ ਸਾਡੇ ਸਰੀਰ ਅਤੇ ਗੰਦੇ ਕੱਪੜਿਆਂ ਦੀ ਮੈਲ ਧੋ ਦਿੰਦਾ ਹੈ। ਚੰਗੇ ਅਤੇ ਮਾੜੇ ਕਰਮਾਂ ਦੇ ਨਤੀਜੇ ਕਾਲਪਨਿਕ ਨਹੀਂ ਹਨ। ਇਹ ਨਤੀਜੇ ਅਸਲੀ ਹਨ। ਬਿਨਾਂ ਧੋਤੇ, ਮਨੁੱਖ ਨੂੰ ਆਪਣੇ ਕਰਮਾਂ ਦੇ ਨਤੀਜੇ ਆਪ ਭੁਗਤਨੇ ਪੈਂਦੇ ਹਨ। ਮਨੁੱਖ ਉਹੀ ਕੱਟਦਾ ਹੈ, ਜੋ ਉਹ ਬੀਜਦਾ ਹੈ। ਇਸ ਲਈ ਉਪਰ ਦੱਸੀ

ਗਈ ਮਨ ਦੀ ਸ਼ੁੱਧਤਾ ਤੋਂ ਬਗੈਰ ਮਨੁੱਖ ਪ੍ਰਮਾਤਮਾ ਦੇ ਹੁਕਮ ਮੁਤਾਬਿਕ ਜਨਮ-ਮਰਨ ਦੇ ਚੱਕਰ ਦੇ ਦੁੱਖ ਭੋਗਦਾ ਹੈ।

ਉਪਦੇਸ਼ ਨੰਬਰ 15

(ਪਉੜੀ ੨੧ 'ਤੇ ਆਧਾਰਿਤ)

ਪ੍ਰਮਾਤਮਾ ਦੀ ਕ੍ਰਿਪਾ ਹੀ ਮਨੁੱਖ ਨੂੰ ਉਸਦੀ ਪੂਜਾ ਦੇ ਕਾਬਿਲ ਬਣਾਉਂਦੀ ਹੈ

ਬਾਕੀ ਸਾਰੇ ਕਰਮ, ਭਾਵੇਂ ਕਿੰਨੇ ਵੀ ਵਧੀਆ ਕਿਉਂ ਨਾ ਹੋਣ, ਪ੍ਰਮਾਤਮਾ ਦੇ ਪ੍ਰਤੀ ਸ਼ਰਧਾ ਅਤੇ ਵਚਨਬੱਧਤਾ ਦੇ ਮੁਕਾਬਲੇ ਫਿੱਕੇ ਹਨ। ਕੋਈ ਵੀ ਪਵਿੱਤਰ ਧਾਰਮਿਕ ਇਸ਼ਨਾਨ, ਆਪਣੇ ਅੰਤਰ ਦੀ ਸ਼ੁੱਧੀ ਲਈ ਕੀਤੇ ਗਏ, ਇਸ ਕਰਮ ਦਾ ਮੁਕਾਬਲਾ ਨਹੀਂ ਕਰ ਸਕਦਾ। ਕੇਵਲ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਆਪਣੇ ਅੰਦਰ ਉਹ ਗੁਣ ਪੈਦਾ ਕਰ ਸਕਦਾ ਹੈ, ਜੋ ਉਸ ਦੀ ਪੂਜਾ ਲਈ ਜ਼ਰੂਰੀ ਹਨ। ਬ੍ਰਹਮ ਗਿਆਨ ਦੀ ਪਛਾਣ ਦੀ ਦੌਲਤ ਹੀ ਮਨੁੱਖ ਵਿਚ ਸੁਧਾਰ ਲਿਆਉਂਦੀ ਅਤੇ ਸ਼ਕਤੀ ਦਿਵਾਉਂਦੀ ਹੈ। ਫੇਰ ਮਨੁੱਖ ਹਮੇਸ਼ਾ ਹੀ ਸੱਚਾਈ ਦਾ ਪਾਲਣ ਕਰਦਾ ਅਤੇ ਸੱਚਾਈ ਪ੍ਰਤੀ ਸਮਰਪਿਤ ਰਹਿੰਦਾ ਹੈ।

ਸਤਿਗੁਰੂ ਦੁਆਰਾ ਦਿੱਤੀ ਗਈ ਸੂਝ-ਬੂਝ, ਸਿੱਖ ਦੇ ਮਨ ਨੂੰ ਮਾਯਾਵੀ ਅਤੇ ਵਿਨਾਸ਼ਕਾਰੀ ਲਾਲਚ ਜਾਂ ਪ੍ਰਲੋਭਨ ਦੇ ਜਾਲ ਤੋਂ ਮੁਕਤ ਕਰਦੀ ਹੈ। ਬ੍ਰਹਮ ਗਿਆਨ ਦਾ ਵਿਦਿਆਰਥੀ ਹਮੇਸ਼ਾਂ ਉਸ ਦੇ ਪ੍ਰਤੀ ਹੀ ਸਮਰਪਿਤ ਹੁੰਦਾ ਹੈ ਜੋ ਸ਼ਾਨਦਾਰ ਅਤੇ ਸਦੀਵੀ ਹੈ।

ਉਪਦੇਸ਼ ਨੰਬਰ 16

(ਪਉੜੀ ੨੧ 'ਤੇ ਆਧਾਰਿਤ)

ਪ੍ਰਮਾਤਮਾ ਦੀ ਰਚਨਾ ਦੀ ਉਤਪੱਤੀ ਬਾਰੇ ਕੋਈ ਨਹੀਂ ਜਾਣਦਾ

ਪ੍ਰਮਾਤਮਾ ਤੋਂ ਇਲਾਵਾ, ਹੋਰ ਕੋਈ ਵੀ ਉਸ ਦੀ ਰਚਨਾ ਦੀ ਉਤਪੱਤੀ ਦੇ ਸਹੀ ਸਮੇਂ ਬਾਰੇ ਨਹੀਂ ਜਾਣਦਾ। ਪੁਰਾਣ ਤੋਂ ਸਲਾਹ ਲੈਣ ਵਾਲੇ ਪੰਡਤ ਨਹੀਂ ਜਾਣਦੇ, ਕੁਰਾਨ ਦਾ ਹਵਾਲਾ ਦੇਣ ਵਾਲੇ ਕਾਜ਼ੀ ਨਹੀਂ ਜਾਣਦੇ। ਯੋਗੀ ਇਸ ਸੱਚਾਈ ਨੂੰ ਨਹੀਂ ਜਾਣਦੇ। ਸਿਰਫ਼ ਸਿਰਜਣਹਾਰ ਹੀ, ਇਸ ਸ੍ਰਿਸ਼ਟੀ ਦੀ ਉਤਪੱਤੀ ਦੀ ਸੱਚਾਈ ਨੂੰ ਜਾਣਦਾ ਹੈ।

ਲੋਕ ਆਪਣਾ ਗਿਆਨ ਦੂਜਿਆਂ ਨਾਲੋਂ ਜ਼ਿਆਦਾ ਹੋਣ ਦਾ ਦਾਅਵਾ ਕਰਦੇ ਹਨ ਅਤੇ ਪ੍ਰਮਾਤਮਾ ਦੇ ਵਿਅਕਤਿੱਤਵ ਨੂੰ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਸੱਚਾਈ ਇਹ ਹੈ ਕਿ ਇਹ ਕੋਸ਼ਿਸ਼ਾਂ ਫ਼ਜ਼ੂਲ ਅਤੇ ਬੇਕਾਰ ਹਨ। ਪ੍ਰਮਾਤਮਾ ਨੂੰ ਸਿਰਫ਼ ਉਹ ਆਪ ਹੀ ਪ੍ਰਭਾਸ਼ਿਤ ਕਰ ਸਕਦਾ ਹੈ ਅਤੇ ਆਪਣੀ ਮਹਾਨਤਾ ਬਾਰੇ ਕੇਵਲ ਉਹੀ ਜਾਣਦਾ ਹੈ। ਉਹ ਸਰਵਉੱਚ (ਸਭ ਤੋਂ ਉੱਪਰ) ਹੈ। ਉਹੋ ਹੀ ਹੁੰਦਾ ਹੈ ਜੋ ਉਹ ਹੁਕਮ ਕਰਦਾ ਹੈ। ਸਾਰੇ ਉਸ ਦੇ ਕਹੇ ਮੁਤਾਬਿਕ ਝੂਲਦੇ ਹਨ। ਪ੍ਰਮਾਤਮਾ ਦੇ ਅਧੀਨ ਰਹਿਣ ਵਾਲੇ ਪ੍ਰਮਾਤਮਾ ਦੇ ਅੰਤ ਨੂੰ ਨਹੀਂ ਜਾਣ ਸਕਦੇ। ਪ੍ਰਮਾਤਮਾ ਦੀ ਮਹਾਨਤਾ ਬਾਰੇ ਜਾਨਣ ਦਾ ਦਾਅਵਾ, ਹੋਰ

ਕੁਝ ਨਹੀਂ, ਸਿਰਫ਼ ਇਕ ਝੂਠ ਅਤੇ ਪਾਖੰਡ ਹੈ। ਪ੍ਰਮਾਤਮਾ ਹੰਕਾਰ ਨੂੰ ਕੋਈ ਮਾਨਤਾ ਪ੍ਰਦਾਨ ਨਹੀਂ ਕਰਦਾ। ਹੰਕਾਰੀ ਵਿਅਕਤੀ ਪ੍ਰਮਾਤਮਾ ਵਲੋਂ ਠੁਕਰਾਇਆ ਜਾਂਦਾ ਹੈ।

ਉਪਦੇਸ਼ ਨੰਬਰ 17

(ਪਉੜੀ ੨੨ 'ਤੇ ਆਧਾਰਿਤ)

ਪ੍ਰਮਾਤਮਾ ਦੀ ਰਚਨਾ ਵਿਚ ਸ੍ਰਿਸ਼ਟੀਆਂ ਉੱਪਰ ਸ੍ਰਿਸ਼ਟੀਆਂ ਹਨ

ਸ੍ਰਿਸ਼ਟੀ ਦਾ ਵਿਸਥਾਰ ਬਿਨਾਂ ਕਿਸੇ ਸੀਮਾ ਦੇ ਧਰਤੀ ਦੇ ਹੇਠਾਂ ਅਤੇ ਧਰਤੀ ਤੋਂ ਉਪਰ ਵੀ ਹੈ। ਹਿੰਦੂ, ਇਸਲਾਮ, ਯਹੂਦੀ ਅਤੇ ਈਸਾਈ ਮੱਤ ਦੇ ਪਵਿੱਤਰ ਧਾਰਮਿਕ ਗ੍ਰੰਥਾਂ ਵਿਚ ਦਰਜ ਸਾਰੀ ਸੂਝ-ਬੂਝ ਕੇਵਲ ਇਕ ਹੀ ਮੌਲਿਕ ਸੱਚਾਈ ਵੱਲ ਇਸ਼ਾਰਾ ਕਰਦੇ ਹਨ ਕਿ ਪ੍ਰਮਾਤਮਾ ਦੀ ਰਚਨਾ ਬੇਅੰਤ ਹੈ। ਇਹ ਧਾਰਨਾ ਕਿ ਪ੍ਰਮਾਤਮਾ ਦੀ ਰਚਨਾ ਨੂੰ ਗਿਣਿਆ ਜਾ ਸਕਦਾ ਹੈ ਅਤੇ ਉਸ ਦੀ ਰਚਨਾ ਦੀ ਹੱਦਬੰਦੀ ਵੀ ਹੋ ਸਕਦੀ ਹੈ, ਇਕ ਗਲਤ ਧਾਰਨਾ ਹੈ। ਕੇਵਲ ਪ੍ਰਮਾਤਮਾ ਹੀ ਆਪਣੀ ਰਚਨਾ ਦੇ ਵਿਸਥਾਰ ਬਾਰੇ ਜਾਣਦਾ ਹੈ।

ਉਪਦੇਸ਼ ਨੰਬਰ 18

(ਪਉੜੀ ੨੩ 'ਤੇ ਆਧਾਰਿਤ)

ਨਿਮਾਣੇ ਲੋਕ ਪ੍ਰਮਾਤਮਾ ਦੁਆਰਾ ਸਨਮਾਨੇ ਜਾਂਦੇ ਹਨ

ਪ੍ਰਮਾਤਮਾ ਦੀਆਂ ਅਣਗਿਣਤ ਵਿਸ਼ੇਸ਼ਤਾਵਾਂ (ਗੁਣ) ਹਨ ਅਤੇ ਕੋਈ ਵੀ ਏਨੀ ਸਿਆਣਪ ਨਹੀਂ ਰੱਖਦਾ ਕਿ ਉਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਜਾਣ ਸਕੇ। ਛੋਟਾ ਜਿਹਾ ਮਨ, ਸਰਵ-ਉੱਚ ਮਨ ਨੂੰ ਮਾਪ (ਨਾਪ) ਨਹੀਂ ਸਕਦਾ। ਅਥਾਹ ਸਮੁੰਦਰ ਦੇ ਮੁਕਾਬਲੇ, ਮਨੁੱਖੀ ਮਨ ਨਦੀਆਂ ਅਤੇ ਛੋਟੇ-ਛੋਟੇ ਨਾਲੇ ਹਨ। ਨਿਮਾਣਿਆਂ ਤੋਂ ਵੀ ਨਿਮਾਣੇ, ਜੋ ਪ੍ਰਮਾਤਮਾ ਦੀ ਵਿਸ਼ਾਲਤਾ ਅਤੇ ਮਹਾਨਤਾ ਅੱਗੇ ਸਿਰ ਝੁਕਾਉਂਦੇ ਹਨ, ਪ੍ਰਮਾਤਮਾ ਉਹਨਾਂ ਨੂੰ ਨਿਵਾਜ਼ਦਾ ਹੈ। ਦੂਸਰੇ, ਜੋ ਬਹੁਤ ਜ਼ਿਆਦਾ ਤਾਕਤ ਅਤੇ ਧਨ ਦੇ ਮਾਲਕ ਹੋਣ ਦੀ ਸ਼ੇਖੀ ਮਾਰਦੇ ਹਨ, ਪ੍ਰਮਾਤਮਾ ਉਹਨਾਂ ਨੂੰ ਆਪਣੇ ਨਿਮਾਣਿਆਂ ਨਾਲੋਂ ਨੀਵੇਂ ਅਤੇ ਘਟੀਆ ਮੰਨਦਾ ਹੈ। ਪ੍ਰਮਾਤਮਾ ਅੱਗੇ ਸਭ ਭਿਖਾਰੀ ਹਨ। ਉਹ ਉਹੋ ਹੀ ਪ੍ਰਾਪਤ ਕਰਦੇ ਹਨ, ਜੋ ਉਹ (ਪ੍ਰਮਾਤਮਾ) ਆਪਣੀ ਕ੍ਰਿਪਾ ਨਾਲ ਉਹਨਾਂ ਨੂੰ ਦਿੰਦਾ ਹੈ।

ਉਪਦੇਸ਼ ਨੰਬਰ 19

(ਪਉੜੀ ੨੪ 'ਤੇ ਆਧਾਰਿਤ)

ਪ੍ਰਮਾਤਮਾ ਦੀ ਮਹਾਨਤਾ ਦਾ ਪੂਰਾ ਕਾਰਜ ਖੇਤਰ ਕੋਈ ਵੀ, ਕਦੀ ਵੀ ਨਹੀਂ ਜਾਣ ਸਕਦਾ

ਪ੍ਰਮਾਤਮਾ ਦੀ ਕਦੀ ਵੀ ਬਹੁਤ ਜ਼ਿਆਦਾ ਪ੍ਰਸ਼ੰਸਾ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਸ ਦੀ ਪ੍ਰਸ਼ੰਸਾ ਦੇ ਕਾਰਣ ਬੇਅੰਤ ਹਨ। ਉਸ ਦੇ ਕਾਰਜ ਬੇਅੰਤ ਹਨ। ਜੋ ਕੁਛ

ਵੀ ਉਹ ਆਪਣੀ ਸ੍ਰਿਸ਼ਟੀ ਨੂੰ ਦਿੰਦਾ ਹੈ, ਉਸ ਦਾ ਕੋਈ ਅੰਤ ਨਹੀਂ ਹੈ। ਦੇਖਣ ਅਤੇ ਸੁਨਣ ਦੀ ਯੋਗਤਾ (ਕਾਰਜ-ਸ਼ਕਤੀ) ਉਸ ਦੀਆਂ (ਪ੍ਰਮਾਤਮਾ ਦੀਆਂ) ਸੀਮਾਵਾਂ ਦੇ ਸਵਾਲ ਨੂੰ ਹੱਲ ਕਰਨ ਤੋਂ ਅਸਮਰਥ ਹੈ। ਸਿਰਫ਼ ਉਹੋ ਹੀ ਨਿੱਜੀ ਤੌਰ 'ਤੇ ਜਾਣਦਾ ਹੈ ਕਿ ਉਸ ਦੇ (ਪ੍ਰਮਾਤਮਾ ਦੇ) ਮਨ ਵਿਚ ਕੀ ਹੈ। ਉਸ ਦੀ ਰਚਨਾ ਦਾ ਕੋਈ ਅੰਤ ਨਹੀਂ ਹੈ। ਉਸ ਦੀ ਕਾਬਲੀਅਤ (ਯੋਗਤਾ) ਦਾ ਕੋਈ ਅੰਤ ਨਹੀਂ ਹੈ। ਬਹੁਤ ਸਾਰੇ ਅਜਿਹੇ ਵੀ ਹਨ ਜੋ ਪ੍ਰਮਾਤਮਾ ਦੀਆਂ ਸੀਮਾਵਾਂ ਨੂੰ ਖਤਮ ਕਰਨ ਦੇ ਇੱਛੁਕ ਹਨ, ਪਰ ਇਹ ਕੋਸ਼ਿਸ਼ਾਂ ਫ਼ਜ਼ੂਲ ਹਨ। ਕੋਈ ਵੀ ਪ੍ਰਮਾਤਮਾ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦਾ। ਜਿੰਨਾ ਅਸੀਂ ਉਸ ਬਾਰੇ ਕਹਿੰਦੇ ਹਾਂ, ਜਾਂ ਦੱਸਦੇ ਹਾਂ, ਉਸ ਤੋਂ ਕਿਤੇ ਜ਼ਿਆਦਾ ਤਾਂ ਅਣਬਿਆਨਿਆ ਹੀ ਰਹਿ ਜਾਂਦਾ ਹੈ। ਇੱਥੋਂ ਤੱਕ ਕਿ ਅਲੰਕਾਰ ਵੀ ਮਹਾਨਤਾ ਨੂੰ ਦਰਸਾਉਣ ਲਈ ਘੱਟ ਹਨ।

ਸੰਤੁਸ਼ਟ ਹੋਣ ਦਾ ਸਹੀ ਨਜ਼ਰੀਆ (ਪਹੁੰਚ) ਇਹ ਹੈ ਕਿ ਇਹ ਸਵੀਕਾਰ (ਮੰਨ ਲੈਣਾ) ਲਿਆ ਜਾਵੇ ਕਿ ਪ੍ਰਮਾਤਮਾ ਮਹਾਨ ਹੈ। ਉਸ ਦੀ ਸ਼ਕਤੀ ਦਾ ਸਥਾਨ ਸਰਵਉੱਚ ਹੈ। ਕੋਈ ਵੀ, ਕਦੀ ਵੀ ਉਸ ਦੀ ਸ੍ਰੇਸ਼ਟਤਾ ਦੀ ਬਰਾਬਰੀ ਨਹੀਂ ਕਰ ਸਕਦਾ। ਮਹਾਨਤਾ ਵਿਚ ਪ੍ਰਮਾਤਮਾ ਲਾਸਾਨੀ ਹੈ। ਕੋਈ ਵੀ ਉਸ ਦੀ ਮਹਾਨਤਾ ਦਾ ਸੀਮਾ ਖੇਤਰ ਨਹੀਂ ਜਾਣ ਸਕਦਾ। ਕੇਵਲ ਪ੍ਰਮਾਤਮਾ ਆਪ ਹੀ ਜਾਣਦਾ ਹੈ ਕਿ ਉਹ ਕਿੰਨਾ ਮਹਾਨ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਉਸ ਦੀ ਭਗਤੀ ਕਰਨ ਦੀ ਬਖ਼ਸ਼ਿਸ਼ ਸਮੇਤ, ਅਸੀਂ ਹੋਰ ਕਈ ਬਖ਼ਸ਼ਿਸ਼ਾਂ ਹਾਸਲ ਕਰਦੇ ਹਾਂ।

ਉਪਦੇਸ਼ ਨੰਬਰ 20

(ਪਉੜੀ ੨੫ 'ਤੇ ਆਧਾਰਿਤ)

ਪ੍ਰਮਾਤਮਾ ਦੀ ਕ੍ਰਿਪਾ ਅਪਾਰ ਹੈ

ਪ੍ਰਮਾਤਮਾ ਦੀ ਕ੍ਰਿਪਾ ਦੀ ਕੋਈ ਸੀਮਾ ਨਹੀਂ ਹੈ। ਉਹ ਦਾਤਾਰ ਹੈ ਤੇ ਆਪਣੀ ਰਚਨਾ ਨੂੰ ਸਿਰਫ਼ ਦਾਤਾਂ ਹੀ ਦੇਂਦਾ ਹੈ। ਉਸ ਨੂੰ ਆਪ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਅਣਗਿਣਤ ਬਹਾਦਰ ਲੋਕ ਉਸ ਦੀ ਕ੍ਰਿਪਾ ਲਈ ਨਤਮਸਤਕ ਹੁੰਦੇ ਹਨ। ਪ੍ਰਮਾਤਮਾ ਅਣਗਿਣਤ ਤਰੀਕਿਆਂ ਨਾਲ ਮਨੁੱਖਤਾ ਨੂੰ ਦਾਤਾਂ ਦੇਂਦਾ ਹੈ। ਕੁਛ ਅਜਿਹੇ ਵੀ ਹਨ ਜੋ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਨੂੰ ਅਨੈਤਿਕ ਅਤੇ ਅਯੋਗ ਤਰੀਕਿਆਂ ਲਈ ਵਰਤਦੇ ਹਨ। ਉਹ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ। ਕੁਛ ਅਜਿਹੇ ਵੀ ਹਨ, ਜੋ ਪ੍ਰਮਾਤਮਾ ਦੀਆਂ ਦਾਤਾਂ ਨੂੰ ਸਵੀਕਾਰ ਕਰਨ ਦੀ ਪ੍ਰਵਾਹ ਨਹੀਂ ਕਰਦੇ। ਉਹ ਸਿਰਫ਼ ਉਸ ਦੀਆਂ ਦਿੱਤੀਆਂ ਦਾਤਾਂ ਨੂੰ ਵਰਤਣ ਵਿਚ ਦਿਲਚਸਪੀ ਰੱਖਦੇ ਹਨ। ਕੁਛ ਅਜਿਹੇ ਵੀ ਹਨ, ਜੋ ਉਸ ਪ੍ਰਤੀ ਕੋਈ ਅਹਿਸਾਨ ਨਹੀਂ ਦਿਖਾਉਂਦੇ। ਕੁਛ ਅਜਿਹੇ ਵੀ ਹਨ ਜੋ ਦੁੱਖ ਭੋਗਦੇ ਹਨ, ਕਿਉਂਕਿ ਪ੍ਰਮਾਤਮਾ ਉਹਨਾਂ ਨੂੰ ਇਸ ਲਈ ਦੁੱਖ ਦੇਂਦਾ ਹੈ ਤਾਂ ਕਿ ਉਹ ਆਪਣੇ ਤਰੀਕੇ ਠੀਕ ਕਰ ਸਕਣ (ਆਪਣੀਆਂ ਆਦਤਾਂ ਸੁਧਾਰ ਸਕਣ)।

ਸਿਰਫ਼ ਪ੍ਰਮਾਤਮਾ ਦੀ ਰਜ਼ਾ ਨਾਲ ਹੀ ਮਨੁੱਖ ਸੰਸਾਰਿਕ ਜੰਜਾਲਾਂ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਪ੍ਰਮਾਤਮਾ ਦੀ ਰਜ਼ਾ ਵਿਚ ਦਖਲਅੰਦਾਜੀ ਕਰਨ ਦੀ ਸ਼ਕਤੀ ਕਿਸੇ ਕੋਲ ਵੀ ਨਹੀਂ ਹੈ। ਕੋਈ ਮੂਰਖ ਹੀ ਇਸ ਝੂਠ ਤੋਂ ਬਚਣ ਦੇ ਤਰੀਕੇ ਸੁਝਾਅ ਸਕਦਾ ਹੈ। ਨਤੀਜੇ ਵਜੋਂ, ਅਜਿਹਾ ਮੂਰਖ ਬੰਦਾ ਝੂਠੇ ਬੰਧਨਾਂ ਵਿਚ ਫਸਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ। ਆਪਣੇ ਹੰਕਾਰ ਕਾਰਣ ਉਹ ਅਪਮਾਨ ਸਹਿੰਦਾ ਹੈ।

ਬਹੁਤ ਸਾਰੇ ਲੋਕ ਅਜਿਹੇ ਵੀ ਹਨ ਜਿਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਪ੍ਰਮਾਤਮਾ ਸਾਰੀ ਮਨੁੱਖਤਾ ਦੀਆਂ ਲੋੜਾਂ ਬਾਰੇ ਜਾਣਦਾ ਹੈ ਅਤੇ ਉਨ੍ਹਾਂ ਦੀ ਪੂਰਤੀ ਵੀ ਕਰਦਾ ਹੈ। ਕਿਸੇ ਮਨੁੱਖ ਉਤੇ ਪ੍ਰਮਾਤਮਾ ਦੀ ਸਭ ਤੋਂ ਵੱਡੀ ਬਖਸ਼ਿਸ਼ ਇਹੋ ਹੀ ਹੈ ਜੋ ਉਸ ਨੂੰ ਪ੍ਰਮਾਤਮਾ ਨੂੰ ਪਿਆਰ ਕਰਨ ਅਤੇ ਸਨਮਾਨ ਕਰਨ ਦੇ ਕਾਬਿਲ ਬਣਾਉਂਦੀ ਹੈ। ਪ੍ਰਮਾਤਮਾ ਅਜਿਹੀ ਬਖਸ਼ਿਸ਼ ਪ੍ਰਾਪਤ ਕਰਨ ਵਾਲੇ ਮਨੁੱਖ ਨੂੰ ਬਾਦਸ਼ਾਹਾਂ ਦਾ ਬਾਦਸ਼ਾਹ ਮੰਨਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਮਨੁੱਖ ਆਪ ਹੀ ਇਕ ਆਤਮ-ਸੰਤੋਖ ਦਾ ਅਨੁਭਵ ਕਰਦਾ ਹੈ। ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਉਹ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦਾ ਹੈ।

ਉਪਦੇਸ਼ ਨੰਬਰ 21

(ਪਉੜੀ ੨੬ 'ਤੇ ਆਧਾਰਿਤ)

ਪ੍ਰਮਾਤਮਾ ਨਾਲ ਜੁੜਿਆ ਹਰ ਕਾਰਜ (ਵਿਸ਼ਾ) ਅਮੋਲਕ ਅਤੇ ਵਿਲੱਖਣ ਹੈ

- ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ ਅਮੋਲਕ ਅਤੇ ਵਿਲੱਖਣ ਹਨ।
- ਪ੍ਰਮਾਤਮਾ ਦਾ ਸਿਮਰਨ ਕਰਨ ਵਾਲੇ ਲੋਕ ਅਨਮੋਲ ਅਤੇ ਵਿਲੱਖਣ ਹਨ।
- ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ (ਗੁਣਾਂ) ਦਾ ਭੰਡਾਰ ਅਨਮੋਲ ਅਤੇ ਵਿਲੱਖਣ ਹੈ।
- ਪ੍ਰਮਾਤਮਾ ਦੀ ਯੋਜਨਾ ਜੋ ਜਨਮ-ਮਰਨ ਨਿਰਧਾਰਿਤ ਕਰਦੀ ਹੈ, ਅਨਮੋਲ ਅਤੇ ਵਿਲੱਖਣ ਹੈ।
- ਪ੍ਰਮਾਤਮਾ ਦਾ ਪਿਆਰ ਅਨਮੋਲ ਅਤੇ ਵਿਲੱਖਣ ਹੈ।
- ਸ਼ਰਧਾਲੂ ਦਾ ਪ੍ਰਮਾਤਮਾ ਨਾਲ ਮਿਲਾਪ ਅਨਮੋਲ ਅਤੇ ਵਿਲੱਖਣ ਹੈ।
- ਉਹ ਵਿਸ਼ਵਾਸ ਅਨਮੋਲ ਅਤੇ ਵਿਲੱਖਣ ਹੈ, ਜੋ ਪ੍ਰਮਾਤਮਾ ਦਾ ਸਮਰਥਨ ਕਰਦਾ ਹੈ।
- ਪ੍ਰਮਾਤਮਾ ਦਾ ਦਰਬਾਰ, ਜਿੱਥੇ ਉਹ ਫੈਸਲੇ ਲੈਂਦਾ ਹੈ, ਅਨਮੋਲ ਅਤੇ ਵਿਲੱਖਣ ਹੈ।
- ਉਸ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਅਨਮੋਲ ਅਤੇ ਵਿਲੱਖਣ ਹੈ।
- ਉਸ ਦੀ ਬਖਸ਼ਿਸ਼ ਦੀ ਮਿਹਰ ਅਨਮੋਲ ਅਤੇ ਵਿਲੱਖਣ ਹੈ।
- ਉਸ ਦੀ ਕ੍ਰਿਪਾ ਕਰਨ ਦਾ ਉਦੇਸ਼ ਅਨਮੋਲ ਅਤੇ ਵਿਲੱਖਣ ਹੈ।

- ਉਸ ਦੇ ਦਿਆਲਤਾ ਭਰੇ ਕਾਰਜ ਅਨਮੋਲ ਅਤੇ ਨਿਵੇਕਲੇ ਹਨ।
- ਉਸ ਦੇ ਹੁਕਮ ਅਨਮੋਲ ਅਤੇ ਨਿਵੇਕਲੇ ਹਨ।

ਪ੍ਰਮਾਤਮਾ ਨਾਲ ਸਬੰਧਿਤ ਹਰ ਗੱਲ ਨਿਵੇਕਲੀ ਅਨਮੋਲ ਅਤੇ ਵਰਨਣ ਤੋਂ ਪਰ੍ਹੇ ਹੈ। ਕੋਈ ਵੀ ਉਸ ਨੂੰ ਕਦੀ ਸਾਬਿਤ ਕਰਨ ਤੋਂ ਅਸਮਰਥ ਹੈ। ਸਾਰੀਆਂ ਧਾਰਮਿਕ ਲਿਖਤਾਂ ਅਤੇ ਸਾਰੀਆਂ ਸਵਰਗੀ ਹਸਤੀਆਂ ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ ਦੀ ਸੰਪੂਰਨਤਾ ਨੂੰ ਬਿਆਨ ਕਰਨ ਵਿਚ ਅਸਫਲ ਹੈ। ਉਹ, ਜਿਨ੍ਹਾਂ ਨੇ ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਹਨਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਹਨ :

- ਵੇਦਾਂ ਨੂੰ ਸੰਕਲਿਤ ਕਰਨ ਵਾਲੇ।
- ਪੁਰਾਨ ਨੂੰ ਸੰਕਲਿਤ ਕਰਨ ਵਾਲੇ।
- ਵੇਦਾਂ ਅਤੇ ਪੁਰਾਨਾਂ ਦੇ ਪਾਠਕ ਅਤੇ ਵਿਆਖਿਆ ਕਰਨ ਵਾਲੇ।
- ਬ੍ਰਹਮਾ ਅਤੇ ਇੰਦਰ।
- ਕ੍ਰਿਸ਼ਨ ਅਤੇ ਗੋਪੀਆਂ।
- ਸ਼ਿਵ ਅਤੇ ਸਿੱਧ।
- ਅਣਗਿਣਤ ਬੁੱਧ।
- ਰਾਖਸ਼ ਅਤੇ ਫਰਿਸ਼ਤੇ।
- ਨੇਕ ਮਨੁੱਖ ਅਤੇ ਉਹਨਾਂ ਦੇ ਪ੍ਰਸ਼ੰਸਕ।

ਅਜਿਹੇ ਵੀ ਹਨ ਜਿਨ੍ਹਾਂ ਨੇ ਪ੍ਰਮਾਤਮਾ ਦੀਆਂ ਹੱਦਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਅੱਜ ਉਹ ਇਸ ਦੁਨੀਆਂ ਵਿਚ ਨਹੀਂ ਹਨ। ਕੁਛ ਅਜਿਹੇ ਵੀ ਹੋਏ ਹਨ, ਜਿਨ੍ਹਾਂ ਨੇ ਪ੍ਰਮਾਤਮਾ ਦੀਆਂ ਹੱਦਾਂ (ਸੀਮਾਵਾਂ) ਨੂੰ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਹ ਵੀ, ਅੱਜ ਇਸ ਦੁਨੀਆਂ ਵਿਚ ਨਹੀਂ ਹਨ। ਮਗਰ ਹੋਰ ਵੀ ਅਣਗਿਣਤ ਲੋਕ, ਉਪਰੋਕਤ ਵਰਨਣ ਕੀਤੇ ਵਿਆਖਿਆ ਕਰਨ ਵਾਲਿਆਂ ਵਾਂਗ ਪ੍ਰਮਾਤਮਾ ਦੀਆਂ ਹੱਦਾਂ ਦਰਸਾਉਣ ਦਾ ਉਹੀ ਕੰਮ ਕਰਦੇ, ਉਹ ਵੀ ਪ੍ਰਮਾਤਮਾ ਦੀ ਹੱਦਬੰਦੀ ਕਰਨ ਦੇ ਕਾਬਿਲ ਨਹੀਂ ਹੋਣੇ ਸਨ। ਇਹ ਸੱਚਾਈ ਹੈ ਕਿ ਯੁੱਗਾਂ ਤੋਂ ਅਣਗਿਣਤ ਲੋਕਾਂ ਨੇ ਪ੍ਰਮਾਤਮਾ ਦੀ ਹੱਦਬੰਦੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅਣਗਿਣਤ ਲੋਕ ਅਜੇ ਵੀ ਪ੍ਰਮਾਤਮਾ ਦੀ ਹੱਦਬੰਦੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਿਰਫ਼ ਪ੍ਰਮਾਤਮਾ ਹੀ ਆਪਣੇ ਗੁਣਾਂ ਦਾ ਪੂਰਾ ਖੇਤਰ ਜਾਣਦਾ ਹੈ। ਕੋਈ ਵੀ ਵਿਅਕਤੀ ਜੋ ਅਜਿਹਾ ਕਰਨ ਦਾ ਦਾਅਵਾ ਕਰਦਾ ਹੈ, ਮੂਰਖਾਂ ਵਿਚੋਂ ਸਭ ਤੋਂ ਵੱਡਾ ਮੂਰਖ ਹੈ।

ਉਪਦੇਸ਼ ਨੰਬਰ 22

(ਪਉੜੀ ੨੭ 'ਤੇ ਆਧਾਰਿਤ)

ਪ੍ਰਮਾਤਮਾ ਦੀ ਸਦੀਵੀ ਸ਼ਕਤੀ ਦਾ ਦਰ ਇਕ ਭੇਦ ਹੈ ਅਣਗਿਣਤ ਉਸ ਦੀ ਪ੍ਰਸ਼ੰਸਾ ਗਾਉਂਦੇ ਹਨ

ਉਹ ਦਰ ਕਿੱਥੇ ਹੈ, ਜਿੱਥੇ ਬੈਠ ਕੇ ਉਹ (ਪ੍ਰਮਾਤਮਾ) ਆਪਣੀ ਰਚਨਾ ਤੇ ਰਾਜ ਕਰਦਾ ਹੈ ? ਇਹ ਸਭ ਤੋਂ ਵੱਡਾ ਰਹੱਸ ਹੈ। ਅਣਗਿਣਤ ਸੰਗੀਤਕਾਰ, ਪ੍ਰਮਾਤਮਾ ਦੇ ਹੁਕਮ ਅਨੁਸਾਰ ਉਸ ਦੀ ਸੇਵਾ ਕਰਦੇ ਹਨ। ਸੰਗੀਤਕਾਰਾਂ ਵਲੋਂ ਪ੍ਰਮਾਤਮਾ ਲਈ ਅਣਗਿਣਤ ਹੀ ਰਾਗ ਅਤੇ ਗੀਤ ਗਾਏ ਗਏ ਹਨ। ਹੋਰ ਵੀ ਬਾਕੀ ਸਾਰਿਆਂ ਦੇ ਨਾਲ, ਜੋ ਪ੍ਰਮਾਤਮਾ ਦੇ ਆਸ-ਪਾਸ ਰਹਿੰਦੇ ਹਨ ਅਤੇ ਉਸ ਦੀ ਪ੍ਰਸ਼ੰਸਾ ਦਾ ਗਾਇਨ ਕਰਦੇ ਹਨ। ਕੁਛ ਹੇਠ ਲਿਖੇ ਅਤੇ ਹੋਰ ਵੀ ਅਨੇਕਾਂ ਹਨ :

- ਹਵਾ
- ਪਾਣੀ
- ਅੱਗ (ਅਗਨੀ)
- ਧਰਮਰਾਜ, ਫੈਸਲੇ ਸੁਣਾਉਣ ਵਾਲਾ, ਜੋ ਮੌਤ ਹੋਣ ਤੇ ਹਰੇਕ ਆਦਮੀ ਦੇ ਆਪਣੇ ਜੀਵਨ ਵਿਚ ਕੀਤੇ ਕਰਮਾਂ ਤੇ ਫੈਸਲਾ ਸੁਣਾਉਂਦਾ ਹੈ।
- ਚਿਤਰ-ਗੁਪਤ, ਜੋ ਫੈਸਲਾ ਸੁਣਾਉਣ ਲਈ ਹਰੇਕ ਕਰਮ ਦਾ ਲੇਖਾ-ਜੋਖਾ ਰੱਖਦਾ ਹੈ।
- ਦੈਵੀ ਹਸਤੀਆਂ—ਸ਼ਿਵ, ਬ੍ਰਹਮਾ, ਫਰਿਸ਼ਤੇ, ਇੰਦਰ।
- ਉਹ ਸੰਤ ਜੋ ਪ੍ਰਮਾਤਮਾ ਦੇ ਗੁਣਾਂ ਬਾਰੇ ਵਿਚਾਰ ਕਰਦੇ ਹਨ।
- ਸਮਾਧੀ (ਧਿਆਨ) ਲਗਾਉਣ ਵਾਲੇ ਸਿੱਧ।
- ਸਵੈ-ਅਨੁਸ਼ਾਸਨ ਕਰਨ ਵਾਲੇ।
- ਮਾਨਵ ਜਾਤੀ ਨੂੰ ਪਿਆਰ ਕਰਨ ਵਾਲੇ।
- ਸੰਤੁਸ਼ਟ ਅਤੇ ਸ਼ਾਂਤ-ਚਿੱਤ ਲੋਕ।
- ਬਹਾਦੁਰ (ਹੌਂਸਲੇ ਵਾਲੇ) ਯੋਧੇ।
- ਵਿਦਵਾਨ ਪੰਡਿਤ।
- ਰਿਸ਼ੀ (ਸਾਵੰਤ) ਜੋ ਹਰ ਯੁੱਗ ਵਿਚ ਵੇਦਾਂ ਨੂੰ ਪੜ੍ਹਦੇ ਹਨ।
- ਖੂਬਸੂਰਤ ਔਰਤਾਂ ਜੋ ਦਿਮਾਗ ਨੂੰ ਆਨੰਦਿਤ ਕਰਦੀਆਂ ਅਤੇ ਇਸ ਦੁਨੀਆਂ, ਸਵਰਗ ਅਤੇ ਦੋਨਾਂ ਖੰਡਾਂ ਦੇ ਮੱਧ (ਵਿਚਕਾਰ) ਨਾਲ ਸੰਬੰਧ ਰੱਖਦੀਆਂ ਹਨ।

- ਰਤਨ (ਕਲਪਿਤ ਸਮੁੰਦਰੀ ਖ਼ਜ਼ਾਨੇ)।
- ਉਹ ਸਾਰੇ ਅਠਾਹਠ ਪਵਿੱਤਰ ਅਸਥਾਨ, ਜਿਨ੍ਹਾਂ ਬਾਰੇ ਇਹ ਮਾਨਤਾ ਹੈ ਕਿ ਉਥੇ ਇਸ਼ਨਾਨ ਕਰਨ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ।
- ਬਹਾਦੁਰ ਅਤੇ ਉਹ ਜਿਹੜੇ ਬਹੁਤ ਬਹਾਦਰੀ ਨਾਲ ਲੜਨ ਦੀ ਤਾਕਤ ਰੱਖਦੇ ਹਨ।
- ਸਾਰੀ ਰਚਨਾ, ਸ੍ਰਿਸ਼ਟੀਆਂ ਦੀ ਸ੍ਰਿਸ਼ਟੀ, ਜਿਸ ਦਾ ਉਹ ਸਿਰਜਣਹਾਰ, ਪਾਲਣ ਕਰਦਾ ਹੈ।

ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਅਧੀਨ ਹੈ। ਉਸ ਦਾ ਡਰ ਅਤੇ ਖ਼ੌਫ਼ ਰੱਖਦੀ ਹੈ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਅੱਗੇ ਨਤਮਸਤਕ (ਸਿਰ ਝੁਕਾਉਂਦੀ) ਹੈ ਅਤੇ ਉਸ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੀ ਹੈ। ਜਿਸ ਨੂੰ ਪ੍ਰਮਾਤਮਾ ਪਸੰਦ ਕਰਦਾ ਹੈ ਉਸ ਉਤੇ ਹੀ ਕ੍ਰਿਪਾ ਕਰਦਾ ਹੈ ਅਤੇ ਉਹ (ਮਨੁੱਖ) ਉਸ ਦੀ (ਪ੍ਰਮਾਤਮਾ ਦੀ) ਪ੍ਰਸ਼ੰਸਾ ਦੇ ਗੀਤ ਗਾਉਂਦਾ ਹੈ। ਉਹ ਪ੍ਰਮਾਤਮਾ ਦੇ ਪਿਆਰ ਵਿਚ ਸਰਾਬੋਰ ਕਰਦੇ ਹਨ ਅਤੇ ਉਸ ਦੀ ਪ੍ਰਸ਼ੰਸਾ ਦੇ ਗੀਤ ਗਾ ਕੇ ਖ਼ੁਸ਼ੀ ਪ੍ਰਾਪਤ ਕਰਦੇ ਹਨ। ਉਹ ਜੋ ਉਸ ਦੇ ਸਤਿਕਾਰ ਅਤੇ ਡਰ ਕਾਰਣ ਉਸ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਹਨ, ਉਹਨਾਂ ਦੀ ਸੂਚੀ ਪੱਤਰ ਤਿਆਰ ਕਰਨਾ ਅਸੰਭਵ ਹੈ।

ਜੋ ਪ੍ਰਮਾਤਮਾ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਹਨ। ਪ੍ਰਮਾਤਮਾ ਸੱਚ ਦੀ ਮੂਰਤ ਹੈ। ਉਹ ਰਚਨਹਾਰ, ਹਮੇਸ਼ਾ ਹੀ ਮੌਜੂਦ ਹੈ। ਪ੍ਰਮਾਤਮਾ ਦੀ ਰਚਨਾ ਬਹੁਰੂਪ-ਦਰਸ਼ੀ ਹੈ। ਜਿਵੇਂ ਉਸ ਨੂੰ ਭਾਉਂਦਾ ਹੈ, ਉਹ ਆਪਣੀ ਰਚਨਾ ਦਾ ਪ੍ਰਬੰਧ ਕਰਦਾ ਹੈ। ਉਹ ਆਪਣੀ ਰਚਨਾ ਨੂੰ, ਆਪਣੀ ਮਹਾਨਤਾ ਦੇ ਮਾਪਦੰਡਾਂ ਨਾਲ ਮਾਪਦਾ ਹੈ। ਕੋਈ ਵੀ ਪ੍ਰਮਾਤਮਾ ਨੂੰ ਇਹ ਨਹੀਂ ਦੱਸ ਸਕਦਾ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਉਹ ਸਭ ਤੋਂ ਮਹਾਨ ਹੈ। ਉਹ ਅਪਰੰਪਾਰ ਹੈ। ਉਹ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਹੈ। ਪ੍ਰਮਾਤਮਾ ਜੋ ਵੀ ਕਰਦਾ ਹੈ, ਇਹ ਮਨੁੱਖ ਨੂੰ ਉਸ ਨੂੰ ਸਵੀਕਾਰ ਕਰਨ ਦੇ ਕਾਬਿਲ ਬਣਾਉਂਦਾ ਹੈ। ਸਤਿਗੁਰੂ, ਗੁਰੂ ਨਾਨਕ ਦੇਵ ਜੀ, ਉਸ ਰਚਨਹਾਰ ਦੇ ਹੁਕਮਾਂ ਦੇ ਹਮੇਸ਼ਾ ਹੀ ਆਗਿਆਕਾਰ ਰਹੇ। ਸਤਿਗੁਰੂ ਹਮੇਸ਼ਾਂ ਹੀ ਪ੍ਰਮਾਤਮਾ ਦੀ ਇਕ-ਰਾਇ ਦੇ ਨਾਲ ਹਨ।

ਉਪਦੇਸ਼ ਨੰਬਰ 23

(ਪਉੜੀ ੨੮ 'ਤੇ ਆਧਾਰਿਤ)

ਬ੍ਰਹਮ ਗਿਆਨ ਨਿਰਮਲ ਹੈ

ਆਈ ਵਰਗ ਦੇ ਜੋਗੀਆਂ ਅਤੇ ਹੋਰ ਦੂਸਰੇ ਜੋਗੀਆਂ ਲਈ, ਹੇਠ ਲਿਖੇ ਪਹਿਰਾਵੇ ਜ਼ਰੂਰੀ ਹਨ :

- ਕੰਨਾਂ ਵਿਚ ਵਾਲ੍ਹੇ ਪਾਉਣਾ।
- ਹੱਥ ਵਿਚ ਮੰਗਣ ਵਾਲਾ ਕਟੋਰਾ ਫੜਨਾ।

- ਮੰਗਤਿਆਂ ਵਾਲਾ ਝੋਲਾ ਕੋਲ ਹੋਣਾ।
- ਸਰੀਰ 'ਤੇ ਰਾਖ (ਸੁਆਹ) ਮੱਲਣਾ।
- ਸਰੀਰ 'ਤੇ ਪੈਬੰਦ (ਬਚੇ-ਖੁਚੇ ਕੱਪੜੇ ਦੇ ਟੁਕੜਿਆਂ ਨਾਲ ਸੀਤੀ ਹੋਈ) ਵਾਲੀ ਲੋਈ।
- ਆਪਣੇ ਨਾਲ ਜੋਗੀ ਮੱਤ ਵਾਲੇ ਕੁਛ ਸਾਥੀ (ਸਹਾਇਕ) ਰੱਖਣਾ।

ਯੋਗੀਆਂ ਦੇ ਤੌਰ-ਤਰੀਕਿਆਂ ਦੇ ਉਲਟ, ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ (ਸੱਚੇ ਮਾਰਗ ਦੀ ਭਾਲ ਵਾਲੇ ਯੋਗੀ) ਨੂੰ ਹੇਠ ਲਿਖੀਆਂ ਚੀਜ਼ਾਂ ਦੀ ਹਿਦਾਇਤ ਕਰਦੇ ਹਨ:-

- ਕੰਨਾਂ ਵਿਚ ਵਾਲ਼ੇ ਪਾਉਣ ਦੀ ਜਗ੍ਹਾ, ਅਸੰਤੁਸ਼ਟੀ ਦੇ ਰੋਗ 'ਤੇ ਕਾਬੂ ਪਾਉਣ ਲਈ ਸੰਤੁਸ਼ਟੀ ਦਾ ਅਭਿਆਸ ਕਰਨਾ (ਯੂਨਾਨੀ ਦਾਰਸ਼ਨਿਕ ਪਲੇਟੋ ਨੇ ਇਸ ਨੂੰ ਕੁਦਰਤੀ ਦੌਲਤ ਦਾ ਨਾਂ ਦਿੱਤਾ ਹੈ)।
- ਮੰਗਣ ਵਾਲੇ ਕਟੋਰੇ ਅਤੇ ਝੋਲੇ ਦੀ ਜਗ੍ਹਾ 'ਤੇ ਆਪਣੀ ਅਣਖ ਨਾਲ ਵਰਤਾਉ ਕਰਨਾ।
- ਸਰੀਰ 'ਤੇ ਸੁਆਹ (ਰਾਖ) ਮੱਲਣ ਦੀ ਜਗ੍ਹਾ 'ਤੇ ਪ੍ਰਮਾਤਮਾ ਦੀਆਂ ਵਿਸ਼ੇਸ਼ਤਾਵਾਂ (ਗੁਣਾਂ) ਵੱਲ ਧਿਆਨ ਦੇਣਾ।
- ਸਰੀਰ 'ਤੇ ਪੈਬੰਦ ਵਾਲੀ ਲੋਈ ਲਪੇਟਣ ਦੀ ਥਾਂ 'ਤੇ ਇਸ ਸੱਚਾਈ ਤੋਂ ਜਾਣੂ ਹੋਣਾ ਕਿ ਇਸ ਮਨੁੱਖੀ ਸਰੀਰ ਦੀ ਮੌਤ ਹੋ ਜਾਣੀ ਹੈ।
- ਸਿੱਖ ਨਾਲ ਰੱਖਣ ਦੀ ਜਗ੍ਹਾ, ਸਤਿਗੁਰੂ ਦੀਆਂ ਹਿਦਾਇਤਾਂ ਦਾ ਪਾਲਣ ਕਰਨਾ।
- ਆਪਣੇ ਅਭਿਮਾਨੀ ਮਨ 'ਤੇ ਜਿੱਤ ਪ੍ਰਾਪਤ ਕਰਨਾ ਅਤੇ ਇੰਜ ਕਰਦੇ ਹੋਏ ਸੰਸਾਰਿਕ ਪ੍ਰਲੋਭਨਾਂ (ਲਾਲਚ ਦੇਣ ਵਾਲੇ) ਨੂੰ ਦਬਾ ਦੇਣਾ।

ਗੁਰੂ ਨਾਨਕ ਦੇਵ ਜੀ ਆਈ ਮੱਤ ਅਤੇ ਹੋਰ ਦੂਸਰੇ ਮੱਤ ਦੇ ਯੋਗੀਆਂ ਨੂੰ ਆਪਣੀ ਵਿਚਾਰਧਾਰਾ ਦੱਸਦੇ ਹਨ। ਉਹ, ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਦੀ ਯਾਦ ਦਿਵਾਉਂਦੇ ਹਨ। ਗੁਰੂ ਨਾਨਕ ਦੇਵ ਜੀ ਉਸ ਇਕ ਅਕਾਲ ਪੁਰਖ ਦਾ ਬਹੁਤ ਸਤਿਕਾਰ ਕਰਦੇ ਹਨ। ਜਿਸ ਦੀਆਂ ਵਿਸ਼ੇਸ਼ਤਾਵਾਂ ਨੂੰ ਗਿਣਿਆ ਨਹੀਂ ਜਾ ਸਕਦਾ, ਜੋ ਮਾਇਆ ਤੋਂ ਨਿਰਲੇਪ ਹੈ, ਜਿਸ ਦਾ ਕੋਈ ਆਦਿ (ਸ਼ੁਰੂਆਤ) ਨਹੀਂ ਹੈ, ਜੋ ਅਬਿਨਾਸੀ ਹੈ ਅਤੇ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ- ਜਿਸ ਉਤੇ ਸਮੇਂ ਦਾ ਵੀ ਕੋਈ ਅਸਰ ਨਹੀਂ ਹੈ।

ਉਪਦੇਸ਼ ਨੰਬਰ 24

(ਪਉੜੀ ੨੯ ਅਤੇ ੩੦ 'ਤੇ ਆਧਾਰਿਤ)

ਧਰਮ, ਬ੍ਰਹਮ ਗਿਆਨ, ਦਇਆ ਅਤੇ ਪ੍ਰਮਾਤਮਾ ਦੀ ਸਰਵਉੱਚਤਾ ਸਿਖਾਉਣ ਵਾਲਾ ਹੋਣਾ ਚਾਹੀਦਾ ਹੈ

ਧਰਮ ਆਪਣੇ ਅਨੁਯਾਈਆਂ ਦੇ ਅੰਦਰ ਇਹ ਗੁਣ ਪੈਦਾ ਕਰਨ ਵਾਲਾ ਹੋਣਾ

ਚਾਹੀਦਾ ਹੈ—ਬ੍ਰਹਮ ਗਿਆਨ, ਦਇਆ, ਇਸ ਗੱਲ ਦਾ ਗਿਆਨ ਕਿ ਪ੍ਰਮਾਤਮਾ ਹਰੇਕ ਦੇ ਅੰਦਰ ਅਤੇ ਹਰ ਜਗ੍ਹਾ 'ਤੇ ਹੈ। ਇਹ ਕਿ ਸਾਰੇ ਉਸ ਪ੍ਰਮਾਤਮਾ ਦੇ ਸਰਵਉੱਚ ਹੁਕਮ ਦੇ ਅਧੀਨ ਹਨ ਅਤੇ ਸਿਰਫ਼ ਉਹ (ਪ੍ਰਮਾਤਮਾ) ਹੀ ਹਰ ਕਿਸਮ ਦੇ ਮੇਲ ਮਿਲਾਪ ਅਤੇ ਵਿਛੋੜੇ ਦਾ ਕਾਰਣ ਹੈ। ਮਨੁੱਖ ਨੂੰ ਉਹੋ ਹੀ ਮਿਲਦਾ ਹੈ ਜੋ ਪ੍ਰਮਾਤਮਾ ਉਸ ਨੂੰ ਦਿੰਦਾ ਹੈ। ਖਾਸ ਅਦਭੁੱਤ ਤਾਕਤਾਂ ਦੇ ਪਿੱਛੇ ਪਾਗਲਾਂ ਦੀ ਤਰ੍ਹਾਂ ਭਟਕ ਕੇ ਜਗਿਆਸੂ ਧਾਰਮਿਕਤਾ ਤੋਂ ਦੂਰ ਹੋ ਜਾਂਦਾ ਹੈ। ਪ੍ਰਮਾਤਮਾ ਹੀ ਪੈਦਾ ਕਰਦਾ ਹੈ ਅਤੇ ਪਾਲਦਾ ਹੈ ਅਤੇ ਆਪਣੇ ਪੈਦਾ ਕੀਤੇ ਹੋਏ ਨੂੰ ਨਾਸ਼ ਵੀ ਉਹੋ (ਪ੍ਰਮਾਤਮਾ) ਹੀ ਕਰਦਾ ਹੈ। ਇਹ ਤਿੰਨੋਂ ਕਾਰਜ ਪ੍ਰਮਾਤਮਾ ਦੇ ਕਾਬੂ ਹੇਠ ਹਨ, ਨਾ ਕਿ ਘੋਸ਼ਿਤ ਤਿੰਨ ਦੇਵਤੇ : ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੇ ਅਧੀਨ। ਭੇਦਾਂ ਦਾ ਭੇਦ ਇਹ ਹੈ ਕਿ ਪ੍ਰਮਾਤਮਾ, ਰਚੇ ਹੋਇਆਂ ਦੀ ਨਜ਼ਰ ਤੋਂ ਓਝਲ ਹੈ, ਜਦੋਂ ਕਿ ਪ੍ਰਮਾਤਮਾ ਦੀ ਨਜ਼ਰ ਤੋਂ ਕੁਛ ਵੀ ਓਝਲ, (ਲੁਕਿਆ ਹੋਇਆ) ਨਹੀਂ ਹੈ।

ਗੁਰੂ ਨਾਨਕ ਦੇਵ ਜੀ ਆਈ ਮੱਤ ਦੇ ਅਤੇ ਦੂਸਰੇ ਮੱਤ ਦੇ ਯੋਗੀਆਂ ਅੱਗੇ ਆਪਣੇ ਇਹ ਪਹਿਲੂ ਰੱਖਦੇ ਹਨ। ਉਹ ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਦੀ ਯਾਦ ਦਿਵਾਉਂਦੇ ਹਨ।

ਗੁਰੂ ਨਾਨਕ ਦੇਵ ਜੀ ਉਸ ਆਦਿ ਪੁਰਖ ਦੇ ਪ੍ਰਤੀ ਬਹੁਤ ਸਤਿਕਾਰ ਪ੍ਰਗਟ ਕਰਦੇ ਹਨ। ਉਹ ਜਿਸ ਦੇ ਗੁਣਾਂ ਨੂੰ ਗਿਣਿਆ ਨਹੀਂ ਜਾ ਸਕਦਾ, ਜਿਸ ਨੂੰ ਮਾਇਆ ਛੂਹ ਨਹੀਂ ਸਕਦੀ, ਜਿਸ ਦਾ ਕੋਈ ਆਦਿ ਨਹੀਂ ਹੈ, ਜਿਸ ਦਾ ਕੋਈ ਨਾਸ਼ ਨਹੀਂ ਕਰ ਸਕਦਾ ਅਤੇ ਜੋ ਕਦੀ ਬਦਲ ਨਹੀਂ ਸਕਦਾ—ਸਮੇਂ ਦਾ ਵੀ ਜਿਸ ਉਤੇ ਕੋਈ ਅਸਰ ਨਹੀਂ ਹੈ।

ਉਪਦੇਸ਼ ਨੰਬਰ 25

(ਪਉੜੀ ੩੧ 'ਤੇ ਆਧਾਰਿਤ)

ਸੰਪੂਰਨ ਹਸਤੀ ਦੇ ਕਾਰਜਾਂ ਵਿਚ ਕੁਛ ਵੀ ਅਪੂਰਨ (ਅਧੂਰਾ) ਨਹੀਂ ਹੈ

ਆਪਣੀ ਸ੍ਰਿਸ਼ਟੀ ਦੀ ਪਾਲਣਾ ਲਈ ਪ੍ਰਮਾਤਮਾ ਸਭ ਕੁਛ ਕਰਦਾ ਹੈ। ਉਹ ਦਾਤਾਂ ਦੇਂਦਾ ਕਦੀ ਥੱਕਦਾ ਨਹੀਂ। ਇਹ ਸ਼ੁਰੂ ਤੋਂ ਹੀ ਚੱਲ ਰਿਹਾ ਹੈ। ਸਿਰਜਣਹਾਰ, ਹਮੇਸ਼ਾ ਆਪਣੀ ਰਚਨਾ ਦਾ ਸਰਵੇਖਣ ਕਰਦਾ ਹੈ। ਉਹ ਸੰਪੂਰਨ ਹਸਤੀ ਹੈ ਅਤੇ ਉਸ ਦੇ ਕਾਰਜ ਕਦੀ ਵੀ ਅਪੂਰਨ (ਅਧੂਰੇ) ਨਹੀਂ ਹੁੰਦੇ। ਮਨੁੱਖ ਨੂੰ ਉਸ ਪ੍ਰਮਾਤਮਾ ਦੀ ਬੰਦਗੀ ਜ਼ਰੂਰ ਕਰਨੀ ਚਾਹੀਦੀ ਹੈ ਜੋ ਕਿ :

- ਮੁੱਢ ਤੋਂ ਹੈ।
- ਪਰਮ-ਪਵਿਤ੍ਰ ਅਤੇ ਬੇਦਾਗ ਹੈ।
- ਜਿਸ ਦਾ ਕੋਈ ਆਦਿ ਅਤੇ ਅੰਤ ਨਹੀਂ ਹੈ।

✲ ਅਬਿਨਾਸੀ ਹੈ।

✲ ਸਮੇਂ ਦੀ ਮਾਰ ਤੋਂ ਪਰ੍ਹੇ ਹੈ।

ਉਪਦੇਸ਼ ਨੰਬਰ 26

(ਪਉੜੀ ੩੩ 'ਤੇ ਆਧਾਰਿਤ)

ਭਗਤ ਦਾ ਪ੍ਰਮਾਤਮਾ ਨਾਲ ਮਿਲਾਪ ਉਸ ਦੀ ਕ੍ਰਿਪਾ ਨਾਲ ਹੀ ਹੁੰਦਾ ਹੈ

ਰੂਹਾਨੀ ਮਾਰਗ ਮਨੁੱਖ ਦੀ ਪ੍ਰਮਾਤਮਾ ਨਾਲ ਮਿਲਾਪ ਦੀ ਅਗਵਾਈ ਕਰਦਾ ਹੈ। ਇਹ ਅਜਿਹਾ ਮਾਰਗ ਹੈ, ਜਿਸ 'ਤੇ ਚੱਲ ਕੇ ਜੀਭ (ਜ਼ੁਬਾਨ) ਇਕ ਲੱਖ ਜੀਭਾਂ ਵਿਚ ਬਦਲ ਜਾਂਦੀ ਹੈ। ਅਜਿਹੀ ਹਰੇਕ ਜ਼ਬਾਨ ਵੀਹ ਲੱਖ ਜ਼ਬਾਨਾਂ ਵਿਚ ਬਦਲ ਜਾਂਦੀ ਹੈ ਅਤੇ ਹਰੇਕ ਜ਼ਬਾਨ ਇਕ ਲੱਖ ਵਾਰ ਪ੍ਰਮਾਤਮਾ ਦਾ ਨਾਮ ਲੈਂਦੀ ਹੈ।

ਇਸ ਤਰ੍ਹਾਂ ਮਨੁੱਖ, ਪ੍ਰਮਾਤਮਾ ਨਾਲ ਮਿਲਾਪ ਦੀ ਪੌੜੀ ਚੜ੍ਹਦਾ ਜਾਂਦਾ ਹੈ। ਇਹ ਭਗਤੀ (ਧਾਰਮਿਕ) ਅਤੇ ਨਾ-ਰੁਕਣ ਵਾਲੀ ਪ੍ਰਮਾਤਮਾ ਦੀ ਯਾਦ ਆਖਿਰਕਾਰ ਪ੍ਰਮਾਤਮਾ ਨਾਲ ਮਿਲਾਪ ਦੀ ਚੋਟੀ ਤੱਕ ਲੈ ਜਾਂਦੀ ਹੈ।

ਗੁਰੂ ਦੇ ਉੱਚ ਅਤੇ ਅਲੌਕਿਕ (ਦੈਵੀ) ਵਿਚਾਰ ਸੁਣ ਕੇ, ਇਕ ਨਿਮਾਣਾ ਮਨੁੱਖ, ਜਿਸ ਅੰਦਰ ਕੋਈ ਹਉਮੈ ਨਹੀਂ ਹੈ, ਪ੍ਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਤ ਹੁੰਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਅਜਿਹੇ ਮਨੁੱਖ ਅੰਦਰ ਪ੍ਰਮਾਤਮਾ ਦੀ ਭਗਤੀ ਪ੍ਰਤੀ ਲਗਨ ਪੈਦਾ ਹੁੰਦੀ ਹੈ। ਪ੍ਰਮਾਤਮਾ ਨਾਲ ਇਕ-ਮਿਕ ਹੋਣ ਦੀ ਇੱਛਾ ਅਤੇ ਜੋਸ਼, ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਪੈਦਾ ਹੁੰਦਾ ਹੈ। ਇਕ ਹੰਕਾਰੀ ਅਤੇ ਪ੍ਰਮਾਤਮਾ ਪ੍ਰਤੀ ਸ਼ਰਧਾ ਨਾ ਰੱਖਣ ਵਾਲਾ ਮਨੁੱਖ ਹਮੇਸ਼ਾ ਝੂਠ ਦੇ ਮਗਰ ਹੀ ਭਟਕਦਾ ਰਹਿੰਦਾ ਹੈ। ਅਜਿਹਾ ਮਨੁੱਖ ਸਿਰਫ਼ ਤੇ ਸਿਰਫ਼ ਝੂਠ ਹੀ ਬੋਲਦਾ ਹੈ ਅਤੇ ਪ੍ਰਮਾਤਮਾ ਨਾਲ ਮਿਲਾਪ ਦੇ ਝੂਠੇ ਦਾਅਵੇ ਕਰਦਾ ਹੈ।

ਨੋਟ :— ਉਪਰੋਕਤ ਲਾਈਨਾਂ ਵਿਚ ਕੀਤੀ ਵਿਆਖਿਆ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੇ ਅਜਿਹੇ ਭਗਤ, ਜਿਸ ਨੇ ਪ੍ਰਮਾਤਮਾ ਦੀ ਜਾਗਰੁਕਤਾ ਦੀ ਪੌੜੀ ਦੀ ਸਰਵਉੱਚ ਪੱਧਰ ਤੱਕ ਚੜ੍ਹ ਲਈ ਹੈ, ਉਸ ਦੇ ਮਨ ਦੀ ਅਵਸਥਾ ਨੂੰ ਦਰਸਾਉਣ ਲਈ ਨੀਤੀ-ਕਥਾ ਦੀ ਵਰਤੋਂ ਕੀਤੀ ਹੈ।

ਪ੍ਰਮਾਤਮਾ ਨਾਲ ਇਕ-ਮਿਕ ਉਦੋਂ ਹੋਇਆ ਜਾਂਦਾ ਹੈ, ਜਦੋਂ ਭਗਤ ਪ੍ਰਮਾਤਮਾ ਨੂੰ ਲਗਾਤਾਰ ਅਤੇ ਆਪਣੇ ਆਪ ਯਾਦ ਕਰਨ ਦਾ ਅਨੁਭਵ ਕਰਦਾ ਹੈ। ਇਸ ਅਨੁਭਵ ਵਿਚ ਭਗਤ ਦਾ ਪ੍ਰਮਾਤਮਾ ਤੇ ਧਿਆਨ ਬੜਾ ਨਿਵੇਕਲਾ (ਅਨੋਖਾ) ਅਤੇ ਪੂਰਨ ਹੁੰਦਾ ਹੈ। ਅਜਿਹਾ ਅਨੁਭਵ ਹੁੰਦਾ ਹੈ ਜਿਵੇਂ ਪ੍ਰਮਾਤਮਾ ਦੇ ਗੁਣਾਂ ਨੂੰ ਜਪਣ ਲਈ ਭਗਤ ਦੀਆਂ ਦਸ ਲੱਖ ਜ਼ਬਾਨਾਂ ਹੋਣ। ਗੁਰੂ ਦੀਆਂ ਸਿੱਖਿਆਵਾਂ ਉਸ ਨੂੰ ਪ੍ਰਮਾਤਮਾ ਦਾ ਸਿਮਰਨ ਕਰਨ ਲਈ ਪ੍ਰੇਰਿਤ

ਕਰਦੀਆਂ ਹਨ। ਹੰਕਾਰੀ ਹੋਣ ਦੇ ਉਲਟ, ਨਿਮਾਣਾ ਹੋਣ ਦੀ ਸਥਿਤੀ ਸੁਭਾਵਿਕ ਤੌਰ 'ਤੇ ਹੀ ਖੁੱਲ੍ਹੇ ਮਨ ਵਾਲੀ ਅਤੇ ਕੁਛ ਸਿੱਖਣ ਲਈ ਤਤਪਰ (ਇੱਛੁਕ) ਹੋਣ ਵਾਲੀ ਹੁੰਦੀ ਹੈ। ਨਿਮਾਣਾ ਵਿਅਕਤੀ ਪ੍ਰਮਾਤਮਾ ਦੀ ਕ੍ਰਿਪਾ ਨਾਲ ਚੋਟੀ ਤੱਕ ਚੜ੍ਹਦਾ ਜਾਂਦਾ ਹੈ। ਉਸ ਨੂੰ ਪ੍ਰਮਾਤਮਾ ਨਾਲ ਬੜਾ ਨਜ਼ਦੀਕੀ ਰਿਸ਼ਤਾ—ਪ੍ਰਮਾਤਮਾ ਨਾਲ ਇਕ-ਮਿਕ ਹੋਣਾ—ਪ੍ਰਾਪਤ ਹੁੰਦਾ ਹੈ। ਅਗਰ ਕੋਈ ਮਨੁੱਖ, ਕਿਸੇ ਹੋਰ ਤਰੀਕੇ ਨਾਲ ਪ੍ਰਮਾਤਮਾ ਨਾਲ ਮਿਲਾਪ ਦਾ ਦਾਅਵਾ ਕਰਦਾ ਹੈ ਤਾਂ ਉਹ ਸਿਰਫ਼ ਹੰਕਾਰ ਕਰ ਰਿਹਾ ਹੈ ਅਤੇ ਝੂਠਾ ਦਾਅਵਾ ਕਰਦਾ ਹੈ।

ਉਪਦੇਸ਼ ਨੰਬਰ 27

(ਪਉੜੀ ਨੰਬਰ ੩੩)

ਪ੍ਰਮਾਤਮਾ ਸਭ ਕਾਰਣਾਂ ਦਾ ਕਾਰਣ ਹੈ—ਮਹਾਨ ਕਾਰਣ

ਮਨੁੱਖ ਪ੍ਰਮਾਤਮਾ ਦੀ ਰਜ਼ਾ ਨਾਲ ਹੀ ਬੋਲਦਾ, ਚੁੱਪ ਰਹਿੰਦਾ, ਕੋਈ ਚੀਜ਼ ਮੰਗਦਾ ਜਾਂ ਦਿੰਦਾ, ਜਿਉਂਦਾ ਜਾਂ ਮਰਦਾ, ਦੂਸਰਿਆਂ 'ਤੇ ਹਕੂਮਤ ਕਰਦਾ, ਦੌਲਤਮੰਦ ਹੁੰਦਾ ਜਾਂ ਆਪਣੀ ਤਾਕਤ ਦਾ ਦੂਸਰਿਆਂ 'ਤੇ ਇਸਤੇਮਾਲ ਕਰਦਾ ਹੈ। ਠੀਕ ਇਸੇ ਤਰ੍ਹਾਂ, ਇਹ ਵੀ ਪ੍ਰਮਾਤਮਾ ਦੀ ਹੀ ਕ੍ਰਿਪਾ ਹੁੰਦੀ ਹੈ ਕਿ ਮਨੁੱਖ ਪ੍ਰਮਾਤਮਾ ਨੂੰ ਸਮਝਣ ਲਈ ਵਿਚਾਰਦਾ ਹੈ। ਦੁਨਿਆਵੀ ਅਤੇ ਜੀਵਨ ਦੇ ਫਾਹਿਆਂ ਤੋਂ ਮੁਕਤੀ ਪ੍ਰਾਪਤ ਕਰਨ ਦੇ ਯੋਗ ਹੁੰਦਾ ਹੈ। ਕੇਵਲ ਪ੍ਰਮਾਤਮਾ ਹੀ ਕਿਸੇ ਮਨੁੱਖ ਨੂੰ ਗੁਣਵਾਨ ਜਾਂ ਪਾਪੀ ਬਣਾ ਸਕਦਾ ਹੈ। ਪ੍ਰਮਾਤਮਾ ਆਪ ਹੀ ਸਭ ਤੋਂ ਵੱਡਾ ਕਾਰਣ ਹੈ। ਉਹ ਉਸ ਸਭ ਕੁਛ ਨੂੰ ਦੇਖਦਾ ਹੈ, ਜੋ ਉਸ ਦੇ ਹੁਕਮ ਅਨੁਸਾਰ ਪੈਦਾ ਹੁੰਦਾ ਹੈ।

ਉਪਦੇਸ਼ ਨੰਬਰ 28

(ਪਉੜੀ ੩੪, ੩੫, ੩੬ ਅਤੇ ੩੭ 'ਤੇ ਆਧਾਰਿਤ)

ਪ੍ਰਮਾਤਮਾ ਪੂਰੀ ਤਰ੍ਹਾਂ ਨਾਲ ਆਪਣੀ ਸ੍ਰਿਸ਼ਟੀ ਨਾਲ ਜੁੜਿਆ ਰਹਿੰਦਾ ਹੈ

ਹੇਠ ਲਿਖੇ ਪੰਜ ਭਾਗ ਪ੍ਰਮਾਤਮਾ ਦੇ ਆਪਣੀ ਸ੍ਰਿਸ਼ਟੀ (ਰਚਨਾ) ਨਾਲ ਜੁੜਣ ਅਤੇ ਸਿੱਧੇ ਤੌਰ 'ਤੇ ਰੁੱਝੇ ਰਹਿਣ ਬਾਰੇ ਦਰਸਾਉਂਦੇ ਹਨ :

ਭਾਗ–1

ਧਰਮ ਖੰਡ : ਨੈਤਿਕ ਵਿਵਹਾਰ ਦਾ ਖੇਤਰ
ਪ੍ਰਮਾਤਮਾ ਸਾਡੇ ਨੈਤਿਕ ਵਿਵਹਾਰ ਪਰਖਦਾ ਹੈ

ਪ੍ਰਮਾਤਮਾ ਨੇ ਧਰਤੀ ਪੈਦਾ ਕੀਤੀ। ਉਹ ਗਲਤ ਅਤੇ ਸਹੀ ਵਿਵਹਾਰ ਨੂੰ ਪਰਖਦਾ ਹੈ। ਪ੍ਰਮਾਤਮਾ ਨੇ ਧਰਤੀ ਸਹਿਤ ਸੂਰਜ, ਚੰਦ, ਮੌਸਮ, ਸਮਾਂ, ਹਵਾ, ਪਾਣੀ, ਅੱਗ ਅਤੇ ਪੁਲਾੜ ਬਖ਼ਸ਼ੇ। ਪ੍ਰਮਾਤਮਾ ਨੇ ਧਰਤੀ 'ਤੇ ਕਈ ਪ੍ਰਜਾਤੀਆਂ ਵਸਾਈਆਂ ਅਤੇ ਉਹਨਾਂ ਨੂੰ

ਉਹਨਾਂ ਦੇ ਖੇਤਰ ਪ੍ਰਦਾਨ ਕੀਤੇ। ਪ੍ਰਮਾਤਮਾ ਸਭ ਕਾਰਜਾਂ ਨੂੰ ਸੱਚਾਈ ਦੇ ਆਧਾਰ 'ਤੇ ਪਰਖਦਾ ਹੈ, ਕਿਉਂਕਿ ਉਹ ਆਪ ਸਤਿ ਦੀ ਮੂਰਤ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਜ਼ਿੰਦਗੀ ਦੇ ਮੁੱਖ ਉਦੇਸ਼-ਪ੍ਰਮਾਤਮਾ ਦਾ ਪੱਖ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਉਹਨਾਂ ਖਾਸ ਮਨੁੱਖਾਂ ਨੂੰ ਮਾਣ ਬਖ਼ਸ਼ਦਾ ਹੈ ਜੋ ਉਸ ਨਾਲ ਇੱਕਸੁਰਤਾ ਨਾਲ ਰਹਿੰਦੇ ਹਨ ਅਤੇ ਪਿਆਰ ਸ਼ਰਧਾ ਨਾਲ ਉਸ ਦਾ ਨਾਮ ਸਿਮਰਦੇ ਹਨ। ਬਾਕੀਆਂ ਦਾ ਉਹ, ਉਹਨਾਂ ਦੇ ਗੁਣਾਂ ਅਤੇ ਔਗੁਣਾਂ ਦੇ ਆਧਾਰ 'ਤੇ ਮੁਲਾਂਕਣ ਕਰਦਾ ਹੈ। ਇਸ ਦੁਨੀਆਂ ਨੂੰ ਛੱਡ ਕੇ ਜਾਣ ਤੋਂ ਬਾਅਦ, ਅਜਿਹੇ ਮੁਲਾਂਕਣ, ਫੈਸਲੇ ਕਰਨ ਵਿਚ ਪ੍ਰਮਾਤਮਾ ਦੀ ਸਹਾਇਤਾ ਕਰਦੇ ਹਨ।

ਨੋਟ :—ਉਪਰੋਕਤ ਦੱਸੇ ਗਏ, ਪ੍ਰਮਾਤਮਾ ਦੇ ਆਪਣੀ ਰਚਨਾ ਨਾਲ ਰੁਝੇਵੇਂ ਅਤੇ ਮਨੁੱਖ ਦੁਆਰਾ ਉੱਪਰ ਦੱਸੀਆਂ ਸੱਚਾਈਆਂ ਨੂੰ ਸਵੀਕਾਰਨ ਦੀ ਸਮਝ, ਸਿੱਖ ਦੀ, ਗੁਰੂ ਦੇ ਰੱਬੀ ਗਿਆਨ ਦੀ ਸਮਝ ਨੂੰ ਵਧਾਉਂਦੀ ਹੈ।

ਭਾਗ–2

ਗਿਆਨ ਖੰਡ : ਸ੍ਰਿਸ਼ਟੀ ਦੇ ਖੇਤਰ ਦਾ ਗਿਆਨ

ਪ੍ਰਮਾਤਮਾ ਬੇਅੰਤ ਤਰੀਕਿਆਂ ਨਾਲ ਆਪਣੀ ਰਚਨਾ ਵਿੱਚ ਰੁੱਝਾ ਹੋਇਆ ਹੈ

ਪ੍ਰਮਾਤਮਾ ਦੀ ਰਚਨਾ ਬੇਅੰਤ ਹੈ। ਉਸ ਦੀ ਹੋਂਦ, ਉਸ ਦੀ ਸ੍ਰਿਸ਼ਟੀ ਦੁਆਰਾ ਫੈਲੀ ਹੋਈ ਹੈ। ਆਪਣੀ ਰਚਨਾ ਨਾਲ ਉਸ ਦਾ ਰੁਝਾਨ ਅਨੰਤਤਾ ਨਾਲ ਵਿਭਿੰਨ (ਵੱਖ-ਵੱਖ) ਅਤੇ ਵਿਆਪਕ ਹੈ। ਪ੍ਰਮਾਤਮਾ ਦੀ ਸੱਚਾਈ ਏਨੀ ਬੇਮਿਸਾਲ ਹੈ ਕਿ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਦੇ ਗੁਣਾਂ ਦਾ ਕੋਈ ਅੰਤ ਨਹੀਂ ਹੈ। ਸ੍ਰਿਸ਼ਟੀ ਵਿਚ ਉਸ ਦੀ ਹੋਂਦ, ਅਣ-ਅਨੁਮਾਨੀ ਖੂਬਸੂਰਤੀ ਅਤੇ ਉਲਾਸ ਵਿਚ (ਬੇਹੱਦ ਖ਼ੁਸ਼ੀ) ਵੱਖ-ਵੱਖ ਆਵਾਜ਼ਾਂ ਅਤੇ ਨਜ਼ਾਰਿਆਂ ਨਾਲ ਮਾਣੀ ਜਾਂਦੀ ਹੈ।

ਪ੍ਰਮਾਤਮਾ ਆਪਣੀ ਰਚਨਾ ਵਿਚ ਹਰ ਥਾਂ 'ਤੇ ਮੌਜੂਦ ਹੈ। ਉਸ ਦੀ ਸ੍ਰਿਸ਼ਟੀ ਦੀਆਂ ਸੀਮਾਵਾਂ ਅਦ੍ਰਿਸ਼ ਹਨ, ਕਿਉਂਕਿ ਉਸ ਨੇ ਅਣਗਿਣਤ ਚੀਜ਼ਾਂ ਪੈਦਾ ਕੀਤੀਆਂ ਹਨ :

- ✲ ਹਵਾ ਦੇ ਆਕਾਰ
- ✲ ਪਾਣੀ
- ✲ ਅੱਗ
- ✲ ਕ੍ਰਿਸ਼ਨ
- ✲ ਵਿਸ਼ਨੂੰ
- ✲ ਬ੍ਰਹਮਾ—ਵੱਖ-ਵੱਖ ਰੰਗ-ਰੂਪ ਦੇ ਅਣਗਿਣਤ ਸਰੀਰ ਪੈਦਾ ਕਰਨ ਵਿਚ ਰੁੱਝੇ ਹੋਏ
- ✲ ਪ੍ਰਿਥਵੀ (ਧਰਤੀ) ਜਿੱਥੋਂ ਦੇ ਨਿਵਾਸੀ ਕਰਮ ਦੇ ਸਿਧਾਂਤ ਦੇ ਅਧੀਨ ਹਨ

✲ ਪਰਬਤ (ਪਹਾੜ)

✲ ਸੰਤ ਆਪਣੀਆਂ ਅਨੋਖੀਆਂ ਸਿੱਖਿਆਵਾਂ ਦੇ ਨਾਲ

✲ ਸਵਰਗੀ ਹਸਤੀਆਂ

✲ ਇੰਦਰ

✲ ਚੰਦਰਮਾ

✲ ਸੂਰਜ

✲ ਬ੍ਰਹਿਮੰਡ

✲ ਫਰਿਸ਼ਤੇ—ਸਿੱਧ, ਬੁੱਧ, ਨਾਥ

✲ ਦੇਵੀ-ਦੇਵਤੇ

✲ ਮੁਨੀ

✲ ਸਮੁੰਦਰ ਅਤੇ ਉਸ ਵਿਚਲੇ ਖ਼ਜ਼ਾਨੇ

✲ ਖਾਣ-ਪਾਣ ਦੇ ਤੌਰ ਤਰੀਕੇ

✲ ਰਾਜੇ

✲ ਬਾਦਸ਼ਾਹ

✲ ਧਿਆਨ (ਸਮਾਧੀ) ਦੇ ਤਰੀਕੇ ਅਤੇ ਉਹ ਜੋ ਧਿਆਨ ਕਰਦੇ ਹਨ

ਨੋਟ :—ਉਪਰੋਕਤ ਦੱਸੇ ਗਏ, ਪ੍ਰਮਾਤਮਾ ਦੇ ਆਪਣੀ ਰਚਨਾ ਨਾਲ ਰੁਝੇਵੇਂ ਅਤੇ ਮਨੁੱਖ ਦੁਆਰਾ ਉੱਪਰ ਦੱਸੀਆਂ ਗਈਆਂ ਸੱਚਾਈਆਂ ਨੂੰ ਸਵੀਕਾਰਨ ਦੀ ਸਮਝ, ਸਿੱਖ ਨੂੰ ਗੁਰੂ ਦੇ ਰੱਬੀ ਗਿਆਨ ਦੀ ਪੂਰੀ ਸਮਝ ਦਿਲਾਉਂਦੀ ਹੈ।

ਭਾਗ–3

ਸਰਮ ਖੰਡ : ਸੁੰਦਰਤਾ ਦਾ ਖੇਤਰ

ਪ੍ਰਮਾਤਮਾ ਮਨ ਦੀ ਸੁੰਦਰਤਾ ਘੜ੍ਹਦਾ ਹੈ

ਪ੍ਰਮਾਤਮਾ ਜਿਨ੍ਹਾਂ ਦੇ ਵੱਲ (ਨਾਲ) ਹੁੰਦਾ ਹੈ, ਉਹ ਉਹਨਾਂ ਦਾ ਵਿਅਕਤਿੱਤਵ ਬਦਲ ਦਿੰਦਾ ਹੈ। ਉਹ ਉਹਨਾਂ ਦੇ ਚਰਿੱਤਰ ਨੂੰ ਅਤੁਲਨੀਯ (ਲਾਸਾਨੀ, ਜਿਸ ਦਾ ਕੋਈ ਮੁਕਾਬਲਾ ਨਾ ਕੀਤਾ ਜਾ ਸਕੇ) ਸੁੰਦਰਤਾ ਪ੍ਰਦਾਨ ਕਰਨ ਦੀ ਮਿਹਰ ਕਰਦਾ ਹੈ, ਉਹ ਉਹਨਾਂ ਦੀ ਬੁੱਧੀ, ਜ਼ਿੰਦਗੀ ਦਾ ਨਜ਼ਰੀਆ, ਮਨ ਅਤੇ ਆਤਮਾ ਨੂੰ ਰੂਪ ਪ੍ਰਦਾਨ ਕਰਦਾ ਹੈ। ਪ੍ਰਮਾਤਮਾ ਸਾਧਾਰਨ ਮਨੁੱਖਾਂ ਨੂੰ ਪਵਿੱਤਰ ਅਤੇ ਰੌਸ਼ਨ ਮਨ ਵਾਲੇ ਮਨੁੱਖ (ਸੁਰ, ਸਿੱਧ) ਬਣਾ ਦਿੰਦਾ ਹੈ।

ਨੋਟ : ਪਿੱਛੇ ਦੱਸੇ ਗਏ, ਪ੍ਰਮਾਤਮਾ ਦੇ ਆਪਣੀ ਰਚਨਾ ਨਾਲ ਰੁਝੇਵੇਂ ਅਤੇ ਇਸ ਸੱਚਾਈ ਨੂੰ ਮੰਨਣ ਦੀ ਸਮਝ, ਗੁਰੂ ਦੇ ਸਿੱਖ ਅੰਦਰ ਆਪਣੇ ਗੁਰੂ ਦੇ ਰੱਬੀ ਗਿਆਨ ਨੂੰ ਸਮਝਣ ਵਿਚ ਮਦਦ ਕਰਦੀ ਹੈ।

ਭਾਗ–4

ਕਰਮ ਖੰਡ : ਅਧਿਆਤਮਿਕ ਸ਼ਕਤੀ ਦਾ ਖੇਤਰ ਪ੍ਰਮਾਤਮਾ ਸੰਤ-ਸਿਪਾਹੀ ਪੈਦਾ ਕਰਦਾ ਹੈ

ਪ੍ਰਮਾਤਮਾ ਸੰਤ-ਸਿਪਾਹੀ ਪੈਦਾ ਕਰਦਾ ਹੈ ਅਤੇ ਉਹਨਾਂ ਨੂੰ ਸ਼ਕਤੀਆਂ ਬਖ਼ਸ਼ਦਾ ਹੈ। ਉਹ ਪ੍ਰਮਾਤਮਾ ਵਿਚ ਲੀਨ ਰਹਿੰਦੇ ਹਨ। ਉਹਨਾਂ ਦੀ ਸ਼ਖ਼ਸੀਅਤ ਦੀ ਸੁੰਦਰਤਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਹਨਾਂ ਦੀ ਸ਼ਖ਼ਸੀਅਤ ਅਤੇ ਉਹਨਾਂ ਦੇ ਕੰਮ ਹੈਰਾਨਕੁੰਨ ਹੁੰਦੇ ਹਨ। ਬਹੁਤ ਜ਼ਿਆਦਾ ਮੁਸ਼ਕਿਲਾਂ ਅਤੇ ਇੱਥੋਂ ਤੱਕ ਕਿ ਮੌਤ ਵੀ ਉਹਨਾਂ ਨੂੰ ਅਪਮਾਨਿਤ (ਬੇਇੱਜ਼ਤ) ਜਾਂ ਅਸ਼ੁੱਧ ਨਹੀਂ ਕਰ ਸਕਦੀ। ਪ੍ਰਮਾਤਮਾ ਉਹਨਾਂ ਦੇ ਅੰਦਰ ਨਿਵਾਸ ਕਰਦਾ ਹੈ। ਉਹ ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ ਖ਼ੁਸ਼ੀ ਮਾਣਦੇ ਹਨ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਹ ਬੇਅੰਤ ਕਾਲ ਤੱਕ ਪ੍ਰਮਾਤਮਾ ਨਾਲ ਇਕ-ਮਿਕ ਹੁੰਦੇ ਹਨ।

ਨੋਟ :—ਉਪਰੋਕਤ ਵਰਨਣ ਕੀਤੇ ਗਏ ਪ੍ਰਮਾਤਮਾ ਦੇ ਆਪਣੀ ਰਚਨਾ ਨਾਲ ਰੁਝੇਵੇਂ ਅਤੇ ਇਸ ਸੱਚਾਈ ਨੂੰ ਮੰਨਣ ਦੀ ਸਮਝ, ਗੁਰੂ ਦੇ ਸਿੱਖ ਅੰਦਰ ਆਪਣੇ ਗੁਰੂ ਦੇ ਬ੍ਰਹਮ ਗਿਆਨ ਨੂੰ ਸਮਝਣ ਵਿਚ ਮਦਦ ਕਰਦੀ ਹੈ।

ਭਾਗ–5

ਸੱਚਖੰਡ : ਸੱਚਾਈ ਦਾ ਖੇਤਰ ਪ੍ਰਮਾਤਮਾ ਸੱਚਾਈ ਵਿਚ ਨਿਵਾਸ ਕਰਦਾ ਹੈ ਉਸ ਦਾ ਸਰਵ-ਉੱਚ ਰਾਜ ਸਾਰੇ ਪਾਸੇ ਫੈਲਿਆ ਹੈ

ਪ੍ਰਮਾਤਮਾ ਹੀ ਸੱਚ ਹੈ। ਸੱਚਾਈ ਕਦੀ ਨਹੀਂ ਮਰਦੀ, ਕਿਉਂਕਿ ਇਹ ਅਮਰ ਹੈ। ਪ੍ਰਮਾਤਮਾ ਦੀ ਸਾਰੀ ਰਚਨਾ ਵਿੱਚ ਸੱਚਾਈ ਹੈ। ਪ੍ਰਮਾਤਮਾ ਆਪਣੇ ਭਗਤ ਦੇ ਮਨ ਵਿਚ ਹੈ, ਜਿੱਥੇ ਕੋਈ ਹੰਕਾਰ, ਸ਼ੱਕ ਅਤੇ ਝੂਠ ਬਿਲਕੁਲ ਹੀ ਨਹੀਂ ਹੈ। ਸੱਚਾਈ ਹਰ ਚੀਜ਼ ਅਤੇ ਹਰ ਥਾਂ 'ਤੇ ਮੌਜੂਦ ਹੈ। ਜਿੱਥੇ ਸੱਚਾਈ ਹੈ, ਉਥੇ ਪ੍ਰਮਾਤਮਾ ਹੈ। ਜੇ ਪ੍ਰਮਾਤਮਾ ਕਿਸੇ ਮਨੁੱਖ ਉਤੇ ਆਪਣੀ ਮਿਹਰ ਭਰੀ ਨਜ਼ਰ ਕਰ ਦੇਵੇ ਤਾਂ ਫਿਰ ਉਸ ਮਨੁੱਖ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ।

ਇਹ ਬਿਲਕੁਲ ਠੀਕ ਹੈ ਕਿ ਪ੍ਰਮਾਤਮਾ ਦਾ ਸਰਵ-ਉੱਚ ਰਾਜ ਉਸ ਦੀ ਸਾਰੀ ਸ੍ਰਿਸ਼ਟੀ (ਰਚਨਾ) ਤੇ ਹੈ। ਉਸ ਦਾ ਰਾਜ ਅਣਗਿਣਤ ਸ੍ਰਿਸ਼ਟੀਆਂ ਦੀਆਂ ਸ੍ਰਿਸ਼ਟੀਆਂ ਉੱਪਰ ਚੱਲਦਾ ਹੈ। ਇਸ ਸ੍ਰਿਸ਼ਟੀ ਦੀ ਰਚਨਾ ਵਿਚ ਮੌਜੂਦ ਹਰ ਇਕ ਨੂੰ ਉਸ ਪ੍ਰਮਾਤਮਾ ਦੇ ਹੁਕਮਾਂ ਨੂੰ ਮੰਨਣਾ ਹੀ ਪੈਂਦਾ ਹੈ ਅਤੇ ਮੰਨਣਾ ਵੀ ਚਾਹੀਦਾ ਹੈ। ਕੋਈ ਉਸ ਪ੍ਰਮਾਤਮਾ ਦੀ ਉਲੰਘਣਾ

ਨਾ ਹੀ ਕਰਦਾ ਹੈ ਅਤੇ ਨਾ ਹੀ ਕਰ ਸਕਦਾ ਹੈ, ਉਸ ਦਾ ਆਪਣੀ ਰਚਨਾ 'ਤੇ ਸੰਪੂਰਨ ਕਾਬੂ ਹੈ। ਪ੍ਰਮਾਤਮਾ ਹਰ ਜਗ੍ਹਾ 'ਤੇ ਹਾਜ਼ਰ ਹੈ। ਪ੍ਰਮਾਤਮਾ ਆਪਣੇ ਹੁਕਮਾਂ ਦੀ ਪਾਲਣਾ ਹੁੰਦੇ ਦੇਖਦਾ ਹੈ ਅਤੇ ਉਹਨਾਂ ਨੂੰ ਲਾਗੂ ਕਰਕੇ ਮੌਜ ਮਾਣਦਾ ਹੈ। ਕੇਵਲ ਪ੍ਰਮਾਤਮਾ ਹੀ ਜਾਣਦਾ ਹੈ ਕਿ ਆਪਣੀ ਸ੍ਰਿਸ਼ਟੀ 'ਤੇ ਕਾਬੂ ਪਾ ਕੇ ਕਿੰਝ ਮਹਿਸੂਸ ਹੁੰਦਾ ਹੈ। ਕੋਈ ਦੂਸਰਾ ਇਸ ਗਿਆਨ ਦਾ ਹਿੱਸੇਦਾਰ ਨਹੀਂ ਬਣ ਸਕਦਾ।

ਨੋਟ :—ਆਪਣੀ ਰਚਨਾ ਦੇ ਨਾਲ ਪ੍ਰਮਾਤਮਾ ਦੇ ਉੱਪਰ ਦਰਸਾਏ ਗਏ ਰੁਝੇਵੇਂ ਦੀ ਸਮਝ ਅਤੇ ਦੱਸੀ ਗਈ ਸੱਚਾਈ ਨੂੰ ਸਵੀਕਾਰ ਕੇ ਹੀ ਇਕ ਸਿੱਖ ਆਪਣੇ ਗੁਰੂ ਦੇ ਰੱਬੀ ਗਿਆਨ ਦੀ ਪੂਰੀ ਸਮਝ ਹਾਸਲ ਕਰ ਸਕਦਾ ਹੈ।

ਉਪਰੋਕਤ ਦੱਸੇ ਪੰਜ ਹਿੱਸਿਆਂ ਵਿਚ, ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ 'ਦਰਸ਼ਨ' ਕਰਾਉਂਦੇ ਹਨ—ਦਰਸ਼ਨ ਦਾ ਅਰਥ ਹੈ ਪ੍ਰਮਾਤਮਾ (ਵਾਹਿਗੁਰੂ) ਦੀ ਝਲਕ। ਗੁਰੂ ਨਾਨਕ ਦੇਵ ਜੀ ਲਈ ਵਾਹਿਗੁਰੂ ਦਾ ਦਰਸ਼ਨ ਬੜਾ ਸੱਚਾ ਅਤੇ ਪ੍ਰਤੱਖ ਹੈ। ਪ੍ਰਮਾਤਮਾ ਦੀ ਸ਼ਖਸੀਅਤ ਅਤੇ ਉਸ ਦੀ ਆਪਣੀ ਰਚਨਾ ਨਾਲ ਰੁੱਝੇ ਰਹਿਣ ਕਰਕੇ ਗੁਰੂ ਦੇ ਸਿੱਖ ਦੇ ਮਨ ਵਿਚ ਤਬਦੀਲੀ ਲਿਆਉਣ ਵਿਚ ਸਹਾਇਕ ਹੁੰਦਾ ਹੈ। ਇਸ ਨਾਲ ਸਹਿਜ ਅਵਸਥਾ ਤੱਕ ਪਹੁੰਚਣ ਲਈ, ਸਿੱਖ ਦੀ ਆਤਮਿਕ ਪ੍ਰਗਤੀ (ਤਰੱਕੀ) ਦੇ ਸਫਰ ਵਿਚ ਵੀ ਸਿੱਖ ਨੂੰ ਬਹੁਤ ਮਦਦ ਮਿਲਦੀ ਹੈ।

ਉਪਦੇਸ਼ ਨੰਬਰ 29

(ਪਉੜੀ ੩੮ 'ਤੇ ਆਧਾਰਿਤ)

ਦੈਵੀ ਜੀਵਨ ਦਾ ਸਾਰ
ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਪੀਣਾ ਹੈ

ਦੈਵੀ ਜੀਵਨ ਦਾ ਸਾਰ, ਉਹ ਅੰਮ੍ਰਿਤ ਪੀਣਾ ਹੈ, ਜੋ ਪ੍ਰਮਾਤਮਾ ਦੇ ਨਾਮ ਦਾ ਧਿਆਨ ਕਰਕੇ ਹਾਸਲ ਹੁੰਦਾ ਹੈ। ਪ੍ਰਮਾਤਮਾ ਦਾ ਸਿਮਰਨ, ਜੋ ਇਹ ਅੰਮ੍ਰਿਤ ਪੈਦਾ ਕਰਦਾ ਹੈ, ਉਸ ਪ੍ਰਤੀ ਗੰਭੀਰ ਪਿਆਰ ਨਾਲ ਹੀ ਪੈਦਾ ਹੁੰਦਾ ਹੈ। ਇਹ ਪਿਆਰ ਅਤੇ ਲਗਨ ਵੀ ਸਿਰਫ਼ ਉਸ ਦੀ ਕ੍ਰਿਪਾ ਨਾਲ ਹੀ ਸੰਭਵ ਹੈ। ਇਸ ਤਰ੍ਹਾਂ ਦਾ ਸਿਮਰਨ ਕਰਕੇ ਪ੍ਰਾਪਤ ਹੋਇਆ ਅੰਮ੍ਰਿਤ ਬਹੁਤ ਜ਼ਿਆਦਾ ਸੰਤੁਸ਼ਟਤਾ ਅਤੇ ਪ੍ਰਸੰਨਤਾ ਅਤੇ ਸ਼ਾਂਤੀ ਪੈਦਾ ਕਰਦਾ ਹੈ। ਪ੍ਰਮਾਤਮਾ ਪ੍ਰਤੀ ਆਪਣੇ ਪਿਆਰ ਅਤੇ ਸ਼ਰਧਾ ਨੂੰ ਦ੍ਰਿੜ੍ਹ ਰੱਖਣ ਲਈ, ਮਨੁੱਖ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ :

- ਸਵੈ-ਅਨੁਸ਼ਾਸਨ ਜੋ ਮਨੁੱਖ ਨੂੰ ਮਾੜੇ ਕਰਮ ਕਰਨ ਤੋਂ ਰੋਕਦਾ ਹੈ
- ਸਬਰ
- ਕਿਸੇ ਨਤੀਜੇ ਤੱਕ ਪਹੁੰਚਾਉਣ ਵਾਲੀ ਅਨੁਕੂਲ ਅਕਲ/ਸਮਝ

- ਗੁਰੂ ਦਾ ਉਪਦੇਸ਼
- ਪ੍ਰਮਾਤਮਾ ਲਈ ਸ਼ਰਧਾ/ਸਤਿਕਾਰ
- ਪ੍ਰਮਾਤਮਾ ਲਈ ਪਿਆਰ

ਉਪਰੋਕਤ ਦੱਸੇ ਵਿਚ ਆਪਣੇ ਸਿੱਖ ਨੂੰ ਹਿਦਾਇਤ ਦੇਣ ਲਈ, ਗੁਰੂ ਜੀ ਨੇ ਇਕ ਸੁਨਿਆਰੇ ਦੀ ਉਦਾਹਰਣ ਵਰਤੀ ਹੈ। ਸੋਨੇ ਦੇ ਜ਼ੇਵਰ ਬਣਾਉਣ ਲਈ, ਸੁਨਿਆਰੇ ਕੋਲ ਹੇਠ ਲਿਖੀਆਂ ਚੀਜ਼ਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ :

- ਇਕ ਦੁਕਾਨ ਅਤੇ ਜ਼ੇਵਰ ਬਣਾਉਣ ਦੀ ਨਿਪੁੰਨਤਾ।
- ਸੁਭਾਅ ਵਿਚ ਸਬਰ ਤਾਂ ਕਿ ਉਹ ਬਹੁਤ ਸੁੰਦਰ ਜ਼ੇਵਰ ਘੜ (ਬਣਾ) ਸਕੇ।
- ਇਕ ਪੱਕੇ ਅਤੇ ਮਜਬੂਤ ਆਧਾਰ ਦੇ ਲਈ ਨਿਹਾਈ, ਜਿਸ ਉੱਪਰ ਸੋਨਾ ਰੱਖ ਕੇ, ਉਹ ਹਥੌੜੀ ਨਾਲ ਸੱਟ ਮਾਰ ਕੇ ਇਸ ਨੂੰ ਮਨ ਚਾਹਿਆ ਆਕਾਰ ਦੇ ਸਕੇ।
- ਇਸ ਕੰਮ ਲਈ ਵਰਤੇ ਜਾਣ ਵਾਲੇ ਔਜ਼ਾਰ ਜਿਵੇਂ ਕਿ ਹਥੌੜੀ।
- ਅੱਗ ਦੇ ਸੇਕ ਨੂੰ ਵਧਾਉਣ ਲਈ ਫੂਕਣੀ।
- ਸੋਨਾ ਗਾਲਣ ਵਾਲੀ ਗੁਠਾਲੀ।
- ਸੋਨੇ ਨੂੰ ਨਰਮ ਕਰਨ ਅਤੇ ਗਹਿਣੇ ਵਿਚ ਆਕਾਰ ਦੇਣ ਵਾਲੀ ਅੱਗ।
- ਜ਼ੇਵਰ ਬਣਾਉਣ ਲਈ ਸੋਨਾ।

ਇਸ ਕਵਿਤਾ ਖੰਡ (ਵੱਡੀ ਕਵਿਤਾ ਦਾ ਹਿੱਸਾ) ਵਿਚ, ਗੁਰੂ ਜੀ ਇਕ ਸੁਨਿਆਰੇ ਅਤੇ ਪ੍ਰਮਾਤਮਾ ਦੇ ਸਿੱਖ ਦੀ ਆਪਸੀ ਤੁਲਨਾ ਕਰਦੇ ਹਨ। ਉਪਰੋਕਤ ਦੱਸੀਆਂ ਚੀਜ਼ਾਂ ਨਾਲ ਸੁਨਿਆਰਾ ਇਕ ਬਹੁਤ ਹੀ ਵਧੀਆ ਜ਼ੇਵਰ ਬਣਾਉਂਦਾ ਹੈ। ਪ੍ਰਮਾਤਮਾ ਦਾ ਭਗਤ ਸਹਿਜ ਅਵਸਥਾ/ਆਨੰਦ ਅਵਸਥਾ ਦਾ ਨਿਰਮਾਣ ਕਰਦਾ ਹੈ। ਆਨੰਦ (ਅੰਦੂਰਨੀ ਸ਼ਾਂਤੀ ਅਤੇ ਪ੍ਰਸੰਨਤਾ, ਖ਼ੁਸ਼ੀ) ਪੈਦਾ ਕਰਨ ਲਈ ਭਗਤ ਵਿਚ ਹੇਠ ਲਿਖੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ :

- ਜਤ : ਸੱਚਾਈ, ਸੰਤੁਸ਼ਟੀ, ਦਇਆ (ਤਰਸ) ਅਤੇ ਪ੍ਰਮਾਤਮਾ 'ਤੇ ਵਿਸ਼ਵਾਸ ਆਦਿ ਗੁਣ।
- ਪ੍ਰਮਾਤਮਾ ਦੇ ਪ੍ਰਤੀ ਪਿਆਰ ਤੇ ਸ਼ਰਧਾ ਦੀ ਭਾਵਨਾ ਰੱਖਣ ਲਈ ਲੋੜੀਂਦਾ ਸਬਰ ਅਤੇ ਸ਼ਾਂਤੀ।
- ਮਤ : ਯਥਾਰਥ ਚਿਤਰਨ ਦੀ ਅਕਲਮੰਦ ਅਤੇ ਭਾਵੁਕ ਕਲਾ, ਜੋ ਗੁਰੂ ਦੀ ਸਿਆਣਪ ਨਾਲ ਬਨਾਉਣ ਲਈ ਜ਼ਰੂਰੀ ਹੈ ਭਾਵ ਗੁਰਮਤਿ ਦਾ ਦ੍ਰਿਸ਼ਟੀਕੋਣ ਗੁਰੂ ਦਾ ਗੰਭੀਰ ਸ਼ਰਧਾਲੂ ਬਣਨਾ।
- ਬੌਧਿਕ ਅਤੇ ਭਾਵੁਕ ਯਥਾਰਥ ਚਿਤਰਨ ਦੀ ਕਲਾ ਨੂੰ ਘੜ ਕੇ ਗੁਰਮਤਿ ਦਾ ਰੂਪ ਦੇਣ ਲਈ ਗੁਰੂ ਦੀ ਰੱਬੀ ਸੂਝ-ਬੂਝ (ਗਿਆਨ) ਦਾ ਹਥੌੜਾ।

✲ ਗੁਰੂ ਅਤੇ ਪ੍ਰਮਾਤਮਾ ਪ੍ਰਤੀ ਪਿਆਰ ਭਰਿਆ ਸਤਿਕਾਰ।

✲ ਗੁਰੂ ਅਤੇ ਪ੍ਰਮਾਤਮਾ ਲਈ ਪਿਆਰ।

✲ ਆਨੰਦ ਦੇਣ ਵਾਲੇ ਅੰਮ੍ਰਿਤ ਨੂੰ ਪੈਦਾ ਕਰਨ ਲਈ ਪ੍ਰਮਾਤਮਾ ਦੇ ਨਾਮ ਨੂੰ ਵਿਚਾਰਨਾ।

ਗੁਰੂ ਨਾਨਕ ਦੇਵ ਜੀ ਸਾਨੂੰ ਯਾਦ ਦਿਵਾਉਂਦੇ ਹਨ ਕਿ ਗੁਰੂ ਦੀ ਸਮਝ ਵੀ ਪ੍ਰਮਾਤਮਾ ਵਲੋਂ (ਸਦੀਵੀ) ਸੂਝ-ਬੂਝ ਤੋਂ ਹੀ ਪੈਦਾ ਹੁੰਦੀ ਹੈ। ਕੇਵਲ ਉਹ ਲੋਕ ਹੀ ਗੁਰੂ ਦੇ ਰੱਬੀ ਗਿਆਨ ਦਾ ਲਾਭ ਉਠਾ ਸਕਦੇ ਹਨ, ਜਿਨ੍ਹਾਂ 'ਤੇ ਪ੍ਰਮਾਤਮਾ ਦੀ ਮਿਹਰ ਹੋਵੇ। ਮਿਹਰਾਂ ਕਰਨ ਵਾਲੇ ਦੀ ਮਿਹਰ ਨਾਲ, ਗੁਰੂ ਦੇ ਸਿੱਖ ਜਾਂ ਪ੍ਰਮਾਤਮਾ ਦੇ ਸ਼ਰਧਾਲੂ ਸਹਿਜ/ਆਨੰਦ ਦੀ ਅਵਸਥਾ ਦਾ ਅਨੰਦ ਮਾਣ ਸਕਦੇ ਹਨ। ਸਹਿਜ ਅਨੰਦ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸਤਿਕਾਰ ਅਤੇ ਪਿਆਰ ਨਾਲ ਲਗਾਤਾਰ ਚੱਲਣ ਵਾਲੀ, ਕੁਦਰਤੀ (ਸੁਭਾਵਿਕ) ਖ਼ੁਸ਼ੀਆਂ ਭਰੀ ਅਤੇ ਆਪਣੇ ਆਪ ਪੈਦਾ ਹੋਣ ਵਾਲੀ ਮਨ ਦੀ ਸਾਂਝ ਹੈ।

ਨੋਟ :— 38 ਪਉੜੀਆਂ ਅਤੇ ਜਪੁ ਜੀ ਸਾਹਿਬ ਦੇ ਆਖਰੀ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਨੇ ਰਚਨਾ ਦੇ ਪਹਿਲੇ ਭਾਗ ਵਿਚ ਦਰਜ ਗਿਆਨ ਦਾ ਸੰਖੇਪ ਵਰਨਣ ਕੀਤਾ ਹੈ।

ਉਪਦੇਸ਼ ਨੰਬਰ 30

(ਜਪੁ ਜੀ ਸਾਹਿਬ ਦੇ ਅਖੀਰ 'ਤੇ ਦਰਜ ਸਲੋਕ 'ਤੇ ਆਧਾਰਿਤ)

ਸਭ ਤੋਂ ਅਮੋਲਕ ਅਤੇ ਫਲ ਪ੍ਰਦਾਨ ਕਰਨ ਵਾਲੀ ਕਿਰਤ ਪ੍ਰਮਾਤਮਾ ਦਾ ਸ਼ਰਧਾ ਤੇ ਪਿਆਰ ਨਾਲ ਸਿਮਰਨ ਕਰਨਾ ਹੈ

ਕਿਸੇ ਵੀ ਮਨੁੱਖ ਲਈ ਸਭ ਤੋਂ ਅਮੋਲਕ ਅਤੇ ਫਲ ਪ੍ਰਦਾਨ ਕਰਨ ਵਾਲੀ ਕਿਰਤ ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਹੋਣਾ ਹੈ। ਜੋ ਅਜਿਹਾ ਕਰਦੇ ਹਨ, ਉਹ ਬੜੇ ਵਡਭਾਗੀ ਹੁੰਦੇ ਹਨ। ਇਸ ਕਿਰਤ ਸਦਕਾ ਹੀ ਪ੍ਰਮਾਤਮਾ ਉਹਨਾਂ ਨੂੰ ਸਨਮਾਨਿਤ ਕਰਦਾ ਹੈ। ਜੋ ਮਨੁੱਖ, ਇਹੋ ਜਿਹੇ ਲੋਕਾਂ ਨਾਲ ਸੰਬੰਧਿਤ ਹਨ, ਉਹਨਾਂ ਨੂੰ ਪ੍ਰਮਾਤਮਾ ਵੱਲੋਂ ਮੁਕਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਸਭ ਦੇ ਗੁਣਾਂ ਅਤੇ ਔਗੁਣਾਂ 'ਤੇ ਨਜ਼ਰ ਰੱਖਦਾ ਹੈ। ਕੁਛ ਆਪਣੇ ਕਰਮਾਂ ਦੇ ਕਾਰਨ ਪ੍ਰਮਾਤਮਾ ਦੇ ਨੇੜੇ ਆ ਜਾਂਦੇ ਹਨ ਤੇ ਕਈ ਦੂਸਰੇ, ਆਪਣੇ ਬੁਰੇ ਕਰਮਾਂ ਕਾਰਣ ਪ੍ਰਮਾਤਮਾ ਤੋਂ ਦੂਰ ਚਲੇ ਜਾਂਦੇ ਹਨ। ਜ਼ਿੰਦਗੀ ਦਾ ਇਹ ਨਾਟਕ ਧਰਤੀ ਮਾਤਾ ਦੀ ਸਟੇਜ 'ਤੇ ਖੇਡਿਆ ਜਾਂਦਾ ਹੈ, ਜਿੱਥੇ ਹਵਾ, ਪਾਣੀ, ਦਿਨ ਅਤੇ ਰਾਤ ਹਰੇਕ ਮਨੁੱਖ ਨੂੰ ਝੂਲਾ ਝੁਲਾਉਂਦੇ ਅਤੇ ਉਸ ਦਾ ਪਾਲਣ ਕਰਦੇ ਹਨ।

ਨੋਟ :— ਜਪੁ ਜੀ ਸਾਹਿਬ ਦਾ ਉਪਰੋਕਤ ਅਨੁਵਾਦ ਇਸ ਸਮਝ ਨਾਲ ਸਮਾਪਤ ਕੀਤਾ ਗਿਆ ਹੈ ਕਿ ਹੋ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਨਾਲ ਨਿਆਂ ਨਾ ਕੀਤਾ ਜਾ ਸਕਿਆ ਹੋਵੇ। ਇਸ ਕਾਰਣ, ਗੁਰੂ ਤੋਂ ਮੁਆਫੀ ਮੰਗਦੇ ਹਾਂ ਅਤੇ ਗੁਰੂ ਦੇ ਸ਼ਬਦਾਂ ਦੀ ਸਹੀ ਸਮਝ ਦੇ ਵਰਦਾਨ ਲਈ ਅਰਦਾਸ ਕਰਦੇ ਹਾਂ।

2. ਸੋ ਦਰੁ ਰਾਗੁ ਆਸਾ ਮਹਲਾ ੧ ਤੋਂ ਲਏ ਗਏ ਉਪਦੇਸ਼

(ਅੰਗ ੮-੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਉਪਦੇਸ਼ ਨੰਬਰ 31

ਪ੍ਰਮਾਤਮਾ ਦੀ ਹੋਂਦ ਹੈ
ਬਾਕੀ ਸਭ ਪ੍ਰਮਾਤਮਾ ਦੀ ਹੋਂਦ ਤੋਂ ਪੈਦਾ ਹੋਇਆ

ਪ੍ਰਮਾਤਮਾ ਦੀ ਹੋਂਦ ਹੈ। ਬਾਕੀ ਸਭ ਕੁਛ ਉਸ ਤੋਂ ਹੀ ਪੈਦਾ ਹੋਇਆ ਹੈ। ਪ੍ਰਮਾਤਮਾ ਸਤਿਗੁਰ-ਸੱਚੇ ਗੁਰੂ ਨੂੰ ਆਪ ਇਹ ਸੱਚਾਈ ਬਖ਼ਸ਼ਦਾ ਹੈ। ਪ੍ਰਮਾਤਮਾ ਬਾਰੇ ਇਹ ਸੱਚਾਈ, ਸਤਿਗੁਰੂ, ਸਾਰੀ ਮਨੁੱਖਤਾ ਨੂੰ ਬਖ਼ਸ਼ਦਾ ਹੈ।

ਉਪਦੇਸ਼ ਨੰਬਰ 32

ਪ੍ਰਮਾਤਮਾ ਦੀ ਬੇਅੰਤ ਸ਼ਕਤੀ ਦਾ ਦਰ ਇਕ ਭੇਤ ਹੈ

ਜਿਸ ਦਰ ਤੋਂ ਪ੍ਰਮਾਤਮਾ ਆਪਣੇ ਰਚਨਾ ਦੇ ਉੱਪਰ ਰਾਜ ਕਰਦਾ ਹੈ ਉਹ ਦਰ ਕਿੱਥੇ ਹੈ ? ਇਹ ਸਭ ਭੇਤਾਂ ਦਾ ਭੇਤ ਹੈ। ਅਣਗਿਣਤ ਸੰਗੀਤਕਾਰ, ਉਸ ਦੇ (ਪ੍ਰਮਾਤਮਾ ਦੇ) ਹੁਕਮ 'ਤੇ ਉਸ ਦੀ ਸੇਵਾ ਕਰਦੇ ਹਨ। ਪ੍ਰਮਾਤਮਾ ਦੀ ਪ੍ਰਸ਼ੰਸਾ ਵਿਚ ਸੰਗੀਤਕਾਰਾਂ ਵੱਲੋਂ ਅਣਗਿਣਤ ਹੀ ਰਾਗ ਅਤੇ ਗੀਤ ਗਾਏ ਗਏ ਹਨ। ਉਹ, ਜੋ ਪ੍ਰਮਾਤਮਾ ਦੇ ਆਸ-ਪਾਸ ਰਹਿੰਦੇ ਹਨ ਅਤੇ ਉਸ ਦੀ ਪ੍ਰਸ਼ੰਸਾ ਵਿਚ ਗੀਤ ਗਾਉਂਦੇ ਹਨ, ਉਹਨਾਂ ਵਿੱਚੋਂ ਕੁਛ ਇਕ ਹੇਠਾਂ ਲਿਖੇ ਅਤੇ ਹੋਰ ਵੀ ਕਈ ਹਨ :

- ਹਵਾ
- ਪਾਣੀ
- ਅੱਗ
- ਧਰਮਰਾਜ (ਫੈਸਲਾ ਕਰਨ ਵਾਲਾ) ਉਹ ਜੋ ਮੌਤ ਤੇ, ਹਰੇਕ ਮਨੁੱਖ ਵੱਲੋਂ ਕੀਤੇ ਕਰਮਾਂ ਦਾ ਫੈਸਲਾ ਕਰਦਾ ਹੈ।
- ਚਿਤਰ ਗੁਪਤ (ਜੋ ਧਰਮਰਾਜ ਦੇ ਫੈਸਲੇ ਲਈ ਹਰੇਕ ਮਨੁੱਖ ਦੇ ਕਰਮਾਂ ਦਾ ਲੇਖਾ-ਜੋਖਾ ਰੱਖਦਾ ਹੈ)।
- ਸਵਰਗੀ ਹਸਤੀਆਂ
- ਸੰਤ ਜੋ ਕਿ ਪ੍ਰਮਾਤਮਾ ਦੇ ਗੁਣਾਂ - ਵਡਿਆਈਆਂ ਨੂੰ ਵਿਚਾਰਦੇ ਹਨ।
- ਸਵੈ-ਅਨੁਸ਼ਾਸਨ ਦਾ ਪਾਲਣ ਕਰਨ ਵਾਲੇ।
- ਮਨੁੱਖ ਜਾਤੀ ਪ੍ਰਤੀ ਪ੍ਰੇਮ ਰੱਖਣ ਵਾਲੇ।

- ✲ ਸੰਤੁਸ਼ਟ ਅਤੇ ਸ਼ਾਂਤ-ਚਿੱਤ।
- ✲ ਬਹਾਦਰ ਯੋਧਾ
- ✲ ਵਿਦਵਾਨ
- ✲ ਰਿਸ਼ੀ (ਸੇਵਕ)
- ✲ ਖੂਬਸੂਰਤ ਔਰਤਾਂ ਜੋ ਇਸ ਜਹਾਨ, ਸਵਰਗ ਅਤੇ ਇਨ੍ਹਾਂ ਦੋਨਾਂ ਥਾਵਾਂ ਦੇ ਵਿਚਕਾਰ ਨਾਲ ਸੰਬੰਧਿਤ ਹੋਣ
- ✲ ਰਤਨ (ਸਮੁੰਦਰੀ ਖ਼ਜ਼ਾਨੇ)।
- ✲ ਉਹ ਸਾਰੇ ਅਠਾਹਠ ਧਾਰਮਿਕ ਅਸਥਾਨ, ਜਿਨ੍ਹਾਂ ਬਾਰੇ ਇਹ ਮਾਨਤਾ ਹੈ (ਮੰਨਿਆ ਜਾਂਦਾ ਹੈ) ਕਿ ਉਥੇ ਇਸ਼ਨਾਨ ਕਰਨ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ।
- ✲ ਸਾਰੀ ਸ੍ਰਿਸ਼ਟੀ (ਰਚਨਾ)।
- ✲ ਸਾਰੀਆਂ ਸਵਰਗੀ (ਦੈਵੀ) ਹਸਤੀਆਂ।

ਸਾਰੀ ਸ੍ਰਿਸ਼ਟੀ ਉਸ ਪਰਿਪੂਰਨ ਪ੍ਰਮਾਤਮਾ ਦੇ ਵੱਸ ਵਿਚ ਹੈ ਅਤੇ ਉਸ ਤੋਂ ਭੈ-ਭੀਤ (ਡਰੀ ਹੋਈ) ਹੈ। ਸਾਰੀ ਸ੍ਰਿਸ਼ਟੀ ਤਹਿਦਿਲੋਂ ਪ੍ਰਮਾਤਮਾ ਅੱਗੇ ਸਿਰ ਝੁਕਾਉਂਦੀ ਹੈ ਅਤੇ ਉਸ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੀ ਹੈ। ਪ੍ਰਮਾਤਮਾ ਜਿਨ੍ਹਾਂ ਨੂੰ ਪਸੰਦ ਕਰਦਾ ਹੈ, ਉਹਨਾਂ ਉਤੇ ਉਹ ਕ੍ਰਿਪਾ ਕਰਦਾ ਹੈ ਅਤੇ ਉਹ ਉਸ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਹਨ। ਉਹ ਪ੍ਰਮਾਤਮਾ ਦੇ ਪਿਆਰ ਵਿਚ ਰੰਗੇ ਹੋਏ ਹਨ ਅਤੇ ਖ਼ੁਸ਼ੀ-ਖ਼ੁਸ਼ੀ ਉਸ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਹਨ। ਉਹਨਾਂ ਸਾਰਿਆਂ ਦੀ ਸੂਚੀ ਤਿਆਰ ਕਰਨੀ ਅਸੰਭਵ ਹੈ। ਜੋ ਪ੍ਰਮਾਤਮਾ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਹਨ ਅਤੇ ਉਸ ਦਾ ਸਤਿਕਾਰ ਕਰਦੇ ਅਤੇ ਉਸ ਤੋਂ ਡਰਦੇ ਹਨ।

ਪ੍ਰਮਾਤਮਾ ਸਤਿ ਦੀ ਮੂਰਤ ਹੈ। ਉਹ ਸਿਰਜਣਹਾਰ, ਹਮੇਸ਼ਾਂ ਤੋਂ ਹੀ ਹੋਂਦ ਵਿਚ ਹੈ। ਪ੍ਰਮਾਤਮਾ ਦੀ ਰਚਨਾ ਬਹੁਰੂਪ ਦਰਸ਼ੀ ਹੈ। ਉਹ ਜਿਵੇਂ ਚਾਹੇ ਆਪਣੀ ਰਚਨਾ ਨੂੰ ਚਲਾਉਂਦਾ ਹੈ। ਕਿਸੇ ਕੋਲ ਵੀ ਇਹ ਸ਼ਕਤੀ ਨਹੀਂ ਕਿ ਉਹ ਪ੍ਰਮਾਤਮਾ ਨੂੰ ਦੱਸ ਸਕੇ ਕਿ ਉਹ ਕੀ ਕਰੇ। ਉਹ ਸਭ ਤੋਂ ਮਹਾਨ ਹੈ। ਉਹ ਅਪਰੰਪਾਰ ਹੈ। ਉਹ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਹੈ।

ਉਪਦੇਸ਼ ਨੰਬਰ 33
ਕਿਸੇ ਵਿਚ ਵੀ ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਣ ਦੀ ਸਮਝ ਨਹੀਂ ਹੈ

ਹਰੇਕ ਵਿਅਕਤੀ ਪ੍ਰਮਾਤਮਾ ਦੀ ਮਹਾਨਤਾ ਬਾਰੇ ਉਸੇ ਤਰ੍ਹਾਂ ਦੱਸਦਾ (ਦਰਸਾਉਂਦਾ) ਹੈ, ਜਿਸ ਤਰ੍ਹਾਂ ਉਸ ਨੇ ਦੂਸਰਿਆਂ ਤੋਂ ਸੁਣਿਆ ਹੁੰਦਾ ਹੈ। ਲੇਕਿਨ ਪ੍ਰਮਾਤਮਾ ਦੀ ਮਹਾਨਤਾ ਅਤੇ ਵਿਸ਼ਾਲਤਾ ਦਾ ਸਿੱਧਾ ਤੇ ਸਰਲ ਗਿਆਨ ਹੀ ਉਸ ਨੂੰ ਜਾਨਣ ਦਾ ਇਕ ਸੌਖਾ ਤਰੀਕਾ

ਹੈ। ਇਹ ਗਿਆਨ ਹਾਸਲ ਕਰਨ ਨਾਲ, ਇਹ ਗੱਲ ਬਿਲਕੁਲ ਸਾਫ ਹੋ ਜਾਂਦੀ ਹੈ ਕਿ ਪ੍ਰਮਾਤਮਾ ਬਾਰੇ ਪੂਰੀ ਤਰ੍ਹਾਂ ਦਰਸਾਉਣਾ ਬਿਲਕੁਲ ਅਸੰਭਵ ਹੈ। ਅਸਲ ਵਿਚ, ਜਿਨ੍ਹਾਂ ਉਤੇ ਪ੍ਰਮਾਤਮਾ ਦੀ ਮਹਾਨਤਾ ਅਤੇ ਵਡਿਆਈ ਦਾ ਗਿਆਨ ਹਾਸਲ ਕਰਨ ਦੀ ਬਖ਼ਸ਼ਿਸ਼ (ਮਿਹਰ) ਹੋ ਜਾਂਦੀ ਹੈ, ਉਹ ਪ੍ਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ, ਫੇਰ ਦਰਸਾਉਣ ਵਾਲੇ ਅਤੇ ਜਿਸ ਬਾਰੇ ਦਰਸਾਇਆ ਜਾਂਦਾ ਹੈ, ਦੋਨਾਂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਉਹ ਪ੍ਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ।

ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਣ ਦੀ ਸਮਝ ਕਿਸੇ ਵਿਚ ਨਹੀਂ ਹੈ। ਮਨੁੱਖ ਦੇ ਸ਼ੁਭ ਕਰਮ, ਸੰਤਾਂ ਵਾਲੇ ਕਰਮ, ਚਰਿੱਤਰ ਦੀਆਂ ਨੇਕ-ਨੀਤੀਆਂ ਅਤੇ ਅਚੰਭਿਤ ਕਰਨ ਵਾਲੀਆਂ ਪ੍ਰਾਪਤੀਆਂ, ਸਿਰਫ ਉਸ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਹਨ, ਨਹੀਂ ਤਾਂ ਇਹ ਸਭ ਕੁਛ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਉਪਦੇਸ਼ ਨੰਬਰ 34

ਪ੍ਰਮਾਤਮਾ ਦਾ ਸਿਮਰਨ ਕਰਕੇ ਹੀ ਸ਼ਾਂਤੀ ਅਤੇ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ

ਪ੍ਰਮਾਤਮਾ ਦਾ ਭਗਤ ਜਾਣਦਾ ਹੈ ਕਿ ਪ੍ਰਮਾਤਮਾ ਨੂੰ ਧਿਆਉਣਾ ਹੀ ਸ਼ਾਂਤੀ ਅਤੇ ਪ੍ਰਸੰਨਤਾ ਭਰਿਆ ਜੀਵਨ ਜਿਉਣਾ ਹੈ। ਨਹੀਂ ਤਾਂ ਮਨੁੱਖ ਦੁੱਖ ਅਤੇ ਅਸੰਤੋਸ਼ ਵਿਚ ਹੀ ਰਹਿੰਦਾ ਹੈ। ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਇੱਕ ਲਾਸ਼ ਹੀ ਹੋਵੇ। ਪ੍ਰਮਾਤਮਾ ਨੂੰ ਧਿਆਉਣਾ ਸੁਖਾਲਾ (ਆਸਾਨ) ਨਹੀਂ ਹੈ। ਫੇਰ ਵੀ ਜਦੋਂ ਮਨੁੱਖ ਨੂੰ ਪ੍ਰਮਾਤਮਾ ਦੇ ਨਾਮ ਦੀ ਭੁੱਖ ਲੱਗਦੀ ਹੈ ਅਤੇ ਫਿਰ ਇਸ ਨੂੰ ਪ੍ਰਾਪਤ ਕਰਕੇ ਜਦੋਂ ਉਹ ਅਨੰਦਮਈ ਮਹਿਸੂਸ ਕਰਦਾ ਹੈ ਤਾਂ ਉਹ ਸਾਰੇ ਦੁੱਖਾਂ-ਤਕਲੀਫਾਂ ਤੋਂ ਛੁਟਕਾਰਾ ਹਾਸਲ ਕਰ ਲੈਂਦਾ ਹੈ। ਮਨੁੱਖ ਨੂੰ ਕਿਉਂ ਉਸ ਪ੍ਰਮਾਤਮਾ ਨੂੰ ਭੁੱਲਣਾ ਚਾਹੀਦਾ ਹੈ, ਜੋ ਹਮੇਸ਼ਾ ਕਾਇਮ ਰਹਿਣ ਵਾਲਾ ਹੈ। ਪ੍ਰਮਾਤਮਾ ਦੀ ਮਹਾਨਤਾ ਦੀ ਵਡਿਆਈ ਕਰਦਿਆਂ, ਮਨੁੱਖ ਉਸ ਦੀ ਮਹਾਨਤਾ ਦੀ ਇਕ ਤਾਰ ਨੂੰ ਵੀ ਛੂਹ ਨਹੀਂ ਸਕਦਾ, ਆਪਣੀ ਮਹਾਨਤਾ ਦੀ ਪ੍ਰਵਾਨਤਾ (ਸਵੀਕਾਰ ਕਰਨਾ) ਲਈ, ਪ੍ਰਮਾਤਮਾ ਮਨੁੱਖ 'ਤੇ ਨਿਰਭਰ ਨਹੀਂ ਹੈ। ਕੋਈ ਵੀ ਮਨੁੱਖ ਉਸ ਪ੍ਰਮਾਤਮਾ ਦੇ ਕਾਰਣ ਦੁੱਖ ਨਹੀਂ ਭੋਗਦਾ, ਕਿਉਂਕਿ ਉਹ ਅਬਿਨਾਸੀ ਹੈ।

ਪ੍ਰਮਾਤਮਾ ਆਪਣੀ ਰਚਨਾ ਦਾ ਦਾਤਾ ਅਤੇ ਪਾਲਕ (ਪਾਲਣਹਾਰ) ਹੈ। ਕੋਈ ਵੀ ਪ੍ਰਮਾਤਮਾ ਦੀ ਇਹ ਵਿਸ਼ੇਸ਼ਤਾ ਦਾ ਦਾਅਵਾ ਨਹੀਂ ਕਰ ਸਕਦਾ, ਜੋ ਕਿ ਉਸ ਦੀ (ਪ੍ਰਮਾਤਮਾ ਦੀ) ਸੀ, ਹੈ ਅਤੇ ਭਵਿੱਖ ਵਿਚ ਵੀ ਹਮੇਸ਼ਾ ਰਹੇਗੀ। ਪ੍ਰਮਾਤਮਾ ਦੀ ਮਹਾਨਤਾ ਦੀ ਤਰ੍ਹਾਂ ਉਸ ਦੀਆਂ ਦਾਤਾਂ ਦਾ ਵੀ ਕੋਈ ਸਾਨੀ (ਮੁਕਾਬਲਾ) ਨਹੀਂ ਹੈ। ਉਸ ਨੇ ਆਪਣੀ ਰਚਨਾ ਨੂੰ ਦਿਨ ਅਤੇ ਰਾਤ ਬਖ਼ਸ਼ੇ ਹਨ। ਉਹ ਸਭ ਦਾ ਸੰਪੂਰਨ ਭਗਵਾਨ ਹੈ। ਉਸ ਨੂੰ ਭੁੱਲਣਾ ਸਿਰਫ ਬਦਨਸੀਬ ਅਗਿਆਨੀ ਅਤੇ ਹੰਕਾਰੀ ਮਨੁੱਖਾਂ ਦਾ ਕੰਮ ਹੋ ਸਕਦਾ ਹੈ।

ਪ੍ਰਮਾਤਮਾ ਨੂੰ ਭੁੱਲਣਾ, ਸਮਾਜ ਵਿਚ ਆਪਣਾ ਮਾਣ ਘਟਾਉਣਾ ਹੈ।

ਉਪਦੇਸ਼ ਨੰਬਰ 35
ਝੂਠ ਦੇ ਫਾਹੇ ਤੋਂ ਬਚਣ ਦਾ ਕੇਵਲ ਇੱਕੋ ਇਕ ਤਰੀਕਾ ਉਸ (ਪ੍ਰਮਾਤਮਾ) ਦੇ ਭਗਤਾਂ ਤੋਂ ਸਿੱਖਣਾ ਹੈ

ਸਾਰੀ ਮਨੁੱਖਤਾ ਤ੍ਰਿਸ਼ਨਾ ਦੀ ਅੱਗ ਨਾਲ ਘਿਰੀ ਹੋਈ ਹੈ। ਝੂਠ ਦੇ ਜਾਲ ਵਿਚ ਫਸ ਕੇ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਝੁਲਸ ਕੇ ਮਨੁੱਖ ਨਾਸ਼ ਹੋ ਰਹੇ ਹਨ। ਮੂਰਖ, ਪ੍ਰਮਾਤਮਾ ਦੀ ਭਗਤੀ ਨੂੰ ਅਣਗੌਲਾ ਕਰਦੇ ਹਨ ਅਤੇ ਬੁਰਾਈਆਂ ਵਿਚ ਲੱਗੇ ਰਹਿੰਦੇ ਹਨ। ਉਹਨਾਂ ਦਾ ਸਾਰਾ ਹੀ ਜੀਵਨ ਫਜ਼ੂਲ ਦੇ ਮੂਰਖਤਾ ਭਰੇ ਕੰਮ ਵਿਚ ਵਿਅਰਥ ਹੀ ਚਲਾ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ, ਬਾਕੀ ਸਾਰੇ ਗੁਣ ਜਿਵੇਂ ਸਵੈ-ਅਨੁਸ਼ਾਸਿਤ ਹੋਣ ਅਤੇ ਗਿਆਨ ਹਾਸਿਲ ਕਰਨਾ, ਮਨੁੱਖ ਨੂੰ ਝੂਠ ਦੇ ਫਾਹੇ ਤੋਂ ਮੁਕਤ ਨਹੀਂ ਕਰਾ ਸਕਦੇ। ਝੂਠ ਦੇ ਫਾਹੇ ਤੋਂ ਬਚਣ ਦਾ ਕੇਵਲ ਇੱਕੋ ਇਕ ਤਰੀਕਾ ਪ੍ਰਮਾਤਮਾ ਦੇ ਭਗਤਾਂ ਪ੍ਰਤੀ ਸ਼ਰਧਾ ਰੱਖਣਾ ਅਤੇ ਉਹਨਾਂ ਤੋਂ ਸਿੱਖਣਾ ਹੈ।

3. ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ॥ ਤੋਂ ਲਏ ਗਏ ਉਪਦੇਸ਼

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੨)

ਉਪਦੇਸ਼ ਨੰਬਰ 36
ਮੌਤ ਨਿਸ਼ਚਿਤ ਹੈ

ਹਰੇਕ ਮਨੁੱਖ ਦੀ ਮੌਤ ਨਿਸ਼ਚਿਤ ਅਤੇ ਸਮਾਂ ਨਿਰਧਾਰਿਤ ਹੈ। ਸਮਝਦਾਰ ਉਹੀ ਹਨ, ਜੋ ਇਸ ਸੱਚਾਈ ਤੋਂ ਜਾਣੂ ਹਨ ਅਤੇ ਇਸ ਨਿਰਧਾਰਿਤ ਘਟਨਾਕ੍ਰਮ ਤੋਂ ਬਚਾਉਣ ਵਾਲੇ ਪ੍ਰਮਾਤਮਾ ਨੂੰ ਸਿਮਰਦੇ ਹਨ। ਉਹ ਲੋਕ, ਜੋ ਉਸ ਸਿਰਜਣਹਾਰ ਦੀ ਪ੍ਰਸ਼ੰਸਾ ਵਿਚ ਜੁੜੇ ਰਹਿੰਦੇ ਹਨ, ਉਹ ਮੌਤ ਨੂੰ ਪ੍ਰਮਾਤਮਾ ਨਾਲ ਮਿਲਾਪ ਦੀ ਘੜੀ ਵਜੋਂ ਦੇਖਦੇ ਹਨ। ਪ੍ਰਮਾਤਮਾ, ਜਿਸ ਨੂੰ ਕਿਸੇ ਦਾ ਵੀ ਡਰ ਨਹੀਂ ਹੈ, ਆਪਣੇ ਭਗਤਾਂ 'ਤੇ ਸ਼ਾਂਤੀ ਅਤੇ ਪ੍ਰਸੰਨਤਾ ਦੀ ਮਿਹਰ ਕਰਦਾ ਹੈ। ਮਨੁੱਖ ਉਦੋਂ ਹੀ ਬਿਨਾਂ ਕਿਸੇ ਰੁਕਾਵਟ ਦੇ ਪ੍ਰਮਾਤਮਾ ਨੂੰ ਸਿਮਰਦਾ ਹੈ, ਜਦੋਂ ਉਸ ਉਤੇ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ। ਪ੍ਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਕੋਈ ਮੁੱਲ ਨਹੀਂ ਹੈ। ਕੋਈ ਵੀ ਪ੍ਰਮਾਤਮਾ ਦੇ ਗੁਣਾਂ ਅਤੇ ਉਸ ਦੀਆਂ ਬਖ਼ਸ਼ਿਸ਼ਾਂ ਦੀ ਗਿਣਤੀ ਨਹੀਂ ਕਰ ਸਕਦਾ। ਇਹ ਉਹਨਾਂ ਨੂੰ, ਉਹਨਾਂ ਲੋਕਾਂ ਨੂੰ ਅਰਦਾਸ ਕਰਨ ਦੇ ਕਾਬਿਲ ਬਣਾਉਂਦਾ ਹੈ ਜੋ ਪ੍ਰਮਾਤਮਾ ਨਾਲ ਇਕ-ਮਿਕ ਹਨ ਅਤੇ ਉਸ ਨੂੰ ਪ੍ਰਮਾਤਮਾ ਨਾਲ ਮਿਲਾਪ ਲਈ ਬੇਨਤੀ ਕਰਦੇ ਹਨ।

4. ਰਾਗੁ ਆਸਾ ਮਹਲਾ ੧ ਤੋਂ ਲਏ ਗਏ ਉਪਦੇਸ਼

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨-੧੩)

ਉਪਦੇਸ਼ ਨੰਬਰ 37

ਕੇਵਲ ਸਤਿਗੁਰੂ ਹੀ ਸੱਚਾਈ ਦਾ ਗਿਆਨ ਦਿੰਦਾ ਹੈ

ਇਕ ਮਹੀਨੇ ਵਿਚ ਸਮੇਂ ਦੇ ਹੋਰ ਅਨੇਕਾਂ ਛੋਟੇ-ਛੋਟੇ ਹਿੱਸੇ ਹੁੰਦੇ ਹਨ। ਠੀਕ ਇਸੇ ਤਰ੍ਹਾਂ ਰੁੱਤਾਂ ਦੇ ਦੌਰਾਨ ਇਕ ਸੂਰਜ ਕਈ ਮੌਸਮਾਂ ਨੂੰ ਪੈਦਾ ਕਰਦਾ ਹੈ। ਉਪਰੋਕਤ ਸੱਚਾਈ, ਜਿੰਨਾ ਹੀ ਇਹ ਵੀ ਸੱਚ ਹੈ ਕਿ ਕੇਵਲ ਇਕ ਗੁਰੂ ਹੀ ਹੈ ਜੋ ਪ੍ਰਮਾਤਮਾ ਦੇ ਬਾਰੇ ਗਿਆਨ ਬਖ਼ਸ਼ਦਾ ਹੈ। ਪ੍ਰਮਾਤਮਾ ਬਾਰੇ ਹਦਾਇਤਾਂ ਦੇਣ ਦੇ ਅਨੇਕਾਂ ਹੀ ਤਰੀਕੇ ਹਨ। ਪਰ ਉਹ ਸਿੱਖਿਆਵਾਂ ਜੋ ਪ੍ਰਮਾਤਮਾ ਦੀ ਪ੍ਰਸ਼ੰਸਾ ਤੇ ਕੇਂਦਰਿਤ ਹੋਣ, ਮੰਨਣਯੋਗ ਹੁੰਦੀਆਂ ਹਨ। ਮਨੁੱਖ ਦਾ ਸੱਚਾ ਪਸ਼ਚਾਤਾਪ ਅਤੇ ਸਨਮਾਨ ਉਸ ਇਕ ਹੀ ਪ੍ਰਮਾਤਮਾ ਦੀ ਪ੍ਰਸ਼ੰਸਾ ਵਿਚ ਹੈ।

5. ਰਾਗ ਧਨਾਸਰੀ ਮਹਲਾ ੧ ਤੋਂ ਲਏ ਗਏ ਉਪਦੇਸ਼

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩)

ਉਪਦੇਸ਼ ਨੰਬਰ 38

ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੀ ਹੈ

ਆਰਤੀ, ਪ੍ਰਮਾਤਮਾ ਦੀ ਪ੍ਰਸ਼ੰਸਾ ਨੂੰ ਰਵਾਇਤੀ ਤਰੀਕੇ ਨਾਲ ਗਾਉਣ ਦੀ ਧਾਰਮਿਕ ਵਿਧੀ ਵਿਚ ਹੇਠ ਲਿਖੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ :

ਕਾਂਸੀ ਦੀ ਥਾਲੀ, ਛੋਟੇ ਮਿੱਟੀ ਦੇ ਦੀਵੇ, ਵੱਖ-ਵੱਖ ਤਰ੍ਹਾਂ ਦੇ ਹੀਰੇ ਮੋਤੀ, ਅਗਰਬੱਤੀ, ਇਕ ਖਾਸ ਤਰ੍ਹਾਂ ਦਾ ਚੌਰ, ਫੁੱਲਾਂ ਦਾ ਇਤਰ ਅਤੇ ਡੱਫਲੀ।

ਲੇਕਿਨ ਇਹ ਆਰਤੀ ਕੁਦਰਤ ਵਿਚ ਪਹਿਲਾਂ ਹੀ ਹੋ ਰਹੀ ਹੈ। ਬ੍ਰਹਿਮੰਡ ਇਕ ਬਹੁਤ ਵੱਡਾ ਥਾਲ ਹੈ, ਚੰਦ ਅਤੇ ਸੂਰਜ ਇਸ ਦੇ ਦੀਪਕ (ਦੀਵੇ) ਹਨ। ਤਾਰੇ ਮੋਤੀ ਹਨ। ਪਹਾੜਾਂ ਤੋਂ ਚਲ ਕੇ ਆ ਰਹੀ ਖੁਸ਼ਬੂਆਂ ਭਰੀ ਹਵਾ ਅਗਰਬੱਤੀ ਹੈ। ਹਵਾ ਚੌਰ ਕਰ ਰਹੀ ਹੈ ਅਤੇ ਸਾਰੀ ਬਨਸਪਤੀ ਫੁੱਲਾਂ ਦੀ ਭੇਟਾ ਹੈ। ਪ੍ਰਮਾਤਮਾ ਦੀ ਪ੍ਰਸ਼ੰਸਾ ਕਰਦੀ, ਇਹ ਅਦਭੁੱਤ ਆਰਤੀ ਹਰ ਸਮੇਂ ਕੁਦਰਤ ਵਿਚ ਹੁੰਦੀ ਰਹਿੰਦੀ ਹੈ। ਬਿਨਾਂ ਕਿਸੇ ਤਾਰ ਵਾਦਕ ਤੋਂ ਇਹ ਦੈਵੀ ਸੰਗੀਤ ਢੋਲਕੀ ਵਜਾ ਰਿਹਾ ਹੈ। ਉਸ ਪ੍ਰਮਾਤਮਾ ਦੀਆਂ ਭਾਵੇਂ ਆਪਣੀਆਂ ਕੋਈ ਅੱਖਾਂ ਨਹੀਂ ਹਨ, ਪਰ ਹਰ ਇਕ ਨਜ਼ਰ ਉਸੇ ਦੀ ਹੀ ਹੈ, ਭਾਵੇਂ ਉਸ ਦਾ ਆਪਣਾ ਕੋਈ ਰੂਪ ਨਹੀਂ ਹੈ, ਸਾਰੇ ਰੂਪ ਉਸ ਦੇ ਹੀ ਹਨ ਅਤੇ ਉਸ ਨਾਲ ਸੰਬੰਧਿਤ ਹਨ। ਉਸ ਦੇ ਆਪਣੇ ਭਾਵੇਂ ਕੋਈ ਪੈਰ ਨਹੀਂ ਹਨ, ਪਰ ਸਾਰੇ ਪੈਰ ਉਸ ਦੇ ਹਨ। ਉਸ ਦਾ ਆਪਣਾ ਕੋਈ ਨੱਕ ਨਹੀਂ ਹੈ, ਪਰ ਸਾਰੇ

ਨੱਕ ਉਸ ਦੇ ਹੀ ਹਨ। ਸਾਰੇ ਆਕਾਰ (ਸਰੂਪ) ਉਸ ਨਿਰੰਕਾਰ ਪ੍ਰਮਾਤਮਾ ਦੇ ਹੀ ਹਨ। ਮਨੁੱਖ ਪ੍ਰਮਾਤਮਾ ਦੀ ਅਦਭੁੱਤ ਅਤੇ ਵਿਲੱਖਣ ਵਿਸ਼ੇਸ਼ਤਾ ਤੇ ਸਿਰਫ ਅਚੰਭਿਤ ਹੀ ਹੋ ਸਕਦਾ ਹੈ। ਪ੍ਰਮਾਤਮਾ ਦੀ ਜੀਵਨ ਦਾਤ ਦੇਣ ਵਾਲੀ ਜੋਤ ਹਰ ਇਕ ਮਨੁੱਖ ਵਿਚ ਮੌਜੂਦ ਹੈ। ਗੁਰੂ ਦੀ ਸਿੱਖਿਆ ਨਾਲ ਮਨ ਦੀਆਂ ਅੱਖਾਂ ਨਾਲ ਇਹ ਜੋਤ ਦੇਖੀ ਜਾਂਦੀ ਹੈ। ਕੇਵਲ ਅਜਿਹੀ ਆਰਤੀ ਹੀ ਪ੍ਰਮਾਤਮਾ ਵਲੋਂ ਸਵੀਕਾਰੀ ਜਾਂਦੀ ਹੈ। ਭਗਤ ਦਿਨ-ਰਾਤ, ਨਿਮਰਤਾ ਸਹਿਤ ਪ੍ਰਮਾਤਮਾ ਦੀ ਮਿਹਰ ਲਈ ਤਰਲੇ ਕਰਦਾ ਹੈ, ਜੋ ਉਸ ਨੂੰ ਪ੍ਰਮਾਤਮਾ ਨਾਲ ਮਿਲਾਉਂਦੀ ਹੈ।

6. ਰਾਗੁ ਸਿਰੀਰਾਗੁ ਮਹਲਾ ੧ ਘਰੁ ੧ ॥ ਤੋਂ ਲਏ ਗਏ ਉਪਦੇਸ਼

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪-੨੬)

ਉਪਦੇਸ਼ ਨੰਬਰ 39

ਪ੍ਰਮਾਤਮਾ ਨੂੰ ਭੁੱਲਣ ਨਾਲ ਜੀਵਨ ਵਿਚ ਤਕਲੀਫਾਂ ਅਤੇ ਧੱਕੇ ਮਿਲਦੇ ਹਨ

ਪ੍ਰਮਾਤਮਾ ਤੋਂ ਟੁੱਟ ਕੇ ਮਨੁੱਖ ਜੀਵਨ ਵਿਚ ਦੁੱਖ ਅਤੇ ਤਕਲੀਫਾਂ ਹੀ ਝੱਲਦਾ ਹੈ। ਗੁਰੂ ਇਹ ਸਮਝਾਉਂਦਾ ਹੈ ਕਿ ਪ੍ਰਮਾਤਮਾ ਨਾਲ ਅੰਦਰੂਨੀ ਸਾਂਝ ਪਾਉਣ ਤੋਂ ਬਿਨਾਂ ਮਨੁੱਖ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਹਾਸਲ ਨਹੀਂ ਕਰ ਸਕਦਾ। ਪ੍ਰਮਾਤਮਾ ਨੂੰ ਭੁੱਲਣ ਤੋਂ ਵੱਡਾ ਕੋਈ ਹੋਰ ਘਾਟਾ ਨਹੀਂ ਹੈ। ਜੇ ਮਨੁੱਖ ਪ੍ਰਮਾਤਮਾ ਨੂੰ ਭੁਲਾਉਂਦਾ ਹੈ ਤਾਂ ਉਹ ਬਹੁਤ ਸਾਰੇ ਅਣਜਾਣੇ ਖਤਰੇ ਅਤੇ ਦੁੱਖਾਂ ਵਿਚ ਫਸ ਸਕਦਾ ਹੈ।

ਦੌਲਤ ਦੀ ਚਕਾਚੌਂਧ, ਸਰੀਰਕ ਅਨੰਦ, ਮਾਯਾਵੀ ਸ਼ਕਤੀਆਂ, ਪ੍ਰਸਿੱਧੀ ਅਤੇ ਬਾਦਸ਼ਾਹੀ ਤਾਕਤਾਂ ਅਜਿਹੇ ਹੀ ਅਣਜਾਣੇ ਖਤਰੇ ਦੀਆਂ ਉਦਾਹਰਣਾਂ ਹਨ।

ਉਪਦੇਸ਼ ਨੰਬਰ 40

ਜ਼ਿੰਦਗੀ ਦਾ ਉਦੇਸ਼ ਪ੍ਰਮਾਤਮਾ ਨਾਲ ਗੰਭੀਰਤਾ ਭਰੀ ਅਤੇ ਅੰਦਰੂਨੀ ਸਾਂਝ ਹੋਣਾ ਚਾਹੀਦਾ ਹੈ

ਪ੍ਰਮਾਤਮਾ ਨੂੰ ਉਸ ਦੇ ਸਰਵ-ਉੱਚ ਰਾਜ ਦੇ ਸਥਾਨ ਤੋਂ ਨਾ ਹੀ ਹਿਲਾਇਆ ਅਤੇ ਨਾ ਹੀ ਬੇ-ਦਖਲ ਕੀਤਾ ਜਾ ਸਕਦਾ ਹੈ, ਕਿਉਂਕਿ ਉਹ ਸਦੀਵੀ ਹੈ। ਲੋਕ ਉਸ ਦੀ ਮਹਾਨਤਾ ਬਾਰੇ ਉਹੀ ਗੱਲਾਂ ਕਰਦੇ ਹਨ, ਜੋ ਉਹਨਾਂ ਨੇ ਦੂਸਰਿਆਂ ਤੋਂ ਸੁਣੀਆਂ ਹੁੰਦੀਆਂ ਹਨ। ਅਜਿਹੀਆਂ ਵਿਆਖਿਆਵਾਂ ਪ੍ਰਮਾਤਮਾ ਨਾਲ ਭਾਵਨਾਤਮਕ ਬੰਧਨਾਂ ਤੋਂ ਬਗੈਰ ਹੁੰਦੀਆਂ ਹਨ। (ਅਜਿਹੀਆਂ ਵਿਆਖਿਆਵਾਂ ਵਿਚ ਕੋਈ ਭਾਵਨਾਤਮਕ ਲਗਾਉ ਨਹੀਂ

ਹੁੰਦਾ)। ਪ੍ਰਮਾਤਮਾ ਨਾਲ ਮਨੁੱਖ ਦੀ ਸਾਂਝ ਵਿਚ ਭਾਵਨਾਤਮਕ ਲਗਾਉ, ਕੇਵਲ ਤਦ ਹੀ ਸੰਭਵ ਹੈ ਜੇ ਉਹ (ਪ੍ਰਮਾਤਮਾ) ਮਿਹਰ ਕਰੇ। ਪ੍ਰਮਾਤਮਾ ਬਾਰੇ ਕੋਈ ਵੀ ਸੰਪੂਰਨ ਗਿਆਨ ਨਹੀਂ ਹਾਸਲ ਕਰ ਸਕਦਾ, ਕਿਉਂਕਿ ਉਸ ਦੀਆਂ ਵਿਸ਼ੇਸ਼ਤਾਵਾਂ ਦੇ ਅਥਾਹ ਦਾਇਰੇ ਨੂੰ ਸਮਝਣਾ ਅਸੰਭਵ ਹੈ। ਪ੍ਰਮਾਤਮਾ ਨੂੰ ਸਮਝਣ ਦੇ ਸਾਡੇ ਸਾਧਨ ਭਾਵੇਂ ਕਿੰਨੇ ਵੀ ਵਧੀਆ ਅਤੇ ਸ਼ਾਨਦਾਰ ਕਿਉਂ ਨਾ ਹੋਣ, ਕੋਈ ਵੀ ਮਨੁੱਖ ਪ੍ਰਮਾਤਮਾ ਦੇ ਗੁਣਾਂ ਨੂੰ ਮਾਪ ਨਹੀਂ ਸਕਦਾ, ਕਿਉਂਕਿ ਉਹ ਬੇਅੰਤ ਹਨ। ਪ੍ਰਮਾਤਮਾ ਦੇ ਗੁਣਾਂ ਦੀ ਜਾਣਕਾਰੀ ਅਤੇ ਪ੍ਰਮਾਤਮਾ ਦੀ ਮਹਾਨਤਾ ਦਾ ਅਨੁਭਵ ਹੇਠ ਲਿਖਿਆਂ ਸਾਧਨਾਂ ਨਾਲ ਸੰਭਵ ਨਹੀਂ :

- ਸਭ ਤੋਂ ਕਠੋਰ ਅਤੇ ਅੰਤਹੀਨ ਦੰਡਵਤ ਪ੍ਰਨਾਮ
- ਗੈਰ-ਮਨੁੱਖੀ ਕਰਤਬ ਕਰਨੇ
- ਮਨ ਨੂੰ ਹੈਰਾਨ ਕਰ ਦੇਣ ਵਾਲੀਆਂ ਕੋਸ਼ਿਸ਼ਾਂ ਨਾਲ ਲਿਖਣਾ

ਉਪਦੇਸ਼ ਨੰਬਰ 41
ਜੀਵਨ ਵਿਚ ਕੀਤੇ ਗਏ ਸਾਰੇ ਕਰਮ ਪ੍ਰਮਾਤਮਾ ਵੱਲੋਂ ਪਰਖੇ ਜਾਂਦੇ ਹਨ

ਪ੍ਰਮਾਤਮਾ ਦੀ ਭਗਤੀ ਕਰਨੀ ਇਕ ਅਸਲ ਅਤੇ ਸਥਾਈ ਕਰਮ ਹੈ। ਪ੍ਰਮਾਤਮਾ ਨੂੰ ਭੁੱਲਣਾ ਭਰਮ ਅਤੇ ਅਸਥਾਈ ਕਰਮ ਹੈ। ਉਹ ਮਨੁੱਖ, ਜੋ ਇਸ ਭਰਮ ਵਿਚ ਰੁੱਝਾ ਰਹਿੰਦਾ ਹੈ, ਉਹ ਆਪਣਾ ਇਹ ਜਨਮ ਅਤੇ ਅਗਲਾ ਜਨਮ ਵੀ ਬਰਬਾਦ ਕਰ ਲੈਂਦਾ ਹੈ। ਮੌਤ ਤੋਂ ਬਾਅਦ ਮਨੁੱਖ ਦੇ ਸਾਰੇ ਕਰਮ ਪ੍ਰਮਾਤਮਾ ਦੇ ਦਰਬਾਰ ਵਿਚ ਪਰਖੇ ਜਾਂਦੇ ਹਨ। ਮਨੁੱਖ ਨੂੰ ਆਪਣੇ ਸਾਰੇ ਕਰਮਾਂ—ਬੋਲਣਾ, ਖਾਣਾ, ਪੀਣਾ, ਤੁਰਨਾ, ਯਾਤਰਾ ਕਰਨਾ, ਦੇਖਣਾ, ਸੁਨਣਾ, ਪੜ੍ਹਨਾ ਅਤੇ ਸਿੱਖਣਾ ਆਦਿ ਦਾ ਹਿਸਾਬ ਦੇਣਾ ਹੀ ਪੈਂਦਾ ਹੈ। ਉਪਰੋਕਤ ਸਾਰੇ ਕਰਮ ਕਰਦਿਆਂ ਮਨੁੱਖ ਦੁਆਰਾ ਕੀਤੇ ਗਏ ਚੰਗੇ ਅਤੇ ਮਾੜੇ ਕਰਮਾਂ ਦਾ ਵੀ ਫੈਸਲਾ ਕੀਤਾ ਜਾਂਦਾ ਹੈ।

ਹਰੇਕ ਮਨੁੱਖ ਦੇ ਜਨਮ ਤੋਂ ਬਾਅਦ, ਮੌਤ ਨਿਸ਼ਚਿਤ ਹੈ। ਇਸ ਦੁਨੀਆਂ ਤੋਂ ਵਿਦਾਈ ਤੋਂ ਬਾਅਦ ਕੋਈ ਵੀ ਉਸ ਵਿਦਾ ਹੋਏ (ਮਰ ਚੁੱਕੇ) ਮਨੁੱਖ ਦੇ ਨਾਲ ਨਹੀਂ ਜਾਂਦਾ। ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਹਿਸਾਬ ਇਕੱਲੇ ਹੀ ਚੁਕਾਉਣਾ ਪੈਂਦਾ ਹੈ। ਉਹ ਲੋਕ ਜੋ ਕਿਸੇ ਦੀ ਮੌਤ 'ਤੇ ਉਦਾਸ ਤੇ ਦੁਖੀ ਹੋ ਕੇ ਰੋਂਦੇ ਕੁਰਲਾਉਂਦੇ ਹਨ, ਫ਼ਜ਼ੂਲ ਹੀ ਰੋਂਦੇ ਕੁਰਲਾਉਂਦੇ ਹਨ। ਉਹ ਮਰ ਚੁੱਕੇ ਵਿਅਕਤੀ ਨੂੰ ਵਾਪਸ ਨਹੀਂ ਲਿਆ ਸਕਦੇ ਅਤੇ ਉਹ ਆਪਣੇ ਲਈ ਵੀ ਅਜਿਹੀ ਭਵਿੱਖਬਾਣੀ ਦਾ ਇੰਤਜਾਰ ਕਰਦੇ ਹਨ।

ਕੋਈ ਭਾਵੇਂ ਕਿੰਨੇ ਵੀ ਦਾਅਵੇ ਕਿਉਂ ਨਾ ਕਰੇ, ਕੋਈ ਵੀ ਪ੍ਰਮਾਤਮਾ ਦੀ ਮਹਾਨਤਾ ਬਾਰੇ ਨਹੀਂ ਜਾਣ ਸਕਦਾ। ਸਿਰਫ ਪ੍ਰਮਾਤਮਾ ਹੀ ਸਦੀਵੀ ਹੈ। ਹਰੇਕ ਜੀਵ, ਜਿਸ ਨੇ ਜਨਮ

ਲਿਆ ਹੈ, ਜਲਦੀ ਜਾਂ ਥੋੜੀ ਦੇਰ ਬਾਅਦ ਮਰਨਾ ਹੀ ਹੈ। ਪ੍ਰਮਾਤਮਾ ਨਿਮਾਣੇ ਲੋਕਾਂ ਦੇ ਹਿਰਦੇ ਵਿਚ ਵੱਸਦਾ ਹੈ, ਅਜਿਹਾ ਹਿਰਦੇ ਜਿਸ ਵਿਚ ਆਤਮ-ਪੂਜਾ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ (ਭਾਵ ਹੰਕਾਰ ਨਹੀਂ ਹੈ)। ਪ੍ਰਮਾਤਮਾ ਉਹਨਾਂ ਉਤੇ ਆਪਣੀ ਮਿਹਰ ਦੀ ਬਖ਼ਸ਼ਿਸ਼ ਕਰਦਾ ਹੈ। ਅਜਿਹੇ ਲੋਕ ਪ੍ਰਮਾਤਮਾ ਵੱਲੋਂ ਪਰਖੇ ਨਹੀਂ, ਸਨਮਾਨੇ ਜਾਂਦੇ ਹਨ। ਪ੍ਰਮਾਤਮਾ ਦੇ ਅਜਿਹੇ ਭਗਤਾਂ ਨਾਲ ਜੁੜਨਾ ਬੜੀ ਵੱਡੀ ਗੱਲ ਹੈ।

ਉਪਦੇਸ਼ ਨੰਬਰ 42

ਕੇਵਲ ਉਹੀ ਵਿਚਾਰ ਅਤੇ ਕਰਮ ਨੇਕ ਹਨ, ਜੋ ਪ੍ਰਮਾਤਮਾ ਨੂੰ ਭਾਉਂਦੇ ਹਨ

ਉਹੀ ਸ਼ਬਦ ਸਹੀ ਹਨ ਜੋ ਪ੍ਰਮਾਤਮਾ ਨੂੰ ਸਵੀਕਾਰ ਹੋਣ। ਅਜਿਹੇ ਵਕਤਾ (ਬੋਲਣ ਵਾਲੇ) ਨੇਕ ਹਨ ਅਤੇ ਪ੍ਰਮਾਤਮਾ ਵੱਲੋਂ ਵੀ ਸਨਮਾਨਿਤ ਕੀਤੇ ਜਾਂਦੇ ਹਨ। ਦੂਸਰੇ ਪਾਸੇ, ਲਾਲਚ, ਝੂਠ, ਬੇਈਮਾਨੀ ਨਾਲ ਕਮਾਈ ਰੋਜ਼ੀ-ਰੋਟੀ, ਦੂਸਰਿਆਂ ਦੀ ਬੁਰਾਈ, ਗੁੱਸਾ ਅਤੇ ਆਤਮ-ਪ੍ਰਸ਼ੰਸਾ, ਮਨੁੱਖ ਨੂੰ ਅਣਮਨੁੱਖੀ ਬਣਾ ਕੇ ਉਸ ਦਾ ਸਮਾਜ ਵਿਚ ਮਾਣ ਵੀ ਘਟਾਉਂਦੇ ਹਨ। ਅਜਿਹਾ ਮਨ ਜੋ ਜਲਦੀ ਹੀ ਪ੍ਰਲੋਭਨ ਜਾਂ ਲਾਲਚ ਵਿਚ ਆ ਜਾਂਦਾ ਹੈ ਅਤੇ ਸਰੀਰਕ ਖ਼ੁਸ਼ੀਆਂ ਦਾ ਗੁਲਾਮ ਹੋਵੇ, ਉਹ ਮਨ ਕਦੀ ਵੀ ਪ੍ਰਮਾਤਮਾ ਦਾ ਨਿਵਾਸ ਸਥਾਨ ਨਹੀਂ ਬਣ ਸਕਦਾ। ਭੋਗ ਭੋਗਣ ਦੀ ਇੱਛਾ, ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਛਕਣ ਤੋਂ ਉਲਟ ਹੈ। ਇਹ ਦੋਨੋਂ ਇਕੱਠੇ ਨਹੀਂ ਚਲ ਸਕਦੇ।

ਗੁਰੂ ਦੀ ਹਿਦਾਇਤ ਅਨੁਸਾਰ ਬੋਲਣਾ ਪ੍ਰਮਾਤਮਾ ਵੱਲੋਂ ਵੀ ਸਨਮਾਨ ਦਿਵਾਉਂਦਾ ਹੈ। ਉਹ ਲੋਕ, ਜੋ ਗੁਰੂ ਦੀ ਹਿਦਾਇਤ ਤੋਂ ਅਨਜਾਣ ਅਤੇ ਅਗਿਆਨਤਾ ਨਾਲ ਬੋਲਦੇ ਹਨ, ਸ਼ਰਮਿੰਦਗੀ ਹੀ ਉਠਾਉਂਦੇ ਹਨ। ਉੱਚੇ ਆਚਰਨ ਵਾਲੇ ਉਹੀ ਹੁੰਦੇ ਹਨ, ਜਿਨ੍ਹਾਂ ਉਤੇ ਪ੍ਰਮਾਤਮਾ ਆਪਣੀ ਮਿਹਰ ਦੀ ਬਖ਼ਸ਼ਿਸ਼ ਕਰਦਾ ਹੈ। ਉਹ ਆਪਣੇ ਦਿਲ ਵਿਚ ਪ੍ਰਮਾਤਮਾ ਦਾ ਨਿਵਾਸ ਕਰਕੇ, ਸਭ ਤੋਂ ਉੱਤਮ ਗਿਆਨ, ਸਨਮਾਨ ਅਤੇ ਦੌਲਤ ਪ੍ਰਾਪਤ ਕਰਦੇ ਹਨ। ਉਹਨਾਂ ਦੀ ਜ਼ਿਆਦਾ ਪ੍ਰਸ਼ੰਸਾ ਕਰਨਾ ਵੀ ਮੁਸ਼ਕਿਲ ਹੈ। ਕੋਈ ਹੋਰ ਅਜਿਹੀ ਪ੍ਰਸ਼ੰਸਾ ਦੇ ਕਾਬਿਲ ਨਹੀਂ ਹੁੰਦਾ। ਜਿਨ੍ਹਾਂ ਉਤੇ ਪ੍ਰਮਾਤਮਾ ਦੀ ਮਿਹਰ ਹੋਵੇ, ਉਹਨਾਂ ਦੇ ਚਰਿੱਤਰ ਦੀ ਸੁੰਦਰਤਾ ਦਾ ਕੋਈ ਸਾਨੀ ਨਹੀਂ ਹੁੰਦਾ। ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨਾਂ ਹਰ ਕੋਈ ਮਨੁੱਖ ਅਸਥਾਈ ਅਤੇ ਭਰਮ-ਭੁਲੇਖਿਆਂ ਵਿਚ ਉਲਝਿਆ ਰਹਿੰਦਾ ਹੈ। ਪ੍ਰਮਾਤਮਾ ਦੀ ਮਿਹਰ ਹੀ ਮਨੁੱਖ ਨੂੰ ਉਸ ਦੇ (ਪ੍ਰਮਾਤਮਾ ਦੇ) ਨਾਲ ਜੋੜਦੀ ਹੈ ਜੋ ਕਿ ਅਸਲ ਅਤੇ ਚਿਰ-ਸਥਾਈ ਹੈ।

ਉਪਦੇਸ਼ ਨੰਬਰ 43

ਪ੍ਰਮਾਤਮਾ ਨੂੰ ਭੁਲਾ ਕੇ ਮਨੁੱਖ ਝੂਠ ਦੇ ਜਾਲ ਵਿਚ ਫਸਦਾ ਹੈ

ਪ੍ਰਮਾਤਮਾ ਨੂੰ ਭੁੱਲ ਕੇ, ਮਨੁੱਖ ਝੂਠ ਦੇ ਨਸ਼ੇ ਵਿਚ ਕੈਦ ਹੋ ਜਾਂਦਾ ਹੈ। ਪ੍ਰਮਾਤਮਾ

ਉਹਨਾਂ ਨੂੰ ਹੀ ਇਹ ਨਸ਼ਾ ਲਗਾਉਂਦਾ ਹੈ, ਜਿਨ੍ਹਾਂ ਲਈ ਇਹ ਨਿਰਧਾਰਿਤ ਹੁੰਦਾ ਹੈ। ਅਜਿਹੀ ਹਾਲਤ ਵਿਚ ਮਨੁੱਖ ਮੌਤ ਦੀ ਸੱਚਾਈ ਨੂੰ ਭੁੱਲ ਜਾਂਦਾ ਹੈ। ਲੇਕਿਨ ਅਗਿਆਨਤਾ ਦੀ ਇਹ ਖ਼ੁਸ਼ੀ, ਬਹੁਤ ਥੋੜੀ ਦੇਰ ਲਈ ਹੁੰਦੀ ਹੈ। ਪ੍ਰਮਾਤਮਾ ਆਪਣੇ ਭਗਤਾਂ 'ਤੇ ਸੱਚਾਈ ਦੀ ਬਖ਼ਸ਼ਿਸ਼ ਕਰਦਾ ਹੈ ਅਤੇ ਉਸ ਨੂੰ ਆਪਣੇ ਨਜ਼ਦੀਕ ਰੱਖਦਾ ਹੈ। ਜਦੋਂ ਕਿਸੇ ਮਨੁੱਖ 'ਤੇ ਮਿਹਰ ਹੋ ਜਾਂਦੀ ਹੈ ਕਿ ਉਹ ਪ੍ਰਮਾਤਮਾ ਨੂੰ ਉਂਝ ਹੀ ਦੇਖਣ ਲੱਗਦਾ ਹੈ, ਜਿਵੇਂ ਕਿ ਉਹ (ਪ੍ਰਮਾਤਮਾ) ਹੈ—ਇਕ ਸਦੀਵੀ ਸਚਾਈ, ਫਿਰ ਉਹ ਮਨੁੱਖ ਸ਼ਾਂਤੀਪੂਰਨ ਜ਼ਿੰਦਗੀ ਜਿਉਣ ਲੱਗਦਾ ਹੈ ਅਤੇ ਪ੍ਰਮਾਤਮਾ ਤੋਂ ਵੀ ਸਨਮਾਨ ਪਾਉਂਦਾ ਹੈ। ਉਹ ਲੋਕ, ਜਿਨ੍ਹਾਂ ਉਤੇ ਪ੍ਰਮਾਤਮਾ ਦੇ ਸਿਮਰਨ ਦੀ ਮਿਹਰ ਹੁੰਦੀ ਹੈ, ਉਹ ਸਦਾ ਪ੍ਰਮਾਤਮਾ ਦੇ ਪਿਆਰ ਦੇ ਨਸ਼ੇ ਵਿਚ ਰਹਿੰਦੇ ਹਨ। ਗੁਰੂ ਉਹਨਾਂ ਸਾਰਿਆਂ 'ਤੇ ਮਿਹਰ ਕਰਦਾ ਹੈ ਜੋ ਪ੍ਰਮਾਤਮਾ ਦੇ ਨਾਮ ਵਿਚ ਲੀਨ ਰਹਿੰਦੇ ਹਨ।

ਪ੍ਰਮਾਤਮਾ ਅਥਾਹ ਗੁਣਾਂ ਦਾ ਸਮੁੰਦਰ ਹੈ। ਉਸ ਦੇ ਗੁਣਾਂ ਦੀ ਯਾਦ, ਝੂਠ ਨੂੰ ਸਮਾਪਤ ਕਰਦੀ ਹੈ ਅਤੇ ਮਨੁੱਖ ਦੇ ਅੰਤਰ ਮਨ ਨੂੰ ਸ਼ੁੱਧ ਕਰਕੇ ਉਸ ਦੇ ਸਾਰੇ ਚਰਿੱਤਰ ਨੂੰ ਸੁੰਦਰਤਾ ਪ੍ਰਦਾਨ ਕਰਦੀ ਹੈ। ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਵਿੱਚੋਂ ਸਭ ਤੋਂ ਵਧੀਆ ਦਾਤ ਪ੍ਰਮਾਤਮਾ ਦਾ ਸਿਮਰਨ ਹੈ। ਪ੍ਰਮਾਤਮਾ ਆਪਣੇ ਭਗਤਾਂ ਦੇ ਦੁੱਖ ਦੂਰ ਕਰਦਾ ਹੈ ਅਤੇ ਉਹਨਾਂ 'ਤੇ ਖ਼ੁਸ਼ੀਆਂ ਦੀ ਮਿਹਰ ਕਰਦਾ ਹੈ। ਮਨੁੱਖ ਨੂੰ ਉਸ ਪ੍ਰਮਾਤਮਾ ਨੂੰ ਕਦੀ ਵੀ ਨਹੀਂ ਭੁੱਲਣਾ ਚਾਹੀਦਾ, ਜੋ ਉਸ ਦੀ ਆਪਣੀ ਆਤਮਾ ਦਾ ਮਾਲਕ ਹੈ। ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਉਹੋ ਹੀ ਸਹੀ ਹੈ। ਸ਼ੁੱਧ ਅਤੇ ਅਸ਼ੁੱਧ ਬਾਰੇ ਬਾਕੀ ਸਾਰੀਆਂ ਗੱਲਾਂ ਸਿਰਫ਼ ਝੂਠ ਵਿਚ ਪੈਣ ਵਾਲੀਆਂ ਹਨ। ਕੋਈ ਵੀ ਜੀਵ ਪ੍ਰਮਾਤਮਾ ਬਾਰੇ ਅਗਿਆਨਤਾ ਅਤੇ ਪ੍ਰਮਾਤਮਾ ਤੋਂ ਅਲੱਗ ਹੋ ਕੇ ਸ਼ੁੱਧ ਨਹੀਂ ਹੋ ਸਕਦਾ।

ਉਪਦੇਸ਼ ਨੰਬਰ 44
ਗੁਰੂ ਦਾ ਉਪਦੇਸ਼ ਝੂਠ ਦਾ ਨਾਸ਼ ਕਰਦਾ ਹੈ

ਫੈਸਲੇ ਵਾਲੇ ਦਿਨ ਪ੍ਰਮਾਤਮਾ ਦੀ ਸਵੀਕ੍ਰਿਤੀ (ਮਨਜ਼ੂਰੀ) ਅਤੇ ਸਨਮਾਨ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣੇ ਜੀਵਨ ਵਿਚੋਂ ਆਰਜ਼ੀ ਅਤੇ ਭਰਮ-ਭੁਲੇਖਿਆਂ ਨੂੰ ਛੱਡਣਾ ਹੋਵੇਗਾ। ਗੁਰੂ ਦਾ ਉਪਦੇਸ਼ ਗੰਭੀਰਤਾ ਨਾਲ ਮੰਨਣਾ ਚਾਹੀਦਾ ਹੈ। ਗੁਰੂ, ਪ੍ਰਮਾਤਮਾ ਬਾਰੇ ਅਤੇ ਪ੍ਰਮਾਤਮਾ ਦੇ ਵਿਲੱਖਣ ਗੁਣਾਂ ਦੀ ਪ੍ਰਸ਼ੰਸਾ ਬਾਰੇ ਸਿਖਲਾਉਂਦਾ ਹੈ। ਇਸ ਤਰ੍ਹਾਂ ਮਨੁੱਖ ਪ੍ਰਮਾਤਮਾ ਨਾਲ ਜੁੜਦਾ ਹੈ ਅਤੇ ਸਨਮਾਨਿਤ ਹੁੰਦਾ ਹੈ। ਫਿਰ ਮਨੁੱਖ ਹਮੇਸ਼ਾ ਪ੍ਰਸੰਨ ਅਤੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਗੁਰੂ ਕੋਲ ਉਸ ਦਾ ਉਪਦੇਸ਼ ਲੈਣ ਆਉਂਦਾ ਹੈ।

ਕੁਛ ਲੋਕ ਇਸ ਦੁਨੀਆਂ ਵਿਚ ਜਨਮ ਲੈਂਦੇ ਹਨ ਅਤੇ ਕਈ ਦੂਸਰੇ ਇਸ ਦੁਨੀਆਂ

ਤੋਂ ਚਲੇ ਜਾਂਦੇ ਹਨ। ਕੁਛ ਮਨੁੱਖ ਕੰਗਾਲ ਹੁੰਦੇ ਹਨ ਜਦੋਂ ਕਿ ਕਈ ਦੂਸਰੇ ਬਹੁਤ ਦੌਲਤਮੰਦ ਅਤੇ ਤਾਕਤਵਰ ਹਨ। ਪ੍ਰਮਾਤਮਾ ਦੀ ਕ੍ਰਿਪਾ, ਜੋ ਕਿ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ, ਤੋਂ ਬਿਨਾਂ ਬਾਕੀ ਸਭ ਕੁਛ ਵਿਅਰਥ ਹੈ। ਪ੍ਰਮਾਤਮਾ ਨਾਲ ਨਾ ਜੁੜ ਕੇ ਮਨੁੱਖ ਡਰ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਮਨੁੱਖ ਅਗਲੇ ਜਨਮ ਦੇ ਡਰਾਂ ਵਿਚ ਵੀ ਘਿਰਿਆ ਰਹਿੰਦਾ ਹੈ। ਮਨੁੱਖ ਆਪਣਾ ਸਰੀਰ ਵਿਅਰਥ ਗੁਆ ਦਿੰਦਾ ਹੈ। ਜੀਵਨ ਦੇ ਅੰਤ ਵਿਚ, ਦੌਲਤਮੰਦ ਅਤੇ ਤਾਕਤਵਰ ਵੀ, ਦੂਜਿਆਂ ਦੀ ਤਰ੍ਹਾਂ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੇ ਹਨ। ਫਿਰ ਸਾਰੇ ਝੂਠੇ ਬੰਧਨਾਂ ਦਾ ਅੰਤ ਹੋ ਜਾਂਦਾ ਹੈ। ਸਿਰਫ ਇਕ ਸੱਚਾ ਬੰਧਨ, ਪ੍ਰਮਾਤਮਾ ਨਾਲ ਬੰਧਨ ਹੀ ਕਾਇਮ ਰਹਿੰਦਾ ਹੈ।

ਉਪਦੇਸ਼ ਨੰਬਰ 45

ਆਤਮ-ਪ੍ਰਸੰਨਤਾ (ਆਪਣੇ ਆਪ ਨੂੰ ਖ਼ੁਸ਼ ਰੱਖਣਾ)

ਮਨੁੱਖ ਨੂੰ ਪ੍ਰਮਾਤਮਾ ਦੇ ਸਿਮਰਨ ਤੋਂ ਪਰ੍ਹੇ ਲੈ ਜਾਂਦੀ ਹੈ

ਪ੍ਰਮਾਤਮਾ ਦਾ ਸਿਮਰਨ ਨਾ ਕਰਕੇ, ਸਾਰਾ ਧਿਆਨ ਸਿਰਫ ਖਾਣ-ਪੀਣ, ਕੱਪੜੇ ਪਾਉਣ, ਦੌਲਤ ਦਾ ਦਿਖਾਵਾ ਕਰਨ, ਤਾਕਤ ਦਿਖਾਉਣ, ਵਿਆਹੁਤਾ ਜ਼ਿੰਦਗੀ ਜੀਉਣ ਅਤੇ ਨੀਂਦ ਦੇ ਮਜ਼ੇ ਲੁੱਟਣੇ, ਮਨ ਅਤੇ ਸਰੀਰ ਲਈ ਘਾਤਕ ਸਾਬਿਤ ਹੁੰਦੇ ਹਨ। ਮਨੁੱਖ ਕਈ ਤਰ੍ਹਾਂ ਦੇ ਸਰੀਰਕ ਦੁੱਖ ਤਕਲੀਫਾਂ ਝੱਲਦਾ ਹੈ। ਮਨ ਭ੍ਰਿਸ਼ਟ ਹੋ ਜਾਂਦਾ ਹੈ ਅਤੇ ਮਾੜੇ ਵਿਚਾਰ ਅਤੇ ਮਾੜੇ ਇਰਾਦੇ ਪੈਦਾ ਹੋਣ ਲੱਗਦੇ ਹਨ ਜੋ ਮਨੁੱਖ ਨੂੰ ਬੁਰੇ ਕਰਮਾਂ ਵੱਲ ਲੈ ਜਾਂਦੇ ਹਨ। ਦੂਸਰੇ ਪਾਸੇ, ਪ੍ਰਮਾਤਮਾ ਦੇ ਸਿਮਰਨ ਤੇ ਧਿਆਨ ਕੇਂਦਰਿਤ ਕਰਨਾ, ਮਨ ਅਤੇ ਸਰੀਰ, ਦੋਨਾਂ ਲਈ ਸਿਹਤ ਵਰਧਕ ਸਾਬਤ ਹੁੰਦਾ ਹੈ। ਪ੍ਰਮਾਤਮਾ ਦਾ ਸਿਮਰਨ ਸ੍ਰੇਸ਼ਟ ਆਨੰਦ ਅਤੇ ਪ੍ਰਸੰਨਤਾ ਉਤਪੰਨ ਕਰਦਾ ਹੈ ਜੋ ਮਨ ਅਤੇ ਸਰੀਰ ਦੀਆਂ ਬਾਕੀ ਸਾਰੀਆਂ ਪ੍ਰਸੰਨਤਾਵਾਂ ਤੋਂ ਸਰਵ-ਉੱਤਮ (ਸਭ ਤੋਂ ਵਧੀਆ) ਹੁੰਦਾ ਹੈ। ਪ੍ਰਮਾਤਮਾ ਦੇ ਸਿਮਰਨ ਤੇ ਧਿਆਨ ਕੇਂਦਰਿਤ ਕਰਨ ਨਾਲ ਹੇਠ ਲਿਖੀਆਂ ਗੱਲਾਂ ਹੁੰਦੀਆਂ ਹਨ :

- ✲ ਗੁਰੂ ਦੇ ਉਪਦੇਸ਼ ਅਨੁਸਾਰ ਪ੍ਰਮਾਤਮਾ ਦੇ ਗੁਣਾਂ ਦਾ ਵਰਨਣ।
- ✲ ਗੁਰੂ ਦੇ ਸ਼ਬਦ ਨਾਲ ਪ੍ਰਮਾਤਮਾ ਦੀ ਪ੍ਰਸ਼ੰਸਾ ਦੇ ਗੀਤ ਗਾਉਣਾ।
- ✲ ਇਕ-ਚਿਤ, ਇਕ-ਮਨ ਹੋ ਕੇ ਪ੍ਰਮਾਤਮਾ ਨੂੰ ਸਿਮਰਨਾ।
- ✲ ਪ੍ਰਮਾਤਮਾ ਬਾਰੇ ਗੁਰੂ ਦੀਆਂ ਹਿਦਾਇਤਾਂ ਵਿਚ ਦ੍ਰਿੜ ਵਿਸ਼ਵਾਸ ਅਤੇ ਗੰਭੀਰਤਾ ਨਾਲ ਧਿਆਨ ਦੇਣਾ।
- ✲ ਪ੍ਰਮਾਤਮਾ ਦੀ ਮਿਹਰ।
- ✲ ਗਹਿਰੇ (ਡੂੰਘੇ) ਲਗਾਉ ਨਾਲ ਪ੍ਰਮਾਤਮਾ ਨਾਲ ਇਕ-ਮਿੱਕਤਾ।
- ✲ ਪ੍ਰਮਾਤਮਾ ਦੀਆਂ ਬਖ਼ਸ਼ਿਸ਼ਾਂ।

- ਬੁਰੇ ਇਰਾਦੇ ਅਤੇ ਬੁਰੇ ਕਰਮਾਂ ਦਾ ਖਾਤਮਾ।
- ਪ੍ਰਮਾਤਮਾ ਅੱਗੇ ਪੂਰੀ ਨਿਮਰਤਾ ਨਾਲ ਉਸ ਦੇ ਚਰਨ-ਕਮਲਾਂ 'ਤੇ ਧਿਆਨ।
- ਸਬਰ ਤੇ ਸੰਤੋਖ।
- ਪ੍ਰਮਾਤਮਾ ਦੇ ਦੈਵੀ ਤਰੀਕਿਆਂ ਨੂੰ ਸਮਝਣ ਦੀ ਕੋਸ਼ਿਸ਼।
- ਨੇਕ ਕਰਮ।
- ਪ੍ਰਮਾਤਮਾ ਵੱਲੋਂ ਦਿੱਤਾ ਗਿਆ ਸਨਮਾਨ।
- ਪ੍ਰਮਾਤਮਾ ਦੀ ਕ੍ਰਿਪਾ ਸਦਕਾ, ਇਕ ਘਰੇਲੂ ਅਤੇ ਪਰਿਵਾਰਿਕ ਆਦਮੀ ਹੁੰਦਿਆਂ ਹੋਇਆਂ ਵੀ, ਉਸ ਦੀ ਭਗਤੀ ਵਿਚ ਪ੍ਰਸੰਨਤਾ (ਖ਼ੁਸ਼ੀ) ਪ੍ਰਾਪਤ ਕਰਨਾ।
- ਪ੍ਰਮਾਤਮਾ ਦਾ ਸ਼ੁਕਰਗੁਜਾਰ ਹੋਣਾ।
- ਪ੍ਰਮਾਤਮਾ ਜੋ ਵੀ ਦੇਵੇ, ਅਤੇ ਜੋ ਵੀ ਉਸ ਨੂੰ ਭਾਵੇ, ਉਸ ਨੂੰ ਸਵੀਕਾਰ ਕਰਨਾ।

ਪ੍ਰਮਾਤਮਾ, ਹਰ ਯੁੱਗ ਵਿੱਚ ਸੱਚਾ ਪਾਤਸ਼ਾਹ ਹੈ। ਉਹ ਕਿਸੇ ਪ੍ਰਤੀ ਜਵਾਬਦੇਹ ਨਹੀਂ ਹੈ।

ਉਪਦੇਸ਼ ਨੰਬਰ 46

ਝੂਠੀ ਸਿੱਖਿਆ ਮਨੁੱਖ ਨੂੰ ਪ੍ਰਮਾਤਮਾ ਦੇ ਸਿਮਰਨ ਤੋਂ ਪਰ੍ਹੇ (ਦੂਰ) ਲੈ ਜਾਂਦੀ ਹੈ

ਸਤਿਗੁਰੂ ਵੱਲੋਂ ਪ੍ਰਮਾਤਮਾ ਅਤੇ ਉਸ ਦੀ ਦੈਵਿਕਤਾ ਬਾਰੇ ਦਿੱਤੀ ਸਿੱਖਿਆ ਹੀ ਸੱਚੀ ਸਿੱਖਿਆ ਹੈ। ਇਸ ਸਿੱਖਿਆ ਨੂੰ ਲੈਣ ਵਾਲੇ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ ਅਤੇ ਮਾੜੇ ਕਰਮ ਪ੍ਰਭਾਵਿਤ ਨਹੀਂ ਕਰਦੇ। ਇਸ ਹਿਦਾਇਤ ਨੂੰ ਲੈਣ ਵਾਲੇ ਦੀ ਜ਼ੁਬਾਨ ਕੇਵਲ ਸੱਚ ਬੋਲਦੀ ਹੈ। ਉਹ ਹਰ ਸਵਾਸ (ਸਾਹ) ਨਾਲ ਪ੍ਰਮਾਤਮਾ ਨੂੰ ਸਿਮਰਦਾ ਹੈ। ਇਸ ਤਰ੍ਹਾਂ ਗੁਰੂ ਦੀਆਂ ਸਿੱਖਿਆਵਾਂ ਲੈਣ ਵਾਲਾ ਪ੍ਰਮਾਤਮਾ ਦੇ ਬੇਅੰਤ ਗੁਣਾਂ ਦੀ ਪ੍ਰਸ਼ੰਸਾ ਕਰਦਾ ਹੈ।

ਬਾਕੀ ਸਾਰੀਆਂ ਸਿੱਖਿਆਵਾਂ, ਜੋ ਮਨੁੱਖ ਨੂੰ ਪ੍ਰਮਾਤਮਾ ਦੇ ਸਿਮਰਨ ਤੋਂ ਪਰ੍ਹੇ ਲੈ ਜਾਂਦੀਆਂ ਹਨ, ਝੂਠੀਆਂ ਹਨ। ਉਹ, ਜੋ ਝੂਠੀਆਂ ਸਿੱਖਿਆਵਾਂ ਦਿੰਦੇ ਹਨ, ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕ ਉਹਨਾਂ ਨੂੰ ਬਹੁਤ ਮਾਨਤਾ ਦੇਣ। ਹੋ ਸਕਦਾ ਹੈ ਉਹ ਬਹੁਤ ਵੱਡੇ ਖਿਤਾਬ ਵੀ ਹਾਸਲ ਕਰ ਲੈਣ, ਪਰ ਅਗਰ ਪ੍ਰਮਾਤਮਾ ਉਹਨਾਂ ਨੂੰ ਅਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਸਨਮਾਨਿਤ ਨਹੀਂ ਕਰਦਾ ਤਾਂ ਉਹਨਾਂ ਦੀ ਸਾਰੀ ਪ੍ਰਸਿੱਧੀ ਵਿਅਰਥ ਹੈ। ਉਹ ਲੋਕ, ਜੋ ਗੁਰੂ ਦੀਆਂ ਸਿੱਖਿਆਵਾਂ ਲੈਂਦੇ ਹਨ ਅਤੇ ਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਉਹਨਾਂ ਦੀ ਗੰਭੀਰਤਾ ਦੇ ਕਾਰਣ, ਉਸ ਵੱਲੋਂ ਸਵੀਕਾਰੇ ਵੀ ਜਾਂਦੇ ਹਨ। ਅਜਿਹੇ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਕੋਈ ਵੀ ਨਸ਼ਟ ਨਹੀਂ ਕਰ ਸਕਦਾ। ਉਹ ਪ੍ਰਮਾਤਮਾ ਦੇ ਨਾਮ ਨੂੰ ਆਪਣੇ ਅੰਦਰ ਵਸਾ ਲੈਂਦੇ ਹਨ। ਉਹ ਪਵਿੱਤਰ ਨਾਮ ਪ੍ਰਤੀ ਵਚਨਬੱਧ ਹੁੰਦੇ ਹਨ। ਇਹ

ਉਹਨਾਂ ਦੀ ਪ੍ਰਮਾਤਮਾ ਪ੍ਰਤੀ ਕਦੀ ਵੀ ਨਾ ਖਤਮ ਹੋਣ ਵਾਲੀ ਸ਼ਰਧਾ ਤੇ ਪਿਆਰ ਦੇ ਕਾਰਣ ਹੀ ਹੁੰਦਾ ਹੈ ਕਿ ਉਹ ਹਮੇਸ਼ਾ ਮਸ਼ਹੂਰ ਰਹਿੰਦੇ ਹਨ ਅਤੇ ਪਹਿਚਾਣੇ ਜਾਂਦੇ ਹਨ।

ਮਹੱਤਵਪੂਰਨ ਪ੍ਰਸ਼ਨ ਇਹ ਹੈ ਕਿ ਜ਼ਿੰਦਗੀ ਤੋਂ ਬਾਅਦ, ਮੌਤ ਤੋਂ ਬਾਅਦ ਉਹਨਾਂ ਨਾਲ ਕੀ ਵਾਪਰਦਾ ਹੈ। ਜੀਵਨ ਦੇ ਅੰਤ ਤੇ, ਸਾਰੀਆਂ ਚਤੁਰ-ਚਲਾਕੀਆਂ ਇਕ-ਦਮ ਸਮਾਪਤ ਹੋ ਜਾਂਦੀਆਂ ਹਨ। ਮਨੁੱਖ ਦੁਖੀ ਅਤੇ ਖਾਲੀ ਹੱਥ ਇਸ ਸੰਸਾਰ ਨੂੰ ਛੱਡ ਜਾਂਦਾ ਹੈ। ਜਨਮ ਤੋਂ ਬਾਅਦ, ਉਸ ਦੇ ਕਰਮਾਂ ਨੂੰ ਪਰਖਿਆ ਜਾਂਦਾ ਹੈ, ਜੇ ਜੀਵਨ ਪ੍ਰਮਾਤਮਾ ਬਾਰੇ ਅਗਿਆਨਤਾ ਨਾਲ ਬਿਤਾਇਆ ਹੋਵੇ, ਤਾਂ ਫਿਰ ਮਨੁੱਖ ਨੂੰ ਸਿਰਫ ਸ਼ਰਮਿੰਦਗੀ ਅਤੇ ਪਛਤਾਵਾ ਹੀ ਮਿਲਦਾ ਹੈ।

ਉਪਦੇਸ਼ ਨੰਬਰ 47

ਗੁਰੂ ਆਪਣੇ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ

ਗੁਰੂ ਦੀਆਂ ਸਿੱਖਿਆਵਾਂ ਸਿੱਖ ਦੇ ਮਨ ਵਿਚ ਅਜਿਹੇ ਗੁਣ ਪੈਦਾ ਕਰ ਦਿੰਦੀਆਂ ਹਨ, ਜੋ ਉਸ ਨੂੰ ਪ੍ਰਮਾਤਮਾ ਦੇ ਗੁਣਾਂ ਨੂੰ ਯਾਦ ਕਰਨ ਦੇ ਕਾਬਿਲ ਬਣਾ ਦਿੰਦੀਆਂ ਹਨ। ਦੂਸਰੇ ਪਾਸੇ, ਝੂਠੀਆਂ ਸਿੱਖਿਆਵਾਂ, ਪ੍ਰਮਾਤਮਾ ਅਤੇ ਝੂਠੇ ਮਨੁੱਖ ਦੇ ਵਿਚਲੀਆਂ ਦੂਰੀਆਂ ਨੂੰ ਖਤਮ ਨਹੀਂ ਕਰਦੀਆਂ। ਝੂਠੀਆਂ ਸਿੱਖਿਆਵਾਂ 'ਤੇ ਚੱਲਣ ਵਾਲਿਆਂ ਤੋਂ ਪ੍ਰਮਾਤਮਾ ਬਹੁਤ-ਬਹੁਤ ਦੂਰ ਹੁੰਦਾ ਹੈ।

ਪ੍ਰਮਾਤਮਾ ਅਟੱਲ ਅਤੇ ਸਦੀਵੀ ਰਾਜ ਕਰਦਾ ਹੈ। ਪ੍ਰਮਾਤਮਾ, ਜਿਸ ਤੱਕ ਹੋਰ ਕਿਸੇ ਵੀ ਦੂਸਰੇ ਸਾਧਨਾਂ (ਤਰੀਕਿਆਂ) ਨਾਲ ਪਹੁੰਚਿਆ ਨਹੀਂ ਜਾ ਸਕਦਾ, ਉਸ ਪ੍ਰਮਾਤਮਾ ਨਾਲ ਨੇੜਤਾ (ਨਜ਼ਦੀਕੀ) ਸਿਰਫ ਉਦੋਂ ਹੀ ਹੁੰਦੀ ਹੈ, ਜਦੋਂ ਪ੍ਰਮਾਤਮਾ ਆਪਣੀ ਮਿਹਰ ਭਰੀ ਨਦਰਿ ਉਸ ਮਨੁੱਖ ਉਪਰ ਕਰੇ। ਪ੍ਰਮਾਤਮਾ ਪੂਰੀ ਵਿਸ਼ਾਲਤਾ ਅਤੇ ਸ਼ਾਨ ਨਾਲ ਰਾਜ ਕਰਦਾ ਹੈ। ਉਸ ਦਾ ਨਿਵਾਸ ਬਹੁਤ-ਬਹੁਤ ਦੂਰ ਹੈ। ਪ੍ਰਮਾਤਮਾ ਤੱਕ ਪਹੁੰਚਣ ਲਈ ਅਤੇ ਪ੍ਰਮਾਤਮਾ ਨਾਲ ਮਿਲਾਪ ਦਾ ਆਨੰਦ ਮਾਨਣ ਲਈ, ਗੁਰੂ ਦੀ ਸਿੱਖਿਆ ਤੋਂ ਬਿਨਾਂ ਹੋਰ ਕੋਈ ਪੌੜੀ, ਜਾਂ ਹੋਰ ਕੋਈ ਸਾਧਨ ਨਹੀਂ ਹੈ। ਗੁਰੂ ਦੀ ਸਿੱਖਿਆ, ਮਨੁੱਖ ਨੂੰ ਪ੍ਰਮਾਤਮਾ ਦੇ ਨਾਮ ਦੀ ਬਖ਼ਸ਼ਿਸ਼ ਦਿਵਾਉਂਦੀ ਹੈ ਜੋ ਇਕ ਬੇੜੀ ਵਜੋਂ, ਉਸ ਬੇੜੀ ਦੇ ਸਵਾਰ ਨੂੰ ਜੀਵਨ ਦੇ ਭਵ-ਸਾਗਰ ਵਿੱਚੋਂ ਸਫਲਤਾ-ਪੂਰਵਕ ਪਾਰ ਲੈ ਜਾਂਦੀ ਹੈ।

ਧਾਰਮਿਕ ਸਥਾਨਾਂ 'ਤੇ ਇਸ਼ਨਾਨ ਕਰਕੇ ਪਾਪ ਧੋਣ ਦਾ ਵਿਸ਼ਵਾਸ, ਭਟਕਾਉਣ ਵਾਲਾ ਹੈ। ਕੇਵਲ ਗੁਰੂ ਦੀ ਸਿੱਖਿਆ, ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ, ਇਕੱਠੇ ਕੀਤੇ ਹੋਏ ਪਾਪਾਂ ਨੂੰ ਧੋਣ ਦੇ ਸਮਰੱਥ ਹੁੰਦੀ ਹੈ। ਜੇ ਪ੍ਰਮਾਤਮਾ ਚਾਹੇ, ਕੇਵਲ ਤਾਂ ਹੀ ਮਨੁੱਖ ਪਾਪਾਂ ਤੋਂ ਮੁਕਤੀ ਹਾਸਲ ਕਰ ਸਕਦਾ ਹੈ। ਇਹੀ ਅਸਲੀ ਇਸ਼ਨਾਨ ਹੈ ਅਤੇ ਪਾਪਾਂ ਤੋਂ ਮੁਕਤੀ ਹਾਸਲ ਕਰਨ ਦਾ ਰਸਤਾ ਹੈ। ਪ੍ਰਮਾਤਮਾ ਸਰਬ-ਗੁਣ ਸੰਪੰਨ ਹੈ। ਉਸ ਦਾ ਸ਼ਾਸਨ ਸੱਚਾਈ ਅਤੇ ਸੰਪੂਰਨਤਾ ਦਾ ਹੁੰਦਾ ਹੈ। ਅਗਰ ਪ੍ਰਮਾਤਮਾ ਕਿਸੇ ਮਨੁੱਖ ਉਤੇ ਮਿਹਰ ਕਰਕੇ

ਉਸ ਦੇ ਦਿਲ ਵਿਚ ਵੱਸਦਾ ਹੈ ਤਾਂ ਫਿਰ ਉਹ ਖੁਸ਼ਕਿਸਮਤ ਮਨੁੱਖ, ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੰਦ ਮਾਣਦਾ ਹੈ ਅਤੇ ਫਿਰ ਉਹ ਆਪਣੀਆਂ ਆਸਾਂ ਅਤੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਿਰਫ ਉਸ ਇੱਕੋ ਪ੍ਰਮਾਤਮਾ ਵੱਲ ਤੱਕਦਾ ਹੈ ਜੋ ਸਭ ਪੂਰੇ ਕਰਨ ਵਾਲਾ ਹੁੰਦਾ ਹੈ। ਉਹ ਫਿਰ ਮਦਦ ਲਈ ਪ੍ਰਮਾਤਮਾ ਤੋਂ ਇਲਾਵਾ ਕਿਸੇ ਹੋਰ ਵੱਲ ਨਹੀਂ ਦੇਖਦਾ। ਜੇ ਪ੍ਰਮਾਤਮਾ, ਕਿਸੇ ਮਨੁੱਖ 'ਤੇ ਆਪਣੇ ਪਿਆਰ ਦੀ ਮਿਹਰ ਕਰ ਦੇਵੇ ਤਾਂ ਫਿਰ ਉਸ ਅੰਦਰ ਕੁਛ ਹੋਰ ਹਾਸਲ ਕਰਨ ਦੀ ਇੱਛਾ ਨਹੀਂ ਰਹਿੰਦੀ।

ਉਪਦੇਸ਼ ਨੰਬਰ 48

ਗੁਰੂ ਆਪਣੇ ਸਿੱਖਾਂ ਨੂੰ ਸਤਿਸੰਗਤ ਕਰਨ, ਅਤੇ ਪ੍ਰਮਾਤਮਾ ਦੀਆਂ ਕਥਾ-ਕਹਾਣੀਆਂ ਦੂਜਿਆਂ ਨੂੰ ਦੱਸਣ ਦੀ ਸਲਾਹ ਦਿੰਦਾ ਹੈ

ਗੁਰੂ ਆਪਣੇ ਸਿੱਖਾਂ ਨੂੰ ਮਿਲ ਕੇ ਸਤਿਸੰਗਤ ਕਰਨ ਅਤੇ ਉਸ ਸਰਬ-ਸ਼ਕਤੀਮਾਨ ਪ੍ਰਮਾਤਮਾ ਦੀਆਂ ਕਥਾ-ਕਹਾਣੀਆਂ ਇਕ ਦੂਸਰੇ ਨੂੰ ਸੁਨਾਉਣ ਲਈ ਕਹਿੰਦਾ ਹੈ।

ਸੱਚਾ ਪਾਤਸ਼ਾਹ ਬਹੁਤ ਨਿਵੇਕਲੇ ਗੁਣਾਂ ਨਾਲ ਭਰਪੂਰ ਹੈ। ਸ੍ਰਿਸ਼ਟੀ ਕਈ ਅਣਦੱਸੇ ਤਰੀਕਿਆਂ ਨਾਲ ਵਿਹੂਣੀ ਹੁੰਦੀ ਹੈ। ਸਿਰਜਣਹਾਰ, ਆਪਣੀ ਸਾਰੀ ਰਚਨਾ ਨੂੰ ਸਹਾਰਾ ਦਿੰਦਾ ਅਤੇ ਉਸ ਦਾ ਪਾਲਣ ਕਰਦਾ ਹੈ। ਇਸ ਸੱਚਾਈ ਨੂੰ ਵਿਚਾਰੋ ਅਤੇ ਇਸ ਪ੍ਰਤੀ ਵਚਨਬੱਧ ਰਹੋ।

ਪ੍ਰਮਾਤਮਾ ਨਾਲ ਇਕ-ਮਿਕ ਹੋਣ ਲਈ, ਮਨੁੱਖ ਨੂੰ ਉਹਨਾਂ ਨਾਲ ਸਲਾਹ-ਮਸ਼ਵਰੇ ਦੀ ਲੋੜ ਹੁੰਦੀ ਹੈ, ਜੋ ਆਪ ਪ੍ਰਮਾਤਮਾ ਨਾਲ ਇਕ-ਮਿਕ ਹੋਣ। ਗੁਰੂ ਦੇ ਉਪਦੇਸ਼ਾਂ ਅਨੁਸਾਰ, ਪ੍ਰਮਾਤਮਾ ਪ੍ਰਤੀ ਨਾ ਮੁੱਕਣ ਵਾਲੀ ਸ਼ਰਧਾ, ਸੰਤੁਸ਼ਟੀ ਅਤੇ ਪ੍ਰਮਾਤਮਾ ਪ੍ਰਤੀ ਮਿੱਤਰਤਾ ਹੀ ਪ੍ਰਮਾਤਮਾ ਨਾਲ ਇਕ-ਮਿਕ ਹੋਣ ਲਈ ਜ਼ਰੂਰੀ ਹਨ।

ਮਨੁੱਖ ਪ੍ਰਮਾਤਮਾ ਦੀ ਰਚਨਾ ਦੀ ਵਿਸ਼ਾਲਤਾ ਅਤੇ ਉਸ ਦੀ ਪਾਲਣਾ 'ਤੇ ਅਚੰਭਿਤ ਹੁੰਦਾ ਹੈ। ਇੱਥੇ ਅਥਾਹ ਤਰ੍ਹਾਂ ਦੇ ਲੋਕ ਵੱਸਦੇ ਹਨ। ਉਹ ਸਾਰੇ ਉਸ ਸਰਵ-ਉੱਚ ਪ੍ਰਮਾਤਮਾ ਦੇ ਹੁਕਮ ਅਧੀਨ ਹਨ। ਅੰਦਰੋਂ ਉਹ ਦਿਨ-ਰਾਤ ਪ੍ਰਮਾਤਮਾ ਦੀ ਵਡਿਆਈ ਗਾਉਂਦੇ ਹਨ। ਪ੍ਰਮਾਤਮਾ ਇਹਨਾਂ ਮਨੁੱਖਾਂ ਵਿਚ ਆਪਣਾ ਪ੍ਰਤੱਖ ਰੂਪ ਦਰਸਾਉਂਦਾ ਹੈ। ਉਹਨਾਂ ਦੇ ਰੰਗ ਅਤੇ ਰੂਪ ਵੀ ਪ੍ਰਮਾਤਮਾ ਦੇ ਹੀ ਹਨ। ਸਾਰੇ ਮਨੁੱਖ ਭਾਵੇਂ ਉੱਚੇ ਹੋਣ ਜਾਂ ਨੀਵੇਂ, ਪ੍ਰਮਾਤਮਾ ਦਾ ਹੀ ਹਿੱਸਾ ਹਨ।

ਗੁਰੂ ਦੀ ਸਿੱਖਿਆ ਨਾਲ ਮਨੁੱਖ ਸੱਚ ਦੀ ਸਮਝ ਕਰਦਾ ਜਾਂਦਾ ਹੈ। ਆਖਿਰਕਾਰ ਮਨੁੱਖ ਉਸ ਸੱਚਾਈ ਵਿਚ ਲੀਨ ਹੋ ਜਾਂਦਾ ਹੈ। ਜਦੋਂ ਮਨੁੱਖ ਜਾਗਰੂਕ ਹੁੰਦਾ ਹੈ ਅਤੇ ਪ੍ਰਮਾਤਮਾ ਵੀ ਉਸ ਨੂੰ ਸਵੀਕਾਰਦਾ ਹੈ, ਤਾਂ ਫਿਰ ਉਹ ਡਰ, ਖੌਫ਼ ਜੋ ਉਸ ਨੂੰ ਹਰ ਵੇਲੇ ਸਤਾਉਂਦੇ ਹਨ, ਬਿਲਕੁਲ ਖਤਮ ਹੋ ਜਾਂਦੇ ਹਨ। ਗੁਰੂ ਦੀ ਸਿੱਖਿਆ ਸਦਕਾ ਹੀ ਮਨੁੱਖ

ਜਾਗਰੁਕਤਾ ਦੇ ਇਸ ਪੱਧਰ ਤੱਕ ਪਹੁੰਚਦਾ ਹੈ। ਫਿਰ ਉਹ ਸੱਚਾ ਪਾਤਸ਼ਾਹ ਆਪਣੇ ਸ਼ਰਧਾਲੂ ਦੇ ਮਨ ਵਿਚ ਵਾਸ ਕਰਦਾ ਹੈ।

ਉਪਦੇਸ਼ ਨੰਬਰ 49

ਨਿਰਭਉ ਦਾ ਭਉ, ਸਾਰੇ ਭਉ (ਡਰ) ਖ਼ਤਮ ਕਰਦਾ ਹੈ

ਨਿਰਭਉ ਪ੍ਰਮਾਤਮਾ ਦਾ ਭਉ (ਡਰ), ਮਨੁੱਖ ਦੇ ਡਰ ਅਤੇ ਪ੍ਰਮਾਤਮਾ ਤੋਂ ਵਿਛੜਨ ਦੀ ਸਥਿਤੀ ਦੇ ਡਰ ਵੀ ਖ਼ਤਮ ਕਰਦਾ ਹੈ। ਪ੍ਰਮਾਤਮਾ ਤੋਂ ਵਿਛੜਨ ਦੀ ਸਥਿਤੀ ਦੀ ਤਬਾਹੀ ਇਕ ਪਲ ਦੀ ਘਟਨਾ ਹੈ। ਇਹ ਗੁਰੂ ਦੀ ਸਿੱਖਿਆ ਦੇ ਨਤੀਜੇ ਵਜੋਂ ਹੁੰਦੀ ਹੈ। ਉਹ ਸ਼ਕਤੀਆਂ ਜੋ ਪ੍ਰਮਾਤਮਾ ਨਾਲ ਮਿਲਾਪ ਤੋਂ ਪਹਿਲਾਂ ਮਨੁੱਖ 'ਤੇ ਰਾਜ ਕਰਦੀਆਂ ਹੁੰਦੀਆਂ ਹਨ, ਉਹ ਉਸ ਦੀਆਂ ਗੁਲਾਮ ਹੋ ਕੇ ਉਸ ਦੇ ਕਹੇ ਵਿਚ ਚੱਲਦੀਆਂ ਹਨ।

ਕੋਈ ਵੀ ਮਨੁੱਖ ਪ੍ਰਮਾਤਮਾ ਦੇ ਸਰਬ ਗੁਣਾਂ ਨੂੰ ਬਿਆਨ ਨਹੀਂ ਕਰ ਸਕਦਾ। ਸਾਰੀ ਰਚਨਾ ਉਸ ਇਕ ਦਾਤੇ ਤੋਂ ਮੰਗਦੀ ਹੈ। ਪ੍ਰਮਾਤਮਾ ਉਸ ਸਾਰ ਦਾ 'ਮਾਲਕ' ਹੈ, ਜਿਸ ਕਾਰਣ ਇਹ ਜੀਵਨ ਸੰਭਵ ਹੈ। ਮਨੁੱਖ ਕੇਵਲ ਉਦੋਂ ਹੀ ਸ਼ਾਂਤੀ ਅਤੇ ਪ੍ਰਸੰਨਤਾ ਪੂਰਵਕ ਜੀਵਨ ਜੀਅ ਸਕਦਾ ਹੈ ਜਦੋਂ ਉਹ ਮਾਲਕ, ਉਸ ਮਨੁੱਖ ਦੇ ਦਿਲ ਵਿਚ ਵੱਸਦਾ ਹੋਵੇ।

ਦੁਨੀਆਂ ਇਕ ਭੁਲੇਖਾ ਹੈ ਅਤੇ ਜੀਵਨ ਕੁਛ ਪਲਾਂ ਦਾ ਹੈ। ਇਕ ਦੂਸਰੇ ਦੇ ਜੀਵਨ ਵਿਚ ਆਉਣਾ ਅਤੇ ਉਸ ਤੋਂ ਵਿਛੜਨਾ ਸਭ ਪ੍ਰਮਾਤਮਾ ਦੁਆਰਾ ਨਿਰਧਾਰਿਤ ਹੁੰਦਾ ਹੈ, ਮਨੁੱਖ ਨੂੰ ਉਹੋ ਹੀ ਮਿਲਦਾ ਹੈ ਜੋ ਪ੍ਰਮਾਤਮਾ ਉਸ ਨੂੰ ਦਿੰਦਾ ਹੈ, ਹੋਰ ਕੋਈ ਇਸ ਤਾਕਤ 'ਤੇ ਹੱਕ ਨਹੀਂ ਜਮਾ ਸਕਦਾ। ਜੋ ਮਨੁੱਖ, ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਜਿਉਂਦੇ ਹਨ, ਉਹੋ ਹੀ ਅਸਲ ਵਿਚ ਉਹ ਸਨਮਾਨ ਇਕੱਠਾ ਕਰਦੇ ਹਨ, ਜਿਸ ਨੂੰ ਕੋਈ ਨਸ਼ਟ ਨਹੀਂ ਕਰ ਸਕਦਾ। ਇਹ ਉਹ ਦੌਲਤ ਹੁੰਦੀ ਹੈ ਜੋ ਪ੍ਰਮਾਤਮਾ ਦਾ ਨਾਮ ਲੈ ਕੇ ਹਾਸਿਲ ਹੁੰਦੀ ਹੈ। ਉਹ ਪ੍ਰਮਾਤਮਾ ਨਾਲ ਇਕ-ਮਿਕ ਹੋ ਕੇ ਜੀਵਨ ਜੀਉਂਦੇ ਹਨ। ਉਹ ਸਤਿਗੁਰੂ ਦੇ ਬਖ਼ਸ਼ੇ ਸਨਮਾਨ ਦੇ ਕਾਬਿਲ ਹੁੰਦੇ ਹਨ। ਜੀਵਨ ਦੇ ਅੰਤ ਤੇ, ਜਦੋਂ ਹਰ ਇਕ ਮਨੁੱਖ ਨੇ ਆਪਣੇ ਕੀਤੇ ਕਰਮਾਂ ਦਾ ਹਿਸਾਬ ਦੇਣਾ ਹੈ, ਪ੍ਰਮਾਤਮਾ ਉਹਨਾਂ ਨੂੰ ਸਨਮਾਨ ਦੇਣ ਲਈ ਅਲੱਗ ਕਰਦਾ ਹੈ, ਕਿਉਂਕਿ ਉਹ ਪ੍ਰਮਾਤਮਾ ਨਾਲ ਸੱਚੇ ਮਨ ਤੋਂ ਇਕ-ਮਿਕ ਹੋਏ ਹੁੰਦੇ ਹਨ। ਉਹਨਾਂ ਨੇ ਇਸ ਦੁਨੀਆਂ ਵਿਚ ਹੀ ਰਹਿੰਦੇ ਹੋਏ, ਪ੍ਰਮਾਤਮਾ ਦਾ ਨਾਮ ਲੈ ਕੇ, ਉਸ ਨਾਲ ਇਕਮਿਕਤਾ ਹਾਸਲ ਕੀਤੀ।

ਉਪਦੇਸ਼ ਨੰਬਰ 50

ਸੰਤ ਉਹੀ ਹਨ ਜੋ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹਨ

ਜਿਵੇਂ ਇਕ ਹੀ ਧਾਤ ਦੇ ਟੁੱਟੇ ਹੋਏ ਟੁੱਕੜੇ, ਇਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ, ਉਸੇ ਤਰ੍ਹਾਂ ਪ੍ਰਮਾਤਮਾ ਦੀ ਕੀਤੀ ਹੋਈ ਸਿਫਤ-ਸਾਲਾਹ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ।

ਜਾਗਰੁਕਤਾ ਦੀ ਇਹ ਅਵਸਥਾ ਸਦੀਵੀ ਅਤੇ ਬਹੁਤ ਹੀ ਖੂਬਸੂਰਤ ਹੁੰਦੀ ਹੈ। ਉਹ ਮਨੁੱਖ, ਜੋ ਸ਼ਰਧਾ ਨਾਲ, ਇਕ ਮਨ ਹੋ ਕੇ ਪ੍ਰਮਾਤਮਾ ਨੂੰ ਧਿਆਉਂਦੇ ਹਨ, ਪ੍ਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ, ਅਜਿਹੇ ਸੰਤ, ਜੋ ਗੁਰੂ ਦੀਆਂ ਸਿੱਖਿਆਵਾਂ ਅਨੁਸਾਰ ਚੱਲਦੇ ਹਨ, ਦੀ ਸੰਗਤ ਹੀ ਸਹੀ ਅਰਥਾਂ ਵਿਚ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦੀ ਹੈ। ਫਿਰ ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ ਦੀ ਸਮਝ ਲੱਗਣ ਲੱਗਦੀ ਹੈ ਜੋ ਉਸ ਨੂੰ ਝੂਠੇ ਬੰਧਨਾਂ ਤੋਂ ਮੁਕਤ ਹੋਣ ਦੇ ਕਾਬਿਲ ਬਣਾਉਂਦੀਆਂ ਹਨ। ਪ੍ਰਮਾਤਮਾ ਦਾ ਨਿਵਾਸ ਸਥਾਨ ਬੜਾ ਸੁੰਦਰ ਅਤੇ ਉੱਚਾ ਹੈ। ਮਨੁੱਖ ਗੁਰੂ ਦੀਆਂ ਹਿਦਾਇਤਾਂ ਨਾਲ ਹੀ ਉਥੋਂ ਤੱਕ ਪਹੁੰਚਦਾ ਹੈ, ਕਿਉਂਕਿ ਮਨੁੱਖ ਦਾ ਪ੍ਰਮਾਤਮਾ ਪ੍ਰਤੀ ਪਿਆਰ ਹੀ ਉਸ ਨੂੰ (ਪ੍ਰਮਾਤਮਾ ਨੂੰ) ਉਸ ਦੇ ਦਿਲ ਵਿਚ ਵਸਾਉਂਦਾ ਹੈ।

ਜਦੋਂ ਮਨੁੱਖ ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਨਹੀਂ ਕਰਦਾ, ਫਿਰ ਉਹ ਝੂਠੀਆਂ ਆਸਾਂ ਉਮੀਦਾਂ ਦੇ ਡਰ ਨਾਲ ਘਿਰ ਜਾਂਦਾ ਹੈ। ਗੁਰੂ ਦੀ ਸਿੱਖਿਆ 'ਤੇ ਚੱਲ ਕੇ ਹੀ ਮਨੁੱਖ ਪ੍ਰਮਾਤਮਾ ਦਾ ਧਿਆਨ ਕਰ ਸਕਦਾ ਹੈ। ਫਿਰ ਮਨੁੱਖ ਝੂਠੇ ਡਰ ਅਤੇ ਉਮੀਦਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੰਦ ਮਾਣਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਆਪਣੇ ਆਪ ਨੂੰ ਸਮਝਣ ਦੇ ਕਾਬਿਲ ਬਣ ਜਾਂਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ ਉਸ ਦੇ ਪਾਪਾਂ ਅਤੇ ਮਾੜੇ ਕਰਮਾਂ ਦਾ ਅਸਰ ਖਤਮ ਹੋ ਜਾਂਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਉਹ ਗੁਰੂ ਦੀਆਂ ਸਿੱਖਿਆਵਾਂ ਹਿਦਾਇਤਾਂ 'ਤੇ ਅਮਲ ਕਰਦਾ ਹੈ। ਇਹ ਉਸ ਦੇ ਪਾਪਾਂ ਅਤੇ ਮਾੜੇ ਕਰਮਾਂ ਦਾ ਪ੍ਰਭਾਵ (ਅਸਰ) ਘਟਾ ਦਿੰਦਾ ਹੈ। ਜਦੋਂ ਪ੍ਰਮਾਤਮਾ ਆਪ, ਮਨੁੱਖ ਦੇ ਹਿਰਦੇ ਵਿਚ ਵਾਸ ਕਰਦਾ (ਰਹਿੰਦਾ) ਹੈ, ਉਦੋਂ ਮਨੁੱਖ ਨੂੰ ਆਪਣੇ ਸੱਚੇ ਸਰੂਪ ਦਾ ਪਤਾ ਲੱਗਦਾ ਹੈ।

ਮਨੁੱਖ ਨੂੰ ਨਿਰਸਵਾਰਥ ਅਤੇ ਪੂਰੀ ਸ਼ਰਧਾ ਨਾਲ ਗੁਰੂ ਦੀਆਂ ਸਿੱਖਿਆਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਜੋ ਉਸ ਨੂੰ ਪ੍ਰਮਾਤਮਾ ਨਾਲ ਜੋੜਦੀਆਂ ਹਨ। ਉਸ ਦੀਆਂ ਸਿੱਖਿਆਵਾਂ ਸ਼ਰਧਾਲੂ ਨੂੰ ਪ੍ਰਮਾਤਮਾ ਨਾਲ ਇਕ ਹੋ ਕੇ, ਇਕ ਸੰਤ ਬਨਣ ਦੇ ਕਾਬਿਲ ਬਣਾਉਂਦੀਆਂ ਹਨ। ਮਨੁੱਖ ਨੂੰ ਅਜਿਹੇ ਗੁਰੂ ਦਾ ਧੰਨਵਾਦ ਕਰਨਾ ਚਾਹੀਦਾ ਹੈ।

ਉਪਦੇਸ਼ ਨੰਬਰ 51

ਪ੍ਰਮਾਤਮਾ ਤੋਂ ਟੁੱਟ ਕੇ ਸ਼ਾਂਤੀ ਅਤੇ ਪ੍ਰਸੰਨਤਾ ਸੰਭਵ ਨਹੀਂ ਹੈ

ਉਹਨਾਂ ਮਨੁੱਖਾਂ ਦਾ ਜੀਵਨ ਇਕ ਸਰਾਪ ਵਾਂਗ ਹੈ ਜੋ ਪ੍ਰਮਾਤਮਾ ਤੋਂ ਟੁੱਟ ਕੇ, ਇਕ ਆਰਜ਼ੀ ਅਤੇ ਭਰਮ-ਭੁਲੇਖਿਆਂ ਪ੍ਰਤੀ ਪਿਆਰ ਭਰੀ ਜ਼ਿੰਦਗੀ ਜਿਉਂਦੇ ਹਨ। ਕੋਈ ਮਨੁੱਖ ਆਪਣੇ ਆਪ ਨੂੰ ਭਾਵੇਂ ਕਿੰਨਾ ਵੀ ਕਿਉਂ ਨਾ ਸਜਾ ਲਵੇ, ਗੁਰੂ ਦੇ ਦਿਖਾਏ ਰਸਤੇ ਤੋਂ ਸੱਖਣਾ ਹੋ ਕੇ ਉਹ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਨਹੀਂ ਕਰ ਸਕਦਾ। ਪ੍ਰਮਾਤਮਾ

ਅਜਿਹੇ ਮਨੁੱਖ ਨੂੰ ਆਪਣੇ ਤੋਂ ਪਰ੍ਹੇ (ਦੂਰ) ਹੀ ਰੱਖਦਾ ਹੈ। ਮਨੁੱਖ ਨੂੰ ਨੇਕ ਵਿਚਾਰ ਰੱਖਦੇ ਹੋਏ, ਫਿਰ ਉਹਨਾਂ 'ਤੇ ਅਮਲ ਕਰਦੇ ਹੋਏ ਪਹਿਲਾਂ ਆਪਣੇ ਆਪ ਨੂੰ ਸੁਧਾਰਨਾ ਚਾਹੀਦਾ ਹੈ। ਫਿਰ ਉਸ ਨੂੰ ਪ੍ਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ।

ਗੁਰੂ ਦੀਆਂ ਸਿੱਖਿਆਵਾਂ ਨੂੰ ਮੰਨੇ ਬਿਨਾਂ ਮਨੁੱਖ ਪ੍ਰਮਾਤਮਾ ਨਾਲ ਕਦੀ ਵੀ ਪਿਆਰ ਭਰਿਆ ਨਾਤਾ ਨਹੀਂ ਰੱਖ ਸਕਦਾ। ਪ੍ਰਮਾਤਮਾ ਦਾ ਨਾਮ ਲਏ ਬਿਨਾਂ ਮਨੁੱਖ ਮਾੜੇ ਵਿਚਾਰਾਂ ਦੇ ਪਿੱਛੇ ਲੱਗ ਕੇ, ਅੰਨਿਆਂ ਵਾਂਗ ਇਧਰ-ਉਧਰ ਭਟਕਦਾ ਰਹਿੰਦਾ ਹੈ। ਜਨਮ-ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ। ਮਨੁੱਖ ਦੁੱਖ ਅਤੇ ਸ਼ਰਮਿੰਦਗੀ ਭੋਗਦਾ ਰਹਿੰਦਾ ਹੈ।

ਮਨੁੱਖ ਆਪਣੇ ਮਨ ਤੇ ਸਰੀਰ ਨੂੰ ਜਿੰਨਾ ਮਰਜ਼ੀ ਸਜਾ ਲਵੇ, ਪਰ ਜੇ ਉਹ ਪ੍ਰਮਾਤਮਾ ਨੂੰ ਕਬੂਲ ਨਹੀਂ ਤਾਂ ਉਹ ਸਭ ਬੇਕਾਰ ਹਨ। ਜਦੋਂ ਤੱਕ ਮਨੁੱਖ ਗੁਰੂ ਦੀਆਂ ਸਿੱਖਿਆਵਾਂ ਨੂੰ ਨਹੀਂ ਮੰਨਦਾ, ਸਾਰੀਆਂ ਖ਼ੁਸ਼ੀਆਂ ਬੇਮਾਨੀਆਂ (ਫ਼ਜ਼ੂਲ) ਹਨ ਅਤੇ ਮਨੁੱਖ ਨੂੰ ਪ੍ਰਮਾਤਮਾ ਦਾ ਪਿਆਰਾ ਨਹੀਂ ਬਣਾਉਂਦੀਆਂ। ਉਹ ਮਨੁੱਖ ਜੋ ਪ੍ਰਮਾਤਮਾ ਨੂੰ ਪਿਆਰ ਕਰਦੇ ਹਨ ਅਤੇ ਪ੍ਰਮਾਤਮਾ ਵੀ ਉਹਨਾਂ ਨੂੰ ਪਿਆਰ ਕਰਦਾ ਹੈ, ਕੇਵਲ ਉਹੋ ਹੀ ਪ੍ਰਸ਼ੰਸਾ ਦੇ ਯੋਗ ਹਨ।

ਉਪਦੇਸ਼ ਨੰਬਰ 52

ਮਰਨਾ ਸਭ ਨੇ ਹੈ, ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹੋਏ ਨੇਕ ਜੀਵਨ ਜਿਉਣਾ ਚਾਹੀਦਾ ਹੈ

ਮਰਨ ਸਮੇਂ, ਜਦੋਂ ਸਰੀਰ ਵਿਚੋਂ ਜਿੰਦ ਨਿਕਲਦੀ ਹੈ, ਸਰੀਰ ਇਕੱਲਾ ਅਤੇ ਡਰਾਉਣਾ ਹੁੰਦਾ ਹੈ। ਇਕ ਪਲ ਵਿਚ ਹੀ ਸਰੀਰ ਦਾ ਅੰਤ ਸਾਹਮਣੇ ਹੁੰਦਾ ਹੈ। ਇਸ ਦੇ ਸਾਰੇ ਕਾਰਜ ਰੁਕ ਜਾਂਦੇ ਹਨ। ਜੀਵਨ ਵਿਚ ਸਵੈ-ਨਾਸ਼ੀ ਮੂਰਖ ਵਾਂਗ ਕਰਮ ਨਾ ਕਰੋ। ਪ੍ਰਮਾਤਮਾ ਨੂੰ ਪਿਆਰ ਤੇ ਸ਼ਰਧਾ ਨਾਲ ਯਾਦ ਰੱਖੋ। ਵਰਨਾ, ਪ੍ਰਮਾਤਮਾ ਨੂੰ ਭੁਲਾ ਕੇ ਹਰ ਕੋਈ ਇਸ ਨੂੰ ਗੁਆ ਦਿੰਦਾ ਹੈ।

ਪ੍ਰਮਾਤਮਾ ਨੂੰ ਭੁਲਾ ਕੇ, ਮਨੁੱਖ ਪ੍ਰਮਾਤਮਾ ਤੋਂ ਵੱਖ ਹੋਣ ਦੇ ਨਤੀਜੇ ਭੁਗਤਦਾ ਹੈ। ਮਨੁੱਖ ਜੀਵਨ ਵਿਚ ਕਦੀ ਨਾ ਬੁੱਝਣ ਵਾਲੀ ਅਸੰਤੁਸ਼ਟੀ ਦੀ ਅੱਗ ਵਿਚ ਦੁੱਖ ਭੋਗਦਾ ਹੈ। ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਣ ਵਾਲਿਆਂ ਤੋਂ ਇਲਾਵਾ ਬਾਕੀ ਸਾਰੇ ਇਸ ਅੱਗ ਵਿਚ ਬਲਦੇ ਹਨ। ਫਿਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਬਾਕੀ ਸਾਰੀਆਂ ਮੂਲ ਭਾਵਨਾਵਾਂ ਜਿਵੇਂ ਕਿ ਝੂਠੇ ਲਗਾਉ, ਝੂਠੇ ਪਿਆਰ, ਦੁਸ਼ਮਣੀ, ਨਾਸਵੰਤ ਚੀਜ਼ਾਂ ਨਾਲ ਪਿਆਰ, ਆਪਾ ਨਾਸ਼ ਕਰਨ ਵਾਲਾ ਗੁੱਸਾ ਆਦਿ ਸਭ ਖ਼ਤਮ ਹੋ ਜਾਂਦੇ ਹਨ। ਗੁਰੂ ਦੀ ਸਿੱਖਿਆ ਨਾਲ ਪ੍ਰਾਪਤ ਹੋਈ ਜਾਗਰੁਕਤਾ ਦੀ ਇਸ ਹਾਲਤ ਵਿਚ ਮਨੁੱਖ ਹਮੇਸ਼ਾ ਮਾੜੇ ਇਰਾਦੇ ਅਤੇ ਮਾੜੇ ਕਰਮਾਂ ਤੋਂ ਪਰ੍ਹੇ ਰਹਿੰਦਾ ਹੈ।

ਗੁਰੂ ਦੀਆਂ ਸਿੱਖਿਆਵਾਂ ਮੰਨ ਕੇ, ਮਨੁੱਖ ਨੇਕ ਜੀਵਨ ਜਿਉਂਦਾ ਹੈ ਅਤੇ ਪ੍ਰਮਾਤਮਾ

ਤੋਂ ਸਨਮਾਨ ਹਾਸਿਲ ਕਰਦਾ ਹੈ। ਗੁਰੂ ਦੀਆਂ ਸਿੱਖਿਆਵਾਂ ਨਾਲ ਜਿਨ੍ਹਾਂ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ, ਉਹਨਾਂ ਦਾ ਪੁਨਰ-ਜਨਮ ਅਤੇ ਜਨਮ-ਮਰਨ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਮਰਨ ਤੋਂ ਬਾਅਦ ਅਜਿਹੇ ਮਨੁੱਖਾਂ ਦੀ ਪ੍ਰਮਾਤਮਾ ਵੱਲੋਂ ਸ਼ਾਨ ਵਧਾਈ ਜਾਂਦੀ ਹੈ ਅਤੇ ਸਨਮਾਨ ਕੀਤਾ ਜਾਂਦਾ ਹੈ, ਕਿਉਂਕਿ ਉਹਨਾਂ ਨੇ ਜੀਵਨ ਵਿਚ ਪੂਰੀ ਸ਼ਰਧਾ ਅਤੇ ਪਿਆਰ ਨਾਲ ਪ੍ਰਮਾਤਮਾ ਦਾ ਨਾਮ ਧਿਆਇਆ ਹੁੰਦਾ ਹੈ।

ਉਪਦੇਸ਼ ਨੰਬਰ 53
ਗੁਰੂ ਦੀ ਸਿੱਖਿਆ ਮਾੜੇ ਵਿਚਾਰ ਅਤੇ ਮਾੜੇ ਕਰਮ ਟਾਲ ਦਿੰਦੀ ਹੈ

ਮਰਨ ਤੋਂ ਬਾਅਦ ਸਰੀਰ ਮਿੱਟੀ ਤੋਂ ਇਲਾਵਾ ਹੋਰ ਕੁਛ ਨਹੀਂ ਹੈ। ਜੀਵਨ ਵਿਚ ਨਾਸਵੰਤ ਚੀਜ਼ਾਂ ਵਿਚ ਉਲਝ ਕੇ ਮਨੁੱਖ ਦਾ ਮਨ ਭ੍ਰਿਸ਼ਟ ਹੋ ਜਾਂਦਾ ਹੈ। ਜੀਵਨ ਵਿਚ ਮਾੜੇ ਕਰਮਾਂ ਨਾਲ ਇਕੱਠੇ ਕੀਤੇ ਝੂਠ, ਉਸ ਦੇ ਅਗਲੇ ਜੀਵਨ ਵਿਚ ਵੀ ਉਸ ਦੇ ਨਾਲ ਜਾਂਦੇ ਹਨ। ਅਣਗਿਣਤ ਮਨੁੱਖ ਇਸ ਆਤਮ-ਘਾਤ ਦੇ ਰਸਤੇ 'ਤੇ ਚਲੇ ਜਾਂਦੇ ਹਨ।

ਮਨੁੱਖ ਦੀ ਮੁਕਤੀ ਗੁਰੂ ਦੀ ਸਿੱਖਿਆ ਪ੍ਰਤੀ ਪਿਆਰ ਅਤੇ ਸ਼ਰਧਾ ਵਿਚ ਹੈ। ਨਹੀਂ ਤਾਂ ਜਨਮ-ਮਰਨ ਦੇ ਚੱਕਰ ਦੇ ਕਾਰਣ, ਮਨੁੱਖ ਦੇ ਦੁੱਖ ਜਾਰੀ ਰਹਿੰਦੇ ਹਨ। ਜਦੋਂ ਤੱਕ ਸਰੀਰ ਪ੍ਰਮਾਤਮਾ ਦਾ ਨਾਮ ਨਹੀਂ ਧਿਆਉਂਦਾ, ਇਸ ਨੂੰ ਸੁੱਚਾ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹਨ। ਜੇ ਉਹ ਬੇਅੰਤ ਪ੍ਰਮਾਤਮਾ ਆਪਣੀ ਮਿਹਰ ਭਰੀ ਨਦਰਿ ਕਰਦਾ ਹੈ, ਫੇਰ ਹੀ ਮਨੁੱਖ ਉਸ ਦੀ ਭਗਤੀ ਕਰਦਾ ਹੈ। ਰਸਨਾ ਵੀ ਸਦਾ ਪ੍ਰਮਾਤਮਾ ਦੇ ਨਾਮ ਦਾ ਸੁਆਦ ਚੱਖਦੀ ਹੈ। ਜਨਮ-ਮਰਨ ਦੇ ਚੱਕਰ ਕਾਰਣ ਪੈਦਾ ਹੋਏ ਦੁੱਖਾਂ ਦਾ ਵੀ ਅੰਤ ਹੁੰਦਾ ਹੈ।

ਪ੍ਰਮਾਤਮਾ ਨੇ ਹਵਾ ਦਾ ਨਿਰਮਾਣ ਕੀਤਾ। ਹਵਾ ਤੋਂ ਬਾਅਦ ਪਾਣੀ ਦਾ ਨਿਰਮਾਣ ਕੀਤਾ। ਇਨ੍ਹਾਂ ਦੋਹਾਂ ਦਾ ਨਿਰਮਾਣ ਕਰਨ ਤੋਂ ਬਾਅਦ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਦਾ ਨਿਰਮਾਣ ਕੀਤਾ। ਪ੍ਰਮਾਤਮਾ ਹਰ ਮਨੁੱਖ ਵਿਚ ਪ੍ਰਤੱਖ ਰੂਪ ਵਿਚ ਆਪ ਬਿਰਾਜਮਾਨ ਹੈ। ਪ੍ਰਮਾਤਮਾ ਦੀ ਹੋਂਦ ਸਭ ਤੋਂ ਵੱਧ ਪਵਿੱਤਰ ਹੈ। ਉਹ ਕਦੀ ਵੀ ਅਸ਼ੁੱਧ (ਅਪਵਿੱਤਰ) ਨਹੀਂ ਹੁੰਦਾ। ਗੁਰੂ ਦੀ ਸਿੱਖਿਆਵਾਂ ਪ੍ਰਤੀ ਪ੍ਰੇਮ ਅਤੇ ਸ਼ਰਧਾ ਰੱਖ ਕੇ, ਮਨੁੱਖ ਪ੍ਰਮਾਤਮਾ ਦਾ ਸਨਮਾਨ ਪ੍ਰਾਪਤ ਕਰਦਾ ਹੈ।

ਜੇ ਪ੍ਰਮਾਤਮਾ ਦੀ ਮਿਹਰ ਹੋਵੇ ਤਾਂ ਫਿਰ ਮਨੁੱਖ ਸਦੀਵੀ ਸੱਚਾਈ ਨਾਲ ਇਕ ਹੁੰਦਾ ਹੈ। ਉਹ ਜੀਵਨ ਵਿਚ ਸੰਤੋਖ ਪ੍ਰਾਪਤ ਕਰਦਾ ਹੈ। ਮਨ ਦੇ ਸਾਰੇ ਬੁਰੇ ਖ਼ਿਆਲ ਰੁਕ ਜਾਂਦੇ ਹਨ। ਗੁਰੂ ਦੀਆਂ ਹਿਦਾਇਤਾਂ ਮਨੁੱਖ ਨੂੰ ਪ੍ਰਮਾਤਮਾ ਵੱਲੋਂ ਸਨਮਾਨਿਤ ਕਰਦੀਆਂ ਅਤੇ ਮਿਹਰਾਂ ਦਿਵਾਉਂਦੀਆਂ ਹਨ। ਮਨ ਪ੍ਰਮਾਤਮਾ ਦਾ ਨਿਵਾਸ ਬਣ ਜਾਂਦਾ ਹੈ।

ਉਪਦੇਸ਼ ਨੰਬਰ 54

ਗੁਰੂ ਦੀਆਂ ਸਿੱਖਿਆਵਾਂ ਇਕ ਅਜਿਹੀ ਬੇੜੀ ਬਣਾਉਂਦੀਆਂ ਹਨ, ਜਿਸ ਵਿਚ ਬੈਠ ਕੇ ਮਨੁੱਖ ਪੂਰੀ ਸੁਰੱਖਿਆ ਨਾਲ ਜੀਵਨ ਦਾ ਭਵ-ਸਾਗਰ ਪਾਰ ਕਰ ਲੈਂਦਾ ਹੈ

ਜੀਵਨ ਦੇ ਸਾਗਰ ਨੂੰ ਸੁਰੱਖਿਅਤ ਤਰੀਕੇ ਨਾਲ ਪਾਰ ਕਰਨ ਲਈ, ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ ਨਾਲ ਬਣੀ ਬੇੜੀ 'ਤੇ ਸਫ਼ਰ ਕਰਨਾ ਚਾਹੀਦਾ ਹੈ। ਜੋ ਬੇੜੀ ਗੁਰੂ ਦੀਆਂ ਸਿੱਖਿਆਵਾਂ ਨਾਲ ਨਹੀਂ ਬਣੀ ਹੈ, ਉਸ ਦਾ ਡੁੱਬਣਾ ਯਕੀਨੀ ਹੈ। ਗੁਰੂ ਦੀ ਅਗਵਾਈ ਤੋਂ ਬਿਨਾਂ ਮਨੁੱਖ ਸੁਰੱਖਿਅਤ ਤਰੀਕੇ ਨਾਲ ਪਾਰ ਨਹੀਂ ਜਾ ਸਕਦਾ। ਗੁਰੂ ਸਮਝਾਉਂਦਾ ਹੈ ਕਿ ਮਨੁੱਖ ਹਮੇਸ਼ਾ ਪ੍ਰਮਾਤਮਾ 'ਤੇ ਯਕੀਨ ਰੱਖਣਾ ਚਾਹੀਦਾ ਹੈ ਅਤੇ ਉਹ ਜੋ ਵੀ ਦੇਵੇ, ਉਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਸੰਸਾਰ ਵਿਚ ਅਜਿਹਾ ਕੁਛ ਵੀ ਨਹੀਂ ਹੈ, ਜਿਸ ਵਿਚ ਪ੍ਰਮਾਤਮਾ ਆਪ, ਆਪਣੀ ਪੂਰੀ ਸ਼ਾਨ ਨਾਲ ਹਾਜ਼ਿਰ ਨਾ ਹੋਵੇ। ਇਹ ਸਿਰਫ਼ ਉਹ ਪ੍ਰਮਾਤਮਾ ਹੀ ਹੈ, ਜੋ ਹਰੇਕ ਮਨੁੱਖ ਅਤੇ ਹਰੇਕ ਚੀਜ਼ ਦੀ ਹੋਂਦ ਦਾ ਕਾਰਣ ਹੈ। ਉਹੋ (ਪ੍ਰਮਾਤਮਾ) ਉਹਨਾਂ ਦੀ ਤਬਾਹੀ ਦਾ ਵੀ ਕਾਰਣ ਹੈ। ਪ੍ਰਮਾਤਮਾ ਦੀ ਰਚਨਾ ਵਿਚ ਕੁਛ ਜਨਮ ਲੈਂਦੇ ਹਨ ਅਤੇ ਕੁਛ ਦੂਸਰੇ ਮਰ ਜਾਂਦੇ ਹਨ। ਉਸ ਨਾਲ (ਪ੍ਰਮਾਤਮਾ ਨਾਲ) ਮਿਲਾਪ ਦਾ ਕਾਰਣ ਵੀ ਉਹ (ਪ੍ਰਮਾਤਮਾ) ਹੀ ਹੈ। ਕੇਵਲ ਉਹ (ਪ੍ਰਮਾਤਮਾ) ਹੀ ਮਨੁੱਖ ਦੇ ਪ੍ਰਮਾਤਮਾ ਨਾਲ ਮੇਲ ਦਾ ਵੱਡਾ ਕਾਰਣ ਹੈ।

ਮਨੁੱਖ ਨੂੰ ਹਰ ਸੁਆਸ ਨਾਲ ਪ੍ਰਮਾਤਮਾ ਨੂੰ ਸਿਮਰਨਾ ਚਾਹੀਦਾ ਹੈ ਅਤੇ ਉਸ ਨੂੰ ਕਦੀ ਵੀ ਭੁੱਲਣਾ ਨਹੀਂ ਚਾਹੀਦਾ। ਗੁਰੂ ਦੀਆਂ ਸਿੱਖਿਆਵਾਂ ਨੂੰ ਮੰਨਣ ਵਾਲੇ ਦੇ ਦਿਲ ਵਿਚ ਪ੍ਰਮਾਤਮਾ ਦੀ ਹਜ਼ੂਰੀ ਇਕ ਅੰਮ੍ਰਿਤ ਉਤਪੰਨ ਕਰਦੀ ਹੈ, ਜਿਸ ਦੇ ਨਾਲ ਸਾਰੇ ਸਵੈ-ਕੇਂਦਰਿਤ ਰੁਝਾਨ ਸਮਾਪਤ ਹੋ ਜਾਂਦੇ ਹਨ। ਫਿਰ ਪ੍ਰਮਾਤਮਾ ਆਪਣਾ ਮਾਲਕ ਪ੍ਰਤੀਤ ਹੋਣ ਲੱਗਦਾ ਹੈ। ਇਹ ਪ੍ਰਮਾਤਮਾ ਨਾਲ ਇਕ-ਮਿਕ ਹੋਣ ਵਿਚ ਸਹਾਇਕ ਹੁੰਦਾ ਹੈ।

ਗੁਰੂ ਦੀਆਂ ਹਿਦਾਇਤਾਂ ਮੰਨਣ ਵਾਲੇ ਮਨੁੱਖ ਦੇ ਅੰਦਰ ਗਿਆਨ ਦੀ ਰੋਸ਼ਨੀ ਹੋ ਜਾਂਦੀ ਹੈ ਅਤੇ ਉਹ ਇਹ ਜਾਨਣ ਲੱਗ ਜਾਂਦਾ ਹੈ ਕਿ ਸੰਸਾਰ ਵਿਚ ਮੌਜੂਦ ਹਰ ਚੀਜ਼ ਦਾ ਰਚਨਾਕਾਰ ਪ੍ਰਮਾਤਮਾ ਹੀ ਹੈ। ਗੁਰੂ ਦੀਆਂ ਸਿੱਖਿਆਵਾਂ ਬਿਨਾਂ, ਮਨੁੱਖ ਜੋ ਕੁਛ ਵੀ ਇਸ ਘੁੱਪ ਹਨੇਰੇ ਵਿਚ ਦੇਖਦਾ ਹੈ, ਉਹ ਸਿਰਫ਼ ਗੜਬੜ ਹੀ ਹੁੰਦੀ ਹੈ। ਗੁਰੂ ਦੀਆਂ ਸਿੱਖਿਆਵਾਂ ਨੂੰ ਮਹੱਤਵ (ਅਹਿਮੀਅਤ) ਦੇਣ ਨਾਲ ਉਸ ਨੂੰ ਵਿਸ਼ਵਾਸ ਹੁੰਦਾ ਹੈ ਅਤੇ ਉਹ ਜਾਨਣ ਲੱਗਦਾ ਹੈ ਉਹ ਸਿਰਜਣਹਾਰ ਹਰ ਜਗ੍ਹਾ 'ਤੇ ਮੌਜੂਦ ਹੈ ਅਤੇ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਸਾਰੀ ਰਚਨਾ ਵਿਚ ਹਾਜ਼ਰ (ਮੌਜੂਦ) ਰਹਿੰਦਾ ਹੈ।

ਪ੍ਰਮਾਤਮਾ ਗੁਰੂ ਦੇ ਸਿੱਖਾਂ ਦਾ ਸਨਮਾਨ ਕਰਦਾ ਹੈ, ਕਿਉਂਕਿ ਉਹ ਪ੍ਰਮਾਤਮਾ ਬਾਰੇ

ਸੱਚਾ ਗਿਆਨ ਪ੍ਰਾਪਤ ਕਰਦੇ ਹਨ। ਉਹ ਉਸ ਸਦੀਵੀ ਪ੍ਰਮਾਤਮਾ ਦੇ ਨਾਲ ਜੁੜੇ ਹੁੰਦੇ ਹਨ। ਉਹ ਗੁਰੂ ਦੇ ਗੁਣਾਂ ਦੇ ਗਿਆਨ ਦੀ ਦਾਤ ਹਾਸਲ ਕਰਦੇ ਹਨ, ਕਿਉਂਕਿ ਉਹ ਆਪਣੇ ਗੁਰੂ ਤੋਂ ਸਿੱਖਿਆ ਲੈਂਦੇ ਹਨ। ਉਹ ਪ੍ਰਮਾਤਮਾ ਨੂੰ ਧਿਆਉਂਦੇ ਹਨ ਅਤੇ ਉਸ ਪ੍ਰਮਾਤਮਾ ਅੱਗੇ ਆਪਣਾ ਤਨ, ਮਨ ਸਮਰਪਿਤ ਕਰਕੇ ਸਬਰ-ਸੰਤੋਖ ਦਾ ਅਨੰਦ ਮਾਣਦੇ ਹਨ।

ਉਪਦੇਸ਼ ਨੰਬਰ 55

ਗੁਰੂ ਸਮਾਂ ਬਰਬਾਦ ਨਾ ਕਰਨ ਅਤੇ ਪ੍ਰਮਾਤਮਾ ਨੂੰ ਧਿਆਉਣ ਦੀ ਸਲਾਹ ਦਿੰਦਾ ਹੈ

ਮਨੁੱਖ ਨੂੰ ਜਿੰਨੀ ਜਲਦੀ ਹੋ ਸਕੇ, ਆਪਣਾ ਆਪ ਪ੍ਰਮਾਤਮਾ ਨੂੰ ਸੌਂਪ ਦੇਣਾ ਚਾਹੀਦਾ ਹੈ, ਕਿਉਂਕਿ ਫਿਰ ਆਖਰੀ ਸਾਹ ਤੋਂ ਬਾਅਦ ਬਹੁਤ ਦੇਰ ਹੋ ਜਾਵੇਗੀ। ਫਿਰ ਇਹ ਸਰੀਰ ਸਿਰਫ ਰਾਖ ਦਾ ਇਕ ਢੇਰ ਹੀ ਹੋਵੇਗਾ। ਆਪਣਾ ਆਪ ਪ੍ਰਮਾਤਮਾ ਨੂੰ ਸਮਰਪਿਤ ਕਰਨ ਤੋਂ ਬਿਨਾਂ ਇਕ ਬਹੁਤ ਵੱਡਾ ਮੌਕਾ ਅਜਾਈਂ ਚਲਾ ਜਾਵੇਗਾ। ਹੁਣੇ ਹੀ ਪ੍ਰਮਾਤਮਾ ਪ੍ਰਤੀ ਸਮਰਪਣ ਨਾਲ, ਬਾਅਦ ਦਾ ਜੀਵਨ ਭਰਪੂਰ ਹੋ ਜਾਵੇਗਾ। ਗੁਰੂ ਦੀਆਂ ਹਿਦਾਇਤਾਂ ਯਾਦ ਰੱਖੋ, ਪ੍ਰਮਾਤਮਾ ਨੂੰ ਧਿਆਓ। ਪ੍ਰਮਾਤਮਾ ਨਾਲੋਂ ਵਿਛੜਣ ਕਾਰਣ ਪੈਦਾ ਹੋਣ ਵਾਲੇ ਦੁੱਖਾਂ ਤੋਂ ਛੁਟਕਾਰਾ ਪਾ ਲਓ।

ਪ੍ਰਮਾਤਮਾ ਤੋਂ ਵਿਛੜ ਕੇ ਮਨੁੱਖ ਦਿਨ-ਰਾਤ ਅਸੰਤੋਖ, ਮਾੜੇ ਵਿਚਾਰ ਅਤੇ ਮਾੜੇ ਕਰਮਾਂ ਦਾ ਦੁੱਖ ਭੋਗਦਾ ਰਹਿੰਦਾ ਹੈ। ਮਨੁੱਖ ਦੀਆਂ ਬੌਧਿਕ ਕੋਸ਼ਿਸ਼ਾਂ ਭਾਵੇਂ ਕਿੰਨੀਆਂ ਵੀ ਠੀਕ ਅਤੇ ਕਿਉਂ ਨਾ ਹੋਣ, ਉਸ ਬੇਪਰਵਾਹ ਨੂੰ ਉਹ ਸਮਝ ਨਹੀਂ ਸਕਦਾ। ਉਹ ਕੇਵਲ ਗੁਰੂ ਦੀਆਂ ਸਿੱਖਿਆਵਾਂ ਨਾਲ ਹੀ ਸਮਝ ਵਿਚ ਆਉਂਦਾ ਹੈ।

ਜੋ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹਨ, ਉਹਨਾਂ ਸੰਤਾਂ ਦੀ ਸੰਗਤ ਹੀ ਜ਼ਿੰਦਗੀ ਵਿਚ ਸੰਤੋਖ ਦਾ ਇਕ ਜ਼ਰੀਆ ਹੁੰਦੀ ਹੈ। ਮਨੁੱਖ ਦੇ ਆਸ-ਪਾਸ ਉਸ ਨਾਲ ਸੰਬੰਧਿਤ ਹਮ-ਖਿਆਲ ਲੋਕ ਭਾਵੇਂ ਕਿੰਨੇ ਬੌਧਿਕ ਵਿਸ਼ਾਲਤਾ ਨਾਲ ਕੋਸ਼ਿਸ਼ ਕਰ ਲੈਣ, ਸੰਤਾਂ ਦੀ ਸੰਗਤ ਤੋਂ ਬਿਨਾਂ, ਮਨੁੱਖ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਦੀਆਂ ਸਿੱਖਿਆਵਾਂ ਨਾਲ ਪ੍ਰਮਾਤਮਾ ਪ੍ਰਤੀ ਪਿਆਰ, ਸ਼ਰਧਾ ਅਤੇ ਆਪਣਾ ਅੰਤਰ-ਮਨ ਸਾਫ਼ ਕਰਨ ਅਤੇ ਅੰਦਰ ਦੀ ਝਾਤ ਤੋਂ ਬਗੈਰ ਮਨੁੱਖ ਦੇ ਦੁੱਖਾਂ ਦਾ ਕਦੀ ਅੰਤ ਨਹੀਂ ਹੋ ਸਕਦਾ।

ਭਾਵੇਂ ਕਿਸੇ ਦੀ ਜਾਚ ਕਿੰਨੀ ਵੀ ਵਿਸ਼ਾਲ ਕਿਉਂ ਨਾ ਹੋਵੇ, ਮਨੁੱਖ ਸੱਚੀ ਖ਼ੁਸ਼ੀ ਹਾਸਲ ਨਹੀਂ ਕਰ ਸਕਦਾ। ਗੁਰੂ ਦੀਆਂ ਹਿਦਾਇਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਇਸ ਨਾਲ ਬਹੁਤ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਆਪਣਾ ਸਭ ਕੁਛ ਗੁਰੂ ਨੂੰ ਸਮਰਪਿਤ ਕਰ ਦਿਉ ਅਤੇ ਬਦਲੇ ਵਿਚ ਸਦੀਵੀ ਪ੍ਰਸੰਨਤਾ ਪ੍ਰਾਪਤ ਕਰੋ। ਗੁਰੂ ਸਭ ਤੋਂ ਨਜ਼ਦੀਕੀ, ਪ੍ਰਮਾਤਮਾ ਨਾਲ ਮਿਲਾਉਂਦਾ ਹੈ।

ਉਪਦੇਸ਼ ਨੰਬਰ 56

ਜੀਵਨ ਦਾ ਮੁੱਖ ਉਦੇਸ਼ ਗੁਰੂ ਤੋਂ ਸਿੱਖਣਾ ਹੈ

ਪ੍ਰਮਾਤਮਾ ਆਪਣੀ ਸਾਰੀ ਰਚਨਾ ਦੀ ਦੇਖਭਾਲ ਕਰਦਾ ਹੈ। ਹਰ ਕੋਈ ਉਸੇ ਤਰ੍ਹਾਂ ਹੀ ਸਾਹ ਲੈਂਦਾ ਅਤੇ ਖਾਂਦਾ ਹੈ, ਜਿਵੇਂ ਪ੍ਰਮਾਤਮਾ ਨੇ ਉਸ ਨੂੰ ਬਖ਼ਸ਼ਿਆ ਹੁੰਦਾ ਹੈ। ਪ੍ਰਮਾਤਮਾ ਉਹਨਾਂ ਦੇ ਮਨਾਂ ਵਿਚ ਵੱਸਦਾ ਹੈ, ਜੋ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹਨ। ਪ੍ਰਮਾਤਮਾ ਉਹੀ ਕਰਦਾ ਹੈ ਜੋ ਉਸ ਨੂੰ ਠੀਕ ਲੱਗਦਾ ਹੈ। ਗੁਰੂ ਦੇ ਕਹੇ ਅਨੁਸਾਰ ਪ੍ਰਮਾਤਮਾ ਦੀ ਪੂਜਾ-ਭਗਤੀ ਕਰੋ ਅਤੇ ਪ੍ਰਮਾਤਮਾ ਤੋਂ ਵਿਛੜਣ ਕਾਰਣ ਮਿਲੇ ਦਰਦ ਤੋਂ ਮੁਕਤੀ ਪਾਓ।

ਗੁਰੂ ਦੀਆਂ ਹਿਦਾਇਤਾਂ ਨੂੰ ਗੰਭੀਰਤਾ ਨਾਲ ਮੰਨੋ ਅਤੇ ਜੀਵਨ ਦੇ ਅਰਥਾਂ ਨੂੰ ਸਿੱਖੋ। ਨਾਸਵੰਤ ਚੀਜ਼ਾਂ ਨਾਲੋਂ ਮੋਹ ਤੋੜ ਕੇ ਜੀਵਨ ਜੀਓ, ਕਿਉਂਕਿ ਮੌਤ ਸਮੇਂ ਸਾਰੇ ਦੁਨਿਆਵੀ ਮੋਹ ਖ਼ਤਮ ਹੋ ਜਾਣੇ ਹਨ। ਗੁਰੂ ਦੀਆਂ ਸਿੱਖਿਆਵਾਂ ਹਰੇਕ ਸਮੇਂ ਵਿਚ ਹੀ ਜਾਇਜ਼ ਹਨ।

ਗੁਰੂ ਦੀਆਂ ਸਿੱਖਿਆਵਾਂ ਮਨੁੱਖ ਦੇ ਪ੍ਰਮਾਤਮਾ ਤੋਂ ਵਿਛੋੜੇ ਨੂੰ ਖ਼ਤਮ ਕਰਦੀਆਂ ਹਨ ਅਤੇ ਉਸ ਨੂੰ ਪ੍ਰਮਾਤਮਾ ਨਾਲ ਮਿਲਾਉਂਦੀਆਂ ਹਨ। ਉਹ ਮਨੁੱਖ ਪ੍ਰਸ਼ੰਸਾ ਦੇ ਕਾਬਿਲ ਹਨ ਜੋ ਗੁਰੂ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜਿਉਂਦੇ ਹਨ। ਪ੍ਰਮਾਤਮਾ ਉਹਨਾਂ ਨੂੰ ਸਨਮਾਨਿਤ ਕਰਦਾ ਹੈ।

ਪ੍ਰਮਾਤਮਾ ਹਰ ਚੀਜ਼ ਅਤੇ ਹਰੇਕ ਦੇ ਵਿਚ ਬਿਰਾਜਮਾਨ ਹੈ। ਇਸ ਸੰਸਾਰ ਵਿਚ ਜਨਮ ਲੈਣ ਵਾਲਾ ਹਰੇਕ ਜੀਵ, ਇਕ ਅਜਿਹੀ ਖੇਡ ਵਿਚ ਰੁੱਝ ਜਾਂਦਾ ਹੈ, ਜੋ ਉਸ ਨੂੰ ਪ੍ਰਮਾਤਮਾ ਨੂੰ ਧਿਆਉਣ ਤੋਂ ਭਟਕਾਉਂਦੀ ਹੈ। ਉਹ ਫਿਰ ਦੁਬਾਰਾ ਕਦੀ ਪ੍ਰਮਾਤਮਾ ਦੇ ਨੇੜੇ ਨਹੀਂ ਆਉਂਦੇ। ਉਹ ਪ੍ਰਮਾਤਮਾ ਤੋਂ ਵੱਖ ਹੋ ਕੇ ਦੁੱਖ ਭੋਗਦੇ ਹਨ।

ਪ੍ਰਮਾਤਮਾ ਤੋਂ ਵੱਖਰੇਵੇਂ ਤੋਂ ਬਚਣ ਦਾ ਹੱਲ ਹੈ ਕਿ ਨਾਸਵੰਤ ਚੀਜ਼ਾਂ ਤੋਂ ਨਿਰਲੇਪ ਹੋਵੋ, ਉਸ ਸੱਚੇ ਪ੍ਰਮਾਤਮਾ ਦਾ ਡਰ-ਖ਼ੌਫ਼ ਰੱਖੋ, ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲੋ। ਨਤੀਜੇ ਵਜੋਂ, ਮਨੁੱਖ ਪ੍ਰਮਾਤਮਾ ਦੇ ਨਾਮ ਦੇ ਅੰਮ੍ਰਿਤ ਦਾ ਅਨੰਦ ਮਾਣਦਾ ਹੈ ਅਤੇ ਹਮੇਸ਼ਾ ਲਈ ਸਾਰੀਆਂ ਅਸੰਤੁਸ਼ਟੀਆਂ ਤੋਂ ਛੁਟਕਾਰਾ ਪਾ ਲੈਂਦਾ ਹੈ। ਜੋ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦੇ ਹਨ, ਉਹਨਾਂ ਦੇ ਦੁੱਖ ਤਕਲੀਫਾਂ ਹਮੇਸ਼ਾ ਲਈ ਖਤਮ ਹੋ ਜਾਂਦੇ ਹਨ। ਉਹ ਗੁਰੂ ਦੀਆਂ ਸਿੱਖਿਆਵਾਂ ਦੇ ਚਾਨਣ ਵਿਚ ਆਪਣਾ ਜੀਵਨ ਜਿਊਂਦੇ ਹਨ।

ਉਪਦੇਸ਼ ਨੰਬਰ 57

ਮੂਰਖ ਨਾਸਵੰਤ ਪਦਾਰਥ ਅਤੇ ਭਰਮ-ਭੁਲੇਖੇ ਲੱਭਦੇ ਹਨ

ਗੁਰੂ ਦੇ ਮਾਰਗ-ਦਰਸ਼ਨ ਤੋਂ ਬਗੈਰ, ਮਨੁੱਖ ਇਕ ਮੂਰਖ ਵਾਂਗ ਵਰਤਾਉ ਕਰਦਾ ਹੈ। ਮਨੁੱਖ ਨਾਸਵੰਤ ਪਦਾਰਥਾਂ ਅਤੇ ਭਰਮ-ਭੁਲੇਖਿਆਂ ਦੇ ਵਿਚ ਫਸਿਆ ਰਹਿੰਦਾ ਹੈ। ਉਹ, ਜੋ ਗੁਰੂ ਦੀਆਂ ਸਿੱਖਿਆਵਾਂ ਉਤੇ ਨਹੀਂ ਤੁਰਦੇ, ਪ੍ਰਮਾਤਮਾ ਨੂੰ ਖੋ ਦਿੰਦੇ ਹਨ। ਉਹ ਜੀਵਨ

ਦੇ ਗਲਤ ਉਪਦੇਸ਼ਾਂ ਨੂੰ ਮੰਨਦੇ ਹਨ ਅਤੇ ਇੰਜ ਜਨਮ-ਮਰਨ ਦੇ ਗੇੜ ਵਿਚ ਫਸ ਜਾਂਦੇ ਹਨ। ਗੁਰੂ ਮਨੁੱਖ ਨੂੰ ਗੁਣਾਂ ਦੇ ਖ਼ਜ਼ਾਨੇ ਪ੍ਰਮਾਤਮਾ ਨਾਲ ਮਿਲਾਉਂਦਾ ਹੈ। ਸਮਝਦਾਰੀ, ਝੂਠੇ ਹੰਕਾਰ ਨੂੰ ਤਿਆਗਣ ਵਿਚ ਹੁੰਦੀ ਹੈ, ਜੋ ਪ੍ਰਮਾਤਮਾ ਤੋਂ ਵੱਖਰੇਵੇਂ ਦਾ ਕਾਰਣ ਹੈ। ਮਨੁੱਖ ਨੂੰ ਆਪਣਾ ਆਪ ਪ੍ਰਮਾਤਮਾ ਅਤੇ ਗੁਰੂ ਨੂੰ ਸਮਰਪਿਤ ਕਰਨਾ ਚਾਹੀਦਾ ਹੈ। ਪ੍ਰਮਾਤਮਾ ਯਕੀਨੀ ਤੌਰ 'ਤੇ ਆਪਣੇ ਸ਼ਰਧਾਲੂ ਨੂੰ ਸਨਮਾਨਿਤ ਕਰਦਾ ਹੈ। ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਣ ਵਾਲਾ ਮਨੁੱਖ, ਪ੍ਰਮਾਤਮਾ ਦੇ ਨਾਮ ਨੂੰ ਲਗਾਤਾਰ ਧਿਆਉਣ ਨੂੰ ਹੀ ਸੱਚੀ ਦੌਲਤ ਦਾ ਭੰਡਾਰ ਮੰਨਦਾ ਹੈ। ਸ਼ਰਧਾ ਅਤੇ ਪਿਆਰ ਨਾਲ ਪ੍ਰਮਾਤਮਾ ਦਾ ਨਾਮ ਧਿਆਉਣ ਵਿਚ ਜੋ ਪ੍ਰਸੰਨਤਾ ਹੈ, ਬਾਕੀ ਸਾਰੀਆਂ ਖ਼ੁਸ਼ੀਆਂ ਦਾ ਉਸ ਨਾਲ ਕੋਈ ਮੁਕਾਬਲਾ ਨਹੀਂ। ਸੰਤਾਂ ਦੀ ਸੰਗਤ ਵਿਚ ਰਹੋ ਅਤੇ ਰੱਬੀ ਗਿਆਨ ਸਿੱਖੋ। ਜਿਵੇਂ ਕਿ ਗੁਰੂ ਜੀ ਨੇ ਸਿਖਾਇਆ ਹੈ, ਦਿਨ-ਰਾਤ ਪ੍ਰਮਾਤਮਾ ਨੂੰ ਸਿਮਰਦੇ ਰਹੋ।

ਗੁਰੂ ਨੂੰ ਕਲੰਕਿਤ ਕਰਨਾ, ਇਕ ਝੂਠਾ ਜੀਵਨ ਜਿਉਣ ਦੇ ਸਰਾਪ ਵਾਂਗ ਹੈ। ਅਗਿਆਨਤਾ ਨਾਲ ਭਟਕ ਕੇ, ਕਲੰਕਿਤ ਕਰਨ ਵਾਲਾ ਮਨੁੱਖ ਬਹੁਤ ਦੁੱਖ ਭੋਗਦਾ ਹੈ ਅਤੇ ਜੀਵਨ ਤੋਂ ਬਾਅਦ ਸਜ਼ਾ ਭੁਗਤਦਾ ਹੈ। ਗੁਰੂ ਦਾ ਸਿੱਖ ਇਕ ਸ਼ਾਂਤਮਈ ਅਤੇ ਖ਼ੁਸ਼ੀ ਭਰਿਆ ਜੀਵਨ ਜਿਉਂਦਾ ਹੈ। ਉਹ ਮਨੁੱਖ ਜੋ ਆਪਣੇ ਨਿੱਜੀ ਵਹਿਮਾਂ ਅਤੇ ਪ੍ਰਾਥਮਿਕਤਾਵਾਂ ਵਾਲਾ ਜੀਵਨ ਜਿਉਂਦਾ ਹੈ, ਉਹ ਸ਼ਾਂਤੀ ਅਤੇ ਪ੍ਰਸੰਨਤਾ ਭਰਿਆ ਜੀਵਨ ਨਹੀਂ ਜੀਅ ਸਕਦਾ।

ਪ੍ਰਮਾਤਮਾ ਉਹਨਾਂ ਨੂੰ ਮਾਣ ਬਖ਼ਸ਼ਦਾ ਹੈ, ਜੋ ਗੁਰੂ ਦੀਆਂ ਸਿੱਖਿਆਵਾਂ ਅਨੁਸਾਰ ਜਿਉਂਦੇ ਹਨ। ਦੂਸਰੇ ਕੇਵਲ ਅਗਿਆਨਤਾ ਨਾਲ ਆਪਣਾ ਜੀਵਨ ਬਰਬਾਦ ਕਰਦੇ ਹਨ। ਗੁਰੂ, ਪ੍ਰਮਾਤਮਾ ਪ੍ਰਤੀ ਸਮਰਪਿਤ ਹੁੰਦਾ ਹੈ ਅਤੇ ਗੁਰੂ ਦੇ ਕਰਮ ਹਮੇਸ਼ਾ ਹੀ ਪੁੰਨ ਕਮਾਉਣ ਵਾਲੇ ਹੁੰਦੇ ਹਨ। ਪ੍ਰਮਾਤਮਾ ਕਰੇ, ਕੋਈ ਵੀ ਮਨੁੱਖ ਕਦੀ ਵੀ ਪ੍ਰਮਾਤਮਾ ਨੂੰ ਨਾ ਭੁੱਲੇ। ਇਹ ਵੀ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਹੁੰਦਾ ਹੈ ਕਿ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ।

ਉਪਦੇਸ਼ ਨੰਬਰ 58

ਪ੍ਰਮਾਤਮਾ ਉਹਨਾਂ ਨੂੰ ਮਾਣ ਬਖ਼ਸ਼ਦਾ ਹੈ, ਜੋ ਉਸ ਨੂੰ ਇਕ ਪਲ ਲਈ ਵੀ ਨਹੀਂ ਅਣਗੌਲਦੇ

ਇਕ ਸੱਚੇ ਸ਼ਰਧਾਲੂ ਲਈ ਪ੍ਰਮਾਤਮਾ ਤੋਂ ਇਕ ਪਲ ਦਾ ਵਿਛੋੜਾ ਵੀ ਭਾਰੀ ਕਸ਼ਟ ਸਹਿਣ ਦੇ ਬਰਾਬਰ ਹੈ। ਪ੍ਰਮਾਤਮਾ ਤੋਂ ਮਾਣ ਪ੍ਰਾਪਤ ਕਰਨ ਲਈ, ਮਨੁੱਖ ਦਾ ਮਨ, ਪ੍ਰਮਾਤਮਾ ਦਾ ਨਿਵਾਸ-ਅਸਥਾਨ ਹੋਣਾ ਚਾਹੀਦਾ ਹੈ। ਗੁਰੂ ਦੀ ਮਿਹਰ ਸਦਕਾ, ਮਨੁੱਖ ਦੇ ਦੁੱਖ ਅਤੇ ਅਸੰਤੋਖ ਖ਼ਤਮ ਹੋ ਜਾਂਦੇ ਹਨ ਅਤੇ ਉਹ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੰਦ ਮਾਣਦਾ ਹੈ। ਗੁਰੂ ਦੀ ਮਿਹਰ, ਉਸ ਦੀ ਸਿੱਖਿਆ ਦੇ ਰੂਪ ਵਿਚ ਮਿਲਦੀ ਹੈ। ਮਨੁੱਖ ਨੂੰ ਇਕ ਪਲ ਲਈ ਵੀ ਪ੍ਰਮਾਤਮਾ ਨੂੰ ਨਹੀਂ ਭੁੱਲਣਾ ਚਾਹੀਦਾ। ਫੇਰ ਵੀ ਅਜਿਹਾ ਮਨੁੱਖ ਵਿਰਲਾ

ਹੀ ਹੈ, ਜੋ ਪ੍ਰਮਾਤਮਾ ਨੂੰ ਇਕ ਪਲ ਲਈ ਵੀ ਨਹੀਂ ਭੁੱਲਦਾ। ਅਜਿਹਾ ਮਨੁੱਖ ਪ੍ਰਮਾਤਮਾ ਨਾਲ ਇਕ-ਮਿਕ ਹੁੰਦਾ ਹੈ ਅਤੇ ਤਰਸਵਾਨ (ਤਰਸ ਕਰਨ ਵਾਲਾ), ਨਿਮਰ ਅਤੇ ਖ਼ੁਸ਼ਹਾਲ ਹੁੰਦਾ ਹੈ। ਗੁਰੂ ਦੇ ਸਿੱਖ ਦਾ ਗੁਰੂ ਨਾਲ ਮਿਲਣਾ, ਉਸ ਦੀ ਕਿਸਮਤ ਵਿਚ ਲਿਖਿਆ ਹੁੰਦਾ ਹੈ। ਗੁਰੂ ਦਾ ਸਿੱਖ ਉਸ ਦੀਆਂ ਸਿੱਖਿਆਵਾਂ ਦਾ ਸਤਿਕਾਰ ਕਰਦਾ ਹੈ। ਪ੍ਰਮਾਤਮਾ ਉਸ ਦੇ ਮਨ ਵਿਚ ਵਾਸ ਕਰਦਾ ਹੈ।

ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸ਼ਰਧਾ, ਉਸ ਨੂੰ ਆਪਣੇ ਸ਼ਰਧਾਲੂ ਨੂੰ ਪਿਆਰ ਕਰਨ ਲਈ ਮਜਬੂਰ ਕਰਦਾ ਹੈ। ਸ਼ਰਧਾਲੂ ਉਸ ਪ੍ਰਤੀ ਸਮਰਪਿਤ ਨਹੀਂ ਹੁੰਦਾ, ਜੋ ਕਿ ਨਾਸਵੰਤ ਹੈ। ਪ੍ਰਮਾਤਮਾ ਅਤੇ ਸ਼ਰਧਾਲੂ ਦਾ ਆਪਸੀ ਪਿਆਰ ਭਰਿਆ ਸੰਬੰਧ, ਪਤੀ-ਪਤਨੀ ਦੇ ਪਿਆਰ ਭਰੇ ਸੰਬੰਧ ਵਰਗਾ ਹੁੰਦਾ ਹੈ। ਗੁਰੂ ਦੀ ਸਿੱਖਿਆ ਮਨੁੱਖ ਦੇ ਉਹ ਸਾਰੇ ਦੁੱਖਾਂ-ਤਕਲੀਫਾਂ ਦੇ ਕਾਰਣਾਂ ਨੂੰ ਬਿਲਕੁਲ ਉਂਜ ਹੀ ਸਮਾਪਤ ਕਰ ਦਿੰਦਾ ਹੈ, ਜਿਵੇਂ ਪਾਣੀ ਅੱਗ ਨੂੰ ਬੁਝਾ ਦਿੰਦਾ ਹੈ। ਪ੍ਰਮਾਤਮਾ ਬਾਰੇ ਗੁਰੂ ਦੀ ਸਿੱਖਿਆ ਉਸ ਦੇ ਭਲੇ ਲਈ ਉਸ ਵਿਚ ਪ੍ਰਮੁੱਖ ਤਬਦੀਲੀ ਲਿਆਉਂਦੀ ਹੈ ਅਤੇ ਸ਼ਰਧਾਲੂ ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਪੀ ਕੇ ਪ੍ਰਸੰਨਚਿਤ ਹੋ ਜਾਂਦਾ ਹੈ। ਸਤਿਗੁਰੂ ਨੂੰ ਆਪਣਾ ਮਿੱਤਰ ਅਤੇ ਸ਼ੁਭਚਿੰਤਕ ਮੰਨ ਕੇ, ਆਖਿਰਕਾਰ ਮਨੁੱਖ ਉਸ ਸੱਚੇ ਪ੍ਰਮਾਤਮਾ ਨਾਲ ਮਿਲ ਜਾਂਦਾ ਹੈ।

ਉਪਦੇਸ਼ ਨੰਬਰ 59

ਉਸ ਅਗਮ ਤੇ ਸਰਬ-ਵਿਆਪਕ ਪ੍ਰਮਾਤਮਾ ਨੂੰ ਪਿਆਰ ਕਰਨ ਲਈ ਗੁਰੂ ਦੀ ਸਿੱਖਿਆ 'ਤੇ ਅਮਲ ਕਰੋ

ਮਨੁੱਖ ਨੂੰ ਗੁਰੂ ਦੀ ਸਿੱਖਿਆ ਜ਼ਰੂਰ ਮੰਨਣੀ ਚਾਹੀਦੀ ਹੈ ਅਤੇ ਪ੍ਰਮਾਤਮਾ ਪ੍ਰਤੀ ਸਮਰਪਿਤ ਰਹਿਣਾ ਚਾਹੀਦਾ ਹੈ। ਇਸ ਪ੍ਰਕਾਰ, ਮਨੁੱਖ ਨੂੰ ਪ੍ਰਮਾਤਮਾ ਵੱਲੋਂ ਨਿਰਧਾਰਿਤ ਪੈਮਾਨਿਆਂ 'ਤੇ ਮਾਪਿਆ ਜਾਂਦਾ ਹੈ।

ਪ੍ਰਮਾਤਮਾ ਨੂੰ ਆਪਣੇ ਮਨ ਵਿਚ ਰੱਖ ਕੇ, ਮਨੁੱਖ ਇਕ ਅਨੋਖਾ ਰੁਤਬਾ ਹਾਸਲ ਕਰਦਾ ਹੈ ਜੋ ਕਿ ਕਿਸੇ ਹੋਰ ਦੂਸਰੇ ਤਰੀਕੇ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ। ਗੁਰੂ ਦੀਆਂ ਸਿੱਖਿਆਵਾਂ ਨਾਲ ਹੀ, ਸਭ ਤੋਂ ਕੀਮਤੀ ਹੀਰਾ-ਪ੍ਰਮਾਤਮਾ ਨੂੰ ਲੱਭਿਆ ਜਾਂਦਾ ਹੈ। ਮਨੁੱਖ ਉਹਨਾਂ ਸੰਤਾਂ, ਜੋ ਗੁਰੂ ਦੀ ਸਿੱਖਿਆ ਅਨੁਸਾਰ ਪ੍ਰਮਾਤਮਾ ਨੂੰ ਸਿਮਰਦੇ ਹਨ, ਦੀ ਸੰਗਤ ਵਿਚ ਸਤਿਗੁਰੂ ਦਾ ਸਿੱਖ ਬਣ ਜਾਂਦਾ ਹੈ। ਗੁਰੂ ਦੀ ਸਿੱਖਿਆ ਮੰਨ ਕੇ ਹੀ ਸੱਚਾ ਸੌਦਾ ਕੀਤਾ ਜਾ ਸਕਦਾ ਹੈ ਅਤੇ ਸੱਚੀ ਦੌਲਤ ਪਾਈ ਜਾ ਸਕਦੀ ਹੈ। ਸੰਤਾਂ ਪ੍ਰਤੀ ਨਿਮਰ ਹੋ ਕੇ, ਮਨੁੱਖ ਆਪਣੀ ਸਦੀਵੀ ਅਸੰਤੋਖ ਦਾ ਉਂਝ ਹੀ ਖ਼ਾਤਮਾ ਕਰ ਸਕਦਾ ਹੈ, ਜਿਵੇਂ ਪਾਣੀ ਅੱਗ ਨੂੰ ਨਸ਼ਟ ਕਰ ਦਿੰਦਾ ਹੈ। ਪ੍ਰਮਾਤਮਾ ਅਜਿਹੇ ਵਿਅਕਤੀਆਂ ਦੀ ਪਰਖ ਕਰਨ ਤੋਂ ਮਨ੍ਹਾਂ ਕਰਦਾ ਹੈ। ਪ੍ਰਮਾਤਮਾ ਆਪਣੇ ਸ਼ਰਧਾਲੂ ਨੂੰ ਦੁਨਿਆਵੀ ਉਤਰਾਅ ਚੜ੍ਹਾਅ ਅਤੇ ਡਰਾਉਣੇ ਸਮੁੰਦਰ ਵਿੱਚੋਂ ਸੁਰੱਖਿਅਤ ਪਾਰ ਲੱਗ ਜਾਣ ਦੀ ਮਿਹਰ ਕਰਦਾ ਹੈ।

ਗੁਰੂ ਦੇ ਸ਼ਰਧਾਲੂ ਦੀ ਝੂਠ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ ਅਤੇ ਉਹ ਸੱਚ ਦੇ ਸਮੁੰਦਰ ਵਿਚ ਲੀਨ ਰਹਿੰਦਾ ਹੈ। ਜੋ ਗੁਰੂ ਦੀ ਸਿੱਖਿਆ ਤੋਂ ਅਨਜਾਣ ਰਹਿੰਦੇ ਹਨ, ਉਹ ਮਨੁੱਖ ਝੂਠ ਵਿਚ ਫਸੇ ਰਹਿੰਦੇ ਹਨ ਅਤੇ ਉਹਨਾਂ ਦੀ ਸੱਚਾਈ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਪ੍ਰਮਾਤਮਾ ਦੀ ਕ੍ਰਿਪਾ ਹੀ ਮਨੁੱਖ ਨੂੰ ਗੁਰੂ ਦਾ ਸਿੱਖ ਬਣਾਉਂਦੀ ਹੈ। ਸ਼ਰਧਾਲੂ, ਪ੍ਰਮਾਤਮਾ ਨੂੰ, ਜੋ ਕਿ ਮਨੁੱਖੀ ਸਮਝ ਤੋਂ ਪਰ੍ਹੇ ਹੈ ਅਤੇ ਹਰੇਕ ਵਿਚ ਮੌਜੂਦ ਹੈ, ਦੇ ਨਾਮ ਨੂੰ, ਭਗਤੀ-ਭਾਵ ਨਾਲ ਧਿਆਉਣ ਨੂੰ ਹੀ ਸੱਚਾ ਸੌਦਾ ਅਤੇ ਸੱਚੀ ਦੌਲਤ ਮੰਨਦਾ ਹੈ। ਪ੍ਰਮਾਤਮਾ ਦਾ ਵਿਲੱਖਣ ਅਤੇ ਬੇਸ਼ਕੀਮਤੀ ਨਾਮ, ਗੁਰੂ ਦੇ ਸਿੱਖ ਦੇ ਮਨ ਵਿਚ ਵੱਸ ਜਾਂਦਾ ਹੈ।

ਉਪਦੇਸ਼ ਨੰਬਰ 60

ਸਤਿਗੁਰੂ ਦੀ ਸਿੱਖਿਆ ਮਨੁੱਖ ਨੂੰ ਆਪਣੀ ਅਸੰਤੋਖ ਦੀ ਅੱਗ 'ਤੇ ਕਾਬੂ ਪਾਉਣ ਵਿੱਚ ਮਦਦ ਕਰਦੀ ਹੈ

ਮਨੁੱਖ ਆਪਣੇ ਮਨ ਦੀਆਂ ਅਸ਼ੁੱਧੀਆਂ, ਜੋ ਕਿ ਜੀਵਨ ਵਿਚ ਉਸਦੇ ਅਪਮਾਨਜਨਕ ਵਿਵਹਾਰ ਦਾ ਕਾਰਣ ਹਨ, ਨੂੰ ਕੇਵਲ ਸਤਿਗੁਰੂ ਦੀ ਸਿੱਖਿਆ ਨਾਲ ਹੀ ਸਾਫ਼ ਕਰ ਸਕਦਾ ਹੈ। ਮਨੁੱਖ ਦੇ ਅਸੰਤੋਖ ਦੀ ਅੱਗ ਨੂੰ ਬੁਝਾਉਣ ਦਾ ਇੱਕੋ ਇਕ ਰਸਤਾ, ਸਤਿਗੁਰੂ ਦੀ ਸਿੱਖਿਆ ਹੀ ਹੈ। ਨਹੀਂ ਤਾਂ, ਆਤਮ-ਸ਼ੁੱਧੀ ਅਤੇ ਸੰਤੁਸ਼ਟੀ ਦਾ ਆਨੰਦ ਪ੍ਰਾਪਤ ਕਰਨ ਦੀ ਸਾਰੀ ਭਾਲ (ਖੋਜ) ਬੇਕਾਰ ਹੈ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਦੂਰ-ਦੂਰ ਯਾਤਰਾ ਕਰਕੇ ਕਿੰਨੀ ਵਿਸਤ੍ਰਿਤ (ਵਿਸ਼ਾਲ) ਖੋਜ ਕੀਤੀ ਹੈ। ਗੁਰੂ ਦੀ ਸਿੱਖਿਆ ਮਨ ਵਿਚ ਧਾਰ ਕੇ ਹੀ ਮਨੁੱਖ ਪ੍ਰਮਾਤਮਾ ਤੋਂ ਹੋਏ ਆਪਣੇ ਵਿਛੋੜੇ ਨੂੰ ਖਤਮ ਕਰਕੇ ਆਪਣੀ ਅਸੰਤੁਸ਼ਟੀ 'ਤੇ ਕਾਬੂ ਪਾ ਸਕਦਾ ਹੈ।

ਮਨੁੱਖੀ ਮਨ, ਪ੍ਰਮਾਤਮਾ ਦੀ ਇਕ ਅਨਮੋਲ ਦਾਤ ਹੈ। ਮਨੁੱਖ ਨੂੰ ਇਸ ਦਾਤ ਦੀ ਕਦਰ ਕਰਨੀ ਚਾਹੀਦੀ ਹੈ। ਮਨੁੱਖ ਨੂੰ ਪ੍ਰਮਾਤਮਾ ਦੇ ਨਾਮ ਲੈਣ ਦਾ ਸਥਾਈ ਪ੍ਰਬੰਧ ਕਰਕੇ, ਮਨ ਨੂੰ ਹੋਰ ਸੁੰਦਰ ਬਣਾਉਣਾ ਚਾਹੀਦਾ ਹੈ। ਸੰਤਾਂ ਦੀ ਸੰਗਤ ਅਤੇ ਗੁਰੂ ਦੀ ਸਿੱਖਿਆ ਨਾਲ ਮਨੁੱਖ ਪ੍ਰਮਾਤਮਾ ਨੂੰ ਸਿਮਰਦਾ ਰਹਿੰਦਾ ਹੈ। ਫਿਰ ਮਨੁੱਖ ਆਪਣੀਆਂ ਜਨਮ ਜਾਤ ਇੱਛਾਵਾਂ, ਜੋ ਉਸ ਨੂੰ ਭਟਕਾਉਂਦੀਆਂ ਹਨ, ਛੱਡ ਦਿੰਦਾ ਹੈ। ਫਿਰ, ਮਨੁੱਖ ਪ੍ਰਮਾਤਮਾ ਨਾਲ ਮਿਲਾਪ ਕਰਕੇ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਕਰਦਾ ਹੈ।

ਜੇ ਮਨੁੱਖ ਪ੍ਰਮਾਤਮਾ, ਨੂੰ ਯਾਦ ਕਰਨਾ ਛੱਡ ਦਿੰਦਾ ਹੈ ਤਾਂ ਫਿਰ ਉਹ ਕੁਕਰਮਾਂ ਅਤੇ ਪਾਪ ਦੀ ਦਲਦਲ ਵਿਚ ਫਸ ਜਾਂਦਾ ਹੈ। ਉਹ ਜਨਮ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਸਤਿਗੁਰੂ ਅੱਗੇ ਸਮਰਪਣ ਨਾ ਕਰਕੇ, ਮਨੁੱਖ ਇਕੱਲਾ ਰਹਿ ਜਾਂਦਾ ਹੈ ਅਤੇ ਭਿਆਨਕ ਸਥਿਤੀ ਵਿਚ ਹੁੰਦਾ ਹੈ। ਇੰਜ, ਬੇਕਾਰ ਦੇ ਨਿਸ਼ਾਨਿਆਂ-ਮੰਤਵਾਂ ਦੀ ਭਾਲ ਵਿਚ ਇਹ ਅਨਮੋਲ ਜੀਵਨ ਬਰਬਾਦ ਹੋ ਜਾਂਦਾ ਹੈ।

ਉਹ ਮਨੁੱਖ, ਨੇਕ ਅਤੇ ਸੱਚੇ ਹਨ, ਜੋ ਪ੍ਰਮਾਤਮਾ ਨੂੰ ਸਿਮਰਦੇ ਹਨ। ਉਹ ਜ਼ਿੰਦਗੀ ਦੀਆਂ ਮੁਸ਼ਕਿਲ ਚੁਨੌਤੀਆਂ ਅਤੇ ਸੰਘਰਸ਼ਾਂ ਤੇ ਸਫਲਤਾ ਪੂਰਵਕ ਕਾਬੂ ਪਾ ਲੈਂਦੇ ਹਨ ਅਤੇ ਜੀਵਨ ਤੋਂ ਮਗਰੋਂ ਪ੍ਰਮਾਤਮਾ ਉਹਨਾਂ ਨੂੰ ਮਾਣ ਬਖ਼ਸ਼ਦਾ ਹੈ। ਪ੍ਰਮਾਤਮਾ ਉਹਨਾਂ ਨੂੰ ਸਨਮਾਨਿਤ ਮਨੁੱਖਾਂ ਵਜੋਂ ਦੇਖਦਾ ਹੈ। ਗੁਰੂ ਦੀ ਸਿੱਖਿਆ ਨਾਲ, ਉਹ ਪੂਰੀ ਤਰ੍ਹਾਂ ਅਤੇ ਹਮੇਸ਼ਾਂ ਲਈ ਪ੍ਰਮਾਤਮਾ ਨਾਲ ਜੁੜ ਜਾਂਦੇ ਹਨ।

ਉਪਦੇਸ਼ ਨੰਬਰ 61

ਪ੍ਰਮਾਤਮਾ ਨੂੰ ਸਿਮਰਨਾ ਸਭ ਤੋਂ ਸਫਲ ਵਪਾਰ ਵਿੱਚ ਜੁੜਣਾ ਹੈ

ਪ੍ਰਮਾਤਮਾ ਨੂੰ ਸਿਮਰਨਾ ਸਭ ਤੋਂ ਸਫਲ ਵਪਾਰ ਹੈ। ਮਨੁੱਖ ਨੂੰ ਇਸ ਵਪਾਰ ਦੇ ਲਾਭਾਂ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਇਕ ਚੰਗਾ ਵਪਾਰੀ, ਚੰਗਾ ਵਪਾਰ ਕਰਦਾ ਹੈ ਅਤੇ ਫਿਰ ਉਸ ਤੋਂ ਹਾਸਿਲ ਕੀਤੇ ਲਾਭਾਂ ਨੂੰ ਸੰਭਾਲ ਕੇ ਰੱਖਦਾ ਹੈ। ਇਕ ਚੰਗੇ ਵਪਾਰ ਦੀਆਂ ਪ੍ਰਾਪਤੀਆਂ ਦਾ ਮੁੱਲ ਵੀ ਹੋਣਾ ਚਾਹੀਦਾ ਹੈ ਅਤੇ ਜਦੋਂ ਕਿਤੇ ਜ਼ਰੂਰਤ ਪਵੇ, ਉਹ ਕੰਮ ਵੀ ਆਉਣੀਆਂ ਚਾਹੀਦੀਆਂ ਹਨ। ਪ੍ਰਮਾਤਮਾ ਨੂੰ ਸਿਮਰਨਾ ਸਭ ਤੋਂ ਵਧੀਆ ਵਪਾਰ ਹੈ। ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦਾ ਇਹ ਯਕੀਨੀ ਰਸਤਾ ਹੈ।

ਪ੍ਰਮਾਤਮਾ ਦੇ ਨਾਮ ਸਿਮਰਨ ਦਾ ਵਪਾਰ ਛੱਡ ਕੇ, ਦੂਸਰੇ ਵਪਾਰਾਂ ਵਿਚ ਰੁੱਝ ਕੇ, ਮਨੁੱਖ ਆਪਣੇ ਸਰੀਰ ਤੇ ਮਨ ਨੂੰ ਗਿਰਾਉਂਦਾ (ਮੁੱਲ ਘਟਾਉਂਦਾ) ਹੈ। ਅਜਿਹੇ ਵਪਾਰਾਂ ਵਿਚੋਂ ਸਿਰਫ਼ ਅਸੰਤੁਸ਼ਟੀ ਅਤੇ ਦੁੱਖ ਹੀ ਪ੍ਰਾਪਤ ਹੁੰਦੇ ਹਨ। ਉਹ ਮਨੁੱਖ ਜੋ ਪ੍ਰਮਾਤਮਾ ਨੂੰ ਨਜ਼ਰਅੰਦਾਜ ਕਰਦੇ ਹਨ, ਗੁਰੂ ਅਤੇ ਪ੍ਰਮਾਤਮਾ ਉਹਨਾਂ ਤੋਂ ਬਹੁਤ ਦੂਰ ਚਲੇ ਜਾਂਦੇ ਹਨ। ਅਜਿਹਾ ਵਿਅਕਤੀ ਜੀਵਨ ਵਿਚ ਅਸਫਲ ਹੁੰਦਾ ਹੈ। ਅਜਿਹਾ ਝੂਠਾ ਇਨਸਾਨ, ਝੂਠੇ ਕਰਮਾਂ ਵਿਚ ਰੁੱਝ ਕੇ, ਆਪਣਾ ਮਾਣ ਗੁਆ ਲੈਂਦਾ ਹੈ ਅਤੇ ਜਨਮ ਅਤੇ ਮਰਨ ਦੇ ਗੇੜ ਵਿੱਚ ਫਸ ਜਾਂਦਾ ਹੈ।

ਗੁਰੂ ਦੀ ਸਿੱਖਿਆ ਸੁਣੋ। ਆਪਣੇ ਆਪ ਨੂੰ ਸਿਖਾਓ ਜਾਂ ਸਮਝਾਓ। ਪ੍ਰਮਾਤਮਾ ਦੀ ਸਿਫਤ-ਸਾਲਾਹ ਕਰੋ। ਆਪਣੀ ਅਗਿਆਨਤਾ ਨੂੰ ਚੰਗੀ ਤਰ੍ਹਾਂ ਪ੍ਰਮਾਤਮਾ ਦੇ ਨਾਮ ਵਿਚ ਰੰਗੋ ਅਤੇ ਫਿਰ ਆਪਣੇ ਸਾਰੇ ਡਰ ਅਤੇ ਸ਼ੰਕੇ ਦੂਰ ਕਰੋ। ਪ੍ਰਮਾਤਮਾ ਦਾ ਸਿਮਰਨ ਬਹੁਤ ਹੀ ਵਚਿੱਤਰ ਤਰੀਕੇ ਨਾਲ ਲਾਭਦਾਇਕ ਹੁੰਦਾ ਹੈ, ਕਿਉਂਕਿ ਨਿਰਭਉ ਪ੍ਰਮਾਤਮਾ ਮਨੁੱਖ ਦੇ ਮਨ 'ਤੇ ਮੇਹਰ ਕਰਦਾ ਹੈ।

ਉਪਦੇਸ਼ ਨੰਬਰ 62

ਇਸ ਛੋਟੇ ਜਿਹੇ ਜੀਵਨ ਵਿਚ, ਪ੍ਰਮਾਤਮਾ ਦੀ ਭਗਤੀ ਕਰਕੇ, ਮਨੁੱਖ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ

ਜਿਸ ਤਰ੍ਹਾਂ ਸੁੱਕ ਰਹੇ ਤਾਲਾਬ ਦੇ ਕਿਨਾਰੇ ਹਰਿਆਲੀ ਥੋੜ੍ਹੀ ਦੇਰ ਹੀ ਰਹਿੰਦੀ ਹੈ,

ਉਸੇ ਤਰ੍ਹਾਂ ਦੌਲਤ, ਜੁਆਨੀ ਅਤੇ ਫੁੱਲ ਵੀ ਥੋੜ੍ਹੇ ਸਮੇਂ ਲਈ ਹੀ ਹੁੰਦੇ ਹਨ। ਮਨੁੱਖ ਦੇ ਆਨੰਦ ਬੜੇ ਥੋੜ੍ਹੇ ਸਮੇਂ ਲਈ ਹੁੰਦੇ ਹਨ, ਕਿਉਂਕਿ ਬੁਢੇਪਾ ਆ ਜਾਂਦਾ ਹੈ। ਮਨੁੱਖ ਦੇ ਮਿੱਤਰ ਮਰ ਜਾਂਦੇ ਹਨ ਅਤੇ ਉਸ ਦਾ ਆਪਣਾ ਜਾਣ ਦਾ ਸਮਾਂ ਵੀ ਯਕੀਨਨ ਹੀ ਆਵੇਗਾ।

ਮਨੁੱਖ ਨੂੰ ਇਹ ਗੱਲ ਕਦੀ ਵੀ ਨਹੀਂ ਭੁੱਲਣੀ ਚਾਹੀਦੀ ਕਿ ਇਹ ਜੀਵਨ ਬਹੁਤ ਛੋਟਾ ਹੈ। ਪ੍ਰਮਾਤਮਾ ਦੀ ਭਗਤੀ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਝੂਠ ਦੇ ਭਾਲ ਅਤੇ ਸੰਗ੍ਰਹਿ ਵਿਚ ਸਹੀ ਅਤੇ ਨੇਕ ਕਰਨ ਦਾ ਮੌਕਾ ਗੁਆਚ ਜਾਂਦਾ ਹੈ।

ਉਪਦੇਸ਼ ਨੰਬਰ 63

ਪ੍ਰਮਾਤਮਾ ਬੇਅੰਤ ਖੇਡਾਂ ਰਚਦਾ ਹੈ

ਪ੍ਰਮਾਤਮਾ ਅਨੇਕਾਂ ਕੌਤਕ ਰਚਦਾ ਹੈ। ਹਰ ਕੌਤਕ ਵਿਚ, ਪ੍ਰਮਾਤਮਾ ਸਟੇਜ ਦੇ ਵਿਚਕਾਰ ਹੁੰਦਾ ਹੈ। ਪ੍ਰਮਾਤਮਾ ਖ਼ੁਸ਼ੀ ਲੱਭਣ ਵਾਲੇ ਪੈਦਾ ਕਰਦਾ ਹੈ। ਉਹ ਲੱਭਣ ਲਈ ਖ਼ੁਸ਼ੀਆਂ ਪੈਦਾ ਕਰਦਾ ਹੈ। ਫਿਰ ਉਹ ਖ਼ੁਸ਼ੀਆਂ ਅਤੇ ਖ਼ੁਸ਼ੀਆਂ ਦੀ ਭਾਲ ਕਰਨ ਵਾਲਿਆਂ ਨੂੰ ਇਕੱਠੇ ਕਰਦਾ ਹੈ। ਉਹ ਮੱਛੀ, ਮਛੇਰਾ, ਜਾਲ, ਪਾਣੀ ਅਤੇ ਜਾਨਵਰ ਜਾਂ ਪੰਛੀ ਫੜਨ ਵਾਲਾ ਚਾਰਾ ਪੈਦਾ ਕਰਦਾ ਹੈ। ਪ੍ਰਮਾਤਮਾ ਝੀਲ, ਇਸ ਵਿਚ ਤੈਰਦਾ ਹੰਸ, ਕਮਲ ਅਤੇ ਲਿਲੀ ਦੇ ਫੁੱਲ ਪੈਦਾ ਕਰਦਾ ਹੈ। ਉਹ ਆਪਣੇ ਇਸ ਅਨੰਤ ਕੌਤਕ ਨੂੰ ਉਪਰੋਂ ਦੇਖਦਾ ਹੈ। ਉਹ ਪ੍ਰਸੰਨਚਿਤ ਪ੍ਰਮਾਤਮਾ ਆਪਣੀ ਪੂਰੀ ਨੇਕ-ਨਾਮੀ ਨਾਲ ਹਰ ਜਗ੍ਹਾ ਅਤੇ ਹਰ ਕਿਸੇ ਦੇ ਅੰਦਰ ਮੌਜੂਦ ਹੈ।

ਪ੍ਰਮਾਤਮਾ, ਆਪਣਾ ਅਸਲੀ ਸਰੂਪ, ਉਸ ਸ਼ਰਧਾਲੂ ਸਾਹਮਣੇ ਹੀ ਪ੍ਰਗਟ ਕਰਦਾ ਹੈ, ਜਿਸ ਉਤੇ ਉਹ ਆਪਣੀ ਮੇਹਰ ਕਰਦਾ ਹੈ। ਦੂਸਰੇ ਇਸ ਨੂੰ ਕਦੀ ਅਨੁਭਵ ਨਹੀਂ ਕਰ ਸਕਦੇ।

ਉਪਦੇਸ਼ ਨੰਬਰ 64

ਦੁਨਿਆਵੀ ਬੰਧਨ ਪ੍ਰਮਾਤਮਾ ਨਾਲ ਮਿਲਾਪ ਰੋਕਦੇ ਹਨ

ਪ੍ਰਮਾਤਮਾ ਨਾਲ ਨਾਤਾ ਜੋੜਨ ਲਈ, ਮਨੁੱਖ ਲਈ ਪ੍ਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਉਣਾ ਜ਼ਰੂਰੀ ਹੈ ਅਤੇ ਮਨੁੱਖ ਦਾ ਨੇਕ ਕਰਮ ਕਰਨ ਅਤੇ ਪ੍ਰਮਾਤਮਾ ਦੀ ਭਗਤੀ ਲਈ ਵਚਨਬੱਧ ਹੋਣਾ ਜ਼ਰੂਰੀ ਹੈ।

ਦੁਨਿਆਵੀ ਨਾਤਿਆਂ ਦੇ ਹੰਕਾਰ ਵਿਚ ਆ ਕੇ, ਪ੍ਰਮਾਤਮਾ ਨੂੰ ਭੁਲਾਉਣਾ ਮੂਰਖਤਾ ਹੈ। ਮਨੁੱਖ ਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਮੌਤ ਆਉਂਦੀ ਹੈ, ਉਦੋਂ ਇਹ ਨਜ਼ਦੀਕੀ ਮਿੱਤਰ ਜਾਂ ਰਿਸ਼ਤੇਦਾਰ ਕੋਈ ਕੰਮ ਨਹੀਂ ਆਉਂਦੇ। ਪ੍ਰਮਾਤਮਾ ਦੀ ਭਜਨ-ਬੰਦਗੀ ਲਈ, ਮਨੁੱਖ ਨੂੰ ਸਾਰੇ ਬੁਰੇ ਕਰਮ ਛੱਡਣੇ ਪੈਂਦੇ ਹਨ। ਫਿਰ ਮਨੁੱਖ ਦਾ ਅੰਤਰ ਮਨ ਖਿੜ ਜਾਂਦਾ ਹੈ ਅਤੇ ਪ੍ਰਸੰਨ ਹੋ ਜਾਂਦਾ ਹੈ। ਮਨੁੱਖ ਨੂੰ ਪੂਰੀ ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਬੁਰੇ ਵਿਚਾਰਾਂ ਅਤੇ ਬੁਰੇ ਕਰਮਾਂ ਤੋਂ ਬਚਾਉਣਾ

ਚਾਹੀਦਾ ਹੈ।

ਜੇ ਮਨੁੱਖ, ਹਰ ਰੋਜ਼ ਪ੍ਰਮਾਤਮਾ ਦਾ ਨਾਮ ਜਪੇ, ਇਹ ਹਮੇਸ਼ਾ ਯਾਦ ਰੱਖੇ ਕਿ ਮੌਤ ਇਕ ਅਟੱਲ ਸੱਚਾਈ ਹੈ ਅਤੇ ਸਾਰੀਆਂ ਸਮਝ੍ਹਾਂ (ਸਿਆਣਪਾਂ) ਦਾ ਸਾਰ ਪ੍ਰਮਾਤਮਾ ਦਾ ਨਾਮ ਹੈ, ਫਿਰ ਪ੍ਰਮਾਤਮਾ ਮਨੁੱਖ ਨੂੰ ਜੀਵਨ ਦੇ ਭਵਸਾਗਰ ਵਿਚ ਡੁੱਬਣੋਂ ਬਚਾਅ ਲੈਂਦਾ ਹੈ, ਨਹੀਂ ਤਾਂ ਮਨੁੱਖ ਯਕੀਨਨ ਇਸ ਵਿਚ ਡੁੱਬ ਜਾਵੇਗਾ।

ਉਪਦੇਸ਼ ਨੰਬਰ 65
ਸੱਚਾ ਧਰਮ ਮਨੁੱਖ ਨੂੰ ਸਵਰਗ ਅਤੇ ਨਰਕ ਦਾ ਫ਼ਰਕ ਸਮਝਣ ਦੇ ਯੋਗ ਬਣਾਉਂਦਾ ਹੈ

ਸੱਚਾ ਧਰਮ, ਚੰਗੇ ਕਰਮਾਂ, ਸੱਚਾਈ ਨਾਲ ਪ੍ਰਮਾਤਮਾ ਦਾ ਨਾਮ ਧਿਆਇਆਂ ਅਤੇ ਸਤਿਗੁਰੂ ਦੀ ਸਿੱਖਿਆ ਵੱਲ ਧਿਆਨ ਦੇਣ ਨਾਲ ਗਠਿਤ ਹੁੰਦਾ ਹੈ (ਨਿਰਮਿਤ ਹੁੰਦਾ ਹੈ)। ਸੱਚਾ ਧਰਮ ਮਨੁੱਖ ਨੂੰ ਸਵਰਗ ਅਤੇ ਨਰਕ ਵਿਚ ਫ਼ਰਕ ਸਮਝਣ ਦੇ ਯੋਗ ਬਣਾਉਂਦਾ ਹੈ। ਪ੍ਰਮਾਤਮਾ ਸਿਰਫ਼ ਗੱਲਾਂ ਅਤੇ ਦਾਅਵਿਆਂ ਨਾਲ ਖ਼ੁਸ਼ ਨਹੀਂ ਹੁੰਦਾ। ਮਨੁੱਖ ਦੌਲਤ ਦੇ ਘਮੰਡ ਅਤੇ ਸਰੀਰਿਕ ਆਨੰਦ ਵਿਚ ਲੱਗ ਕੇ ਆਪਣਾ ਜੀਵਨ ਬਰਬਾਦ ਕਰਦਾ ਹੈ। ਇਸ ਤਰ੍ਹਾਂ ਉਹ ਆਪਣਾ ਜੀਵਨ ਜ਼ਿੰਦਗੀ ਦੇ ਸਹੀ ਉਦੇਸ਼—ਪ੍ਰਮਾਤਮਾ ਦੀ ਭਗਤੀ ਪ੍ਰਾਪਤ ਕਰਨ ਵੱਲ ਨਹੀਂ ਲਗਾਉਂਦਾ।

ਜਦੋਂ ਮਨੁੱਖ ਆਪਣੇ ਸਰੀਰ ਨੂੰ ਮਾੜੇ ਕਰਮਾਂ ਵਿਚ ਜੋੜ ਦਿੰਦਾ ਹੈ, ਤਾਂ ਫਿਰ ਉਸ ਦਾ ਜੀਵਨ ਚਿੱਕੜ ਵਿਚ ਰਹਿੰਦੇ ਡੱਡੂ ਵਰਗਾ ਹੋ ਜਾਂਦਾ ਹੈ। ਜਿਵੇਂ ਡੱਡੂ, ਕਮਲ ਦੇ ਫੁੱਲ ਦੀ ਸਿਫ਼ਤ ਨਹੀਂ ਜਾਣਦਾ, ਇਸੇ ਤਰ੍ਹਾਂ ਬੁਰੇ ਕਰਮਾਂ ਦੀ ਦਲਦਲ ਵਿਚ ਫਸਿਆ ਮਨੁੱਖ ਦਾ ਮਨ, ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਨਹੀਂ ਕਰਦਾ। ਅਜਿਹਾ ਮਨੁੱਖੀ ਮਨ, ਗੁਰੂ ਵੱਲੋਂ ਦਿੱਤੀ ਗਈ ਪ੍ਰਮਾਤਮਾ ਦੀ ਸਿੱਖਿਆ ਦੀ ਸਿਫ਼ਤ-ਸਾਲਾਹ ਕਰਨ ਦੇ ਵੀ ਕਾਬਿਲ ਨਹੀਂ ਹੁੰਦਾ।

ਪ੍ਰਮਾਤਮਾ ਨਾਲ ਆਪਣੀ ਨਿੱਜੀ ਵਚਨਬੱਧਤਾ ਅਤੇ ਨਾਸਵੰਤ ਪਦਾਰਥਾਂ ਤੋਂ ਨਿਰਲੇਪ ਹੋਏ ਬਿਨਾਂ, ਧਾਰਮਿਕ ਉਪਦੇਸ਼ ਤੇ ਵਿਚਾਰ-ਵਟਾਂਦਰੇ ਬੇਕਾਰ ਹਨ। ਕੇਵਲ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਆਪਣਾ ਦਿਲ ਉਸ ਦੀ ਭਗਤੀ ਵਿਚ ਲਗਾਉਂਦਾ ਹੈ।

ਅਗਰ ਕੋਈ ਇਸਲਾਮ ਨੂੰ ਮੰਨਣ ਵਾਲਾ ਮਨੁੱਖ, ਤੀਹ ਦਿਨ ਲਗਾਤਾਰ ਵਰਤ ਰੱਖਦਾ ਹੈ ਅਤੇ ਰੋਜ਼ ਪੰਜ ਨਮਾਜ਼ਾਂ ਪੜ੍ਹਦਾ ਹੈ, ਪਰ ਬੁਰੇ ਕਰਮਾਂ ਵਿਚ ਫੱਸਿਆ ਹੋਇਆ ਹੈ ਤਾਂ ਫਿਰ ਉਸ ਦੀਆਂ ਨਮਾਜ਼ਾਂ ਅਤੇ ਵਰਤਾਂ ਦਾ ਕੋਈ ਲਾਭ ਨਹੀਂ ਹੈ। ਇਹ ਬਾਹਰੋਂ ਪਵਿੱਤਰ ਨਜ਼ਰ ਆਉਣ ਵਾਲੇ ਕਰਮ ਸਿਰਫ਼ ਇਕ ਦਿਖਾਵਾ ਹੁੰਦੇ ਹਨ, ਜਦੋਂ ਕਿ ਅਜਿਹਾ ਬਾਹਰੋਂ ਆਪਣੇ ਆਪ ਨੂੰ ਧਾਰਮਿਕ ਦਿਖਾਉਣ ਵਾਲਾ ਮਨੁੱਖ, ਅਸਲ ਵਿਚ ਆਪਣੇ ਮਾੜੇ ਕਰਮਾਂ ਕਾਰਣ ਇਕ ਧੋਖੇਬਾਜ਼ ਵਿਅਕਤੀ ਹੁੰਦਾ ਹੈ। ਮਨੁੱਖ ਨੂੰ ਸਤਿਗੁਰੂ ਦੀ ਸਿੱਖਿਆ ਅਨੁਸਾਰ ਇਮਾਨਦਾਰੀ ਨਾਲ ਪ੍ਰਮਾਤਮਾ ਦੇ ਸਿਮਰਨ ਦਾ ਸਹੀ ਰਸਤਾ ਅਪਨਾਉਣਾ ਚਾਹੀਦਾ ਹੈ।

ਬੇਈਮਾਨੀ ਨਾਲ ਦੌਲਤ ਇਕੱਠੀ ਕਰਕੇ ਜੀਵਨ ਬਰਬਾਦ ਕਰਨ ਦਾ ਕੀ ਲਾਭ ?

ਉਪਦੇਸ਼ ਨੰਬਰ 66

ਪ੍ਰਮਾਤਮਾ ਦਾ ਪਿਆਰ, ਰੀਤੀ-ਰਿਵਾਜ਼ਾਂ ਦੀ ਪਾਲਣਾ ਕਰਨ ਤੋਂ ਅਲੱਗ ਹੈ

ਪ੍ਰਮਾਤਮਾ ਨੇ ਇਸ ਸੰਸਾਰ ਦੀ ਰਚਨਾ ਕੀਤੀ ਅਤੇ ਇਸ ਨੂੰ ਇਕ ਸੁੰਦਰ ਹਰਿਆ-ਭਰਿਆ ਗ੍ਰਹਿ ਬਣਾਇਆ। ਉਸ ਨੇ ਧਰਤੀ ਅਤੇ ਪਾਣੀ ਨੂੰ ਵੱਖੋ-ਵੱਖ ਕੰਮ ਸੌਂਪੇ। ਉਸ ਬੇਮਿਸਾਲ ਸਿਰਜਣਹਾਰ ਪ੍ਰਮਾਤਮਾ ਨੇ ਇਹਨਾਂ ਦੋਨਾਂ (ਧਰਤੀ ਅਤੇ ਪਾਣੀ) ਨਾਲ ਜੀਵਨ ਨੂੰ ਪ੍ਰਫੁੱਲਤ ਕੀਤਾ।

ਮੌਤ ਨਿਸ਼ਚਿਤ (ਅਟੱਲ) ਹੈ। ਹੇ ਮੁੱਲ੍ਹਾਂ ! ਇਹ ਜਾਣ ਲੈ ਕਿ ਮੌਤ ਨਿਸ਼ਚਿਤ ਹੈ। ਆਪਣੇ ਦਿਲ ਵਿਚ ਪ੍ਰਮਾਤਮਾ ਦਾ ਡਰ ਰੱਖ। ਮੁੱਲ੍ਹਾਂ ਅਤੇ ਕਾਜ਼ੀ (ਮੁਸਲਿਮ ਕਾਨੂੰਨ ਦੀ ਵਿਆਖਿਆ ਅਤੇ ਉਸ ਬਾਰੇ ਫੈਸਲੇ ਕਰਨ ਵਾਲੇ) ਸਿਰਫ਼ ਤਦ ਹੀ ਠੀਕ ਹਨ ਜੇ ਉਹ ਖ਼ੁਦਾ, ਪ੍ਰਮਾਤਮਾ ਨੂੰ ਜਾਣਦੇ ਹਨ ਅਤੇ ਉਸ ਦੀ ਪੂਜਾ ਕਰਦੇ ਹਨ। ਨਹੀਂ ਤਾਂ, ਇਸਲਾਮ ਦੇ ਕਾਨੂੰਨਾਂ ਦਾ ਗਿਆਨ ਵੀ ਬੇਕਾਰ ਹੈ। ਜਦੋਂ ਮੌਤ ਆਉਂਦੀ ਹੈ ਤਾਂ ਕੁਛ ਵੀ ਜਿੰਦਾ ਨਹੀਂ ਬਚਦਾ। ਇਕੱਠਾ ਕੀਤਾ ਗਿਆਨ ਵੀ ਕਿਸੇ ਕੰਮ ਨਹੀਂ ਆਉਂਦਾ। ਸੱਚਾ ਕਾਜ਼ੀ ਉਹ ਹੈ, ਜੋ ਉਸ ਸੱਚੇ ਅਤੇ ਸਭ ਦੇ ਸਿਰਜਣਹਾਰ ਪ੍ਰਮਾਤਮਾ ਦੇ ਪਿਆਰ ਵਿਚ ਆਪਣੇ ਹੰਕਾਰ ਦਾ ਤਿਆਗ ਕਰਦਾ ਹੈ। ਪੰਜ ਵਾਰ ਨਮਾਜ਼ ਅਤੇ ਬਾਕੀ, ਧਾਰਮਿਕ ਕਿਤਾਬਾਂ ਦੇ ਨਾਲ ਕੁਰਾਨ ਪੜ੍ਹਨ ਦਾ ਰਿਵਾਜ ਵੀ ਮੌਤ ਆਉਣ ਤੇ ਖ਼ਤਮ ਹੋ ਜਾਂਦਾ ਹੈ। ਫਿਰ ਇਸ ਸਾਰੇ ਦਿਖਾਵੇ ਤੋਂ ਕੀ ਲਾਭ ? ਜੀਵਨ ਵਿਚ ਚੰਗੇ ਕਰਮ ਤਾਂ ਕੀਤੇ ਹੀ ਨਹੀਂ। ਪਿਆਰ ਨਾਲ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ।

ਉਪਦੇਸ਼ ਨੰਬਰ 67

ਪ੍ਰਮਾਤਮਾ ਨੂੰ ਭੁੱਲਣ ਵਾਲਾ ਅਯੋਗ ਅਤੇ ਅਨੈਤਿਕ ਵਿਵਹਾਰ ਤੋਂ ਬਚ ਨਹੀਂ ਸਕਦਾ

ਜਨਮ ਜਾਤ ਮਾੜੀਆਂ ਆਦਤਾਂ ਨਾਲ ਮਨੁੱਖ ਮਾੜੇ ਵਿਚਾਰ ਅਤੇ ਫਿਰ ਮਾੜੇ ਕਰਮ ਕਰਕੇ, ਆਪਣੇ ਚਰਿੱਤਰ ਵਿਚ ਗਿਰਾਵਟ ਲਿਆਉਂਦਾ ਹੈ। ਮਨੁੱਖ ਝੂਠ ਅਤੇ ਬੁਰਾਈ ਵਿਚ ਰੁੱਝਾ ਰਹਿੰਦਾ ਹੈ। ਉਹ ਅਪਮਾਨਜਨਕ ਅਤੇ ਜ਼ਾਲਮਾਂ ਵਾਲਾ ਜੀਵਨ ਜਿਉਂਦਾ ਹੈ, ਉਹ ਦੂਸਰਿਆਂ ਦੀ ਨਿੰਦਾ (ਬੁਰਾਈ) ਕਰਦਾ ਹੈ, ਦੂਸਰੇ ਦੀ ਪਤਨੀ ਵਿੱਚ ਕਾਮੁਕ ਦਿਲਚਸਪੀ ਦਿਖਾਉਂਦਾ ਹੈ, ਹਵਸ ਅਤੇ ਲਾਲਚ ਰੱਖਦਾ ਹੈ, ਦੂਸਰਿਆਂ ਨਾਲ ਵਪਾਰ ਵਿਚ ਧੋਖਾ ਕਰਦਾ ਹੈ, ਚਲਾਕ ਪ੍ਰੰਤੂ ਪਾਪੀ ਹੈ, ਪ੍ਰਮਾਤਮਾ ਦੀਆਂ ਦਾਤਾਂ ਪ੍ਰਤੀ ਧੰਨਵਾਦੀ ਨਹੀਂ ਹੈ, ਬੇਈਮਾਨੀ ਨਾਲ ਰੋਜ਼ੀ-ਰੋਟੀ ਕਮਾਉਂਦਾ ਹੈ, ਮਾੜੇ ਕਰਮ ਕਰਦਾ ਹੈ ਅਤੇ ਚੋਰ ਹੈ।

ਕੇਵਲ ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਜੁੜ ਕੇ ਹੀ, ਅਜਿਹੇ ਨਿਕੰਮੇ ਜੀਵਨ ਤੋਂ ਬਚਿਆ ਜਾ ਸਕਦਾ ਹੈ। ਹਮੇਸ਼ਾਂ ਮਨ ਵਿਚ ਇਹ ਪੱਕਾ ਵਿਸ਼ਵਾਸ ਅਤੇ ਆਸ ਰੱਖ ਕੇ ਜੀਓ ਕਿ ਪ੍ਰਮਾਤਮਾ ਸਾਰੇ ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਤੋਂ ਮਨੁੱਖ ਨੂੰ ਬਚਾਉਂਦਾ ਹੈ ਅਤੇ ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਦੇ ਹਮਲੇ ਤੋਂ ਬਚਾਉਂਦਾ ਹੈ।

ਉਪਦੇਸ਼ ਨੰਬਰ 68

ਹਰ ਮਨੁੱਖ ਆਪਣੇ ਜੀਵਨ ਦਾ ਲੇਖਾ ਲੈ ਕੇ ਪੈਦਾ ਹੁੰਦਾ ਹੈ

ਪ੍ਰਮਾਤਮਾ, ਮਨੁੱਖ ਦੇ ਪਿਛਲੇ ਜਨਮ ਦੇ ਕਰਮਾਂ ਦੇ ਆਧਾਰ 'ਤੇ, ਉਸ ਨੂੰ ਉਸ ਦੇ ਜੀਵਨ ਦਾ ਲੇਖਾ ਦੇ ਕੇ ਪੈਦਾ ਕਰਦਾ ਹੈ। ਫਿਰ ਇਸੇ ਲੇਖੇ ਦੇ ਮੁਤਾਬਿਕ ਮਨੁੱਖ ਆਪਣਾ ਜੀਵਨ ਜਿਉਂਦਾ ਹੈ। ਉਹ ਇਕਲੌਤਾ ਫੈਸਲੇ ਕਰਨ ਵਾਲਾ ਪ੍ਰਮਾਤਮਾ, ਜਨਮ ਅਤੇ ਮਰਨ ਦੇ ਚੱਕਰ ਵਿਚ, ਮਨੁੱਖ ਦੀ ਥਾਂ ਨਿਰਧਾਰਿਤ ਕਰਦਾ ਹੈ। ਪ੍ਰਮਾਤਮਾ ਕੁੱਛ ਦੇਣ ਅਤੇ ਲੈਣ ਵਿਚ ਦੇਰੀ ਨਹੀਂ ਕਰਦਾ, ਪ੍ਰਮਾਤਮਾ ਦੇ ਹੁਕਮ ਅੱਗੇ ਕੁੱਛ ਵੀ ਨਹੀਂ ਚੱਲਦਾ। ਇਹ ਇਕ ਅਟੱਲ ਸੱਚਾਈ ਹੈ। ਪ੍ਰਮਾਤਮਾ ਦੇ ਕਾਨੂੰਨ ਵਿਚ ਵਿਚੋਲਗੀ ਕਰਨ ਜਾਂ ਕੋਈ ਚਲਾਕੀ ਦਿਖਾਉਣ ਦਾ ਕੋਈ ਲਾਭ ਨਹੀਂ ਹੈ।

ਪ੍ਰਮਾਤਮਾ ਦਿਆਲੂ ਹੈ, ਉਹ ਕਦੀ ਨਾਰਾਜ਼ ਨਹੀਂ ਹੁੰਦਾ, ਪ੍ਰੰਤੂ ਕ੍ਰਿਪਾਲੂ ਹੁੰਦਾ ਹੈ। ਉਹ ਆਪਣੇ ਦਿਲ ਵਿਚ ਕਿਸੇ ਪ੍ਰਤੀ ਗੁੱਸਾ-ਗਿਲਾ ਨਹੀਂ ਰੱਖਦਾ, ਉਸ ਦਾ ਰਾਜ ਬਿਨਾਂ ਕਿਸੇ ਅਪਵਾਦ ਤੋਂ ਸਾਰਿਆਂ ਉੱਪਰ ਚੱਲਦਾ ਹੈ, ਕੋਈ ਵੀ ਇਸ ਤੋਂ ਬਚ ਨਹੀਂ ਸਕਦਾ। ਉਹ ਸਭ ਦਾ ਪਿਤਾ ਹੈ। ਹਰ ਮਨੁੱਖ, ਉਸ ਦਾ ਬੱਚਾ ਹੈ। ਇਹ ਸੱਚ ਹੈ ਕਿ ਬੱਚੇ ਅਕਸਰ ਗਲਤ ਕੰਮ ਕਰਦੇ ਹਨ। ਪ੍ਰਮਾਤਮਾ ਫੇਰ ਵੀ, ਉਹਨਾਂ ਦੇ ਮਾੜੇ ਵਿਵਹਾਰ ਨੂੰ ਜਾਣਦੇ ਹੋਏ ਵੀ, ਉਹਨਾਂ ਨੂੰ ਮੁਆਫ਼ ਕਰ ਦਿੰਦਾ ਹੈ, ਕਿਉਂਕਿ ਉਹ ਦਇਆਵਾਨ ਹੈ। ਚੰਗੇ ਕਰਮ, ਮਨੁੱਖ ਨੂੰ ਜ਼ਿੰਦਗੀ ਪ੍ਰਤੀ ਸਿਹਤਮੰਦ ਨਜ਼ਰੀਆ ਸਿਖਾਉਂਦੇ ਹਨ। ਨਹੀਂ ਤਾਂ, ਮਨੁੱਖ ਦਾ ਜੀਵਨ ਪ੍ਰਤੀ ਨਜ਼ਰੀਆ ਅਪੂਰਣ ਹੀ ਰਹਿੰਦਾ ਹੈ। ਅਗਰ ਕੋਈ ਮਨੁੱਖ ਗੁਰੂ ਦੀ ਸਿੱਖਿਆ 'ਤੇ ਅਮਲ ਕਰਕੇ ਆਪਣੇ ਬਾਰੇ ਸਹੀ ਸਮਝ ਪੈਦਾ ਕਰਦਾ ਹੈ ਅਤੇ ਆਪਣਾ ਨਜ਼ਰੀਆ ਸੁਧਾਰਦਾ ਹੈ ਤਾਂ ਫਿਰ ਉਹ ਸੱਚਮੁੱਚ ਹੀ ਗਿਆਨਵਾਨ ਹੋ ਜਾਂਦਾ ਹੈ ਅਤੇ ਪ੍ਰਮਾਤਮਾ ਤੋਂ ਸਨਮਾਨ ਹਾਸਿਲ ਕਰਦਾ ਹੈ।

ਉਪਦੇਸ਼ ਨੰਬਰ 69

ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਿਆ ਨਹੀਂ ਜਾ ਸਕਦਾ

ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਣ ਦੀ ਕੋਸ਼ਿਸ਼ ਕਰਨਾ, ਬਿਲਕੁਲ ਉਂਝ ਹੀ ਹੈ, ਜਿਵੇਂ ਕੋਈ ਮਛਲੀ ਉਸ ਨਦੀ ਦੀਆਂ ਸੀਮਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰੇ, ਜਿਸ ਵਿਚ ਉਹ ਰਹਿੰਦੀ ਹੈ। ਜਿਸ ਤਰ੍ਹਾਂ ਮੱਛੀ ਜਿਸ ਦਿਸ਼ਾ ਵਿਚ ਵੀ ਤਰਦੀ ਹੈ, ਨਦੀ ਦੁਆਰਾ ਘਿਰੀ

ਰਹਿੰਦੀ ਹੈ, ਠੀਕ ਉਸੇ ਤਰ੍ਹਾਂ ਅਸੀਂ ਵੀ ਹਰ ਪਾਸਿਉਂ ਪ੍ਰਮਾਤਮਾ ਨਾਲ ਘਿਰੇ ਰਹਿੰਦੇ ਹਾਂ। ਇਕ ਗੱਲ ਜਿਹੜੀ ਕਿ ਅਟੱਲ ਸੱਚਾਈ ਹੈ ਕਿ ਜਿਵੇਂ ਮੱਛੀ ਪਾਣੀ ਤੋਂ ਬਾਹਰ ਰਹਿ ਕੇ ਮਰ ਜਾਂਦੀ ਹੈ, ਅਸੀਂ ਵੀ ਪ੍ਰਮਾਤਮਾ ਤੋਂ ਵੱਖ ਹੋ ਕੇ ਤਬਾਹ ਹੋ ਜਾਂਦੇ ਹਾਂ। ਮੌਤ ਦਾ ਦੁੱਖ ਵੀ ਪਾਉਂਦੇ ਹਾਂ।

ਜਿਸ ਤਰ੍ਹਾਂ, ਜਿੰਨੀ ਦੇਰ ਮਛਲੀ ਪਾਣੀ ਤੋਂ ਬਾਹਰ ਨਹੀਂ ਆਉਂਦੀ, ਉਹ ਆਪਣੀ ਜ਼ਿੰਦਗੀ ਲਈ ਪਾਣੀ ਦੀ ਅਹਿਮੀਅਤ ਤੋਂ ਬੇਖ਼ਬਰ ਹੁੰਦੀ ਹੈ। ਇਸੇ ਤਰ੍ਹਾਂ ਅਸੀਂ ਵੀ ਪ੍ਰਮਾਤਮਾ ਨੂੰ ਓਨੀ ਦੇਰ ਭੁਲਾਈ ਰੱਖਦੇ ਹਾਂ, ਜਦੋਂ ਤੱਕ ਅਸੀਂ ਕਿਸੇ ਮੁਸੀਬਤ ਵਿਚ ਨਹੀਂ ਫਸਦੇ। ਪ੍ਰਮਾਤਮਾ ਹਰ ਥਾਂ ਅਤੇ ਹਰੇਕ ਅੰਦਰ ਮੌਜੂਦ ਹੈ। ਪਰ ਮਨੁੱਖ ਉਸ ਪ੍ਰਮਾਤਮਾ ਨੂੰ ਆਪਣੇ ਆਸ-ਪਾਸ ਨਾ ਸਮਝ ਕੇ, ਬੜੀ ਦੂਰ ਸਮਝਦਾ ਹੈ। ਮਨੁੱਖ ਜੋ ਵੀ ਕਰਦਾ ਹੈ, ਪ੍ਰਮਾਤਮਾ ਉਸ ਨੂੰ ਦੇਖ ਰਿਹਾ ਹੁੰਦਾ ਹੈ। ਮਨੁੱਖ ਇਸ ਭਰਮ ਵਿਚ ਰਹਿੰਦਾ ਹੈ ਕਿ ਪ੍ਰਮਾਤਮਾ ਉਸ ਦੇ ਕਰਮਾਂ ਨੂੰ ਨਹੀਂ ਦੇਖ ਰਿਹਾ। ਇਸ ਲਈ ਮਨੁੱਖ ਨਾ ਤਾਂ ਚੰਗੇ ਕਰਮਾਂ ਦੇ ਸਿੱਧੇ ਰਸਤੇ 'ਤੇ ਚੱਲਦਾ ਹੈ ਅਤੇ ਨਾ ਹੀ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ।

ਸੱਚਾਈ ਇਹ ਹੈ ਕਿ ਮਨੁੱਖ ਉਹੋ ਹੀ ਪ੍ਰਾਪਤ ਕਰਦਾ ਹੈ, ਜੋ ਪ੍ਰਮਾਤਮਾ ਉਸ ਨੂੰ ਦਿੰਦਾ ਹੈ। ਇਹ ਜਾਣਦਿਆਂ ਹੋਇਆਂ, ਮਨੁੱਖ ਹੋਰ ਦੂਸਰੇ ਦਰਵਾਜ਼ੇ ਨਹੀਂ ਖੜਕਾਉਂਦਾ। ਪ੍ਰਮਾਤਮਾ ਮਨੁੱਖ ਦੇ ਸਰੀਰ, ਮਨ ਅਤੇ ਆਤਮਾ ਦਾ ਮਾਲਕ ਹੈ। ਅਗਰ ਮਨੁੱਖ ਨਿਮਰਤਾ ਪੂਰਬਕ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ ਤਾਂ ਫਿਰ ਉਸ ਨੂੰ ਇਸ ਦਾ ਅਨੁਭਵ ਆਪਣੇ ਆਪ ਹੀ ਹੋ ਜਾਂਦਾ ਹੈ ਕਿ ਇਹ ਇਕ ਅਟੱਲ ਸੱਚਾਈ ਹੈ। ਨੇੜੇ ਤੋਂ ਲੈ ਕੇ ਦੂਰ ਦੂਰ ਤੱਕ, ਪ੍ਰਮਾਤਮਾ ਦੀ ਹੋਂਦ ਸਭ ਪਾਸੇ ਫੈਲੀ ਹੋਈ ਹੈ। ਸਾਰੀ ਸ੍ਰਿਸ਼ਟੀ ਵਿਚ ਪ੍ਰਮਾਤਮਾ ਦੀ ਨਜ਼ਰ ਤੋਂ ਕੁੱਛ ਵੀ ਬਚਿਆ ਨਹੀਂ ਹੈ। ਮਨੁੱਖ ਨੂੰ ਇਸ ਸੱਚਾਈ ਨੂੰ ਪੱਕਾ ਮੰਨ ਕੇ ਸਵੀਕਾਰ ਕਰਨਾ ਚਾਹੀਦਾ ਹੈ।

ਉਪਦੇਸ਼ ਨੰਬਰ 70

ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ

ਮਨੁੱਖ ਉਹੀ ਪ੍ਰਾਪਤ ਕਰਦਾ ਹੈ, ਜੋ ਪ੍ਰਮਾਤਮਾ ਉਸ ਨੂੰ ਦਿੰਦਾ ਹੈ। ਇਸ ਦੇ ਉਲਟ ਸੋਚਣਾ, ਹੰਕਾਰੀ ਹੋਣਾ ਹੈ। ਸਾਰੀਆਂ ਦਾਤਾਂ ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਹਨ। ਉਹ ਚਾਹੇ ਤਾਂ ਆਪਣੀਆਂ ਦਾਤਾਂ ਦੀ ਬਖ਼ਸ਼ਿਸ਼ ਕਰੇ ਅਤੇ ਨਾ ਚਾਹੇ ਤਾਂ ਨਾ ਕਰੇ। ਪ੍ਰਮਾਤਮਾ ਸੱਚ ਦੀ ਮੂਰਤ ਹੈ ਅਤੇ ਉਹ ਸੱਚਾਈ ਨੂੰ ਹੀ ਪਿਆਰ ਕਰਦਾ ਹੈ। ਗੁਰੂ ਦੀ ਸਿੱਖਿਆ ਤੋਂ ਬਗੈਰ, ਮਨੁੱਖ ਅਗਿਆਨੀ ਰਹਿੰਦਾ ਹੈ ਅਤੇ ਇੰਜ ਆਪਣੇ ਵਿਚਾਰਾਂ ਅਤੇ ਵਰਤਾਓ ਵਿਚ ਵੀ ਨੀਵਾਂ ਹੀ ਰਹਿੰਦਾ ਹੈ।

ਮਨੁੱਖ ਉਹੋ ਹੀ ਕੱਟਦਾ ਹੈ, ਜੋ ਉਹ ਬੀਜਦਾ ਹੈ। ਜਿਹੋ ਜਿਹਾ ਫੁੱਲ ਹੋਵੇਗਾ, ਫਲ

ਵੀ ਉਹੋ ਜਿਹਾ ਹੀ ਹੋਵੇਗਾ। ਜਿਹੋ ਜਿਹਾ ਬੀਜ ਹੋਵੇਗਾ, ਦਰਖ਼ੱਤ ਵੀ ਉਹੋ ਜਿਹਾ ਹੋਵੇਗਾ। ਜਿਹੋ ਜਿਹੀਆਂ ਸਿੱਖਿਆਵਾਂ ਹੋਣਗੀਆਂ, ਉਹੋ ਜਿਹਾ ਵਿਦਿਆਰਥੀ ਹੋਵੇਗਾ। ਜੇ ਸਿੱਖਿਆਵਾਂ ਵਿਚ ਡੂੰਘਿਆਈ ਨਹੀਂ ਹੈ ਤਾਂ ਸਿੱਖਿਆ ਵਿਚ ਵੀ ਗਹਿਰਾਈ ਨਹੀਂ ਹੋਵੇਗੀ। ਜੇ ਪ੍ਰਮਾਤਮਾ ਮੁਕਤੀ ਦੇਵੇ ਤਾਂ, ਉਸ ਦੀ ਕ੍ਰਿਪਾ ਨਾਲ ਹੀ ਮੁਕਤੀ ਮਿਲਦੀ ਹੈ। ਜੇ ਕੋਈ ਪ੍ਰਮਾਤਮਾ ਦੀ ਪੂਜਾ ਕਰਦਾ ਹੈ ਤਾਂ ਫਿਰ ਪ੍ਰਮਾਤਮਾ ਵਲੋਂ ਮਾਣ-ਸਨਮਾਨ ਵੀ ਪ੍ਰਾਪਤ ਕਰਦਾ ਹੈ।

ਉਪਦੇਸ਼ ਨੰਬਰ 71

ਗੁਰੂ ਦੇ ਸਿੱਖ ਤੋਂ ਇਲਾਵਾ ਬਾਕੀ ਹਰੇਕ ਵਿਅਕਤੀ ਆਰਜ਼ੀ ਅਤੇ ਭਰਮਾਉ ਪ੍ਰਲੋਭਨਾਂ ਦੇ ਜਾਲ ਵਿਚ ਫਸ ਜਾਂਦਾ ਹੈ

ਪ੍ਰਮਾਤਮਾ ਸੱਚਾ ਹੈ ਅਤੇ ਉਹ ਸਦਾ ਰਹਿਣ ਵਾਲਾ ਹੈ। ਉਸ ਦਾ ਵਿਰੋਧ ਆਰਜ਼ੀ ਅਤੇ ਭਰਮਾਉ ਹੈ। ਪ੍ਰਮਾਤਮਾ ਦੀ ਸ੍ਰਿਸ਼ਟੀ ਵਿਚ ਇਹ ਦੋਨੋਂ ਹਰੇਕ ਵਿਅਕਤੀ 'ਤੇ ਹਕੂਮਤ ਕਰਦੇ ਅਤੇ ਉਸ ਨੂੰ ਭਰਮਾਉਂਦੇ ਹਨ। ਪਰ ਫੇਰ ਵੀ, ਇਹ ਦੋਨੋਂ ਪ੍ਰਮਾਤਮਾ ਦੇ ਪੂਰੀ ਤਰ੍ਹਾਂ ਅਧੀਨ ਹਨ।

ਤੇਲ ਵਾਲੀ ਲੈਂਪ ਨੂੰ ਜਗਾਉਣ ਲਈ, ਉਸ ਵਿਚ ਤੇਲ ਹੋਣਾ ਜ਼ਰੂਰੀ ਹੈ। ਗੁਰੂ ਦੀ ਸਿੱਖਿਆ ਤੋਂ ਬਗੈਰ, ਅਗਿਆਨਤਾ ਦਾ ਹਨੇਰਾ ਭਜਾਇਆ (ਖ਼ਤਮ ਕਰਨਾ) ਨਹੀਂ ਜਾ ਸਕਦਾ। ਪਵਿੱਤਰ ਧਾਰਮਿਕ ਸਾਹਿਤ ਦੇ ਵਿਸ਼ੇ-ਵਸਤੂ ਨੂੰ ਸਮਝਣ ਦੇ ਲਈ, ਮਨੁੱਖ ਦੇ ਮਨ ਅੰਦਰ ਪ੍ਰਮਾਤਮਾ ਦਾ ਡਰ ਹੋਣਾ ਚਾਹੀਦਾ ਹੈ। ਫਿਰ ਮਨੁੱਖ ਤੋਂ ਮਨ, ਅਗਿਆਨਤਾ ਦੇ ਹਨੇਰੇ ਤੋਂ ਛੁਟਕਾਰਾ ਹਾਸਿਲ ਕਰ ਲੈਂਦਾ ਹੈ ਅਤੇ ਫਿਰ ਉਸ ਦੀ ਪ੍ਰਮਾਤਮਾ ਨਾਲ ਸਾਂਝ ਪੈ ਜਾਂਦੀ ਹੈ। ਮਨੁੱਖ ਮਾਇਆ ਦੇ ਜਾਲ ਤੋਂ ਮੁਕਤ ਹੋ ਜਾਂਦਾ ਹੈ।

ਜਦੋਂ ਗੁਰੂ ਦੀ ਸਿੱਖਿਆ ਨੂੰ ਪੂਰੀ ਗੰਭੀਰਤਾ ਨਾਲ ਮੰਨਿਆ ਜਾਂਦਾ ਹੈ ਤਾਂ ਇਹ ਮਨੁੱਖ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ ਹੈ। ਨਹੀਂ ਤਾਂ, ਕੋਈ ਵੀ ਜਨਮ ਮਰਨ ਦੇ ਗੇੜ ਤੋਂ ਬਚ ਨਹੀਂ ਸਕਦਾ। ਸੰਸਾਰ ਵਿਚ ਰਹਿੰਦਿਆਂ, ਇਹ ਮਨੁੱਖ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਦੇ ਕਾਬਿਲ ਬਣਾਉਂਦੀ ਹੈ। ਜਨਮ ਉਪਰਾਂਤ ਮਨੁੱਖ ਪ੍ਰਮਾਤਮਾ ਤੋਂ ਮਾਣ ਹਾਸਿਲ ਕਰਦਾ ਹੈ। ਇਹ ਯਕੀਨੀ ਤੌਰ 'ਤੇ ਹੁੰਦਾ ਹੈ।

ਉਪਦੇਸ਼ ਨੰਬਰ 72

ਪ੍ਰਮਾਤਮਾ ਬਾਰੇ ਕਲਪਨਾਵਾਂ ਉਸ ਨੂੰ ਠੀਕ ਤਰ੍ਹਾਂ ਕਦੀ ਵੀ ਬਿਆਨ ਨਹੀਂ ਕਰ ਸਕਦੀਆਂ

ਪ੍ਰੀਭਾਸ਼ਾ ਵਜੋਂ, ਕਿਸੇ ਵੀ ਚੀਜ਼ ਬਾਰੇ ਕਲਪਨਾ ਸਿਰਫ਼ ਇਕ ਅੰਦਾਜ਼ਾ ਹੀ ਹੁੰਦਾ ਹੈ। ਇਸ ਸੱਚਾਈ ਦੀ ਵਿਆਖਿਆ ਨਹੀਂ ਹੋ ਸਕਦੀ। ਲੋਕ ਪ੍ਰਮਾਤਮਾ ਬਾਰੇ ਆਪਣੀਆਂ ਕਲਪਨਾਵਾਂ ਬਾਰੇ ਗੱਲ ਕਰਦੇ ਹਨ। ਉਹ ਪ੍ਰਮਾਤਮਾ ਬਾਰੇ ਆਪਣੀ ਸਮਝ ਦੇ ਅਨੁਸਾਰ ਹੀ

ਕਲਪਨਾ ਕਰਦੇ ਹਨ। ਇਹ ਕਲਪਨਾਵਾਂ ਕਦੀ ਵੀ ਮੁੱਖ ਪ੍ਰਸ਼ਨ ਦਾ ਉੱਤਰ ਨਹੀਂ ਦਿੰਦੀਆਂ, ਜਿਵੇਂ ਕਿ ਪ੍ਰਮਾਤਮਾ ਕਿੰਨਾ ਮਹਾਨ ਹੈ ਅਤੇ ਉਸ ਦਾ ਨਿਵਾਸ ਕਿੱਥੇ ਹੈ। ਕਲਪਨਾ ਕਰਨ ਵਾਲੇ ਭਾਵੇਂ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰ ਲੈਣ, ਉਹ ਇਹਨਾਂ ਪ੍ਰਸ਼ਨਾਂ ਦਾ ਉੱਤਰ ਦੇਣ ਦੇ ਕਾਬਿਲ ਨਹੀਂ ਹੁੰਦੇ।

ਪ੍ਰਮਾਤਮਾ ਦੀ ਸੱਚਾਈ ਦੇ ਪੂਰੇ ਖੇਤਰ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ, ਪ੍ਰਮਾਤਮਾ ਦੇ ਕੁਛ ਗੁਣ ਦੱਸਦਾ ਹੈ। ਉਹ ਸਮਝ ਵਿਚ ਨਹੀਂ ਆ ਸਕਦਾ। ਉਹ ਸੀਮਾ-ਰਹਿਤ ਹੈ। ਉਹ ਹਰ ਪੱਖੋਂ ਪਵਿੱਤਰ ਹੈ। ਉਹ ਸਦੀਵੀ ਹੈ। ਉਹ ਜੀਵਨ ਦਾ ਪਾਲਕ ਹੈ। ਸ੍ਰਿਸ਼ਟੀ ਉੱਪਰ ਉਸ ਦੇ ਰਾਜ ਦੇ ਸਮੇਂ ਬਾਰੇ, ਨਾ ਕੋਈ ਜਾਣਦਾ ਹੈ ਅਤੇ ਨਾ ਹੀ ਕਦੇ ਜਾਣ ਸਕੇਗਾ।

ਪ੍ਰਮਾਤਮਾ ਬਾਰੇ ਸੰਪੂਰਨ ਗਿਆਨ ਦਾ ਦਾਅਵਾ ਕਰਨ ਲਈ, ਕੋਈ ਵੀ ਬੌਧਿਕ ਅਤੇ ਭਾਵਨਾਤਮਕ ਤੌਰ 'ਤੇ ਏਨਾ ਉੱਚਾ ਨਹੀਂ ਹੋ ਸਕਦਾ। ਲੋਕ ਅਕਸਰ, ਜੋ ਦੂਸਰਿਆਂ ਕੋਲੋਂ ਪ੍ਰਮਾਤਮਾ ਬਾਰੇ ਸੁਣਦੇ ਹਨ, ਉਹੋ ਹੀ ਦੱਸਦੇ ਹਨ। ਜੋ ਲੋਕ ਇਸਲਾਮ ਧਰਮ ਜਾਂ ਦੂਸਰੇ ਧਰਮਾਂ ਦੀਆਂ ਸਿੱਖਿਆਵਾਂ ਦੀ ਪ੍ਰਾਪਤੀ ਬਾਰੇ ਕਹਿੰਦੇ ਹਨ, ਅਗਰ ਉਹ ਪ੍ਰਮਾਤਮਾ ਨੂੰ ਸੱਚਾ ਪਿਆਰ ਕਰਦੇ ਹਨ ਤਾਂ ਉਹ ਇਹਨਾਂ ਖਿਤਾਬਾਂ ਦੇ ਸੱਚਮੁੱਚ ਕਾਬਿਲ ਹਨ।

ਪ੍ਰਮਾਤਮਾ ਬਣਾਉਂਦਾ ਹੈ। ਉਹੋ ਹੀ ਤਬਾਹ ਕਰਦਾ ਹੈ। ਉਹ ਕਿਸੇ ਨਾਲ ਸਲਾਹ ਕੀਤੇ ਬਗੈਰ ਦਿੰਦਾ ਹੈ ਅਤੇ ਵਾਪਿਸ ਵੀ ਲੈਂਦਾ ਹੈ। ਆਪਣੇ ਸਾਰੇ ਕਰਮਾਂ ਨੂੰ ਉਹ ਇਕੱਲਾ ਆਪ ਹੀ ਜਾਣਦਾ ਹੈ। ਉਸ ਦੀ ਮਿਹਰ ਭਰੀ ਨਦਰਿ ਆਪਣੀ ਸਾਰੀ ਸ੍ਰਿਸ਼ਟੀ 'ਤੇ ਰਹਿੰਦੀ ਹੈ। ਉਹ ਜਿਨ੍ਹਾਂ ਨੂੰ ਚੁਣਦਾ ਹੈ, ਉਹਨਾਂ 'ਤੇ ਆਪਣੀ ਮਿਹਰ ਕਰਦਾ ਹੈ।

ਕੋਈ ਵੀ ਪ੍ਰਮਾਤਮਾ ਦੀ ਸ੍ਰਿਸ਼ਟੀ ਦੀ ਵਿਸ਼ਾਲਤਾ ਬਾਰੇ ਨਾ ਹੀ ਜਾਣਦਾ ਹੈ ਅਤੇ ਨਾ ਹੀ ਬਿਆਨ ਕਰ ਸਕਦਾ ਹੈ। ਕੋਈ ਵੀ ਉਸ ਦੇ ਗੁਣਾਂ ਦਾ ਪੂਰਾ ਗਿਆਨ ਨਹੀਂ ਰੱਖ ਸਕਦਾ। ਉਸ ਬੇਪ੍ਰਵਾਹ ਪ੍ਰਮਾਤਮਾ ਦੇ ਨਿਵਾਸ ਦੀਆਂ ਸੀਮਾਵਾਂ ਬਾਰੇ ਕੋਈ ਨਹੀਂ ਜਾਣਦਾ। ਉਸ ਦਾ ਨਿਵਾਸ ਪਹੁੰਚ ਤੋਂ ਬਾਹਰ ਹੈ। ਕੋਈ ਵੀ ਇਸ਼ਾਰਾ ਕਰਕੇ ਇਹ ਨਹੀਂ ਦੱਸ ਸਕਦਾ ਕਿ ਉਹ ਕਿੱਥੇ ਹੈ।

ਪ੍ਰਮਾਤਮਾ, ਸਮਾਜ ਵਿਚ ਕਿਸੇ ਦੇ ਨਿੱਜੀ ਰੁੱਤਬੇ ਨੂੰ ਧਿਆਨ ਵਿਚ ਰੱਖੇ ਬਗੈਰ ਉਸ ਨੂੰ ਮੁਕਤੀ ਦਿੰਦਾ ਹੈ। ਜਿਵੇਂ ਉਸ ਨੂੰ ਭਾਉਂਦਾ ਹੈ, ਉਹ ਉਂਝ ਹੀ ਮਿਹਰ ਕਰਦਾ ਹੈ। ਅਗਰ ਉਹ ਕਿਸੇ ਨੂੰ ਮੁਕਤੀ ਪ੍ਰਦਾਨ ਕਰਨ ਦਾ ਫੈਸਲਾ ਕਰ ਲੈਂਦਾ ਹੈ, ਤਾਂ ਫਿਰ ਅਜਿਹਾ ਕਰਨ ਵਿਚ ਉਹ ਇਕ ਪਲ ਵੀ ਨਹੀਂ ਲਗਾਉਂਦਾ।

ਹਰ ਕੋਈ ਮਨੁੱਖ, ਆਪਣੀਆਂ ਜ਼ਰੂਰਤਾਂ ਦੇ ਅਨੁਸਾਰ ਜ਼ਿਆਦਾ ਤੋਂ ਜ਼ਿਆਦਾ ਪਾਉਣਾ ਚਾਹੁੰਦਾ ਹੈ। ਪ੍ਰਮਾਤਮਾ ਏਨਾ ਦਿਆਲ ਹੈ ਕਿ ਉਹ ਜੋ ਦਿੰਦਾ ਹੈ, ਉਸ ਦਾ ਕਦੀ ਹਿਸਾਬ ਨਹੀਂ ਰੱਖਦਾ। ਉਸ ਦੇ ਦੇਣ ਵਾਲੇ ਖ਼ਜ਼ਾਨੇ ਕਦੀ ਖ਼ਤਮ ਨਹੀਂ ਹੁੰਦੇ, ਹਮੇਸ਼ਾ ਲਈ ਭਰਪੂਰ ਹਨ।

ਉਪਦੇਸ਼ ਨੰਬਰ 73

ਭਗਤ ਪੂਰਨ ਸ਼ਰਧਾ ਨਾਲ ਪ੍ਰਮਾਤਮਾ ਨੂੰ ਪਿਆਰ ਕਰਦਾ ਹੈ

ਉਹ ਸਾਰੇ ਮਨੁੱਖ ਜਿਹੜੇ ਅਸਲ ਵਿਚ ਉਸ ਤਰ੍ਹਾਂ ਤੋਂ ਬਿਲਕੁਲ ਭਿੰਨ ਹਨ, ਜਿਵੇਂ ਉਹ ਆਪਣਾ ਆਪ ਦਿਖਾਉਂਦੇ ਹਨ, ਬਗਲਾ ਭਗਤ ਹੁੰਦੇ ਹਨ—ਉਹ ਪ੍ਰਮਾਤਮਾ ਨੂੰ ਪਿਆਰ ਕਰਨ ਵਾਲੇ ਦਿਖਾਈ ਦਿੰਦੇ ਹਨ, ਪਰ ਅਸਲ ਵਿਚ ਉਹ ਹੁੰਦੇ ਨਹੀਂ ਹਨ। ਉਹ ਭਾਵੇਂ ਪ੍ਰਮਾਤਮਾ ਦੇ ਪਿਆਰ ਦੀ ਤਮੰਨਾ ਰੱਖਣ, ਪਰ ਉਹਨਾਂ ਦੀ ਤਮੰਨਾ ਫਜ਼ੂਲ ਹੀ ਹੁੰਦੀ ਹੈ। ਪ੍ਰਮਾਤਮਾ ਦਾ ਪਿਆਰ ਹਾਸਿਲ ਕਰਨ ਦਾ ਇਹ ਤਰੀਕਾ ਨਹੀਂ ਹੈ।

ਪ੍ਰਮਾਤਮਾ ਉਹਨਾਂ ਨੂੰ ਪ੍ਰੇਮ ਕਰਦਾ ਹੈ, ਜਿਹੜੇ ਉਸ ਨੂੰ ਭਾਉਂਦੇ ਹਨ। ਉਹ ਜੋ ਉਸ ਦਾ ਪਿਆਰ ਪਾਉਣ ਲਈ ਗੰਭੀਰ ਹੁੰਦੇ ਹਨ। ਪ੍ਰਮਾਤਮਾ ਅਜਿਹੇ ਮਨੁੱਖਾਂ ਨੂੰ ਸੁਧਾਰਦਾ ਹੈ ਤਾਂ ਕਿ ਉਹ ਉਸ ਦੇ ਪ੍ਰੇਮ ਦੇ ਕਾਬਿਲ ਬਣ ਸਕਣ। ਉਹ ਗੁਰੂ ਦੀ ਸਿੱਖਿਆ ਨਾਲ ਉਸ ਉੱਤੇ ਮਿਹਰ ਕਰਦਾ ਹੈ। ਗੁਰੂ ਦੀ ਸਿੱਖਿਆ ਉਸ ਨੂੰ ਦਿਲੋਂ ਪ੍ਰਮਾਤਮਾ ਨਾਲ ਪਿਆਰ ਕਰਨ ਲਈ ਪ੍ਰੇਰਿਤ ਕਰਦੀ ਹੈ। ਅਜਿਹਾ ਭਗਤੀ ਭਾਵ ਵਾਲਾ ਮਨੁੱਖ ਪ੍ਰਮਾਤਮਾ ਅੱਗੇ ਵਿਨਮਰ ਹੁੰਦਾ ਹੈ, ਨਿਮਰਤਾ ਨਾਲ ਪ੍ਰਮਾਤਮਾ ਨੂੰ ਸੰਬੋਧਨ ਕਰਦਾ (ਬੁਲਾਉਂਦਾ) ਹੈ, ਉਸ ਦੇ ਭਉ, ਆਦਰ ਅਤੇ ਪਿਆਰ ਵਿਚ ਹਮੇਸ਼ਾ ਲੀਨ ਰਹਿੰਦਾ ਹੈ।

ਉਸ ਦੇ ਪ੍ਰਮਾਤਮਾ ਪ੍ਰਤੀ ਪ੍ਰੇਮ ਨੂੰ ਕੋਈ ਵੀ ਰੋਕ ਨਹੀਂ ਸਕਦਾ। ਪ੍ਰਮਾਤਮਾ ਦੀ ਸਿੱਖਿਆ ਨੂੰ ਸਹੀ ਤਰ੍ਹਾਂ ਗ੍ਰਹਿਣ ਕਰਕੇ ਉਸ ਦਾ ਮਨ ਪ੍ਰਮਾਤਮਾ ਦੇ ਨਾਮ ਨਾਲ ਹਮੇਸ਼ਾ ਲਈ ਜੁੜ ਜਾਂਦਾ ਹੈ। ਗੁਰੂ, ਭਗਤ ਦੇ ਮਨ ਦੀ ਅਜਿਹੀ ਸਥਿਤੀ ਤੋਂ ਬਲਿਹਾਰੀ ਜਾਂਦਾ ਹੈ।

ਜਦੋਂ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ, ਫਿਰ ਉਹ ਕਦੀ ਵੀ ਉਸ ਤੋਂ ਵੱਖ ਨਹੀਂ ਹੁੰਦਾ, ਕਿਉਂਕਿ ਪ੍ਰਮਾਤਮਾ ਇੱਕ ਪ੍ਰੇਮੀ ਵਾਂਗ ਹਮੇਸ਼ਾ ਜੁਆਨ ਅਤੇ ਸਦੀਵੀ ਰਹਿੰਦਾ ਹੈ। ਉਹ ਨਾ ਕਦੀ ਜਨਮ ਲੈਂਦਾ ਹੈ ਅਤੇ ਨਾ ਹੀ ਕਦੀ ਮਰਦਾ ਹੈ। ਪ੍ਰਮਾਤਮਾ ਨੂੰ ਪ੍ਰੇਮ ਕਰਨ ਵਾਲਾ ਉਸ ਨਾਲ ਸਦੀਵੀ ਮਿਲਾਪ ਪ੍ਰਾਪਤ ਕਰਦਾ ਹੈ।

ਪ੍ਰਮਾਤਮਾ ਦੇ ਪਿਆਰ ਵਿਚ ਲੀਨ ਮਨੁੱਖ ਹਮੇਸ਼ਾ ਪ੍ਰਸੰਨਚਿਤ ਰਹਿੰਦਾ ਹੈ ਅਤੇ ਦੁਨਿਆਵੀ ਮੋਹ ਅਤੇ ਫੰਦਿਆਂ ਤੋਂ ਪਰ੍ਹੇ ਰਹਿੰਦਾ ਹੈ। ਗੁਰੂ ਦੀ ਸਿੱਖਿਆ ਨਾਲ ਗਿਆਨ ਪ੍ਰਾਪਤ ਕਰਕੇ, ਉਹ ਪ੍ਰਮਾਤਮਾ ਦੇ ਪਿਆਰ ਨਾਲ ਹੋਰ ਸੁੰਦਰ ਬਣ ਜਾਂਦਾ ਹੈ।

ਬਾਕੀ ਸਾਰੇ ਪ੍ਰਮਾਤਮਾ ਦੇ ਪਿਆਰ ਦੇ ਅਭਿਲਾਸ਼ੀਆਂ ਵਿੱਚੋਂ ਪ੍ਰਮਾਤਮਾ ਦਾ ਭਗਤ ਸਭ ਤੋਂ ਵੱਧ ਸੁੰਦਰ ਹੁੰਦਾ ਹੈ। ਭਗਤ ਦੇ ਪ੍ਰਮਾਤਮਾ ਪ੍ਰਤੀ ਸਦੀਵੀ ਪਿਆਰ ਦੇ ਕਾਰਣ, ਉਸ ਦੀ ਮਹਿਮਾ ਅਤੇ ਬਾਹਰੀ ਸ਼ਕਲ-ਸੂਰਤ ਤੋਂ ਉਹਨਾਂ ਦੀ ਵੱਖਰੀ ਹੀ ਪਹਿਚਾਣ ਹੁੰਦੀ ਹੈ। ਗੁਰੂ ਦੀ ਸਿੱਖਿਆ ਉਸ ਸੱਚੇ ਪ੍ਰਮਾਤਮਾ ਪ੍ਰਤੀ ਇਕਾਗਰ ਮਨ ਹੋਣ ਦੇ ਯੋਗ ਬਣਾਉਂਦੀ ਹੈ।

ਪ੍ਰਮਾਤਮਾ ਦੇ ਪ੍ਰੇਮ ਤੋਂ ਬਗੈਰ ਮਨੁੱਖ ਅਗਿਆਨਤਾ ਅਤੇ ਦੁੱਖ ਦੀ ਗਹਿਰੀ ਨੀਂਦ ਵਿਚ ਸੁੱਤਾ ਰਹਿੰਦਾ ਹੈ। ਮਨੁੱਖ ਨੂੰ ਆਪਣਾ ਆਪ ਬਲਦਾ ਮਹਿਸੂਸ ਹੁੰਦਾ ਹੈ ਅਤੇ ਉਸ ਦੀ ਜ਼ਿੰਦਗੀ ਵਿੱਚ ਕੋਈ ਸ਼ਾਂਤੀ ਅਤੇ ਪ੍ਰਸੰਨਤਾ ਨਹੀਂ ਹੁੰਦੀ, ਪ੍ਰਮਾਤਮਾ ਤੋਂ ਵਿੱਛੜ ਕੇ ਮਨੁੱਖ ਉਹ ਚੀਜ਼ਾਂ, ਜਿਨ੍ਹਾਂ ਨੂੰ ਉਹ ਸਹੀ ਸਮਝਦਾ ਹੈ, ਦੀ ਭਾਲ ਵਿਚ ਆਪਣਾ ਜੀਵਨ ਵਿਅਰਥ ਹੀ ਗੁਆ ਦਿੰਦਾ ਹੈ। ਗੁਰੂ ਦੀ ਸਿੱਖਿਆ ਤੋਂ ਬਿਨਾਂ, ਅਗਿਆਨਤਾ ਵਿਚ ਉਹ ਪ੍ਰਮਾਤਮਾ ਤੋਂ ਦੂਰ ਰਹਿੰਦਾ ਹੈ। ਗੁਰੂ, ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸਤਿਕਾਰ ਸਿਖਾਉਂਦਾ ਹੈ। ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸਤਿਕਾਰ ਨਾਲ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।

ਉਪਦੇਸ਼ ਨੰਬਰ 74

ਸਿਰਫ਼ ਪ੍ਰਮਾਤਮਾ ਹੀ ਆਪਣੇ ਗੁਣਾਂ ਦੀ ਸੀਮਾ ਜਾਣਦਾ ਹੈ

ਪ੍ਰਮਾਤਮਾ ਤੋਂ ਇਲਾਵਾ ਹੋਰ ਕੋਈ ਵੀ ਉਸ ਦੇ ਅਨੋਖੇ ਗੁਣਾਂ ਨੂੰ ਨਹੀਂ ਜਾਣਦਾ। ਹੋਰ ਕੋਈ ਪ੍ਰਮਾਤਮਾ ਦੇ ਗੁਣਾਂ ਬਾਰੇ ਵਿਚਾਰ-ਵਟਾਂਦਰਾ ਕਰਨ, ਸੁਨਣ ਜਾਂ ਸੋਚਣ ਦੇ ਸਮਰੱਥ ਨਹੀਂ ਹੈ। ਸਿਰਫ਼ ਉਹ (ਪ੍ਰਮਾਤਮਾ) ਹੀ ਹੈ ਜੋ ਅਸਲ ਵਿਚ ਉਸ ਬਾਰੇ ਵਿਚਾਰ-ਵਟਾਂਦਰਾ ਕਰ ਸਕਦਾ ਹੈ, ਉਹਨਾਂ ਨੂੰ ਸੁਣ ਸਕਦਾ ਅਤੇ ਉਹਨਾਂ ਦੇ ਅਰਥਾਂ ਨੂੰ ਵਿਚਾਰ ਸਕਦਾ ਹੈ। ਪ੍ਰਮਾਤਮਾ ਇਕ ਅਨਮੋਲ ਹੀਰਾ ਹੈ। ਕੇਵਲ ਉਹੋ ਹੀ ਹੀਰੇ ਦੀ ਗੁਣਵੱਤਾ ਅਤੇ ਕੀਮਤ ਜਾਨਣ ਦੇ ਸਮਰੱਥ ਹੈ। ਕੇਵਲ ਉਹੋ ਹੀ ਹੀਰੇ ਦੀ ਕੀਮਤ ਲਗਾ ਸਕਦਾ ਹੈ। ਸਿਰਫ ਪ੍ਰਮਾਤਮਾ ਹੀ ਸੱਚਾ ਸਨਮਾਨ ਪਾਉਂਦਾ ਹੈ। ਉਹ ਜਿਸ ਨੂੰ ਚਾਹੇ ਆਦਰ ਬਖ਼ਸ਼ਦਾ ਹੈ।

ਪ੍ਰਮਾਤਮਾ ਆਪ ਹੀ ਸਭ ਤੋਂ ਵੱਡਾ ਕਾਰਣ ਅਤੇ ਰਚਨਾਕਾਰ ਹੈ। ਮਨੁੱਖ ਨੂੰ, ਉਹ ਬਣਾਉਣ ਦਾ ਕਾਰਣ ਹੈ, ਜੋ ਉਹ ਹੈ। ਉਸ ਦੀ ਮਿਹਰ ਨਾਲ ਹੀ ਉਸ ਦੀ ਭਗਤੀ ਵਾਲੀ ਜ਼ਿੰਦਗੀ ਜੀਵੀ ਜਾਂਦੀ ਹੈ।

ਪ੍ਰਮਾਤਮਾ ਇਕ ਬੇਦਾਗ ਅਤੇ ਸ਼ੁੱਧ ਹੀਰਾ ਹੈ, ਜਿਸ ਦਾ ਰੰਗ ਕਦੀ ਵੀ ਖ਼ਰਾਬ ਨਹੀਂ ਹੁੰਦਾ। ਉਹ ਸਭ ਤੋਂ ਵਧੀਆ ਮੋਤੀ ਹੈ। ਉਹ ਆਪ ਹੀ ਭਗਤ ਅਤੇ ਆਪ ਹੀ ਗੁਰੂ ਹੈ। ਉਸ ਦੀ ਪ੍ਰਸ਼ੰਸਾ ਸਿਰਫ਼ ਗੁਰੂ ਦੇ ਸ਼ਬਦਾਂ, ਗੁਰੂ ਦੀ ਸਿੱਖਿਆ ਨਾਲ ਹੀ ਕੀਤੀ ਜਾ ਸਕਦੀ ਹੈ। ਗੁਰੂ ਦੀ ਸਿੱਖਿਆ ਮਨੁੱਖ ਨੂੰ ਪ੍ਰਮਾਤਮਾ ਦੇ ਰੂ-ਬ-ਰੂ ਕਰਦੀ ਹੈ। ਉਸ ਨੂੰ ਕਿਸੇ ਹੋਰ ਤਰੀਕੇ ਨਾਲ ਮਿਲਿਆ ਨਹੀਂ ਜਾ ਸਕਦਾ।

ਪ੍ਰਮਾਤਮਾ ਆਪ ਹੀ ਸਾਗਰ, ਜਹਾਜ਼ ਅਤੇ ਕਿਨਾਰਾ ਹੈ। ਉਹ ਸਦੀਵੀ ਯਾਤਰਾ ਹੈ। ਉਹ ਜਹਾਜ਼ ਦਾ ਕਪਤਾਨ ਹੈ। ਗੁਰੂ ਦੀ ਸਿੱਖਿਆ ਸੁਰੱਖਿਅਤ ਯਾਤਰਾ ਨੂੰ ਯਕੀਨੀ ਬਣਾਉਂਦੀ ਹੈ। ਉਹ ਮਨੁੱਖ ਜੋ, ਪ੍ਰਮਾਤਮਾ ਦੀ ਪ੍ਰਵਾਹ ਨਹੀਂ ਕਰਦਾ, ਜਿਸ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸਨਮਾਨ ਨਹੀਂ ਹੈ, ਉਹ ਭਿਆਨਕ ਮੁਸ਼ਕਿਲ ਵਿਚ ਫਸ ਜਾਂਦਾ ਹੈ। ਜੋ ਮਨੁੱਖ ਗੁਰੂ ਦੀ ਸਿੱਖਿਆ ਗ੍ਰਹਿਣ ਨਹੀਂ ਕਰਦਾ, ਉਹ ਅਗਿਆਨਤਾ ਦੇ

ਹਨੇਰੇ ਵਿਚ ਲਿਪਟਿਆ ਰਹਿੰਦਾ ਹੈ।

ਉਹ ਸਦੀਵੀ, ਮਹਾਨ ਕਾਰਣ, ਜਨਮ-ਮਰਣ ਦੇ ਚੱਕਰ ਤੋਂ ਮੁਕਤ ਹੈ। ਪ੍ਰਮਾਤਮਾ ਬੇਦਾਗ ਅਤੇ ਮੁਕਤ ਹੈ। ਬਾਕੀ, ਸ੍ਰਿਸ਼ਟੀ ਰੋਜ਼ਾਨਾ ਜੀਵਨ ਦੇ ਸੰਘਰਸ਼ ਦੇ ਬੰਧਨ ਤੋਂ ਬਚ ਨਹੀਂ ਸਕਦੀ। ਸਿਰਫ਼ ਗੁਰੂ ਵੱਲੋਂ ਬਚਾਇਆ ਗਿਆ ਮਨੁੱਖ ਹੀ ਜੀਵਨ ਦੇ ਸੰਘਰਸ਼ ਵਿਚੋਂ ਬਾਹਰ ਨਿਕਲ ਸਕਦਾ ਹੈ, ਕਿਉਂਕਿ ਉਹ ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਹੁੰਦਾ ਹੈ।

ਗੁਰੂ ਦੀ ਸਿੱਖਿਆ ਨਾਲ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਗੁਰੂ ਦੀ ਸਿੱਖਿਆ ਨਾਲ ਹੀ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਅਤੇ ਇੰਜ ਪਾਪਾਂ ਤੋਂ ਬਚ ਜਾਂਦਾ ਹੈ। ਗੁਰੂ ਦੀ ਸਿੱਖਿਆ ਨਾਲ ਹੀ ਮਨੁੱਖ ਪ੍ਰਮਾਤਮਾ ਦੀ ਅਨੰਤਤਾ ਬਾਰੇ ਜਾਣਦਾ ਹੈ। ਹੋਰ ਕਿਸੇ ਤਰੀਕੇ ਨਾਲ ਪ੍ਰਮਾਤਮਾ ਨਾਲ ਸੰਬੰਧ ਸਥਾਪਿਤ ਨਹੀਂ ਕੀਤਾ ਜਾ ਸਕਦਾ।

ਪ੍ਰਮਾਤਮਾ ਨੂੰ ਜਾਣ ਕੇ, ਮਨੁੱਖ ਸਦੀਵੀ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਕਰਦਾ ਹੈ। ਹੰਕਾਰ ਅਤੇ ਅਸੰਤੁਸ਼ਟੀ ਖ਼ਤਮ ਹੋ ਜਾਂਦੇ ਹਨ ਅਤੇ ਉਹ ਸਦੀਵੀ ਪ੍ਰਮਾਤਮਾ ਉਸ ਦੇ ਮਨ ਵਿਚ ਨਿਵਾਸ ਕਰਦਾ ਹੈ। ਇਸ ਦੁਨੀਆਂ ਵਿਚ ਸਭ ਤੋਂ ਉੱਤਮ ਵਪਾਰ, ਗੁਰੂ ਦੀ ਸਿੱਖਿਆ ਨਾਲ ਪ੍ਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ।

ਪ੍ਰਮਾਤਮਾ ਦੇ ਨਾਮ ਦੀ, ਸਾਰੀ ਲਾਭਦਾਇਕ ਸਮੱਗਰੀ ਇਕੱਠੀ ਕਰਕੇ, ਮਨੁੱਖ ਜੀਵਨ ਤੋਂ ਬਾਅਦ ਅਗਲੀ ਦੁਨੀਆਂ ਵਿਚ ਆਦਰ ਨਾਲ ਦਾਖਿਲ ਹੁੰਦਾ ਹੈ। ਭਗਤ ਪ੍ਰਮਾਤਮਾ ਨਾਲ ਸਦੀਵੀ ਮਿਲਾਪ ਲਈ ਹਮੇਸ਼ਾ ਅਰਦਾਸ ਕਰਦਾ ਹੈ। ਜਦੋਂ ਭਗਤ ਦਾ ਮਨ ਪ੍ਰਮਾਤਮਾ ਦਾ ਨਿਵਾਸ ਬਣ ਜਾਂਦਾ ਹੈ, ਫਿਰ ਉਹ ਜਨਮ-ਮਰਣ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ਅਤੇ ਪ੍ਰਮਾਤਮਾ ਦੁਆਰਾ ਆਦਰ ਵੀ ਪਾਉਂਦਾ ਹੈ।

ਗੁਰੂ ਦੀ ਸਿੱਖਿਆ ਤੋਂ ਬਿਨਾਂ ਉਸ ਸਰਬ-ਵਿਆਪਕ, ਮਹਾਨਾਂ ਤੋਂ ਵੀ ਮਹਾਨ-ਪ੍ਰਮਾਤਮਾ ਨੂੰ ਨਾ ਹੀ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਫਿਰ ਮਨੁੱਖ ਦਾ ਸੁਭਾਵਿਕ ਤੌਰ 'ਤੇ ਹੀ ਉਸ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਜੋ ਹਰ ਥਾਂ 'ਤੇ ਹਮੇਸ਼ਾ ਮੌਜੂਦ ਹੈ।

ਉਪਦੇਸ਼ ਨੰਬਰ 75

ਬੁਰੇ ਵਿਚਾਰਾਂ ਅਤੇ ਬੁਰੇ ਕਰਮਾਂ ਤੋਂ ਬਚਣ ਲਈ ਮਨੁੱਖ ਨੂੰ ਗੁਰੂ ਦੀ ਸਿੱਖਿਆ 'ਤੇ ਅਮਲ ਕਰਨਾ ਚਾਹੀਦਾ ਹੈ

ਸੁੰਦਰ ਅਤੇ ਲਾਇਕ ਮੱਛੀ ਜਾਲ ਵਿਚ ਫੱਸ ਜਾਂਦੀ ਹੈ, ਕਿਉਂਕਿ ਉਹ ਸਮੁੰਦਰ ਵਿਚ ਰਹਿੰਦਿਆਂ ਆਤਮ-ਸੰਤੁਸ਼ਟ ਹੈ। ਉਹ ਮੌਤ ਦੀ ਸੱਚਾਈ ਤੋਂ ਬੇ-ਖ਼ਬਰ ਹੈ। ਮਨੁੱਖ ਵੀ ਇਹੋ ਜਿਹੀ ਹੀ ਸਥਿਤੀ ਨਾਲ ਗ੍ਰਸਿਤ ਹੈ। ਪ੍ਰਮਾਤਮਾ ਦੇ ਪਿਆਰ ਵਿਚ ਲਿਪਤ ਹੋਇਆ ਮਨੁੱਖ, ਬੁਰੇ ਕਰਮ ਛੱਡ ਕੇ, ਆਪਣੀ ਆਤਮਿਕ ਮੌਤ ਤੋਂ ਉੱਪਰ ਉੱਠ ਜਾਂਦਾ ਹੈ। ਗੁਰੂ ਆਪਣੇ

ਅਜਿਹੇ ਸਿੱਖ ਤੋਂ ਬਲਿਹਾਰੀ ਜਾਂਦਾ ਹੈ, ਜਿਸ ਨੂੰ ਪ੍ਰਮਾਤਮਾ ਸਵੀਕਾਰ ਕਰਦਾ ਹੈ ਅਤੇ ਉਸ ਦਾ ਆਦਰ (ਦਰਗਾਹ ਵਿਚ) ਕਰਦਾ ਹੈ।

ਜੇ ਗੁਰੂ ਬਚਾਵੇ ਤਾਂ ਹੀ ਮਨੁੱਖ ਭਿਆਨਕ ਸੰਸਾਰੀ ਮੋਹ ਦੇ ਜਾਲ ਤੋਂ ਆਪਣੇ ਮਨ ਨੂੰ ਬਚਾਅ ਸਕਦਾ ਹੈ। ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖ ਇਕੱਲਾ ਅਤੇ ਛੇਕਿਆ ਹੋਇਆ ਮਹਿਸੂਸ ਕਰਦਾ ਹੈ। ਉਸ ਸੱਚੇ ਪਰਮੇਸ਼ਰ ਦੇ ਸਿਮਰਨ ਵਿਚ ਜੁੜ ਕੇ ਮਨੁੱਖ ਨੂੰ ਇਹ ਸੋਝੀ ਆਉਣ ਲੱਗਦੀ ਹੈ ਕਿ ਜ਼ਿੰਦਗੀ ਦੀ ਸੱਚਾਈ ਕੀ ਹੈ। ਉਹ ਝੂਠ ਛੱਡ ਦਿੰਦਾ ਹੈ।

ਮਨੁੱਖ ਨੂੰ ਬੜੀ ਨਿਮਰਤਾ ਨਾਲ ਗੁਰੂ ਅੱਗੇ ਝੁੱਕ ਕੇ ਪ੍ਰਮਾਤਮਾ ਨਾਲ ਮਿਲਾਪ ਲਈ ਅਰਜ਼ੋਈ ਕਰਨੀ ਚਾਹੀਦੀ ਹੈ। ਫਿਰ ਮਨੁੱਖ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਕਰਦਾ ਹੈ। ਉਹ ਮੁਕਤੀ ਪ੍ਰਾਪਤ ਕਰਦਾ ਹੇ। ਫਿਰ ਉਹ ਸਦਾ ਪ੍ਰਮਾਤਮਾ ਨੂੰ ਯਾਦ ਰੱਖਦਾ ਹੈ ਅਤੇ ਪ੍ਰਮਾਤਮਾ ਨੂੰ ਆਪਣੇ ਦਿਲ ਵਿਚ ਵਸਾਉਂਦਾ ਹੈ।

ਗੁਰੂ ਤੋਂ ਬਿਨਾਂ ਮਨੁੱਖ ਉਲਝਣ ਵਿਚ ਰਹਿੰਦਾ ਹੈ। ਗੁਰੂ ਦੇ ਬਚਨਾਂ ਤੋਂ ਬਿਨਾਂ ਮਨੁੱਖ ਇਸ ਉਲਝਣ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ। ਗੁਰੂ ਦੀ ਸਿੱਖਿਆ ਮਨੁੱਖ ਦੇ ਅੰਦਰ ਗਿਆਨ ਦੀ ਰੋਸ਼ਨੀ ਕਰਦੀ ਹੈ, ਫਿਰ ਮਨੁੱਖ ਉਸ ਸੱਚੇ ਪ੍ਰਮਾਤਮਾ ਦੀ ਯਾਦ ਵਿਚ ਲੀਨ ਰਹਿੰਦਾ ਹੈ। ਉਹ ਮਨੁੱਖ ਜਿਸ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ, ਮੌਤ ਵੀ ਉਸ ਨੂੰ ਨਸ਼ਟ ਨਹੀਂ ਕਰ ਸਕਦੀ।

ਪ੍ਰਮਾਤਮਾ ਬਹੁਤ ਮਹਾਨ ਅਤੇ ਅਕਲਮੰਦ ਦੋਸਤ ਹੈ। ਉਹੋ ਹੀ ਦੋਸਤੀ ਉਤਪੰਨ ਕਰਦਾ ਹੈ। ਮਨੁੱਖ ਨੂੰ ਉਸ ਦੀ ਵਡਿਆਈ ਕਰਨੀ ਚਾਹੀਦੀ ਹੈ। ਉਹ ਬੇਅੰਤ ਅਤੇ ਸੀਮਾ ਰਹਿਤ ਹੈ। ਗੁਰੂ ਦੇ ਸਿੱਖ ਦਾ ਮੌਤ ਵੀ ਕੁੱਛ ਨਹੀਂ ਵਿਗਾੜ ਸਕਦੀ।

ਪ੍ਰਮਾਤਮਾ ਦੇ ਹੁਕਮ ਨਾਲ ਹੀ ਜੀਵਨ ਸ਼ੁਰੂ ਹੁੰਦਾ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ, ਉਹ ਪ੍ਰਮਾਤਮਾ ਵੱਲੋਂ ਨਿਰਧਾਰਿਤ ਹੁੰਦੇ ਹਨ। ਉਸ ਦੇ ਹੁਕਮ ਨਾਲ ਹੀ ਮਰਨ ਤੋਂ ਬਾਅਦ ਜਨਮ-ਮਰਨ ਦਾ ਚੱਕਰ ਸ਼ੁਰੂ ਹੁੰਦਾ ਹੈ। ਉਸ ਦੇ ਹੁਕਮ ਨਾਲ ਹੀ ਉਸ ਦਾ ਸੱਚੇ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ, ਜੋ ਵੀ ਹੁੰਦਾ ਹੈ, ਪ੍ਰਮਾਤਮਾ ਦੇ ਹੁਕਮ ਨਾਲ ਹੁੰਦਾ ਹੈ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਅੱਗੇ ਬੇ-ਵੱਸ ਹੈ।

ਉਪਦੇਸ਼ ਨੰਬਰ 76
ਝੂਠ ਨਾਲ ਮਨੁੱਖ ਅਸ਼ੁੱਧ ਹੋ ਜਾਂਦਾ ਹੈ
ਸੱਚਾਈ ਨਾਲ ਉਹ ਸ਼ੁੱਧ ਹੋ ਜਾਂਦਾ ਹੈ

ਝੂਠ ਨਾਲ ਬਿਤਾਈ ਜ਼ਿੰਦਗੀ ਨਾਲ ਮਨੁੱਖ ਦਾ ਸਰੀਰ, ਮਨ ਅਤੇ ਰਸਨਾ ਅਸ਼ੁੱਧ ਹੋ ਜਾਂਦੇ ਹਨ। ਮਨੁੱਖ ਝੂਠ ਬੋਲਦਾ ਹੈ। ਸਾਰੇ ਵਿਚਾਰ ਅਤੇ ਕਰਮ ਅਸ਼ੁੱਧ ਹੋ ਜਾਂਦੇ ਹਨ। ਗੁਰੂ ਦੀ ਸਿੱਖਿਆ ਮਨੁੱਖ ਦੀ ਸ਼ੁੱਧੀ ਕਰਦੀ ਹੈ, ਕਿਉਂਕਿ ਸੱਚਾਈ ਨਾਲ ਮਨੁੱਖ ਝੂਠ ਤੋਂ

ਅਸਲ ਵੱਲ ਮੁੜ ਪੈਂਦਾ ਹੈ।

ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕੀਤੇ ਬਗੈਰ, ਮਨੁੱਖ ਜੀਵਨ ਵਿਚ ਕਦੀ ਵੀ ਖ਼ੁਸ਼ ਨਹੀਂ ਰਹਿ ਸਕਦਾ। ਗੁਰੂ ਦੀ ਸਿੱਖਿਆ ਨਾਲ, ਪ੍ਰਮਾਤਮਾ ਨਾਲ ਮਿਲਾਪ ਨਾਲ ਮਨੁੱਖ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਦਾ ਹੈ। ਨਹੀਂ ਤਾਂ, ਜਿਸ ਤਰ੍ਹਾਂ ਮਛਲੀ ਪਾਣੀ ਤੋਂ ਬਗੈਰ ਤੜਫਦੀ ਹੈ, ਮਨੁੱਖ ਵੀ ਪ੍ਰਮਾਤਮਾ ਤੋਂ ਦੂਰ ਰਹਿ ਕੇ ਦੁੱਖ ਅਤੇ ਤਕਲੀਫਾਂ ਝੱਲਦਾ ਹੈ। ਜੇ ਪ੍ਰਮਾਤਮਾ ਆਪਣੀ ਮਿਹਰ ਭਰੀ ਨਜ਼ਰ ਕਰ ਦੇਵੇ, ਤਾਂ ਮਨੁੱਖ ਪ੍ਰਸੰਨਤਾ ਅਤੇ ਸ਼ਾਂਤੀ ਅਨੁਭਵ ਕਰਦਾ ਹੈ।

ਆਪਣੇ ਪਤੀ ਪ੍ਰਮਾਤਮਾ ਨਾਲ ਮਿਲ ਕੇ, ਮਨੁੱਖ ਪ੍ਰਮਾਤਮਾ ਦੇ ਪ੍ਰੇਮੀਆਂ (ਸੰਤਾਂ) ਨਾਲ ਮਿਲ ਜਾਂਦਾ ਹੈ। ਫਿਰ ਉਸ ਦਾ ਮਨ ਪ੍ਰਮਾਤਮਾ ਦੇ ਪਿਆਰ ਦਾ ਨਿੱਘ ਅਤੇ ਸੰਤੁਸ਼ਟੀ ਹਾਸਿਲ ਕਰਦਾ ਹੈ। ਮਨੁੱਖ ਦਾ ਸਰੀਰ ਸਿਹਤਮੰਦ ਹੋ ਜਾਂਦਾ ਹੈ। ਮਨੁੱਖ ਦਾ ਸਾਰਾ ਆਪਾ ਹੀ ਸੁੰਦਰ ਬਣ ਜਾਂਦਾ ਹੈ ਅਤੇ ਮਨੁੱਖ ਉਸ ਦੇ ਗੁਣਾਂ ਦੀ ਪ੍ਰਸ਼ੰਸਾ ਕਰਦਾ, ਉਸ ਪ੍ਰਤੀ ਆਪਣਾ ਆਪ ਸਮਰਪਿਤ ਕਰਦਾ ਹੈ। ਅਗਰ ਮਨੁੱਖ ਝੂਠੀ ਜ਼ਿੰਦਗੀ ਜਿਉਂਦਾ ਹੈ ਤਾਂ ਪ੍ਰਮਾਤਮਾ ਦੀ ਨਜ਼ਰ ਵਿਚ ਉਹ ਬੇਕਾਰ ਹੁੰਦਾ ਹੈ। ਮਾੜੇ-ਵਿਚਾਰ ਅਤੇ ਮਾੜੇ ਕਰਮਾਂ ਵਿਚ ਫਸ ਕੇ, ਮਨੁੱਖ ਸ਼ਾਂਤੀ ਅਤੇ ਪ੍ਰਸੰਨਤਾ ਤੋਂ ਹਮੇਸ਼ਾ ਲਈ ਵਾਂਝਾ ਹੋ ਜਾਂਦਾ ਹੈ। ਪਾਪ ਭਰੇ ਵਿਵਹਾਰ ਕਾਰਣ ਮਨੁੱਖ ਅੰਦਰੋਂ ਸੜਦਾ ਰਹਿੰਦਾ ਹੈ, ਜਿਸ ਕਾਰਣ ਉਹ ਫਿਰ ਜਨਮ ਮਰਣ ਦੇ ਚੱਕਰ ਵੱਲ ਤੁਰ ਪੈਂਦਾ ਹੈ।

ਪ੍ਰਮਾਤਮਾ ਦਾ ਭਗਤ ਪ੍ਰਸ਼ੰਸਾ ਦੇ ਕਾਬਿਲ ਹੁੰਦਾ ਹੈ। ਉਹ ਮਨੁੱਖ, ਜੋ ਪ੍ਰਮਾਤਮਾ ਨੂੰ ਅਣਗੌਲਦਾ ਹੈ, ਝੂਠ ਦੇ ਗਲਤ ਰਸਤੇ ਵੱਲ ਚੱਲ ਪੈਂਦਾ ਹੈ, ਉਸ ਦੇ ਬਚਨਾਂ ਦਾ ਕੋਈ ਮੁੱਲ ਨਹੀਂ ਹੁੰਦਾ। ਪ੍ਰਮਾਤਮਾ ਪ੍ਰਤੀ ਨਾਸ਼ੁਕਰਾ ਹੋਣ ਤੇ ਪ੍ਰਮਾਤਮਾ ਉਸ ਨੂੰ ਨਕਾਰ ਦਿੰਦਾ ਹੈ।

ਵਿਦਵਾਨ ਸਾਹਿਤ ਦਾ ਅਧਿਐਨ ਕਰਦੇ ਹਨ, ਪਰ ਪ੍ਰਮਾਤਮਾ ਅਤੇ ਉਸ ਦੇ ਦੈਵੀ ਗੁਣਾਂ ਤੋਂ ਅਨਜਾਣ ਹੀ ਰਹਿੰਦੇ ਹਨ। ਉਹ ਦੂਸਰਿਆਂ ਨੂੰ ਉਪਦੇਸ਼ ਤਾਂ ਦਿੰਦੇ ਹਨ, ਪਰ ਉਹਨਾਂ ਦਾ ਅਸਲ ਉਦੇਸ਼ ਮਾਇਆ ਇਕੱਠੀ ਕਰਨਾ ਹੁੰਦਾ ਹੈ। ਸਿਰਫ ਗੱਲਾਂ ਨਾਲ ਪ੍ਰਮਾਤਮਾ ਪ੍ਰਾਪਤ ਨਹੀਂ ਹੁੰਦਾ। ਮਨੁੱਖ ਪ੍ਰਮਾਤਮਾ ਅਤੇ ਉਸ ਦੇ ਦੈਵੀ ਗੁਣਾਂ ਨੂੰ ਜਾਣ ਕੇ ਵਾਸਤਵਿਕਤਾ ਤੋਂ ਜਾਣੂ ਹੁੰਦਾ ਹੈ। ਬਹੁਤ ਸਾਰੇ ਵਿਦਵਾਨ ਧਾਰਮਿਕ ਸਾਹਿਤ ਦਾ ਅਧਿਐਨ ਕਰਦੇ ਹਨ। ਉਹ ਦਲੀਲਬਾਜ਼ੀ, ਭਾਸ਼ਣ, ਵਿਚਾਰ-ਵਟਾਂਦਰੇ ਆਦਿ ਕਰਦੇ ਹਨ, ਪਰ ਫੇਰ ਵੀ ਜਨਮ ਮਰਨ ਦੇ ਚੱਕਰ ਤੋਂ ਬਚ ਨਹੀਂ ਸਕਦੇ। ਧਾਰਮਿਕ ਸਾਹਿਤ ਬਾਰੇ ਬੋਲ ਕੇ, ਸੁਣ ਕੇ ਅਤੇ ਵਿਚਾਰ-ਵਟਾਂਦਰਾ ਕਰ ਕੇ ਕੋਈ ਵੀ ਮਨੁੱਖ ਆਪਣੇ ਕਰਮਾਂ ਦੇ ਬਾਰੇ ਕੀਤੇ ਗਏ ਪ੍ਰਮਾਤਮਾ ਦੇ ਫੈਸਲਿਆਂ ਤੋਂ ਬਚ ਨਹੀਂ ਸਕਦਾ। ਪ੍ਰਮਾਤਮਾ ਬਾਰੇ ਸਿਰਫ ਗੁਰੂ ਦੀ ਸਿੱਖਿਆ ਮੰਨ ਕੇ ਹੀ ਮਨੁੱਖ ਪ੍ਰਮਾਤਮਾ ਵਲੋਂ ਕੀਤੇ ਫੈਸਲਿਆਂ ਤੋਂ ਬਚ ਸਕਦਾ ਹੈ।

ਪ੍ਰਮਾਤਮਾ ਦਾ ਸ਼ਰਧਾਲੂ, ਹੰਕਾਰ ਭਰੇ ਦਾਅਵਿਆਂ ਵਿਚ ਨਹੀਂ ਉਲਝਦਾ, ਸਗੋਂ ਨਿਮਰਤਾ-ਪੂਰਬਕ ਆਪਣਾ ਜੀਵਨ ਬਤੀਤ ਕਰਦਾ ਹੈ। ਭਗਤ ਪ੍ਰਮਾਤਮਾ ਨੂੰ ਪਿਆਰ ਕਰਦਾ ਹੈ ਅਤੇ ਉਹ ਨੇਕ ਚਰਿੱਤਰ ਵਾਲਾ ਹੁੰਦਾ ਹੈ। ਗੁਰੂ ਦੀ ਸਿੱਖਿਆ ਭਗਤ ਨੂੰ ਪ੍ਰਮਾਤਮਾ ਨਾਲ ਹਮੇਸ਼ਾ ਲਈ ਮਿਲਾ ਦਿੰਦੀ ਹੈ।

ਉਪਦੇਸ਼ ਨੰਬਰ 77

ਮਨੁੱਖ ਜੋ ਬੀਜਦਾ ਹੈ, ਉਹ ਕੱਟਦਾ ਹੈ, ਪ੍ਰਮਾਤਮਾ ਦੇ ਨਾਮ ਦਾ ਬੀਜ ਬੋਵੋ ਅਤੇ ਸ਼ਾਂਤੀ ਅਤੇ ਪ੍ਰਸੰਨਤਾ ਦੀ ਫਸਲ ਕੱਟੋ

ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ, ਉਹ ਸਾਰੇ ਕਰਮ ਜੋ ਮਨੁੱਖ ਨੂੰ ਠੀਕ ਪ੍ਰਤੀਤ ਹੁੰਦੇ ਹਨ, ਲੇਕਿਨ ਜਦੋਂ ਉਹ ਪ੍ਰਮਾਤਮਾ ਦੁਆਰਾ ਪਰਖੇ ਜਾਂਦੇ ਹਨ ਤਾਂ ਮਨੁੱਖ ਨੂੰ ਉਹਨਾਂ ਦਾ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਯਕੀਨਨ ਹੀ, ਮਨੁੱਖ ਉਹੀ ਕੱਟਦਾ ਹੈ, ਜੋ ਉਹ ਬੀਜਦਾ ਹੈ। ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ, ਨੇਕ ਕਰਮ ਵੀ ਪ੍ਰਮਾਤਮਾ ਨੂੰ ਪ੍ਰਸੰਨ ਨਹੀਂ ਕਰਦੇ। ਮਨੁੱਖ ਆਪਣਾ ਜੀਵਨ ਵਿਅਰਥ ਹੀ ਗੁਆ ਦਿੰਦਾ ਹੈ।

ਪ੍ਰਮਾਤਮਾ ਦੇ ਗੁਣਾਂ ਨੂੰ ਮਨ ਵਿਚ ਧਾਰ ਕੇ ਹੀ ਮਨੁੱਖ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਦਾ ਹੈ। ਗੁਰੂ ਦੀ ਸਿੱਖਿਆ ਦੀ ਮਦਦ ਨਾਲ ਹੀ ਮਨੁੱਖ ਮਾੜੀਆਂ ਆਦਤਾਂ ਤੋਂ ਛੁਟਕਾਰਾ ਹਾਸਿਲ ਕਰ ਸਕਦਾ ਹੈ ਅਤੇ ਉਸ ਸਰਬ ਗੁਣ ਸੰਪੰਨ, ਪ੍ਰਮਾਤਮਾ ਦੇ ਗੁਣਾਂ ਨੂੰ ਮਹਿਸੂਸ ਕਰਦਾ ਹੈ।

ਸੱਚਾ ਸੌਦਾ - ਪ੍ਰਮਾਤਮਾ ਨਾਲ ਪਿਆਰ, ਕੀਤੇ ਬਿਨਾਂ ਮਨੁੱਖ ਖਾਲੀ ਹੱਥ ਹੀ ਰਹਿੰਦਾ ਹੈ ਅਤੇ ਕੋਈ ਲਾਭ ਪ੍ਰਾਪਤ ਨਹੀਂ ਕਰਦਾ। ਇਹ ਨਾ ਸਮਝ ਕੇ, ਕਿ ਕਿਹੜੀ ਚੀਜ਼ ਸਭ ਤੋਂ ਵੱਧ ਕੀਮਤੀ ਹੈ, ਮਨੁੱਖ ਸਭ ਤੋਂ ਅਨਮੋਲ ਸੌਦੇ ਤੋਂ ਵਾਂਝਿਆ ਹੀ ਰਹਿੰਦਾ ਹੈ। ਇਹ ਸੱਚਾ ਸੌਦਾ ਪ੍ਰਮਾਤਮਾ ਨੂੰ ਧਿਆਉਣਾ ਨਾ ਕਰਕੇ, ਮਨੁੱਖ ਦੁੱਖ ਪਾਉਂਦਾ ਹੈ ਅਤੇ ਮਨੁੱਖ ਆਪਣੇ ਆਪ ਨੂੰ ਆਰਜੀ ਅਤੇ ਭਰਮ-ਭੁਲੇਖਿਆਂ ਦੇ ਝੂਠ ਵਿਚ ਗੜੁੱਚ ਪਾਉਂਦਾ ਹੈ।

ਗੁਰੂ ਦਾ ਭਗਤ, ਪ੍ਰਮਾਤਮਾ ਦੇ ਗੁਣਾਂ ਨੂੰ ਵਿਚਾਰ ਕੇ ਲਗਾਤਾਰ ਲਾਭਦਾਇਕ ਵਪਾਰ ਵਿਚ ਰੁੱਝਾ ਰਹਿੰਦਾ ਹੈ। ਪ੍ਰਮਾਤਮਾ ਨੂੰ ਸਿਮਰ ਕੇ, ਮਨੁੱਖ ਪ੍ਰਮਾਤਮਾ ਨੂੰ ਆਪਣੇ ਦਿਲ ਅੰਦਰ ਪਾਉਂਦਾ ਹੈ। ਅਜਿਹੇ ਸੰਤਾਂ ਦੀ ਸੰਗਤ ਕਰਕੇ ਜੋ ਪ੍ਰਮਾਤਮਾ ਪ੍ਰਤੀ ਪਿਆਰ ਦੇ ਵਪਾਰ ਵਿਚ ਲੱਗੇ ਹੋਏ ਹਨ, ਮਨੁੱਖ ਗੁਰੂ ਦੁਆਰਾ ਦਿੱਤੇ ਗਏ ਰੱਬੀ ਗਿਆਨ ਤੇ ਵਿਚਾਰ ਕਰਦਾ ਹੈ।

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਸੰਤਾਂ ਦੀ ਸੰਗਤ ਹਾਸਿਲ ਕਰਦਾ ਹੈ। ਇਕ ਵਾਰ ਪ੍ਰਮਾਤਮਾ ਨਾਲ ਮਿਲਾਪ ਤੋਂ ਬਾਅਦ, ਮਨੁੱਖ ਪ੍ਰਮਾਤਮਾ ਤੋਂ ਕਦੀ ਵੱਖ ਨਹੀਂ ਹੁੰਦਾ। ਮਨੁੱਖ ਹਮੇਸ਼ਾ ਲਈ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ।

ਪ੍ਰਮਾਤਮਾ ਨੂੰ ਪਾ ਕੇ, ਮਨ ਵਿਚ ਉਹ ਅਟੱਲ ਸੱਚਾਈ ਗ੍ਰਹਿਣ ਕਰਕੇ, ਮਨੁੱਖ ਆਪਣੇ ਚਾਰੇ ਪਾਸੇ ਸੱਚਾਈ ਹੀ ਪਾਉਂਦਾ ਹੈ। ਫਿਰ ਹਰ ਪਾਸੇ ਵਿਆਪਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਇਹ ਜਾਣ ਕੇ ਕਿ ਪ੍ਰਮਾਤਮਾ ਹਰ ਥਾਂ 'ਤੇ ਹਾਜ਼ਰ ਨਾਜ਼ਰ ਹੈ, ਮਨੁੱਖ ਉਸ ਦੀਆਂ (ਪ੍ਰਮਾਤਮਾ) ਨਜ਼ਰਾਂ ਵਿਚ ਉਪਰ ਉੱਠਦਾ ਹੈ। ਪ੍ਰਮਾਤਮਾ ਅਜਿਹੇ ਮਨੁੱਖ ਦੇ ਅੰਗ-ਸੰਗ ਰਹਿੰਦਾ ਹੈ। ਅਗਰ ਜੀਵ ਨੂੰ ਮਿਸਾਲ ਦੇ ਤੌਰ 'ਤੇ ਪਤਨੀ ਦੇ ਰੂਪ ਵਿਚ ਸਮਝਿਆ ਜਾਵੇ, ਤਾਂ ਫਿਰ ਪ੍ਰਮਾਤਮਾ ਇਕ ਪਤੀ ਰੂਪ ਵਿਚ ਆਪਣੇ ਕਈ ਪਿਆਰ ਭਰੇ ਢੋਜਾਂ ਨਾਲ ਆਪਣੀ ਪਤਨੀ ਨੂੰ ਲੁਭਾਉਂਦਾ ਹੈ।

ਜੇ ਕੋਈ ਮਨੁੱਖ ਸੋਝੀ ਪ੍ਰਾਪਤ ਕਰਨ ਲਈ ਧਰਤੀ, ਪਰਬਤ ਜਾਂ ਜੰਗਲਾਂ ਵਿਚ ਭਾਲ ਕਰਦਾ ਹੈ, ਤਾਂ ਉਸ ਨੂੰ ਕੁੱਛ ਵੀ ਹਾਸਿਲ ਨਹੀਂ ਹੁੰਦਾ। ਸਿਰਫ਼ ਗੁਰੂ ਦੀ ਸਿੱਖਿਆ ਨਾਲ ਹੀ ਮਨੁੱਖ ਦੇ ਅੰਦਰ ਗਿਆਨ ਦਾ ਚਾਨਣ ਹੁੰਦਾ ਹੈ। ਪ੍ਰਮਾਤਮਾ ਬਾਰੇ ਸੋਝੀ ਪ੍ਰਾਪਤ ਕੀਤੇ ਬਗੈਰ, ਮਨੁੱਖ ਫ਼ਜ਼ੂਲ ਦੀ ਭਟਕਣਾ ਵਿਚ ਭਟਕਦਾ ਰਹਿੰਦਾ ਹੈ ਅਤੇ ਜਨਮ-ਮਰਨ ਦੇ ਗੇੜ ਤੋਂ ਮੁਕਤ ਨਹੀਂ ਹੁੰਦਾ।

ਪ੍ਰਮਾਤਮਾ ਬਾਰੇ ਰੱਬੀ ਗਿਆਨ ਲੈਣ ਲਈ, ਮਨੁੱਖ ਨੂੰ ਉਹਨਾਂ ਸੰਤਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਜੋ ਪ੍ਰਮਾਤਮਾ ਦਾ ਨਾਮ ਸਿਮਰ ਕੇ, ਨਿਮਰਤਾ ਭਰੀ ਜ਼ਿੰਦਗੀ ਜਿਉਂਦੇ ਹਨ। ਇਹ ਉਹੀ ਹਨ, ਜੋ ਆਪਣੇ ਪਿਆਰੇ ਪ੍ਰਮਾਤਮਾ ਨੂੰ ਜਾਣਦੇ ਹਨ। ਉਹਨਾਂ ਅਤੇ ਪ੍ਰਮਾਤਮਾ ਦੇ ਦਰਮਿਆਨ ਕੋਈ ਕਠਿਨ ਰੁਕਾਵਟ ਨਹੀਂ ਆਉਂਦੀ। ਉਹ ਯਕੀਨੀ ਤੌਰ 'ਤੇ ਜਾਣਦੇ ਹਨ ਕਿ ਹਰ ਪਾਸੇ ਕੇਵਲ ਇਕ ਪ੍ਰਮਾਤਮਾ ਹੀ ਵਿਆਪਕ ਹੈ ਅਤੇ ਹੋਰ ਕੋਈ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ।

ਉਪਦੇਸ਼ ਨੰਬਰ 78

ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ ਕਿਸੇ ਵੀ ਮਨੁੱਖ ਨੇ, ਕਦੀ ਵੀ, ਆਪਣੇ ਔਗੁਣਾਂ ਤੋਂ ਛੁਟਕਾਰਾ ਨਹੀਂ ਪਾਇਆ

ਗੁਰੂ ਮਨੁੱਖ ਨੂੰ, ਉਸ ਪਰਮ-ਪਵਿੱਤ੍ਰ ਪ੍ਰਮਾਤਮਾ ਨਾਲ ਮਿਲਾਉਂਦਾ ਹੈ। ਫੇਰ ਮਨੁੱਖ ਵੀ ਪਰਮ ਪਵਿਤ੍ਰ ਹੋ ਜਾਂਦਾ ਹੈ। ਫਿਰ ਮਨੁੱਖ ਦਾ ਦਿਲ, ਉਸ ਸਭ ਕੁਛ ਜਾਨਣਹਾਰ ਪਰਮ ਪਵਿਤ੍ਰ ਪ੍ਰਮਾਤਮਾ ਦਾ ਨਿਵਾਸ ਸਥਾਨ ਬਣ ਜਾਂਦਾ ਹੈ। ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਕੇ ਮਨੁੱਖ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ।

ਅਟੱਲ ਅਤੇ ਪਰਮ ਪਵਿਤ੍ਰ ਪ੍ਰਮਾਤਮਾ ਤੋਂ ਇਲਾਵਾ ਹੋਰ ਕੋਈ ਵੀ ਚੀਜ਼ ਜਾਂ ਮਨੁੱਖ, ਕਿਸੇ ਨਾ ਕਿਸੇ ਤਰ੍ਹਾਂ ਦੇ ਔਗੁਣਾਂ ਤੋਂ ਬਗੈਰ ਨਹੀਂ ਹੈ। ਇਸ ਔਗੁਣ ਤੋਂ ਛੁਟਕਾਰਾ ਪ੍ਰਾਪਤ ਕਰਨ ਦਾ ਇੱਕੋ ਇਕ ਤਰੀਕਾ, ਗੁਰੂ ਦੀ ਸਿੱਖਿਆ ਨਾਲ ਪ੍ਰਮਾਤਮਾ ਨੂੰ ਸਿਮਰ ਕੇ ਇਸ ਨੂੰ ਧੋ ਕੇ ਸਾਫ ਕਰਨਾ ਹੈ।

ਮਨੁੱਖ ਦੇ ਮਨ ਨੂੰ ਆਪਣਾ ਨਿਵਾਸ ਬਣਾਉਣ ਤੋਂ ਪਹਿਲਾਂ, ਪ੍ਰਮਾਤਮਾ ਉਸ ਨੂੰ ਬਹੁਤ ਸੁੰਦਰ ਬਣਾਉਂਦਾ ਹੈ। ਪ੍ਰਮਾਤਮਾ ਸਾਰੀ ਸ੍ਰਿਸ਼ਟੀ ਦੇ ਜੀਵਨ ਦੇ ਸਹਾਰੇ, ਬਾਰੇ ਗਿਆਨ ਪ੍ਰਾਪਤ ਕਰਕੇ, ਮਨੁੱਖ ਸਮਾਜ ਵਿਚ ਭਾਵੇਂ ਕਿਸੇ ਵੀ ਰੁੱਤਬੇ ਤੇ ਹੋਵੇ, ਪ੍ਰਮਾਤਮਾ ਦਾ ਨਾਮ ਧਿਆਉਣ ਵਿਚ ਜੁੜ ਜਾਂਦਾ ਹੈ।

ਗੁਰੂ ਦੀ ਸਿੱਖਿਆ ਨਾਲ ਪ੍ਰਾਪਤ ਕੀਤੀ ਸੋਝੀ ਨਾਲ ਸਾਰੇ ਡਰ ਖ਼ਤਮ ਕਰਦਾ ਹੈ ਅਤੇ ਪ੍ਰਮਾਤਮਾ ਨਾਲ ਪਿਆਰ ਨਾਲ ਸੰਬੰਧ ਬਣਾਉਂਦਾ ਹੈ। ਪ੍ਰਮਾਤਮਾ ਵੱਲ ਮਨ ਇਕਾਗਰ ਚਿੱਤ ਕਰਕੇ ਮਨੁੱਖ ਨੂੰ ਇਸ ਦ੍ਰਿਸ਼ ਅਤੇ ਅਦ੍ਰਿਸ਼ ਸੰਸਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਹ ਬੜੀ ਖੁਸ਼ਕਿਸਮਤੀ ਵਾਲੀ ਗੱਲ ਹੁੰਦੀ ਹੈ ਕਿ ਮਨੁੱਖ ਅਜਿਹੇ ਗੁਰੂ ਨੂੰ ਮਿਲਦਾ ਹੈ, ਜੋ ਉਸ ਦਾ ਪ੍ਰਮਾਤਮਾ ਨਾਲ ਮਿਲਾਪ ਕਰਾਉਂਦਾ ਹੈ।

ਝੂਠੇ ਅਤੇ ਬਗਲਾ-ਭਗਤ ਲੋਕ, ਪ੍ਰਮਾਤਮਾ ਦੇ ਇਸ ਇਮਤਿਹਾਨ ਨੂੰ ਕਦੀ ਪਾਸ ਨਹੀਂ ਕਰ ਸਕਦੇ। ਸਿਰਫ ਇਮਾਨਦਾਰ ਹੀ, ਉਸ ਦੇ ਇਸ ਇਮਤਿਹਾਨ ਨੂੰ ਪਾਸ ਕਰਦੇ ਹਨ। ਫਿਰ ਮਨੁੱਖ ਡਰ ਅਤੇ ਆਸ਼ਾਵਾਂ ਦੇ ਝੂਠੇ ਲਗਾਵਾਂ ਤੋਂ ਛੁਟਕਾਰਾ ਪਾ ਕੇ ਪ੍ਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ।

ਹਰ ਮਨੁੱਖ ਜੀਵਨ ਵਿਚ ਆਨੰਦ ਅਤੇ ਆਰਾਮ ਚਾਹੁੰਦਾ ਹੈ। ਕੋਈ ਵੀ ਜੀਵਨ ਵਿਚ ਦੁੱਖ-ਤਕਲੀਫਾਂ ਨਹੀਂ ਚਾਹੁੰਦਾ। ਪਰ ਸੁੱਖ ਤੋਂ ਬਾਅਦ ਦੁੱਖ ਆਉਂਦਾ ਹੈ। ਗੁਰੂ ਦੇ ਉਹ ਸਿੱਖ ਜੋ ਇਮਾਨਦਾਰ ਅਤੇ ਸਮਰਪਿਤ ਨਹੀਂ ਹੁੰਦੇ, ਉਹਨਾਂ ਦਾ ਇਸ ਸੱਚਾਈ ਵੱਲ ਧਿਆਨ ਨਹੀਂ ਜਾਂਦਾ। ਗੁਰੂ ਦੀ ਸਿੱਖਿਆ ਨਾਲ ਮਨੁੱਖ ਸੁੱਖ ਅਤੇ ਦੁੱਖ ਤੋਂ ਉੱਪਰ ਉੱਠਣ ਦੇ ਕਾਬਿਲ ਹੋ ਜਾਂਦਾ ਹੈ। ਫਿਰ ਮਨੁੱਖ ਚਿਰ-ਸਥਾਈ ਪ੍ਰਸੰਨਤਾ ਅਤੇ ਸ਼ਾਂਤੀ ਪ੍ਰਾਪਤ ਕਰਦਾ ਹੈ।

ਧਾਰਮਿਕ ਸਾਹਿਤ ਦੇ ਵਿਦਵਾਨ ਅਤੇ ਹੋਰ ਦੂਸਰੇ ਉੱਚੇ ਰੁਤਬਿਆਂ ਵਾਲੇ ਪ੍ਰਮਾਤਮਾ ਦੀ ਕ੍ਰਿਪਾ-ਦ੍ਰਿਸ਼ਟੀ ਦੇ ਤਦ ਹੀ ਕਾਬਿਲ ਬਣਦੇ ਹਨ ਜਦ ਉਹ ਉਸ ਬੇਅੰਤ ਗੁਣਾਂ ਦੇ ਖ਼ਜ਼ਾਨੇ-ਪ੍ਰਮਾਤਮਾ ਦੀ ਪੂਜਾ ਕਰਦੇ ਹਨ। ਉਹ ਜੋ ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਪ੍ਰੇਮ ਕਰਦੇ ਹਨ, ਜੇਤੂ ਹੁੰਦੇ ਹਨ ਅਤੇ ਸ਼ੋਭਾ ਦੇ ਕਾਬਿਲ ਹੁੰਦੇ ਹਨ।

ਪ੍ਰਮਾਤਮਾ ਦੇ ਨਾਮ ਸਿਮਰਨ ਬਗੈਰ, ਕਦੀ ਵੀ ਕਿਸੇ ਮਨੁੱਖ ਨੇ ਆਪਣੇ ਔਗੁਣਾਂ ਤੋਂ ਛੁਟਕਾਰਾ ਨਹੀਂ ਪਾਇਆ ਹੈ। ਪ੍ਰਮਾਤਮਾ ਦੀ ਭਗਤੀ ਨਾ ਕਰਕੇ ਮਨੁੱਖ ਸ਼ਰਮਿੰਦਗੀ ਉਠਾਉਂਦਾ ਹੈ ਅਤੇ ਸਵੈ-ਮਾਣ ਗੁਆਉਂਦਾ ਹੈ। ਪ੍ਰਮਾਤਮਾ ਨੂੰ ਭੁਲਾਉਣਾ ਦੁੱਖ ਭੋਗਣਾ ਹੈ, ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਵਿਚ ਫਸਣਾ ਹੈ।

ਨਿਮਰਤਾ ਅਤੇ ਦ੍ਰਿੜ੍ਹਤਾ ਨਾਲ, ਗੁਰੂ ਦੀ ਸਿੱਖਿਆ ਦਾ ਅਧਿਐਨ ਕਰਕੇ ਮਨੁੱਖ ਪ੍ਰਮਾਤਮਾ ਨਾਲ ਮਿਲਾਪ ਵੱਲ ਅੱਗੇ ਵੱਧਦਾ ਹੈ। ਫਿਰ ਮਨੁੱਖ ਆਪਣੀ ਵੀ ਪ੍ਰਸ਼ੰਸਾ ਕਰਦਾ ਹੈ। ਮਨੁੱਖ ਬਹੁਤ ਹੀ ਸੰਤੁਸ਼ਟੀ ਦਾ ਅਨੁਭਵ ਕਰਦਾ ਹੈ। ਉਸ ਦੀ ਜ਼ਿੰਦਗੀ ਵਿੱਚੋਂ ਹੰਕਾਰ

ਅਤੇ ਅਸੰਤੋਸ਼ ਅਲੋਪ ਹੋ ਜਾਂਦੇ ਹਨ। ਪ੍ਰਮਾਤਮਾ ਨੂੰ ਸਿਮਰ ਕੇ ਮਨੁੱਖ ਸੱਚਾ-ਸੁੱਚਾ ਅਤੇ ਚੰਗੇ ਵਿਵਹਾਰ ਵਾਲਾ ਹੋ ਜਾਂਦਾ ਹੈ।

ਨੋਟ : ਜਦੋਂ ਪ੍ਰਮਾਤਮਾ ਦੇ ਗੁਣਾਂ ਨੂੰ ਧਿਆਨ ਵਿਚ ਰੱਖ ਕੇ, ਮਨੁੱਖ ਦੇ ਮਨ ਵਿਚ ਭਾਵੁਕਤਾਵਾਂ ਦਾ ਸੰਤੁਲਨ ਬਣ ਜਾਂਦਾ ਹੈ, ਤਾਂ ਫਿਰ ਮਨੁੱਖ ਦੀ ਸੋਚ ਅਤੇ ਭਾਵਨਾਵਾਂ ਵੀ ਸ਼ੁੱਧ (ਪਵਿੱਤਰ) ਹੋ ਜਾਂਦੀਆਂ ਹਨ। ਜਿਉਂ-ਜਿਉਂ ਇਹ ਭਾਵੁਕਤਾਵਾਂ ਵਧਦੀਆਂ ਜਾਂਦੀਆਂ ਹਨ, ਤਿਉਂ-ਤਿਉਂ ਪ੍ਰਮਾਤਮਾ ਮਨੁੱਖ ਦੇ ਹੋਰ ਨੇੜੇ ਆਉਂਦਾ ਜਾਂਦਾ ਹੈ। ਆਖਿਰਕਾਰ, ਮਨੁੱਖ ਭਾਵੁਕਤਾਵਾਂ ਨਾਲ ਭਰਿਆ ਹੋਇਆ ਦਿਲ, ਪ੍ਰਮਾਤਮਾ ਦਾ ਨਿਵਾਸ ਬਣ ਜਾਂਦਾ ਹੈ। ਇਸ ਦਾ ਇਹ ਮਤਲਬ ਨਹੀਂ ਹੈ ਕਿ ਪਹਿਲਾਂ ਪ੍ਰਮਾਤਮਾ ਮਨੁੱਖ ਦੇ ਅੰਦਰ ਨਹੀਂ ਸੀ। ਪ੍ਰਮਾਤਮਾ ਹੀ ਜੀਵਨ ਦਾ ਕਾਰਣ ਹੈ। ਮਨੁੱਖ ਜਿੰਦਾ ਹੀ ਇਸ ਕਰਕੇ ਹੈ, ਕਿਉਂਕਿ ਪ੍ਰਮਾਤਮਾ ਦੀ ਜੀਵਨ ਪਾਲਣ ਵਾਲੀ ਸ਼ਕਤੀ ਮਨੁੱਖ ਦੇ ਅੰਦਰ ਮੌਜੂਦ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਪ੍ਰਮਾਤਮਾ ਦੇ ਗੁਣਾਂ ਨੂੰ ਧਿਆਨ ਵਿਚ ਰੱਖੇ ਬਿਨਾਂ, ਉਹ ਭਾਵੁਕਤਾਵਾਂ ਜੋ ਪ੍ਰਮਾਤਮਾ ਨੂੰ ਮਨੁੱਖ ਦੇ ਨਜ਼ਦੀਕ ਲੈ ਕੇ ਆਉਂਦੀਆਂ ਹਨ, ਉਹ ਪ੍ਰਗਟ ਨਹੀਂ ਹੁੰਦੀਆਂ। ਭਾਵੁਕ ਬੰਧਨਾਂ ਤੋਂ ਬਿਨਾਂ ਪ੍ਰਮਾਤਮਾ ਮਨੁੱਖ ਦੇ ਮਨ ਅੰਦਰ ਪ੍ਰਕਾਸ਼ਿਤ ਨਹੀਂ ਹੁੰਦਾ। ਭਾਵੁਕਤਾਵਾਂ ਜਾਂ ਭਾਵੁਕ ਬੰਧਨ ਗੁਰੂ ਦੇ ਸਿੱਖ ਬਨਣ ਤੋਂ ਬਗੈਰ ਉਜਾਗਰ ਨਹੀਂ ਹੁੰਦੀਆਂ (ਗੁਰੂ ਜੋ ਪ੍ਰਮਾਤਮਾ ਨੂੰ ਜਾਣਦਾ ਹੈ ਅਤੇ ਹਮੇਸ਼ਾ ਉਸ ਨੂੰ ਮਨ ਵਿਚ ਵਸਾ ਕੇ ਰੱਖਦਾ ਹੈ) ਗੁਰੂ ਦੀ ਸਿੱਖਿਆ ਹੀ ਮਨੁੱਖ ਦੇ ਮਨ ਅੰਦਰੋਂ ਅਸ਼ੁੱਧੀਆਂ ਭਜਾਉਂਦੀ ਹੈ ਅਤੇ ਪ੍ਰਮਾਤਮਾ ਨਾਲ ਭਾਵਨਾਤਮਕ ਸੰਬੰਧ ਕਾਇਮ ਕਰਦੀ ਹੈ।

ਉਪਦੇਸ਼ ਨੰਬਰ 79

ਸੱਚਾ ਖ਼ਜ਼ਾਨਾ ਪ੍ਰਮਾਤਮਾ ਦਾ ਨਾਮ ਹੈ ਇਹ ਗੁਰੂ ਦੀ ਸਿੱਖਿਆ ਨਾਲ ਹਾਸਿਲ ਹੁੰਦਾ ਹੈ

ਮਨੁੱਖ ਨੂੰ ਆਪਣੇ ਮਨ ਨੂੰ ਭਟਕਣ ਤੋਂ ਵਰਜਣਾ ਚਾਹੀਦਾ ਹੈ ਅਤੇ ਗੁਰੂ ਤੋਂ ਸਿੱਖਿਆ ਗ੍ਰਹਿਣ ਕਰਕੇ ਇਸ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੀਦਾ ਹੈ। ਜੇ ਗੁਰੂ ਦੀ ਸਿੱਖਿਆ 'ਤੇ ਚੱਲਿਆ ਜਾਵੇ, ਤਾਂ ਮਨੁੱਖ ਖ਼ੁਸ਼ੀ-ਖ਼ੁਸ਼ੀ ਪ੍ਰਮਾਤਮਾ ਦੇ ਨਾਮ ਨੂੰ ਸਿਮਰਦਾ ਰਹਿੰਦਾ ਹੈ। ਉਹ ਦੁੱਖ ਅਤੇ ਡਰ ਤੋਂ ਮੁਕਤ ਹੋ ਜਾਂਦਾ ਹੈ। ਪ੍ਰਮਾਤਮਾ ਦਾ ਨਾਮ ਨਾ ਸਿਮਰ ਕੇ, ਪ੍ਰਮਾਤਮਾ ਤੋਂ ਵਿਛੜ ਕੇ, ਮਨੁੱਖ ਦੁੱਖ ਭੋਗਦਾ ਹੈ।

ਪ੍ਰਮਾਤਮਾ ਦਾ ਭਗਤ, ਚੰਗੇ ਜੀਵਨ ਦੀ ਭਾਲ ਹੋਰ ਕਿਤੇ ਨਹੀਂ ਕਰਦਾ। ਗੁਰੂ ਦੁਆਰਾ ਬਖ਼ਸ਼ਿਆ, ਪ੍ਰਮਾਤਮਾ ਦਾ ਨਾਮ, ਭਗਤ ਦਾ ਅਸਲੀ ਖ਼ਜ਼ਾਨਾ ਹੁੰਦਾ ਹੈ। ਭਗਤ ਸ਼ੁਕਰਾਨੇ ਸਹਿਤ ਆਪਣੇ ਗੁਰੂ ਤੋਂ ਬਲਿਹਾਰੀ ਜਾਂਦਾ ਹੈ।

ਇਕ ਦੰਭੀ ਗੁਰੂ, ਜਿਸ ਵਿਚ ਰੱਬੀ ਗਿਆਨ ਦੀ ਘਾਟ ਹੋਵੇ, ਦਾ ਸਿੱਖ ਬਣ ਕੇ,

ਪ੍ਰਮਾਤਮਾ ਦਾ ਪਿਆਰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸੱਚਾ ਗੁਰੂ ਉਹ ਹੈ ਜੋ ਪ੍ਰਮਾਤਮਾ ਦਾ ਸਿਮਰਨ ਸਿਖਾਉਂਦਾ ਹੈ। ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ ਮਨੁੱਖ ਦਾ ਜੀਵਨ ਉਦੇਸ਼ਹੀਣ ਹੈ। ਜੀਵਨ ਦੇ ਅਖੀਰ ਵਿਚ, ਜਦੋਂ ਅਗਲੇ ਜੀਵਨ ਵਿਚ ਨਾਲ ਲੈ ਕੇ ਜਾਣ ਲਈ ਮਨੁੱਖ ਦੇ ਕੋਲ ਕੁੱਛ ਨਹੀਂ ਹੁੰਦਾ, ਉਦੋਂ ਉਹ ਪਛਤਾਉਂਦਾ ਹੈ।

ਜਿਵੇਂ ਹਲਕੀ ਮਿੱਟੀ ਨਾਲ ਬਣੀ ਦੀਵਾਰ ਵਿਚ ਕੋਈ ਮਜ਼ਬੂਤੀ ਨਹੀਂ ਹੁੰਦੀ, ਠੀਕ ਉਸੇ ਤਰ੍ਹਾਂ ਦੀ ਹਾਲਤ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖੀ ਸਰੀਰ ਦੀ ਹੁੰਦੀ ਹੈ। ਸੱਚੇ ਪ੍ਰਮਾਤਮਾ ਨੂੰ ਜਾਨਣ ਤੋਂ ਬਿਨਾਂ ਮਨੁੱਖ ਜੀਵਨ ਦੇ ਸੱਚੇ ਉਦੇਸ਼ ਤੋਂ ਵਾਂਝਿਆ ਰਹਿੰਦਾ ਹੈ। ਗੁਰੂ ਦੀ ਸਿੱਖਿਆ ਸਹੀ ਤਰ੍ਹਾਂ ਗ੍ਰਹਿਣ ਕਰਕੇ, ਮਨੁੱਖ ਜੀਵਨ ਦਾ ਸਹੀ ਉਦੇਸ਼ ਲੱਭ ਲੈਂਦਾ ਹੈ। ਫਿਰ ਮਨੁੱਖ ਜੀਵਨ ਦੇ ਅਸੰਤੋਸ਼ਾਂ ਤੋਂ ਵੀ ਛੁਟਕਾਰਾ ਹਾਸਿਲ ਕਰ ਲੈਂਦਾ ਹੈ।

ਜਦੋਂ ਮਨੁੱਖ, ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨ ਲੱਗਦਾ ਹੈ, ਫਿਰ ਉਹ ਆਪਣੇ ਅਹੰਕਾਰ ਉਪਰ ਵੀ ਕਾਬੂ ਪਾ ਲੈਂਦਾ ਹੈ। ਅਹੰਕਾਰ ਅਤੇ ਧੋਖੇਬਾਜ਼ੀ ਦੀ ਜਗ੍ਹਾ, ਪ੍ਰਮਾਤਮਾ ਦਾ ਸਿਮਰਨ ਮਨ ਵਿਚ ਆ ਵੱਸਦਾ ਹੈ। ਪ੍ਰਮਾਤਮਾ ਨਾਲ ਸਦੀਵੀ ਸਾਂਝ ਦੀ ਸਥਿਤੀ ਪ੍ਰਾਪਤ ਕਰਕੇ ਮਨੁੱਖ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਇਕ-ਮਿਕ ਹੋ ਜਾਂਦਾ ਹੈ।

ਉਸ ਸੱਚੇ ਪ੍ਰਮਾਤਮਾ ਦਾ ਨਾਮ ਸਿਮਰ ਕੇ, ਮਨੁੱਖ ਦਾ ਮਨ ਵੀ ਪਵਿੱਤ੍ਰ ਹੋ ਜਾਂਦਾ ਹੈ। ਹਵਸ, ਲਾਲਚ ਅਤੇ ਅਹੰਕਾਰ ਵਰਗੇ ਵਿਕਾਰਾਂ ਦਾ ਫਿਰ ਮਨੁੱਖ 'ਤੇ ਕੋਈ ਅਸਰ ਨਹੀਂ ਹੁੰਦਾ। ਉਹ ਪੂਰੀ ਸ਼ਰਧਾ ਨਾਲ ਆਪਣੇ ਪਿਆਰੇ ਪ੍ਰਭੂ ਦਾ ਨਾਮ ਧਿਆਉਂਦਾ ਹੈ। ਮਨੁੱਖ ਨੂੰ ਉਸ ਪ੍ਰਮਾਤਮਾ ਨੂੰ ਕਦੀ ਨਹੀਂ ਭੁੱਲਣਾ ਚਾਹੀਦਾ, ਜੋ ਜੀਵਨ ਦਾ ਪਾਲਣਹਾਰ ਹੈ।

ਜੇ ਮਨੁੱਖ ਗੁਰੂ ਦੀ ਸਿੱਖਿਆ ਅਨੁਸਾਰ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਤਾਂ ਫਿਰ ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਤੋਂ ਪ੍ਰਾਪਤ ਹਦਾਇਤਾਂ ਮੰਨ ਕੇ ਪ੍ਰਮਾਤਮਾ ਦਾ ਸਿਮਰਨ ਸੰਭਵ ਹੈ। ਗੁਰੂ ਦੀ ਸਿੱਖਿਆ ਤੋਂ ਬਿਨਾਂ ਹਰੇਕ ਮਨੁੱਖ, ਜੀਵਨ ਵਿਚ, ਬਿਨਾਂ ਕਿਸੇ ਉਦੇਸ਼ ਦੇ ਭਟਕਦਾ ਰਹਿੰਦਾ ਹੈ ਅਤੇ ਅਨਗਿਣਤ ਜਨਮ-ਮਰਨ ਦੇ ਚੱਕਰਾਂ ਦੇ ਦੁੱਖ ਭੋਗਦਾ ਹੈ।

ਹਰੇਕ ਮਨੁੱਖ, ਆਪਣੇ ਹੀ ਵਿਚਾਰਾਂ ਵਿਚ ਲੀਨ ਹੋ ਕੇ, ਆਪਣੀ ਪ੍ਰਸ਼ੰਸਾ ਕਰਨ ਵਿਚ ਰੁੱਝਾ ਹੋਇਆ ਹੈ। ਗੁਰੂ ਦੀ ਸਿੱਖਿਆ ਤੋਂ ਬਗੈਰ, ਮਨੁੱਖ ਆਪਣੇ ਅੰਦਰ ਝਾਤੀ ਨਹੀਂ ਮਾਰਦਾ। ਜਦੋਂ ਗੁਰੂ ਦੀ ਸਿੱਖਿਆ ਨਾਲ ਮਨੁੱਖ ਅੰਦਰ ਸੋਝੀ ਪੈਦਾ ਹੁੰਦੀ ਹੈ, ਫਿਰ ਉਹ ਆਪਣੇ ਵਿਚਾਰਾਂ ਤੋਂ ਉੱਪਰ ਉੱਠ ਜਾਂਦਾ ਹੈ ਅਤੇ ਫਿਰ ਉਹ ਆਪਣੀ ਸ਼ਰਧਾ ਪ੍ਰਮਾਤਮਾ 'ਤੇ ਰੱਖਦਾ ਹੈ। ਫਿਰ ਆਪਣੀ ਪ੍ਰਸ਼ੰਸਾ, ਪ੍ਰਮਾਤਮਾ ਦੀ ਪ੍ਰਸ਼ੰਸਾ ਵਿਚ ਤਬਦੀਲ ਹੋ ਜਾਂਦੀ ਹੈ।

ਉਪਦੇਸ਼ ਨੰਬਰ 80
ਇਹ ਪ੍ਰਮਾਤਮਾ ਪ੍ਰਤੀ ਸੱਚਾ ਪਿਆਰ ਹੈ, ਜਿਸ ਨੂੰ ਉਹ ਸਭ ਤੋਂ ਵੱਧ ਅਹਿਮੀਅਤ ਦਿੰਦਾ ਹੈ

ਪ੍ਰਮਾਤਮਾ ਪ੍ਰਤੀ ਪ੍ਰੇਮ ਭਾਵ ਰੱਖੇ ਬਗੈਰ ਆਪਣੇ ਆਪ ਨੂੰ ਸਲਾਹੁਣਾ, ਆਪਣੀ ਜੁਆਨੀ ਬਰਬਾਦ ਕਰਨਾ ਹੈ। ਜੇ ਪਤੀ-ਪ੍ਰਮੇਸ਼ਵਰ ਨਾਸਵੰਤ ਜੀਵ-ਇਸਤ੍ਰੀ ਨੂੰ ਆਪਣੇ ਕਲਾਵੇ ਵਿਚ ਨਾ ਲਵੇ ਤਾਂ ਫਿਰ ਇਸ ਨਾਸ਼ਵਾਨ ਸਰੀਰ ਨੂੰ ਸਜਾਉਣ ਦਾ ਕੋਈ ਲਾਭ ਨਹੀਂ। ਜਿਸ ਨੂੰ ਪਤੀ- ਪ੍ਰਮੇਸ਼ਵਰ ਪਿਆਰ ਨਹੀਂ ਕਰਦਾ, ਉਸ ਦਾ ਜੀਵਨ ਦੁੱਖਾਂ ਨਾਲ ਭਰ ਜਾਂਦਾ ਹੈ।

ਮਨੁੱਖ ਨੂੰ ਇਹ ਗੱਲ ਦਿਲ ਵਿਚ ਵਸਾ ਲੈਣੀ ਚਾਹੀਦੀ ਹੈ ਕਿ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਨ ਦਾ ਇੱਕੋ-ਇੱਕ ਤਰੀਕਾ, ਪ੍ਰਮਾਤਮਾ ਦਾ ਸਿਮਰਨ ਹੈ। ਮਨ ਵਿਚ ਓਨੀ ਦੇਰ ਪ੍ਰਮਾਤਮਾ ਦਾ ਸਿਮਰਨ ਨਹੀਂ ਜਾਗਦਾ, ਜਦ ਤਕ ਇਸ ਬਾਰੇ ਗੁਰੂ ਦੀ ਸਿੱਖਿਆ ਨੂੰ ਸਮਝਿਆ ਨਾ ਜਾਵੇ। ਗੁਰੂ ਦੀ ਸਿੱਖਿਆ 'ਤੇ ਅਮਲ ਕਰਕੇ ਅਤੇ ਫਿਰ ਇੰਜ ਪ੍ਰਮਾਤਮਾ ਨਾਲ ਬੜਾ ਨਜ਼ਦੀਕੀ ਰਿਸ਼ਤਾ ਕਾਇਮ ਕਰਕੇ, ਮਨੁੱਖ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ। ਗੁਰੂ ਦਾ ਸਿੱਖ, ਫਿਰ ਪ੍ਰਮਾਤਮਾ ਦੇ ਅਦੁੱਤੀ ਗੁਣਾਂ ਤੋਂ ਵਾਕਿਫ਼ ਹੁੰਦਾ ਹੈ। ਸਿੱਖ ਪ੍ਰਮਾਤਮਾ ਨਾਲ ਮਿਲਾਪ ਦਾ ਆਨੰਦ ਮਾਣਦਾ ਹੈ।

ਜਦੋਂ ਪ੍ਰਮਾਤਮਾ, ਮਨੁੱਖ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਹੈ, ਤਾਂ ਮਨੁੱਖ ਉਸ ਪ੍ਰਤੀ ਆਕਰਸ਼ਣ ਦਾ ਅਨੁਭਵ ਕਰਦਾ ਹੈ। ਮਨੁੱਖ ਸਰੀਰਿਕ ਅਤੇ ਮਾਨਸਿਕ ਤੌਰ 'ਤੇ ਅਜਿਹੇ ਆਨੰਦ ਦਾ ਅਨੁਭਵ ਕਰਦਾ ਹੈ, ਜਿਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਜਦੋਂ ਉਹ ਮਾੜੇ ਵਿਚਾਰ ਜਿਹੜੇ ਮਾੜੇ ਕਰਮ ਬਣ ਜਾਂਦੇ ਹਨ, ਖ਼ਤਮ ਹੋ ਜਾਂਦੇ ਹਨ ਤਾਂ ਫਿਰ ਪ੍ਰਮਾਤਮਾ ਮਨੁੱਖ ਨੂੰ ਪਿਆਰ ਕਰਦਾ ਹੈ। ਪ੍ਰਮਾਤਮਾ ਅਤੇ ਜੀਵ ਇਕੋ ਮਾਲਾ ਦੇ ਮੋਤੀਆਂ ਦੀ ਤਰ੍ਹਾਂ ਹਨ। ਸੰਤਾਂ ਦੀ ਸੰਗਤ ਵਿਚ ਮਨੁੱਖ ਬਹੁਤ ਆਨੰਦ ਦਾ ਅਨੁਭਵ ਕਰਦਾ ਹੈ। ਗੁਰੂ ਦਾ ਸਿੱਖ ਹਮੇਸ਼ਾ ਪ੍ਰਮਾਤਮਾ ਦੇ ਨਾਮ ਸਹਾਰੇ ਲੱਭਦਾ ਹੈ।

ਮਨੁੱਖੀ ਜੀਵਨ ਅੱਗ ਦੇ ਚੰਗਿਆੜੇ ਵਾਂਗ ਹੁੰਦਾ ਹੈ—ਇਕ ਪਲ ਹੋਂਦ ਵਿਚ ਹੁੰਦਾ ਹੈ, ਫਿਰ ਇਕ ਪਲ ਵਿਚ ਖਤਮ ਹੋ ਜਾਂਦਾ ਹੈ, ਇਕ ਪਲ ਲਈ ਰਹਿੰਦਾ ਹੈ, ਫਿਰ ਇੱਕ ਪਲ ਵਿੱਚ ਖ਼ਤਮ ਹੋ ਜਾਂਦਾ ਹੈ। ਮੌਤ ਹਰ ਵਕਤ ਮਨੁੱਖ ਨੂੰ ਘੇਰੇ ਰੱਖਦੀ ਹੈ ਅਤੇ ਉਸ ਦੇ ਜੀਵਨ 'ਤੇ ਵੀ ਰਾਜ ਕਰਦੀ ਹੈ। ਗੁਰੂ ਦੀ ਸਿੱਖਿਆ ਗ੍ਰਹਿਣ ਕਰਕੇ, ਮਨੁੱਖ ਬੜੇ ਪਿਆਰ ਨਾਲ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਅਤੇ ਫਿਰ ਉਹ ਮੌਤ ਦੇ ਖਿਆਲ ਅਤੇ ਇਸ ਦੀ ਸੱਚਾਈ ਬਾਰੇ ਵੀ ਕੋਈ ਪ੍ਰਵਾਹ ਨਹੀਂ ਕਰਦਾ। ਪ੍ਰਮਾਤਮਾ ਨੂੰ ਕਿਸੇ ਵੀ ਪ੍ਰਕਾਰ ਨਾਲ ਘੇਰ ਕੇ ਨਹੀਂ ਰੱਖਿਆ ਜਾ ਸਕਦਾ। ਮਨੁੱਖ ਕੇਵਲ ਗੱਲਾਂ ਜਾਂ ਭਾਸ਼ਣ ਨਾਲ ਉਸ ਨੂੰ (ਪ੍ਰਮਾਤਮਾ)

ਨੂੰ ਪ੍ਰਾਪਤ ਨਹੀਂ ਕਰ ਸਕਦਾ। ਪ੍ਰਮਾਤਮਾ ਨੂੰ ਪਾਉਣ ਲਈ ਅਤੇ ਮੌਤ ਦੇ ਡਰ ਤੋਂ ਬਚਣ ਲਈ, ਮਨੁੱਖ ਨੂੰ, ਪ੍ਰਮਾਤਮਾ ਬਾਰੇ, ਗੁਰੂ ਦੀ ਸਿੱਖਿਆ ਦੁਆਰਾ, ਆਪਣੀ ਜਾਗਰੁਕਤਾ ਪੈਦਾ ਕਰਨੀ ਚਾਹੀਦੀ ਹੈ।

ਉਹ ਮਨੁੱਖ ਜੋ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ, ਉਹ ਇਸ ਸੰਸਾਰ ਵਿਚ ਪਹਿਲਾਂ ਹੀ ਪ੍ਰਮਾਤਮਾ ਤੋਂ ਇਹ ਬਖ਼ਸ਼ਿਸ਼ ਲੈ ਕੇ ਆਉਂਦਾ ਹੈ ਕਿ ਉਹ (ਮਨੁੱਖ), ਉਸ (ਪ੍ਰਮਾਤਮਾ) ਦਾ ਨਾਮ ਸਿਮਰੇਗਾ। ਅਜਿਹਾ ਮਨੁੱਖ, ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਸਿਮਰਦਾ ਹੈ ਅਤੇ ਉਸ ਦੁਆਰਾ ਆਦਰ (ਦਰਗਾਹ ਵਿਚ) ਵੀ ਪਾਉਂਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਉਸ ਸਤਿਗੁਰੂ ਨੂੰ ਮਿਲਦਾ ਹੈ, ਜਿਸ ਦੇ ਹਿਰਦੇ ਵਿਚ ਪ੍ਰਮਾਤਮਾ ਵੱਸਦਾ ਹੈ। ਉਹ ਮਨੁੱਖ ਗੁਰੂ ਤੋਂ ਸਿੱਖਿਆ ਲੈਂਦਾ ਹੈ ਅਤੇ ਉਸ ਨੂੰ (ਪ੍ਰਮਾਤਮਾ ਨੂੰ) ਲੱਭ ਲੈਂਦਾ ਹੈ ਜੋ ਲਾਲਚ ਤੋਂ ਪੂਰੀ ਤਰ੍ਹਾਂ ਅਜ਼ਾਦ ਹੈ।

ਗੁਰੂ ਦਾ ਸਿੱਖ, ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ ਦੀ ਗੁਰੂ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ। ਗੁਰੂ ਦੀ ਸਿੱਖਿਆ ਦੇ ਸੱਚੇ ਬਚਨ, ਸਿੱਖ ਨੂੰ ਉਹਨਾਂ ਸਾਰੀਆਂ ਆਸਾਂ ਅਤੇ ਖਾਹਿਸ਼ਾਂ ਨੂੰ ਜੋ ਕਿ ਮਨੁੱਖ ਨੂੰ ਆਰਜ਼ੀ ਅਤੇ ਭਰਮ ਭੁਲੇਖਿਆਂ ਵਿਚ ਉਲਝਾਈ ਰੱਖਦੀਆਂ ਹਨ, ਉਤੇ ਕਾਬੂ ਪਾਉਣਾ ਸਿਖਾਉਂਦੀਆਂ ਹਨ। ਇਹ ਵੀ ਪ੍ਰਮਾਤਮਾ ਦੀ ਹੀ ਮਿਹਰ ਹੁੰਦੀ ਹੈ ਕਿ ਮਨੁੱਖ ਉਹ ਸਿੱਖਿਆ ਪ੍ਰਾਪਤ ਕਰਦਾ ਹੈ ਜਿਸ ਨਾਲ ਉਹ ਹਰ ਪੱਖੋਂ ਸਰਬ-ਗੁਣ ਸੰਪੰਨ ਅਤੇ ਪਵਿੱਤਰ ਪ੍ਰਮਾਤਮਾ ਬਾਰੇ ਜਾਣਦਾ ਹੈ।

ਮੋਹ ਅਤੇ ਭਰਮ ਭੁਲੇਖਿਆਂ ਦੀ ਉਲਝਣ ਤੋਂ ਬਚਣ ਲਈ ਸਿਰਫ ਗੱਲਾਂ ਅਤੇ ਨਾ ਖ਼ਤਮ ਹੋਣ ਵਾਲੇ ਵਿਚਾਰ-ਵਟਾਂਦਰੇ ਹੀ ਕਾਫੀ ਨਹੀਂ ਹਨ। ਨਾ ਹੀ ਕੋਈ ਜ਼ਿਆਦਾ ਭਾਰੇ ਸਾਹਿਤਾਂ ਬਾਰੇ ਜਾਣਕਾਰੀ ਕਿਸੇ ਕੰਮ ਆਉਂਦੀ ਹੈ, ਹਿੰਦੂ ਧਰਮ ਮੁਤਾਬਿਕ ਧਾਰਮਿਕ ਰਿਵਾਜ਼ ਅਨੁਸਾਰ ਸਰੀਰ ਦੀ ਸ਼ੁੱਧੀ ਵੀ ਮਨੁੱਖ ਨੂੰ ਪ੍ਰਮਾਤਮਾ ਨਾਲ ਸਾਂਝ ਪੈਦਾ ਕਰਨ ਦੇ ਯੋਗ ਨਹੀਂ ਬਣਾਉਂਦੀ। ਪ੍ਰਮਾਤਮਾ ਪੂਰੀ ਸ਼ਰਧਾ ਨਾਲ ਸਿਮਰ ਕੇ ਪਾਇਆ ਜਾਂਦਾ ਹੈ। ਜੇ ਪ੍ਰਮਾਤਮਾ ਮਨੁੱਖ ਉਤੇ ਸਤਿਗੁਰੂ ਨਾਲ ਮਿਲਣ ਦੀ ਮਿਹਰ ਕਰੇ, ਤਾਂ ਫਿਰ ਮਨੁੱਖ ਪ੍ਰਮਾਤਮਾ ਦੇ ਪਿਆਰ ਵਿਚ ਲੀਨ ਹੋ ਜਾਂਦਾ ਹੈ।

ਉਪਦੇਸ਼ ਨੰਬਰ 81

ਸਤਿਗੁਰੂ ਦੀ ਸਿੱਖਿਆ ਦੀ ਪੂਰੀ ਸਮਝ ਹੀ, ਮਨੁੱਖ ਨੂੰ ਉਸ ਪ੍ਰਮਾਤਮਾ ਨਾਲ ਮਿਲਾਉਂਦੀ ਹੈ, ਜੋ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ

ਸੱਚਾ ਗੁਰੂ, ਪ੍ਰਮਾਤਮਾ ਬਾਰੇ ਸਿੱਖਿਆ ਦਿੰਦਾ ਹੈ। ਜੇ ਵਿਦਿਆਰਥੀ, ਗੁਰੂ ਦੀਆਂ ਸਿੱਖਿਆਵਾਂ ਨੂੰ ਗਹਿਰਾਈ ਨਾਲ ਸਮਝ ਲਏ, ਤਾਂ ਫਿਰ ਯਕੀਨਨ ਹੀ, ਉਹ, ਉਸ ਪ੍ਰਮਾਤਮਾ

ਨੂੰ ਪਾ ਲੈਂਦਾ ਹੈ, ਜੋ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ। ਮਨੁੱਖ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਕਿਉਂਕਿ ਗੁਰੂ ਦੀ ਸਿੱਖਿਆ ਨਾਲ ਪ੍ਰਾਪਤ ਕੀਤਾ ਗਿਆਨ, ਉਹ ਸਾਰੇ ਲੱਛਣ ਖ਼ਤਮ ਕਰ ਦਿੰਦਾ ਹੈ, ਜੋ ਉਸ ਦੀ ਮੁਕਤੀ ਦੇ ਰਸਤੇ ਵਿਚ ਰੁਕਾਵਟ ਬਣਦੇ ਹਨ।

ਸੱਚੀ ਸਿੱਖਿਆ, ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ, ਸਿਰਫ ਗੁਰੂ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਦੁਆਰਾ ਦਿੱਤਾ ਗਿਆ, ਇਹ ਵਿਚਾਰ, ਹਿੰਦੂ ਧਰਮ ਦੇ ਕਾਲਪਨਿਕ ਵਿਚਾਰਕ ਵੀ ਮੰਨਦੇ ਹਨ।

ਗੁਰੂ ਦੀ ਸਿੱਖਿਆ, ਮਨੁੱਖ ਨੂੰ ਉਹ ਸੂਝ ਬਖ਼ਸ਼ਦੀ ਹੈ, ਜਿਸ ਨਾਲ ਮਨੁੱਖ ਉਸ ਕਦੀ ਨਾ ਬਿਆਨ ਕੀਤੇ ਜਾ ਸਕਣ ਵਾਲੇ ਪ੍ਰਮਾਤਮਾ ਨਾਲ ਨਜ਼ਦੀਕੀ ਰਿਸ਼ਤਾ ਕਾਇਮ ਕਰਦਾ ਹੈ। ਗੁਰੂ ਦੀ ਸਿੱਖਿਆ ਮਨੁੱਖ ਨੂੰ ਉਂਜ ਹੀ ਆਸਰਾ ਦਿੰਦੀ ਹੈ, ਜਿਵੇਂ ਕਿਸੇ ਲੋੜਵੰਦ ਮਨੁੱਖ ਨੂੰ ਸੂਰਜ ਦੀ ਤਪਦੀ ਗਰਮੀ ਤੋਂ ਬਚਣ ਲਈ ਦਰੱਖਤ ਦੀ ਛਾਂ ਆਸਰਾ ਦਿੰਦੀ ਹੈ। ਗੁਰੂ ਦੀ ਸਿੱਖਿਆ ਬਹੁਤ ਹੀ ਅਨਮੋਲ ਅਤੇ ਖੂਬਸੂਰਤ ਹੀਰਿਆਂ ਦੀ ਭਰੀ ਹੁੰਦੀ ਹੈ।

ਗੁਰੂ ਆਪਣੇ ਸਿੱਖ ਨੂੰ ਅਜਿਹੀ ਸਿੱਖਿਆ ਪ੍ਰਦਾਨ ਕਰਦਾ ਹੈ, ਜਿਸ ਨਾਲ ਉਹ ਆਪਣੇ ਪਵਿੱਤਰ ਪ੍ਰਮਾਤਮਾ ਨੂੰ ਪਿਆਰ ਕਰਨਾ ਸਿੱਖਦਾ ਹੈ। ਫਿਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਮਨੁੱਖ ਪ੍ਰਮਾਤਮਾ ਨੂੰ ਧਿਆਉਣ ਦੇ ਪਿਆਰ ਭਰੇ ਵਪਾਰ ਵਿਚ ਲੱਗ ਜਾਂਦਾ ਹੈ। ਸਤਿਗੁਰੂ ਖ਼ੁਸ਼ੀ ਪ੍ਰਦਾਨ ਕਰਨ ਵਾਲਾ ਅਤੇ ਉਨ੍ਹਾਂ ਨੀਚ ਭਾਵਨਾਵਾਂ ਨੂੰ ਖ਼ਤਮ ਕਰਨ ਵਾਲਾ ਹੈ, ਜਿਹੜੀਆਂ ਕਿਸੇ ਨੂੰ ਨਹੀਂ ਬਖ਼ਸ਼ਦੀਆਂ।

ਨਿਰਾਸ਼ਾਵਾਦੀ ਮਨੁੱਖ ਲਈ ਇਸ ਜੀਵਨ ਦੇ ਸੰਘਰਸ਼ ਬੜੇ ਡਰਾਉਣੇ ਹੋ ਸਕਦੇ ਹਨ। ਇਸ ਸੰਦਰਭ ਵਿਚ, ਮਨੁੱਖ ਇਕ ਅਜਿਹੇ ਵਿਅਕਤੀ ਵਾਂਗ ਹੋ ਜਾਂਦਾ ਹੈ, ਜੋ ਇਕ ਖੁੱਲ੍ਹੇ ਸਮੁੰਦਰ ਵਿਚ ਕਿਸੇ ਬੇੜੀ, ਜਾਂ ਮਲਾਹ ਤੋਂ ਬਗੈਰ ਹੋਵੇ। ਇਹੋ ਜਿਹੀ ਭਿਆਨਕ ਸਥਿਤੀ ਵਿਚ, ਇਕ ਸੱਚਾ ਗੁਰੂ ਹੀ, ਪ੍ਰਮਾਤਮਾ ਦੀ ਮਿਹਰ ਸਦਕਾ, ਮਨੁੱਖ ਨੂੰ ਇਸ ਸੰਘਰਸ਼ ਤੋਂ ਬਚਾਉਣ ਵਾਲਾ ਹੁੰਦਾ ਹੈ।

ਮਨੁੱਖ ਨੂੰ ਪ੍ਰਮਾਤਮਾ ਨਾਲ ਇਹੋ ਜਿਹਾ ਰਿਸ਼ਤਾ ਕਾਇਮ ਕਰਨਾ ਚਾਹੀਦਾ ਹੈ ਕਿ ਉਸ ਤੋਂ ਇਕ ਪਲ ਵੀ ਦੂਰ ਹੋਣ ਤੇ ਉਸ ਦਾ ਮਨ ਦੁਖੀ ਹੋ ਜਾਵੇ। ਪ੍ਰਮਾਤਮਾ ਦੇ ਸ਼ਰਧਾਲੂ ਲਈ, ਪ੍ਰਮਾਤਮਾ ਨਾਲ ਪਿਆਰ ਭਰੀ ਸਾਂਝ ਵਿਚ ਕਮੀ, ਉਸ ਦੀ ਅਸੰਤੁਸ਼ਟੀ ਦਾ ਵੱਡਾ ਕਾਰਣ ਹੁੰਦੀ ਹੈ। ਜੇ ਮਨੁੱਖ ਸਾਰਾ ਜੀਵਨ ਪ੍ਰਮਾਤਮਾ ਤੋਂ ਨਾਤਾ ਤੋੜੀ ਰੱਖਦਾ ਹੈ ਤਾਂ ਫਿਰ ਜਨਮ ਤੋਂ ਬਾਅਦ ਉਸ ਨੂੰ ਬਹੁਤ ਦੁੱਖ ਭੋਗਣੇ ਪੈਂਦੇ ਹਨ। ਇਸ ਜਨਮ ਵਿਚ ਵੀ, ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ, ਮਨੁੱਖ ਕਠਿਨ ਫੈਸਲੇ ਝੇਲਦਾ ਹੈ। ਫਿਰ ਪਛਤਾਉਣ ਦਾ ਵੀ ਕੋਈ ਫਾਇਦਾ ਨਹੀਂ ਹੁੰਦਾ।

ਸੰਸਾਰੀ ਮੋਹ ਅਤੇ ਭਰਮ ਭੁਲੇਖਿਆਂ ਵਿਚ ਪੈ ਕੇ, ਮਨੁੱਖ ਆਪਣਾ ਜੀਵਨ ਬਰਬਾਦ ਕਰਦਾ ਹੈ। ਮਰਨ ਤੋਂ ਬਾਅਦ, ਅਗਲੇ ਜਨਮ ਵਿਚ, ਸਰੀਰ, ਮਾਇਆ ਅਤੇ ਪਤਨੀ ਕੋਈ

ਵੀ ਸਾਥ ਨਹੀਂ ਦਿੰਦਾ। ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ ਮਾਇਆ ਵੀ ਬੇਕਾਰ ਹੈ। ਪ੍ਰਮਾਤਮਾ ਤੋਂ ਵਿਛੜ ਕੇ ਮਾਇਆ ਪਿੱਛੇ ਭੱਜ-ਦੌੜ ਮਨੁੱਖ ਨੂੰ ਕਿਤੇ ਵੀ ਨਹੀਂ ਪਹੁੰਚਾਉਂਦੀ। ਗੁਰੂ ਦਾ ਸਿੱਖ, ਆਪਣੇ ਗੁਰੂ ਦੀ ਸਿੱਖਿਆ ਨਾਲ ਉਸ ਅਕੱਥ ਪ੍ਰਮਾਤਮਾ ਦੇ ਸਿਮਰਨ ਵਿਚ ਜੁੜਿਆ ਰਹਿੰਦਾ ਹੈ।

ਪਿਛਲੇ ਜਨਮ ਦੇ ਕਰਮਾਂ ਕਾਰਣ ਲੋਕਾਈ ਜਨਮ-ਮਰਨ ਦੇ ਚੱਕਰ ਵਿਚ ਫਸੀ ਰਹਿੰਦੀ ਹੈ। ਇਸ ਸੱਚਾਈ ਨੂੰ ਬਦਲਿਆ ਨਹੀਂ ਜਾ ਸਕਦਾ, ਕਿਉਂਕਿ ਇਹ ਪ੍ਰਮਾਤਮਾ ਦਾ ਹੁਕਮ ਹੈ। ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਬਚ ਨਹੀਂ ਸਕਦਾ। ਗੁਰੂ ਦਾ ਸਿੱਖ ਬਣ ਕੇ ਹੀ ਪ੍ਰਮਾਤਮਾ ਦੀ ਬੰਦਗੀ ਦਾ ਅਨੁਭਵ ਕੀਤਾ ਜਾ ਸਕਦਾ ਹੈ।

ਮਨੁੱਖ ਦਾ ਆਪਣਾ ਕੇਵਲ ਪ੍ਰਮਾਤਮਾ ਹੀ ਹੈ। ਉਸ ਨੇ (ਪ੍ਰਮਾਤਮਾ ਨੇ) ਮਨੁੱਖ ਨੂੰ ਜੀਵਨ ਦਾਤ ਦਿੱਤੀ, ਤਾਂ ਹੀ ਮਨੁੱਖ ਇਸ ਸੰਸਾਰ ਵਿਚ ਆਇਆ। ਪ੍ਰਮਾਤਮਾ ਤੋਂ ਵਿਛੋੜੇ ਦਾ ਅਰਥ ਹੈ, ਲਾਲਚ, ਧੋਖੇਬਾਜ਼ੀ ਅਤੇ ਭਰਮ ਭੁਲੇਖਿਆਂ ਵਾਲੇ ਲਗਾਵਾਂ ਨਾਲ ਦੁੱਖ ਸਹਿਣਾ। ਸਹੀ ਗੱਲ ਸਤਿਗੁਰੂ ਤੋਂ ਸਿੱਖਿਆ ਲੈਣੀ ਅਤੇ ਫਿਰ ਅਣਗਿਣਤ ਨੇਕ ਅਤੇ ਲਾਸਾਨੀ ਗੁਣਾਂ ਦੇ ਖ਼ਜ਼ਾਨੇ-ਪ੍ਰਮਾਤਮਾ ਨਾਲ ਸਾਂਝ ਕਾਇਮ ਕਰਨੀ ਹੈ।

ਉਪਦੇਸ਼ ਨੰਬਰ 82

ਪ੍ਰਮਾਤਮਾ ਪ੍ਰਤੀ ਸੱਚਾ ਪਿਆਰ ਸਦੀਵੀ ਹੁੰਦਾ ਹੈ ਅਤੇ ਇਹ ਗੁਰੂ ਦੀ ਸਿੱਖਿਆ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ

ਪ੍ਰਮਾਤਮਾ ਦਾ ਸ਼ਰਧਾਲੂ ਬਣੇ ਬਗੈਰ ਮਨੁੱਖ ਦੁੱਖਾਂ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਹਾਸਿਲ ਨਹੀਂ ਕਰ ਸਕਦਾ। ਗੁਰੂ ਦੀ ਸਿੱਖਿਆ ਪ੍ਰਮਾਤਮਾ ਪ੍ਰਤੀ ਪ੍ਰੇਮ ਪੈਦਾ ਕਰਦੀ ਹੈ। ਪ੍ਰਮਾਤਮਾ, ਗੁਰੂ ਦੇ ਸਿੱਖ ਉੱਤੇ ਆਪਣੇ ਪਿਆਰ ਦੀ ਮਿਹਰ ਕਰਦਾ ਹੈ। ਸਿੱਖ, ਪ੍ਰਮਾਤਮਾ ਤੋਂ, ਦ੍ਰਿੜ੍ਹਤਾ ਨਾਲ ਪੂਜਾ ਕਰਨ ਦੀ ਦਾਤ ਪ੍ਰਾਪਤ ਕਰਦਾ ਹੈ।

ਪ੍ਰਮਾਤਮਾ ਪ੍ਰਤੀ ਸੱਚੇ ਪਿਆਰ ਨੂੰ ਨਾ ਹੀ ਕੋਈ ਹਿਲਾ ਸਕਦਾ ਹੈ ਅਤੇ ਨਾ ਹੀ ਕੋਈ ਛੱਡ ਸਕਦਾ ਹੈ। ਇਹ ਸੰਕਟ ਦੇ ਸਮੇਂ ਵੀ ਕਾਇਮ ਰਹਿੰਦਾ ਹੈ। ਹੇਠ ਲਿਖੇ ਉਦਾਹਰਨ ਇਸ ਸੱਚਾਈ ਦੀ ਵਿਸਥਾਰ ਨਾਲ ਵਿਆਖਿਆ ਕਰਦੇ ਹਨ :

- ਕਮਲ ਦਾ ਬੂਟਾ ਤੇਜ ਲਹਿਰਾਂ ਦੇ ਥਪੇੜੇ ਖਾਂਦਾ ਹੈ, ਪਰ ਉਹ ਫੇਰ ਵੀ ਲਹਿਰਾਂ ਦੇ ਨਾਲ ਖ਼ੁਸ਼ੀ-ਖ਼ੁਸ਼ੀ ਝੂਮਦਾ ਹੈ। ਪਾਣੀ 'ਤੇ ਪਲਣ ਵਾਲੇ ਜੀਵ ਨੂੰ ਪਾਣੀ ਜ਼ਰੂਰੀ ਚਾਹੀਦਾ ਹੈ, ਨਹੀਂ ਤਾਂ ਉਹ ਖ਼ਤਮ ਹੋ ਜਾਵੇਗਾ। ਪਾਣੀ ਵਿਚ ਰਹਿਣ ਵਾਲੇ ਜੀਵ, ਪਾਣੀ ਤੋਂ ਬਿਨਾਂ ਮਰ ਜਾਂਦੇ ਹਨ, ਉਹ ਪਾਣੀ ਤੋਂ ਬਗੈਰ ਜਿੰਦਾ ਨਹੀਂ ਰਹਿ ਸਕਦੇ। ਠੀਕ ਇਸੇ ਤਰ੍ਹਾਂ ਪ੍ਰਮਾਤਮਾ ਦੇ ਬੰਦੇ ਨੂੰ ਪ੍ਰਮਾਤਮਾ ਨੂੰ ਜ਼ਰੂਰ ਪਿਆਰ ਕਰਨਾ ਚਾਹੀਦਾ ਹੈ। ਪ੍ਰਮਾਤਮਾ ਨੂੰ ਦਿਲ ਵਿਚ ਵਸਾਏ ਬਗੈਰ, ਜੀਵਨ ਜਿਉਣ ਦੇ ਕਾਬਿਲ ਨਹੀਂ ਹੁੰਦਾ।

✡ ਮੱਛੀ ਪਾਣੀ ਨੂੰ ਪਿਆਰ ਕਰਦੀ ਹੈ ਅਤੇ ਇਸ ਵਿਚ ਖ਼ੁਸ਼ ਰਹਿੰਦੀ ਹੈ। ਪਾਣੀ ਜਿੰਨਾ ਜ਼ਿਆਦਾ ਹੋਵੇਗਾ, ਮੱਛੀ ਲਈ ਓਨਾ ਹੀ ਚੰਗਾ ਹੋਵੇਗਾ। ਸੱਚਾਈ ਇਹ ਹੈ ਕਿ ਇਹ ਪਾਣੀ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੀ। ਇਸ ਲਈ ਪ੍ਰਮਾਤਮਾ ਇਸ ਨੂੰ ਪਾਣੀ ਪ੍ਰਦਾਨ ਕਰਦਾ ਹੈ ਤਾਂ ਕਿ ਉਹ ਜ਼ਿੰਦਾ ਰਹਿ ਸਕੇ। ਪ੍ਰਮਾਤਮਾ ਦਿਲਾਂ ਦੀਆਂ ਜਾਣਦਾ ਹੈ ਅਤੇ ਉਹ ਉਹਨਾਂ ਨੂੰ ਪੂਰੀਆਂ ਵੀ ਕਰਦਾ ਹੈ। ਪ੍ਰਮਾਤਮਾ ਦਾ ਮਨੁੱਖ ਤੇ ਪ੍ਰਮਾਤਮਾ ਦੇ ਪਿਆਰ ਦੀ ਮਿਹਰ ਹੁੰਦੀ ਹੈ, ਕਿਉਂਕਿ ਉਸ ਦਾ ਦਿਲ ਪ੍ਰਮਾਤਮਾ ਦੇ ਪਿਆਰ ਦੀ ਇੱਛਾ ਰੱਖਦਾ ਹੈ।

✡ ਚਾਤ੍ਰਿਕ ਪੰਛੀ ਬਰਸਾਤ (ਬਾਰਿਸ਼) ਨੂੰ ਪਿਆਰ ਕਰਦਾ ਹੈ, ਕਿਉਂਕਿ ਇਹ (ਬਾਰਿਸ਼), ਉਸ ਇਕ ਬੂੰਦ ਦਾ ਸੋਮਾ ਹੈ, ਜੋ ਉਸ ਦੀ ਪਿਆਸ ਬੁਝਾਏਗਾ। ਭਾਵੇਂ ਉਹ ਬਾਰਿਸ਼ ਬਨਸਪਤੀ ਲਈ ਬਹੁਤ ਹੀ ਉਪਯੋਗੀ ਹੋਵੇ ਜਾਂ ਫਿਰ ਝੀਲਾਂ ਨੂੰ ਭਰ ਦੇਵੇ, ਪਰ ਜੇ ਚਾਤ੍ਰਿਕ ਨੂੰ, ਬਾਰਿਸ਼ ਦੀ ਉਹ, ਉਸ ਦੀ ਚਾਹਤ ਵਾਲੀ ਇਕ ਬੂੰਦ ਨਹੀਂ ਮਿਲਦੀ, ਤਾਂ ਚਾਤ੍ਰਿਕ ਨੂੰ ਉਸ ਨਾਲ ਕੋਈ ਮਤਲਬ ਨਹੀਂ ਹੁੰਦਾ। ਚਾਤ੍ਰਿਕ, ਪ੍ਰਮਾਤਮਾ ਦੀ ਮਿਹਰ ਸਦਕਾ ਹੀ ਪਾਣੀ ਦੀ ਉਹ ਬੂੰਦ ਪ੍ਰਾਪਤ ਕਰਦਾ ਹੈ। ਮਨੁੱਖ ਜੋ ਵੀ ਪ੍ਰਾਪਤ ਕਰਦਾ ਹੈ, ਪ੍ਰਮਾਤਮਾ ਦੀ ਮਿਹਰ ਸਦਕਾ ਹੀ ਕਰਦਾ ਹੈ। ਮਨੁੱਖ ਨੂੰ ਪ੍ਰਮਾਤਮਾ ਦੇ ਮਿੱਥੇ ਅਨੁਸਾਰ ਹੀ ਜੀਉਣਾ ਚਾਹੀਦਾ ਹੈ।

✡ ਦੁੱਧ ਵਿਚਲਾ ਪਾਣੀ ਭਾਫ਼ ਬਣ ਕੇ ਉੱਡ ਜਾਂਦਾ ਹੈ, ਪਰ ਉਹ ਦੁੱਧ ਨੂੰ ਸੜਨ ਨਹੀਂ ਦਿੰਦਾ। ਅਗਰ ਪ੍ਰਮਾਤਮਾ ਚਾਹੇ, ਤਾਂ ਉਹ ਮਨੁੱਖ ਤੇ ਆਪਣੇ ਪਿਆਰ ਦੀ ਮਿਹਰ ਕਰਦਾ ਹੈ ਅਤੇ ਉਸ ਨੂੰ ਉੱਚਾ ਉਠਾਉਂਦਾ ਹੈ। ਜਿਸ ਤਰ੍ਹਾਂ, ਜਦੋਂ ਦੁੱਧ ਉਬਲਦਾ ਹੈ ਅਤੇ ਪਾਣੀ ਕਸ਼ਟ ਸਹਿੰਦਾ ਹੈ, ਠੀਕ ਉਸੇ ਤਰ੍ਹਾਂ ਮਨੁੱਖ ਦਾ ਸਰੀਰ ਭਾਵੇਂ ਜਿੰਨਾ ਮਰਜ਼ੀ ਕਸ਼ਟ ਸਹਿ ਰਿਹਾ ਹੋਵੇ, ਸ਼ਰਧਾਲੂ ਦੇ ਮਨ ਵਿਚ ਪ੍ਰਮਾਤਮਾ ਦੀ ਯਾਦ, ਉਸ ਦਾ ਨਾਮ ਹਮੇਸ਼ਾ ਜਿੰਦਾ ਰਹਿੰਦਾ ਹੈ। ਸਰੀਰ ਭਾਵੇਂ ਖ਼ਤਮ ਹੋ ਜਾਵੇ, ਮਨੁੱਖ ਦੇ ਦਿਲ ਵਿਚ ਪ੍ਰਮਾਤਮਾ ਦੇ ਪਿਆਰ ਦਾ ਦੁੱਧ ਹਮੇਸ਼ਾ ਹੀ ਰਹਿੰਦਾ ਹੈ।

✡ ਚਕਵੀ ਪੰਛੀ ਸੂਰਜ ਨੂੰ ਪਿਆਰ ਕਰਦੀ ਹੈ। ਉਹ ਸੂਰਜ ਅਸਤ (ਡੁਬਣ) ਤੋਂ ਬਾਅਦ ਸੌਂਦੀ ਨਹੀਂ ਹੈ, ਕਿਉਂਕਿ ਉਹ ਸੂਰਜ ਦੀ ਪਹਿਲੀ ਕਿਰਨ ਨਾਲ, ਸੂਰਜ ਨੂੰ ਦੇਖਣ ਦੀ ਇੱਛਾ ਰੱਖਦੀ ਹੈ। ਦਿਨ ਵੇਲੇ ਸੂਰਜ ਦਾ ਪ੍ਰਤੱਖ ਅਨੁਭਵ ਅਤੇ ਸੂਰਜ ਅਸਤ ਹੋਣ ਤੋਂ ਬਾਅਦ, ਸੂਰਜ ਦੀ ਖਾਹਿਸ਼, ਚਕਵੀ ਨੂੰ ਸੂਰਜ ਵੱਲ ਕੇਂਦਰਿਤ ਰੱਖਦੀ ਹੈ। ਚਕਵੀ ਦੇ ਦਿਲ ਵਿਚ, ਸੂਰਜ ਹਮੇਸ਼ਾ ਹੀ ਬਿਰਾਜਮਾਨ ਰਹਿੰਦਾ ਹੈ। ਠੀਕ ਇਸੇ ਤਰ੍ਹਾਂ, ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਹਮੇਸ਼ਾ ਆਪਣੇ ਅੰਗ-ਸੰਗ ਪਾਉਂਦਾ ਹੈ।

ਗੁਰੂ ਦੀ ਸਿੱਖਿਆ ਤੋਂ ਅਨਜਾਣ ਅਤੇ ਅਗਿਆਨੀ ਰਹਿ ਕੇ, ਮਨੁੱਖ ਆਪਣੀ ਪ੍ਰਸ਼ੰਸਾ ਵਿਚ ਲੱਗਾ ਰਹਿੰਦਾ ਹੈ। ਪ੍ਰੰਤੂ ਸੱਚਾਈ ਇਹ ਹੈ ਕਿ ਜੋ ਵੀ ਜ਼ਾਹਿਰ ਹੁੰਦਾ ਹੈ, ਉਹ ਉਸ

(ਪ੍ਰਮਾਤਮਾ) ਦੇ ਹੁਕਮ ਮੁਤਾਬਿਕ ਹੀ ਹੁੰਦਾ ਹੈ। ਪ੍ਰਮਾਤਮਾ ਅਪਰੰਪਾਰ ਹੈ, ਇਸੇ ਕਾਰਣ ਉਸ ਨੂੰ ਕਿਸੇ ਵੀ ਤਰੀਕੇ ਨਾਲ ਪਾਇਆ ਨਹੀਂ ਜਾ ਸਕਦਾ, ਸਿਵਾਏ ਗੁਰੂ ਦੀ ਸਿੱਖਿਆ ਦੇ। ਫਿਰ ਮਨੁੱਖ ਸੱਚੀ ਪ੍ਰਸੰਨਤਾ ਅਤੇ ਸ਼ਾਂਤੀ ਦਾ ਆਨੰਦ ਮਾਣਦਾ ਹੈ।

ਗੁਰੂ ਦਾ ਇਮਾਨਦਾਰ ਵਿਦਿਆਰਥੀ ਬਣ ਕੇ, ਮਨੁੱਖ ਪ੍ਰਮਾਤਮਾ ਦੇ ਸੱਚੇ ਅਤੇ ਸਦੀਵੀ ਪਿਆਰ ਦੀ ਦਾਤ ਹਾਸਿਲ ਕਰਦਾ ਹੈ। ਮਨੁੱਖ, ਗੁਰੂ ਕੋਲੋਂ ਰੱਬੀ ਗਿਆਨ ਪ੍ਰਾਪਤ ਕਰਦਾ ਹੈ ਅਤੇ ਪ੍ਰਮਾਤਮਾ ਦੀ ਰਚਨਾ ਦੇ ਭੇਦਾਂ ਤੋਂ ਜਾਣੂ ਹੁੰਦਾ ਹੈ। ਗੁਰੂ ਦਾ ਸਿੱਖ, ਉਸ ਸੱਚੇ-ਸੁੱਚੇ ਪ੍ਰਮਾਤਮਾ ਦਾ ਨਾਮ ਕਦੀ ਵੀ ਨਹੀਂ ਭੁੱਲਦਾ।

ਜੀਵਨ ਬਹੁਤ ਛੋਟਾ ਹੈ ਅਤੇ ਇਸ ਦਾ ਅੰਤ ਇਕ ਪਲ ਵਿਚ ਵੀ ਆ ਸਕਦਾ ਹੈ। ਹਰ ਕੋਈ, ਪ੍ਰਮਾਤਮਾ ਵੱਲੋਂ ਦਿੱਤੇ ਗਏ (ਸੌਂਪੇ ਗਏ) ਛੋਟੇ ਜਿਹੇ ਕਿਰਦਾਰ ਨਿਭਾ ਰਿਹਾ ਹੈ। ਜੇ ਪ੍ਰਮਾਤਮਾ ਕਿਸੇ ਨੂੰ ਆਪਣਾ ਭਗਤ ਬਣਾਉਣਾ ਚਾਹੁੰਦਾ ਹੈ ਤਾਂ ਫਿਰ ਉਹ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਉਸ ਦਾ ਉਸ ਨਾਲ (ਪ੍ਰਮਾਤਮਾ ਨਾਲ) ਮਿਲਾਪ ਹੁੰਦਾ ਹੈ। ਮਨੁੱਖੀ ਜੀਵਨ ਦੀ ਇਸ ਖੇਡ ਵਿਚ ਉਹੋ ਮਨੁੱਖ ਹੀ ਸਫਲ ਹੁੰਦਾ ਹੈ।

ਗੁਰੂ ਵੱਲੋਂ ਦਰਸਾਏ ਰਸਤੇ ਤੋਂ ਬਿਨਾਂ, ਮਨੁੱਖ ਪ੍ਰਮਾਤਮਾ ਦੇ ਪਿਆਰ ਦਾ ਅਨੁਭਵ ਨਹੀਂ ਕਰ ਸਕਦਾ, ਕਿਉਂਕਿ ਗੁਰੂ ਦੀ ਸਿੱਖਿਆ ਤੋਂ ਬਗੈਰ ਹੰਕਾਰ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਗੁਰੂ ਦੀ ਸਿੱਖਿਆ ਨਾਲ ਹੀ ਮਨੁੱਖ ਜਾਣਦਾ ਹੈ ਕਿ ਪ੍ਰਮਾਤਮਾ ਨਾਲ ਇੱਕ-ਮਿੱਕ ਹੋਣਾ ਕੀ ਹੈ, ਪ੍ਰਮਾਤਮਾ ਨਾਲ ਇਕਸਾਰਤਾ ਕੀ ਹੈ। ਗੁਰੂ ਦੀ ਸਿੱਖਿਆ ਨਾਲ ਗਿਆਨਵਾਨ ਹੋਇਆ ਸ਼ਰਧਾਲੂ ਹੀ ਕੇਵਲ ਆਪਣੇ ਅਸਲੇ (ਅਸਲ) ਦੀ ਪਹਿਚਾਨ ਕਰਦਾ ਹੈ ਜੋ ਪ੍ਰਮਾਤਮਾ ਦੇ ਨਾਲ ਮਿਲਾਪ ਨਾਲ ਪੈਦਾ ਹੁੰਦਾ ਹੈ।

ਗੁਰੂ ਦੀ ਸਿੱਖਿਆ ਨਾਲ, ਮਨੁੱਖ ਦਾ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਨਾਲ ਮਿਲਾਪ ਦੀ ਅਜਿਹੀ ਸਥਿਤੀ ਵਿਚ ਸਿੱਖ, ਪ੍ਰਮਾਤਮਾ ਦੇ ਨਾਲ ਪੂਰੀ ਇਕਸੁਰਤਾ ਵਿਚ ਹੁੰਦਾ ਹੈ। ਗੁਰੂ ਦੀ ਸਿੱਖਿਆ ਤੋਂ ਬਿਨਾਂ, ਇਕ ਨਾਸਤਿਕ ਮਨੁੱਖ ਪ੍ਰਮਾਤਮਾ ਨਾਲ ਮਿਲਾਪ ਨਾ ਹੀ ਕਰਦਾ ਹੈ ਅਤੇ ਨਾ ਹੀ ਮਿਲਾਪ ਦਾ ਰਸਤਾ ਜਾਣ ਸਕਦਾ ਹੈ। ਪ੍ਰਮਾਤਮਾ ਤੋਂ ਵਿੱਛੜ ਕੇ ਅਤੇ ਪ੍ਰਮਾਤਮਾ ਤੋਂ ਅਲੱਗ ਹੋ ਕੇ ਮਨਮੁਖ, ਇਸ ਜਨਮ ਵਿਚ ਅਤੇ ਜਨਮ ਤੋਂ ਬਾਅਦ ਵੀ ਬਹੁਤ ਦੁੱਖ ਭੋਗਦਾ ਹੈ। ਇਕ ਗੁਰਮੁਖ ਲਈ, ਪ੍ਰਮਾਤਮਾ ਦਾ ਸਿਮਰਨ ਹੀ ਇੱਕੋ ਇਕ ਆਸਰਾ ਅਤੇ ਸਰਬੋਤਮ (ਸਭ ਤੋਂ ਵਧੀਆ) ਅਰਮਾਨ ਹੁੰਦਾ ਹੈ।

ਉਪਦੇਸ਼ ਨੰਬਰ 83
ਮਨਮੁਖ ਸਹੀ ਰਸਤੇ ਤੋਂ ਭਟਕਿਆ ਹੁੰਦਾ ਹੈ ਅਤੇ ਬੇ-ਆਸਰਾ ਹੁੰਦਾ ਹੈ

ਜੀਵਨ ਵਿਚ ਸਹੀ ਉਦੇਸ਼ ਨਿਰਧਾਰਿਤ ਕੀਤੇ ਬਗੈਰ, ਮਨੁੱਖ ਭਟਕਦਾ ਰਹਿੰਦਾ ਹੈ।

ਗੁਰੂ ਦੀ ਸਿੱਖਿਆ ਤੋਂ ਬਿਨਾਂ, ਕੋਈ ਵੀ ਮਨੁੱਖ ਸਹੀ ਰਸਤੇ ਦੀ ਖੋਜ ਨਹੀਂ ਕਰ ਸਕਦਾ। ਪ੍ਰਮਾਤਮਾ ਪ੍ਰਤੀ ਅਗਿਆਨਤਾ ਕਾਰਣ ਮਨੁੱਖ ਜਨਮ-ਮਰਨ ਦੇ ਚੱਕਰ ਕਾਰਣ ਦੁੱਖ ਭੋਗਦਾ ਹੈ। ਪ੍ਰਮਾਤਮਾ ਨਾਲ ਮਿਲਾਪ ਦੀ ਸੋਝੀ ਰੱਖਣ ਦਾ ਮੌਕਾ ਗੁਆਚ ਜਾਂਦਾ ਹੈ। ਜੀਵਨ ਦੌਰਾਨ, ਆਰਜ਼ੀ ਅਤੇ ਭਰਮ-ਭੁਲੇਖਿਆਂ ਵਾਲੀਆਂ ਚੀਜ਼ਾਂ ਵਿਚ ਗੁਆਚ ਕੇ ਮਨੁੱਖ ਧੋਖੇ ਦਾ ਸ਼ਿਕਾਰ ਹੁੰਦਾ ਹੈ। ਜੀਵਨ ਤੋਂ ਬਾਅਦ ਕੁੱਛ ਵੀ ਕੰਮ ਦਾ ਹਾਸਿਲ ਨਹੀਂ ਹੁੰਦਾ।

''ਆਰਜ਼ੀ ਅਤੇ ਭ੍ਰਮਿਤ ਕਰਨ ਵਾਲੀਆਂ ਚੀਜ਼ਾਂ'' ਬਹੁਤ ਵੱਡਾ ਧੋਖਾ ਹਨ। ਧੋਖੇ ਦੀ ਹਾਲਤ ਵਿਚ ਮਨੁੱਖ ਨਾਸਤਿਕ ਰਹਿੰਦਾ ਹੈ। ਪ੍ਰਮਾਤਮਾ ਨਾਲ ਮਿਲਾਪ ਦਾ ਰਸਤਾ ਗੁਆਚ ਜਾਂਦਾ ਹੈ। ਧੋਖਾ ਖਾਣ ਦੀ ਹਾਲਤ ਵਿਚ, ਮਨੁੱਖ ਪ੍ਰਮਾਤਮਾ ਦੀ ਭਾਲ ਫ਼ਜ਼ੂਲ ਤਰੀਕਿਆਂ ਨਾਲ ਕਰਦਾ ਹੈ। ਮਨੁੱਖ ਭਾਵੇਂ ਦੂਰ-ਦੂਰ ਯਾਤਰਾਵਾਂ ਕਰੇ, ਭਾਵੇਂ ਇਕ ਘਰੇਲੂ ਮਨੁੱਖ ਵਾਲੀ ਜ਼ਿੰਦਗੀ ਦਾ ਤਿਆਗ ਕਰ ਦੇਵੇ, ਮਨੁੱਖ ਭਾਵੇਂ ਪਹਾੜਾਂ ਦੀਆਂ ਚੋਟੀਆਂ 'ਤੇ ਚਲਾ ਜਾਵੇ, ਇਹਨਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਨ ਧੋਖੇ ਤੋਂ ਨਹੀਂ ਬਚਦਾ ਅਤੇ ਨਾ ਹੀ ਉਸ ਨੂੰ ਕੋਈ ਸਥਾਈ ਆਸਰਾ ਮਿਲਦਾ ਹੈ। ਮਨੁੱਖ ਦਾ ਆਪਣੇ ਅਹੰਕਾਰ 'ਤੇ ਵੀ ਕੋਈ ਕਾਬੂ ਨਹੀਂ ਰਹਿੰਦਾ ਅਤੇ ਉਹ ਹਮੇਸ਼ਾ ਹੀ ਅਸੰਤੁਸ਼ਟ ਰਹਿੰਦਾ ਹੈ। ਇਹ ਵੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ।

ਗੁਰੂ ਦੀ ਸਿੱਖਿਆ, ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ। ਇਹ ਸਿੱਖਿਆ ਮਨੁੱਖ ਦਾ ਮਨ ਪ੍ਰਮਾਤਮਾ ਨਾਲ ਜੋੜਦੀ ਹੈ ਅਤੇ ਜਦੋਂ ਮਨੁੱਖ ਇਸ ਸਿੱਖਿਆ 'ਤੇ ਅਮਲ ਕਰਦਾ ਹੈ ਤਾਂ ਫਿਰ ਪ੍ਰਮਾਤਮਾ ਉਸ ਨੂੰ ਅਨੋਖੀ ਪ੍ਰਸੰਨਤਾ ਦੀ ਦਾਤ ਬਖ਼ਸ਼ਦਾ ਹੈ। ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਲੈਣ ਤੇ ਮਨ ਵਿਚ ਵੱਡੀ ਪ੍ਰਾਪਤੀ ਦਾ ਅਹਿਸਾਸ ਹੁੰਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਮਨੁੱਖ ਸੰਤੁਸ਼ਟੀ ਦਾ ਆਨੰਦ ਮਾਣਦਾ ਹੈ। ਫਿਰ ਮਨੁੱਖ, ਆਪਣੇ ਉਸ ਪਤੀ ਰੂਪੀ ਪਰਮੇਸ਼ਵਰ ਤੋਂ ਜੋ ਵੀ ਮਿਲਦਾ ਹੈ, ਉਸ ਨੂੰ, ਉਸ ਦਾ (ਪ੍ਰਮਾਤਮਾ ਦਾ) ਹੁਕਮ ਮੰਨ ਕੇ ਸਵੀਕਾਰ ਕਰਦਾ ਜਾਂਦਾ ਹੈ।

ਇਕ ਵਿਦਵਾਨ ਬਣ ਕੇ ਜਾਂ ਕਿਸੇ ਮੱਤ ਦਾ ਅਨੁਯਾਈ ਬਣ ਕੇ, ਮਨੁੱਖ ਆਪਣੇ ਅਹੰਕਾਰ ਨੂੰ ਹਵਾ ਦਿੰਦਾ ਹੈ। ਪਵਿੱਤਰ ਮੰਨੇ ਜਾਂਦੇ ਸਥਾਨਾਂ 'ਤੇ ਜਾ ਕੇ, ਧਾਰਮਿਕ ਇਸ਼ਨਾਨ ਕਰਕੇ ਕੁੱਛ ਵੀ ਹਾਸਿਲ ਨਹੀਂ ਹੁੰਦਾ, ਕਿਉਂਕਿ ਦਿਮਾਗ ਵਿਚ ਅਹੰਕਾਰ ਸਥਿਤ ਹੈ। ਅਜਿਹੇ ਇਸ਼ਨਾਨਾਂ ਨਾਲ ਅਹੰਕਾਰ ਦੀ ਗੰਦਗੀ ਨਹੀਂ ਧੋਤੀ ਜਾਂਦੀ। ਮਨ ਨੂੰ ਇਹੋ ਜਿਹੇ ਕਰਮ-ਕਾਂਡਾਂ ਨਾਲ ਜਿੱਤਿਆ ਨਹੀਂ ਜਾ ਸਕਦਾ। ਮਨ ਨੂੰ ਰੁਸ਼ਨਾਉਣ ਦਾ ਇੱਕੋ ਇਕ ਤਰੀਕਾ ਗੁਰੂ ਦੀ ਸਿੱਖਿਆ 'ਤੇ ਅਮਲ ਕਰਨਾ ਹੈ।

ਗੁਰੂ ਦੀ ਸਿੱਖਿਆ ਨਾਲ ਮਨੁੱਖ ਪ੍ਰਮਾਤਮਾ ਦਾ ਪਿਆਰ ਪਾਉਂਦਾ ਹੈ। ਇਸ ਤਰ੍ਹਾਂ ਹੰਕਾਰ ਖ਼ਤਮ ਹੋ ਜਾਂਦਾ ਹੈ। ਫੇਰ ਮਨੁੱਖ ਨੂੰ ਆਪਣੇ ਪ੍ਰੀਤਮ ਪਿਆਰੇ ਪ੍ਰਮਾਤਮਾ ਦੀ ਖੋਜ ਲਈ ਕੋਈ ਹੋਰ ਜਤਨ ਨਹੀਂ ਕਰਨੇ ਪੈਂਦੇ। ਉਸ ਬੇਅੰਤ ਪ੍ਰਮਾਤਮਾ ਨੂੰ ਸਿਰਫ਼ ਗੁਰੂ ਦੀ

ਸਿੱਖਿਆ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜੋ ਗੁਰੂ ਦੀ ਸਿੱਖਿਆ ਨਾਲ ਹੀ ਮਨੁੱਖ ਦੇ ਮਨ ਵਿਚ ਉਤਪੰਨ ਹੁੰਦੀ ਹੈ।

ਗੁਰੂ ਦੀ ਸਿੱਖਿਆ 'ਤੇ ਅਮਲ ਕਰਕੇ, ਉਸ ਸਿੱਖਿਆ ਮੁਤਾਬਿਕ ਜੀਵਨ ਜੀ ਕੇ, ਮਨੁੱਖ ਦਾ ਮਨ ਅਤੇ ਆਤਮਾ ਪਵਿੱਤਰ ਹੋ ਜਾਂਦੀ ਹੈ ਅਤੇ ਇੰਜ ਉਹ ਪ੍ਰਸੰਨਤਾ ਅਤੇ ਸ਼ਾਂਤੀ ਦਾ ਅਨੁਭਵ ਕਰਦਾ ਹੈ। ਅਹੰਕਾਰ ਸਮਾਪਤ ਹੋ ਜਾਂਦਾ ਹੈ। ਪ੍ਰਮਾਤਮਾ ਦਾ ਨਾਮ ਮਨ ਵਿਚ ਵਸਾ ਕੇ ਮਨੁੱਖ ਬੇਅੰਤ ਲਾਭ ਹਾਸਿਲ ਕਰਦਾ ਹੈ।

ਪ੍ਰਮਾਤਮਾ ਦੀ ਮਿਹਰ ਨਾਲ ਹੀ, ਉਸ ਨੂੰ ਪਿਆਰ ਕੀਤਾ ਜਾ ਸਕਦਾ ਹੈ। ਸਿਰਫ਼ ਚਾਹੁਣ ਨਾਲ ਹੀ ਇਸ ਪਿਆਰ ਨੂੰ ਪਾਇਆ ਨਹੀਂ ਜਾ ਸਕਦਾ। ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਗੁਰੂ ਕੋਲੋਂ ਨਿਮਰਤਾ ਵਿਚ ਰਹਿਣਾ ਸਿੱਖਦਾ ਹੈ। ਪ੍ਰਮਾਤਮਾ ਨੂੰ ਪਾਉਣਾ ਵੀ ਉਸ ਨੂੰ ਬਹੁਤ ਜ਼ਿਆਦਾ ਪਿਆਰ ਕਰਨਾ ਹੈ।

ਪ੍ਰਮਾਤਮਾ ਅਤੇ ਗੁਰੂ ਤੋਂ ਬਿਨਾਂ ਕੋਈ ਵੀ ਮਨੁੱਖ ਅਭੁੱਲ ਨਹੀਂ ਹੈ। ਗੁਰੂ ਦੀ ਸਿੱਖਿਆ ਨਾਲ ਹੀ ਮਨ ਦੇ ਵਿਚ ਚੰਗੇ ਲਈ ਤਬਦੀਲੀ ਆਉਂਦੀ ਹੈ ਅਤੇ ਫਿਰ ਮਨੁੱਖ ਪ੍ਰਮਾਤਮਾ ਨੂੰ ਪਿਆਰ ਨਾਲ ਸਿਮਰਦਾ ਹੁੰਦਾ ਹੈ। ਗੁਰੂ ਦੀ ਸਿੱਖਿਆ, ਉਸ ਬੇਅੰਤ ਪ੍ਰਮਾਤਮਾ ਨਾਲ ਕਦੀ ਨਾ ਟੁੱਟਣ ਵਾਲਾ ਨਾਤਾ ਕਾਇਮ ਕਰ ਦਿੰਦੀ ਹੈ।

ਉਪਦੇਸ਼ ਨੰਬਰ 84
ਸਤਿਗੁਰੂ ਦੇ ਸਿੱਖਾਂ ਨੂੰ ਛੱਡ ਕੇ ਬਾਕੀ ਸਾਰੇ ਹੀ ਦਲਦਲ ਵਿਚ ਫਸੇ ਹੋਏ ਹਨ

ਅਸੰਤੋਸ਼, ਮੋਹ, ਪ੍ਰਲੋਭਨ, ਲਾਲਚ ਵਰਗੀਆਂ ਸ਼ਕਤੀਸ਼ਾਲੀ ਭਾਵਨਾਵਾਂ ਦਾ ਹਰੇਕ ਮਨੁੱਖ ਉਤੇ ਪ੍ਰਭਾਵ ਹੁੰਦਾ ਹੈ। ਹਰ ਬੰਦਾ ਆਪਣੇ ਬੱਚਿਆਂ, ਰਿਸ਼ਤੇਦਾਰਾਂ, ਆਪਣੇ ਘਰ-ਪਰਿਵਾਰ ਅਤੇ ਪਤਨੀ ਨਾਲ ਲਗਾਓ ਰੱਖਦਾ ਹੈ। ਹਰੇਕ ਬੰਦਾ ਜੁਆਨੀ ਅਤੇ ਮਾਇਆ ਦਾ ਪੂਜਾਰੀ ਹੈ। ਇਹ ਸਾਰੇ, ਬਾਕੀਆਂ ਨੂੰ ਵੀ ਇਸ ਗਿਰੇ ਹੋਏ, ਨੀਚ ਵਿਵਹਾਰ ਵੱਲ ਧਕੇਲਣ ਦੀ ਸਮਰੱਥਾ ਰੱਖਦੇ ਹਨ।

ਗੁਰੂ ਦਾ ਸਿੱਖ, ਪ੍ਰਮਾਤਮਾ ਤੋਂ ਇਲਾਵਾ, ਹੋਰ ਕਿਸੇ ਚੀਜ਼ ਦੀ ਤਮੰਨਾ ਨਹੀਂ ਰੱਖਦਾ। ਉਸ ਸਿੱਖ ਨੂੰ ਕਿਸੇ ਹੋਰ ਚੀਜ਼ ਨਾਲ ਆਨੰਦ ਪ੍ਰਾਪਤ ਨਹੀਂ ਹੁੰਦਾ, ਜੇ ਮਨੁੱਖ ਪ੍ਰਮਾਤਮਾ ਨੂੰ ਸਿਮਰਦਾ ਹੈ ਤਾਂ ਉਹ ਜੀਵਨ ਵਿਚ ਪ੍ਰਸੰਨਤਾ ਅਤੇ ਸ਼ਾਂਤੀ ਪ੍ਰਾਪਤ ਕਰਦਾ ਹੈ। ਫਿਰ ਦੁਨਿਆਵੀ ਸੰਬੰਧ, ਉਸ ਨੂੰ ਮਾੜੇ-ਵਿਵਹਾਰਾਂ ਵੱਲ ਨਹੀਂ ਧਕੇਲਦੇ।

ਗੁਰੂ ਦੇ ਉਪਦੇਸ਼ਾਂ 'ਤੇ ਚੱਲ ਕੇ, ਸਿਰਫ ਸ਼ਬਦਾਂ ਨਾਲ ਨਹੀਂ, ਬਲਕਿ ਦਿਲੀ ਪਿਆਰ ਨਾਲ, ਪ੍ਰਮਾਤਮਾ ਦਾ ਸਿਮਰਨ ਕਰਕੇ, ਮਨੁੱਖ ਸੰਤੋਖ ਭਰਿਆ ਜੀਵਨ ਬਤੀਤ ਕਰਦਾ ਹੈ। ਫਿਰ ਮਨੁੱਖ ਆਪਣੀ ਕੀਮਤੀ ਜ਼ਿੰਦਗੀ ਝੂਠ ਦੇ ਮਗਰ ਲੱਗ ਕੇ ਬਰਬਾਦ ਨਹੀਂ ਕਰਦਾ,

ਕਿਉਂਕਿ ਇਸ ਸੰਸਾਰ ਵਿਚ ਹਰੇਕ ਚੀਜ਼ ਅਤੇ ਹਰੇਕ ਮਨੁੱਖ ਥੋੜ੍ਹੇ ਸਮੇਂ ਲਈ ਹੈ। ਹਰੇਕ ਮੌਤ ਤੱਕ ਦਾ ਸਫਰ ਤਹਿ ਕਰਦਾ ਹੈ।

ਸੰਸਾਰ ਵਿਚ ਅਨੇਕਾਂ ਧਰਮ ਹਨ, ਪ੍ਰੰਤੂ ਕੋਈ ਵੀ ਪ੍ਰਮਾਤਮਾ ਦੀ ਖੋਜ ਵਿਚ ਸਹਾਇਕ ਨਹੀਂ ਹੁੰਦਾ। ਸਿਰਫ ਸਤਿਗੁਰੂ ਹੀ ਐਸਾ ਹੈ, ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦਾ ਹੈ। ਪ੍ਰਮਾਤਮਾ ਦੇ ਨਾਮ ਦੀ ਦਾਤ ਪ੍ਰਾਪਤ ਕਰਕੇ, ਮਨੁੱਖ ਉਸ ਸੱਚੇ ਅਤੇ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਸਿਮਰਦਾ ਹੈ ਅਤੇ ਇਸ ਤਰ੍ਹਾਂ ਪ੍ਰਮਾਤਮਾ ਵੱਲੋਂ ਆਦਰ (ਦਰਗਾਹ ਵਿਚ) ਪਾਉਂਦਾ ਹੈ। ਦੂਸਰਿਆਂ ਵੱਲ, ਉਹਨਾਂ ਦੇ ਬੁਰੇ ਜਾਂ ਅਯੋਗ ਹੋਣ ਤੇ ਉਂਗਲ ਉਠਾਉਣਾ ਗਲਤ ਹੈ। ਚੰਗਾ ਅਤੇ ਯੋਗ ਉਹੋ ਹੀ ਹੈ, ਜਿਸ ਨੂੰ ਪ੍ਰਮਾਤਮਾ ਦਾ ਪਿਆਰ ਹਾਸਿਲ ਹੈ।

ਗੁਰੂ ਦਾ ਸਿੱਖ ਮੁਕਤੀ ਪ੍ਰਾਪਤ ਕਰਦਾ ਹੈ। ਨਾਸਤਿਕ ਅਤੇ ਮਨਮੁਖ ਲੋਕ ਸਿਰਫ਼ ਝੂਠ ਹੀ ਇਕੱਤਰ (ਇਕੱਠਾ) ਕਰਦੇ ਹਨ। ਮਨੁੱਖ ਨੂੰ ਗੁਰੂ ਦੇ ਉਪਦੇਸ਼ਾਂ ਪ੍ਰਤੀ ਵਫ਼ਾਦਾਰੀ ਦਿਖਾ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਪ੍ਰਸੰਨਤਾ ਹਾਸਿਲ ਕਰਨੀ ਚਾਹੀਦੀ ਹੈ। ਪ੍ਰਮਾਤਮਾ ਜਾਣਦਾ ਹੈ ਕਿ ਕੌਣ ਉਸ ਨੂੰ ਸੱਚਾ ਪਿਆਰ ਕਰਦਾ ਹੈ। ਪ੍ਰਮਾਤਮਾ ਅਜਿਹੇ ਮਨੁੱਖ ਦਾ ਆਦਰ ਕਰਦਾ ਹੈ।

ਪ੍ਰਮਾਤਮਾ ਦੀ ਮਹਾਨਤਾ ਦਾ ਕੋਈ ਸਾਨੀ ਨਹੀਂ ਹੈ। ਕੋਈ ਉਸ ਦੀ ਮਹਾਨਤਾ ਨੂੰ ਮਾਪ ਨਹੀਂ ਸਕਦਾ। ਸਿਰਫ਼ ਸ਼ਬਦਾਂ ਨਾਲ ਹੀ ਮਨੁੱਖ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਪ੍ਰਮਾਤਮਾ ਇਕ ਮਨ ਨਾਲ ਨਾਮ ਸਿਮਰ ਕੇ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਸਿਮਰਨ-ਭਗਤੀ ਨੂੰ ਅਹਿਮੀਅਤ ਦਿੰਦਾ ਹੈ। ਗੁਰੂ ਦੀ ਸਿੱਖਿਆ ਦੁਆਰਾ ਪ੍ਰਾਪਤ ਸ਼ਿਸ਼ਟਾਚਾਰ ਮਨੁੱਖ ਨੂੰ ਉਸ ਦੀ ਪੂਜਾ ਦੇ ਕਾਬਿਲ ਬਣਾਉਂਦਾ ਹੈ। ਇਹ ਪੂਜਾ, ਸਿਰਫ਼ ਗੁਰੂ ਦੀ ਰਹਿਨੁਮਾਈ ਨਾਲ ਹੀ ਸੰਭਵ ਹੈ।

ਉਹ ਮਨੁੱਖ, ਜੋ ਪ੍ਰਮਾਤਮਾ ਦੇ ਪਿਆਰ ਤੋਂ ਸੱਖਣਾ ਹੈ, ਝੂਠੇ ਅਹੰਕਾਰ ਕਾਰਣ ਦੁੱਖ ਭੋਗਦਾ ਹੈ। ਗੁਰੂ ਤੋਂ ਸਿੱਖਿਆ ਲਏ ਬਗੈਰ, ਪ੍ਰਮਾਤਮਾ ਅਤੇ ਉਸ ਦੇ ਰੱਬੀ ਗੁਣਾਂ ਬਾਰੇ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਮਨੁੱਖ ਨਾਸਤਿਕ ਤਰੀਕਿਆਂ ਵਿਚ ਉਲਝਿਆ ਰਹਿੰਦਾ ਹੈ ਅਤੇ ਇੰਜ ਦੁੱਖ ਭੋਗਦਾ ਹੈ। ਮਨੁੱਖ ਆਰਜ਼ੀ ਅਤੇ ਭਰਮਾਉ ਆਕਰਸ਼ਣਾਂ ਵਿਚ ਫਜ਼ੂਲ ਹੀ ਜੁੜਿਆ ਰਹਿੰਦਾ ਹੈ।

ਅਸੰਤੋਸ਼ ਜਨਮ ਤੋਂ ਲੈ ਕੇ ਮਰਨ ਤੱਕ ਮਨੁੱਖ ਉਤੇ ਹਾਵੀ ਰਹਿੰਦਾ ਹੈ। ਅਸੰਤੋਸ਼ ਹਾਲਤ ਵਿਚ ਮਨੁੱਖ ਬਹੁਤ ਜ਼ਿਆਦਾ ਪ੍ਰਸੰਨਤਾਵਾਂ ਅਤੇ ਪ੍ਰਾਪਤੀਆਂ ਲੱਭਦਾ ਰਹਿੰਦਾ ਹੈ। ਅਸੰਤੋਸ਼ ਦੀ ਜ਼ੰਜੀਰ ਵਿਚ ਬੱਝਾ ਮਨੁੱਖ ਦੁੱਖ ਭੋਗਦਾ ਹੈ। ਮਨੁੱਖ ਚੰਗੀਆਂ ਆਦਤਾਂ ਅਪਨਾਉਣ ਅਤੇ ਚੰਗੇ ਕਰਮ ਕਰਨ ਵਿਚ ਅਸਫਲ ਰਹਿੰਦਾ ਹੈ। ਬਾਹਰੀ ਦਿਖਾਵਾ ਵੀ ਬੇਅੰਤ ਦੁੱਖਾਂ ਦਾ ਕਾਰਣ ਬਣਦਾ ਹੈ। ਇਸ ਸਾਰੀ ਸਥਿਤੀ ਵਿਚੋਂ ਬਾਹਰ ਨਿਕਲਣ ਦਾ ਸਿਰਫ਼ ਇੱਕੋ ਇਕ

ਤਰੀਕਾ, ਪ੍ਰਮਾਤਮਾ ਦਾ ਨਾਮ ਸਿਮਰਨਾ ਹੈ।

ਪ੍ਰਮਾਤਮਾ ਹਰ ਥਾਂ 'ਤੇ ਹਾਜ਼ਰ ਹੈ। ਗੁਰੂ ਦਾ ਸਿੱਖ, ਉਸੇ ਵਿਚ ਸੰਤੁਸ਼ਟ ਰਹਿੰਦਾ ਹੈ, ਜੋ ਉਸ ਨੂੰ ਪ੍ਰਮਾਤਮਾ ਤੋਂ ਮਿਲਿਆ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ, ਉਸ ਸ਼ਰਧਾਲੂ ਦੇ ਮਨ ਵਿਚ ਵਾਸ ਕਰਦਾ ਹੈ। ਪ੍ਰਮਾਤਮਾ ਦਾ ਭਗਤ, ਇਹ ਦਾਤ, ਗੁਰੂ ਦਾ ਸਿੱਖ ਬਣ ਕੇ ਪ੍ਰਾਪਤ ਕਰਦਾ ਹੈ। ਸੱਚਾ ਸਨਮਾਨ ਗੁਰੂ ਪ੍ਰਤੀ ਸਮਰਪਣ ਹੈ।

ਆਤਮ-ਸ਼ਲਾਘਾ, ਹਉਮੈ ਤੇ ਉੱਚੇ ਰੁਤਬੇ ਦੀ ਬੀਮਾਰੀ ਹੀ ਪ੍ਰਮਾਤਮਾ ਤੋਂ ਵਿਛੋੜੇ ਦਾ ਵੱਡਾ ਕਾਰਣ ਹੈ ਅਤੇ ਲਗਾਤਾਰ ਦੁੱਖਾਂ ਦਾ ਕਾਰਣ ਹੈ। ਗੁਰੂ ਦੀ ਸਿੱਖਿਆ ਨਾਲ ਹੀ ਇਸ ਬੀਮਾਰੀ ਦਾ ਇਲਾਜ ਸੰਭਵ ਹੈ। ਗੁਰੂ ਦੀ ਸਿੱਖਿਆ, ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ। ਫਿਰ ਮਨੁੱਖ, ਪ੍ਰਮਾਤਮਾ ਦੀ ਪੂਜਾ-ਭਗਤੀ ਅਤੇ ਉਸ ਦੀ ਪ੍ਰਸ਼ੰਸਾ ਵਿਚ ਜੁੜਿਆ ਰਹਿੰਦਾ ਹੈ। ਪ੍ਰਮਾਤਮਾ ਹਰ ਜਗ੍ਹਾ 'ਤੇ ਹਾਜ਼ਰ ਹੈ। ਉਹ ਆਪ ਹੀ, ਮਨੁੱਖ ਦੇ ਉਸ ਦੇ ਸਿਮਰਨ ਦਾ ਕਾਰਣ ਹੈ ਅਤੇ ਉਹ ਆਪ ਹੀ ਉਸ ਦੀ ਖੋਜ ਵਿਚ ਵੀ, ਮਨੁੱਖ ਦੀ ਮਦਦ ਕਰਦਾ ਹੈ। ਇਸ ਤਰ੍ਹਾਂ ਪ੍ਰਮਾਤਮਾ ਦਾ ਭਗਤ ਉਸ ਨੂੰ ਕਦੀ ਵੀ ਨਹੀਂ ਭੁਲਾਉਂਦਾ ਹੈ। ਪ੍ਰਮਾਤਮਾ ਜੋ ਵੀ ਦਿੰਦਾ ਹੈ, ਭਗਤ ਉਸ ਨੂੰ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰ ਲੈਂਦਾ ਹੈ

ਉਪਦੇਸ਼ ਨੰਬਰ 85

ਗੁਰੂ ਦੇ ਉਪਦੇਸ਼ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ ਫਿਰ ਮਨੁੱਖ ਸਦੀਵੀ ਸ਼ਾਂਤੀ ਅਤੇ ਪ੍ਰਸੰਨਤਾ ਦੀ ਦਾਤ ਪ੍ਰਾਪਤ ਕਰਦਾ ਹੈ

ਜੇ ਮਨੁੱਖ, ਪੂਰੀ ਸ਼ਰਧਾ ਨਾਲ ਇਕ ਮਨ ਹੋ ਕੇ, ਪ੍ਰਮਾਤਮਾ ਦੀ ਪੂਜਾ ਕਰਦਾ ਹੈ ਤਾਂ ਫਿਰ ਉਸ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਕਰਨ ਲਈ ਕੁਛ ਹੋਰ ਕਰਨ ਦੀ ਲੋੜ ਨਹੀਂ ਹੈ। ਗੁਰੂ ਦੇ ਉਪਦੇਸ਼, ਮਨੁੱਖੀ ਮਨ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ। ਅਜਿਹੀ ਸਥਿਤੀ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਸੁਭਾਵਕ (ਆਪਣੇ-ਆਪ) ਹੀ ਮਨ ਵਿਚ ਪੈਦਾ ਹੋ ਜਾਂਦੀ ਹੈ। ਪ੍ਰਮਾਤਮਾ ਦੇ ਆਸਰੇ ਨਾਲ ਮਨੁੱਖ ਸੰਤੋਖ ਹਾਸਿਲ ਕਰਦਾ ਹੈ। ਮਨੁੱਖ ਨੂੰ ਜੋ ਵੀ ਮਿਲਦਾ ਹੈ, ਉਹ ਉਸ ਨੂੰ ਸਵੀਕਾਰਦਾ ਜਾਂਦਾ ਹੈ, ਕਿਉਂਕਿ ਇਹ ਉਸ ਨੂੰ ਪ੍ਰਮਾਤਮਾ ਵਲੋਂ ਮਿਲਿਆ ਹੁੰਦਾ ਹੈ। ਪ੍ਰਮਾਤਮਾ ਜੋ ਵੀ, ਜਿਵੇਂ ਵੀ ਚਾਹੁੰਦਾ ਹੈ, ਯਕੀਕਨ ਉਂਝ ਹੀ ਹੁੰਦਾ ਹੈ। ਇਸ ਸੱਚਾਈ ਨੂੰ ਮਨ ਵਿਚ ਧਾਰ ਕੇ, ਮਨੁੱਖ ਨੂੰ ਉਸ ਸਿਰਜਣਹਾਰ ਅਤੇ ਪਾਲਨਹਾਰ ਨੂੰ ਸਿਮਰਨਾ ਚਾਹੀਦਾ ਹੈ।

ਹਰ ਤਰ੍ਹਾਂ ਦੇ ਦਿਖਾਏ ਗਏ ਗਲਤ ਰਸਤੇ ਅਤੇ ਬਹੁਤ ਜ਼ਿਆਦਾ ਚਰਮ ਸੀਮਾ ਵਾਲੇ ਕਰਮ ਜਿਵੇਂ ਕ੍ਰਮਵਾਰ ਸਰੀਰ ਤੋਂ ਮਾਸ ਕੱਟ ਕੇ ਉਸ ਨੂੰ ਸਾੜਨਾ, ਇਹੋ ਜਿਹੇ ਕਰਮਾਂ ਦਾ ਕੋਈ ਲਾਭ ਨਹੀਂ ਹੁੰਦਾ ਬਲਕਿ ਇਹ ਕਰਮ ਫਜ਼ੂਲ ਅਤੇ ਬੇਵਕੂਫੀ ਭਰੇ ਹੁੰਦੇ ਹਨ। ਪ੍ਰਮਾਤਮਾ ਦੇ ਸਿਮਰਨ ਦੇ ਮੁਕਾਬਲੇ ਅਜਿਹੇ ਅਨੇਕਾਂ ਹੋਰ ਕਰਮਾਂ ਦਾ ਹਕੀਕਤ ਵਿਚ ਕੋਈ

ਲਾਭ ਨਹੀਂ ਹੈ।

ਅਜਿਹੇ ਅਜੀਬ ਜੋ ਕਦੇ ਸੋਚੇ ਵੀ ਨਾ ਜਾ ਸਕਣ ਕਰਮਾਂ ਨਾਲ ਪ੍ਰਾਪਤ ਕੀਤੇ ਤਸੀਹਿਆਂ ਭਰੇ ਦਰਦ ਆਦਿ ਨਾਲ ਮਨੁੱਖ ਆਪਣੇ ਸਰੀਰ ਨੂੰ ਪੀੜ੍ਹਾ (ਦਰਦ) ਪਹੁੰਚਾ ਕੇ, ਮਨ ਵਿਚ ਜੋ ਹੰਕਾਰ ਆਉਂਦਾ ਹੈ, ਮਨੁੱਖ ਉਸ ਅਹੰਕਾਰ ਤੋਂ ਕਦੀ ਵੀ ਛੁਟਕਾਰਾ ਹਾਸਿਲ ਨਹੀਂ ਕਰ ਸਕਦਾ, ਪੂਰੇ ਯਕੀਨ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ ਪ੍ਰਮਾਤਮਾ ਦਾ ਨਾਮ ਧਿਆਉਣ ਦਾ ਕੋਈ ਹੋਰ ਮੁਕਾਬਲਾ ਨਹੀਂ ਹੈ।

ਢੇਰਾਂ ਦੇ ਢੇਰ ਸੋਨਾ, ਕੀਮਤੀ ਘੋੜੇ ਅਤੇ ਹਾਥੀ, ਜ਼ਮੀਨਾਂ ਅਤੇ ਪਸ਼ੂ ਆਦਿ ਦਾਨ ਵਿਚ ਦੇ ਕੇ ਮਨੁੱਖ ਆਪਣੇ ਅਹੰਕਾਰ ਨੂੰ ਹੋਰ ਪ੍ਰਫੁੱਲਤ ਕਰਦਾ ਹੈ (ਹਵਾ ਦਿੰਦਾ ਹੈ)। ਗੁਰੂ, ਪ੍ਰਮਾਤਮਾ ਨਾਲ ਮਿਲਾਪ ਦਾ ਉਪਦੇਸ਼ ਦੇ ਕੇ ਅਸਲ ਦਾਤ ਬਖਸ਼ਦਾ ਹੈ।

ਸੰਸਾਰ ਵਿਚ ਅਨੇਕਾਂ ਹੀ ਯੋਗੀਆਂ ਦੇ ਸ਼ਿਸ਼ਟਾਚਾਰ ਅਤੇ ਅਨੇਕਾਂ ਹੀ ਸੂਝ-ਬੂਝ ਦੇ ਪਦ (ਕਵਿਤਾਵਾਂ ਦਾ ਸੰਗ੍ਰਹਿ) ਹਨ। ਅਨੇਕਾਂ ਹੀ ਤਰੀਕੇ ਮਨ ਨੂੰ ਗੁਲਾਮ ਬਣਾਉਣ ਵਾਲੇ ਹਨ। ਸਿਰਫ਼ ਪ੍ਰਮਾਤਮਾ ਦਾ ਸ਼ਰਧਾਲੂ ਹੀ ਮੁਕਤੀ ਪ੍ਰਾਪਤ ਕਰਦਾ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਸਭ ਤੋਂ ਮਹਾਨ ਹੈ। ਅਸਲੀਅਤ ਤੋਂ ਪ੍ਰੇਰਿਤ ਵਰਤਾਰਾ ਵੀ ਅਜਿਹਾ ਹੀ ਹੁੰਦਾ ਹੈ।

ਕੋਈ ਵੀ ਸਾਫ਼ ਰੂਪ ਨਾਲ ਸਿੱਧੇ ਤੌਰ 'ਤੇ ਜਾਂ ਸੁਭਾਵਿਕ ਤੌਰ 'ਤੇ ਦੂਸਰੇ ਤੋਂ ਘਟੀਆ ਜਾਂ ਨੀਵਾਂ ਨਹੀਂ ਹੁੰਦਾ, ਕਿਉਂਕਿ ਇਕ ਪ੍ਰਮਾਤਮਾ ਨੇ ਹੀ ਹਰੇਕ ਇਨਸਾਨ ਨੂੰ ਪੈਦਾ ਕੀਤਾ ਹੈ। ਉੱਚਤਾ, ਪ੍ਰਮਾਤਮਾ ਦੀ ਮਿਹਰ ਵਿਚ ਹੈ। ਜਿਸ ਉਤੇ ਉਹ ਆਪਣੀ ਮਿਹਰ ਦੀ ਬਖ਼ਸ਼ਿਸ਼ ਕਰਦਾ ਹੈ, ਉਹੀ ਪ੍ਰਮਾਤਮਾ ਦਾ ਖਾਸ ਅਤੇ ਸਭ ਤੋਂ ਉੱਚਾ ਹੁੰਦਾ ਹੈ। ਪ੍ਰਮਾਤਮਾ ਦੀ ਇਸ ਦਾਤ ਨੂੰ ਨਕਾਰਣ ਦੀ ਤਾਕਤ ਹੋਰ ਕਿਸੇ ਕੋਲ ਨਹੀਂ ਹੈ।

ਗੁਰੂ ਦਾ ਸਿੱਖ, ਸੰਤਾਂ ਦੀ ਹੀ ਸੰਗਤ ਲੱਭਦਾ ਹੈ। ਗੁਰੂ ਦੀ ਸਿੱਖਿਆ ਅਨੁਸਾਰ ਸੰਤੁਸ਼ਟੀ ਭਰਿਆ ਜੀਵਨ ਜਿਉਂਦਾ ਹੈ। ਗੁਰੂ ਦੀ ਸਿੱਖਿਆ ਮਨੁੱਖ ਨੂੰ ਉਸ ਅਪਾਰ ਪ੍ਰਮਾਤਮਾ ਦਾ ਵੀ ਅਨੰਦ ਮਾਣ ਸਕਦਾ ਹੈ, ਕਿਉਂਕਿ ਭਗਤ, ਪ੍ਰਮਾਤਮਾ ਦੇ ਵਿਲੱਖਣ ਗੁਣਾਂ ਨੂੰ ਜਾਣਦਾ ਹੈ। ਗੁਰੂ ਦੇ ਨਾਮ ਦਾ ਅੰਮ੍ਰਿਤ ਗ੍ਰਹਿਣ ਕਰਕੇ, ਭਗਤ ਸੰਤੁਸ਼ਟੀ ਭਰਿਆ ਜੀਵਨ ਜਿਉਂਦਾ ਹੈ ਅਤੇ ਸੰਸਾਰ ਤੋਂ ਵਿਦਾਇਗੀ ਸਮੇਂ ਪ੍ਰਮਾਤਮਾ ਤੋਂ ਆਦਰ ਪਾਉਂਦਾ ਹੈ।

ਸਿੱਖ ਅਤਿਅੰਤ ਖ਼ੁਸ਼ੀ ਦਾ ਅਨੁਭਵ ਕਰਦਾ ਹੈ, ਕਿਉਂਕਿ ਉਹ ਗੁਰੂ ਦੀ ਸਿੱਖਿਆ ਦੁਆਰਾ ਸੁਭਾਵਿਕ ਰੂਪ ਨਾਲ ਹੀ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਕੋਈ ਵਿਰਲਾ ਮਨੁੱਖ ਹੀ ਜਾਗਰੁਕਤਾ ਦੀ ਇਸ ਸਥਿਤੀ ਦਾ ਅਨੁਭਵ ਕਰਦਾ ਹੈ। ਗੁਰੂ ਦੀਆਂ ਸਿੱਖਿਆਵਾਂ ਮਨੁੱਖ ਦੇ ਮਨ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਉਸ ਨੂੰ ਉੱਪਰ ਉਠਾਉਂਦੀਆਂ ਹਨ। ਗੁਰੂ ਦਾ ਸਿੱਖ ਹਰ ਵੇਲੇ ਵਾਹਿਗੁਰੂ ਨੂੰ ਸਿਮਰਦਾ ਰਹਿੰਦਾ ਹੈ। ਉਹ ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

ਉਪਦੇਸ਼ ਨੰਬਰ 86

ਪ੍ਰਮਾਤਮਾ ਦੇ ਪ੍ਰੇਮ ਤੋਂ ਬਿਨਾਂ ਬਾਹਰੀ ਚਮਕ ਵਿਅਰਥ ਹੈ, ਗੁਰੂ ਦਾ ਸਿੱਖ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਫਿਰ ਉਸ ਤੋਂ ਪ੍ਰਾਪਤ ਅਦਭੁੱਤ ਆਨੰਦ ਨੂੰ ਮਾਣਦਾ ਹੈ

ਬਹੁਤ ਵਧੇਰੇ ਕੋਸ਼ਿਸ਼, ਜੋਸ਼ ਅਤੇ ਆਸ ਉਮੀਦ ਨਾਲ ਮਨੁੱਖ ਆਪਣੇ ਆਪ ਨੂੰ ਦੂਸਰਿਆਂ ਦੀਆਂ ਨਜ਼ਰਾਂ ਵਿਚ ਚੰਗਾ ਪ੍ਰਭਾਵ ਪੈਦਾ ਕਰ ਸਕਦਾ ਹੈ। ਜੇ ਗੁਰੂ ਪ੍ਰਤੀ ਪਿਆਰ ਤੋਂ ਬਿਨਾਂ, ਅਜਿਹਾ ਕੀਤਾ ਜਾਂਦਾ ਹੈ ਤਾਂ ਮਨੁੱਖ ਅੰਦਰੋਂ ਖਾਲੀ ਹੀ ਰਹਿੰਦਾ ਹੈ। ਮੌਤ ਸਮੇਂ, ਇਹ ਬਾਹਰੀ ਚਮਕ ਖ਼ਤਮ ਹੋ ਜਾਂਦੀ ਹੈ।

ਸਰੀਰ ਅਤੇ ਮਾਇਆ ਮੌਤ ਤੋਂ ਬਾਅਦ ਉਸ ਦੇ ਨਾਲ ਨਹੀਂ ਜਾਂਦੇ। ਅਗਰ ਮਨੁੱਖ, ਹਰ ਪਲ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਅਤੇ ਇਸੇ ਨਾਮ ਦੀ ਹੀ ਦੌਲਤ ਇਕੱਠੀ ਕਰਦਾ ਹੈ ਤਾਂ ਇਹ ਦੌਲਤ ਯਕੀਨਨ ਹੀ ਅਜਿਹੀ ਦੌਲਤ ਹੈ, ਜੋ ਉਸ ਦੇ ਕੰਮ ਆਉਂਦੀ ਹੈ। ਅਜਿਹੀ ਦੌਲਤ ਤਾਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੇ ਗੁਰੂ ਦੇ ਉਪਦੇਸ਼ ਅਨੁਸਾਰ ਇਸ ਨੂੰ ਇਕੱਠੇ ਕਰਨ ਦੀ ਜਾਚ ਸਿੱਖੀ ਜਾਵੇ। ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਗੁਰੂ ਤੋਂ ਅਜਿਹੀ ਸਿੱਖਿਆ ਪ੍ਰਾਪਤ ਕਰਦਾ ਹੈ।

ਗੁਰੂ ਦੇ ਨਾਮ ਦੀ ਦੌਲਤ ਬੇਦਾਗ ਹੁੰਦੀ ਹੈ। ਗੁਰੂ, ਪ੍ਰਮਾਤਮਾ ਦੀ ਮਿਹਰ ਨਾਲ, ਇਸ ਨੂੰ ਪ੍ਰਾਪਤ ਕਰਨਾ ਸੰਭਵ ਬਣਾਉਂਦਾ ਹੈ। ਅਜਿਹੀ ਦੌਲਤ ਕਮਾ ਕੇ ਮਨੁੱਖ ਨੂੰ ਮੌਤ ਤੋਂ ਬਾਅਦ ਕਿਸੇ ਪ੍ਰੀਖਿਆ ਵਿੱਚੋਂ ਨਹੀਂ ਗੁਜ਼ਰਨਾ ਪੈਂਦਾ। ਗੁਰੂ ਅਤੇ ਪ੍ਰਮਾਤਮਾ ਉਹਨਾਂ ਦੇ ਮਿੱਤਰ ਹੁੰਦੇ ਹਨ ਜੋ ਪ੍ਰਮਾਤਮਾ ਦੇ ਨਾਮ ਦੀ ਦੌਲਤ ਇਕੱਠੀ ਕਰਦੇ ਹਨ। ਅਜਿਹਾ ਇਸ ਲਈ ਹੋ ਜਾਂਦਾ ਹੈ, ਕਿਉਂਕਿ ਬਖਸ਼ਣਹਾਰ ਪ੍ਰਮਾਤਮਾ, ਮਨੁੱਖ ਨੂੰ ਬਖ਼ਸ਼ ਦਿੰਦਾ ਹੈ ਅਤੇ ਉਸ ਨੂੰ ਮੁਕਤੀ ਪ੍ਰਦਾਨ ਕਰਦਾ ਹੈ।

ਗੁਰੂ ਦੀ ਸਿੱਖਿਆ ਨੂੰ ਠੀਕ ਤਰ੍ਹਾਂ ਸਮਝੇ ਬਗੈਰ ਮਨੁੱਖ ਭਾਵਨਾਤਮਕ ਤੌਰ 'ਤੇ ਪਰਿਵਾਰ ਵਿਚ ਉਲਝਿਆ ਰਹਿੰਦਾ ਹੈ। ਗੁਰੂ ਦੇ ਅਨੁਸਾਰ, ਸੱਚਾਈ ਇਹ ਹੈ ਕਿ ਪ੍ਰਮਾਤਮਾ ਦੇ ਹੁਕਮ ਮੁਤਾਬਿਕ ਹੀ ਪਰਿਵਾਰ ਇਕ ਅੰਗ ਵਜੋਂ ਪਹਿਲਾਂ ਹੀ ਨਿਰਧਾਰਿਤ ਹੁੰਦਾ ਹੈ। ਜੀਵਨ ਵਿਚ ਜਿਵੇਂ ਜਿਵੇਂ ਘਟਨਾਵਾਂ ਘਟਦੀਆਂ ਹਨ ਮਨੁੱਖ ਆਪਣੇ ਪਰਿਵਾਰਿਕ ਮੋਹ ਦੇ ਬੰਧਨਾਂ ਕਾਰਣ ਕਦੀ ਰੋਂਦਾ-ਕੁਰਲਾਉਂਦਾ ਹੈ ਅਤੇ ਕਦੀ ਖ਼ੁਸ਼ ਹੁੰਦਾ ਹੈ। ਇਸ ਦੇ ਮੁਕਾਬਲੇ ਵਿਚ, ਗੁਰੂ ਦਾ ਸਿੱਖ ਪ੍ਰਮਾਤਮਾ ਦੇ ਪਿਆਰ ਵਿਚ ਲੀਨ ਰਹਿੰਦਾ ਹੈ ਅਤੇ ਭਾਵਨਾਤਮਕ ਤੌਰ 'ਤੇ ਉਸ ਨਾਲ ਜੁੜਿਆ ਹੁੰਦਾ ਹੈ। ਉਹ ਹਰ ਪਲ ਪ੍ਰਮਾਤਮਾ ਨੂੰ ਧਿਆਉਂਦਾ ਹੈ। ਉਹ ਪ੍ਰਮਾਤਮਾ ਨਾਲ ਆਪਣੇ ਭਾਵਨਾਤਮਕ ਬੰਧਨ ਕਰਕੇ, ਕਦੇ ਨਾ ਖਤਮ ਹੋਣ ਵਾਲੀ ਪ੍ਰਸੰਨਤਾ ਹਾਸਿਲ ਕਰਦਾ ਹੈ।

ਪ੍ਰਮਾਤਮਾ ਨਾਲ ਭਾਵਨਾਤਮਕ ਲਗਾਓ ਨਾ ਰੱਖ ਕੇ, ਦੌਲਤ ਦੇ ਜਾਣ ਨਾਲ ਮਨੁੱਖ ਦਾ ਵਰਤਾਰਾ ਵੀ ਯਕੀਨਨ ਬਦਲ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਮਨੁੱਖ ਪ੍ਰਮਾਤਮਾ ਨਾਲ ਸਾਂਝ ਤੋਂ ਬਾਹਰ ਹੋ ਕੇ ਅਹਿਸਾਨ ਲੱਭਦਾ ਹੈ। ਗੁਰੂ ਦੀ ਸਿੱਖਿਆ ਤੋਂ ਬਿਨਾਂ, ਮਨੁੱਖ ਸੰਤੁਲਿਤ ਜੀਵਨ ਗੁਆ ਬੈਠਦਾ ਹੈ। ਇਸ ਦੇ ਉਲਟ, ਗੁਰੂ ਦਾ ਸਿੱਖ ਪ੍ਰਮਾਤਮਾ ਨਾਲ ਮਿਲਾਪ ਨਾਲ ਮਨ ਦੀ ਸ਼ਾਂਤੀ ਦਾ ਅਹਿਸਾਸ ਕਰਦਾ ਹੈ।

ਕੀ ਮਨੁੱਖ ਨੂੰ ਪ੍ਰਮਾਤਮਾ ਨੂੰ ਵਿਸਾਰਣਾ ਚਾਹੀਦਾ ਹੈ ? ਮਨੁੱਖ ਨੂੰ ਆਪਣੀ ਹਾਲਤ ਤੋਂ ਜਾਣੂ ਹੋਣਾ ਚਾਹੀਦਾ ਹੈ। ਮਨੁੱਖ ਦੇ ਮਾਤਾ-ਪਿਤਾ ਉਸ ਨੂੰ ਇਸ ਸੰਸਾਰ ਵਿਚ ਲੈ ਕੇ ਆਉਂਦੇ ਹਨ। ਪ੍ਰਮਾਤਮਾ ਵਲੋਂ ਨਿਰਧਾਰਿਤ ਕੀਤੇ ਸਵਾਸ (ਸਾਹ) ਉਸ ਨੂੰ ਮਰਨ ਤੱਕ ਲੈਣੇ ਹੀ ਪੈਂਦੇ ਹਨ, ਜਿਵੇਂ ਪ੍ਰਮਾਤਮਾ ਦਾ ਹੁਕਮ ਹੋਵੇ, ਮੌਤ ਯਕੀਨਨ ਹੀ ਆਉਂਦੀ ਹੈ।

ਹਰੇਕ ਮਨੁੱਖ ਲੰਬੀ ਉਮਰ ਦੀ ਕਾਮਨਾ ਕਰਦਾ ਹੈ। ਕੋਈ ਵੀ ਛੋਟੇ ਜੀਵਨ ਦੀ ਖਾਹਿਸ਼ ਨਹੀਂ ਕਰਦਾ। ਲੇਕਿਨ ਫੇਰ ਵੀ, ਪ੍ਰਸੰਨਤਾ ਅਤੇ ਸ਼ਾਂਤੀ ਭਰਿਆ ਜੀਵਨ ਕੇਵਲ ਉਹੋ ਮਨੁੱਖ ਬਤੀਤ ਕਰਦਾ ਹੈ, ਜੋ ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕਰਦਾ ਹੈ ਅਤੇ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ। ਜੇ ਕੋਈ ਮਨੁੱਖ ਗੁਰੂ ਦੀਆਂ ਸਿੱਖਿਆਵਾਂ ਉਤੇ ਅਮਲ ਨਾ ਕਰਕੇ ਅਤੇ ਪ੍ਰਮਾਤਮਾ ਦਾ ਸਿਮਰਨ ਤਿਆਗ ਕੇ ਆਪਣਾ ਜੀਵਨ ਜਿਉਂਦਾ ਹੈ ਤਾਂ ਅਜਿਹੇ ਜੀਵਨ ਦਾ ਕੀ ਅਰਥ ਹੈ ? ਇਹ ਤਾਂ ਪੂਰੀ ਤਰ੍ਹਾਂ ਵਿਅਰਥ ਹੈ।

ਪ੍ਰਮਾਤਮਾ ਦੇ ਪਿਆਰ ਤੋਂ ਬਿਨਾਂ, ਮਨੁੱਖ ਨਾਸਤਿਕਤਾ ਦੇ ਡੰਗਾਂ ਦੇ ਦੁੱਖਾਂ ਭਰਿਆ ਜੀਵਨ ਜਿਉਂਦਾ ਹੈ। ਪ੍ਰਮਾਤਮਾ ਤੋਂ ਭਾਵਨਾਤਮਕ ਦੂਰੀ ਹਰ ਤਰ੍ਹਾਂ ਦੇ ਦੁੱਖਾਂ ਦਾ ਕਾਰਣ ਹੈ। ਇਹ ਨੀਂਦ ਵਿਚ ਲਏ ਸੁਪਨੇ ਦੀ ਤਰ੍ਹਾਂ ਹੈ। ਸੁਪਨਾ ਮਨੁੱਖ ਨੂੰ ਭਰਮ-ਭੁਲੇਖਿਆਂ ਦੀ ਦੁਨੀਆਂ ਵਿਚ ਲੈ ਜਾਂਦਾ ਹੈ ਅਤੇ ਓਨੀ ਦੇਰ ਤੱਕ ਹੀ ਰਹਿੰਦਾ ਹੈ, ਜਦੋਂ ਤੱਕ ਮਨੁੱਖ ਜਾਗ ਨਹੀਂ ਜਾਂਦਾ। ਨਾਸਤਿਕਤਾ ਦਾ ਜੀਵਨ ਜਿਉਣਾ ਭਰਮਾਂ ਵਿਚ ਫਸਿਆ ਜੀਵਨ ਜਿਉਣਾ ਹੈ। ਗੁਰੂ ਤੋਂ ਹਾਸਿਲ ਕੀਤੀ ਸਿੱਖਿਆ ਅਤੇ ਗਿਆਨ ਨਾਲ ਹੀ ਮਨੁੱਖ ਅਗਿਆਨਤਾ 'ਤੇ ਕਾਬੂ ਪਾਉਂਦਾ ਹੈ ਅਤੇ ਸੰਸਾਰ ਵਿਚ ਜੀਵਨ ਦੇ ਆਰਜੀ ਹੋਣ ਦਾ ਅਹਿਸਾਸ ਕਰਦਾ ਹੈ। ਫਿਰ ਮਨੁੱਖ ਇਹਨਾਂ ਭਰਮ-ਭੁਲੇਖਿਆਂ ਨੂੰ ਸਮਝਣ ਲੱਗਦਾ ਹੈ ਅਤੇ ਇਹਨਾਂ 'ਚੋਂ ਬਾਹਰ ਨਿਕਲਦਾ ਹੈ। ਨਹੀਂ ਤਾਂ, ਮਨੁੱਖ ਸੁੱਤਾ ਹੀ ਰਹਿੰਦਾ ਹੈ ਅਤੇ ਇਹ ਸੰਸਾਰ ਇਕ ਸੁਪਨੇ ਤੋਂ ਜ਼ਿਆਦਾ ਹੋਰ ਕੁੱਛ ਨਹੀਂ ਹੈ।

ਗੁਰੂ ਦਾ ਸਿੱਖ ਬਣ ਕੇ, ਮਨੁੱਖ ਪ੍ਰਮਾਤਮਾ ਪ੍ਰਤੀ ਪ੍ਰੇਮ ਵਾਲਾ ਜੀਵਨ ਜਿਉਂਦਾ ਹੈ ਅਤੇ ਇਸ ਸਮਰਪਿਤ ਪ੍ਰੇਮ ਦੇ ਨਾਲ ਪ੍ਰਾਪਤ ਕੀਤੀ ਅਦਭੁੱਤ ਪ੍ਰਸੰਨਤਾ ਦਾ ਅਨੰਦ ਮਾਣਦਾ ਹੈ। ਅਸੰਤੋਖ ਅਤੇ ਦੁੱਖ ਖ਼ਤਮ ਹੋ ਜਾਂਦੇ ਹਨ। ਜਿਵੇਂ ਪਾਣੀ ਨੂੰ ਅੱਗ ਨਾਲ ਬੁਝਾਇਆ ਜਾਂਦਾ ਹੈ ਅਤੇ ਬੱਚੇ ਨੂੰ ਦੁੱਧ ਦੇ ਕੇ ਸੰਤੁਸ਼ਟ ਕੀਤਾ ਜਾਂਦਾ ਹੈ।

ਪਾਣੀ ਤੋਂ ਬਿਨਾਂ ਕਮਲ ਦਾ ਫੁੱਲ ਮੁਰਝਾ ਜਾਂਦਾ ਹੈ, ਪਾਣੀ ਤੋਂ ਬਿਨਾਂ ਮੱਛੀ ਵੀ ਮਰ

ਜਾਂਦੀ ਹੈ। ਗੁਰੂ ਦੇ ਸਿੱਖ ਨੂੰ ਪ੍ਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ ਅਤੇ ਇਸ ਪੂਜਾ ਨਾਲ ਪ੍ਰਾਪਤ ਹੋਈ ਅਦਭੁੱਤ ਪ੍ਰਸੰਨਤਾ ਦਾ ਆਨੰਦ ਮਾਨਣਾ ਚਾਹੀਦਾ ਹੈ।

ਉਪਦੇਸ਼ ਨੰਬਰ 87

ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿਚ ਵੱਸਦਾ ਪਾਉਂਦਾ ਹੈ ਅਤੇ ਹਰ ਤਰ੍ਹਾਂ ਦੇ ਡਰ ਅਤੇ ਪ੍ਰਲੋਭਨਾਂ 'ਤੇ ਕਾਬੂ ਪਾ ਲੈਂਦਾ ਹੈ

ਕੇਵਲ ਪ੍ਰਮਾਤਮਾ ਦਾ ਭਗਤ ਹੀ ਉਹਨਾਂ ਸਾਰੇ ਡਰਾਂ 'ਤੇ ਕਾਬੂ ਪਾ ਲੈਂਦਾ ਹੈ ਜੋ ਬਾਕੀ ਸਭ ਮਨੁੱਖਾਂ 'ਤੇ ਹਕੂਮਤ ਕਰਦੇ ਹਨ। ਗੁਰੂ ਦੀ ਓਟ-ਆਸਰੇ ਦੇ ਬਿਨਾਂ ਡਰ ਸਾਰੇ ਮਨੁੱਖਾਂ 'ਤੇ ਰਾਜ ਕਰਦਾ ਹੈ। ਇਹ ਡਰ ਇਸ ਲੋਕ ਦੇ ਅਤੇ ਪਰਲੋਕ ਦੇ ਹੁੰਦੇ ਹਨ। ਇਹਨਾਂ ਡਰਾਂ 'ਤੇ ਕਾਬੂ ਪਾਉਣਾ ਠੀਕ ਉਸੇ ਤਰ੍ਹਾਂ ਹੀ ਹੈ, ਜਿਵੇਂ ਕਿਸੇ ਅਜੇਤੂ ਪਹਾੜ ਨੂੰ ਪੌੜੀ ਨਾਲ ਨਾਪਣਾ ਜਾਂ ਕਿਸੇ ਮਹਾਂ ਸਾਗਰ ਨੂੰ ਬੇੜੀ ਰਾਹੀਂ ਪਾਰ ਕਰਨਾ। ਸੱਚਾਈ ਇਹ ਹੈ ਕਿ ਗੁਰੂ ਦੀ ਸਿੱਖਿਆ ਨਾਲ ਹੀ ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰ ਵੱਸਦਾ ਪਾਉਂਦਾ ਹੈ, ਉਦੋਂ ਹੀ ਇਹਨਾਂ ਡਰਾਂ 'ਤੇ ਕਾਬੂ ਪਾਉਂਦਾ ਹੈ।

ਗੁਰੂ ਦੇ ਉਪਦੇਸ਼ਾਂ ਦੇ ਗਿਆਨ ਤੋਂ ਬਿਨਾਂ ਮਨੁੱਖ ਨੂੰ ਇਹ ਸੰਸਾਰ ਇਕ ਭਿਆਨਕ ਸਾਗਰ ਪ੍ਰਤੀਤ ਹੁੰਦਾ ਹੈ। ਗੁਰੂ ਤੋਂ ਮਨੁੱਖ ਉਸ ਅਦਭੁੱਤ ਪ੍ਰਸੰਨਤਾ ਦਾ ਅਨੁਭਵ ਕਰਦਾ ਹੈ, ਜੋ ਕੇਵਲ ਪ੍ਰਮਾਤਮਾ ਨੂੰ ਸਿਮਰ ਕੇ ਪ੍ਰਾਪਤ ਹੁੰਦੀ ਹੈ। ਫਿਰ ਮਨੁੱਖ ਸਫਲਤਾ ਪੂਰਬਕ ਡਰ ਦਾ ਭਵਸਾਗਰ ਪਾਰ ਕਰ ਲੈਂਦਾ ਹੈ।

ਮਨੁੱਖ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਮਾਤਮਾ ਤੋਂ ਇਲਾਵਾ, ਇਸ ਸੰਸਾਰ ਵਿਚ ਹਰ ਚੀਜ਼ ਅਤੇ ਹਰ ਮਨੁੱਖ ਬਿਨਸਨਹਾਰ ਹੈ। ਮਨੁੱਖ ਨੂੰ ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਸਿਮਰਨਾ ਚਾਹੀਦਾ ਹੈ। ਮੌਤ ਤੋਂ ਬਾਅਦ ਵਾਲੇ ਸਫਰ ਤੇ ਮਨੁੱਖ ਆਪਣੇ ਨਾਲ ਕੁਛ ਵੀ ਨਾਲ ਨਹੀਂ ਲਿਜਾ ਸਕਦਾ। ਗਿਆਨ ਤੋਂ ਬਿਨਾਂ, ਮਨੁੱਖ ਫਾਲਤੂ ਦੇ ਚੱਕਰਾਂ (ਤਲਾਸ਼ਾਂ) ਵਿਚ ਆਪਣਾ ਜੀਵਨ ਬਰਬਾਦ ਕਰਦਾ ਹੈ। ਮੌਤ ਦੇ ਸਮੇਂ ਇਸ ਗੱਲ ਦਾ ਕੋਈ ਅਰਥ ਨਹੀਂ ਰਹਿੰਦਾ ਕਿ ਤੁਸੀਂ ਕਿੰਨੇ ਦੌਲਤਮੰਦ ਸੀ, ਕਿੰਨੇ ਵੱਡੇ ਮਹਿਲਾਂ ਵਰਗੇ ਘਰਾਂ ਵਿਚ ਰਹੇ, ਕਿੰਨੇ ਘੋੜੇ, ਹਾਥੀਆਂ ਦੇ ਮਾਲਕ ਸੀ ਅਤੇ ਕਿੰਨੀ ਫੌਜੀ ਤਾਕਤ ਦੇ ਮਾਲਕ ਸੀ।

ਮਨੁੱਖ ਭਾਵੇਂ ਢੇਰਾਂ ਦੇ ਢੇਰ ਸੋਨਾ ਅਤੇ ਚਾਂਦੀ ਇਕੱਠਾ ਕਰ ਲਵੇ, ਪਰ ਇਹ ਦੌਲਤ, ਸੱਚੀ ਦੌਲਤ ਨਹੀਂ, ਬਲਕਿ ਕੇਵਲ ਇਕ ਫੰਦਾ ਹੈ। ਮਨੁੱਖ ਭਾਵੇਂ ਆਪਣੀ ਬੇਸ਼ੁਮਾਰ ਤਾਕਤ ਦਾ ਦਿਖਾਵਾ ਕਰੇ, ਪਰ ਮੌਤ ਦਾ ਡਰ ਹਮੇਸ਼ਾ ਲੱਗਾ ਰਹਿੰਦਾ ਹੈ। ਇਹ ਡਰ ਸਿਰਫ ਉਦੋਂ ਹੀ ਖ਼ਤਮ ਹੁੰਦਾ ਹੈ, ਜਦੋਂ ਗੁਰੂ ਦੇ ਉਪਦੇਸ਼ ਅਨੁਸਾਰ, ਮਨੁੱਖ ਪ੍ਰਮਾਤਮਾ ਨਾਲ ਇਕਮਿਕਤਾ ਕਾਇਮ ਕਰਦਾ ਹੈ। ਇਹ ਸੱਚਾਈ ਹੈ ਕਿ ਹਰ ਮਨੁੱਖ ਜੀਵਨ-ਰੂਪੀ ਖੇਡ ਵਿਚ

ਰੁੱਝਾ ਹੋਇਆ ਹੈ। ਪ੍ਰਮਾਤਮਾ ਵਲੋਂ ਫੈਸਲੇ ਦੀ ਘੜੀ ਸਮੇਂ, ਮਨੁੱਖ ਵੱਲੋਂ ਜੀਵਨ ਭਰ ਕੀਤੇ ਮਾੜੇ ਕਰਮ, ਉਸ ਲਈ ਸ਼ਰਮਿੰਦਗੀ ਦਾ ਕਾਰਣ ਬਣਦੇ ਹਨ।

ਮੌਤ ਸਮੇਂ ਮਨੁੱਖ ਉਹ ਸਭ ਕੁਝ ਪਿੱਛੇ ਛੱਡ ਜਾਂਦਾ ਹੈ, ਜਿਸ ਨੂੰ ਉਹ ਜੀਵਨ ਭਰ ਆਪਣਾ ਕਹਿੰਦਾ ਹੈ। ਮਿੱਟੀ, ਮਿੱਟੀ ਵਿਚ ਮਿਲ ਜਾਂਦੀ ਹੈ। ਮਨੁੱਖ ਭਾਵੇਂ ਗਹਿਣੇ, ਵਧੀਆ ਕੱਪੜੇ ਅਤੇ ਖੁਸ਼ਬੋਆਂ ਲਗਾ ਕੇ ਆਪਣੇ ਪੁੱਤਰਾਂ ਅਤੇ ਪਤਨੀ ਨਾਲ ਜਿੰਨਾ ਮਰਜ਼ੀ ਖ਼ੁਸ਼ ਹੁੰਦਾ ਰਹੇ, ਪਰ ਇਹ ਖ਼ੁਸ਼ੀ ਥੋੜੇ ਸਮੇਂ ਲਈ ਹੁੰਦੀ ਹੈ। ਮਨੁੱਖ ਭਾਵੇਂ ਆਪਣੇ ਆਪ ਨੂੰ ਉੱਚੇ-ਉੱਚੇ ਅਹੁਦਿਆਂ ਉਪਰ ਬਿਰਾਜਮਾਨ ਹੋਣ ਦੇ ਕਾਬਿਲ ਹੋਣ ਦਾ ਆਨੰਦ ਮਾਣਦਾ ਹੈ, ਪਰ ਇਹ ਸਭ ਧੋਖੇ ਦੀ ਅੱਗ ਵਿਚ ਬਲਣ ਤੋਂ ਜ਼ਿਆਦਾ ਹੋਰ ਕੁੱਛ ਨਹੀਂ ਹੈ। ਗੁਰੂ ਦੀ ਸਿੱਖਿਆ ਦੀ ਘਾਟ ਕਾਰਣ, ਮਨੁੱਖ ਇਹ ਸਮਝ ਨਹੀਂ ਪਾਉਂਦਾ ਕਿ ਜੀਵਨ ਵਿਚ ਕਿਹੜੀ ਚੀਜ਼ ਦਾ ਜ਼ਿਆਦਾ ਮਹੱਤਵ ਹੈ, ਉਹ ਪ੍ਰਮਾਤਮਾ ਨੂੰ ਯਾਦ ਕਰਨ ਨੂੰ ਨਜ਼ਰਅੰਦਾਜ ਕਰਦਾ ਹੈ। ਅਜਿਹੇ ਮਨੁੱਖ ਦੀ ਹਾਲਤ, ਜੰਗਲ ਦੀ ਅੱਗ ਵਿਚ ਸੜੀ ਹੋਈ ਬੈਂਤ ਵਰਗੀ ਹੁੰਦੀ ਹੈ।

ਗੁਰੂ ਦੀ ਸਿੱਖਿਆ, ਮਨੁੱਖ ਨੂੰ ਆਪਾ ਬਰਬਾਦ ਕਰਨ ਵਾਲੇ ਹੰਕਾਰ ਤੋਂ ਬਚਾਉਂਦੀ ਹੈ। ਮਨੁੱਖ ਧੋਖੇ ਦੀ ਜਗ੍ਹਾ, ਨਿਮਰਤਾ ਨੂੰ ਅਹਿਮੀਅਤ ਦਿੰਦਾ ਹੈ। ਇਸ ਤਰ੍ਹਾਂ ਮਨ ਮਾੜੇ-ਵਿਚਾਰਾਂ ਅਤੇ ਮਾੜੇ ਕਰਮਾਂ ਨਾਲ ਦੂਸ਼ਿਤ ਨਹੀਂ ਹੁੰਦਾ। ਗੁਰੂ ਦੀ ਸਿੱਖਿਆ ਤੋਂ ਬਿਨਾਂ ਸਾਰੇ ਮਨੁੱਖ ਇਸ ਸੰਸਾਰ ਵਿਚ ਧੋਖੇ ਵਾਲੀ ਜ਼ਿੰਦਗੀ ਜੀਉ ਕੇ, ਸੰਸਾਰ ਛੱਡ ਕੇ ਚੱਲੇ ਜਾਂਦੇ ਹਨ। ਜਿਵੇਂ ਕਾਲਖ ਦੇ ਭਰੇ ਕਮਰੇ ਵਿਚੋਂ ਲੰਘ ਕੇ ਮਨੁੱਖ ਆਪਣੇ ਉੱਪਰ ਕਾਲਖ ਲੱਗਣੋਂ ਨਹੀਂ ਬਚ ਸਕਦਾ, ਠੀਕ ਤਿਵੇਂ ਧੋਖੇ ਨਾਲ ਮਿਲੇ ਕਲੰਕਾਂ ਤੋਂ ਵੀ ਮਨੁੱਖ ਬਚ ਨਹੀਂ ਸਕਦਾ।

ਪ੍ਰਮਾਤਮਾ ਸਭ ਤੋਂ ਉੱਚਾ ਤੇ ਮਹਾਨ ਹੈ। ਉਹ ਸਭ ਤੋਂ ਵੱਡਾ ਬਾਦਸ਼ਾਹ ਹੈ। ਉਸ ਸੱਚੇ ਪ੍ਰਮਾਤਮਾ ਨੂੰ ਸਿਮਰ ਕੇ, ਮਨੁੱਖ ਧੋਖੇ ਤੋਂ ਬਚ ਜਾਂਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਵਿਚ ਅਟੁੱਟ ਵਿਸ਼ਵਾਸ ਰੱਖਦਾ ਹੈ ਅਤੇ ਉਸ ਨਾਲ ਸਦੀਵੀ ਸਾਂਝ ਲਈ, ਉਸ ਅੱਗੇ ਅਰਦਾਸ ਕਰਦਾ ਹੈ। ਜੋ ਗੁਰੂ ਦੀ ਸਿੱਖਿਆ ਤੋਂ ਅਨਜਾਣ ਰਹਿੰਦਾ ਹੈ, ਆਪਣੇ ਮਨ ਦੇ ਮਗਰ ਲੱਗ ਕੇ ਉਧਰ ਹੀ ਚੱਲ ਪੈਂਦਾ ਹੈ। ਉਹ ਆਪਣੇ ਆਪ ਨੂੰ ਦੁਨਿਆਵੀ ਉਲਝਣਾਂ ਤੋਂ ਮੁਕਤ ਨਹੀਂ ਕਰ ਪਾਉਂਦਾ। ਉਸ ਦੀ ਹਾਲਤ ਭਿਆਨਕ ਸਮੁੰਦਰ ਵਿਚ ਸੁੱਟ ਦਿੱਤੇ ਗਏ ਲਾਚਾਰ ਮਨੁੱਖ ਵਰਗੀ ਹੋ ਜਾਂਦੀ ਹੈ। ਇਸ ਦੇ ਉਲਟ, ਗੁਰੂ ਦਾ ਸਿੱਖ ਡੂੰਘੇ ਭਵ-ਸਾਗਰ ਵਿੱਚੋਂ ਵੀ ਸਫਲਤਾ ਪੂਰਬਕ ਤੈਰ ਕੇ ਨਿਕਲ ਜਾਂਦਾ ਹੈ। ਇਸ ਸੰਸਾਰ ਦੇ ਬੇਅੰਤ ਝੂਠੇ ਮੋਹ ਵੀ ਉਸ ਨੂੰ ਆਪਣਾ ਗ਼ੁਲਾਮ ਨਹੀਂ ਬਣਾ ਸਕਦੇ।

ਉਪਦੇਸ਼ ਨੰਬਰ 88

ਅਮਰ ਦਾ ਭਰਮ, ਮੌਤ ਦੀ ਸੱਚਾਈ ਨੂੰ ਲੁਕੋ ਲੈਂਦਾ ਹੈ

ਇਹ ਬੜੀ ਵਿਅੰਗਮਈ ਗੱਲ ਹੈ ਕਿ ਮਨੁੱਖ ਸਾਰਾ ਜੀਵਨ ਅਮਰ ਦੇ ਭਰਮ ਅਧੀਨ ਹੀ ਬਤੀਤ ਕਰ ਦਿੰਦਾ ਹੈ, ਜਦੋਂ ਕਿ ਉਹ ਇਹ ਜਾਣਦਾ ਹੈ ਕਿ ਸੱਚਾਈ ਇਸ ਦੇ ਬਿਲਕੁਲ

ਉਲਟ ਹੈ। ਅਮਰ ਕੇਵਲ ਉਹ ਹੈ, ਜੋ ਸਦੀਵੀ ਹੈ। ਕੋਈ ਵੀ ਹਮੇਸ਼ਾ ਜਿੰਦਾ ਨਹੀਂ ਰਹਿੰਦਾ। ਮਨੁੱਖ ਨੂੰ ਆਪਣੇ ਜੀਵਨ ਵਿਚ ਸੰਤੁਸ਼ਟ ਅਤੇ ਸੰਤੋਖੀ ਹੋਣਾ ਚਾਹੀਦਾ ਹੈ ਅਤੇ ਮਨੁੱਖ ਨੂੰ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਸਿਮਰਨਾ ਚਾਹੀਦਾ ਹੈ।

ਜੋਗੀ, ਮੁੱਲ੍ਹਾਂ, ਪੰਡਿਤ, ਸਿੱਧ, ਸੁਰ, ਗਨ, ਗੰਧਰਬ, ਮੁਨੀ, ਸ਼ੇਖ਼, ਪੀਰ, ਸਲਾਰ, ਸੁਲਤਾਨ, ਖ਼ਾਨ, ਮਲੂਕ, ਉਮਰੇ, ਇਹ ਸਭ ਆਪੋ ਆਪਣੇ ਧਰਮ ਮੁਤਾਬਿਕ ਰੁੱਝੇ ਹੋਏ ਹਨ। ਪਰ ਇਹ ਸਾਰੇ ਵੀ ਹੋਰਨਾਂ ਵਾਂਗ ਮਰ ਜਾਂਦੇ ਹਨ। ਮਨੁੱਖ ਨੂੰ ਇਸ ਸੱਚਾਈ ਨੂੰ ਕਦੀ ਵੀ ਨਹੀਂ ਭੁੱਲਣਾ ਚਾਹੀਦਾ।

ਜ਼ਿਆਦਾਤਰ ਮਨੁੱਖ, ਪ੍ਰਮਾਤਮਾ ਬਾਰੇ ਕੇਵਲ ਗੱਲਾਂ ਹੀ ਕਰਦੇ ਹਨ। ਕੋਈ ਵਿਰਲਾ ਮਨੁੱਖ ਹੀ ਉਸ ਸਰਬ-ਵਿਆਪਕ ਪ੍ਰਮਾਤਮਾ ਨਾਲ ਇੱਕ-ਮਿੱਕ ਹੋਣ ਦਾ ਰਸਤਾ ਲੱਭਦਾ ਹੈ।

ਪ੍ਰਮਾਤਮਾ, ਅੱਲ੍ਹਾ, ਅਕੱਥ, ਅਪਹੁੰਚ ਸ੍ਰਿਸ਼ਟੀ ਦਾ ਭਗਵਾਨ, ਸਿਰਜਣਹਾਰ, ਆਪਣੀਆਂ ਮਿਹਰਾਂ ਕਰਨ ਵਾਲਾ, ਦਇਆਵਾਨ, ਸਿਰਫ ਇਕ ਹੀ ਹੈ ਜੋ ਸਦੀਵੀ ਕਾਇਮ ਰਹਿਣ ਵਾਲਾ ਹੈ। ਬਾਕੀ ਸਭ, ਸਿਵਾਏ ਉਹਨਾਂ ਦੇ ਜੋ ਉਸ ਦੀ (ਪ੍ਰਮਾਤਮਾ ਦੀ) ਪੂਜਾ ਕਰਦੇ ਹਨ ਅਤੇ ਉਸ ਨਾਲ ਇੱਕ-ਮਿੱਕ ਹਨ, ਜਨਮ-ਮਰਨ ਦਾ ਚੱਕਰ ਭੁਗਤਣ ਲਈ ਪ੍ਰਮਾਤਮਾ ਵੱਲੋਂ ਨਿਰਧਾਰਿਤ ਹਨ।

ਕੇਵਲ ਪ੍ਰਮਾਤਮਾ ਹੀ ਅਟੱਲ-ਅਮਰ ਹੈ। ਉਹ ਕਿਸੇ ਪ੍ਰਤੀ ਜਵਾਬਦੇਹ ਨਹੀਂ ਹੈ। ਕੇਵਲ ਉਹ ਹੀ ਅਬਿਨਾਸੀ ਹੈ। ਬਾਕੀ ਸਭ ਇਸ ਧਰਤੀ ਅਤੇ ਬ੍ਰਹਿਮੰਡ ਸਮੇਤ

ਦਿਨ, ਰਾਤ, ਤਾਰੇ, ਸੂਰਜ, ਅਤੇ ਚੰਦਰਮਾ ਸਭ ਨਸ਼ਟ ਹੋ ਜਾਣਗੇ। ਇਹ ਇਕ ਅਟੱਲ ਸੱਚਾਈ ਹੈ ਕਿ ਕੇਵਲ ਪ੍ਰਮਾਤਮਾ ਹੀ ਹੈ ਜੋ ਕਦੀ ਨਸ਼ਟ ਨਹੀਂ ਹੋਵੇਗਾ। ਇਸ ਲਈ ਮਨੁੱਖ ਨੂੰ ਇਸ ਸੱਚਾਈ ਤੋਂ ਜਾਗਰੂਕ ਰਹਿਣਾ ਚਾਹੀਦਾ ਹੈ ਕਿ ਇਹ ਸੰਸਾਰ ਬਿਨਸਨਹਾਰ ਹੈ।

ਮਨੁੱਖ ਨੂੰ ਇਸ ਸੰਸਾਰ ਵਿਚ ਚਿਰ-ਸਥਾਈ ਦੇ ਭਰਮ ਵਿਚ ਨਹੀਂ ਰਹਿਣਾ ਚਾਹੀਦਾ। ਮਨੁੱਖ ਨੂੰ ਉਸ ਨੂੰ ਸਿਮਰਨਾ ਚਾਹੀਦਾ ਹੈ ਜੋ ਅਬਿਨਾਸੀ ਹੈ। ਇਸ ਤਰ੍ਹਾਂ ਮਨੁੱਖ ਜਨਮ ਅਤੇ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈ। ਫਿਰ ਉਸ ਮਨੁੱਖ ਦੀ ਸ਼ਾਂਤੀ ਅਤੇ ਪ੍ਰਸੰਨਤਾ ਸਦੀਵੀ ਹੋ ਜਾਂਦੀ ਹੈ।

ਉਪਦੇਸ਼ ਨੰਬਰ 89

ਪ੍ਰਮਾਤਮਾ ਸੰਤ ਦੇ ਅੰਦਰ ਵੀ ਉਸੇ ਤਰ੍ਹਾਂ ਮੌਜੂਦ ਹੈ, ਜਿਵੇਂ ਉਹ ਮਨਮੁਖ ਦੇ ਅੰਦਰ ਹੈ ਸਤਿਗੁਰੂ ਮਨੁੱਖ ਨੂੰ ਉਸ ਅਦ੍ਰਿਸ਼ ਪ੍ਰਮਾਤਮਾ ਨੂੰ ਲੱਭਣ ਵਿਚ ਮਦਦ ਕਰਦਾ ਹੈ

ਪ੍ਰਮਾਤਮਾ ਸੰਤ ਅਤੇ ਸੁੱਖਵਾਦੀ ਅੰਦਰ ਇੱਕੋ ਜਿੰਨਾ (ਬਰਾਬਰਤਾ ਨਾਲ) ਮੌਜੂਦ ਹੈ।

ਉਹ ਹਰ ਥਾਂ 'ਤੇ ਹੈ, ਕੋਈ ਵੀ ਥਾਂ ਐਸੀ ਨਹੀਂ ਹੈ, ਜਿੱਥੇ ਉਹ ਮੌਜੂਦ ਨਹੀਂ ਹੈ। ਉਹ ਸੀਮਾ ਰਹਿਤ ਹੈ ਅਤੇ ਕੋਈ ਵੀ ਉਸ ਦੀਆਂ ਹੱਦਾਂ ਨਹੀਂ ਜਾਣਦਾ। ਗੁਰੂ, ਪ੍ਰਮਾਤਮਾ ਦੇ ਗੁਣਾਂ ਤੋਂ ਪੂਰੀ ਤਰ੍ਹਾਂ ਮੰਤਰ ਮੁਗਧ ਹੁੰਦਾ ਹੈ ਅਤੇ ਉਹ ਉਸ ਦੀ ਵਡਿਆਈ ਨਹੀਂ ਕਰ ਸਕਦਾ।

ਪ੍ਰਮਾਤਮਾ ਨੇ ਇਸ ਸੰਸਾਰ ਦੀ ਰਚਨਾ ਕੀਤੀ। ਹਰੇਕ ਮਨੁੱਖ ਸੰਸਾਰ ਵਿਚ ਉਹੋ ਹੀ ਕਰ ਰਿਹਾ ਹੈ, ਜੋ ਪ੍ਰਮਾਤਮਾ ਨੇ ਉਸ ਲਈ ਨਿਰਧਾਰਿਤ ਕੀਤਾ ਹੈ। ਪ੍ਰਮਾਤਮਾ ਆਪਣੀ ਸ੍ਰਿਸ਼ਟੀ 'ਤੇ ਨਜ਼ਰ ਰੱਖਦਾ ਹੈ ਅਤੇ ਜਿਵੇਂ ਚਾਹੇ, ਉਸ ਉੱਪਰ ਰਾਜ ਕਰਦਾ ਹੈ।

ਪ੍ਰਮਾਤਮਾ ਸਰਬ-ਉੱਚ ਹੈ ਅਤੇ ਆਪਣੀ ਸ੍ਰਿਸ਼ਟੀ ਦੇ ਅੰਦਰ ਵਿਆਪਕ ਹੈ। ਗੁਰੂ ਦੀ ਸਿੱਖਿਆ ਤੋਂ ਬਗੈਰ, ਕੋਈ ਵੀ ਮਨੁੱਖ ਪ੍ਰਮਾਤਮਾ ਦੀ ਆਪਣੇ ਅੰਦਰ ਹੋਂਦ ਨੂੰ ਅਨੁਭਵ ਨਹੀਂ ਕਰ ਸਕਦਾ। ਗੁਰੂ ਹੀ ਕੇਵਲ ਇਕ ਅਜਿਹਾ ਮਹਾਂਪੁਰਖ ਹੈ, ਜੋ ਸਿੱਖ ਨੂੰ ਸੰਸਾਰ ਦੇ ਮੋਹ ਦੇ ਫੰਦੇ ਤੋਂ ਮੁਕਤੀ ਹਾਸਿਲ ਕਰਨ ਵਿਚ ਮਦਦ ਕਰਦਾ ਹੈ।

ਉਸ ਗੁਰੂ ਦੀ ਹਮੇਸ਼ਾ ਮਹਿਮਾ ਹੁੰਦੀ ਹੈ, ਜੋ ਮਨੁੱਖ ਨੂੰ ਪ੍ਰਮਾਤਮਾ ਪਾਸੋਂ ਸਭ ਤੋਂ ਵੱਡਾ ਸਨਮਾਨ ਪਾਉਣ ਦੇ ਕਾਬਿਲ ਬਣਾਉਂਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਪਿਆਰਾ ਬਣ ਜਾਂਦਾ ਹੈ। ਅਨੇਕਾਂ ਮਨੁੱਖ ਅਜਿਹੇ ਵੀ ਹਨ, ਜੋ ਪ੍ਰਮਾਤਮਾ ਨੂੰ ਆਪਣੇ ਤਰੀਕੇ ਨਾਲ ਹਾਸਿਲ ਕਰਨ ਦੀ ਇੱਛਾ ਰੱਖਦੇ ਹਨ, ਪਰ ਪ੍ਰਮਾਤਮਾ ਨੂੰ ਕੇਵਲ ਸਤਿਗੁਰੂ ਦਾ ਸੱਚਾ ਸਿੱਖ ਬਣ ਕੇ ਪਾਇਆ ਜਾ ਸਕਦਾ ਹੈ।

ਸੰਗਤ ਇਕ ਪ੍ਰਤਾਪੀ ਸਭਾ ਹੁੰਦੀ ਹੈ। ਜਦੋਂ ਆਦਮੀ ਅਤੇ ਔਰਤਾਂ ਇਕੱਠੇ ਹੋ ਕੇ ਇਕ ਪ੍ਰਮਾਤਮਾ ਦੀ ਭਗਤੀ ਕਰਨ ਆਉਂਦੇ ਹਨ। ਸੱਚਾ ਸਿੱਖ, ਸਤਿਗੁਰੂ ਪ੍ਰਮਾਤਮਾ ਨਾਲ ਇੱਕ-ਮਿੱਕ ਹੁੰਦਾ ਹੈ ਅਤੇ ਉਸ ਕੋਲੋਂ ਆਦਰ ਪਾਉਂਦਾ ਹੈ। ਸਤਿਗੁਰੂ ਕੇਵਲ ਇਕ ਪ੍ਰਮਾਤਮਾ 'ਤੇ ਵਿਸ਼ਵਾਸ ਰੱਖਣਾ ਹੀ ਨਹੀਂ ਸਿਖਾਉਂਦਾ, ਸਗੋਂ ਉਹ ਸਿੱਖ ਦਾ ਪ੍ਰਮਾਤਮਾ ਨਾਲ ਮਿਲਾਪ ਵੀ ਕਰਾਉਂਦਾ ਹੈ।

ਉਪਦੇਸ਼ ਨੰਬਰ 90

ਭਰਮ ਦੇ ਜਾਦੂ ਹੇਠ ਸੰਸਾਰ ਭਟਕ ਗਿਆ ਹੈ

ਪ੍ਰਮਾਤਮਾ ਦੇ ਪਿਆਰ ਦੀ ਘਾਟ ਕਾਰਣ, ਮਨੁੱਖ ਸੰਸਾਰ ਮਾਰਗ ਤੋਂ ਭਟਕ ਜਾਂਦਾ ਹੈ, ਕਿਉਂਕਿ ਹਰ ਮਨੁੱਖ ਭਰਮ ਦੀ ਤਾਕਤ ਨਾਲ ਜਕੜਿਆ ਹੋਇਆ ਹੈ। ਇਹ ਅਜਿਹਾ ਇਸ ਲਈ ਨਹੀਂ ਹੈ, ਕਿਉਂਕਿ ਪ੍ਰਮਾਤਮਾ ਦੀ ਰਜ਼ਾ ਮੁਤਾਬਿਕ ਲੋਕਾਂ ਨੂੰ ਸੁਤੰਤਰਤਾ ਪੂਰਬਕ ਕਰਮ ਕਰਨ ਦੀ ਸ਼ਕਤੀ ਹੈ। ਅਸਲ ਵਿਚ ਭਰਮ ਸਾਰੇ ਲੋਕਾਂ ਉਤੇ ਆਪਣੀ ਕਾਬੂ ਬਣਾਈ ਰੱਖਦਾ ਹੈ, ਕਿਉਂਕਿ ਪ੍ਰਮਾਤਮਾ ਆਪ ਅਜਿਹਾ ਚਾਹੁੰਦਾ ਹੈ। ਭਰਮ ਦੇ ਜਾਦੂ ਹੇਠ ਰਹਿਣਾ ਪ੍ਰਮਾਤਮਾ ਨਾਲ ਪਿਆਰ ਪਾਉਣ ਦੇ ਬਿਲਕੁਲ ਉਲਟ ਹੈ। ਲੋਕ ਭਰਮ ਦੇ ਪ੍ਰਭਾਵ ਹੇਠ ਰਹਿ ਕੇ ਦੁੱਖ ਭੋਗਦੇ ਹਨ। ਪ੍ਰਮਾਤਮਾ ਦੀ ਰਜ਼ਾ ਮੁਤਾਬਿਕ ਹੀ ਉਹ ਦੁੱਖ ਭੋਗਣ ਲਈ ਨਿਰਧਾਰਿਤ ਕੀਤੇ ਹੁੰਦੇ ਹਨ।

ਉਹਨਾਂ ਦੀ ਕੀ ਪਛਾਣ ਹੈ, ਜੋ ਪ੍ਰਮਾਤਮਾ ਨੂੰ ਪਿਆਰ ਨਹੀਂ ਕਰਦੇ ਅਤੇ ਉਸ ਦਾ

ਸਨਮਾਨ ਨਹੀਂ ਕਰਦੇ। ਉਹ ਬੇਚੈਨ ਅਤੇ ਅਪਮਾਨਜਨਕ ਲੋਕ ਹੁੰਦੇ ਹਨ। ਉਹ ਪ੍ਰਮਾਤਮਾ ਨਾਲ ਸਾਂਝ ਵਿਚ ਨਹੀਂ ਹੁੰਦੇ। ਉਹ ਭਰਮ ਦੇ ਜਾਦੂ ਹੇਠ ਹੁੰਦੇ ਹਨ। ਉਹ ਪਾਪਾਂ ਵਿਚ ਉਲਝ ਜਾਂਦੇ ਹਨ ਅਤੇ ਜੀਵਨ ਵਿਚ ਦੁੱਖ ਪਾਉਂਦੇ ਹਨ।

ਉਹਨਾਂ ਦੀ ਕੀ ਪਛਾਣ ਹੈ ਜੋ ਪ੍ਰਮਾਤਮਾ ਨੂੰ ਪਿਆਰ ਕਰਦੇ ਹਨ ਅਤੇ ਉਸ ਦੀ ਵਡਿਆਈ ਕਰਦੇ ਹਨ। ਉਹ ਉਹੀ ਪ੍ਰਾਪਤ ਕਰਦੇ ਹਨ, ਜੋ ਪਿਛਲੇ ਜਨਮ ਤੋਂ ਉਹਨਾਂ ਪ੍ਰਾਪਤ ਕੀਤਾ ਹੈ। ਪ੍ਰਮਾਤਮਾ ਉਹਨਾਂ ਉਤੇ ਆਪਣੀ ਮਿਹਰ ਦੀ ਬਖ਼ਸ਼ਿਸ਼ ਕਰਦਾ ਹੈ। ਉਹ ਉਹਨਾਂ ਦਾ ਆਪਣੇ ਨਾਲ ਮਿਲਾਪ ਕਰਦਾ ਹੈ।

ਉਹ, ਜਿਨ੍ਹਾਂ ਉੱਪਰ ਪ੍ਰਮਾਤਮਾ ਆਪਣੇ ਹੁਕਮ ਸਵੀਕਾਰ ਕਰਨ ਦੀ ਮਿਹਰ ਬਖ਼ਸ਼ਦਾ ਹੈ, ਉਹਨਾਂ ਉਤੇ ਗੁਰੂ ਦੇ ਗਿਆਨ ਦੀ ਵੀ ਮਿਹਰ ਹੁੰਦੀ ਹੈ। ਇਹ ਉਹੀ ਮਨੁੱਖ ਹੁੰਦੇ ਹਨ ਜੋ ਪ੍ਰਮਾਤਮਾ ਨੂੰ ਆਪਣਾ ਸੁਆਮੀ ਜਾਣ ਕੇ ਪਿਆਰ ਕਰਦੇ ਹਨ।

ਉਹ ਮਨੁੱਖ, ਜੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਵਿਚ ਆਨੰਦ ਪ੍ਰਾਪਤ ਕਰਦੇ ਹਨ, ਉਹ ਪ੍ਰਮਾਤਮਾ ਦੇ ਉਹਨਾਂ ਦੇ ਅੰਗ ਸੰਗ ਹੋਣ ਦੇ ਕਿਸੇ ਵੀ ਸ਼ੰਕੇ ਨੂੰ ਨਹੀਂ ਮੰਨਦੇ। ਉਹ ਸਤਿਗੁਰੂ ਦੇ ਸੱਚੇ ਸਿੱਖ ਹੁੰਦੇ ਹਨ। ਸਤਿਗੁਰੂ ਜਿਸ ਨੂੰ ਆਪਣੀ ਸਿੱਖਿਆ ਦੀ ਮਿਹਰ ਕਰਨ ਲਈ ਚੁਣਦਾ ਹੈ, ਉਸ ਨਾਲ ਪ੍ਰੀਤ ਪਾਉਣ ਲਈ ਪੂਰੀ ਤਾਕਤ ਰੱਖਦਾ ਹੈ ਅਤੇ ਲਗਾਉਂਦਾ ਹੈ।

ਉਪਦੇਸ਼ ਨੰਬਰ 91

ਪ੍ਰਮਾਤਮਾ ਦੀ ਮਿਹਰ ਨਾਲ ਮਨੁੱਖ ਸਤਿਗੁਰੂ ਦੇ ਨਜ਼ਦੀਕ ਆਉਂਦਾ ਹੈ ਜੋ ਉਸ ਨੂੰ (ਮਨੁੱਖ) ਉਸ ਦੇ ਅਹੰਕਾਰ ਤੋਂ ਮੁਕਤ ਕਰਾਉਂਦਾ ਹੈ

ਸਤਿਗੁਰੂ ਦਾ ਸਿੱਖ ਬਣ ਕੇ, ਮਨੁੱਖ ਅਹੰਕਾਰ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਗਿਆਨਵਾਨ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਵਡਭਾਗੀ ਬਣ ਜਾਂਦਾ ਹੈ।

ਗੁਰੂ ਦੀ ਸਿੱਖਿਆ, ਮਨੁੱਖ ਦੇ ਸਾਰੇ ਦੁੱਖ-ਤਕਲੀਫਾਂ ਲਈ ਇਲਾਜ ਦਾ ਕੰਮ ਕਰਦੀ ਹੈ। ਗੁਰੂ ਦਾ ਸਿੱਖ, ਗੁਰੂ ਦੀ ਸਿੱਖਿਆ ਅਤੇ ਉਸ ਦੇ ਪ੍ਰਮਾਤਮਾ ਪ੍ਰਤੀ ਪਿਆਰ ਨੂੰ ਸੰਜੋਦਾ ਹੈ। ਗੁਰੂ ਦਾ ਸਿੱਖ, ਪ੍ਰਸੰਨਤਾ ਦਾ ਸਦੀਵੀ ਆਨੰਦ ਮਾਣਦਾ ਹੈ। ਪ੍ਰਮਾਤਮਾ ਆਪਣੀ ਮਿਹਰ ਸਦਕਾ, ਆਪਣੇ ਸ਼ਰਧਾਲੂ ਨੂੰ ਮੁਕਤੀ ਪ੍ਰਦਾਨ ਕਰਦਾ ਹੈ।

ਸਤਿਗੁਰੂ ਦੇ ਮਿਲ ਜਾਣ ਦਾ ਸਬੂਤ ਇਹੋ ਹੀ ਹੁੰਦਾ ਹੈ ਕਿ ਮਨੁੱਖ ਗੁਰੂ ਦੀ ਰਹਿਨੁਮਾਈ ਵਿਚ ਪ੍ਰਮਾਤਮਾ ਦਾ ਭਗਤ ਬਣ ਜਾਂਦਾ ਹੈ। ਗੁਰੂ ਦੀ ਮਦਦ ਤੋਂ ਬਿਨਾਂ, ਪ੍ਰਮਾਤਮਾ ਨੂੰ ਕੋਈ ਵੀ ਮਨੁੱਖ ਪਾ ਨਹੀਂ ਸਕਦਾ। ਇਹ ਇਕ ਮੰਨੀ ਹੋਈ ਸੱਚਾਈ ਹੈ। ਮਨੁੱਖ ਭਾਵੇਂ ਕਿੰਨੀ ਵੀ ਘਾਲਣਾ ਘਾਲ ਲਏ, ਗੁਰੂ ਦੀ ਸਿੱਖਿਆ ਤੋਂ ਬਗੈਰ ਕੋਈ ਵੀ ਪ੍ਰਮਾਤਮਾ ਦਾ ਮਿਲਾਪ ਹਾਸਿਲ ਨਹੀਂ ਕਰ ਸਕਦਾ।

ਗੁਰੂ ਦਾ ਸਿੱਖ, ਆਪਣੇ ਉਸ ਸਤਿਗੁਰੂ ਤੋਂ ਬਲਿਹਾਰੀ ਜਾਂਦਾ ਹੈ, ਜੋ ਉਸ ਨੂੰ ਸਹੀ

ਮਾਰਗ ਦਿਖਾਉਂਦਾ ਹੈ। ਫਿਰ ਜੀਵਨ ਦੇ ਸਹੀ ਰਸਤਿਆਂ ਦੇ ਬਾਰੇ ਸਿੱਖ ਦੇ ਮਨ ਵਿਚ ਕੋਈ ਸ਼ੱਕ ਨਹੀਂ ਰਹਿੰਦਾ। ਇਹ ਸਭ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਹੁੰਦਾ ਹੈ। ਜੇ ਪ੍ਰਮਾਤਮਾ ਕਿਸੇ ਮਨੁੱਖ ਉੱਪਰ ਆਪਣੀ ਮਿਹਰ ਕਰਦਾ ਹੈ ਤਾਂ ਫਿਰ ਉਹ ਉਸ ਮਨੁੱਖ ਨੂੰ ਗੁਰੂ ਦਾ ਸਿੱਖ ਬਣਾ ਦਿੰਦਾ ਹੈ।

ਪ੍ਰਮਾਤਮਾ ਸਾਰਿਆਂ ਦੇ ਅੰਦਰ ਨਿਵਾਸ ਕਰਦਾ ਹੈ। ਉਹ ਆਪਣੇ ਆਪ ਨੂੰ ਲੁਕੋ ਕੇ ਰੱਖਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਗੁਰੂ ਨੂੰ ਲੱਭਦਾ ਹੈ। ਗੁਰੂ ਦੀ ਸਿੱਖਿਆ ਨਾਲ ਹੀ ਮਨੁੱਖ ਨੂੰ ਪ੍ਰਮਾਤਮਾ ਨਾਲ ਆਪਣੇ ਨਿੱਜੀ ਅਤੇ ਸਿੱਧੇ ਅਨੁਭਵ ਦਾ ਅਹਿਸਾਸ ਹੁੰਦਾ ਹੈ।

ਉਪਦੇਸ਼ ਨੰਬਰ 92

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਭਗਤ ਇਸ ਸੰਸਾਰ ਵਿਚ ਆਉਂਦਾ ਹੈ

ਉਹ ਮਨੁੱਖ, ਜਿਸ ਨੇ ਪਿਛਲੇ ਜਨਮ ਵਿਚ ਪ੍ਰਮਾਤਮਾ ਦੇ ਗੁਣਾਂ ਨੂੰ ਪਾਇਆ ਹੁੰਦਾ ਹੈ, ਉਹ ਪ੍ਰਮਾਤਮਾ ਦੀ ਮਿਹਰ ਨਾਲ ਅਗਲੇ ਜਨਮ ਵਿਚ ਪ੍ਰਮਾਤਮਾ ਦੇ ਭਗਤ ਵਜੋਂ ਪੈਦਾ ਹੁੰਦਾ ਹੈ। ਪ੍ਰਮਾਤਮਾ ਹਰੇਕ ਨੁਕਸਾਨ ਤੋਂ ਉਸ ਭਗਤ ਦੇ ਸਨਮਾਨ ਦੀ ਰੱਖਿਆ ਕਰਦਾ ਹੈ। ਉਹ ਆਪਣੇ ਭਗਤ 'ਤੇ ਹਮੇਸ਼ਾ ਦਿਆਲ ਰਹਿੰਦਾ ਹੈ।

ਪ੍ਰਮਾਤਮਾ ਸਭ ਕੁਛ ਜਾਣਦਾ ਹੈ। ਪ੍ਰਮਾਤਮਾ ਦੇ ਭਗਤ ਨੂੰ ਆਪਣੇ ਆਪ ਉਤੇ ਕਾਬੂ ਪਾਉਣ ਲਈ ਕੋਈ ਤਰੀਕਾ ਅਪਨਾਉਣ ਦੀ ਜ਼ਰੂਰਤ ਨਹੀਂ ਹੁੰਦੀ। ਪ੍ਰਮਾਤਮਾ ਆਪਣੇ ਭਗਤ ਦਾ ਆਦਰ ਏਨਾ ਵਧਾਉਂਦਾ ਹੈ ਜੋ ਸਭ ਨੂੰ ਨਜ਼ਰ ਆਉਂਦਾ ਹੈ। ਹਰ ਜਗ੍ਹਾ 'ਤੇ ਲੋਕ, ਪ੍ਰਮਾਤਮਾ ਦੇ ਭਗਤ ਨੂੰ ਸਨਮਾਨ ਦਿੰਦੇ ਹਨ।

ਪ੍ਰਮਾਤਮਾ ਆਪਣੇ ਭਗਤ ਦੇ ਗੁਣਾਂ ਅਤੇ ਔਗੁਣਾਂ ਦੀ ਪਰਖ ਨਹੀਂ ਕਰਦਾ। ਪ੍ਰਮਾਤਮਾ ਦਇਆਵਾਨ ਹੈ। ਉਹ ਮੁਕਤੀ ਦਾਤਾ ਹੈ। ਉਹ ਹਰ ਮੁਸ਼ਕਿਲ ਘੜੀ ਆਪਣੇ ਭਗਤ ਦੇ ਨਾਲ ਹੁੰਦਾ ਹੈ ਅਤੇ ਉਸ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦਾ ਹੈ।

ਭਗਤ ਵੀ ਦਿਲੋਂ ਪ੍ਰਮਾਤਮਾ ਦੀ ਪੂਜਾ ਕਰਦਾ ਹੈ ਅਤੇ ਉਹ ਜੋ ਵੀ ਚਾਹੁੰਦਾ ਹੈ, ਪ੍ਰਮਾਤਮਾ ਤੋਂ ਪਾ ਲੈਂਦਾ ਹੈ। ਪ੍ਰਮਾਤਮਾ ਦਾ ਹੁਕਮ ਸਭ 'ਤੇ ਚੱਲਦਾ ਹੈ। ਇਥੋਂ ਤੱਕ ਕਿ ਸਭ ਤੋਂ ਵੱਡਾ ਰਾਜਾ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦੀ ਭਗਤੀ ਕਰਨ ਲਈ ਜਿਉਂਦਾ ਹੈ।

ਉਪਦੇਸ਼ ਨੰਬਰ 93

ਪ੍ਰਮਾਤਮਾ ਤੋਂ ਇਲਾਵਾ ਜੋ ਵੀ ਹੈ, ਉਹ ਆਪ ਹੀ ਉਸ ਦਾ ਇਕਲੌਤਾ ਅਤੇ ਵੱਡਾ ਕਾਰਣ ਹੈ

ਪ੍ਰਮਾਤਮਾ ਦੇ ਅੰਗ-ਸੰਗ ਜੋ ਵੀ ਹੈ, ਉਸ ਦੀ ਪ੍ਰਮਾਤਮਾ ਨੇ ਰਚਨਾ ਕੀਤੀ ਹੈ।

ਪ੍ਰਮਾਤਮਾ ਹੀ ਸਭ ਘਟਨਾਵਾਂ ਦਾ ਕਾਰਣ ਹੈ। ਉਪਰੋਕਤ ਸੱਚਾਈ ਸਿਰਫ ਉਹਨਾਂ ਨੂੰ ਹੀ ਸਮਝ ਆਉਂਦੀ ਹੈ, ਜਿਨ੍ਹਾਂ ਉਤੇ ਉਹ ਮਿਹਰ ਕਰਦਾ ਹੈ।

ਗੁਰੂ ਦੇ ਗਿਆਨ ਨਾਲ ਹੀ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ। ਗੁਰੂ ਦਾ ਅਜਿਹਾ ਵਡਭਾਗੀ ਸਿੱਖ, ਭਰਮ-ਭੁਲੇਖਿਆਂ ਦੇ ਜਾਲ ਤੋਂ ਮੁਕਤ ਹੁੰਦਾ ਹੈ। ਭਰਮ-ਭੁਲੇਖਿਆਂ ਦਾ ਜਾਲ ਸਭ ਨੂੰ ਲੁਭਾਉਂਦਾ ਹੈ ਅਤੇ ਆਪਣੇ ਫੰਦੇ ਵਿਚ ਫਸਾ ਲੈਂਦਾ ਹੈ ਅਤੇ ਇਹੋ ਹੀ ਉਹਨਾਂ ਦੇ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਹੈ। ਪ੍ਰਮਾਤਮਾ ਆਪਣੀ ਮਿਹਰ ਨਾਲ ਹੀ, ਗੁਰੂ ਦੇ ਸਿੱਖ ਨੂੰ ਆਪਣੇ ਨਾਲ ਮਿਲਾਉਂਦਾ ਹੈ।

ਹੁਣ ਜੋ ਕੁਛ ਵੀ ਹੋ ਰਿਹਾ ਹੈ, ਉਹ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੋ ਰਿਹਾ ਹੈ। ਠੀਕ ਇਸੇ ਤਰ੍ਹਾਂ ਭੂਤਕਾਲ ਵਿਚ ਵਾਪਰੀਆਂ ਸਾਰੀਆਂ ਘਟਨਾਵਾਂ ਵੀ ਪ੍ਰਮਾਤਮਾ ਦੇ ਹੁਕਮ ਦਾ ਹੀ ਨਤੀਜਾ ਸਨ। ਪ੍ਰਮਾਤਮਾ ਹੀ ਸਿਰਜਣਹਾਰ, ਵਿਨਾਸ਼ਕਾਰ ਅਤੇ ਸੁਧਾਰਕ ਹੈ। ਉਹ ਪਤਿਤਾਂ ਨੂੰ ਉੱਪਰ ਉਠਾਉਂਦਾ ਹੈ ਅਤੇ ਫਿਰ ਆਪਣੀ ਮਿਹਰ ਸਦਕਾ ਉਹਨਾਂ ਦਾ ਆਪਣੇ ਨਾਲ ਮਿਲਾਪ ਕਰਾਉਂਦਾ ਹੈ।

ਉਹ ਮਨੁੱਖ, ਜੋ ਗੰਭੀਰਤਾ ਨਾਲ ਗੁਰੂ ਦਾ ਸਿੱਖ ਬਣਦਾ ਹੈ, ਉਹ ਉਹਨਾਂ ਸਾਰੇ ਭਾਵਨਾਤਮਕ ਬੰਧਨਾਂ ਨੂੰ ਤੋੜ ਦਿੰਦਾ ਹੈ, ਜੋ ਉਸ ਦੇ ਅਤੇ ਪ੍ਰਮਾਤਮਾ ਦੇ ਮਿਲਾਪ ਦੇ ਰਸਤੇ ਵਿਚ ਆਉਂਦੇ ਹਨ। ਅਜਿਹਾ ਸਿੱਖ, ਪ੍ਰਮਾਤਮਾ ਦੁਆਰਾ ਪਵਿੱਤਰ ਬਣਾ ਦਿੱਤਾ ਜਾਂਦਾ ਹੈ। ਉਹ ਇਸ ਸੰਸਾਰ ਤੋਂ ਆਪਣੇ ਸੱਚੇ ਨਿਸ਼ਾਨੇ ਪ੍ਰਮਾਤਮਾ ਨਾਲ ਮਿਲਾਪ ਦੀ ਪੂਰਤੀ ਕਰਨ ਲਈ ਇਸ ਸੰਸਾਰ ਨੂੰ ਛੱਡ ਦਿੰਦਾ ਹੈ।

ਪ੍ਰਮਾਤਮਾ, ਸਲਾਹੁਣ ਯੋਗ, ਪਰਿਪੂਰਨ, ਤੇ ਗੁਣਾਂ ਦਾ ਖ਼ਜ਼ਾਨਾ ਹੈ। ਪ੍ਰਮਾਤਮਾ ਦਾ ਭਗਤ ਦਿਨ ਰਾਤ ਉਸ ਦੇ ਇਹਨਾਂ ਗੁਣਾਂ ਤੋਂ ਬਲਿਹਾਰੀ ਜਾਂਦਾ ਹੈ। ਪ੍ਰਮਾਤਮਾ ਇਹੋ ਜਿਹਾ ਦਾਤਾ ਹੈ, ਜੋ ਬਿਨਾਂ ਮੰਗੇ ਹੀ ਸਭ ਕੁੱਛ ਦਿੰਦਾ ਹੈ। ਮਨੁੱਖ ਨੂੰ ਉਸ ਸਦੀਵੀ ਦਾਤੇ ਪ੍ਰਮਾਤਮਾ ਨੂੰ ਕਦੀ ਵੀ ਨਹੀਂ ਭੁੱਲਣਾ ਚਾਹੀਦਾ।

ਉਪਦੇਸ਼ ਨੰਬਰ 94

ਮਨੁੱਖਾ ਜੀਵਨ ਵਿਚ ਚਾਰ ਵਿਸ਼ੇਸ਼ ਪੜਾਅ ਆਉਂਦੇ ਹਨ

ਰੂਪ ਰੇਖਾ – ੳ

ਜ਼ਿੰਦਗੀ ਦੇ ਡੇਰੇ ਵਿਚ, ਮਨੁੱਖ ਜੀਵਨ ਦੇ ਚਾਰ ਪੜਾਵਾਂ ਵਿੱਚੋਂ ਗੁਜ਼ਰਦਾ ਹੈ। ਹਰ ਪੜਾਅ 'ਤੇ ਜੀਵਨ ਵਿਚ ਕੀ ਵਾਪਰਦਾ ਹੈ, ਦੇ ਆਧਾਰ 'ਤੇ ਹੇਠ ਲਿਖੇ ਚਾਰ ਪੜਾਅ ਹਰੇਕ ਮਨੁੱਖ ਦੇ ਜੀਵਨ ਵਿਚ ਆਉਂਦੇ ਹਨ :

ਜੀਵਨ ਦੇ ਪਹਿਲੇ ਪੜਾਅ ਵਿਚ,

ਪ੍ਰਮਾਤਮਾ ਦੀ ਰਜ਼ਾ ਅਨੁਸਾਰ ਮਨੁੱਖ ਆਪਣੀ ਮਾਂ ਦੀ ਕੁੱਖ ਵਿਚ ਹੁੰਦਾ ਹੈ। ਮਾਂ ਦੀ

ਕੁੱਖ ਦੇ ਅੰਦਰ ਰਹਿਣ ਦੇ ਦੌਰਾਨ, ਮਨੁੱਖ ਪ੍ਰਮਾਤਮਾ ਨਾਲ ਸਾਂਝ ਵਿਚ ਹੁੰਦਾ ਹੈ ਅਤੇ ਸੁਭਾਵਿਕ ਤੌਰ 'ਤੇ, ਪ੍ਰਮਾਤਮਾ ਨਾਲ ਨਿਮਰਤਾ ਦੀ ਹਾਲਤ ਵਿਚ ਹੁੰਦਾ ਹੈ। ਮਾਂ ਦੀ ਕੁੱਖ ਵਿਚ, ਉਲਟਾ ਲਟਕਿਆ ਹੋਇਆ, ਜੀਵ ਸੰਪੂਰਨ ਨਿਮਰਤਾ ਦੀ ਹਾਲਤ ਵਿਚ ਹੁੰਦਾ ਹੈ ਅਤੇ ਪ੍ਰਮਾਤਮਾ ਨਾਲ ਲਗਾਤਾਰ ਸਾਂਝ ਵਿਚ ਹੁੰਦਾ ਹੈ। ਜਨਮ ਸਮੇਂ, ਮਨੁੱਖ ਨੰਗਾ, ਬਿਨਾਂ ਕਿਸੇ ਚੀਜ਼ ਤੋਂ ਇਸ ਸੰਸਾਰ ਵਿਚ ਆਉਂਦਾ ਹੈ। ਮੌਤ ਸਮੇਂ ਵੀ ਮਨੁੱਖ ਦੀ ਬਿਲਕੁਲ ਇਹੋ ਜਿਹੀ ਹੀ ਹਾਲਤ ਹੁੰਦੀ ਹੈ। ਪ੍ਰਮਾਤਮਾ ਮਨੁੱਖ ਲਈ ਜੋ ਵੀ ਇੱਛਾ ਰੱਖਦਾ ਹੈ, ਮਨੁੱਖ ਆਪਣਾ ਲੇਖਾ ਲੈ ਕੇ ਪੈਦਾ ਹੁੰਦਾ ਹੈ। ਪ੍ਰਮਾਤਮਾ ਤੈਅ ਕਰਦਾ ਹੈ ਕਿ ਮਨੁੱਖ ਨੇ ਇਸ ਸੰਸਾਰ ਵਿਚ ਕਿਹੋ ਜਿਹਾ ਜੀਵਨ ਜਿਊਣਾ ਹੈ।

ਜੀਵਨ ਦੇ ਦੂਸਰੇ ਪੜਾਅ ਵਿਚ,

ਮਨੁੱਖ, ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ। ਪਰਿਵਾਰ ਦੇ ਮੈਂਬਰ, ਉਸ ਛੋਟੇ ਜਨਮੇ ਬੱਚੇ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੇ ਹਨ। ਉਸ ਦੀ ਹਰ ਖ਼ੁਸ਼ੀ ਪੂਰੀ ਕਰਦੇ ਹਨ। ਮਾਂ, ਆਪਣੇ ਨਵੇਂ ਜਨਮੇ ਬੱਚੇ ਨਾਲ ਬਹੁਤ ਜ਼ਿਆਦਾ ਮੋਹ ਰੱਖਦੀ ਹੈ। ਅਤਿ ਪਿਆਰ ਅਤੇ ਮੋਹ ਦੇ ਕਾਰਣ, ਮਨੁੱਖ ਇਹ ਗੱਲ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ ਕਿ ਅਜਿਹਾ ਕੁੱਛ ਵੀ ਨਹੀਂ ਹੈ, ਜਿਸ ਨੂੰ ਜੀਵਨ ਦੇ ਅੰਤ ਸਮੇਂ, ਉਹ ਆਪਣਾ ਕਹਿ ਸਕੇ। ਕਿੰਨੀ ਵਿਅੰਗਮਈ ਗੱਲ ਹੈ, ਜੇ ਕਿਤੇ ਮਨੁੱਖ ਇਸ ਨੂੰ ਵਿਚਾਰੇ ਕਿ ਉਹ ਆਪਣੇ ਹੀ ਜਨਮ-ਦਾਤਾ ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ।

ਜੀਵਨ ਦੇ ਤੀਸਰੇ ਪੜਾਅ ਵਿਚ,

ਮਨ ਜੁਆਨੀ ਅਤੇ ਮਾਇਆ ਵਿਚ ਲੀਨ ਹੁੰਦਾ ਹੈ। ਮਨੁੱਖ ਉਸ ਪ੍ਰਮਾਤਮਾ ਨੂੰ ਭੁਲਾ ਦਿੰਦਾ ਹੈ, ਜਿਹੜਾ ਇਕੱਲਾ ਹੀ ਜੁਆਨੀ ਅਤੇ ਮਾਇਆ ਦੇ ਇਹਨਾਂ ਫਾਹਿਆਂ ਤੋਂ ਮੁਕਤੀ ਦਿਵਾਉਣ ਵਾਲਾ ਹੈ। ਜੁਆਨੀ ਅਤੇ ਮਾਇਆ, ਮਨੁੱਖ ਨੂੰ ਘੇਰ ਕੇ ਜੋ ਕੁੱਛ ਕਰਨ ਲਈ ਕਹਿੰਦੇ ਹਨ, ਮਨੁੱਖ ਉਹਨਾਂ ਨੂੰ ਕਰਨ ਵਿਚ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਮਨੁੱਖ ਨਿਆਂਪੂਰਬਕ ਅਤੇ ਸਨਮਾਨ-ਪੂਰਬਕ, ਵਰਤਾਅ ਕਰਨ ਨੂੰ ਨਜ਼ਰਅੰਦਾਜ ਕਰਦਾ ਹੈ।

ਜੀਵਨ ਦੇ ਚੌਥੇ ਪੜਾਅ ਵਿਚ,

ਬਿਨਾਂ ਕਿਸੇ ਨਾਲ ਸਲਾਹ-ਮਸ਼ਵਰਾ ਕੀਤਿਆਂ ਮੌਤ ਆ ਜਾਂਦੀ ਹੈ। ਸਭ ਕੁਝ ਇਕ ਪਲ ਵਿਚ ਖ਼ਤਮ ਹੋ ਜਾਂਦਾ ਹੈ। ਸਾਕ-ਸੰਬੰਧੀ ਅਤੇ ਮਿੱਤਰ ਬਹੁਤ ਦੁਖੀ ਹੁੰਦੇ ਹਨ, ਪਰ ਮੌਤ ਨੂੰ ਟਾਲਿਆ ਨਹੀਂ ਜਾ ਸਕਦਾ। ਜੀਵਨ ਭਰ ਕੀਤੇ ਕਰਮਾਂ ਦਾ ਪ੍ਰਭਾਵ ਨਾਲ ਲੈ ਕੇ ਮਨੁੱਖ ਇਸ ਸੰਸਾਰ ਦਾ ਤਿਆਗ ਕਰਦਾ ਹੈ। ਜੋ ਕੁਛ ਮਨੁੱਖ ਨੇ ਇਸ ਜੀਵਨ ਵਿਚ ਕੀਤਾ ਹੁੰਦਾ ਹੈ, ਉਸ ਦਾ ਪ੍ਰਭਾਵ ਜੀਵਨ ਤੋਂ ਬਾਅਦ ਉਸ ਦੇ ਨਾਲ ਜਾਂਦਾ ਹੈ। ਮਨੁੱਖ ਦੇ ਆਪਣੇ ਕੀਤੇ ਕਰਮ ਹੀ ਮੌਤ ਤੋ ਬਾਅਦ ਉਸ ਦੇ ਆਸਰਾ ਹੁੰਦੇ ਹਨ।

(ਮਨੁੱਖ ਦੀ ਇਹਨਾਂ ਕਰਮਾਂ ਦੇ ਪ੍ਰਭਾਵਾਂ ਦੇ ਆਧਾਰ 'ਤੇ ਹੀ ਪਰਖ ਹੁੰਦੀ ਹੈ। ਇਸ ਦੇ ਨਤੀਜੇ ਵਜੋਂ, ਪਿਛਲੇ ਕਰਮਾਂ ਦੇ ਆਧਾਰ 'ਤੇ ਨਵਾਂ ਜਨਮ ਪ੍ਰਾਪਤ ਹੁੰਦਾ ਹੈ।)

ਮਨੁੱਖੀ ਜੀਵਨ ਦਾ ਸਮਾਂ
ਚਾਰ ਵਿਸ਼ੇਸ਼ ਪੜਾਵਾਂ ਤੋਂ ਮਿਲ ਕੇ ਬਣਿਆ ਹੈ

ਰੂਪ ਰੇਖਾ - ਅ

ਜ਼ਿੰਦਗੀ ਦੇ ਡੇਰੇ ਵਿਚ ਮਨੁੱਖਾ ਜੀਵਨ, ਚਾਰ ਪੜਾਵਾਂ ਵਿੱਚੋਂ ਗੁਜ਼ਰਦਾ ਹੈ। ਜਿਨ੍ਹਾਂ ਚਾਰ ਪੜਾਵਾਂ ਵਿਚ ਜੀਵਨ ਵਿਚ ਜੋ ਕੁਛ ਵਾਪਰਦਾ ਹੈ, ਹੇਠ ਲਿਖੇ ਹਨ :

ਜੀਵਨ ਦੇ ਪਹਿਲੇ ਪੜਾਅ ਵਿਚ,

ਜਦੋਂ ਜੀਵ ਜੰਮਦਾ ਹੈ, ਇਕ ਛੋਟਾ ਜਿਹਾ ਬੱਚਾ ਹੁੰਦਾ ਤਾਂ ਮਾਂ-ਬਾਪ ਉਸ ਨਾਲ ਬੜਾ ਲਾਡ-ਪਿਆਰ ਕਰਦੇ ਹਨ। ਉਹ ਉਸ ਨੂੰ ਖਾਣਾ ਖੁਆਉਂਦੇ ਹਨ ਅਤੇ ਉਸ ਨੂੰ ਖ਼ੁਸ਼ ਕਰਨ ਲਈ ਖੇਡਣ ਲਈ ਖਿਡੌਣੇ ਦਿੰਦੇ ਹਨ। ਮਾਂ-ਬਾਪ ਬੱਚੇ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਹਨ। ਸਾਰੇ ਮਾਂ-ਬਾਪ ਆਪਣੇ ਬੱਚੇ ਨੂੰ ਇੰਜ ਹੀ ਪਿਆਰ ਕਰਦੇ ਹਨ। ਜੀਵ ਇਸ ਸੰਸਾਰ ਵਿਚ ਆਪਣੇ ਪਿਛਲੇ ਜਨਮ ਦੇ ਆਧਾਰ 'ਤੇ ਕੋਈ ਖਾਸ ਮਾਂ-ਬਾਪ ਦੇ ਘਰ ਜਨਮ ਲੈਂਦਾ ਹੈ। ਪਿਛਲੇ ਜਨਮ ਵਿਚ ਕੀਤੇ ਕਰਮ ਹੀ ਨਿਰਧਾਰਿਤ ਕਰਦੇ ਹਨ ਕਿ ਉਹ ਦੁਬਾਰਾ ਜਨਮ ਲੈਣ ਤੋਂ ਬਾਅਦ ਕਿਸ ਤਰ੍ਹਾਂ ਦਾ ਜੀਵਨ ਜੀਵੇਗਾ। ਇਸ ਤਰ੍ਹਾਂ ਜਨਮ-ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ। ਜੀਵ ਇਸ ਚੱਕਰ ਤੋਂ ਸਿਰਫ ਤਾਂ ਹੀ ਬਚ ਸਕਦਾ ਹੈ, ਜੇ ਉਹ ਇਸ ਜਨਮ ਵਿਚ, ਸ਼ਰਧਾ ਨਾਲ ਪ੍ਰਮਾਤਮਾ ਨੂੰ ਸਿਮਰਦਾ ਹੈ। ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ ਮਨੁੱਖ ਕੁਛ ਵੀ ਹਾਸਿਲ ਨਹੀਂ ਕਰਦਾ। ਇਹ ਕੀਮਤੀ ਜੀਵਨ ਵਿਅਰਥ ਹੀ ਚਲਾ ਜਾਂਦਾ ਹੈ। ਇਸ ਲਈ, ਝੂਠੇ ਪਿਆਰ ਅਤੇ ਝੂਠੇ ਲਗਾਵਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਧਿਆਉਣਾ ਚਾਹੀਦਾ ਹੈ।

ਜੀਵਨ ਦੇ ਦੂਸਰੇ ਪੜਾਅ ਵਿਚ,

ਅਹੰਕਾਰ ਅਤੇ ਜੁਆਨੀ ਪ੍ਰਧਾਨ ਬਣ ਜਾਂਦੇ ਹਨ। ਕਾਮ ਦਾ ਜ਼ੋਰ, ਦਿਨ-ਰਾਤ ਜੀਵ 'ਤੇ ਹਾਵੀ ਰਹਿੰਦਾ ਹੈ। ਇਸ ਭਾਵਨਾ ਨਾਲ ਗ੍ਰਸਿਤ ਜੀਵ, ਪ੍ਰਮਾਤਮਾ ਦੀ ਕੋਈ ਪ੍ਰਵਾਹ ਨਹੀਂ ਕਰਦਾ। ਜੀਵ ਜ਼ੁਬਾਨ ਦੇ ਅਤੇ ਹੋਰਨਾਂ ਆਨੰਦਾਂ ਦੀ ਖਾਹਿਸ਼ ਕਰਦਾ ਹੈ, ਸਿਵਾਏ ਉਸ ਆਨੰਦ ਦੇ, ਜੋ ਪ੍ਰਮਾਤਮਾ ਦਾ ਨਾਮ ਸਿਮਰ ਕੇ ਪ੍ਰਾਪਤ ਹੁੰਦਾ ਹੈ। ਜੇ ਜੀਵ ਇਸੇ ਤਰ੍ਹਾਂ ਜੀਵਨ ਜਿਉਂਦਾ ਰਹੇ, ਤਾਂ ਫਿਰ ਜੀਵਨ ਦੇ ਅੰਤ ਵਿਚ ਸਿਰਫ਼ ਝੂਠ ਹੀ ਹੱਥ ਆਉਂਦਾ ਹੈ। ਜੀਵ ਰੱਬੀ ਗਿਆਨ ਤੋਂ ਸੱਖਣਾ ਅਤੇ ਕਿਸੇ ਨੇਕ ਪ੍ਰਾਪਤੀ ਤੋਂ ਬਗੈਰ ਹੀ ਮਰ ਜਾਂਦਾ ਹੈ। ਪ੍ਰਮਾਤਮਾ ਤੋਂ ਦੂਰ ਰਹਿ ਕੇ, ਜਾਂ ਉਸ ਤੋਂ ਵਿਛੜ ਕੇ, ਕੋਈ ਵੀ ਧਾਰਮਿਕ ਕਰਮ-ਕਾਂਡ,

ਜਿਵੇਂ ਧਾਰਮਿਕ ਸਥਾਨ 'ਤੇ ਇਸ਼ਨਾਨ, ਵਰਤ ਕਰਨੇ, ਮੂਰਤੀ-ਪੂਜਾ ਆਦਿ ਤੋਂ ਵੀ ਕੋਈ ਲਾਭ ਨਹੀਂ ਹੁੰਦਾ। ਬੰਧਨ ਤੋਂ ਮੁਕਤ ਹੋਣ ਦਾ ਇੱਕੋ-ਇਕ ਤਰੀਕਾ, ਪ੍ਰਮਾਤਮਾ ਦੀ ਪੂਜਾ-ਭਗਤੀ ਕਰਨਾ ਹੈ।

ਜੀਵਨ ਦੇ ਤੀਸਰੇ ਪੜਾਅ ਵਿਚ,

ਬੁਢੇਪਾ ਆ ਜਾਂਦਾ ਹੈ। ਜੁਆਨੀ ਦੀ ਉਮਰ ਢਲ ਜਾਂਦੀ ਹੈ। ਹਰ ਬੀਤਦਾ ਦਿਨ, ਜ਼ਿੰਦਗੀ ਦਾ ਅੰਤ ਹੋਰ ਨੇੜੇ ਲੈ ਆਉਂਦਾ ਹੈ। ਆਖਿਰਕਾਰ ਜਦੋਂ ਮੌਤ ਆਉਂਦੀ ਹੈ, ਤਾਂ ਮਨੁੱਖ, ਪ੍ਰਮਾਤਮਾ ਤੋਂ ਬੇਮੁਖ ਰਹਿ ਕੇ ਬੀਤਾਏ ਜੀਵਨ 'ਤੇ ਪਛਤਾਉਂਦਾ ਹੈ। ਉਹ ਸਾਰਾ ਕੁਝ ਜੋ ਲਾਲਸਾ ਕਾਰਣ ਆਪਣਾ ਪ੍ਰਤੀਤ ਹੁੰਦਾ ਸੀ, ਹੁਣ ਕਿਸੇ ਹੋਰ ਦਾ ਹੋ ਜਾਂਦਾ ਹੈ। ਮਾੜੇ ਕਰਮਾਂ ਭਰਿਆ ਜੀਵਨ ਬਤੀਤ ਕਰਕੇ, ਭਾਵੇਂ ਕਦੀ ਉਹ ਕਿੰਨੀ ਵੀ ਸਿਆਣਪ ਭਰਿਆ ਕਿਉਂ ਨਾ ਲੱਗ ਰਿਹਾ ਹੋਵੇ, ਮਨੁੱਖ ਸਿਰਫ਼ ਪਛਤਾਉਂਦਾ ਹੀ ਹੈ। ਜੀਵਨ ਦੇ ਇਸ ਪੜਾਅ ਦੇ ਦੌਰਾਨ, ਮਨੁੱਖ ਨੂੰ ਜੋ ਚੀਜ਼ ਸਭ ਤੋਂ ਵੱਧ ਲੋੜੀਂਦੀ ਹੈ, ਉਹ ਹੈ ਪ੍ਰਮਾਤਮਾ ਨਾਲ ਸੱਚਾ ਪਿਆਰ।

ਜੀਵਨ ਦੇ ਚੌਥੇ ਪੜਾਅ ਵਿਚ,

ਮਨੁੱਖ ਬੁਢੇਪੇ ਦੇ ਚਿੰਨ੍ਹਾਂ ਨਾਲ ਗ੍ਰਸਤ ਹੋ ਜਾਂਦਾ ਹੈ। ਸਰੀਰ ਹੁਣ ਕਮਜ਼ੋਰ ਹੋ ਜਾਂਦਾ ਹੈ। ਨਜ਼ਰ ਘੱਟਣ ਲੱਗਦੀ ਹੈ। ਸੁਣਾਈ ਵੀ ਘੱਟ ਦਿੰਦਾ ਹੈ। ਸੁਆਦ ਚੱਖਣ ਵਿਚ ਵੀ ਉਹ ਆਨੰਦ ਪ੍ਰਾਪਤ ਨਹੀਂ ਹੁੰਦਾ। ਇਹਨਾਂ ਸਾਰੇ ਨੁਕਸਾਨਾਂ ਤੋਂ ਉਪਰ, ਮਨੁੱਖ ਦੀ ਅੰਤਰ-ਆਤਮਾ ਸੁੱਚਮਤਾ ਅਤੇ ਨੈਤਿਕਤਾ ਤੋਂ ਖਾਲੀ ਹੋ ਜਾਂਦੀ ਹੈ। ਅਜਿਹੇ ਹਾਲਾਤ ਵਿਚ ਮਨੁੱਖ ਸ਼ਾਂਤ ਅਤੇ ਪ੍ਰਸੰਨ ਨਹੀਂ ਰਹਿ ਸਕਦਾ ਅਤੇ ਬਿਨਾਂ ਸ਼ੱਕ ਨਾਸਤਿਕ, ਉਹ ਮਨੁੱਖ ਜੋ ਪ੍ਰਮਾਤਮਾ ਵਿਚ ਵਿਸ਼ਵਾਸ ਨਹੀਂ ਕਰਦਾ, ਲਈ ਜਨਮ-ਮਰਨ ਦਾ ਚੱਕਰ ਬਣਿਆ ਰਹਿੰਦਾ ਹੈ। ਪ੍ਰਮਾਤਮਾ ਅਤੇ ਉਸ ਦੀ ਰਚਨਾ ਬਾਰੇ, ਗੁਰੂ ਦੀ ਸਿੱਖਿਆ ਤੋਂ ਬੇਮੁਖ ਰਹਿ ਕੇ, ਬਤੀਤ ਕੀਤਾ ਜੀਵਨ, ਨਾ ਹੀ ਨੇਕ ਅਤੇ ਨਾ ਹੀ ਕਿਸੇ ਕੰਮ ਦਾ ਹੁੰਦਾ ਹੈ। ਬੁਢੇਪੇ ਵਿਚ ਸਭ ਤੋਂ ਠੀਕ ਗੱਲ ਗੁਰੂ ਦਾ ਸਿੱਖ ਬਣ ਕੇ, ਉਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ਹੁੰਦਾ ਹੈ।

ਆਖਿਰਕਾਰ, ਬੁਢੇਪੇ ਦੀ ਤਾਕਤ ਮਨੁੱਖ ਨੂੰ ਦਬੋਚ ਲੈਂਦੀ ਹੈ। ਮੌਤ ਆ ਜਾਂਦੀ ਹੈ। ਨੇਕ ਕਰਮਾਂ ਦੀ ਘਾਟ ਕਾਰਨ, ਮਨੁੱਖ ਆਪਣੇ ਜੀਵਨ ਕਾਲ ਦੌਰਾਨ ਕੀਤੇ ਆਪਣੇ ਹੀ ਮੰਦੇ ਕਰਮਾਂ ਦੇ ਨਤੀਜਿਆਂ ਦਾ ਗੁਲਾਮ ਬਣ ਜਾਂਦਾ ਹੈ। ਉਹ ਮਨੁੱਖ, ਜਿਸ ਨੇ ਨੇਕ ਕਰਮ ਕੀਤੇ ਹੁੰਦੇ ਹਨ, ਉਸ ਨੂੰ ਜੀਵਨ ਤੋਂ ਬਾਅਦ ਕੋਈ ਸਜ਼ਾ ਨਹੀਂ ਭੁਗਤਨੀ ਪੈਂਦੀ। ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੁੰਦਾ ਹੈ। ਪ੍ਰਮਾਤਮਾ ਪ੍ਰਤੀ, ਡਰ, ਭੈਅ, ਸਤਿਕਾਰ ਅਤੇ ਪਿਆਰ ਰੱਖ ਕੇ, ਮਨੁੱਖ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਕਿਉਂਕਿ ਉਹ ਬੁਰੇ ਕਰਮਾਂ ਵਿਚ ਨਹੀਂ ਉਲਝਦਾ, ਇਸ ਲਈ ਉਹ ਦੁਬਾਰਾ ਮੌਤ ਦਾ ਸਾਹਮਣਾ ਨਹੀਂ ਕਰਦਾ। ਉਹ

ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਪ੍ਰਮਾਤਮਾ ਉਸ ਦਾ ਆਦਰ (ਦਰਗਾਹ ਵਿਚ) ਕਰਦਾ ਹੈ। ਉਹ ਹੋਰ ਜ਼ਿਆਦਾ ਦੁੱਖ ਨਹੀਂ ਭੋਗਦਾ। ਸਿਰਫ ਗੁਰੂ ਦੀ ਸਿੱਖਿਆ ਵਲੋਂ ਦਰਸਾਏ ਰਸਤੇ 'ਤੇ ਚੱਲ ਕੇ, ਮਾੜੇ ਕਰਮਾਂ ਤੋਂ ਮੁਕਤੀ ਸੰਭਵ ਹੁੰਦੀ ਹੈ।

7. ਰਾਗੁ ਮਾਝ ਅਸਟਪਦੀਆ ਤੋਂ ਪ੍ਰਾਪਤ ਉਪਦੇਸ਼

(ਮਹਲਾ ੧ ਘਰੁ ੧, ਅੰਗ ੧੦੯, ਸ੍ਰੀ ਗੁਰੂ ਗ੍ਰੰਥ ਸਾਹਿਬ)

ੴ ਸਤਿਗੁਰ ਪ੍ਰਸਾਦਿ॥

ਉਪਰੋਕਤ ਉਪਦੇਸ਼ ਨੰਬਰ 1 ਦਾ ਸੰਖੇਪ ਅਨੁਵਾਦ ਹੈ

ਉਪਦੇਸ਼ ਨੰਬਰ 95

ਪ੍ਰਮਾਤਮਾ ਅੱਗੇ ਸੱਚੀ ਅਰਜ਼ੋਈ, ਉਸ ਦੀ ਮਿਹਰ ਮੰਗਣਾ ਹੈ, ਜਿਸ ਨਾਲ ਮਨੁੱਖ ਉਸ ਦੀ ਸਿਫਤ-ਸਾਲਾਹ ਕਰ ਸਕੇ

ਗੁਰੂ, ਪ੍ਰਮਾਤਮਾ ਬਾਰੇ ਜੋ ਕੁਛ ਸਿਖਾਉਂਦਾ ਹੈ, ਉਸ ਨੂੰ ਸਿੱਖਣ ਤੋਂ ਬਾਅਦ ਜਦੋਂ ਮਨੁੱਖ ਦੀ ਪ੍ਰਮਾਤਮਾ ਨਾਲ ਸਾਂਝ ਬਣ ਜਾਂਦੀ ਹੈ, ਫਿਰ ਉਸ ਨੂੰ ਹਰ ਪਾਸੇ ਪ੍ਰਮਾਤਮਾ ਹੀ ਹਾਜ਼ਰ-ਨਾਜ਼ਰ ਨਜ਼ਰ ਆਉਂਦਾ ਹੈ। ਮਨੁੱਖ ਅਜਿਹਾ ਅਨੁਭਵ ਕਰਦਾ ਹੈ, ਜਿਵੇਂ ਉਹ ਉਸ ਸੱਚੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਹੋਵੇ, ਪ੍ਰਮਾਤਮਾ ਉਸ ਮਨੁੱਖ ਪ੍ਰਤੀ ਸਦਾ ਦਿਆਲ ਰਹਿੰਦਾ ਹੈ ਜੋ ਨਿਮਰਤਾ ਪੂਰਬਕ ਉਸ ਨੂੰ ਸਿਮਰਦਾ ਰਹਿੰਦਾ ਹੈ ਅਤੇ ਉਸ ਦੀ ਸਰਬ-ਉੱਚਤਾ ਨੂੰ ਮੰਨਦਾ ਹੈ। ਜਿਸ ਮਨੁੱਖ ਦਾ ਮਨ, ਗੁਰੂ ਦੀ ਸਿੱਖਿਆ ਨਾਲ ਪਵਿੱਤਰ ਹੋ ਜਾਂਦਾ ਹੈ, ਉਹ ਬਹੁਤ ਹੀ ਸਨਮਾਨ ਅਤੇ ਪ੍ਰਸ਼ੰਸਾ ਦਾ ਹੱਕਦਾਰ ਬਣਦਾ ਹੈ। ਪ੍ਰਮਾਤਮਾ ਦੇ ਨਾਮ ਵਿਚ ਅੰਮ੍ਰਿਤ ਦਾ ਗੁਣ ਹੈ, ਜੋ ਮਨੁੱਖ ਦੇ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਲਿਆਉਂਦਾ ਹੈ। ਪ੍ਰੰਤੂ ਇਹ ਅੰਮ੍ਰਿਤ ਕੇਵਲ ਗੁਰੂ ਦੀ ਸਿੱਖਿਆ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਕੋਈ ਵੀ ਮਨੁੱਖੀ ਸੰਬੰਧ ਸਦਾ ਕਾਇਮ ਨਹੀਂ ਰਹਿੰਦਾ, ਕੇਵਲ ਸਾਰੀ ਸ੍ਰਿਸ਼ਟੀ ਦਾ ਮਾਲਕ ਹੀ ਸਦੀਵੀ ਕਾਇਮ ਰਹਿਣ ਵਾਲਾ ਹੈ। ਮਨੁੱਖ ਦਾ ਉਸ (ਪ੍ਰਮਾਤਮਾ) ਨਾਲ ਪ੍ਰੇਮ ਸੰਬੰਧ ਸਦੀਵੀ ਹੈ। ਕਈ ਮਨੁੱਖ ਅਜਿਹੇ ਵੀ ਹਨ, ਜੋ ਉਸ ਪ੍ਰਮਾਤਮਾ ਨੂੰ ਪਿਆਰ ਕੀਤੇ ਅਤੇ ਸਤਿਕਾਰ ਦਿੱਤੇ ਬਗੈਰ ਹੀ ਮਰ ਜਾਂਦੇ ਹਨ। ਉਹ ਜੀਵਨ ਵਿਚ ਮਾੜੇ ਕਰਮ ਕਰਦੇ ਹਨ। ਜੀਵਨ ਦੇ ਅੰਤ ਵਿਚ, ਉਹਨਾਂ ਦੇ ਹੱਥ, ਪਛਤਾਵੇ ਤੋਂ ਇਲਾਵਾ ਹੋਰ ਕੁਛ ਨਹੀਂ ਆਉਂਦਾ।

ਪ੍ਰਮਾਤਮਾ ਦੀ ਪੂਜਾ ਕੇਵਲ ਤਦ ਹੀ ਸੰਭਵ ਹੈ, ਜੇ ਉਸ ਪ੍ਰਮਾਤਮਾ ਦੀ ਸਾਰੇ ਸੰਸਾਰ 'ਤੇ ਸਰਬ-ਵਿਆਪਕਤਾ ਨੂੰ ਕਬੂਲਿਆ ਜਾਵੇ। ਗੁਰੂ ਦੀ ਸਿੱਖਿਆ, ਪ੍ਰਮਾਤਮਾ ਦੀ ਭਗਤੀ ਦਾ ਰਸਤਾ ਦਿਖਾਉਂਦੀ ਹੈ। ਪ੍ਰਮਾਤਮਾ ਦੇ ਫੈਸਲੇ ਹਰੇਕ ਨੂੰ ਮੰਨਣੇ ਪੈਂਦੇ ਹਨ। ਉਹ ਮਨੁੱਖ, ਜੋ ਪ੍ਰਮਾਤਮਾ ਨੂੰ ਪਿਆਰ ਕਰਦੇ ਹਨ, ਉਹ ਸਾਫ਼ ਹੀ ਬਚ ਨਿਕਲਦੇ ਹਨ ਅਤੇ ਜਨਮ-

ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ।

ਗੁਰੂ ਦੀ ਸਿੱਖਿਆ ਤੋਂ ਬਗੈਰ, ਰੱਬੀ ਗਿਆਨ ਦੀ ਘਾਟ ਕਾਰਣ, ਮਨੁੱਖ ਅਗਿਆਨਤਾ ਵਿਚ ਭਟਕਦਾ ਰਹਿੰਦਾ ਹੈ। ਉਹ ਮੌਤ ਦੀ ਮਜ਼ਬੂਤ ਪਕੜ ਵਿਚ ਹੁੰਦਾ ਹੈ, ਜੋ ਬਾਰ-ਬਾਰ ਆਉਂਦੀ ਹੈ। ਉਹ ਹਰ ਜਨਮ ਵਿਚ ਦੁੱਖ ਪਾਉਂਦਾ ਹੈ। ਪ੍ਰਮਾਤਮਾ ਦੀ ਭਗਤੀ ਨਾ ਕਰਕੇ ਮਨੁੱਖ ਇਕੱਲਾ ਰਹਿ ਜਾਂਦਾ ਹੈ। ਕੇਵਲ ਪ੍ਰਮਾਤਮਾ ਦੀ ਭਗਤੀ ਹੀ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਦੀ ਹੈ।

ਜਿਸ ਮਨੁੱਖ ਦੇ ਦਿਲ ਵਿਚ ਪ੍ਰਮਾਤਮਾ ਪ੍ਰਤੀ ਪਿਆਰ ਅਤੇ ਆਦਰ ਨਹੀਂ ਹੁੰਦਾ, ਉਹ ਝੂਠ ਵਿਚ ਜਕੜਿਆ ਰਹਿੰਦਾ ਹੈ। ਉਹ ਸੱਚਾਈ ਤੋਂ ਦੂਰ ਚੱਲਦਾ ਹੈ। ਮਨ ਦੀ ਅਜਿਹੀ ਸਥਿਤੀ, ਉਸ ਨੂੰ ਜਨਮ-ਮਰਨ ਦੇ ਚੱਕਰ ਵਿਚ ਬੰਨ੍ਹ ਕੇ ਰੱਖਦੀ ਹੈ। ਅਪਮਾਨਿਤ ਮਨੁੱਖ ਲਈ ਪ੍ਰਮਾਤਮਾ ਅਜਿਹੀ ਸਥਿਤੀ ਦਾ ਹੁਕਮ ਕਰਦਾ ਹੈ। ਗੁਰੂ ਦੁਆਰਾ ਦਿੱਤੇ ਰੱਬੀ ਗਿਆਨ ਤੋਂ ਬਿਨਾਂ, ਹੋਰ ਕੋਈ ਵੀ ਚੀਜ਼, ਮਨੁੱਖ ਨੂੰ ਇਸ ਤੋਂ ਮੁਕਤ ਨਹੀਂ ਕਰ ਸਕਦੀ।

ਜੇ ਮਨੁੱਖ ਪ੍ਰਮਾਤਮਾ ਤੋਂ ਬੇਮੁੱਖ ਹੁੰਦਾ ਹੈ ਤਾਂ ਉਹ ਝੂਠ ਦਾ ਸ਼ਿਕਾਰ ਹੈ। ਝੂਠ ਵਿਚ ਬਿਤਾਇਆ ਜੀਵਨ ਸਿਰਫ ਦੁੱਖ ਅਤੇ ਪਛਤਾਵਾ ਲੈ ਕੇ ਆਉਂਦਾ ਹੈ। ਮਨੁੱਖ ਬੁਰੇ-ਵਿਚਾਰ ਅਤੇ ਬੁਰੇ ਕਰਮਾਂ ਵਿਚ ਫੋਸਿਆ ਰਹਿੰਦਾ ਹੈ ਅਤੇ ਪ੍ਰਮਾਤਮਾ ਦੀ ਸਰਬ-ਵਿਆਪਕਤਾ ਦਾ ਅਨੁਭਵ ਨਹੀਂ ਕਰ ਪਾਉਂਦਾ। ਕੇਵਲ ਪ੍ਰਮਾਤਮਾ ਹੀ ਇਸ ਝੂਠ ਤੋਂ ਮੁਕਤੀ ਦਿਵਾ ਸਕਦਾ ਹੈ।

ਗੁਰੂ ਦਾ ਸਿੱਖ ਮੁਢਲੀ ਸੱਚਾਈ ਨੂੰ ਸਮਝਦਾ ਹੈ : ਪ੍ਰਮਾਤਮਾ ਸੱਚਾ ਹੈ ਅਤੇ ਮਨੁੱਖ ਨੂੰ ਉਸ ਦਾ ਨਾਮ ਸਿਮਰਨਾ ਚਾਹੀਦਾ ਹੈ। ਅਜਿਹਾ ਸਿੱਖ, ਪ੍ਰਮਾਤਮਾ ਨਾਲ ਪਿਆਰ ਭਰਿਆ ਜੀਵਨ ਜਿਉਂਦਾ ਹੈ। ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਉਹ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ ਅਤੇ ਉਸ ਵਿਚ ਲੀਨ ਹੋ ਜਾਂਦਾ ਹੈ।

ਗੁਰੂ ਦੇ ਸਿੱਖ ਨੂੰ ਸੂਝ ਪ੍ਰਾਪਤ ਹੁੰਦੀ ਹੈ ਕਿ ਉਹ ਅਕਾਲ ਪੁਰਖ ਅਕੱਥ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ, ਸਿਰਫ ਸੱਚਾਈ ਦੀ ਹੀ ਕਦਰ ਕਰਦਾ ਹੈ। ਮਨੁੱਖ ਨੂੰ ਉਸ ਪ੍ਰਮਾਤਮਾ ਅੱਗੇ, ਉਸ ਦੀ ਭਗਤੀ ਦੀ ਦਾਤ ਪ੍ਰਾਪਤ ਕਰਨ ਲਈ ਪੂਰੀ ਸ਼ਰਧਾ ਤੇ ਪ੍ਰੀਤ ਨਾਲ ਅਰਜ਼ੋਈ ਕਰਨੀ ਚਾਹੀਦੀ ਹੈ।

੪. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਤੋਂ ਲਏ ਗਏ ਉਪਦੇਸ਼

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥
ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

(ਅੰਗ ੧੩੭-੧੫੦, ਸ੍ਰੀ ਗੁਰੂ ਗ੍ਰੰਥ ਸਾਹਿਬ)

ਉਪਰੋਕਤ ਉਪਦੇਸ਼ ਨੰਬਰ 1 ਦਾ ਸੰਖੇਪ ਅਨੁਵਾਦ ਹੈ

ਸੰਪੂਰਨ ਸ੍ਰਿਸ਼ਟੀ, ਉਸ ਸਰਬ-ਵਿਆਪਕ ਪ੍ਰਮਾਤਮਾ ਤੋਂ ਹੀ ਉਪਜੀ ਹੈ। ਸਿਰਫ ਉਹ

ਹੀ ਸਦੀਵੀ ਕਾਇਮ ਰਹਿਣ ਵਾਲਾ ਹੈ। ਗੁਰੂ ਅਤੇ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਇਹ ਸੱਚਾਈ ਪਤਾ ਲੱਗਦੀ ਹੈ।

ਉਪਦੇਸ਼ ਨੰਬਰ 96

ਗੁਰੂ ਦੀ ਸਿੱਖਿਆ ਨੂੰ ਨਜ਼ਰਅੰਦਾਜ ਕਰਨਾ, ਮਨੁੱਖਾ ਜਨਮ ਪ੍ਰਾਪਤ ਕਰਨ ਦੀ ਵਡਿਆਈ ਨੂੰ ਡੁਬੋਣਾ ਹੈ

ਗੁਰੂ ਦਾਤਾਂ ਬਖਸ਼ਣ ਵਾਲਾ ਹੈ। ਗੁਰੂ ਸਰਬ ਕਲਾ ਸੰਪੂਰਨ ਹੈ। ਉਹ ਹੋਰਨਾਂ ਨੂੰ ਵੀ, ਜੋ ਉਸ ਦੀ ਸ਼ਰਨ ਵਿਚ ਆਉਂਦੇ ਹਨ, ਸੰਤੁਲਨ ਪ੍ਰਦਾਨ ਕਰਦਾ ਹੈ। ਕੇਵਲ ਗੁਰੂ ਹੀ ਅਗਿਆਨਤਾ ਨੂੰ ਦੂਰ ਕਰਕੇ ਗਿਆਨ ਦੀ ਜੋਤ ਜਗਾਉਂਦਾ ਹੈ। ਗੁਰੂ ਅਜਿਹੀ ਸਿੱਖਿਆ ਪ੍ਰਦਾਨ ਕਰਦਾ ਹੈ ਜੋ ਅਨਾਸ਼ਵਾਨਤਾ ਲਿਆਉਂਦੀ ਹੈ। ਮਨੁੱਖ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਦਾ ਹੈ ਅਤੇ ਉਸ ਦੀ ਸਿੱਖਿਆ ਅਨੁਸਾਰ ਹੀ ਜੀਵਨ ਜਿਉਂਦਾ ਹੈ।

ਗੁਰੂ ਦੀ ਸਿੱਖਿਆ ਤੋਂ ਬਿਨਾਂ ਅਗਿਆਨਤਾ ਵਿਚ ਬਿਤਾਇਆ ਹੋਇਆ ਜੀਵਨ ਹੇਠ ਲਿਖੇ ਦਸ ਹਾਲਾਤਾਂ ਵਿੱਚੋਂ ਗੁਜ਼ਰਦਾ ਹੈ :

- ਜੀਵਨ ਮਾਂ ਦਾ ਦੁੱਧ ਚੁੰਘਦੇ ਹੋਏ ਸ਼ੁਰੂ ਹੁੰਦਾ ਹੈ।
- ਫਿਰ ਮਨੁੱਖ ਮਾਤਾ ਪਿਤਾ ਤੋਂ ਜਾਣੂ ਹੁੰਦਾ ਹੈ।
- ਫਿਰ ਮਨੁੱਖ ਭਰਾਵਾਂ, ਭੈਣਾਂ ਅਤੇ ਰਿਸ਼ਤੇਦਾਰਾਂ ਤੋਂ ਵਾਕਿਫ਼ ਹੁੰਦਾ ਹੈ।
- ਫਿਰ ਪਿਆਰ ਦੀ ਭਾਵਨਾ ਹੋਰ ਫੈਲਦੀ ਹੈ।
- ਫਿਰ ਮਨੁੱਖ ਕਈ ਤਰ੍ਹਾਂ ਦੇ ਖਾਣ-ਪੀਣ ਦਾ ਆਨੰਦ ਮਾਣਦਾ ਹੈ।
- ਫਿਰ ਕਾਮ ਦਾ ਜ਼ੋਰ ਮਨੁੱਖ ਉਤੇ ਹਾਵੀ ਹੁੰਦਾ ਹੈ।
- ਫਿਰ ਇਕ ਗ੍ਰਹਿਸਤੀ ਹੋਣ ਦੇ ਨਾਤੇ ਉਹ ਕਈ ਪ੍ਰਕਾਰ ਦੀਆਂ ਚੀਜ਼ਾਂ ਇਕੱਠੀਆਂ ਕਰਨ ਵਿਚ ਜੁੱਟ ਜਾਂਦਾ ਹੈ।
- ਫਿਰ ਗੁੱਸੇ ਦੀ ਭਾਵਨਾ ਦਿਮਾਗ 'ਤੇ ਸਵਾਰ ਹੁੰਦੀ ਹੈ ਜੋ ਮਨੁੱਖੀ ਸਰੀਰ ਦੇ ਨਾਸ ਦਾ ਕਾਰਣ ਬਣਦੀ ਹੈ।
- ਫਿਰ ਬੁਢੇਪਾ ਆ ਜਾਂਦਾ ਹੈ ਅਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ।
- ਆਖਿਰਕਾਰ, ਮੌਤ ਹੋ ਜਾਂਦੀ ਹੈ। ਭੈਣ-ਭਰਾ ਅਤੇ ਰਿਸ਼ਤੇਦਾਰ ਉਦਾਸ ਹੋ ਜਾਂਦੇ ਹਨ। ਸਰੀਰ ਤੋਂ ਵੱਖ ਹੋ ਕੇ ਆਤਮਾ ਭਟਕਦੀ ਹੈ। ਮਨੁੱਖ ਬਿਨਾਂ ਕਿਸੇ ਚੰਗੀ ਪ੍ਰਾਪਤੀ ਤੋਂ ਅਜਿਹੀਆਂ ਹਾਲਾਤਾਂ ਵਿਚ ਜੀਵਨ ਗੁਜ਼ਾਰ ਦਿੰਦਾ ਹੈ ਜੋ ਮੌਤ ਤੋਂ ਬਾਅਦ ਕਦੀ ਵੀ ਕੰਮ ਨਹੀਂ ਆਉਂਦਾ। ਮਰਨ ਤੋਂ ਬਾਅਦ ਮਨੁੱਖ ਨੂੰ ਮ੍ਰਿਤਕ ਵਜੋਂ ਯਾਦ ਕੀਤਾ

ਜਾਂਦਾ ਹੈ। ਮਰਨ ਵਾਲੇ ਦੇ ਨਾਮ ਤੇ ਉਸ ਦੀ ਮੌਤ ਤੋਂ ਬਾਅਦ ਦਿੱਤਾ ਗਿਆ ਦਾਨ ਉਸ ਨੂੰ ਕੋਈ ਵੀ ਲਾਭ ਨਹੀਂ ਪਹੁੰਚਾਉਂਦਾ।

ਉਪਰੋਕਤ ਸਭ ਉਹਨਾਂ ਲੋਕਾਂ ਨਾਲ ਵਾਪਰਦਾ ਹੈ, ਜੋ ਆਪਣੇ ਹੀ ਮਨ ਦੇ ਮਗਰ ਲੱਗਦੇ ਹਨ ਅਤੇ ਗੁਰੂ ਦੁਆਰਾ ਦਿੱਤੇ ਗਏ ਰੱਬੀ ਗਿਆਨ ਦੀ ਕੋਈ ਕਦਰ ਨਹੀਂ ਕਰਦੇ। ਇਸ ਪ੍ਰਕਾਰ ਅਨਗਿਣਤ ਮਨੁੱਖ, ਇਸ ਮਨੁੱਖੀ ਜੀਵਨ ਦੀ ਦਾਤ ਦੀ ਵਡਿਆਈ ਨੂੰ ਡੁਬੋ ਦਿੰਦੇ ਹਨ।

ਉਪਦੇਸ਼ ਨੰਬਰ 97
ਸੰਸਾਰ ਦਾ ਅਸਲ ਸਰੂਪ ਧੁੰਏ ਵਾਂਗ ਸਫ਼ੈਦ ਨਾਸਵੰਤ ਸਰੂਪ ਵਰਗਾ ਹੈ

ਮਨੁੱਖ ਦਾ ਜੀਵਨ ਕਈ ਪੜਾਵਾਂ ਵਿੱਚੋਂ ਗੁਜ਼ਰਦਾ ਹੈ, ਹਰੇਕ ਪੜਾਅ ਬੜੇ ਥੋੜ੍ਹੇ ਸਮੇਂ ਲਈ ਹੁੰਦਾ ਹੈ। ਬਚਪਨ ਤੋਂ ਸ਼ੁਰੂ ਹੋ ਕੇ, ਮਨੁੱਖ ਵੀਹ ਸਾਲ ਦੀ ਉਮਰ ਦੇ ਕਰੀਬ ਜੁਆਨੀ ਵਿਚ ਦਾਖਿਲ ਹੁੰਦਾ ਹੈ। ਬਾਲਗ ਉਮਰ ਤੀਹ ਸਾਲ ਤੋਂ ਸ਼ੁਰੂ ਹੁੰਦੀ ਹੈ ਅਤੇ ਪ੍ਰੌੜ (ਪ੍ਰਪੱਕ) ਬਾਲਗ ਉਮਰ ਚਾਲੀ ਸਾਲ ਤੋਂ ਸ਼ੁਰੂ ਹੁੰਦੀ ਹੈ। ਬੁਢੇਪਾ ਪੰਜਾਹ ਸਾਲ ਦੀ ਉਮਰ ਵਿਚ ਆਉਂਦਾ ਹੈ। ਸੱਠ ਸਾਲ ਦੀ ਉਮਰ ਵਿਚ ਬੁਢੇਪਾ ਸਾਫ਼ ਤਰ੍ਹਾਂ ਨਜ਼ਰ ਆਉਣ ਲੱਗਦਾ ਹੈ। ਸੱਤਰ ਸਾਲ ਦੀ ਉਮਰ ਵਿਚ ਦਿਮਾਗ ਦੀ ਤੇਜ਼ੀ ਕੁੱਛ ਘੱਟ ਜਾਂਦੀ ਹੈ। ਅੱਸੀ ਸਾਲ ਦੀ ਉਮਰ ਵਿਚ, ਮਨੁੱਖ ਕਮਜ਼ੋਰ ਹੋ ਜਾਂਦਾ ਹੈ ਅਤੇ ਅਜਿਹੇ ਕੰਮ ਕਰਨ ਤੋਂ ਅਸਮਰਥ ਹੋ ਜਾਂਦਾ ਹੈ, ਜਿਨ੍ਹਾਂ ਵਿਚ ਸਰੀਰਿਕ ਅਤੇ ਮਾਨਸਿਕ ਊਰਜਾ ਦੀ ਲੋੜ ਹੁੰਦੀ ਹੈ। ਨੱਬੇ ਸਾਲ ਦੀ ਉਮਰ ਵਿੱਚ ਹੋ ਸਕਦਾ ਹੈ ਕਿ ਮਨੁੱਖ ਕਮਜ਼ੋਰ ਹੋ ਜਾਵੇ ਅਤੇ ਮੰਜਾ ਮੱਲ ਲਵੇ। ਇਸ ਤਰ੍ਹਾਂ ਇਕ ਵਿਚਾਰਕ ਦੇ ਤੌਰ 'ਤੇ ਜੇ ਸੋਚਿਆ ਜਾਵੇ ਤਾਂ ਨਤੀਜਾ ਇਹੋ ਹੀ ਨਿਕਲਦਾ ਹੈ ਕਿ ਜੀਵਨ ਨਾਸਵੰਤ ਹੈ। ਅਸਲ ਵਿਚ ਸਾਰਾ ਸੰਸਾਰ ਹੀ ਨਾਸਵੰਤ ਹੈ। ਸੰਸਾਰ ਵਿਚਲੀ ਹਰ ਚੀਜ਼ ਅਤੇ ਹਰ ਮਨੁੱਖ ਨਾਸਵੰਤ ਹੈ। ਸੰਸਾਰ ਦੇਖਣ ਵਿਚ ਭਾਵੇਂ ਅਸਲ ਨਜ਼ਰ ਆਵੇ, ਪਰ ਸੱਚਾਈ ਇਹ ਹੈ ਕਿ ਇਸ ਦਾ ਸਰੂਪ ਧੁੰਏ ਦਾ ਬਣਿਆ ਹੋਇਆ ਹੈ।

ਉਪਦੇਸ਼ ਨੰਬਰ 98
ਪ੍ਰਮਾਤਮਾ ਦੇ ਸੱਚੇ ਭਗਤਾਂ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ

ਪ੍ਰਮਾਤਮਾ ਸਭਨਾਂ ਦਾ ਸਿਰਜਣਹਾਰ ਹੈ। ਕਿਸੇ ਵੀ ਮਨੁੱਖ ਕੋਲ ਉਸ ਨੂੰ ਹਾਸਿਲ ਕਰਨ ਜਾਂ ਉਸ ਤੱਕ ਪਹੁੰਚਣ ਦੀ ਪਹੁੰਚ ਨਹੀਂ ਹੈ। ਉਸ ਦੀ ਰਚਨਾ ਬੜੀ ਵਿਭਿੰਨ ਹੈ ਅਤੇ ਕਈ ਅਨਗਿਣਤ ਤਰੀਕਿਆਂ ਨਾਲ ਉਸ ਦੀ ਪਾਲਣਾ ਹੁੰਦੀ ਹੈ। ਇਹ ਰਚਨਾ ਪ੍ਰਮਾਤਮਾ ਦਾ ਆਪਣਾ ਰਚਾਇਆ ਖੇਲ ਹੈ। ਸਿਰਫ਼ ਉਸ ਨੂੰ ਹੀ ਇਸ ਦਾ ਪੂਰਾ ਗਿਆਨ ਹੈ। ਕਈ

ਇਸ ਸੰਸਾਰ ਵਿਚ ਜਨਮ ਲੈ ਰਹੇ ਹਨ ਅਤੇ ਕਈ ਬਿਨਾਂ ਪ੍ਰਮਾਤਮਾ ਨਾਲ ਕੋਈ ਸਾਂਝ ਕਾਇਮ ਕੀਤੇ, ਇਸ ਸੰਸਾਰ ਨੂੰ ਛੱਡ ਕੇ ਜਾ ਰਹੇ ਹਨ। ਦੂਸਰੇ ਪਾਸੇ, ਗੁਰੂ ਦੇ ਸਿੱਖ, ਪ੍ਰਮਾਤਮਾ ਦੇ ਪਿਆਰ ਵਿਚ ਪੂਰੀ ਤਰ੍ਹਾਂ ਰੰਗੇ ਹੋਏ ਹਨ। ਗੁਰੂ ਹਰੇਕ ਜੀਵ ਨੂੰ ਉਸ ਅਬਿਨਾਸੀ, ਸਰਬ ਕਲਾ ਸੰਪੂਰਨ ਤੇ ਸਭ ਕੁਝ ਜਾਣਨਹਾਰ ਪ੍ਰਮਾਤਮਾ ਦੇ ਸਿਮਰਨ ਵਿਚ ਜੁੜਣ ਦਾ ਉਪਦੇਸ਼ ਕਰਦਾ ਹੈ। ਪ੍ਰਮਾਤਮਾ ਸਰੱਬਗ ਹੈ, ਬੇਪਰਵਾਹ ਹੈ, ਉਸ ਨੂੰ ਕਿਸੇ ਆਸਰੇ ਦੀ ਲੋੜ ਨਹੀਂ ਹੈ। ਉਹ ਹਰ ਤਰ੍ਹਾਂ ਸਰਬ-ਉੱਚ ਹੈ। ਗੁਰੂ ਇਹ ਧਿਆਨ ਰੱਖਦਾ ਹੈ ਕਿ ਉਹ, ਜੋ, ਸ਼ਰਧਾ ਨਾਲ ਉਸ ਸੱਚੇ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਪ੍ਰਸ਼ੰਸਾ ਦੇ ਕਾਬਿਲ ਹਨ। ਫੇਰ ਵੀ ਉਹਨਾਂ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ।

ਉਪਦੇਸ਼ ਨੰਬਰ 99

ਅਸੀਂ ਆਪਣੇ ਸਿਰਜਣਹਾਰ ਅਤੇ ਪਾਲਨਹਾਰ ਦੀ ਪੂਜਾ ਕਰਨ ਲਈ ਬੱਝੇ ਹੋਏ ਹਾਂ

ਸਿਰਜਣਹਾਰ ਨੇ ਸਾਨੂੰ ਇਕ ਸਰੀਰ ਅਤੇ ਆਤਮਾ ਨਾਲ ਨਿਵਾਜ਼ਿਆ ਹੈ। ਸਰੀਰ ਵਿਚ ਦੇਖਣ ਲਈ ਅੱਖਾਂ, ਬੋਲਣ ਲਈ ਜ਼ੁਬਾਨ, ਸੁਨਣ ਲਈ ਕੰਨ, ਚੱਲਣ ਲਈ ਪੈਰ, ਕੰਮ ਕਰਨ ਲਈ ਹੱਥ ਬਖ਼ਸ਼ੇ ਹਨ ਅਤੇ ਸਾਨੂੰ ਭੋਜਨ ਅਤੇ ਆਸਰਾ ਵੀ ਦਿੱਤਾ ਹੈ। ਦਾਤੇ ਦੀਆਂ ਇਹਨਾਂ ਦਾਤਾਂ ਨੂੰ ਨਾ ਪਛਾਣਨਾ, ਨੈਤਿਕਤਾ ਤੋਂ ਦਿਵਾਲੀਏ ਅਤੇ ਇਕ ਮਹਾਂਮੂਰਖ ਇਨਸਾਨ ਦਾ ਹੀ ਕੰਮ ਹੋ ਸਕਦਾ ਹੈ। ਸੱਚਾਈ ਤਾਂ ਇਹ ਹੈ ਕਿ ਮੌਤ ਤੋਂ ਬਾਅਦ ਸਰੀਰ, ਇਕ ਟੁੱਟੇ ਹੋਏ ਪੱਥਰ ਵਾਂਗ ਹੁੰਦਾ ਹੈ, ਜਿਸ ਨੂੰ ਦੁਬਾਰਾ ਇਸ ਦੇ ਮੂਲ ਰੂਪ ਅਤੇ ਕੰਮ ਲਈ ਵਰਤੋਂ ਵਿਚ ਲਿਆਂਦਾ ਨਹੀਂ ਜਾ ਸਕਦਾ। ਸਿਰਫ਼ ਗੁਰੂ ਦੀ ਸਿੱਖਿਆ ਦੁਆਰਾ ਹੀ ਮਨੁੱਖ ਰੱਬੀ ਗਿਆਨ ਪ੍ਰਾਪਤ ਕਰਦਾ ਹੈ। ਇਹ ਰੱਬੀ ਗਿਆਨ ਫਿਰ ਮਨੁੱਖ ਨੂੰ ਅਗਿਆਨਤਾ ਅਤੇ ਮੂਰਖਤਾ ਤੋਂ ਮੁਕਤ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਉਸ ਨੂੰ ਜਨਮ-ਮਰਨ ਦੇ ਚੱਕਰ ਤੋਂ ਵੀ ਮੁਕਤ ਕਰ ਦਿੰਦਾ ਹੈ।

ਉਪਦੇਸ਼ ਨੰਬਰ 100

ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਉਸ ਨਾਲ ਮਿਲਾਪ ਜਾਂ ਵਿਛੋੜਾ ਹੁੰਦਾ ਹੈ

ਸਿਰਜਣਹਾਰ ਹੀ ਹੁਕਮ ਦਿੰਦਾ ਹੈ ਕਿ ਉਸ ਦੀ ਰਚਨਾ ਨੇ ਕਿਹੋ ਜਿਹਾ ਜੀਵਨ ਜਿਉਣਾ ਹੈ। ਕੋਈ ਵੀ ਮਨੁੱਖ, ਉਸ ਦੇ ਹੁਕਮ ਤੋਂ ਬਿਨਾਂ ਕੁਛ ਨਹੀਂ ਕਰਦਾ। ਦੂਸਰੇ ਸ਼ਬਦਾਂ ਵਿਚ, ਕੋਈ ਵੀ ਮਨੁੱਖ, ਉਸ ਦੇ ਸਰਬ-ਉੱਚ ਰਾਜ, ਜੋ ਉਸ ਦੀ ਸਾਰੀ ਰਚਨਾ 'ਤੇ ਫੈਲਿਆ ਹੋਇਆ ਹੈ, ਨੂੰ ਨਾ ਹੀ ਤੋੜਦਾ ਹੈ ਅਤੇ ਨਾ ਹੀ ਤੋੜ ਸਕਦਾ ਹੈ। ਮਨੁੱਖਤਾ ਉਹਨਾਂ ਤਰੀਕਿਆਂ ਵਿਚ ਰੁੱਝੀ ਹੋਈ ਹੈ, ਜੋ ਪ੍ਰਮਾਤਮਾ ਤੋਂ ਉਸ ਨੂੰ ਵਿਛੋੜ ਦਿੰਦੀ ਹੈ। ਪਰ ਇਹ

ਵੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਅਸੰਤੋਖ ਦੀ ਅੱਗ ਲੋਕਾਂ ਦੇ ਅੰਦਰ ਬਲਦੀ ਰਹਿੰਦੀ ਹੈ। ਉਹ ਹਮੇਸ਼ਾ ਅਸੰਤੁਸ਼ਟ ਰਹਿੰਦੇ ਹਨ। ਇਸ ਪ੍ਰਕਾਰ ਜੀਵੇ ਗਏ ਜੀਵਨ ਕਾਰਣ ਜਨਮ-ਮਰਨ ਦਾ ਚੱਕਰ ਪੈਂਦਾ ਹੈ। ਗੁਰੂ ਦਾ ਗੰਭੀਰ ਸਿੱਖ ਹੀ ਇਸ ਝੂਠੇ ਲਗਾਓ ਨੂੰ ਤੋੜਦਾ ਹੈ, ਜਿਸ ਕਾਰਣ ਪ੍ਰਮਾਤਮਾ ਤੋਂ ਵਿਛੋੜਾ ਪ੍ਰਾਪਤ ਹੁੰਦਾ ਹੈ। ਝੂਠੇ ਲਗਾਓ ਨੂੰ ਤੋੜਨ ਅਤੇ ਪ੍ਰਮਾਤਮਾ ਨਾਲ ਮਿਲਾਪ ਦਾ ਕੋਈ ਹੋਰ ਦੂਸਰਾ ਤਰੀਕਾ ਨਹੀਂ ਹੈ। ਕੇਵਲ ਗੁਰੂ ਹੀ ਰੱਬੀ ਗਿਆਨ ਦਿੰਦਾ ਹੈ ਅਤੇ ਸਿਰਫ ਉਹੋ ਹੀ ਪ੍ਰਮਾਤਮਾ ਨਾਲ ਮਿਲਾਪ ਕਰਾਉਂਦਾ ਹੈ। ਪ੍ਰਮਾਤਮਾ ਦੇ ਆਪਣੀ ਰਚਨਾ ਤੇ ਪੂਰੇ ਪ੍ਰਭਾਵ ਨੂੰ ਜਾਣ ਕੇ ਹੀ ਸ਼ਾਂਤੀ ਅਤੇ ਪ੍ਰਸੰਨਤਾ ਦੀ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਉਹਨਾਂ ਉਤੇ ਸ਼ਾਂਤੀ ਅਤੇ ਪ੍ਰਸੰਨਤਾ ਦੀ ਮਿਹਰ ਕਰਦਾ ਹੈ ਜੋ ਉਸ ਦੇ ਸਰਵ-ਉੱਚ ਰਾਜ ਨੂੰ ਮੰਨਦੇ ਅਤੇ ਉਸ ਅੱਗੇ ਝੁਕਦੇ ਹਨ। ਉਹ ਮਨੁੱਖ, ਜੋ ਪ੍ਰਮਾਤਮਾ ਸਭ ਦੇ ਸੁਆਮੀ, ਨਾਲ ਇਕਸੁਰਤਾ ਨਾਲ ਵਰਤਾਓ ਕਰਦਾ ਹੈ, ਉਹੋ ਮਨੁੱਖ ਸਭ ਤੋਂ ਵੱਡੇ ਭਾਗਾਂ ਵਾਲਾ ਹੈ। ਉਹ ਆਪਣੇ ਆਪ ਅਤੇ ਆਪਣੇ ਨਜ਼ਦੀਕੀਆਂ ਨੂੰ ਵੀ ਇਸ ਝੂਠ ਤੋਂ ਮੁਕਤ ਕਰਾ ਲੈਂਦਾ ਹੈ। ਜੇ ਮਨੁੱਖ, ਪ੍ਰਮਾਤਮਾ ਨੂੰ ਸਿਮਰਦਾ ਹੈ, ਫਿਰ ਉਸ ਦੀ ਚੇਤਨਾ ਵੀ ਨੇਕ ਹੋ ਜਾਂਦੀ ਹੈ ਅਤੇ ਸੰਸਾਰ ਵਿਚ ਉਸ ਦੀ ਸ਼ਖਸੀਅਤ ਗੌਰਵਮਈ ਹੋ ਜਾਂਦੀ ਹੈ।

ਉਪਦੇਸ਼ ਨੰਬਰ 101

ਕੇਵਲ ਪ੍ਰਮਾਤਮਾ ਹੀ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ ਰਚਨਾ ਦੇ ਖੇਡ ਦਾ ਉਹ ਇਕੱਲਾ ਹੀ ਕਾਰਣ ਹੈ ਪ੍ਰਮਾਤਮਾ ਪ੍ਰਤੀ ਪਿਆਰ ਸਭ ਤੋਂ ਵੱਡਾ ਗੁਣ ਹੈ

ਜੋ ਕੁਛ ਵੀ ਉਸ ਦੇ ਆਸ-ਪਾਸ ਮੌਜੂਦ ਹੈ, ਇਹ ਸਭ ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੇ ਲਿਆਂਦਾ ਹੈ। ਉਸ ਨੇ ਹੀ ਮਨੁੱਖਾਂ ਅੰਦਰ ਅਹੰਕਾਰ ਅਤੇ ਲਾਲਚ ਭਰੇ ਹਨ। ਹਰੇਕ ਮਨੁੱਖ, ਪ੍ਰਮਾਤਮਾ ਦੇ ਪ੍ਰਭਾਵ ਹੇਠਾਂ ਹੈ। ਉਸ ਦੇ ਹੁਕਮਾਂ ਦੀ ਉਲੰਘਣਾ ਨਾ ਹੀ ਕੋਈ ਕਰਦਾ ਹੈ ਅਤੇ ਨਾ ਹੀ ਕਰ ਸਕਦਾ ਹੈ। ਗੁਰੂ ਵੱਲੋਂ ਰੱਬੀ ਗਿਆਨ ਗ੍ਰਹਿਣ ਕਰਕੇ, ਉਸ ਦੀ ਮਿਹਰ ਸਦਕਾ, ਕੁੱਛ ਲੋਕ ਪ੍ਰਮਾਤਮਾ ਨਾਲ ਮਿਲਾਪ ਕਰਦੇ ਹਨ। ਉਹ ਪ੍ਰਮਾਤਮਾ ਪ੍ਰਤੀ ਸਦਾ ਆਗਿਆਕਾਰੀ ਰਹਿੰਦੇ ਹਨ। ਪ੍ਰਮਾਤਮਾ ਦੀ ਭਗਤੀ ਦੇ ਰੰਗ ਵਿਚ ਉਹ ਕਿਸੇ ਵੀ ਹੋਰ ਚੀਜ਼ ਨੂੰ ਅਹਿਮੀਅਤ ਨਹੀਂ ਦਿੰਦੇ। ਪ੍ਰਮਾਤਮਾ ਦਾ ਸਿਮਰਨ ਕਰਕੇ ਉਹ ਬਾਕੀ ਸਾਰੇ ਕਾਰਜਾਂ ਨੂੰ ਗੈਰ-ਜ਼ਰੂਰੀ ਮੰਨਦੇ ਹਨ। ਉਹ ਆਪਣੇ ਪਰਿਵਾਰਾਂ ਪ੍ਰਤੀ ਮੋਹ ਵਿਚ ਵਹਿ ਨਹੀਂ ਜਾਂਦੇ। ਉਹ ਪ੍ਰਮਾਤਮਾ ਨੂੰ ਪਿਆਰ ਕਰਦੇ ਹਨ। ਪ੍ਰਮਾਤਮਾ ਉਹਨਾਂ ਨੂੰ ਪਿਆਰ ਕਰਦਾ ਹੈ, ਉਹਨਾਂ ਦੀ ਅੰਤਰ ਆਤਮਾ ਅਤੇ ਸੰਸਾਰ ਵਿਚ ਉਹਨਾਂ ਦਾ ਵਰਤਾਰਾ, ਦੋਨੋਂ ਹੀ ਨਿਹਕਲੰਕ ਹਨ। ਉਹ ਸਿਰਫ਼ ਪ੍ਰਮਾਤਮਾ ਦੇ ਪਿਆਰ ਨਾਲ ਹੀ ਰੰਗੇ ਰਹਿੰਦੇ ਹਨ।

ਉਪਦੇਸ਼ ਨੰਬਰ 102

ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਕਰਮ-ਕਾਂਡ ਕਰਕੇ, ਮਨੁੱਖ ਦੇ ਮਨ ਦੀ ਸ਼ੁੱਧੀ ਨਹੀਂ ਹੁੰਦੀ

ਹੇਠਾਂ ਦਰਸਾਏ ਗਏ ਕਰਮ-ਕਾਂਡਾਂ ਵਿਚੋਂ ਕੋਈ ਵੀ ਕਰਮ-ਕਾਂਡ, ਮਨੁੱਖ ਦੇ ਅੰਤਰ ਮਨ ਦੀ ਸ਼ੁੱਧੀ ਨਹੀਂ ਕਰਦਾ :

- ਪਹਾੜ ਦੀ ਗੁਫਾ ਵਿਚ ਰਹਿ ਕੇ (ਪਹਾੜ ਭਾਵੇਂ ਸੋਨੇ ਦਾ ਵੀ ਕਿਉਂ ਨਾ ਬਣਿਆ ਹੋਵੇ)
- ਪਾਣੀ ਹੇਠਾਂ ਰਹਿ ਕੇ।
- ਜ਼ਮੀਨ ਹੇਠਾਂ ਰਹਿ ਕੇ।
- ਬ੍ਰਹਿਮੰਡ ਵਿਚ ਰਹਿ ਕੇ।
- ਸਿਰ ਦੇ ਭਾਰ ਖੜੇ ਹੋ ਕੇ।
- ਸਿਰ ਤੋਂ ਪੈਰਾਂ ਤੱਕ ਸਰੀਰ ਢੱਕ ਕੇ।
- ਲਗਾਤਾਰ ਇਸ਼ਨਾਨ ਕਰਕੇ।
- ਵੱਖ-ਵੱਖ ਰੰਗਾਂ ਦੇ ਪਹਿਰਾਵੇ ਪਾ ਕੇ, ਜਿਵੇਂ ਕਿ ਸਫੈਦ, ਲਾਲ, ਪੀਲੇ ਜਾਂ ਕਾਲੇ।
- ਧਾਰਮਿਕ ਗ੍ਰੰਥਾਂ ਬਾਰੇ ਗੱਲਬਾਤ (ਵਿਚਾਰ-ਗੋਸ਼ਟੀ) ਕਰਕੇ।
- ਸਰੀਰ ਨੂੰ ਮਲੀਨ ਤੇ ਗੰਦਾ ਰੱਖ ਕੇ।

ਉਪਰੋਕਤ ਕਰਮ-ਕਾਂਡਾਂ ਦੇ ਬਾਵਜੂਦ ਮਨ ਅਗਿਆਨੀ ਅਤੇ ਮਲੀਨ ਹੀ ਰਹਿੰਦਾ ਹੈ। ਇਹ ਮਾੜੇ ਕਰਮਾਂ ਦੇ ਪਿੱਛੇ ਭੱਜਦਾ ਹੈ। ਕੇਵਲ ਗੁਰੂ ਦੀ ਸਿੱਖਿਆ ਦੁਆਰਾ ਹੀ ਮਨੁੱਖ ਦੇ ਮਨ ਅੰਦਰ ਝੂਠ ਦੀ ਪਕੜ ਖ਼ਤਮ ਹੁੰਦੀ ਹੈ।

ਪਵਿੱਤਰਤਾ ਦੇ ਸਵੈ-ਵਿਸ਼ਿਸ਼ਟਤਾ ਦੇ ਕਰਮ, ਸਰੀਰ ਨੂੰ ਚੰਗੀ ਤਰ੍ਹਾਂ ਧੋਣ ਅਤੇ ਫਿਰ ਇਸ ਨੂੰ ਵਧੀਆ ਕੱਪੜਿਆਂ ਨਾਲ ਸਜਾਉਣਾ ਆਦਿ ਸਾਰੇ ਗੁਮਰਾਹ ਕਰਨ ਵਾਲੇ ਹਨ। ਅਜਿਹੇ ਕਰਮ ਕਰਨੇ ਆਪਣੇ ਆਪ ਨੂੰ ਧੋਖਾ ਦੇਣਾ ਹੈ। ਉਹ ਮਨੁੱਖ ਨੂੰ ਉਸ ਦੇ ਮਨ ਦੀ ਗੰਦਗੀ ਤੋਂ ਬੇ-ਖ਼ਬਰ ਰੱਖਦੇ ਹਨ। ਇਸ ਪ੍ਰਬਲ ਅਗਿਆਨਤਾ ਦੇ ਕਾਰਣ ਹੀ ਮਨੁੱਖ ਕਦੀ ਨਾ ਖ਼ਤਮ ਹੋਣ ਵਾਲੇ ਮੌਤ ਦੇ ਡਰ ਨਾਲ ਘਿਰਿਆ ਰਹਿੰਦਾ ਹੈ। ਮਨਮੁਖ ਮਨੁੱਖ ਉਹਨਾਂ ਚੀਜ਼ਾਂ 'ਤੇ ਆਪਣਾ ਹੱਕ ਜਤਾਉਂਦਾ ਹੈ ਜੋ ਕਿਸੇ ਦੂਸਰੇ ਦੀਆਂ ਹੁੰਦੀਆਂ ਹਨ, ਭਾਵੇਂ ਉਹ ਪ੍ਰਮਾਤਮਾ ਦੀਆਂ ਬਖ਼ਸ਼ਿਸ਼ ਹੋਣ ਜਾਂ ਕਿਸੇ ਦੂਸਰੇ ਮਨੁੱਖ ਦੀਆਂ ਵਸਤੂਆਂ। ਪ੍ਰਮਾਤਮਾ ਤੋਂ ਵਿਛੜ ਕੇ ਮਨੁੱਖ ਦੁੱਖ ਪਾਉਂਦਾ ਹੈ। ਇਸ ਦੇ ਉਲਟ, ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਵਿਛੋੜੇ ਤੋਂ ਨਿਜਾਤ ਪਾ ਲੈਂਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਭਗਤ ਬਣ ਜਾਂਦਾ ਹੈ। ਉਹ ਪ੍ਰਮਾਤਮਾ ਨਾਲ ਨੇੜਤਾ ਦੇ ਰਿਸ਼ਤੇ ਦਾ ਆਨੰਦ ਮਾਣਦਾ ਹੈ। ਨਤੀਜੇ ਵਜੋਂ, ਸ਼ਰਧਾਲੂ

ਸ਼ਾਂਤਚਿੱਤ ਅਤੇ ਪ੍ਰਸੰਨ ਹੋ ਜਾਂਦਾ ਹੈ।

ਉਪਦੇਸ਼ ਨੰਬਰ 103

ਪ੍ਰਮਾਤਮਾ ਸਰੀਰ ਅਤੇ ਆਤਮਾ ਦਾ ਮਿਲਾਪ ਕਰਾਉਂਦਾ ਹੈ

ਪ੍ਰਮਾਤਮਾ, ਸਰੀਰ ਅਤੇ ਆਤਮਾ ਦਾ ਮਿਲਾਪ ਕਰਾਉਂਦਾ ਹੈ। ਪ੍ਰਮਾਤਮਾ, ਆਤਮਾ ਨੂੰ ਸਰੀਰ ਤੋਂ ਵੱਖ ਵੀ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਤਿਆਗ ਕੇ, ਮਨੁੱਖ ਕਈ ਤਰ੍ਹਾਂ ਦੀਆਂ ਸੰਸਾਰੀ ਮੌਜਾਂ ਦੇ ਪਿੱਛੇ ਭਟਕਦਾ ਹੈ, ਪਰ ਆਖਿਰਕਾਰ ਦਰਦ ਭਰੇ ਨਤੀਜੇ ਭੁਗਤਦਾ ਹੈ। ਸੰਸਾਰੀ ਮੌਜਾਂ ਦੇ ਮਗਰ ਭਟਕਣਾ ਉਸ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਲਗਾ ਦਿੰਦੀ ਹੈ ਅਤੇ ਉਹ ਕਈ ਤਰ੍ਹਾਂ ਦੇ ਪਾਪ ਕਰਦਾ ਹੈ। ਇਹ ਬੀਮਾਰੀਆਂ ਅਤੇ ਪਾਪ, ਦੁੱਖ, ਮੌਤ ਅਤੇ ਜਨਮ ਮਰਨ ਦੇ ਚੱਕਰ ਦਾ ਕਾਰਣ ਬਣਦੇ ਹਨ।

ਪ੍ਰਮਾਤਮਾ ਦੀ ਭਗਤੀ ਤਿਆਗ ਕੇ, ਮਨੁੱਖ ਅਹੰਕਾਰ ਵਾਲਾ ਵਿਵਹਾਰ ਅਪਣਾਉਂਦਾ ਹੈ ਅਤੇ ਪ੍ਰਮਾਤਮਾ ਨਾਲ ਨਿਖੇੜਤਾ ਅਤੇ ਬੇਮੁਖਤਾ ਵਾਲਾ ਜੀਵਨ ਅਪਣਾਉਂਦਾ ਹੈ। ਪ੍ਰਮਾਤਮਾ ਨਾਲੋਂ ਵਿਛੋੜੇ ਦੀ ਸਥਿਤੀ ਕੇਵਲ ਸਤਿਗੁਰੂ ਹੀ ਦੂਰ (ਖਾਰਿਜ) ਕਰ ਸਕਦਾ ਹੈ। ਗੁਰੂ ਦਾ ਸਿੱਖ ਬਣ ਕੇ ਅਤੇ ਉਸ ਦੀ ਸਿੱਖਿਆ 'ਤੇ ਅਮਲ ਕਰਕੇ, ਮਨੁੱਖ, ਪ੍ਰਮਾਤਮਾ ਦੀ ਸਾਰੀ ਸ੍ਰਿਸ਼ਟੀ 'ਤੇ ਸਰਬਉੱਚਤਾ ਮੰਨ ਲੈਂਦਾ ਹੈ। ਫਿਰ ਉਸ ਦਾ ਪ੍ਰਮਾਤਮਾ ਨਾਲ ਬੇਮੁਖਤਾ ਵੀ ਖਤਮ ਹੋ ਜਾਂਦੀ ਹੈ ਅਤੇ ਫਿਰ ਮਨੁੱਖ ਇਹ ਮਹਿਸੂਸ ਕਰ ਲੈਂਦਾ ਹੈ ਕਿ ਜੋ ਪ੍ਰਮਾਤਮਾ ਵੱਲੋਂ ਨਿਰਧਾਰਿਤ ਹੈ, ਉਸ ਤੋਂ ਬਚਿਆ ਨਹੀਂ ਜਾ ਸਕਦਾ। ਪ੍ਰਮਾਤਮਾ ਜੋ ਵੀ ਚਾਹੁੰਦਾ ਹੈ, ਉਂਝ ਹੀ ਹੁੰਦਾ ਹੈ। ਗੁਰੂ ਦੀ ਸਿੱਖਿਆ ਨਾਲ ਗ੍ਰਹਿਣ ਕੀਤਾ ਗਿਆਨ, ਸ਼ਰਧਾਲੂ ਨੂੰ ਮੁਕਤੀ ਪ੍ਰਦਾਨ ਕਰਦਾ ਹੈ। ਮਨੁੱਖ ਦੀ ਆਤਮਾ ਨੂੰ ਮੁੜ ਜਨਮ-ਮਰਨ ਦੇ ਚੱਕਰ ਵਿਚ ਫਸਣ ਲਈ, ਕਿਸੇ ਸਰੀਰ ਵਿਚ ਨਹੀਂ ਰੱਖਿਆ ਜਾਂਦਾ ਹੈ।

ਉਪਦੇਸ਼ ਨੰਬਰ 104

ਪ੍ਰਮਾਤਮਾ ਦੀ ਭਗਤੀ ਹੋਰ ਸਾਰੇ ਉਦਮਾਂ ਤੇ ਫਤਹਿ ਪ੍ਰਾਪਤ ਕਰਦੀ ਹੈ ਤੇ ਸਾਰੇ ਭੈ ਤੋਂ ਮੁਕਤ ਕਰਦੀ ਹੈ

ਬਗਲਾ ਭਗਤ ਝੂਠ ਬੋਲਦਾ ਹੈ, ਦੂਸਰਿਆਂ ਨੂੰ ਲੁੱਟਦਾ ਹੈ, ਪ੍ਰੰਤੂ ਫੇਰ ਵੀ ਦੂਸਰਿਆਂ ਨੂੰ ਪ੍ਰਵਚਨ ਦਿੰਦਾ ਹੈ। ਅਸਲ ਵਿਚ, ਬਗਲਾ ਭਗਤ ਆਪਣੇ ਆਪ ਨੂੰ ਠੱਗਦਾ ਹੈ ਅਤੇ ਆਪਣੇ ਆਪ ਨੂੰ ਆਪ ਹੀ ਬਰਬਾਦ ਕਰਦਾ ਹੈ। ਉਹ ਉਹਨਾਂ ਸਾਰਿਆਂ ਦੀ ਅਗਵਾਈ ਕਰਦਾ ਹੈ ਜੋ ਨੁਕਸਾਨ ਕਰਨ ਅਤੇ ਸਵੈ-ਨਾਸ਼ ਵਿਚ ਉਸ ਦੇ ਸਾਥੀ ਹੁੰਦੇ ਹਨ।

ਕਈ ਅਜਿਹੇ ਵੀ ਹਨ ਜੋ ਵੈਸ਼ਣੋਂ ਹਨ ਅਤੇ ਜੰਗਲ ਵਿਚ ਰਹਿੰਦੇ ਹਨ ਅਤੇ ਕਈ ਅਜਿਹੇ ਵੀ ਹਨ, ਜੋ ਪੀਲੇ ਚੋਲੇ ਪਾ ਕੇ, ਜੋਗੀ ਜਾਂ ਸੰਨਿਆਸੀ ਅਖਵਾਉਂਦੇ ਹਨ ਅਤੇ ਇੱਧਰ-ਉੱਧਰ ਘੁੰਮਦੇ ਰਹਿੰਦੇ ਹਨ। ਪਰ ਉਹ ਅਸੰਤੋਖ ਦੇ ਦੁੱਖ ਦਰਦ ਸਹਿੰਦੇ ਹਨ ਅਤੇ

ਭੋਜਨ ਅਤੇ ਕੱਪੜੇ ਦੀ ਤਲਾਸ਼ ਵਿਚ ਲੱਗੇ ਰਹਿੰਦੇ ਹਨ। ਅਜਿਹੇ ਮਨੁੱਖ ਆਪਣਾ ਜੀਵਨ ਬਰਬਾਦ ਕਰਦੇ ਹਨ। ਉਹ ਨਾ ਹੀ ਪੂਰੇ ਗ੍ਰਹਿਸਤੀ ਹੁੰਦੇ ਹਨ ਅਤੇ ਨਾ ਹੀ ਪੂਰੇ ਸਾਧੂ। ਉਹ ਮੌਤ ਦੇ ਡਰ ਤੋਂ ਮੁਕਤੀ ਨਹੀਂ ਪਾ ਸਕਦੇ ਅਤੇ ਉਹ ਆਪਣਾ ਜੀਵਨ ਅਸੰਤੋਖ ਦੇ ਸ਼ਿਕਾਰ ਹੋ ਕੇ ਜੀਉਂਦੇ ਹਨ।

ਗੁਰੂ ਦੁਆਰਾ ਦੱਸਿਆ ਗਿਆ ਰੱਬੀ ਗਿਆਨ ਮੌਤ ਦਾ ਡਰ ਭਜਾ ਦਿੰਦਾ ਹੈ। ਅਜਿਹਾ ਵਡਭਾਗੀ ਮਨੁੱਖ ਪ੍ਰਮਾਤਮਾ ਦੇ ਭਗਤਾਂ ਦਾ ਸਤਿਕਾਰ ਕਰਦਾ ਹੈ। ਉਸ ਦਾ ਮਨ ਗੁਰੂ ਦੇ ਗਿਆਨ ਨਾਲ ਰੌਸ਼ਨ ਹੁੰਦਾ ਹੈ। ਗ੍ਰਹਿਸਤੀ ਹੋ ਕੇ ਵੀ, ਉਹ ਪ੍ਰਮਾਤਮਾ ਨਾਲ ਇਕਮਿਕਤਾ ਕਾਇਮ ਕਰਨ ਦੇ ਕਾਬਿਲ ਹੁੰਦਾ ਹੈ ਅਤੇ ਝੂਠ ਦੇ ਫਾਹੇ ਤੋਂ ਮੁਕਤ ਹੁੰਦਾ ਹੈ। ਉਹ ਮਨੁੱਖ, ਜੋ ਗੁਰੂ ਦੀਆਂ ਸਿੱਖਿਆਵਾਂ ਅਨੁਸਾਰ ਨਾਮ ਸਿਮਰਦੇ ਹਨ। ਅਸੰਤੁਸ਼ਟਾਂ ਦੇ ਪ੍ਰਤੀ ਅਸੰਤੁਸ਼ਟ ਰਹਿੰਦੇ ਹਨ - ਉਹ ਜੀਵਨ ਵਿਚ ਅਸੰਤੋਖ ਕਾਰਣ ਦੁੱਖ ਨਹੀਂ ਭੁਗਤਦੇ।

ਉਪਦੇਸ਼ ਨੰਬਰ 105

ਸਤਿ, ਪ੍ਰਮਾਤਮਾ ਦੀ ਭਗਤੀ ਦੀ ਨੀਂਹ ਹੈ

ਕਿਸੇ ਮਨੁੱਖ ਦੇ ਕੱਪੜਿਆਂ ਉੱਪਰ ਲੱਗੇ ਖ਼ੂਨ ਦੇ ਦਾਗ਼, ਉਸ ਕੱਪੜੇ ਨੂੰ ਪਾਉਣ ਦੇ ਕਾਬਿਲ ਨਹੀਂ ਰਹਿਣ ਦਿੰਦੇ। ਜੇ ਕੋਈ ਮਨੁੱਖ, ਕਿਸੇ ਦੂਸਰੇ ਦੀ ਚੀਜ਼ 'ਤੇ ਕਬਜ਼ਾ ਕਰੇ, ਤਾਂ ਫਿਰ ਉਸ ਦੀ ਆਤਮਾ 'ਤੇ ਦਾਗ਼ ਲੱਗ ਜਾਂਦਾ ਹੈ ਅਤੇ ਉਹ ਪ੍ਰਮਾਤਮਾ ਦੀ ਭਗਤੀ ਦੇ ਨਾਕਾਬਿਲ ਹੋ ਜਾਂਦਾ ਹੈ।

ਇਹ ਲਾਜ਼ਮੀ ਹੈ ਕਿ ਮਨੁੱਖ ਸੱਚੇ ਮਨ ਨਾਲ ਪ੍ਰਮਾਤਮਾ ਦੀ ਭਗਤੀ ਕਰੇ। ਨਹੀਂ ਤੇ ਜੇ ਭਗਤੀ ਵਿਚ ਮਨ ਹੀ ਸੱਚਾ ਨਹੀਂ ਹੈ ਤਾਂ ਫਿਰ ਪ੍ਰਮਾਤਮਾ ਅਜਿਹੀ ਝੂਠੀ ਭਗਤੀ ਨੂੰ ਨਕਾਰ ਦਿੰਦਾ ਹੈ। ਇਹ ਨਕਾਰਨਾ ਬਿਲਕੁਲ ਉਂਝ ਹੀ ਹੈ, ਜਿਵੇਂ ਕੱਪੜੇ ਉੱਪਰ ਖ਼ੂਨ ਦੇ ਦਾਗ਼ ਕਾਰਣ ਪਹਿਨਣ ਵਾਲਾ ਉਸ ਨੂੰ ਪਹਿਨਣ ਤੋਂ ਇਨਕਾਰ ਕਰ ਦਿੰਦਾ ਹੈ। ਠੀਕ ਇਸੇ ਤਰ੍ਹਾਂ, ਝੂਠੀ ਪੂਜਾ ਵੀ ਪ੍ਰਮਾਤਮਾ ਦੀ ਮਾਨਤਾ ਲਈ ਯੋਗ ਨਹੀਂ ਹੁੰਦੀ।

ਜੇਕਰ ਕਿਸੇ ਮਨੁੱਖ ਵਿਚ ਕਿਸੇ ਗੁਣਾਂ ਜਾਂ ਨਿਪੁੰਨਤਾ ਦੀ ਕਮੀ ਹੈ, ਤਾਂ ਫਿਰ ਵੀ ਉਹਨਾਂ ਦੇ ਹੋਣ ਦਾ ਦਾਅਵਾ ਕਰਨਾ ਗਲਤ ਹੈ। ਨਹੀਂ ਤਾਂ ਫਿਰ ਮਨੁੱਖ ਪੂਰਾ ਬਗਲਾ-ਭਗਤ ਹੈ। ਇਕ ਬਗਲਾ-ਭਗਤ, ਜੋ ਨਿੱਜੀ ਗੁਣ ਤਾਂ ਨਿਪੁੰਨਤਾ ਉਸ ਕੋਲ ਹੈ ਜਾਂ ਨਹੀਂ ਹੈ, ਉਹਨਾਂ ਬਾਰੇ ਸਵੈ-ਅਲੋਚਕ ਹੋ ਕੇ ਫਰਕ ਕਰਨ ਦੇ ਕਾਬਿਲ ਨਹੀਂ ਹੁੰਦਾ। ਇਕ ਬਗਲਾ-ਭਗਤ ਇਨਸਾਨ ਆਪਣੇ ਬੀਤੇ ਕਰਮ, ਭਵਿੱਖ ਦੀਆਂ ਯੋਜਨਾਵਾਂ ਅਤੇ ਆਪਣੀਆਂ ਕਈ ਕਥਨਾਂ ਬਾਰੇ ਵਿਰੋਧਾਭਾਸ ਰੱਖਦਾ ਹੈ। ਉਹ ਭਾਵੇਂ ਆਪਣੇ ਪਿੱਛੇ ਬਗਲਾ-ਭਗਤੀ ਵਾਲੇ ਕਰਮ ਅਤੇ ਕਥਨਾਂ ਦੇ ਦਾਗ਼ ਮਿਟਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਫੇਰ ਵੀ ਉਹ ਹੋਰ ਕਈ ਨਵੇਂ ਦਾਗ਼ ਇਕੱਠੇ ਕਰਦਾ ਜਾਂਦਾ ਹੈ।

ਬਗਲਾ ਭਗਤ ਦੂਸਰਿਆਂ ਨੂੰ ਉਹ ਸਭ ਕੁਛ ਸਿਖਾਉਂਦਾ ਹੈ ਜੋ ਉਹ ਆਪ ਨਾ ਹੀ

ਜਾਣਦਾ ਹੈ ਅਤੇ ਨਾ ਹੀ ਉਹਨਾਂ 'ਤੇ ਅਮਲ ਕਰਦਾ ਹੈ। ਜੇ ਕੋਈ ਮਨੁੱਖ ਅਜਿਹਾ ਕਰਦਾ ਹੈ ਤਾਂ ਫਿਰ ਉਸ ਦੇ ਕਰਮ ਬਿਲਕੁਲ ਉਸ ਅੰਨੇ ਆਦਮੀ ਵਰਗੇ ਹਨ, ਜੋ ਕਿਸੇ ਖਾਸ ਮੰਜ਼ਿਲ 'ਤੇ ਪਹੁੰਚਣ ਲਈ ਦੂਜਿਆਂ ਨੂੰ ਖ਼ਾਸ ਰਸਤਾ ਦਿਖਾਉਂਦਾ ਹੈ। ਅਜਿਹਾ ਸਲਾਹ ਦਾ ਨਤੀਜਾ ਤਬਾਹੀ ਤੋਂ ਇਲਾਵਾ ਹੋਰ ਕੁੱਛ ਨਹੀਂ ਹੋ ਸਕਦਾ। ਉਹ ਆਗੂ, ਜੋ ਪ੍ਰਮਾਤਮਾ ਦੀ ਭਗਤੀ ਵਿਚ ਸੱਚਾ ਨਹੀਂ ਹੈ ਅਤੇ ਆਪਣੇ ਸਿੱਖਾਂ ਨੂੰ ਵੀ ਗੁੰਮਰਾਹ ਕਰਦਾ ਹੈ, ਜੀਵਨ ਤੋਂ ਬਾਅਦ ਪ੍ਰਮਾਤਮਾ ਦੀ ਸਜ਼ਾ ਦਾ ਹੱਕਦਾਰ ਵੀ ਹੁੰਦਾ ਹੈ ਅਤੇ ਸਜ਼ਾ ਪਾਉਂਦਾ ਵੀ ਹੈ।

ਉਪਦੇਸ਼ ਨੰਬਰ 106

ਪ੍ਰਮਾਤਮਾ ਨਾਲ ਮਿਲਾਪ ਦਾ ਇਕ ਖ਼ਾਸ ਰਸਤਾ (ਤਰੀਕਾ) ਹੈ

ਇਸ ਗੱਲ 'ਤੇ ਵਿਸ਼ਵਾਸ ਕਰਨਾ ਕਿ ਉਸ ਪ੍ਰਮਾਤਮਾ ਨੂੰ ਖੋਜਣ (ਪਾਉਣ) ਲਈ ਕੋਈ ਖ਼ਾਸ ਮਹੀਨਾ ਜਾਂ ਕੋਈ ਖ਼ਾਸ ਮੌਸਮ ਹੈ, ਤਾਂ ਯਕੀਨਨ ਹੀ ਉਸ ਸਦੀਵੀ ਕਾਇਮ ਰਹਿਣ ਵਾਲੇ, ਅਦ੍ਰਿਸ਼ ਅਤੇ ਬੇਅੰਤ ਪ੍ਰਮਾਤਮਾ ਨਾਲ ਜੁੜਨ ਦਾ ਜਾਂ ਸਾਂਝ ਕਾਇਮ ਕਰਨ ਦਾ ਇਹ ਠੀਕ ਰਸਤਾ ਨਹੀਂ ਹੈ। ਠੀਕ ਇਸੇ ਤਰ੍ਹਾਂ, ਇਕ ਬਹੁਤ ਹੀ ਗਿਆਨਵਾਨ ਵਿਅਕਤੀ ਅਸਲ ਵਿਚ ਮੂਰਖ ਹੈ, ਜੇ ਉਹ ਲਾਲਚ ਅਤੇ ਆਤਮ-ਉੱਨਤੀ ਵਾਲਾ ਜੀਵਨ ਜਿਉਂਦਾ ਹੈ।

ਗੁਰੂ ਦੀ ਸਿੱਖਿਆਵਾਂ ਦਾ ਅਧਿਐਨ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਦਾ ਅਰਥ ਸਮਝਣ ਵਿਚ ਮਦਦ ਕਰਦਾ ਹੈ। ਇਹ ਅਧਿਐਨ ਮਨੁੱਖ ਨੂੰ ਇਕ ਅਦਭੁੱਤ ਤਰ੍ਹਾਂ ਦਾ ਖ਼ਜ਼ਾਨਾ ਇਕੱਠੀ ਕਰਨ ਵਿਚ ਮਦਦ ਕਰਦਾ ਹੈ, ਪ੍ਰਮਾਤਮਾ ਦਾ ਨਾਮ ਧਿਆਉਣ ਦਾ ਖ਼ਜ਼ਾਨਾ। ਇਸ ਖ਼ਜ਼ਾਨੇ ਦਾ ਭੰਡਾਰ ਉਹ ਜੋੜ ਹੈ ਜਿੰਨੀ ਵਾਰ ਮਨੁੱਖ ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ। ਉਸ ਬੇਦਾਗ ਪ੍ਰਮਾਤਮਾ ਵਿਚ ਵਿਸ਼ਵਾਸ ਕਰਨ ਅਤੇ ਉਸ ਨੂੰ ਸਿਮਰਨਾ ਤੇ ਮਨੁੱਖ (ਦਰਗਾਹ ਵਿਚ) ਪ੍ਰਮਾਤਮਾ ਤੋਂ ਆਦਰ ਪਾਉਂਦਾ ਹੈ। ਪ੍ਰਮਾਤਮਾ, ਮਨੁੱਖ ਦੀ ਆਤਮਾ, ਜੋ ਕਿ ਪ੍ਰਮਾਤਮਾ ਦੀ ਤਰ੍ਹਾਂ ਹੀ ਬੇਅੰਤ ਅਤੇ ਸਦੀਵੀ ਕਾਇਮ ਰਹਿਣ ਵਾਲੀ ਹੈ, ਦਾ ਮਾਲਕ ਹੈ। ਪ੍ਰਮਾਤਮਾ ਦੇ ਬੇਅੰਤ ਸੋਮੇ ਹਨ। ਪ੍ਰਮਾਤਮਾ ਵੱਲੋਂ ਰਚੇ ਹੋਏ (ਪੈਦਾ ਕੀਤੇ) ਮਨੁੱਖ ਛੋਟੇ-ਛੋਟੇ ਵਪਾਰੀਆਂ ਵਾਂਗ ਹਨ ਜੋ ਇਹਨਾਂ ਬੇਅੰਤ ਸੋਮਿਆਂ ਵਿਚ ਹਿੱਸਾ ਲੈਂਦੇ ਹਨ। ਉਹ ਇਸ ਸੰਸਾਰ ਵਿਚ ਆਉਂਦੇ ਹਨ, ਆਪਣਾ ਵਪਾਰ ਕਰਦੇ ਹਨ ਅਤੇ ਸੰਸਾਰ ਤੋਂ ਚਲੇ ਜਾਂਦੇ ਹਨ।

ਉਪਦੇਸ਼ ਨੰਬਰ 107

ਕਿਹੜੀ ਚੀਜ਼ ਮਨੁੱਖ ਨੂੰ ਮੁਸਲਮਾਨ-ਇਸਲਾਮ ਦਾ ਸੱਚਾ ਪੈਰੋਕਾਰ ਬਣਾਉਂਦੀ ਹੈ

ਇਸਲਾਮ ਦੇ ਸੱਚੇ ਪੈਰੋਕਾਰ ਨੂੰ ਸਿਰਫ ਮਸਜਿਦ ਹੀ ਨਹੀਂ ਜਾਣਾ ਚਾਹੀਦਾ, ਸਗੋਂ

ਦੂਸਰਿਆਂ ਪ੍ਰਤੀ ਵੀ ਦਿਆਲਤਾ ਰੱਖਣੀ ਚਾਹੀਦੀ ਹੈ। ਉਸ ਨੂੰ ਸਿਰਫ਼ ਇਸਲਾਮ-ਮੱਤ ਦੇ ਅਨੁਸਾਰ ਦਿਨ ਵਿਚ ਪੰਜ ਵਾਰ ਸਿਰਫ਼ ਨਮਾਜ਼ ਹੀ ਨਹੀਂ ਪੜ੍ਹਨੀ ਚਾਹੀਦੀ, ਬਲਕਿ ਆਪਣੇ ਧਰਮ ਪ੍ਰਤੀ ਵਚਨਬੱਧ ਹੋਣਾ ਚਾਹੀਦਾ ਹੈ। ਕੁਰਾਨ ਨੂੰ ਪਵਿੱਤਰ ਧਾਰਮਿਕ ਗ੍ਰੰਥ ਹੀ ਨਹੀਂ ਮੰਨਣਾ ਚਾਹੀਦਾ, ਸਗੋਂ ਆਪਣੀ ਰੋਜ਼ੀ-ਰੋਟੀ ਇਮਾਨਦਾਰੀ ਨਾਲ ਕਮਾਉਣੀ ਚਾਹੀਦੀ ਹੈ। ਉਸ ਨੂੰ ਸਿਰਫ਼ ਭੈੜੇ ਅਮਲਾਂ ਤੇ ਸੁੰਨਤ ਹੀ ਨਹੀਂ ਕਰਾਉਣੀ ਚਾਹੀਦੀ, ਉਸ ਨੂੰ ਨੇਕ ਕਰਮ ਵੀ ਕਰਨੇ ਚਾਹੀਦੇ ਹਨ। ਸਿਰਫ਼ ਕਾਬੇ ਜਾ ਕੇ ਹੱਜ ਹੀ ਨਹੀਂ ਕਰਨੇ ਚਾਹੀਦੇ, ਬਲਕਿ ਆਪਣੇ ਵਿਵਹਾਰ ਵਿਚ ਉੱਚ ਨੈਤਿਕਤਾ ਦਿਖਾਉਣੀ ਚਾਹੀਦੀ ਹੈ। ਆਪਣੇ ਧਾਰਮਿਕ ਆਗੂਆਂ ਨੂੰ ਸਿਰਫ਼ ਵਿਧੀ ਪੂਰਬਕ ਸਲਾਮ ਹੀ ਨਹੀਂ ਕਰਨਾ ਚਾਹੀਦਾ, ਬਲਕਿ ਉਸ ਨੂੰ ਇਮਾਨਦਾਰ ਅਤੇ ਸੱਚਾ ਹੋਣਾ ਚਾਹੀਦਾ ਹੈ। ਉਸ ਨੂੰ ਸਿਰਫ਼ ਕਲਮਾ ਅਤੇ ਨਮਾਜ਼ ਹੀ ਨਹੀਂ ਪੜ੍ਹਨੀ ਚਾਹੀਦੀ, ਬਲਕਿ ਨੇਕ ਕਰਮ ਵੀ ਕਮਾਉਣੇ ਚਾਹੀਦੇ ਹਨ। ਉਸ ਨੂੰ ਸਿਰਫ਼ ਮਾਲਾ ਹੀ ਨਹੀਂ ਫੇਰਨੀ ਚਾਹੀਦੀ, ਬਲਕਿ ਪ੍ਰਮਾਤਮਾ ਤੇ ਉਸ ਦੀ ਰਚਨਾ ਤੇ ਸਰਬਉੱਚ ਰਾਜ ਨੂੰ ਸਵੀਕਾਰਨਾ ਚਾਹੀਦਾ ਹੈ ਅਤੇ ਮਾਨਤਾ ਵਜੋਂ ਉਸ ਪ੍ਰਮਾਤਮਾ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ। ਸਿਰਫ ਉਪਰੋਕਤ ਗੁਣਾਂ ਵਾਲਾ ਮੁਸਲਮਾਨ ਹੀ ਪ੍ਰਮਾਤਮਾ ਦੀ ਸੁਰੱਖਿਆ ਪਾਉਣ ਦਾ ਹੱਕਦਾਰ ਹੈ ਅਤੇ ਉਸ ਪ੍ਰਮਾਤਮਾ ਨੂੰ ਕਬੂਲ ਹੈ।

ਕਿਸੇ ਦੂਸਰੇ ਦੀ ਚੀਜ਼ ਨੂੰ ਖੋਹਣਾ, ਮੁਸਲਮਾਨ ਲਈ ਸੂਰ ਦਾ ਮਾਸ ਖਾਣ ਅਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਦੇ ਬਰਾਬਰ ਹੈ। ਜੋ ਚੀਜ਼ ਆਪਣੀ ਨਹੀਂ ਹੈ, ਉਸ ਨੂੰ ਖੋਹਣ ਦੀ ਗੁਰੂ ਕਦੀ ਵੀ ਹਿਮਾਇਤ ਨਹੀਂ ਕਰਦਾ। ਇਕ ਮੁਸਲਮਾਨ ਕੇਵਲ ਸ਼ਬਦਾਂ ਨਾਲ ਨਹੀਂ, ਸਗੋਂ ਨੇਕ ਕਰਮਾਂ ਨਾਲ ਬਹਿਸ਼ਤ ਵਿਚ ਜਾਂਦਾ ਹੈ। ਝੂਠ ਦੀ ਤਲਾਸ਼ ਨੂੰ ਕਿਸੇ ਵੀ ਤਰ੍ਹਾਂ ਸੱਚ ਦੀ ਤਲਾਸ਼ ਬਣਾ ਕੇ ਨਹੀਂ ਦਿਖਾਇਆ ਜਾ ਸਕਦਾ। ਜੇ ਮਨੁੱਖ ਆਪਣੇ ਸ਼ਬਦਾਂ ਅਤੇ ਕਰਮਾਂ ਵਿਚ ਝੂਠ ਵਿਚ ਰੁੱਝਾ ਹੋਇਆ ਹੈ ਤਾਂ ਫਿਰ ਉਸ ਨੂੰ ਹਾਸਿਲ ਵੀ ਝੂਠ ਹੀ ਹੋਵੇਗਾ।

ਮੁਸਲਮਾਨ ਨੂੰ ਹੇਠ ਲਿਖੀਆਂ ਪੰਜ ਨਮਾਜ਼ਾਂ, ਪੰਜ ਵੱਖ-ਵੱਖ ਨਾਮਾਂ (ਨਾਂਵਾਂ) ਅਤੇ ਪੰਜ ਵੱਖ-ਵੱਖ ਸਮਿਆਂ 'ਤੇ ਕਰਨੀਆਂ ਚਾਹੀਦੀਆਂ ਹਨ - ਉਸ ਨੂੰ ਹੇਠ ਲਿਖੀਆਂ ਨਮਾਜਾਂ ਅਦਾ ਕਰਨੀਆਂ ਚਾਹੀਦੀਆਂ ਹਨ :

- ✡ ਪਹਿਲੀ ਨਮਾਜ ਜੀਵਨ ਵਿਚ ਸੱਚਾਈ ਦੀ ਭਾਲ ਲਈ ਹੋਣੀ ਚਾਹੀਦੀ ਹੈ।
- ✡ ਦੂਸਰੀ ਨਮਾਜ ਇਮਾਨਦਾਰੀ ਨਾਲ, ਮਿਹਨਤ ਦੀ ਰੋਜੀ-ਰੋਟੀ ਕਮਾਉਣ ਦੀ ਹੋਣੀ ਚਾਹੀਦੀ ਹੈ।
- ✡ ਤੀਸਰੀ ਨਮਾਜ ਨੇਕ ਕਰਮ ਕਮਾਉਣੇ, ਪ੍ਰਮਾਤਮਾ ਦੇ ਨਾਮ 'ਤੇ ਦੂਸਰਿਆਂ ਨਾਲ ਵੰਡ ਕੇ ਖਾਣ ਅਤੇ ਸਾਰੀ ਸ੍ਰਿਸ਼ਟੀ ਦੇ ਭਲੇ ਲਈ ਅਰਜੋਈ ਕਰਨੀ ਚਾਹੀਦੀ ਹੈ - ਕਿਸੇ ਪ੍ਰਤੀ ਬੁਰੀ ਭਾਵਨਾ ਨਹੀਂ ਰੱਖਣੀ ਚਾਹੀਦੀ।

✡ ਚੌਥੀ ਨਮਾਜ ਆਪਣਾ ਵਿਵਹਾਰ ਸੱਚਾ ਅਤੇ ਇਮਾਨਦਾਰ ਹੋਣ ਲਈ ਹੋਣੀ ਚਾਹੀਦੀ ਹੈ।

✡ ਪੰਜਵੀਂ ਨਮਾਜ ਪ੍ਰਮਾਤਮਾ ਦਾ ਨਾਮ ਧਿਆਉਣ ਅਤੇ ਉਸ ਦੀ ਸਿਫ਼ਤ ਸਾਲਾਹ ਕਰਨ ਲਈ ਹੋਣੀ ਚਾਹੀਦੀ ਹੈ।

ਇਕ ਮੁਸਲਮਾਨ ਦੇ ਆਚਰਨ ਵਿਚ ਉਪਰੋਕਤ ਸਾਰੇ ਮਾਪਦੰਡਾਂ ਦਾ ਸ਼ਾਮਿਲ ਹੋਣਾ ਬਹੁਤ ਜ਼ਰੂਰੀ ਹੈ। ਨਮਾਜ਼ ਅਤੇ ਕਲਮਾ ਪੜ੍ਹਨ ਦਾ ਸਿਰਫ਼ ਉਦੋਂ ਹੀ ਲਾਭ ਹੈ। ਨਹੀਂ ਤਾਂ, ਆਚਰਨ ਵਿਚ ਇਹਨਾਂ ਮਾਪਦੰਡਾਂ ਦੇ ਨਾ ਹੋਣ ਤੇ, ਜਾਂ ਉਪਰੋਕਤ ਵਰਨਣ ਕੀਤੇ ਮਾਪਦੰਡਾਂ ਦੇ ਉਲਟ ਮਾਪਦੰਡ ਅਪਨਾਉਣ ਤੇ, ਮਨੁੱਖ ਝੂਠ ਦੇ ਪਿੱਛੇ ਭਟਕਦਾ ਹੈ ਅਤੇ ਆਪਣੀ ਨੇਕਲੀਤੀ ਗੁਆਉਂਦਾ ਹੈ।

ਨੋਟ : ਉਪਰੋਕਤ ਵਰਨਣ ਕੀਤੀਆਂ ਸਾਰੀਆਂ ਵਿਸ਼ੇਸ਼ਤਾਵਾਂ, ਕਿਸੇ ਵੀ ਧਰਮ ਨੂੰ ਮੰਨਣ ਵਾਲੇ ਵਿਚ ਹੋਣੀਆਂ, ਬਹੁਤ ਹੀ ਲਾਜ਼ਮੀ ਹਨ ਤਾਂ ਹੀ ਉਹ ਆਪਣੇ ਧਰਮ ਦਾ ਇਕ ਸੱਚਾ ਪੈਰੋਕਾਰ ਬਣ ਸਕਦਾ ਹੈ। ਇਸਲਾਮ ਦੇ ਪੈਰੋਕਾਰ ਲਈ ਉਪਰੋਕਤ ਦਿੱਤੀ ਸਲਾਹ ਵਿਚ, ਗੁਰੂ ਨਾਨਕ ਦੇਵ ਜੀ ਨੇ ਸਾਰੀ ਮਨੁੱਖਤਾ ਲਈ ਖ਼ਾਸ ਤੌਰ 'ਤੇ ਸਿੱਖਾਂ ਲਈ ਆਪਣੀਆਂ ਸਿੱਖਿਆਵਾਂ ਦਿੱਤੀਆਂ ਹਨ।

ਉਪਦੇਸ਼ ਨੰਬਰ 108

ਸੱਚਾ ਧਨਵਾਨ ਹੋਣ ਲਈ ਪ੍ਰਮਾਤਮਾ ਦਾ ਨਾਮ ਪਿਆਰ ਅਤੇ ਸ਼ਰਧਾ ਨਾਲ ਧਿਆਉਣਾ ਚਾਹੀਦਾ ਹੈ

ਇਸ ਸੰਸਾਰ ਵਿਚ ਕੁੱਛ ਲੋਕ ਪ੍ਰਮਾਤਮਾ ਦੇ ਨਾਮ ਦੇ ਵਪਾਰੀ ਹਨ। ਬਾਕੀ ਹੋਰ ਦੁਨਿਆਵੀ ਵਸਤੂਆਂ ਦਾ ਵਪਾਰ ਕਰਦੇ ਹਨ। ਗੁਰੂ ਦੀ ਕ੍ਰਿਪਾ ਨਾਲ, ਗੁਰੂ ਦੀ ਸਿੱਖਿਆ ਦੁਆਰਾ, ਮਨੁੱਖ ਬਹੁਤ ਹੀ ਕੀਮਤੀ ਅੰਦਰੂਨੀ ਖ਼ਜ਼ਾਨੇ ਨੂੰ ਪਾ ਲੈਂਦੇ ਹਨ। ਮਨੁੱਖ ਭਾਵੇਂ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰੇ, ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨਾਂ ਇਹ ਖ਼ਜ਼ਾਨਾ ਨਹੀਂ ਪਾ ਸਕਦਾ। ਅਗਿਆਨੀ ਥੱਕ ਹਾਰ ਕੇ, ਝੂਠ ਦੀ ਤਲਾਸ਼ ਵਿਚ ਹੀ ਮਰ-ਖੱਪ ਜਾਂਦਾ ਹੈ। ਜਿਹੜੀਆਂ ਖਾਹਿਸ਼ਾਂ ਉਹਨਾਂ ਨੂੰ ਪ੍ਰਮਾਤਮਾ ਤੋਂ ਦੂਰ ਲੈ ਜਾਂਦੀਆਂ ਹਨ, ਉਹਨਾਂ ਦੇ ਮਗਰ ਲੱਗ ਕੇ, ਉਹ ਗੁਰੂ ਦੀਆਂ ਸਿੱਖਿਆਵਾਂ ਦੀ ਪ੍ਰਵਾਹ ਨਹੀਂ ਕਰਦੇ।

ਸੱਚ ਤਾਂ ਇਹ ਹੈ ਕਿ ਰੱਬੀ ਗਿਆਨ ਪ੍ਰਾਪਤ ਕਰਨ ਲਈ, ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਤੋਂ ਇਲਾਵਾ ਹੋਰ ਕੋਈ ਵੀ ਅਜਿਹਾ ਨਹੀਂ ਹੈ, ਜਿਸ ਅੱਗੇ ਅਰਦਾਸ ਕੀਤੀ ਜਾ ਸਕੇ। ਗੁਰੂ ਦੀ ਸਿੱਖਿਆ ਅਨੁਸਾਰ ਜੋ ਪ੍ਰਮਾਤਮਾ ਦੀ ਮਿਹਰ ਲਈ ਉਸ ਅੱਗੇ ਅਰਦਾਸ ਕਰਦੇ ਹਨ, ਉਹ ਸੰਤੋਖੀ ਜੀਵਨ ਬਿਤਾਉਂਦੇ ਹਨ। ਬਾਕੀ ਦੂਸਰੇ ਲੋਕ, ਉਪਰੋਕਤ ਸਭ ਦੀ ਕਮੀ ਹੋਣ ਦੇ ਕਾਰਣ, ਜੀਵਨ ਵਿਚ ਅਸੰਤੁਸ਼ਟ ਹੀ ਰਹਿੰਦੇ ਹਨ ਅਤੇ

ਉਹਨਾਂ ਨੂੰ ਕਦੀ ਵੀ ਸੰਤੋਖ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਮਾਤਮਾ ਦਾ ਨਾਮ ਸਿਮਰ ਕੇ ਇਕੱਠੀ ਕੀਤੀ ਅੰਦਰੂਨੀ ਦੌਲਤ ਨੂੰ ਛੱਡ ਕੇ ਬਾਕੀ ਹਰ ਤਰ੍ਹਾਂ ਦੀ ਦੌਲਤ ਜ਼ਹਿਰ ਸਮਾਨ ਹੈ—ਉਹ ਦਿਮਾਗ਼ ਨੂੰ ਭ੍ਰਿਸ਼ਟ ਕਰਦੀ ਹੈ ਅਤੇ ਅਸਲ ਵਿਚ ਬੇਕਾਰ ਹੈ। ਪ੍ਰਮਾਤਮਾ ਹੀ ਸਾਰੇ ਕਾਰਣਾਂ ਦਾ ਕਾਰਣ ਹੈ। ਜੇ ਉਸ ਨੂੰ ਭਾਵੇ, ਤਾਂ ਹੀ ਉਹ ਮਨੁੱਖ ਨੂੰ ਮੁਕਤੀ ਪ੍ਰਦਾਨ ਕਰਦਾ ਹੈ।

ਉਪਦੇਸ਼ ਨੰਬਰ 109

ਸੱਚਾ ਮੁਸਲਮਾਨ ਅਖਵਾਉਣਾ ਬਹੁਤ ਮੁਸ਼ਕਿਲ ਹੈ

ਮੁਸਲਮਾਨ ਕਹਾਉਣਾ ਬਹੁਤ ਆਸਾਨ ਹੈ, ਪਰ ਇਕ ਮੁਸਲਮਾਨ ਦੇ ਰੁਤਬੇ ਮੁਤਾਬਿਕ ਜੀਵਨ ਜਿਉਣਾ ਬਹੁਤ ਮੁਸ਼ਕਿਲ ਹੈ। ਸਭ ਤੋਂ ਪਹਿਲਾਂ, ਮੁਸਲਮਾਨ ਨੂੰ ਆਪਣੇ ਧਰਮ ਉਤੇ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਉਹ ਆਪਣੇ ਧਰਮ ਨੂੰ ਪਸੰਦ ਕਰਨ ਵਾਲਾ ਹੋਣਾ ਚਾਹੀਦਾ ਹੈ। ਫਿਰ ਉਸ ਨੂੰ ਆਪਣੀ ਦੌਲਤ ਗ਼ਰੀਬਾਂ ਵਿਚ ਵੰਡਣੀ ਚਾਹੀਦੀ ਹੈ। ਉਸ ਨੂੰ ਇਸਲਾਮ ਦੇ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਜਿਉਣਾ ਚਾਹੀਦਾ ਹੈ। ਜਨਮ ਅਤੇ ਮਰਨ ਨਾਲ ਸਬੰਧਿਤ ਮਾਮਲਿਆਂ ਬਾਰੇ ਉਸ ਨੂੰ ਆਪਣੇ ਧਰਮ ਮੁਤਾਬਿਕ ਲੋੜੀਂਦੇ ਸਿਧਾਂਤਾਂ ਨੂੰ ਮੰਨਣਾ ਚਾਹੀਦਾ ਹੈ। ਉਸ ਨੂੰ ਰੱਬ ਦੀ ਸਰਵ-ਉੱਚਤਾ ਨੂੰ ਮੰਨਣਾ ਚਾਹੀਦਾ ਹੈ ਅਤੇ ਪ੍ਰਮਾਤਮਾ ਦੇ ਰੂ-ਬ-ਰੂ ਰਹਿਣਾ ਚਾਹੀਦਾ ਹੈ। ਉਸ ਨੂੰ ਸਾਰੇ ਜੀਵਾਂ ਪ੍ਰਤੀ ਦਿਆਲੂ ਰਹਿਣਾ ਚਾਹੀਦਾ ਹੈ। ਉਪਰੋਕਤ ਸਾਰੀਆਂ ਵਿਸ਼ੇਸ਼ਤਾਵਾਂ ਰੱਖ ਕੇ ਹੀ ਇਕ ਨਾਮ ਦਾ ਮੁਸਲਮਾਨ ਸੱਚਾ ਮੁਸਲਮਾਨ ਬਣਦਾ ਹੈ।

ਨੋਟ : ਗੁਰੂ ਨਾਨਕ ਦੇਵ ਜੀ, ਸਾਰੇ ਧਰਮਾਂ ਦੇ ਲੋਕਾਂ ਨੂੰ ਉਹੀ ਸਾਰੇ ਗੁਣ ਆਪਣੇ ਚਰਿੱਤਰ ਵਿਚ ਲਿਆਉਣ ਲਈ ਸਲਾਹ ਦਿੰਦੇ ਹਨ, ਜੋ ਉਹਨਾਂ ਨੇ ਇਕ ਮੁਸਲਮਾਨ ਲਈ ਨਿਰਧਾਰਿਤ ਕੀਤੇ ਹਨ। ਉਹਨਾਂ ਦੇ ਸਿਧਾਂਤ ਸਾਰਿਆਂ ਲਈ ਮੰਨਣਯੋਗ ਹਨ।

ਉਪਦੇਸ਼ ਨੰਬਰ 110

ਇਸ ਸੰਸਾਰ ਵਿਚ ਹਰ ਚੀਜ਼ ਅਤੇ ਹਰ ਮਨੁੱਖ ਨਾਸਵੰਤ ਹੈ

ਰਾਜੇ, ਉਹਨਾਂ ਦੀ ਪਰਜਾ ਅਤੇ ਹਾਕਮ, ਕੋਈ ਵੀ ਹਮੇਸ਼ਾ ਜਿੰਦਾ ਨਹੀਂ ਰਹਿਣਗੇ। ਸ਼ਹਿਰ ਅਤੇ ਨਾਗਰਿਕ ਵੀ, ਪ੍ਰਮਾਤਮਾ ਦੇ ਹੁਕਮਾਂ ਅਨੁਸਾਰ ਖ਼ਾਕ ਹੋ ਜਾਣਗੇ। ਟਿਕਾਊ ਪਦਾਰਥਾਂ ਨਾਲ ਬਣਾਏ ਗਏ ਖੂਬਸੂਰਤ ਘਰ, ਜਿਨ੍ਹਾਂ ਬਾਰੇ ਮੂਰਖ ਇਨਸਾਨ ਇਹ ਦਾਅਵਾ ਕਰਦਾ ਹੈ ਕਿ ਉਸ ਦੇ ਹਨ ਅਤੇ ਧਨ ਦੌਲਤ ਨਾਲ ਭਰਪੂਰ ਖ਼ਜ਼ਾਨੇ ਇਕ ਪਲ ਵਿਚ ਨਸ਼ਟ ਹੋ ਜਾਣੇ ਹਨ। ਜਦੋਂ ਬਦਕਿਸਮਤੀ ਵਾਰ ਕਰਦੀ ਹੈ ਤਾਂ ਤਾਕਤਵਰ ਅਤੇ ਦੌਲਤਮੰਦ ਵੀ ਆਪਣੀਆਂ ਕੀਮਤੀ ਵਸਤੂਆਂ ਉਸੇ ਸਮੇਂ ਗੁਆ ਬੈਠਦੇ ਹਨ। ਇਹਨਾਂ ਕੀਮਤੀ ਵਸਤੂਆਂ ਵਿਚ ਘੋੜੇ, ਘੋੜਾ-ਬੱਗੀਆਂ, ਊਠ, ਹਾਥੀ ਅਤੇ ਬਾਕੀ ਸਾਰਾ ਸਾਜੋ ਸਾਮਾਨ ਜੋ ਇਹਨਾਂ

ਦੀ ਸਵਾਰੀ ਲਈ ਜ਼ਰੂਰੀ ਹੁੰਦਾ ਹੈ, ਫਲਾਂ ਦੇ ਬਾਗ, ਜ਼ਮੀਨ-ਜਾਇਦਾਦ, ਘਰ ਅਤੇ ਕੀਮਤੀ ਬਿਸਤਰੇ, ਜਿਨ੍ਹਾਂ ਉਪਰ ਸੋਂਦੇ ਹਨ, ਯਕੀਨਨ ਨਸ਼ਟ ਹੋ ਜਾਣਗੇ। ਇਹ ਸਾਫ਼ ਹੈ ਕਿ ਇਹਨਾਂ ਸਾਰੀਆਂ ਬਖ਼ਸ਼ਿਸ਼ਾਂ ਨੂੰ ਬਖ਼ਸ਼ਣ ਵਾਲਾ, ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਹੈ। ਲੋਕ ਅਤੇ ਉਹਨਾਂ ਨਾਲ ਸਬੰਧਿਤ ਸਾਰੇ ਪਦਾਰਥ ਇਸ ਸੰਸਾਰ ਵਿਚ ਸਿਰਫ਼ ਖਿਨਭੰਗੁਰ ਹਨ।

ਉਪਦੇਸ਼ ਨੰਬਰ 111

ਪ੍ਰਮਾਤਮਾ ਦਾ ਸੱਚਾ ਸ਼ਰਧਾਲੂ ਹਰੇਕ ਤਰ੍ਹਾਂ ਦੇ ਹਾਲਾਤ ਵਿਚ ਉਸ ਪ੍ਰਤੀ ਵਫ਼ਾਦਾਰ ਰਹਿੰਦਾ ਹੈ

ਬਦਲਦੀ ਕਿਸਮਤ, ਪ੍ਰਮਾਤਮਾ ਦੇ ਸੱਚੇ ਸ਼ਰਧਾਲੂ ਦੇ ਪ੍ਰਮਾਤਮਾ ਉਤੇ ਵਿਸ਼ਵਾਸ ਨੂੰ ਨਹੀਂ ਬਦਲ ਸਕਦੀ। ਉਹ ਪੂਰੇ ਉਤਸ਼ਾਹ ਨਾਲ ਸਦਾ ਹੀ ਪ੍ਰਮਾਤਮਾ ਦਾ ਸਤਿਕਾਰ ਅਤੇ ਸਿਫ਼ਤ-ਸਾਲਾਹ ਕਰਦਾ ਰਹਿੰਦਾ ਹੈ। ਹੇਠ ਲਿਖੇ ਹਾਲਾਤਾਂ ਵਿਚ ਵੀ ਉਹ ਪ੍ਰਮਾਤਮਾ ਪ੍ਰਤੀ ਆਪਣਾ ਵਿਸ਼ਵਾਸ ਪੱਕਾ ਰੱਖਦਾ ਹੈ :

- ਅਥਾਹ ਮਾਇਆ ਅਤੇ ਖਿਤਾਬ ਹਾਸਿਲ ਕਰਨ 'ਤੇ ਵੀ ਅਤੇ ਲੋੜ ਅਨੁਸਾਰ ਜਦੋਂ ਪ੍ਰਮਾਤਮਾ ਦੇ ਸ਼ਰਧਾਲੂ ਕੋਲ ਅਨਗਿਣਤ ਗਾਵਾਂ ਹੋਣ, ਦੁੱਧ ਮੱਖਣ ਦੇ ਭੰਡਾਰ ਹੋਣ, ਬੇਸ਼ੁਮਾਰ ਖੰਡ (ਚੀਨੀ), ਸੋਨੇ ਚਾਂਦੀ ਦੇ ਪਹਾੜ, ਹੋਰ ਕਈ ਤਰ੍ਹਾਂ ਦੇ ਹੀਰੇ ਜਵਾਹਰਾਤ ਹੋਣ। ਅਥਾਹ ਦੌਲਤ ਅਤੇ ਖਿਤਾਬ ਹੋਣ ਤੇ ਵੀ ਅਤੇ ਜਦੋਂ ਪ੍ਰਮਾਤਮਾ ਦੇ ਸ਼ਰਧਾਲੂ ਕੋਲ, ਇਸ ਸੰਸਾਰ ਦੀ ਸਾਰੀ ਬਨਸਪਤੀ ਦੇ ਸੁਆਦ ਫਲ ਹੋਣ, ਉਸ ਦੀ ਰਿਹਾਇਸ਼ ਹਰ ਪੱਖੋਂ ਦਿਨ-ਰਾਤ ਆਰਾਮਦਾਇਕ ਅਤੇ ਨਸ਼ਟ ਨਾ ਹੋਣ ਵਾਲੀ ਹੋਵੇ।
- ਬਹੁਤ ਜ਼ਿਆਦਾ ਦੁੱਖ ਦੇ ਸਮੇਂ, ਜਦੋਂ ਪ੍ਰਮਾਤਮਾ ਦਾ ਸ਼ਰਧਾਲੂ ਗੰਭੀਰ ਮਾੜੀ ਸਿਹਤ ਕਾਰਣ ਦੁਖੀ ਹੋਵੇ, ਬੁਰੇ ਨਛੱਤਰ (ਗ੍ਰਹਿ) ਉਸ ਦੇ ਵਿਰੁੱਧ ਖੜੇ ਹੋਣ, ਉਸ ਦੇ ਨਿਵਾਸ ਅਸਥਾਨ 'ਤੇ ਖ਼ੂਨ ਦੇ ਪਿਆਸੇ ਰਾਜੇ ਰਾਜ ਕਰਦੇ ਹੋਣ ਅਤੇ ਜਦੋਂ ਜ਼ੁਲਮ ਨੂੰ ਅੱਖੋਂ ਪਰੋਖੇ ਕਰਕੇ ਅਤੇ ਇਸ ਨੂੰ ਪਿਆਰ ਸਮਝ ਕੇ ਬਰਦਾਸ਼ਤ ਕਰਨਾ ਪਵੇ।
- ਬਹੁਤ ਜ਼ਿਆਦਾ ਘਾਟ ਦੇ ਸਮੇਂ, ਜਦੋਂ ਸਰਦੀ ਜਾਂ ਗਰਮੀ ਵਿਚ ਆਪਣਾ ਤਨ ਢੱਕਣ ਲਈ ਪ੍ਰਮਾਤਮਾ ਦੇ ਸ਼ਰਧਾਲੂ ਕੋਲ ਕੋਈ ਕੱਪੜੇ ਨਾ ਹੋਣ, ਜਦੋਂ ਉਸ ਨੂੰ ਸਿਰਫ਼ ਹਵਾ 'ਤੇ ਜਿੰਦਾ ਰਹਿਣਾ ਪਵੇ।
- ਆਪਣੇ ਚਾਰੇ ਪਾਸੇ ਬਹੁਤ ਜ਼ਿਆਦਾ ਆਕਰਸ਼ਣ ਹੋਣ, ਜਦੋਂ ਪ੍ਰਮਾਤਮਾ ਦਾ ਸੱਚਾ ਸ਼ਰਧਾਲੂ ਸਵਰਗ ਦੀਆਂ ਖੂਬਸੂਰਤ ਔਰਤਾਂ ਬਾਰੇ ਸੁਣਦਾ ਹੈ, ਜਿੱਥੇ ਜ਼ਿਆਦਾਤਰ ਹਰ ਕੋਈ ਜਾਣ ਦਾ ਇੱਛੁਕ ਹੁੰਦਾ ਹੈ।

ਪ੍ਰਮਾਤਮਾ ਦਾ ਸੱਚਾ ਸ਼ਰਧਾਲੂ ਉਪਰੋਕਤ ਸਾਰੇ ਹਾਲਾਤਾਂ ਵਿਚ ਵੀ ਆਪਣੇ

ਪ੍ਰਮਾਤਮਾ ਦੇ ਸਤਿਕਾਰ ਵਿਚ ਦ੍ਰਿੜ ਰਹਿੰਦਾ ਹੈ। ਉਹ ਬਿਨਾਂ ਕਿਸੇ ਪਸ਼ਚਾਤਾਪ ਦੇ ਅਤੇ ਉਤਸ਼ਾਹ ਪੂਰਵਕ ਪ੍ਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹੈ।

ਉਪਦੇਸ਼ ਨੰਬਰ 112

ਸਹੀ ਵਿਵਹਾਰ ਦਾ ਮਾਰਗ ਜੋ ਕਿ ਗੁਰੂ ਦੀਆਂ ਸਿੱਖਿਆਵਾਂ ਨਾਲ ਰੁਸ਼ਨਾਉਂਦਾ ਹੈ, ਜੀਵਨ ਵਿਚ ਸਹੀ ਸਫਲਤਾ ਵੱਲ ਲੈ ਕੇ ਜਾਂਦਾ ਹੈ

ਅਜਿਹਾ ਵਿਅਕਤੀ ਅਗਿਆਨੀ ਹੈ ਜੋ ਇਹ ਸੋਚਦਾ ਹੈ ਕਿ ਉਹ ਚੋਰੀ ਛੁਪੇ ਮਾੜੇ ਕਰਮ ਕਰਦਾ ਰਹੇਗਾ ਅਤੇ ਪ੍ਰਮਾਤਮਾ ਉਸ ਦੀ ਇਸ ਕਰਤੂਤ ਤੋਂ ਅਨਜਾਣ ਹੈ। ਅਜਿਹਾ ਮਨੁੱਖ ਆਪਣੇ ਆਪ ਨੂੰ ਧੋਖਾ ਦਿੰਦਾ ਹੈ ਅਤੇ ਆਤਮ-ਤਿਆਗ ਵਿਚ ਲੱਗਾ ਰਹਿੰਦਾ ਹੈ। ਲੋਕਾਂ ਦੇ ਆਪਸੀ ਲੜਾਈ-ਝਗੜੇ ਉਹਨਾਂ ਨੂੰ ਲੜਾਈ ਵੱਲ ਧਕੇਲ ਦਿੰਦੇ ਹਨ। ਸੱਚਾਈ ਤਾਂ ਇਹ ਹੈ ਕਿ ਪ੍ਰਮਾਤਮਾ ਤੋਂ ਵਿਛੜ ਕੇ, ਲੋਕ ਬੁਰੇ ਕਰਮ ਕਰਦੇ ਹਨ ਅਤੇ ਪ੍ਰਮਾਤਮਾ 'ਤੇ ਬੇਵਿਸ਼ਵਾਸੀ ਕਾਰਣ ਦੁੱਖ ਭੋਗਦੇ ਹਨ।

ਸਹੀ ਵਿਵਹਾਰ ਦਾ ਮਾਰਗ, ਜੋ ਕਿ ਗੁਰੂ ਦੁਆਰਾ ਰੁਸ਼ਨਾਇਆ ਜਾਂਦਾ ਹੈ, ਮਨੁੱਖ ਨੂੰ ਸਫ਼ਲਤਾ ਵੱਲ ਲੈ ਜਾਂਦਾ ਹੈ। ਨਹੀਂ ਤਾਂ, ਪ੍ਰਮਾਤਮਾ ਤੋਂ ਵਿਛੜ ਕੇ ਮਨੁੱਖ ਝੂਠ ਵਿਚ ਫਸਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ। ਉਸ ਬੇਅੰਤ ਪ੍ਰਮਾਤਮਾ ਨਾਲ ਨੇੜਤਾ ਅਤੇ ਪਿਆਰ ਪਾ ਕੇ, ਮਨੁੱਖ ਨੂੰ ਇਹ ਸੰਸਾਰ ਅਤੇ ਇਸ ਵਿਚ ਵੱਸਣ ਵਾਲੇ ਲੋਕ ਸਾਰੇ ਹੀ ਬਹੁਤ ਖੂਬਸੂਰਤ ਅਤੇ ਸ਼ਾਨਦਾਰ ਪ੍ਰਤੀਤ ਹੋਣ ਲੱਗਦੇ ਹਨ। ਮਨੁੱਖ ਦੀ ਅੰਦਰੂਨੀ ਸ਼ਾਂਤੀ ਅਤੇ ਪ੍ਰਸੰਨਤਾ ਉਸ ਦਾ ਬਾਹਰੀ ਦੁਨੀਆਂ ਪ੍ਰਤੀ ਨਜ਼ਰੀਆ ਵੀ ਬਦਲ ਦਿੰਦੀ ਹੈ। ਅਹੰਕਾਰ ਤੋਂ ਛੁਟਕਾਰਾ ਪਾ ਕੇ ਅਤੇ ਪ੍ਰਮਾਤਮਾ ਪ੍ਰਤੀ ਨਿਮਰ ਹੋ ਕੇ ਮਨੁੱਖ ਪ੍ਰਮਾਤਮਾ ਤੋਂ ਵੀ ਆਦਰ (ਦਰਗਾਹ ਵਿਚ) ਪਾਉਂਦਾ ਹੈ।

ਪ੍ਰਮਾਤਮਾ ਨਾਲ ਨੇੜਤਾ ਵਿਚ ਬਿਤਾਇਆ ਜੀਵਨ ਹੀ ਜੀਉਣ ਦੇ ਕਾਬਿਲ ਹੈ। ਨਹੀਂ ਤਾਂ ਇਹ ਅਜਾਈਂ ਚਲਿਆ ਜਾਂਦਾ ਹੈ ਅਤੇ ਮਨੁੱਖ ਅਪਮਾਨ ਪਾਉਂਦਾ ਹੈ। ਮਨੁੱਖ ਦਾ ਸਾਰਾ ਜੀਵਨ ਉਹਨਾਂ ਸਭ ਵਿਚ ਉਲਝ ਜਾਂਦਾ ਹੈ ਜੋ ਇਕ ਸੱਚੇ ਜੀਵਨ ਦੇ ਪੱਧਰ ਲਈ ਮਨ੍ਹਾ ਹੁੰਦੀਆਂ ਹਨ। ਪ੍ਰਮਾਤਮਾ ਤੋਂ ਵਿੱਛੜ ਕੇ ਅਤੇ ਸ਼ਰਮਿੰਦਗੀ ਨਾਲ, ਤਾਕਤਵਰ ਅਤੇ ਅਮੀਰ ਲੋਕ ਤਾਕਤ ਅਤੇ ਅਮੀਰੀ ਦੀ ਹਉਮੈ ਕਰਦੇ ਹਨ। ਸੱਚਾਈ ਤਾਂ ਇਹ ਹੈ ਕਿ ਅਜਿਹੇ ਲੋਕ, ਜ਼ਿੰਦਗੀ ਵਿਚ ਝੂਠ ਨਾਲ ਜੁੜ ਕੇ ਆਪਣਾ ਸਨਮਾਨ ਗੁਆ ਬੈਠਦੇ ਹਨ।

ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ, ਖਾਣਾ-ਪੀਣਾ ਅਤੇ ਆਨੰਦਮਈ ਜੀਵਨ ਬਤੀਤ ਕਰਨਾ ਫ਼ਜ਼ੂਲ ਹੈ। ਪ੍ਰਮਾਤਮਾ ਦੀ ਭਗਤੀ ਤੋਂ ਬਗੈਰ, ਅੱਗੇ ਲਿਖੇ ਸਭ ਕੇਵਲ ਆਸਕਤ ਰੁਝੇਵੇਂ ਹਨ :

- ਫਲ ਖਾਣੇ।
- ਘਿਉ/ਮੱਖਣ ਦਾ ਆਨੰਦ ਮਾਨਣਾ (ਭਾਰਤ ਵਿਚ ਕੁਛ ਲੋਕਾਂ ਵੱਲੋਂ ਖਾਸ ਭੋਜਨ ਮੰਨਿਆ ਜਾਂਦਾ ਹੈ।
- ਗੁੜ ਦਾ ਆਨੰਦ ਮਾਨਣਾ। ਕਣਕ ਤੋਂ ਬਣੇ ਭੋਜਨ ਦਾ ਆਨੰਦ ਲੈਣਾ।
- ਮੀਟ ਦਾ ਆਨੰਦ ਮਾਨਣਾ। ਸ਼ਾਨਦਾਰ ਕੱਪੜੇ ਪਹਿਨਣਾ।
- ਆਰਾਮਦਾਇਕ ਬਿਸਤਰੇ 'ਤੇ ਸੌਣਾ।
- ਆਨੰਦਾਂ ਵਿਚ ਰੁੱਝੇ ਰਹਿਣਾ। ਫੌਜਾਂ 'ਤੇ ਹੁਕਮ ਕਰਨਾ।
- ਇਕ ਚੌਰ ਕਰਨ ਵਾਲਾ ਸੇਵਕ ਨਾਲ ਰੱਖ ਕੇ, ਆਦਰ-ਸਹਿਤ ਚੌਰ ਕਰਾਉਂਦੇ, ਆਪਣੀ ਤਾਕਤ ਦਾ ਦਿਖਾਵਾ ਕਰਨਾ।
- ਮਹੱਲਨੁਮਾ ਘਰ ਵਿਚ ਰਹਿਣਾ।

ਸਮਾਜਿਕ ਤੌਰ 'ਤੇ ਅਮੀਰ ਰੁੱਤਬੇ ਵਾਲੇ ਹੋਣਾ, ਇਕ ਸੱਚੇ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਮਨੁੱਖ ਦੀ ਸ਼ਾਨ ਦੇ ਨੇੜੇ ਤੇੜੇ ਵੀ ਨਹੀਂ ਹੁੰਦਾ। ਮਨੁੱਖ ਦਾ ਉੱਚੇ ਸਮਾਜਿਕ ਰੁਤਬੇ ਦਾ ਹੋਣ ਦਾ ਅਹੰਕਾਰ, ਹੱਥ ਵਿਚ ਫੜੇ ਜਾਨਲੇਵਾ ਜ਼ਹਿਰ ਦੇ ਬਰਾਬਰ ਹੈ। ਜਿਸ ਪਲ ਵੀ ਇਹ ਜ਼ਹਿਰ ਜ਼ੁਬਾਨ ਨੂੰ ਛੂੰਹਦਾ ਹੈ, ਮੌਤ ਹੋ ਜਾਂਦੀ ਹੈ। ਉਸ ਬੇਅੰਤ ਪ੍ਰਮਾਤਮਾ ਦੇ ਰਾਜ ਦੀ ਕੋਈ ਸਮਾਂ-ਸੀਮਾ ਨਹੀਂ ਹੈ। ਉਸ ਸਰਬ-ਵਿਆਪਕ ਪ੍ਰਮਾਤਮਾ ਅੱਗੇ ਹਰ ਸਮੇਂ ਝੁਕਣਾ ਹੀ ਉਸ ਦੀ ਵਿਲੱਖਣਤਾ ਦਾ ਰੁਤਬਾ ਹਾਸਿਲ ਕਰਨ ਦਾ ਸਹੀ ਮਾਰਗ ਹੈ। ਪ੍ਰਮਾਤਮਾ ਆਪਣੇ ਹੁਕਮਾਂ ਪ੍ਰਤੀ ਆਗਿਆਕਾਰੀ ਦੀ ਉਮੀਦ ਕਰਦਾ ਹੈ। ਗੁਰੂ ਆਪਣੀਆਂ ਸਿੱਖਿਆਵਾਂ ਦੁਆਰਾ ਇਸ ਸੱਚਾਈ 'ਤੇ ਜ਼ੋਰ ਦਿੰਦਾ ਹੈ। ਗੁਰੂ ਦੇ ਸਿੱਖਾਂ ਨੂੰ ਹੇਠ ਲਿਖੇ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ :

- ਕਈ ਅਜਿਹੇ ਹਨ ਜੋ ਗੁਰੂ ਦੀ ਸਿੱਖਿਆ ਨੂੰ ਯਾਦ ਰੱਖਦੇ ਹਨ ਅਤੇ ਬੇਝਿਜਕ ਉਸ ਨੂੰ ਮੰਨਦੇ ਹਨ।
- ਕਈ ਅਜਿਹੇ ਹਨ ਜੋ ਗੁਰੂ ਦੀ ਸਿੱਖਿਆ ਨੂੰ ਸਮਝਣ ਦੀ ਕੋਸ਼ਿਸ਼ ਕਰਨ ਦੇ ਸ਼ੁਰੂਆਤੀ ਪੜਾਅ 'ਤੇ ਹਨ।
- ਕਈ ਅਜਿਹੇ ਹਨ ਜਿਨ੍ਹਾਂ ਨੇ ਸ਼ੁਰੂਆਤੀ ਪੜਾਅ ਪਾਰ ਕਰ ਲਿਆ ਹੈ, ਪਰ ਅਜੇ ਵੀ ਗੁਰੂ ਦੀ ਸਿੱਖਿਆ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।
- ਕਈ ਅਜਿਹੇ ਵੀ ਹਨ ਜੋ ਪੂਰੀ ਤਰ੍ਹਾਂ ਅਤੇ ਉਤਸ਼ਾਹ ਪੂਰਬਕ ਗੁਰੂ ਦੀ ਸਿੱਖਿਆ 'ਤੇ ਅਮਲ ਕਰਨ ਵਿਚ ਲੱਗੇ ਹੋਏ ਹਨ।

ਉਪਦੇਸ਼ ਨੰਬਰ 113

ਪ੍ਰਮਾਤਮਾ ਨਾਲ ਜੁੜਣਾ ਮਨੁੱਖ ਨੂੰ ਨੁਕਸਾਨ ਅਤੇ ਦੁੱਖ ਤੋਂ ਬਚਾਉਂਦਾ ਹੈ

ਹੱਥ-ਚੱਕੀ, ਇਸ ਦੇ ਤਕਲੇ (ਧੁਰੇ) ਅਤੇ ਦਾਣੇ ਜੋ ਇਸ ਹੱਥ-ਚੱਕੀ ਵਿਚ ਪੀਸੇ ਜਾਂਦੇ ਹਨ ਬੜਾ ਦੇਖਣਯੋਗ ਨਜ਼ਾਰਾ ਪੇਸ਼ ਕਰਦੇ ਹਨ ਅਤੇ ਜ਼ਿੰਦਗੀ ਦੀ ਹਕੀਕਤ ਨੂੰ ਦਰਸਾਉਣ ਲਈ ਇਕ ਉਦਾਹਰਣ ਵਜੋਂ ਵੀ ਦੇਖੇ ਜਾਂਦੇ ਹਨ। ਇਸ ਤਰ੍ਹਾਂ ਸੋਚੋ ! ਪੱਕ ਜਾਣ 'ਤੇ, ਅਨਾਜ ਦੇ ਦਾਣਿਆਂ ਦੀ ਫਸਲ ਕੱਟੀ ਜਾਂਦੀ ਹੈ। ਫਸਲ ਕੱਟੀ ਜਾਦੀ ਤੋਂ ਬਾਅਦ, ਜੋ ਡੰਢਲ ਬਾਕੀ ਬਚਦਾ ਹੈ ਉਹ ਤੂੜੀ ਘਾਹ-ਫੂਸ ਜਾਂ ਉਹ ਵਾੜ, ਜੋ ਖੇਤ ਦੀ ਰੱਖਿਆ ਕਰਦੀ ਹੈ। ਫਿਰ ਫਸਲ ਨੂੰ ਗਾਹਿਆ ਜਾਂਦਾ ਹੈ। ਇਸ ਤਰ੍ਹਾਂ ਦਾਣਿਆਂ ਵਿੱਚੋਂ ਤੂੜੀ ਨੂੰ ਵੱਖ ਕੀਤਾ ਜਾਂਦਾ ਹੈ। ਬਾਅਦ ਵਿਚ ਦਾਣਿਆਂ ਦਾ ਆਟਾ ਬਣਾਉਣ ਲਈ ਹੱਥ-ਚੱਕੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਹੜੇ ਦਾਣੇ ਚੱਕੀ ਦੇ ਧੁਰੇ ਦੇ ਨਾਲ ਚੰਬੜ ਜਾਂਦੇ ਹਨ, ਉਹ ਪੀਸੇ ਨਹੀਂ ਜਾਂਦੇ। ਇਹ ਉਦਾਹਰਣ ਇਹ ਦਰਸਾਉਂਦਾ ਹੈ ਕਿ ਜੋ ਮਨੁੱਖ ਪ੍ਰਮਾਤਮਾ ਦੇ ਅੰਗ-ਸੰਗ ਹੁੰਦੇ ਹਨ, ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਉਹ ਦੁਨਿਆਵੀ ਮੋਹ ਅੱਗੇ ਗੋਡੇ ਨਹੀਂ ਟੇਕਦੇ ਅਤੇ ਉਹ ਮਾੜੇ ਕਰਮ ਵੀ ਨਹੀਂ ਕਰਦੇ ਅਤੇ ਇਸ ਤਰ੍ਹਾਂ ਉਹ ਨੁਕਸਾਨ ਅਤੇ ਦੁੱਖ ਤੋਂ ਬਚ ਜਾਂਦੇ ਹਨ।

ਉਪਦੇਸ਼ ਨੰਬਰ 114

ਗੰਨੇ ਦੇ ਰਸ ਦੀ ਗੁੜ ਅਤੇ ਬ੍ਰਾਊਨ-ਸ਼ੂਗਰ ਵਿਚ ਤਬਦੀਲੀ ਸਾਨੂੰ ਗੰਭੀਰ ਸਬਕ ਸਿਖਾਉਂਦੀ ਹੈ

ਗੁਰੂ ਨਾਨਕ ਦੇਵ ਜੀ ਦੇ ਸਮੇਂ, ਗੰਨੇ ਦੀ ਫਸਲ ਪੱਕ ਜਾਣ 'ਤੇ ਕਿਸਾਨ ਇਹ ਕਰਿਆ ਕਰਦੇ ਸਨ :

- ✲ ਤੇਜ਼ ਦਾਤਰੀਆਂ ਨਾਲ ਕੱਟਣ ਤੋਂ ਬਾਅਦ, ਆਸਾਨੀ ਨਾਲ ਲਿਜਾਉਣ ਲਈ ਕਿਸਾਨ ਗੰਨਿਆਂ ਦੇ ਢੇਰ ਬੰਨ੍ਹ ਲੈਂਦੇ ਸਨ।
- ✲ ਦੋ ਮਸ਼ੀਨ ਦੇ ਸਟੀਲ ਰੋਲਰਾਂ ਦੇ ਵਿਚ ਗੰਨੇ ਪਾ ਕੇ ਉਹਨਾਂ ਦਾ ਰਸ ਕੱਢਿਆ ਜਾਂਦਾ ਸੀ।
- ✲ ਫਿਰ ਗੰਨੇ ਦਾ ਰਸ ਇਕ ਬਹੁਤ ਵੱਡੇ, ਵਿਸ਼ਾਲ ਅਤੇ ਘੱਟ ਡੂੰਘੇ ਬਰਤਨ—ਕੜਾਹੇ ਵਿਚ ਪਾਇਆ ਜਾਂਦਾ ਸੀ। ਫਿਰ ਰਸ ਨੂੰ ਉਬਾਲਣ ਲਈ ਕੜਾਹੇ ਦੇ ਹੇਠਾਂ ਅੱਗ ਬਾਲੀ ਜਾਂਦੀ ਸੀ।
- ✲ ਜਿਉਂ ਹੀ ਰਸ ਸੰਘਣਾ ਹੁੰਦਾ, ਬੁਲਬੁਲੇ ਨਜ਼ਰ ਆਉਣ ਲੱਗ ਪੈਂਦੇ ਅਤੇ ਇੰਜ ਪ੍ਰਤੀਤ ਹੁੰਦਾ, ਜਿਵੇਂ ਉਹ ਦਰਦ ਨਾਲ ਚੀਕ ਰਹੇ ਹੋਣ।

✡ ਰਸ ਨਿਚੋੜ ਕੇ ਕੱਢ ਲੈਣ ਤੋਂ ਬਾਅਦ, ਕੜਾਹੇ ਦੇ ਹੇਠਾਂ ਅੱਗ ਬਲਦੀ ਰੱਖਣ ਲਈ ਗੰਨੇ ਦੇ ਫੋਕ ਨੂੰ ਪਾਇਆ ਜਾਂਦਾ ਸੀ।

ਨੋਟ : ਉੱਪਰ ਵਾਲੇ ਉਦਾਹਰਣ ਵਿਚ ਕਿਹੜੇ ਉਪਦੇਸ਼ ਸਚਿੱਤਰ ਸਪੱਸ਼ਟ ਕੀਤੇ ਗਏ ਹਨ ? ਉਪਰੋਕਤ ਉਦਾਹਰਣ ਵਿਚ, ਮਨੁੱਖਤਾ ਲਈ ਹੇਠ ਲਿਖੇ ਉਪਦੇਸ਼ ਪ੍ਰਤੀਤ ਹੁੰਦੇ ਹਨ:

✡ ਜਿਸ ਤਰ੍ਹਾਂ ਉੱਪਰ ਦਰਸਾਏ ਗਏ ਅਨੁਸਾਰ ਗੰਨੇ ਦੀ ਮਿਠਾਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ, ਠੀਕ ਉਸੇ ਤਰ੍ਹਾਂ ਜੇ ਪ੍ਰਮਾਤਮਾ ਮਨੁੱਖ ਉਤੇ ਆਪਣੇ 'ਤੇ (ਪ੍ਰਮਾਤਮਾ 'ਤੇ) ਵਿਸ਼ਵਾਸ ਰੱਖਣ ਦੀ ਮਿਹਰ ਕਰਦਾ ਹੈ, ਤਾਂ ਬਹੁਤ ਜ਼ਿਆਦਾ ਬੁਰੇ ਹਾਲਾਤ ਵੀ ਮਨੁੱਖ ਦਾ ਪ੍ਰਮਾਤਮਾ ਤੋਂ ਵਿਸ਼ਵਾਸ ਡੁਲਾ (ਹਿਲਾ) ਨਹੀਂ ਸਕਦੇ।

✡ ਬਦਲਦੀਆਂ ਤਕਦੀਰਾਂ ਦੇ ਬਾਵਜੂਦ, ਪ੍ਰਮਾਤਮਾ ਦਾ ਸ਼ਰਧਾਲੂ, ਆਪਣੀ ਮਿਠਾਸ ਦੂਸਰਿਆਂ ਨੂੰ ਵੰਡਣ ਤੋਂ ਕਦੀ ਵੀ ਨਹੀਂ ਹਟਦਾ। ਬਹੁਤ ਜ਼ਿਆਦਾ ਸੇਕ ਅਤੇ ਤਸੀਹੇ ਦੇ ਬਾਵਜੂਦ, ਗੰਨੇ ਦਾ ਰਸ, ਆਪਣੀ ਮਿਠਾਸ ਨਹੀਂ ਗਵਾਉਂਦਾ, ਬਲਕਿ ਗੁੜ ਵਿਚ ਤਬਦੀਲ ਹੋ ਕੇ, ਹੋਰ ਜ਼ਿਆਦਾ ਮਿੱਠਾ ਹੋ ਜਾਂਦਾ ਹੈ।

ਉਪਰੋਕਤ ਦੇ ਉਲਟ ਵੀ :

✡ ਮਨੁੱਖ ਭਾਵੇਂ ਆਪਣੇ ਸਰੀਰ ਨੂੰ ਬਹੁਤ ਜ਼ਿਆਦਾ ਸਜ਼ਾ ਦੇ ਲਵੇ, ਇਹ ਉਸ ਮਨੁੱਖ ਦੇ ਮਨ ਨੂੰ ਪ੍ਰਮਾਤਮਾ ਤੋਂ ਡਰਨ ਜਾਂ ਪ੍ਰਮਾਤਮਾ ਨੂੰ ਪਿਆਰ ਕਰਨ ਲਈ ਨਹੀਂ ਮਨਾ ਸਕਦੇ। ਮਨ ਏਨਾ ਜਿੱਦੀ ਹੁੰਦਾ ਹੈ ਕਿ ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਅਤੇ ਇਹ ਏਨਾ ਅਸਹਿ ਹੁੰਦਾ ਹੈ ਕਿ ਦੁਨਿਆਵੀ ਮੋਹਾਂ ਨੂੰ ਸਹਿਣ ਨਹੀਂ ਕਰ ਸਕਦਾ।

✡ ਗੰਨੇ ਦੇ ਰਸ ਨੂੰ ਹੋਰ ਜ਼ਿਆਦਾ ਮਿੱਠੇ ਸੁਆਦ ਵਾਲਾ ਬਣਾਉਣ ਲਈ ਖਾਸ ਪ੍ਰਕ੍ਰਿਆ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਮਨ ਨੂੰ ਤਬਦੀਲ ਕਰਨ ਲਈ ਤਾਂ ਕਿ ਉਹ ਪ੍ਰਮਾਤਮਾ ਦੀ ਭਗਤੀ ਕਰੇ, ਮਨ ਨੂੰ ਵੀ ਖਾਸ ਪ੍ਰਕ੍ਰਿਆ ਵਿੱਚੋਂ ਗੁਜ਼ਰਨਾ ਪਵੇਗਾ— ਉਹ ਪ੍ਰਕ੍ਰਿਆ ਹੈ ਗੁਰੂ ਦੀਆਂ ਸਿੱਖਿਆਵਾਂ ਨੂੰ ਸਵੀਕਾਰ ਕਰਨਾ ਅਤੇ ਫਿਰ ਅਮਲ ਕਰਨਾ। ਸੱਚਾ ਗੁਰੂ ਉਹ ਹੈ ਜੋ, ਜੋ ਸਿਖਾਉਂਦਾ ਹੈ, ਉਸ ਉਤੇ ਅਮਲ ਕਰਦਾ ਹੈ। ਗੁਰੂ ਰੱਬੀ ਗਿਆਨ ਵੰਡਦਾ ਹੈ। ਇਹ ਗਿਆਨ, ਪ੍ਰਮਾਤਮਾ ਪ੍ਰਤੀ ਅਗਿਆਨਤਾ ਨੂੰ ਦੂਰ ਭਜਾਉਂਦਾ ਹੈ ਅਤੇ ਮਨੁੱਖ ਦੀ ਜਾਗਰੁਕਤਾ ਨੂੰ ਵਧਾਉਂਦਾ ਹੈ। ਜੇ ਗੁਰੂ ਦੀ ਸਿੱਖਿਆ ਦੁਆਰਾ, ਮਨੁੱਖ ਦੀ ਜਾਗਰੁਕਤਾ ਬਦਲੀ ਅਤੇ ਸੁਧਾਰੀ ਜਾਂਦੀ ਹੈ ਤਾਂ ਫਿਰ ਮਨੁੱਖ ਦਾ ਜੀਵਨ, ਸੰਸਾਰ ਅਤੇ ਸਾਰੀ ਸ੍ਰਿਸ਼ਟੀ ਬਾਰੇ ਨਜ਼ਰੀਆ ਬਦਲ ਜਾਂਦਾ ਹੈ। ਮਨੁੱਖ ਦਾ ਵਿਵਹਾਰ, ਉਸ ਦੇ ਆਪਣੇ ਸੰਵੇਗ (ਲਾਲਸਾ), ਸਨਕਾਂ ਅਤੇ ਕਮਜ਼ੋਰੀਆਂ ਦੁਆਰਾ ਨਹੀਂ ਚੱਲਦਾ, ਬਲਕਿ ਇਹ ਗੁਰੂ ਦੀਆਂ ਸਿੱਖਿਆਵਾਂ, ਜੋ ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੀ ਪੂਜਾ ਦੁਆਰਾ ਨਿਰਦੇਸ਼ਿਤ ਹੁੰਦਾ ਹੈ।

ਉਪਦੇਸ਼ ਨੰਬਰ 115

ਵਰਤਮਾਨ ਜੀਵਨ ਦੀਆਂ ਅਧੂਰੀਆਂ ਖਾਹਿਸ਼ਾਂ ਕਾਰਣ ਜਨਮ-ਮਰਨ ਦਾ ਚੱਕਰ ਪੈਂਦਾ ਹੈ

ਉਹ ਮਨੁੱਖ, ਜੋ ਜੀਵਨ ਵਿਚ ਬਹੁਤ ਸਾਰੀਆਂ ਖਾਹਿਸ਼ਾਂ ਰੱਖਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਮੌਤ ਨਿਸ਼ਚਿਤ ਹੈ। ਉਹ ਆਪਣੀਆਂ ਅਧੂਰੀਆਂ ਖਾਹਿਸ਼ਾਂ ਕਾਰਣ ਦੁਬਾਰਾ ਜਨਮ ਲੈਂਦੇ ਹਨ। ਉਹ ਬਾਰ-ਬਾਰ ਜਨਮ ਲੈਂਦੇ ਅਤੇ ਮਰਦੇ ਹਨ, ਕਿਉਂਕਿ ਉਹਨਾਂ ਦੀਆਂ ਖਾਹਿਸ਼ਾਂ ਕਦੀ ਵੀ ਪੂਰੀਆਂ ਨਹੀਂ ਹੋਈਆਂ ਹੁੰਦੀਆਂ। ਬਿਨਾਂ ਸ਼ੱਕ, ਜੀਵਨ ਵਿਚ, ਉਹਨਾਂ ਦਾ ਦੂਸਰਿਆਂ ਨਾਲ ਗਿਸ਼ਤਾ ਹੁੰਦਾ ਹੈ, ਪਰ ਉਹ ਸਾਰੇ ਖਿਨਭੰਗੁਰ ਹੁੰਦੇ ਹਨ ਅਤੇ ਮੌਤ ਸਮੇਂ ਖ਼ਤਮ ਹੋ ਜਾਂਦੇ ਹਨ। ਉਹ ਘਮੰਡੀ ਹੁੰਦੇ ਹਨ, ਉਹ ਮਾੜੇ-ਕਰਮ ਕਰਦੇ ਹਨ ਅਤੇ ਹਮੇਸ਼ਾ ਮੌਤ ਦੇ ਫਰਿਸ਼ਤੇ ਦੀ ਨਜ਼ਰ ਹੇਠਾਂ ਰਹਿੰਦੇ ਹਨ। ਉਹ ਪ੍ਰਮਾਤਮਾ ਪ੍ਰਤੀ ਨਾ-ਸ਼ੁਕਰੇ ਹੁੰਦੇ ਹਨ। ਉਹ ਪ੍ਰਮਾਤਮਾ ਅਤੇ ਉਸ ਦੀਆਂ ਮਿਹਰਾਂ ਨੂੰ ਨਹੀਂ ਜਾਣਦੇ। ਉਹ ਬੇਕਾਰ ਹੁੰਦੇ ਹਨ। ਪ੍ਰਮਾਤਮਾ ਪ੍ਰਤੀ ਕਿਸੇ ਪਿਆਰ ਅਤੇ ਸਤਿਕਾਰ ਤੋਂ ਬਗੈਰ ਉਹ ਪ੍ਰਮਾਤਮਾ ਨੂੰ ਨਮਸ਼ਕਾਰ ਕਰਦੇ ਹਨ, ਪ੍ਰੰਤੂ ਇਹੋ ਜਿਹਾ ਵਰਤਾਉ ਪ੍ਰਮਾਤਮਾ ਨੂੰ ਪ੍ਰਸੰਨ ਨਹੀਂ ਕਰਦਾ। ਜੋ ਪ੍ਰਮਾਤਮਾ ਪ੍ਰਤੀ ਸ਼ਰਧਾ ਨਾਲ ਪਿਆਰ ਅਤੇ ਆਦਰ-ਭਾਵ ਰੱਖਦੇ ਹਨ, ਪ੍ਰਮਾਤਮਾ ਉਹਨਾਂ ਦਾ ਸਨਮਾਨ ਕਰਦਾ ਹੈ। ਅਜਿਹੇ ਮਨੁੱਖ ਪ੍ਰਮਾਤਮਾ ਨੂੰ ਸ਼ਰਧਾ ਨਾਲ ਨਮਸ਼ਕਾਰ ਕਰਦੇ ਹਨ। ਉਹ ਅਜਿਹਾ ਇਸ ਲਈ ਕਰਦੇ ਹਨ, ਕਿਉਂਕਿ ਉਹਨਾਂ ਦੇ ਜਨਮ ਤੋਂ ਪਹਿਲਾਂ ਹੀ, ਪ੍ਰਮਾਤਮਾ ਉਹਨਾਂ ਲਈ ਅਜਿਹੇ ਵਰਤਾਉ ਦਾ ਹੁਕਮ ਕਰਦਾ ਹੈ।

ਉਪਦੇਸ਼ ਨੰਬਰ 116

ਇਕ ਮੂਰਖ ਆਦਮੀ ਹਮੇਸ਼ਾ ਹੀ ਉਹ ਬੋਲਦਾ ਹੈ, ਜਿਸ ਦੀ ਕੋਈ ਕਦਰ-ਕੀਮਤ ਨਹੀਂ ਹੁੰਦੀ

ਇਕ ਮੂਰਖ ਵਿਅਕਤੀ ਹਮੇਸ਼ਾ ਹੀ ਝੂਠੇ ਬਿਆਨਾਂ ਵਿਚ ਰੁੱਝਿਆ ਰਹਿੰਦਾ ਹੈ। ਉਹ ਹਮੇਸ਼ਾ ਝੂਠ ਬੋਲਦਾ ਹੈ, ਜਿਸ ਦੀ ਕੋਈ ਕਦਰ-ਕੀਮਤ ਨਹੀਂ ਹੁੰਦੀ। ਨਾ ਮੰਨਣਯੋਗ, ਗਲਤ ਅਤੇ ਨਾਕਾਰਤਮਕ ਬਿਆਨ (ਕਥਨ) ਇਕ ਮੂਰਖ ਆਦਮੀ ਨੂੰ ਉਸੇ ਤਰ੍ਹਾਂ ਆਉਂਦੇ ਹਨ, ਜਿਵੇਂ ਕੁਦਰਤੀ ਖਾਹਿਸ਼ਾਂ ਦੇ ਹੇਠਾਂ ਉਦਹਾਰਣ ਦਿੱਤੇ ਗਏ ਹਨ :

- ਪਾਣੀ ਭਾਵੇਂ ਕਿੰਨਾ ਵੀ ਡੂੰਘਾ ਕਿਉਂ ਨਾ ਹੋਵੇ, ਮੱਛੀ ਉਸ ਵਿਚ ਤੈਰਨ ਦੀ ਇੱਛੁਕ ਰਹਿੰਦੀ ਹੈ।
- ਪੰਛੀ ਹਮੇਸ਼ਾ ਆਕਾਸ਼ ਵਿਚ ਉੱਡਣ ਲਈ ਇੱਛੁਕ ਹੁੰਦਾ ਹੈ।
- ਪੱਥਰ ਸਰਦੀ ਤੋਂ ਨਹੀਂ ਡਰਦਾ।
- ਖੁਸਰਾ ਸ਼ਾਦੀ-ਸ਼ੁਦਾ ਜੀਵਨ ਤੋਂ ਅਨਜਾਣ ਹੁੰਦਾ ਹੈ।

- ਕੁੱਤੇ ਨੂੰ ਭਾਵੇਂ ਸੰਦਲ ਦੀ ਲੱਕੜੀ ਨਾਲ ਢੱਕ ਦਿਉ, ਫੇਰ ਵੀ ਉਹ ਉਹੋ ਹੀ ਕਰੇਗਾ, ਜੋ ਕੁੱਤੇ ਕਰਦੇ ਹਨ।
- ਇਕ ਬੋਲੇ ਨੂੰ ਭਾਵੇਂ ਧਾਰਮਿਕ ਕਿਤਾਬ ਵਿੱਚੋਂ ਸਿੱਖਿਆ ਪੜ੍ਹ ਕੇ ਸੁਣਾਉ, ਉਸ ਨੂੰ ਉਸ ਦਾ ਕੋਈ ਲਾਭ ਨਹੀਂ।
- ਭਾਵੇਂ ਪੰਜਾਹ ਮਿੱਟੀ ਦੇ ਦੀਵੇ ਜਗਾ ਲਓ, ਇਕ ਅੰਨੇ ਨੂੰ ਉਹਨਾਂ ਦੀ ਰੋਸ਼ਨੀ ਦਾ ਕੋਈ ਲਾਭ ਨਹੀਂ।
- ਪਸ਼ੂਆਂ ਅੱਗੇ ਭਾਵੇਂ ਸੋਨਾ ਪਰੋਸ ਦਿਓ, ਪਰ ਉਹ ਘਾਹ ਖਾਣ ਨੂੰ ਹੀ ਤਰਜੀਹ ਦੇਣਗੇ।
- ਰਸਾਇਣ ਵਿਗਿਆਨ ਦੁਆਰਾ ਲੋਹੇ ਦੇ ਟੁੱਕੜੇ ਨੂੰ ਰੂੰ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ।

ਉਪਦੇਸ਼ ਨੰਬਰ 117

ਪ੍ਰਮਾਤਮਾ ਦੀ ਭਗਤੀ, ਉਸ ਨਾਲ ਮਿਲਾਪ ਦਾ ਸਾਧਨ ਹੈ

ਪਿਆਰ ਅਤੇ ਸ਼ਰਧਾ ਨਾਲ ਕੀਤੀ ਗਈ ਭਗਤੀ, ਪ੍ਰਮਾਤਮਾ ਨਾਲ ਮਿਲਾਪ ਦਾ ਸਾਧਨ ਹੈ। ਇਹ ਨਾਤਾ ਹੇਠਾਂ ਲਿਖੇ ਤਰੀਕਿਆਂ ਨਾਲ ਉਦਾਹਰਣ ਸਹਿਤ ਪੇਸ਼ ਕੀਤਾ ਗਿਆ ਹੈ :

- ਅੱਗ ਧਾਤਾਂ ਦੇ ਟੁਕੜਿਆਂ ਨੂੰ ਮਿਲਾਉਂਦੀ ਹੈ, ਜਿਵੇਂ ਸੋਨਾ ਅਤੇ ਲੋਹਾ।
- ਬੱਚੇ ਪਤੀ ਪਤਨੀ ਨੂੰ ਜੋੜ ਕੇ ਰੱਖਦੇ ਹਨ।
- ਰਾਜੇ ਨੂੰ ਟੈਕਸ ਅਦਾ ਕਰਨਾ, ਪਰਜਾ ਨੂੰ ਉਸ ਨਾਲ ਜੋੜ ਕੇ ਰੱਖਦੇ ਹਨ।
- ਭੁੱਖ ਸਮੇਂ ਭੋਜਨ ਖਾਣਾ, ਸਰੀਰ ਨੂੰ ਜ਼ਿੰਦਗੀ ਨਾਲ ਜੋੜਦਾ ਹੈ।
- ਬਹੁਤ ਜ਼ਿਆਦਾ ਬਾਰਿਸ਼, ਸੋਕਾ ਖ਼ਤਮ ਕਰਦੀ ਹੈ ਅਤੇ ਫਸਲ ਨੂੰ ਬਹੁਤਾਤ ਨਾਲ ਮਿਲਾਉਂਦੀ ਹੈ।
- ਮਿੱਤਰਤਾ ਅਤੇ ਦਿਆਲਤਾ ਸ਼ਬਦ ਦੋ ਲੋਕਾਂ ਨੂੰ ਆਪੋ ਵਿਚ ਜੋੜਦੇ ਹਨ।
- ਸੱਚਾ ਗਿਆਨ ਮਨੁੱਖ ਨੂੰ ਉੱਚ ਵਿੱਦਿਆ ਨਾਲ ਜੋੜਦਾ ਹੈ।
- ਜੀਵਨ ਵਿਚ ਕੀਤੇ ਨੇਕ ਕਰਮ ਮਨੁੱਖ ਨੂੰ ਮੌਤ ਤੋਂ ਬਾਅਦ ਸੱਚੀ ਵਸੀਅਤ ਨਾਲ ਜੋੜਦੇ ਹਨ।
- ਸਜ਼ਾ ਮੂਰਖ ਵਿਅਕਤੀ ਨੂੰ ਆਪਣੇ ਆਪ 'ਤੇ ਕਾਬੂ ਅਤੇ ਚੰਗੇ ਕਰਮਾਂ ਦੀ ਵਿਰਾਸਤ ਨਾਲ ਜੋੜਦੀ ਹੈ।
- ਪ੍ਰਮਾਤਮਾ ਦੇ ਵਿਲੱਖਣ ਅਤੇ ਬੇਅੰਤ ਗੁਣਾਂ ਦੀ ਸਿਫ਼ਤ, ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ।

ਇਸ ਪ੍ਰਕਾਰ ਪ੍ਰਸ਼ੰਸਾ, ਪ੍ਰਮਾਤਮਾ ਨਾਲ ਜੁੜਨ ਦਾ ਸਾਧਨ ਹੈ। ਇਹ ਨਾਤਾ ਏਨਾ ਹੀ ਅਸਲ ਹੈ, ਜਿੰਨਾ ਉਪਰੋਕਤ ਉਦਾਹਰਣ ਸਹਿਤ ਦੱਸੇ ਸੰਬੰਧ। ਫੇਰ ਵੀ, ਸੰਬੰਧ ਦੇ ਜੁੜਨ ਦੀ ਸਹੂਲਤ ਲਈ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਦਾ ਹੋਣਾ ਜ਼ਰੂਰੀ ਹੈ। ਦੋ ਧਾਤਾਂ ਨੂੰ ਵੈਲਡਿੰਗ ਨਾਲ ਜੋੜਨ ਲਈ ਜੋੜਕ ਦੀ ਲੋੜ ਹੁੰਦੀ ਹੈ। ਬੱਚੇ ਨੂੰ ਜਨਮ ਦੇਣ ਲਈ ਦੰਪਤੀ ਜੀਵਨ ਦੇ ਰਿਸ਼ਤੇ ਦੀ ਲੋੜ ਹੁੰਦੀ ਹੈ। ਰਾਜੇ ਨੂੰ ਟੈਕਸ ਦੀ ਸਹੀ ਰਕਮ ਅਦਾ ਕਰਨ ਦੀ ਲੋੜ ਹੁੰਦੀ ਹੈ। ਭੁੱਖੇ ਆਦਮੀ ਨੂੰ ਮੌਤ ਤੋਂ ਬਚਣ ਲਈ ਭੋਜਨ ਦੀ ਲੋੜ ਹੁੰਦੀ ਹੈ। ਸੋਕਾ ਖਤਮ ਕਰਨ ਲਈ ਬਾਰਿਸ਼ ਦਾ ਪੈਣਾ ਬਹੁਤ ਜ਼ਰੂਰੀ ਹੈ। ਦੋ ਵਿਅਕਤੀਆਂ ਨੂੰ ਭਾਵਨਾਤਮਕ ਤੌਰ 'ਤੇ ਨਜ਼ਦੀਕ ਲਿਆਉਣ ਲਈ ਮਿੱਤਰਤਾ ਭਰੇ ਅਤੇ ਦਿਆਲਤਾ ਸ਼ਬਦ ਬੋਲੇ ਜਾਣੇ ਚਾਹੀਦੇ ਹਨ। ਇਕ ਸੱਚਾ ਵਿਦਵਾਨ ਬਨਣ ਲਈ ਇਕ ਵਿਅਕਤੀ ਨੂੰ ਪਹਿਲਾਂ ਸਹੀ ਗਿਆਨ ਹੋਣਾ ਜ਼ਰੂਰੀ ਹੈ। ਸਾਕਾਰਾਤਮਕ ਅਤੇ ਯਾਦਗਾਰ ਵਿਰਾਸਤ ਕਾਇਮ ਕਰਨ ਲਈ ਨੇਕ ਕਰਮ ਕਰਨੇ ਬਹੁਤ ਜ਼ਰੂਰੀ ਹਨ। ਮੂਰਖ ਨੂੰ ਸੁਧਾਰਨ ਲਈ ਸਜ਼ਾ ਜ਼ਰੂਰੀ ਹੈ।

ਜਿਵੇਂ ਉੱਪਰ ਦੱਸਿਆ ਗਿਆ ਹੈ, ਠੀਕ ਉਸੇ ਤਰ੍ਹਾਂ ਜੇ ਮਨੁੱਖ ਪ੍ਰਮਾਤਮਾ ਦੀ ਸਿਫਤਿ-ਸਾਲਾਹ ਕਰਦਾ ਹੈ ਜਾਂ ਉਸ ਦੀ ਪੂਜਾ ਕਰਦਾ ਹੈ, ਤਾਂ ਉਹ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਕਿਵੇਂ ਕਰਨੀ ਹੈ, ਇਸ ਦੇ ਬਾਰੇ ਮਨੁੱਖ ਸਤਿਗੁਰੂ ਕੋਲੋਂ ਸਿੱਖਦਾ ਹੈ। ਗੁਰੂ ਨੂੰ ਪ੍ਰਮਾਤਮਾ ਨਾਲ ਜੁੜਨ ਦਾ ਤਰੀਕਾ ਜ਼ਰੂਰ ਸਿਖਾਉਣਾ ਚਾਹੀਦਾ ਹੈ ਅਤੇ ਸਿੱਖ ਨੂੰ ਪ੍ਰਮਾਤਮਾ ਨਾਲ ਜੁੜਨ ਦਾ ਤਰੀਕਾ ਜ਼ਰੂਰ ਸਿੱਖਣਾ ਚਾਹੀਦਾ ਹੈ।

ਉਪਦੇਸ਼ ਨੰਬਰ 118

ਪ੍ਰਮਾਤਮਾ ਨਿਰਣਾ ਕਰਦਾ ਹੈ ਕਿ ਕੌਣ ਨੀਚ ਹੈ ਅਤੇ ਕੌਣ ਨੇਕ ਹੈ

ਪ੍ਰਮਾਤਮਾ ਸਿਰਜਣਹਾਰ ਹੈ ਅਤੇ ਉਹ ਆਪਣੀ ਸ੍ਰਿਸ਼ਟੀ ਦਾ ਨਿਆਂ ਕਰਨ ਵਾਲਾ ਹੈ। ਉਹ ਕਈਆਂ ਨੂੰ ਨੀਚ ਦਾ ਨਾਮ ਦਿੰਦਾ ਹੈ ਅਤੇ ਬਾਕੀਆਂ ਨੂੰ ਨੇਕ ਦਾ ਨਾਮ ਦਿੰਦਾ ਹੈ। ਉਹ ਨੇਕ ਬੰਦਿਆਂ ਨੂੰ ਸੰਭਾਲ ਕੇ ਰੱਖਦਾ ਹੈ। ਉਹ ਨੀਚਾਂ ਨੂੰ ਪਰ੍ਹੇ ਸੁੱਟ ਦਿੰਦਾ ਹੈ। ਇਮਤਿਹਾਨ ਤੋਂ ਬਾਅਦ, ਜਿਨ੍ਹਾਂ ਨੂੰ ਉਹ ਨੀਚ ਪਾਉਂਦਾ ਹੈ, ਉਹਨਾਂ ਨੂੰ ਉਹ ਆਪਣੇ ਸਦੀਵੀ ਕਾਇਮ ਰਹਿਣ ਵਾਲੇ ਨਿਯਮ ਅਨੁਸਾਰ ਤਿਆਗ ਦਿੰਦਾ ਹੈ। ਜਿਨ੍ਹਾਂ ਬਾਰੇ ਨੀਚ ਹੋਣ ਦਾ ਫੈਸਲਾ ਦੇ ਦਿੱਤਾ ਜਾਂਦਾ ਹੈ, ਉਹਨਾਂ ਕੋਲ ਦੁਬਾਰਾ ਬੇਨਤੀ ਕਰਨ ਦਾ ਕੋਈ ਆਸਰਾ (ਸ਼ਰਨ) ਨਹੀਂ ਰਹਿੰਦਾ। ਨੀਚ ਵਿਅਕਤੀ ਕੋਲ ਮੁਕਤੀ ਦਾ ਸਿਰਫ ਇਕ ਮਾਰਗ ਬਚਦਾ ਹੈ ਕਿ ਉਹ ਗੁਰੂ ਦੀ ਸ਼ਰਨ ਆ ਜਾਵੇ ਅਤੇ ਗੁਰੂ ਦੀ ਮਦਦ ਲਈ ਬੇਨਤੀ ਕਰੇ। ਸਤਿਗੁਰੂ ਵਿਚ ਨੀਚ ਨੂੰ ਨੇਕ ਵਿਚ ਤਬਦੀਲ ਕਰਨ ਦੀ ਕਾਬਲੀਅਤ ਹੁੰਦੀ ਹੈ। ਇਹ ਉਹ ਰੱਬੀ ਗਿਆਨ ਦੇ ਕੇ ਪ੍ਰਾਪਤ ਕਰਦਾ ਹੈ। ਫਿਰ ਉਸ ਸਦੀਵੀ ਕਾਇਮ ਰਹਿਣ ਵਾਲੇ ਦਰਬਾਰ ਵਿਚ, ਗੁਰੂ ਦੁਆਰਾ ਦੱਸੇ ਅਨੁਸਾਰ ਪ੍ਰਮਾਤਮਾ ਦੇ ਪਿਆਰ ਵਿਚ ਸਰਾ ਭੌਰ ਹੋਏ ਮਨੁੱਖ ਨੂੰ

ਪ੍ਰਮਾਤਮਾ ਵਲੋਂ ਸਵੀਕਾਰਤਾ ਮਿਲ ਜਾਂਦੀ ਹੈ। ਉਹ, ਜੋ ਉਸ ਦੇ ਸਦੀਵੀ ਦਰਬਾਰ ਵੱਲੋਂ ਸਵੀਕਾਰ ਕਰ ਲਏ ਜਾਂਦੇ ਹਨ, ਉਹ ਨਿਹਕਲੰਕ ਬਣ ਜਾਂਦੇ ਹਨ। ਉਹਨਾਂ ਨੂੰ ਸਿਰਜਣਹਾਰ ਆਪ ਮੁਆਫ਼ ਕਰ ਦਿੰਦਾ ਹੈ।

ਉਪਦੇਸ਼ ਨੰਬਰ 119

ਕੇਵਲ ਪ੍ਰਮਾਤਮਾ ਹੀ ਅਟੱਲ ਹੈ

ਉਹ ਆਪਣੀ ਰਚਨਾ ਦਾ ਪਾਲਣਹਾਰ ਹੈ

ਕੇਵਲ ਪ੍ਰਮਾਤਮਾ ਹੀ ਹੈ ਜੋ ਕਦੀ ਨਹੀਂ ਮਰਦਾ। ਬਾਕੀ ਸਭ ਕੁੱਛ ਨਸ਼ਟ ਹੋ ਜਾਂਦਾ ਹੈ। ਨਸ਼ਟ ਹੋ ਜਾਣ ਵਾਲਿਆਂ ਵਿਚ ਇਹ ਜੀਵ ਹਨ :

- ਸਾਰੇ ਇਸਲਾਮ ਧਰਮ ਵਾਲੇ : ਪੀਰ, ਸ਼ੇਖ਼, ਹਾਕਮ, ਰਾਜੇ ਮਰ ਜਾਂਦੇ ਹਨ ਅਤੇ ਦਬਾ ਦਿੱਤੇ ਜਾਂਦੇ ਹਨ।
- ਦੇਵਤੇ, ਰਾਖਸ਼, ਸਾਰੀ ਮਨੁੱਖ ਜਾਤੀ, ਮੰਨੇ-ਪ੍ਰਮੰਨੇ ਤਪੱਸਵੀ ਅਤੇ ਉਹ ਵੀ ਸਾਰੇ ਜੋ ਤਪੱਸਵੀ ਧਰਮ ਦਾ ਪਾਲਣ ਕਰਦੇ ਹਨ, ਪਰ ਉਹਨਾਂ ਨੇ ਅਜੇ ਤੱਕ ਆਪਣਾ ਨਿਸ਼ਾਨਾ ਪ੍ਰਾਪਤ ਨਹੀਂ ਕੀਤਾ।
- ਉਹ ਸਾਰੇ ਵਿਅਕਤੀ ਜੋ ਦੂਸਰਿਆਂ ਦੇ ਕਰਮਾਂ ਨੂੰ ਆਂਕਦੇ ਹਨ।
- ਇਸਲਾਮ ਧਰਮ ਦੇ ਸਾਰੇ ਸੱਤ ਪਾਤਾਲ।
- ਸੂਰਜ, ਚੰਦਰਮਾ, ਬ੍ਰਹਿਮੰਡ, ਸੱਤ ਦੀਪ, ਪਾਣੀ, ਭੋਜਨ ਜੋ ਜੀਵਿਤ ਮਨੁੱਖਾਂ ਦੀ ਪਾਲਣਾ ਕਰਦਾ ਹੈ ਅਤੇ ਹਵਾ।

ਸਿਰਫ਼ ਪ੍ਰਮਾਤਮਾ ਹੀ ਸਾਰੇ ਜੀਵਾਂ ਲਈ ਭੋਜਨ ਦਾ ਪ੍ਰਬੰਧ ਕਰਦਾ ਹੈ। ਸਾਰੇ ਹੀ ਪ੍ਰਮਾਤਮਾ 'ਤੇ ਨਿਰਭਰ ਕਰਦੇ ਹਨ, ਹੋਰ ਕਿਸੇ 'ਤੇ ਨਹੀਂ। ਪ੍ਰਮਾਤਮਾ ਅਪਰੰਪਾਰ ਹੈ। ਇਹ ਇਕ ਸਦੀਵੀ ਸੱਚਾਈ ਹੈ। ਪੰਛੀ ਭੋਜਨ ਨਹੀਂ ਖ਼ਰੀਦਦੇ। ਪ੍ਰਮਾਤਮਾ ਉਹਨਾਂ ਲਈ ਭੋਜਨ ਦਾ ਪ੍ਰਬੰਧ ਕਰਦਾ ਹੈ। ਉਹ ਉਹਨਾਂ ਦਰੱਖ਼ਤਾਂ ਉੱਪਰ ਰਹਿੰਦੇ ਹਨ ਜੋ ਪ੍ਰਮਾਤਮਾ ਨੇ ਬਣਾਏ ਹਨ। ਪਾਣੀ ਉਹਨਾਂ ਲਈ ਮੁਫ਼ਤ ਹੈ। ਹੋਰ ਕੋਈ ਨਹੀਂ, ਕੇਵਲ ਪ੍ਰਮਾਤਮਾ ਹੀ ਇਹ ਸਭ ਕਰਦਾ ਹੈ। ਪ੍ਰਮਾਤਮਾ ਸਭ ਦੀਆਂ ਤਕਦੀਰਾਂ ਲਿਖਦਾ ਹੈ। ਜੋ ਪ੍ਰਮਾਤਮਾ ਨਿਰਧਾਰਿਤ ਕਰਦਾ ਹੈ, ਉਸ ਨੂੰ ਕੋਈ ਵੀ ਨਹੀਂ ਬਦਲ ਸਕਦਾ। ਉਹ ਸਾਡੇ ਕਰਮਾਂ ਦਾ ਮਾਲਕ ਹੈ। ਉਹ ਸਾਨੂੰ ਕਰਮਾਂ ਦੀ ਤਾਕਤ ਤੋਂ ਵੀ ਮਹਿਰੂਮ ਰੱਖਦਾ ਹੈ।

ਉਪਦੇਸ਼ ਨੰਬਰ 120

ਪ੍ਰਮਾਤਮਾ ਦਾ ਆਪਣੀ ਸ੍ਰਿਸ਼ਟੀ 'ਤੇ ਰਾਜ ਸਦੀਵੀ ਹੈ

ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਆਪਣੀ ਸ੍ਰਿਸ਼ਟੀ 'ਤੇ ਸਦੀਵੀ ਹਕੂਮਤ ਤੇ ਵਿਸ਼ਵਾਸ

ਕਰਦਾ ਹੈ। ਗੁਰੂ ਦੇ ਗਿਆਨ ਨੂੰ ਸਵੀਕਾਰ ਅਤੇ ਆਪਣੇ ਅਤੇ ਦੂਸਰੇ ਪ੍ਰਚੱਲਿਤ ਕੀਤੇ ਵਿਚਾਰਾਂ ਨੂੰ ਨਕਾਰ ਕੇ, ਗੁਰੂ ਦਾ ਸਿੱਖ, ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦਾ ਗਿਆਨ ਹਾਸਿਲ ਕਰਦਾ ਹੈ। ਸਿੱਖ ਇਸ ਵਿਚਾਰ 'ਤੇ ਪੂਰੀ ਤਰ੍ਹਾਂ ਯਕੀਨ ਕਰਦੇ ਹਨ ਕਿ ਪ੍ਰਮਾਤਮਾ ਦਾ ਸਥਾਨ ਸਥਾਈ ਹੈ ਅਤੇ ਇਸ ਤੱਕ, ਕੇਵਲ ਗੁਰੂ ਦੀ ਸਿੱਖਿਆ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ। ਗੁਰੂ ਦੀ ਸਿੱਖਿਆ ਸੱਚ ਸਿਖਾਉਂਦੀ ਹੈ। ਜੋ ਗੁਰੂ ਸਿਖਾਉਂਦਾ ਹੈ, ਉਸ ਨੂੰ ਸਮਝ ਕੇ, ਸਿੱਖ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਉਸ ਦਾ, ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ।

ਉਹ ਮਨੁੱਖ, ਜੋ ਕੇਵਲ ਆਪਣੇ ਵਿਚਾਰਾਂ ਦੇ ਪਿੱਛੇ ਚੱਲਦੇ ਹਨ ਅਤੇ ਗੁਰੂ ਦੇ ਵਿਚਾਰਾਂ ਤੋਂ ਅਨਜਾਣ ਰਹਿੰਦੇ ਹਨ, ਉਹ, ਹੋਰ ਕੁਛ ਨਹੀਂ, ਸਿਰਫ਼ ਝੂਠ ਵਿਚ ਉਲਝਦੇ ਹਨ। ਉਹਨਾਂ ਦਾ ਪ੍ਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ। ਉਹਨਾਂ ਦੀ ਅਗਿਆਨਤਾ ਉਹਨਾਂ ਨੂੰ ਸਹੀ ਰਸਤੇ ਤੋਂ ਭਟਕਾ ਦਿੰਦੀ ਹੈ। ਉਹ ਪਾਪ ਕਰਦੇ ਹਨ ਅਤੇ ਬਿਨਾਂ-ਪਾਪ ਵਾਲੀ ਜ਼ਿੰਦਗੀ ਦੇ ਲਾਭਾਂ ਦਾ ਸੁਆਦ ਨਹੀਂ ਚੱਖਦੇ। ਦਿਲ ਵਿਚ ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸਤਿਕਾਰ ਨਾ ਰੱਖ ਕੇ, ਉਹ ਦੁੱਖ ਭੋਗਦੇ ਹਨ ਅਤੇ ਜਨਮ-ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ। ਪ੍ਰਮਾਤਮਾ ਬਹੁਤ ਮਹਾਨ ਮੁਲਾਂਕਣ ਕਰਤਾ ਹੈ। ਉਹ ਸਾਡੇ ਵਿਵਹਾਰ ਨੂੰ ਪਰਖਦਾ ਹੈ ਅਤੇ ਜਾਣਦਾ ਹੈ ਕਿ ਕੌਣ ਨੀਚ ਹੈ ਅਤੇ ਕੌਣ ਨੇਕ ਹੈ।

ਉਪਦੇਸ਼ ਨੰਬਰ 121

ਪ੍ਰਮਾਤਮਾ ਦੀ ਸ਼ਕਤੀ ਸੰਭਾਵਨਾ ਦੇ ਖੇਤਰ ਨੂੰ ਉੱਚਾ ਚੁੱਕਦੀ ਹੈ

ਪ੍ਰਮਾਤਮਾ ਕੋਲ ਉਹਨਾਂ ਸਭ ਨੂੰ ਉੱਚਾ ਚੁੱਕਣ ਦੀ ਤਾਕਤ ਹੈ, ਜੋ ਤਰਕਸੰਗਤ ਨਾਲ ਸੰਭਵ ਹੈ। ਹੇਠ ਲਿਖਿਆਂ ਅਨੁਸਾਰ ਵਿਚਾਰੋ ਕਿ ਪ੍ਰਮਾਤਮਾ ਕੀ ਕਰ ਸਕਦਾ ਹੈ :

- ਪ੍ਰਮਾਤਮਾ ਸ਼ੇਰ, ਬਾਜ਼, ਚਰਗ, ਕੂਹੀ, ਮੀਟ ਖਾਣ ਵਾਲੇ ਜਾਨਵਰ ਨੂੰ, ਘਾਹ ਖਾਣ ਵਾਲੇ ਜਾਨਵਰ ਬਣਾ ਸਕਦਾ ਹੈ।
- ਉਹ ਸ਼ਾਕਾਹਾਰੀਆਂ ਨੂੰ ਮਾਸਾਹਾਰੀ ਬਣਾ ਸਕਦਾ ਹੈ।
- ਜਿੱਥੇ ਕਦੀ ਦਰਿਆ ਵਗਦੇ ਰਹੇ ਹੋਣ, ਉਸ ਜਗ੍ਹਾ ਤੇ ਬੰਜਰ ਰੇਗਿਸਤਾਨ ਪੈਦਾ ਕਰ ਸਕਦਾ ਹੈ।
- ਉਹ ਰੇਗਿਸਤਾਨਾਂ ਨੂੰ ਗਹਿਰੇ ਸਾਗਰ ਬਣਾ ਸਕਦਾ ਹੈ।
- ਜੇ ਪ੍ਰਮਾਤਮਾ ਕਿਸੇ ਨੀਵੇਂ (ਗਰੀਬ) ਅਤੇ ਸ਼ਕਤੀਹੀਨ ਦੇ ਨਾਲ ਹੋਵੇ ਤਾਂ ਉਹ ਉਸ ਨੂੰ ਏਨਾ ਸ਼ਕਤੀਸ਼ਾਲੀ ਰਾਜਾ ਬਣਾ ਸਕਦਾ ਹੈ, ਜੋ ਦੁਸ਼ਮਣਾਂ ਦੀਆਂ ਫੌਜਾਂ ਨੂੰ ਖ਼ਤਮ ਕਰ ਦੇਵੇ।
- ਪ੍ਰਮਾਤਮਾ ਉਹਨਾਂ ਜਾਨਵਰਾਂ, ਜਿਨ੍ਹਾਂ ਦਾ ਜੀਵਨ ਸਾਹ ਲੈਣ 'ਤੇ ਨਿਰਭਰ ਕਰਦਾ

ਹੈ, ਉਹਨਾਂ ਨੂੰ ਬਿਨਾਂ ਸਵਾਸਾਂ ਦੇ ਵੀ ਪਾਲ ਸਕਦਾ ਹੈ (ਜੀਵਿਤ ਰੱਖ ਸਕਦਾ ਹੈ)।

✡ ਪ੍ਰਮਾਤਮਾ ਉਹੀ ਕਰਦਾ ਹੈ, ਜੋ ਉਸ ਨੂੰ ਭਾਉਂਦਾ ਹੈ ਤੇ ਉਹ ਜਿਵੇਂ ਚਾਹੁੰਦਾ ਹੈ।

✡ ਪ੍ਰਮਾਤਮਾ ਜਿਵੇਂ ਚਾਹੇ, ਤਿਵੇਂ ਪਾਲਦਾ ਹੈ।

ਉਪਦੇਸ਼ ਨੰਬਰ 122

ਪ੍ਰਮਾਤਮਾ ਅਬਿਨਾਸੀ, ਦਇਆਲੂ ਤੇ ਦਾਤਾਰ ਹੈ

ਉਹ ਮਨੁੱਖ, ਜੋ ਪ੍ਰਮਾਤਮਾ ਤੋਂ ਬੇਮੁਖ ਹੁੰਦੇ ਹਨ, ਆਪਣੀ ਬਰਬਾਦੀ ਆਪ ਕਰਨ ਵਾਲੇ ਹੁੰਦੇ ਹਨ। ਪ੍ਰਮਾਤਮਾ ਹਮੇਸ਼ਾ ਹੀ ਦਇਆਵਾਨ-ਦਾਤਾਰ ਹੈ। ਪ੍ਰਮਾਤਮਾ ਦੇ ਗੁਣ ਕਦੀ ਵੀ ਖ਼ਤਮ ਨਾ ਹੋਣ ਵਾਲੇ ਹਨ। ਮਾਸਾਹਾਰੀ ਅਤੇ ਸ਼ਾਕਾਹਾਰੀ ਦੋਨੋਂ ਹੀ ਉਹ ਖਾਂਦੇ ਹਨ, ਜੋ ਪ੍ਰਮਾਤਮਾ ਉਹਨਾਂ ਨੂੰ ਬਖਸ਼ਦਾ ਹੈ। ਕਈ ਅਜਿਹੇ ਵੀ ਹਨ, ਜਿਨ੍ਹਾਂ ਲਈ ਉਹ ਵੱਖ-ਵੱਖ ਤਰ੍ਹਾਂ ਦੇ ਭੋਜਨਾਂ ਅਤੇ ਹਰੇਕ ਤਰ੍ਹਾਂ ਦੇ ਸੁਆਦੀ ਪਕਵਾਨਾਂ ਦਾ ਪ੍ਰਬੰਧ ਕਰਦਾ ਹੈ। ਫੇਰ ਵੀ, ਕੁਛ ਅਜਿਹੇ ਵੀ ਹਨ, ਜੋ ਮਿੱਟੀ ਵਿਚ ਅਤੇ ਮਿੱਟੀ ਤੋਂ ਬਗੈਰ ਰਹਿੰਦੇ ਹਨ ਅਤੇ ਕਈ ਅਜਿਹੇ ਵੀ ਹਨ, ਜੋ ਹਵਾ ਵਿਚ ਰਹਿੰਦੇ ਹਨ ਅਤੇ ਹਵਾ ਦੇ ਜੀਵ ਕਹਾਉਂਦੇ ਹਨ। ਕਈ ਅਜਿਹੇ ਵੀ ਹਨ, ਜਿਨ੍ਹਾਂ ਦਾ ਜੀਵਨ ਪ੍ਰਮਾਤਮਾ ਦੀ ਪਿਆਰ ਭਰੀ ਯਾਦ 'ਤੇ ਨਿਰਭਰ ਕਰਦਾ ਹੈ। ਉਹ ਨਿਰੰਕਾਰ ਦੇ ਪੁਜਾਰੀ ਕਹਾਉਂਦੇ ਹਨ।

ਉਪਦੇਸ਼ ਨੰਬਰ 123

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ, ਗੁਰੂ ਦੀ ਸਿੱਖਿਆ 'ਤੇ ਤੁਰਦਾ ਹੈ

ਇਹ ਪ੍ਰਮਾਤਮਾ ਦੀ ਮਿਹਰ ਅਤੇ ਵੱਡੇ ਭਾਗਾਂ ਦੇ ਨਾਲ ਹੀ ਹੁੰਦਾ ਹੈ ਕਿ ਮਨੁੱਖ ਗੁਰੂ ਦੀ ਸਿੱਖਿਆ ਅਨੁਸਾਰ ਗਿਆਨ ਦੀ ਰੋਸ਼ਨੀ ਵਿਚ ਆਪਣਾ ਜੀਵਨ ਬਿਤਾਉਂਦਾ ਹੈ। ਫਿਰ ਮਨੁੱਖ ਆਪਣੇ ਵਿਵਹਾਰ ਦਾ ਆਪ ਸੰਚਾਲਨ ਕਰਨਾ ਬੰਦ ਕਰ ਦਿੰਦਾ ਹੈ ਅਤੇ ਗੁਰੂ ਦੀ ਸਿੱਖਿਆ ਦੇ ਆਧਾਰ 'ਤੇ ਵਿਵਹਾਰ ਕਰਦਾ ਹੈ। ਜੋ ਵਿਵਹਾਰ, ਗੁਰੂ ਦੀ ਸਿੱਖਿਆ ਦੇ ਅਨੁਸਾਰ ਨਹੀਂ ਹੁੰਦਾ, ਉਹ ਜੀਵਨ ਦੀ ਬਰਬਾਦੀ ਹੀ ਮੰਨਿਆ ਜਾਂਦਾ ਹੈ। ਮਨੁੱਖ ਦਾ ਸਵੈ-ਸੰਚਾਲਿਤ ਵਿਵਹਾਰ, ਮਨੁੱਖ ਨੂੰ ਅਜਿਹਾ ਖਾਣਾ ਖਾਣ ਅਤੇ ਅਜਿਹੇ ਕੱਪੜੇ ਪਹਿਨਣ ਲਈ ਕਹਿੰਦਾ ਹੈ, ਜੋ ਸਰੀਰ ਅਤੇ ਚੰਗੀ ਸਿਹਤ ਦੋਨਾਂ ਲਈ ਹਾਨੀਕਾਰਕ ਹੁੰਦੇ ਹਨ। ਇਸ ਦੇ ਉਲਟ, ਗੁਰੂ ਦੁਆਰਾ ਦਰਸਾਏ ਗਏ ਅਨੁਸਾਰ ਵਿਵਹਾਰ, ਸਦੀਵੀ ਮੰਨੇ ਜਾਣ ਵਾਲੇ ਸਿਧਾਂਤਾਂ ਤੋਂ ਪ੍ਰੇਰਿਤ ਹੁੰਦਾ ਹੈ। ਗੁਰੂ, ਮਨੁੱਖ ਨੂੰ ਪ੍ਰਮਾਤਮਾ ਦੀ ਪੂਜਾ ਕਰਨ ਲਈ ਪ੍ਰੋਤਸਾਹਿਤ ਕਰਦਾ ਹੈ। ਪ੍ਰਮਾਤਮਾ ਦੀ ਪੂਜਾ, ਮਨੁੱਖ ਨੂੰ ਉਸ ਨਾਲ ਮਿਲਾਪ ਵੱਲ ਲੈ ਜਾਂਦੀ ਹੈ। ਫਿਰ ਮਨੁੱਖ ਖ਼ੁਸ਼ੀ, ਸੰਤੋਖ ਅਤੇ ਸ਼ਾਂਤੀ ਵਿਚ ਜੀਵਨ ਬਤੀਤ ਕਰਦਾ ਹੈ। ਨਹੀਂ ਤਾਂ, ਸ਼ਾਂਤੀ, ਖ਼ੁਸ਼ੀ ਅਤੇ ਸੰਤੋਖ ਹਾਸਿਲ ਨਹੀਂ ਕੀਤਾ ਜਾ ਸਕਦਾ। ਇਸ ਹਾਲਤ ਵਿਚ ਸੰਸਾਰ

ਤੋਂ ਚਲਾਣਾ, ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਵਿਚ ਫਸਣ ਦਾ ਕਾਰਣ ਬਣਦੀ ਹੈ।

ਗੁਰੂ ਦੀ ਰਹਿਨੁਮਾਈ ਅਤੇ ਪ੍ਰਮਾਤਮਾ ਦੀ ਭਗਤੀ ਤੋਂ ਬਗੈਰ, ਮਨੁੱਖ ਝੂਠ ਵਿਚ ਉਲਝ ਜਾਂਦਾ ਹੈ ਅਤੇ ਸਿਰਫ਼ ਝੂਠ ਇਕੱਠਾ ਕਰਦਾ ਹੀ ਮਰ ਜਾਂਦਾ ਹੈ। ਜੇ ਮਨੁੱਖ ਪ੍ਰਮਾਤਮਾ ਦੀ ਭਗਤੀ ਵਿਚ ਰੁੱਝਦਾ ਹੈ ਤਾਂ ਫਿਰ ਸਿਰਫ਼ ਸੱਚਾਈ ਹੀ ਇਕੱਤਰ ਕਰਦਾ ਹੈ। ਮਨੁੱਖ ਸਤਿਕਾਰ ਭਰਿਆ ਜੀਵਨ ਜਿਉਂਦਾ ਹੈ ਅਤੇ ਮੌਤ ਤੋਂ ਬਾਅਦ ਵੀ ਪ੍ਰਮਾਤਮਾ ਵੱਲੋਂ ਆਦਰ (ਦਰਗਾਹ ਵਿਚ) ਪਾਉਂਦਾ ਹੈ।

ਉਪਦੇਸ਼ ਨੰਬਰ 124

ਉਹੀ ਹੁੰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ

ਜੋ ਪ੍ਰਮਾਤਮਾ ਨੂੰ ਭਾਉਂਦਾ ਹੈ, ਉਹੋ ਹੀ ਹੁੰਦਾ ਹੈ। ਮਨੁੱਖ ਕਈ ਤਰ੍ਹਾਂ ਦੇ ਕਰਮਾਂ ਨੂੰ ਮਾਣਦਾ ਹੈ, ਪ੍ਰਮਾਤਮਾ ਦੀ ਹੁਕਮ ਅਦੂਲੀ ਕਰਕੇ ਨਹੀਂ, ਬਲਕਿ ਉਸ ਦੇ ਹੁਕਮ ਅਨੁਸਾਰ :

- ਕਈ ਸਾਜ ਸੰਗੀਤ ਜਾਂ ਮੌਖਿਕ ਸੰਗੀਤ ਵਿਚ ਰੁੱਝੇ ਰਹਿੰਦੇ ਹਨ।
- ਕਈ ਨਦੀਆਂ ਵਿਚ ਨਹਾਉਣ ਨੂੰ ਪਵਿੱਤਰ ਮੰਨ ਕੇ ਧਾਰਮਿਕ ਕਰਮ-ਕਾਂਡ ਕਰਦੇ ਹਨ।
- ਕਈ ਆਪਣੇ ਧਰਮ ਮੁਤਾਬਿਕ ਸਰੀਰ 'ਤੇ ਰਾਖ ਮਲ ਕੇ ਰੱਖਦੇ ਹਨ।
- ਕਈ ਆਪਣੇ ਧਰਮ ਮੁਤਾਬਿਕ ਸੰਖ ਵਿੱਚੋਂ ਉੱਚੀ ਆਵਾਜ਼ ਕੱਢਦੇ ਹਨ।
- ਕਈ ਕੁਰਾਨ ਅਤੇ ਹੋਰ ਧਾਰਮਿਕ ਗ੍ਰੰਥ ਪੜ੍ਹਦੇ ਹਨ ਅਤੇ ਮੁੱਲ੍ਹਾਂ ਜਾਂ ਸ਼ੇਖ ਕਹਾਉਣਾ ਪਸੰਦ ਕਰਦੇ ਹਨ।
- ਕਈ ਰਾਜਾ ਬਣ ਕੇ ਦੂਜਿਆਂ ਉਤੇ ਰਾਜ ਕਰਦੇ ਹਨ ਅਤੇ ਸੁਖ ਦੇਣ ਵਾਲੇ ਧੰਦਿਆਂ ਵਿਚ ਲੱਗੇ ਹੋਏ ਹਨ।
- ਕਈ ਦੂਸਰਿਆਂ ਨਾਲ ਯੁੱਧ ਕਰਦੇ ਹਨ ਅਤੇ ਉਹਨਾਂ ਨੂੰ ਮਾਰ ਦਿੰਦੇ ਹਨ।
- ਕਈ ਵਿਦੇਸ਼ਾਂ ਵਿਚ ਯਾਤਰਾ ਕਰਦੇ ਹਨ ਅਤੇ ਆਪਣੇ ਉਥੇ ਠਹਿਰਨ ਬਾਰੇ ਕਹਾਣੀਆਂ ਨਾਲ ਲੈ ਕੇ ਘਰ ਪਰਤਦੇ ਹਨ।

ਜਦੋਂ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਦੋਂ ਉਹ ਕੁਛ ਮਨੁੱਖਾਂ ਨੂੰ ਆਪਣੀ ਭਗਤੀ ਵਿਚ ਲਗਾ ਦਿੰਦਾ ਹੈ। ਸਿਰਫ਼ ਉਸ ਦੀ ਰਜ਼ਾ ਨਾਲ ਹੀ, ਕੋਈ ਮਨੁੱਖ, ਉਸ ਨੂੰ ਸਿਮਰ ਸਕਦਾ ਹੈ। ਇਹ ਗੱਲ ਸ਼ਾਲੀਨਤਾ ਪੂਰਬਕ, ਲੇਕਿਨ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਪ੍ਰਮਾਤਮਾ ਦੇ ਭਗਤ ਤੋਂ ਇਲਾਵਾ, ਬਾਕੀ ਸਾਰੇ ਮਨੁੱਖ, ਹੋਰ ਕੁੱਛ ਨਹੀਂ, ਸਿਰਫ਼ ਝੂਠ ਵਿਚ ਰੁੱਝੇ ਹੋਏ ਹਨ।

ਉਪਦੇਸ਼ ਨੰਬਰ 125

ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਪੂਰਨ ਹੁਕਮ ਅਧੀਨ ਹੈ

ਸਾਰੀਆਂ ਵਡਿਆਈਆਂ ਉਸ ਸਭ ਤੋਂ ਮਹਾਨ ਪ੍ਰਮਾਤਮਾ ਨਾਲ ਸਬੰਧਿਤ ਹਨ। ਉਸ ਨੇਕ ਪ੍ਰਮਾਤਮਾ ਤੋਂ ਜੋ ਵੀ ਮਿਲਦਾ ਹੈ, ਨੇਕ ਹੀ ਹੁੰਦਾ ਹੈ। ਜੋ ਚੀਜ਼ ਉਸ ਸਦੀਵੀ ਕਾਇਮ ਰਹਿਣ ਵਾਲੇ ਨਾਲ ਸਬੰਧਿਤ ਹੈ, ਉਹ ਵੀ ਸਦੀਵੀ ਹੈ ਅਤੇ ਆਰਜ਼ੀ ਅਤੇ ਝੂਠ ਤੋਂ ਬਗੈਰ ਹੈ। ਪ੍ਰਮਾਤਮਾ ਤੋਂ ਵਿੱਛੜ ਕੇ, ਝੂਠ ਤੋਂ ਬਚਣਾ ਮੁਸ਼ਕਿਲ ਹੈ ਅਤੇ ਇਸ ਕਰਕੇ ਜਨਮ-ਮਰਨ ਦੇ ਚੱਕਰ ਤੋਂ ਬਚਣਾ ਵੀ ਮੁਸ਼ਕਿਲ ਹੈ। ਝੂਠ ਵਿਚ ਜਕੜ ਕੇ, ਆਪਣੇ ਵਿਵੇਕ (ਬੁੱਧੀ) ਦੁਆਰਾ ਸੰਸਾਰ ਦੇ ਬਾਕੀ ਲੋਕਾਂ ਨਾਲ ਮਨੁੱਖ ਦੀ ਗੱਲਬਾਤ ਵੀ ਝੂਠ ਵਿਚ ਡੁੱਬੀ ਹੋਈ ਹੁੰਦੀ ਹੈ। ਉਸ ਸਦੀਵੀ, ਸੱਚੇ ਅਤੇ ਸਿਰਜਣਹਾਰ ਦਾ ਆਪਣੀ ਸਾਰੀ ਸ੍ਰਿਸ਼ਟੀ 'ਤੇ ਸੰਪੂਰਨ ਰਾਜ ਹੈ। ਉਸ ਨਾਲ ਮਿਲ ਕੇ, ਮਨੁੱਖ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ਅਤੇ ਮਨੁੱਖ ਦੀ ਸੰਸਾਰ ਦੇ ਲੋਕਾਂ ਨਾਲ ਗੱਲਬਾਤ ਵੀ ਸੱਚਾਈ ਤੇ ਆਧਾਰਿਤ ਹੋ ਜਾਂਦੀ ਹੈ।

ਉਪਦੇਸ਼ ਨੰਬਰ 126

ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ ਨਿਸ਼ਕਪਟਤਾ ਨਾਲ ਸਵੀਕਾਰ ਕਰਨੀਆਂ ਚਾਹੀਦੀਆਂ ਹਨ, ਕਿਉਂਕਿ ਸਤਿਗੁਰੂ ਕੇਵਲ ਸੱਚ ਹੀ ਸਿਖਾਉਂਦਾ ਹੈ

ਸਤਿਗੁਰੂ ਤੋਂ ਸਿੱਖਿਆ ਗ੍ਰਹਿਣ ਕਰਨ ਦਾ ਸਹੀ ਮਾਰਗ ਹੈ :

- ਨਾਮ ਸਿਮਰਨ ਅਤੇ ਸਿੱਖਣ ਲਈ ਲਗਨ।
- ਨਿਮਰ ਅਤੇ ਨਿਸ਼ਕਪਟ ਖੁੱਲ੍ਹੇ ਮਨ ਵਾਲੇ ਬਣੋ।
- ਗੁਰੂ ਦੇ ਸਿਖਾਏ ਸਿਧਾਂਤਾਂ ਪ੍ਰਤੀ ਸ਼ੰਕਾ ਰਹਿਤ ਰਹੋ।
- ਗੁਰੂ ਸਹੀ ਵਿਵਹਾਰ ਬਾਰੇ ਜੋ ਵੀ ਸਿਖਾਉਂਦਾ ਹੈ, ਉਸ ਨੂੰ ਸਵੀਕਾਰ ਕਰੋ ਅਤੇ ਆਗਿਆਕਾਰ ਰਹੋ।
- ਗੁਰੂ ਵੱਲੋਂ, ਪ੍ਰਮਾਤਮਾ ਨਾਲ ਮਿਲਾਪ ਕਰਨ ਲਈ ਸਿਖਾਈ ਗਈ ਸਿੱਖਿਆ ਲਈ, ਗੁਰੂ ਦੀ ਦਿਆਲਤਾ ਦੇ ਧੰਨਵਾਦੀ ਰਹੋ।
- ਗੁਰੂ ਦੇ ਸਿੱਖ ਦੇ ਤੌਰ 'ਤੇ ਜਾਣਕਾਰ ਰਹੋ ਕਿ ਪ੍ਰਮਾਤਮਾ ਦੀ ਭਗਤੀ ਹੀ ਸੱਚਾ ਲਾਭ ਹੈ।

ਇਹ ਲਾਭ ਗੁਰੂ ਸਿੱਖ ਨੂੰ ਦੇਂਦਾ ਹੈ

ਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਅਗਿਆਨਤਾ ਮਨੁੱਖ ਨੂੰ ਝੂਠ ਵੱਲ ਲੈ ਜਾਂਦੀ ਹੈ।

ਗੁਰੂ ਦੀ ਸਿੱਖਿਆ, ਸਿੱਖ ਦੀ ਪ੍ਰਮਾਤਮਾ ਤੋਂ ਦੂਰੀ ਨੂੰ ਖ਼ਤਮ ਕਰਦੀ ਹੈ। ਅਜਿਹਾ ਸਿੱਖ ਵੀ ਸੱਚ ਬੋਲਦਾ ਹੈ। ਉਹ ਸੱਚਾ ਅਤੇ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ ਮਨੁੱਖ

ਨੂੰ ਆਪਣੀ ਹਜ਼ੂਰੀ ਵਿਚ ਕਬੂਲਦਾ ਹੈ। ਗੁਰੂ ਦਾ ਸਿੱਖ, ਝੂਠ ਤੋਂ ਮੁਕਤ ਹੋ ਕੇ ਉਸ ਸੱਚੇ ਅਤੇ ਸਦੀਵੀ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

ਉਪਦੇਸ਼ ਨੰਬਰ 127

ਜ਼ੁਲਮ, ਭ੍ਰਿਸ਼ਟਾਚਾਰ ਅਤੇ ਅਗਿਆਨਤਾ ਤੋਂ ਬਚਣ ਦਾ ਇੱਕੋ-ਇਕ ਤਰੀਕਾ ਪ੍ਰਮਾਤਮਾ ਦੀ ਭਗਤੀ ਹੈ

ਜਦੋਂ ਹੇਠ ਲਿਖੀਆਂ ਗੱਲਾਂ ਵਾਪਰਦੀਆਂ ਹਨ ਤਾਂ ਮਨੁੱਖੀ ਵਾਤਾਵਰਣ ਅਰਾਜਕਤਾ ਭਰਿਆ ਅਤੇ ਜ਼ੁਲਮ ਭਰਿਆ ਹੋ ਜਾਂਦਾ ਹੈ :

- ਧਰਮ, ਸੱਚਾਈ ਅਤੇ ਨਿਆਂ ਦੁਨੀਆਂ ਤੋਂ ਪੰਖ ਲਗਾ ਕੇ ਉੱਡ ਜਾਂਦੇ ਹਨ।
- ਹਾਕਮ ਆਪਣੀ ਪਰਜਾ ਦਾ ਖ਼ੂਨ ਚੂਸਦੇ ਹਨ।
- ਹਰ ਪਾਸੇ ਝੂਠ ਦਾ ਬੋਲ ਬਾਲਾ ਹੋਵੇ।
- ਸੱਚਾਈ ਦਾ ਚੰਦਰਮਾ ਨਜ਼ਰ ਨਾ ਆਵੇ।

ਜਦੋਂ ਮਨੁੱਖ ਦਾ ਮਨ ਗੁਰੂ ਅਤੇ ਪ੍ਰਮਾਤਮਾ ਤੋਂ ਬੇਮੁਖ ਹੋਵੇ ਤਾਂ ਫਿਰ ਭ੍ਰਿਸ਼ਟ ਮਨੁੱਖੀ ਵਾਤਾਵਰਣ ਵਿੱਚੋਂ ਬਾਹਰ ਨਿਕਲਣ ਦਾ ਕੀ ਰਸਤਾ ਹੋ ਸਕਦਾ ਹੈ ? ਉਪਰੋਕਤ ਦੱਸੇ ਵਿਚੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਹੁੰਦਾ ਹੈ। ਚਾਰੇ ਪਾਸੇ ਫੈਲੇ ਸੰਘਣੇ ਹਨੇਰੇ ਵਿੱਚੋਂ ਬਾਹਰ ਨਿਕਲਣ ਦੀ ਕੋਈ ਵੀ ਰੌਸ਼ਨੀ ਦੀ ਕਿਰਨ ਨਜ਼ਰ ਨਹੀਂ ਆਉਂਦੀ। ਜੇ ਬਾਕੀ ਸਾਰਿਆਂ ਦੇ ਨਾਲ ਮਨੁੱਖ ਦਾ ਮਨ, ਗੁਰੂ ਅਤੇ ਪ੍ਰਮਾਤਮਾ ਦੇ ਗਿਆਨ ਤੋਂ ਬਿਨਾਂ ਦੁੱਖ ਭੋਗਦਾ ਹੈ ਤਾਂ ਫਿਰ ਮਨੁੱਖ ਇਸ ਭਿਅੰਕਰ ਸਥਿਤੀ ਵਿੱਚੋਂ ਕਿਵੇਂ ਮੁਕਤੀ ਹਾਸਿਲ ਕਰ ਸਕਦਾ ਹੈ ?

ਨੋਟ : ਸਿੱਖਾਂ ਦੇ ਤੀਸਰੇ ਗੁਰੂ, ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੪੫ 'ਤੇ ਆਪਣੀਆਂ ਪੰਕਤੀਆਂ ਵਿਚ ਉਪਰੋਕਤ ਪ੍ਰਸ਼ਨ ਦਾ ਉੱਤਰ ਦਿੰਦੇ ਹਨ। ਉੱਤਰ ਇਸ ਤਰ੍ਹਾਂ ਹੈ :

ਮਨੁੱਖ ਪ੍ਰਮਾਤਮਾ ਦੀ ਭਗਤੀ ਕਰਕੇ ਫੰਦੇ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਝੂਠ ਦਾ ਨਾਸ਼ ਕਰਦੀ ਹੈ। ਅਗਿਆਨਤਾ ਦੀ ਜਗ੍ਹਾ ਸੱਚਾਈ ਲੈ ਲੈਂਦੀ ਹੈ। ਹਨੇਰੇ ਦੀ ਜਗ੍ਹਾ ਰੋਸ਼ਨੀ ਲੈ ਲੈਂਦੀ ਹੈ। ਫੇਰ ਵੀ ਇਹ ਸਭ, ਗੁਰੂ ਦੀ ਸੰਪੂਰਨ ਵਿਸ਼ਵਾਸਯੋਗ ਗਿਆਨ 'ਤੇ ਧਿਆਨ ਧਰਨ ਨਾਲ ਸੰਭਵ ਹੈ। ਜੇ ਪ੍ਰਮਾਤਮਾ ਮਿਹਰ ਕਰੇ, ਤਾਂ ਹੀ ਮਨੁੱਖ ਗੁਰੂ ਦੀਆਂ ਸਿੱਖਿਆਵਾਂ ਤੇ ਵਿਸ਼ਵਾਸ ਕਰਦਾ ਅਤੇ ਫਿਰ ਅਮਲ ਕਰਦਾ ਹੈ। ਕੇਵਲ ਤਾਂ ਹੀ, ਗੁਰੂ ਦਾ ਸਿੱਖ, ਅਨਮੋਲ ਹੀਰੇ—ਗੁਰੂ ਦੀ ਸਿੱਖਿਆ ਨੂੰ ਸਮਝਦਾ ਅਤੇ ਉਸ ਦਾ ਪਾਲਣ ਕਰਦਾ ਹੈ।

ਉਪਦੇਸ਼ ਨੰਬਰ 128

ਗੁਰੂ ਦੇ ਸਿੱਖ ਅਤੇ ਗੁਰੂ ਦੇ ਬ੍ਰਹਮ ਗਿਆਨ ਤੋਂ ਬੇਮੁਖ ਮਨੁੱਖਾਂ ਵਿਚ ਅੰਤਰ ਹਨ

ਪ੍ਰਮਾਤਮਾ ਨੂੰ ਮੰਨਣ ਵਾਲੇ ਅਤੇ ਦੁਨਿਆਵੀ ਮਨੁੱਖਾਂ ਦਰਮਿਆਨ, ਗੁਰੂ ਦੇ ਸਿੱਖ ਅਤੇ ਗੁਰੂ ਦੇ ਬ੍ਰਹਮ ਗਿਆਨ ਤੋਂ ਬੇਮੁਖ ਮਨੁੱਖਾਂ ਦਰਿਮਆਨ, ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਅਤੇ ਜੋ ਪ੍ਰਮਾਤਮਾ ਦੀ ਭਗਤੀ ਦੀ ਕੋਈ ਪ੍ਰਵਾਹ ਨਹੀਂ ਕਰਦੇ, ਉਹਨਾਂ ਦਰਮਿਆਨ ਹਮੇਸ਼ਾ ਹੀ ਫਰਕ ਰਹੇਗਾ। ਇਹ ਸੱਚਾਈ ਇਸ ਕਾਰਣ ਨਹੀਂ ਹੈ, ਕਿਉਂਕਿ ਪ੍ਰਮਾਤਮਾ ਇਸ ਹਾਲਾਤ ਨੂੰ ਠੀਕ ਕਰਨਾ ਭੁੱਲ ਗਿਆ ਹੈ। ਉਹ ਸਿਰਜਣਹਾਰ ਸਭ ਤੋਂ ਸਮਝਦਾਰ ਹੈ। ਉਹ ਕਦੀ ਗਲਤੀ ਨਹੀਂ ਕਰਦਾ। ਭਗਤ ਇਸ ਲਈ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਕਿਉਂਕਿ ਪ੍ਰਮਾਤਮਾ ਉਹਨਾਂ ਉਤੇ ਅਜਿਹਾ ਕਰਨ ਦੀ ਮਿਹਰ ਕਰਦਾ ਹੈ। ਪ੍ਰਮਾਤਮਾ ਨੂੰ ਨਾ ਮੰਨਣ ਵਾਲੇ ਇਸ ਕਰਕੇ ਉਸ ਦੀ ਭਗਤੀ ਨਹੀਂ ਕਰਦੇ, ਕਿਉਂਕਿ ਪ੍ਰਮਾਤਮਾ ਨੇ ਉਹਨਾਂ ਲਈ ਅਜਿਹਾ ਹੀ ਨਿਰਧਾਰਿਤ ਕੀਤਾ ਹੁੰਦਾ ਹੈ। ਪ੍ਰਮਾਤਮਾ ਨੂੰ ਨਾ ਮੰਨਣ ਵਾਲਿਆਂ ਦੀ ਕਿਸਮਤ ਵਿਚ ਹੀ ਝੂਠ ਦਾ ਪਿੱਛਾ ਕਰਨਾ ਲਿਖਿਆ ਹੁੰਦਾ ਹੈ। ਉਹ ਝੂਠੀਆਂ ਗੱਲਾਂ ਵਿਚ ਲੱਗੇ ਰਹਿੰਦੇ ਹਨ ਅਤੇ ਆਪਣੇ ਮਨਾਂ ਵਿਚ ਜ਼ਹਿਰ ਭਰਦੇ ਹਨ। ਉਹ ਮੌਤ ਦੀ ਸੱਚਾਈ ਨੂੰ ਵਿਸਾਰ ਦਿੰਦੇ ਹਨ। ਸਰੀਰਿਕ ਹਵਸ ਅਤੇ ਗੁੱਸੇ ਦੇ ਮਗਰ ਲੱਗ ਕੇ ਉਹ ਗਲਤ ਕਰਮ ਕਰਕੇ ਜ਼ਹਿਰ ਇਕੱਠਾ ਕਰਦੇ ਹਨ। ਇਸ ਦੇ ਉਲਟ, ਪ੍ਰਮਾਤਮਾ ਦੇ ਭਗਤ ਪੂਰੀ ਸ਼ਰਧਾ ਅਤੇ ਨਿਮਰਤਾ ਨਾਲ ਪ੍ਰਮਾਤਮਾ ਨੂੰ ਸਿਮਰਦੇ ਰਹਿੰਦੇ ਹਨ। ਉਹ ਦਿਨ-ਰਾਤ ਪੂਰੇ ਪਿਆਰ ਅਤੇ ਸ਼ਰਧਾ ਨਾਲ ਪ੍ਰਮਾਤਮਾ ਨੂੰ ਸਦਾ ਸਿਮਰਦੇ ਹਨ। ਉਹ ਆਪਣੇ ਮਨ ਵਿੱਚੋਂ ਅਹੰਕਾਰ ਖ਼ਤਮ ਕਰ ਦਿੰਦੇ ਹਨ। ਉਹ, ਉਹਨਾਂ ਮਨੁੱਖਾਂ ਦਾ ਵੀ ਆਦਰ ਕਰਦੇ ਹਨ ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ। ਉਹ ਪ੍ਰਮਾਤਮਾ ਉਹਨਾਂ ਦਾ ਆਦਰ (ਦਰਗਾਹ ਵਿਚ) ਕਰਦਾ ਹੈ। ਉਹਨਾਂ ਉੱਤੇ ਅਨੋਖੀ ਸੁੰਦਰਤਾ ਦੀ ਕ੍ਰਿਪਾ ਹੁੰਦੀ ਹੈ, ਜੋ ਕੇਵਲ ਪ੍ਰਮਾਤਮਾ ਦੀ ਭਗਤੀ ਨਾਲ ਹੀ ਆਉਂਦੀ ਹੈ।

ਉਪਦੇਸ਼ ਨੰਬਰ 129

ਸਫਲ ਵਪਾਰੀ ਉਹ ਹਨ, ਜੋ ਪ੍ਰਮਾਤਮਾ ਦੇ ਨਾਮ ਦਾ ਵਪਾਰ ਕਰਦੇ ਹਨ। ਪ੍ਰਮਾਤਮਾ ਦੀ ਭਗਤੀ ਅੱਗੇ ਤੀਰਥ ਇਸ਼ਨਾਨ ਕਰਨ ਦੇ ਫਲ ਫਿੱਕੇ ਹਨ

ਸੰਸਾਰ ਵਿਚ ਵੱਖ-ਵੱਖ ਲੋਕਾਂ ਦੀ, ਜੀਵਨ ਪ੍ਰਤੀ ਸੋਚ ਵੀ ਵੱਖ ਹੁੰਦੀ ਹੈ, ਜਿਵੇਂ ਕਿ ਹੇਠਾਂ ਦੱਸੀ ਗਈ ਹੈ :

✲ ਕਈ ਅਜਿਹੇ ਮਨੁੱਖ ਹਨ ਜੋ ਭਾਵਨਾ ਨਾਲ ਪ੍ਰਮਾਤਮਾ ਦੀ ਭਗਤੀ ਕਰਦੇ ਹਨ।

ਅਜਿਹੇ ਕੰਮਾਂ ਵਿਚ ਸਮਾਂ ਬਰਬਾਦ ਨਹੀਂ ਕਰਦੇ। ਜਿਹੜੇ ਪ੍ਰਮਾਤਮਾ ਤੋਂ ਵਿਛੋੜ ਦਿੰਦੇ ਹਨ। ਉਹ ਸੱਚੇ ਵਪਾਰੀ ਹੁੰਦੇ ਹਨ—ਉਹ ਜੀਵਨ ਵਿਚ ਸੱਚੀ ਸਫਲਤਾ ਪ੍ਰਾਪਤ ਕਰਦੇ ਹਨ।

- ✡ ਕਈ ਅਜਿਹੇ ਮਨੁੱਖ ਹਨ ਜੋ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ। ਉਹ ਪਰੇਸ਼ਾਨ, ਘਬਰਾਏ ਅਤੇ ਦੁਚਿਤੀ ਵਿਚ ਫਸੇ ਰਹਿੰਦੇ ਹਨ। ਉਹ ਕੇਵਲ ਆਪਣੇ ਮਨ ਦੇ ਮਗਰ ਲੱਗਦੇ ਹਨ ਅਤੇ ਮਨਮੁਖ ਹੀ ਰਹਿੰਦੇ ਹਨ। ਉਹਨਾਂ ਦੀ ਹਾਲਤ ਦੀ ਤੁਲਨਾ ਐਸੇ ਮਨੁੱਖ ਨਾਲ ਕੀਤੀ ਜਾ ਸਕਦੀ ਹੈ, ਜੋ ਡੂੰਘੇ ਪਾਣੀ ਵਿੱਚ ਡੁੱਬ ਰਿਹਾ ਹੋਵੇ ਅਤੇ ਗੋਤੇ ਖਾ ਰਿਹਾ ਹੋਵੇ।
- ✡ ਕਈ ਅਜਿਹੇ ਮਨੁੱਖ ਹਨ, ਜਿਨ੍ਹਾਂ ਦਾ ਜੀਵਨ ਭੁੱਖ ਤੇ ਪਿਆਸ ਨੂੰ ਸੰਤੁਸ਼ਟ ਕਰਨ ਲਈ ਸਮਰਪਿਤ ਹੈ। ਉਹਨਾਂ ਦੀ ਸੋਚ ਖਾਣ-ਪੀਣ ਅਤੇ ਐਸ਼ ਕਰਨ ਦੀ ਹੁੰਦੀ ਹੈ। ਉਹਨਾਂ ਦਾ ਜੀਵਨ ਵਿਚ ਕੋਈ ਉੱਚ-ਉਦੇਸ਼ ਨਹੀਂ ਹੁੰਦਾ।
- ✡ ਕਈ ਅਜਿਹੇ ਮਨੁੱਖ ਵੀ ਹਨ ਜਿਨ੍ਹਾਂ ਦਾ ਜੀਵਨ ਵਿਚ ਸੌਣ ਤੋਂ ਇਲਾਵਾ ਹੋਰ ਕੋਈ ਉਦੇਸ਼ ਨਹੀਂ ਹੁੰਦਾ ਅਤੇ ਜਦੋਂ ਜਾਗ ਜਾਣ, ਫਿਰ ਦੂਜਿਆਂ ਨਾਲ ਹਮੇਸ਼ਾ ਨਵਾਂ ਝਗੜਾ ਕਰਨ ਵਿਚ ਲੱਗੇ ਰਹਿਣਾ ਹੁੰਦਾ ਹੈ। ਜਿਨ੍ਹਾਂ ਲੜਾਈਆਂ-ਝਗੜਿਆਂ ਵਿਚ ਉਹ ਲੱਗੇ ਰਹਿੰਦੇ ਹਨ, ਉਹਨਾਂ ਦਾ ਕੋਈ ਨੈਤਿਕ ਜਾਂ ਨਿਆਂਪੂਰਨ ਆਧਾਰ ਨਹੀਂ ਹੁੰਦਾ। ਉਹ ਮੌਤ ਦੀ ਸੱਚਾਈ ਨੂੰ ਵਿਸਾਰ ਦਿੰਦੇ ਹਨ। ਉਹ ਜੀਵਨ ਇੰਜ ਜਿਉਂਦੇ ਹਨ, ਜਿਵੇਂ ਇਹ ਕਦੀ ਖ਼ਤਮ ਹੀ ਨਹੀਂ ਹੋਵੇਗਾ।
- ✡ ਕਈ ਅਜਿਹੇ ਮਨੁੱਖ ਵੀ ਹਨ ਜੋ ਇਸ ਲੋਕ ਅਤੇ ਪਰਲੋਕ ਵਿਚ ਲਾਭ ਹਾਸਿਲ ਕਰਨ ਲਈ ਪਵਿੱਤਰ ਤੀਰਥ ਇਸ਼ਨਾਨ ਕਰਦੇ ਹਨ।
- ✡ ਕਈ ਅਜਿਹੇ ਮਨੁੱਖ ਵੀ ਹਨ ਜੋ ਦਿਨ-ਰਾਤ, ਹਰ ਸਮੇਂ ਪ੍ਰਮਾਤਮਾ ਨੂੰ ਧਿਆਉਂਦੇ ਹਨ। ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਉਹਨਾਂ ਦੇ ਮਨਾਂ ਵਿਚ ਵਾਸ ਕਰਦਾ ਹੈ। ਉਹ ਪਵਿੱਤਰ ਤੀਰਥਾਂ ਦੇ ਇਸ਼ਨਾਨ ਨਹੀਂ ਕਰਦੇ, ਬਲਕਿ ਸੱਚੇ ਇਸ਼ਨਾਨ ਕਰਕੇ, ਸੱਚੀਆਂ ਮਿਹਰਾਂ ਦੇ ਫਲ ਦਾ ਆਨੰਦ ਮਾਣਦੇ ਹਨ।

ਉਪਦੇਸ਼ ਨੰਬਰ 130

ਮਨੁੱਖ ਦੇ ਮਨ ਦੀ ਕਰੂਰਤਾ, ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਹੈ

ਜੋ ਪ੍ਰਮਾਤਮਾ ਨੂੰ ਸਿਮਰਦਾ ਹੈ, ਉਹ ਮਨ ਪੂਰੀ ਤਰ੍ਹਾਂ ਸੰਤੁਸ਼ਟ ਹੁੰਦਾ ਹੈ ਅਤੇ ਉਹ ਹੋਰ ਕਿਸੇ ਚੀਜ਼ ਦੀ ਪ੍ਰਵਾਹ ਨਹੀਂ ਕਰਦਾ। ਉਸ ਨੂੰ ਕੋਈ ਕਮੀ ਨਹੀਂ ਹੁੰਦੀ ਹੈ। ਇਹ ਇਕ ਸੰਪੂਰਨ ਸੱਚਾਈ ਹੈ। ਜੋ ਮਨ ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦਾ, ਉਹ ਸੰਸਾਰੀ ਜੰਜਾਲਾਂ ਵਿਚ ਲੱਗਾ ਰਹਿੰਦਾ ਹੈ। ਅਜਿਹੇ ਮਨ ਵਿੱਚੋਂ ਸ਼ਾਂਤੀ ਅਤੇ ਪ੍ਰਸੰਨਤਾ ਖ਼ਤਮ ਹੋ ਜਾਂਦੀ ਹੈ, ਉਹ

ਸੱਚੀ ਮੰਜ਼ਿਲ, ਸੱਚੇ ਸੋਮੇ ਤੋਂ ਬਹੁਤ ਦੂਰ ਹੁੰਦਾ ਹੈ। ਕਠੋਰ ਮਨ ਹਾਰਿਆ ਹੁੰਦਾ ਹੈ, ਉਹ ਪ੍ਰਮਾਤਮਾ ਅੱਗੇ ਨਿਮਰ ਨਹੀਂ ਹੋ ਸਕਦਾ। ਉਹ ਮਨ ਬੇਕਾਰ ਹੈ, ਜਿਸ ਵਿਚ ਉਸ ਪ੍ਰਮਾਤਮਾ ਦਾ ਨਾਮ ਨਹੀਂ ਹੈ। ਇਹ ਹਮੇਸ਼ਾ ਹੀ ਖਾਲੀ ਰਹਿੰਦਾ ਹੈ। ਜੋ ਮਨ ਪ੍ਰਮਾਤਮਾ ਦੀ ਭਗਤੀ ਨਹੀਂ ਕਰਦਾ, ਉਹ ਇਹ ਸਮਝ ਹੀ ਨਹੀਂ ਸਕਦਾ ਕਿ ਉਸ ਨੂੰ ਕਿਸ ਕਮੀ ਦਾ ਦੁੱਖ ਸਤਾ ਰਿਹਾ ਹੈ। ਮਨ ਦਾ ਅਹੰਕਾਰ, ਸਵੈ-ਵਿਸ਼ਲੇਸ਼ਣ ਲਈ ਅੰਦਰ ਝਾਤੀ ਮਾਰਨ ਦੀ ਆਗਿਆ ਹੀ ਨਹੀਂ ਦਿੰਦਾ। ਉਹ ਸਭ ਕੁੱਛ ਜਾਨਣ ਵਾਲਾ ਪ੍ਰਮਾਤਮਾ ਸੱਚ ਅਤੇ ਝੂਠ ਵਿਚ ਫ਼ਰਕ ਦੱਸਦਾ ਹੈ। ਉਹ ਝੂਠ ਨੂੰ ਨਕਾਰਦਾ ਹੈ ਅਤੇ ਸੱਚ-ਆਪਣੇ ਸ਼ਰਧਾਲੂ ਦਾ ਸਨਮਾਨ ਕਰਦਾ ਹੈ। ਮਨ ਵੀ ਸੱਚਾ ਹੋ ਸਕਦਾ ਹੈ—ਗੁਰੂ ਦਾ ਸਿੱਖ ਬਣ ਕੇ, ਪ੍ਰਮਾਤਮਾ ਦਾ ਸ਼ਰਧਾਲੂ ਬਣ ਕੇ, ਗੁਰੂ ਕੋਲੋਂ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਿੱਖ ਕੇ।

ਉਪਦੇਸ਼ ਨੰਬਰ 131

ਗੁਰੂ ਦਾ ਬ੍ਰਹਮ ਗਿਆਨ, ਮਨੁੱਖ ਨੂੰ ਪ੍ਰਮਾਤਮਾ ਦੀ ਸਰਬ ਵਿਆਪਕਤਾ ਦਾ ਅਨੁਭਵ ਕਰਨ ਦੇ ਕਾਬਿਲ ਬਣਾਉਂਦਾ ਹੈ

ਗੁਰੂ, ਪ੍ਰਮਾਤਮਾ ਨਾਲ ਪ੍ਰੇਮ-ਭਗਤੀ ਦਾ ਉਪਦੇਸ਼ ਬਖਸ਼ਦਾ ਹੈ। ਪ੍ਰਮਾਤਮਾ ਨਾਲ ਮਿਲਾਪ ਦਾ ਆਨੰਦ ਸੱਚਾ ਅਤੇ ਚਿਰਸਥਾਈ ਹੈ। ਮਨੁੱਖ ਆਪਣਾ ਆਪਾ ਖੋਜ ਲੈਂਦਾ ਹੈ—ਆਪਣਾ ਅਧਿਆਤਮਿਕ ਆਪਾ। ਮਨੁੱਖ ਦਾ ਦੂਸਰਿਆਂ ਨਾਲ ਵਿਵਹਾਰ ਉਸ ਦੇ ਆਪਣੇ ਆਤਮਿਕ ਆਪੇ ਤੋਂ ਹੀ ਪੈਦਾ ਹੁੰਦਾ ਹੈ। ਗੁਰੂ ਦੀਆਂ ਸਿੱਖਿਆਵਾਂ ਦੁਆਰਾ, ਪ੍ਰਮਾਤਮਾ ਦੀ ਭਗਤੀ ਦੀ ਦਾਤ ਪ੍ਰਾਪਤ ਕਰਕੇ, ਗੁਰੂ ਦਾ ਸਿੱਖ ਦੈਵੀ ਪ੍ਰੇਮ ਦਾ ਆਨੰਦ ਮਾਣਦਾ ਹੈ। ਝੂਠੇ ਤਰੀਕਿਆਂ ਨਾਲ ਮਨੁੱਖ ਪ੍ਰਮਾਤਮਾ ਦੇ ਰੂ-ਬ-ਰੂ (ਆਹਮਣੇ-ਸਾਹਮਣੇ) ਨਹੀਂ ਹੋ ਸਕਦਾ। ਝੂਠ ਸਿਰਫ਼ ਪ੍ਰਮਾਤਮਾ ਤੋਂ ਕਦੀ ਨਾ ਮਾਪੀ ਜਾ ਸਕਣ ਵਾਲੀ ਦੂਰੀ ਪੈਦਾ ਕਰਦਾ ਹੈ। ਜਦੋਂ ਮਨੁੱਖ ਗੁਰੂ ਦੇ ਰੱਬੀ ਗਿਆਨ ਦੇ ਰਸਤੇ 'ਤੇ ਚੱਲ ਪੈਂਦਾ ਹੈ ਤਾਂ ਫਿਰ ਉਸ ਨੂੰ ਪ੍ਰਮਾਤਮਾ ਨਾਲ ਮਿਲਾਪ ਤੋਂ ਕੋਈ ਵੀ ਰੁਕਾਵਟ ਰੋਕ ਨਹੀਂ ਸਕਦੀ। ਗੁਰੂ ਦੇ ਸੱਚੇ ਬਚਨਾਂ ਵੱਲ ਪੂਰਾ ਧਿਆਨ ਦੇ ਕੇ ਅਤੇ ਉਹਨਾਂ ਨੂੰ ਪੂਰੀ ਤਰ੍ਹਾਂ ਸਮਝ ਕੇ, ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਵੱਲੋਂ ਆਪਣੀ ਹਜ਼ੂਰੀ ਵਿਚ ਉਸ ਦੇ ਸੁਆਗਤ ਲਈ ਕਾਬਿਲ ਬਣਾ ਲੈਂਦਾ ਹੈ।

ਨੋਟ : ਜਿਵੇਂ ਕਿ ਪ੍ਰਮਾਤਮਾ ਸਰਬ ਵਿਆਪਕ ਹੈ, ਮੁਕਤ (ਅਜਿਹਾ ਮਨੁੱਖ ਜੋ ਅਹੰਕਾਰ, ਨਿੱਜੀ ਮਤਭੇਦ ਜਾਂ ਭੇਦ-ਭਾਵ, ਨਿੱਜੀ ਬੁਰਾਈਆਂ, ਨਿੱਜੀ ਕਮੀਆਂ ਆਦਿ ਤੋਂ ਮੁਕਤ ਹੋਵੇ) ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਹਰ ਜਗ੍ਹਾ ਹੀ ਅਨੁਭਵ ਕਰਦਾ ਹੈ। ਉਹ ਸਾਫ਼-ਸਾਫ਼ ਤਰ੍ਹਾਂ, ਪ੍ਰਤੱਖ ਤੌਰ 'ਤੇ ਅਤੇ ਉਸੇ ਵੇਲੇ ਪ੍ਰਮਾਤਮਾ ਦੀ ਹਰ ਜਗ੍ਹਾ ਹੋਂਦ ਤੋਂ ਜਾਣੂ ਹੋ ਜਾਂਦਾ ਹੈ।

ਉਪਦੇਸ਼ ਨੰਬਰ 132

ਪ੍ਰਮਾਤਮਾ ਦੀ ਸਭ ਤੋਂ ਵੱਡੀ ਮਿਹਰ ਉਸ ਦੀ ਉਹ ਦਾਤ ਹੈ, ਜੋ ਮਨੁੱਖ ਦੇ ਮਨ ਵਿਚ ਉਸ ਦੀ ਭਗਤੀ ਦਾ ਬੀਜ ਬੀਜਦੀ ਹੈ

ਜੇ ਪ੍ਰਮਾਤਮਾ ਆਪਣੀ ਮਿਹਰ ਕਰੇ, ਜੇ ਉਹ ਅਜਿਹਾ ਕਰਨਾ ਚਾਹੇ, ਤਾਂ ਫਿਰ ਮਿਹਰ ਪ੍ਰਾਪਤ ਕਰਨ ਵਾਲਾ ਮਨੁੱਖ ਸਦਾ ਕਾਇਮ ਰਹਿਣ ਵਾਲੇ, ਸੱਚੇ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਪ੍ਰਮਾਤਮਾ ਅਪਰੰਪਾਰ ਹੈ। ਉਸ ਦੀਆਂ ਮਿਹਰਾਂ ਵੀ ਬੇਅੰਤ ਹਨ ਉਹ ਜਿਵੇਂ ਚਾਹੇ, ਆਪਣੀਆਂ ਮਿਹਰਾਂ ਕਰਦਾ ਹੈ। ਇਸ ਵਿਚ ਕੋਈ ਵੀ ਦਖਲਅੰਦਾਜੀ ਨਹੀਂ ਕਰ ਸਕਦਾ। ਜੇ ਪ੍ਰਮਾਤਮਾ ਚਾਹੇ ਤਾਂ ਉਹ ਅਸੰਭਵ ਨੂੰ ਵੀ ਸੰਭਵ ਬਣਾ ਸਕਦਾ ਹੈ।

- ਅੱਗ ਵਿਚ ਲਿਪਟੇ ਹੋਏ ਅਤੇ ਫੇਰ ਵੀ ਬਰਫ਼ ਦੇ ਘਰ ਵਿਚ ਰਹਿਣ ਦੇ ਕਾਬਿਲ।
- ਲੋਹੇ ਨੂੰ ਭੋਜਨ ਵਜੋਂ ਵਰਤਣਾ।
- ਕੋਈ ਵੀ ਅਤੇ ਸਾਰੇ ਦੁੱਖਾਂ ਨੂੰ ਬੜੀ ਆਸਾਨੀ ਨਾਲ ਸਹਿ ਸਕਣ ਦੇ ਕਾਬਿਲ ਹੋਣਾ—ਪਾਣੀ ਦੀ ਜਗ੍ਹਾ ਸਾਰੇ ਦੁੱਖ, ਤਕਲੀਫਾਂ ਅਤੇ ਦਰਦ ਪੀ ਜਾਣਾ।
- ਤਾਕਤ ਹਾਸਿਲ ਕਰਨਾ ਤਾਂ ਕਿ ਜਿਵੇਂ ਹੁਕਮ ਹੋਵੇ ਦੁਨੀਆਂ ਦੇ ਕਾਰਜ ਹੋ ਸਕਣ।
- ਛੋਟੇ ਜਿਹੇ ਤਰਾਜੂ ਨਾਲ ਬ੍ਰਹਿਮੰਡ ਦਾ ਭਾਰ ਤੋਲਣਾ।
- ਬਹੁਤ ਅਧਿਕ ਤਾਕਤ ਰੱਖਣਾ ਅਤੇ ਹਰ ਕਿਸੇ 'ਤੇ ਪੂਰਾ ਕਾਬੂ ਰੱਖਣਾ।
- ਕੋਈ ਵੀ ਚੀਜ਼ ਕਰਨ ਲਈ ਸੱਤਾ ਦਾ ਪ੍ਰਯੋਗ ਕਰਨਾ।
- ਦੂਸਰਿਆਂ ਉੱਪਰ ਸੰਪੂਰਨ ਅਤੇ ਅਸੀਮਿਤ ਅਧਿਕਾਰ ਹੋਣਾ।

ਉਪਰੋਕਤ ਅਲੌਕਿਕ ਤਾਕਤਾਂ ਦੇ ਉਲਟ, ਪ੍ਰਮਾਤਮਾ ਦੀ ਮਿਹਰ ਦੀ ਇਕ ਨਜ਼ਰ ਹੀ ਕਿਸੇ ਮਨੁੱਖ ਲਈ ਸਰਵ-ਉੱਤਮ ਦਾਤ ਹੁੰਦੀ ਹੈ।

ਉਪਦੇਸ਼ ਨੰਬਰ 133

ਤ੍ਰਿਸ਼ਨਾ ਦੀ ਅੱਗ ਕੇਵਲ ਪ੍ਰਮਾਤਮਾ ਦੇ ਨਾਮ ਨਾਲ ਹੀ ਮਿਟਾਈ ਜਾ ਸਕਦੀ ਹੈ

ਮਨ ਵਿਚ ਪ੍ਰਮਾਤਮਾ ਦੇ ਨਾਮ ਬਿਨਾ, ਮਨੁੱਖ ਹੇਠ ਲਿਖੀਆਂ ਚੀਜ਼ਾਂ ਤੋਂ ਨਹੀਂ ਬਚ ਸਕਦਾ :

- ਝੂਠ ਵਿਚ ਉਲਝਣਾ।
- ਝੂਠ ਇਕੱਤਰ ਕਰਨਾ (ਇਕੱਠਾ ਕਰਨਾ)।

✡ ਜਨਮ-ਮਰਨ ਦੇ ਚੱਕਰ ਵਿਚ ਫਸਣਾ।

✡ ਮਨੁੱਖ ਸਰੀਰ ਦਾ ਨਾਕਾਬਿਲਾਪਨ

✡ ਬੇਸ਼ੁਮਾਰ ਖਾਣ-ਪਾਣ ਹੋਣ ਦੇ ਬਾਵਜੂਦ ਅਸੰਤੁਸ਼ਟ ਹੋਣਾ।

✡ ਨਾ ਮਾਪੀ ਜਾ ਸਕਣ ਵਾਲੀ ਪ੍ਰਮਾਤਮਾ ਤੋਂ ਦੂਰੀ

✡ ਝੂਠਾ ਅਤੇ ਬੇਕਾਰ ਲਾਲਚ।

✡ ਪ੍ਰਮਾਤਮਾ ਤੋਂ ਵਿਛੋੜਾ

✡ ਲਾਲਸਾ ਅਤੇ ਨਤੀਜੇ ਵਜੋਂ ਜਨਮ-ਮਰਨ ਦੇ ਚੱਕਰ ਵਿਚ ਫਸਣਾ।

✡ ਤ੍ਰਿਸ਼ਨਾ ਦੀ ਅੱਗ, ਜਿਸ ਕਾਰਣ ਸਰੀਰ ਯਕੀਨਨ ਹੀ ਦੁੱਖ ਪਾਉਂਦਾ ਹੈ।

ਸੱਚ ਅਤੇ ਉਸੇ ਸੱਚੇ ਪ੍ਰਮਾਤਮਾ ਦੇ ਬਾਰੇ ਗੁਰੂ ਦੀਆਂ ਸਿੱਖਿਆਵਾਂ ਉਪਰੋਕਤ ਸਭ ਦੀ ਉਲਟਾਈ (ਵਾਪਸੀ) ਅਤੇ ਇਲਾਜ ਲਈ ਇਕ ਦਵਾਈ ਵਜੋਂ ਕੰਮ ਕਰਦੀਆਂ ਹਨ।

ਉਪਦੇਸ਼ ਨੰਬਰ 134

ਗੁਰੂ ਸੰਤੋਖ ਦਾ ਰੁੱਖ ਹੈ, ਜਿਸ ਨੂੰ ਵਿਸ਼ਵਾਸ ਦੇ ਫੁੱਲ ਅਤੇ ਬ੍ਰਹਮ ਗਿਆਨ ਦੇ ਫਲ ਲੱਗਦੇ ਹਨ

ਕੀ ਕਿਤੇ ਕੋਈ ਸੰਤੋਖ ਦਾ ਰੁੱਖ ਹੁੰਦਾ ਹੈ ? ਹਾਂ, ਗੁਰੂ ਸੰਤੋਖ ਦਾ ਰੁੱਖ ਹੁੰਦਾ ਹੈ। ਇਸ ਦੀਆਂ ਜੜ੍ਹਾਂ, ਤਣ੍ਹਾ, ਟਾਹਣੀਆਂ ਅਤੇ ਪੱਤੇ, ਅਸੰਤੋਖ ਤੋਂ ਪੂਰੀ ਤਰ੍ਹਾਂ ਅਜ਼ਾਦ ਹੁੰਦੇ ਹਨ। ਗੁਰੂ, ਪ੍ਰਮਾਤਮਾ ਦੇ ਮਿਲਾਪ ਵਿਚ ਹੁੰਦਾ ਹੈ। ਇਸੇ ਕਾਰਣ, ਉਹ ਸੰਤੋਖ ਦੀ ਅਵਸਥਾ ਦਾ ਆਨੰਦ ਮਾਣਦਾ ਹੈ। ਇਸ ਰੁੱਖ ਨੂੰ ਵਿਸ਼ਵਾਸ-ਇਕ ਪ੍ਰਮਾਤਮਾ 'ਤੇ ਵਿਸ਼ਵਾਸ ਦੇ ਫੁੱਲ ਲੱਗਦੇ ਹਨ। ਇਸ ਰੁੱਖ ਨੂੰ ਬ੍ਰਹਮ ਗਿਆਨ ਦੇ ਫਲ ਲੱਗਦੇ ਹਨ। ਪ੍ਰਮਾਤਮਾ ਦਾ ਨਾਮ ਉਹ ਰਸ ਹੈ ਜੋ ਹਰ ਮੌਸਮ ਵਿਚ ਇਸ ਸੰਤੋਖ ਦੇ ਰੁੱਖ ਦੀ ਦੇਖ-ਭਾਲ ਕਰਦਾ ਹੈ। ਇਹ ਹਮੇਸ਼ਾ ਹਰਿਆ-ਭਰਿਆ ਰਹਿੰਦਾ ਹੈ। ਇਹ ਹਰ ਮੌਸਮ ਵਿਚ ਫਲ ਦਿੰਦਾ ਹੈ। ਸੰਤੋਖ ਦਾ ਰੁੱਖ ਹਮੇਸ਼ਾ ਪ੍ਰਮਾਤਮਾ ਦੀ ਮਿਹਰ 'ਤੇ ਟਿਕਿਆ ਹੁੰਦਾ ਹੈ। ਇਸ ਰੁੱਖ ਦਾ ਫਲ ਖਾਣ ਦੇ ਯੋਗ ਬਣਨ ਲਈ, ਪ੍ਰਮਾਤਮਾ ਦੀ ਮਿਹਰ ਹੋਣਾ ਬਹੁਤ ਜ਼ਰੂਰੀ ਹੈ। ਸੰਤੋਖ ਦੇ ਇਸ ਰੁੱਖ ਦਾ ਫਲ ਖਾਣਾ ਇਕ ਅਦਭੁੱਤ ਅਤੇ ਅਧਿਆਤਮਕ ਆਨੰਦ ਪ੍ਰਾਪਤ ਕਰਨਾ ਹੈ। ਗੁਰੂ ਦਾ ਸਿੱਖ ਬ੍ਰਹਮ ਗਿਆਨ ਦਾ ਫਲ ਚੱਖਦਾ ਹੈ। ਉਹ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਉਹ ਅਧਿਆਤਮਿਕ ਆਨੰਦ ਪ੍ਰਾਪਤ ਕਰਦਾ ਹੈ, ਜੋ ਇਸ ਭਗਤੀ ਤੋਂ ਪੈਦਾ ਹੁੰਦਾ ਹੈ।

ਉਪਦੇਸ਼ ਨੰਬਰ 135

ਗੁਰੂ ਦੇ ਬ੍ਰਹਮ ਗਿਆਨ ਦੇ ਬਚਨ ਅਮੋਲਕ ਹਨ

ਗੁਰੂ ਉਂਝ ਹੀ ਬੇਮਿਸਾਲ, ਦੁਰਲੱਭ ਅਤੇ ਪ੍ਰਭਾਵਸ਼ਾਲੀ ਹੈ, ਜਿਵੇਂ ਕੀਮਤੀ ਹੀਰੇ

ਜਵਾਹਰਾਤ ਅਤੇ ਦੁਰਲੱਭ ਹੀਰਿਆਂ ਦੇ ਫਲਾਂ ਤੇ ਫੁੱਲਾਂ ਨਾਲ ਭਰਿਆ ਹੋਇਆ ਸੋਨੇ ਦਾ ਦਰੱਖਤ। ਉਸ ਦੇ ਬ੍ਰਹਮ ਗਿਆਨ ਦੇ ਬਚਨ ਅਨਮੋਲ ਅਤੇ ਸ਼ੀਸ਼ੇ ਵਾਂਗ ਸਾਫ਼ ਹੁੰਦੇ ਹਨ। ਗੁਰੂ ਸੰਤੋਖ ਅਤੇ ਅਧਿਆਤਮਿਕ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ—ਉਹ ਵਿਲੱਖਣ ਪ੍ਰਸੰਨਤਾ ਜੋ ਪ੍ਰਮਾਤਮਾ ਦੇ ਮਿਲਾਪ ਨਾਲ ਉਤਪੰਨ ਹੁੰਦੀ ਹੈ।

ਇਹ ਪ੍ਰਮਾਤਮਾ ਦੀ ਮਿਹਰ ਸਦਕਾ, ਵੱਡੇ ਭਾਗਾਂ ਨਾਲ ਹੀ ਹੁੰਦਾ ਹੈ ਕਿ ਮਨੁੱਖ, ਗੁਰੂ ਦਾ ਸਿੱਖ ਬਣਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਪੂਰੇ ਪਿਆਰ ਅਤੇ ਸਤਿਕਾਰ ਨਾਲ ਸਿਮਰਦਾ ਹੈ। ਗੁਰੂ ਦਾ ਸਿੱਖ ਉਸ ਮਨੁੱਖ ਨਾਲੋਂ ਕਿਤੇ ਜ਼ਿਆਦਾ ਸੰਤੁਸ਼ਟ ਹੁੰਦਾ ਹੈ, ਜਿਸ ਨੇ 84 (ਚੌਰਾਸੀ) ਪਵਿੱਤਰ ਧਾਰਮਿਕ ਸਥਾਨਾਂ 'ਤੇ ਨਹਾਉਣ ਦੇ ਆਪਣੇ ਉਦੇਸ਼ ਨੂੰ ਪੂਰਾ ਕੀਤਾ ਹੋਵੇ (ਹਿੰਦੂ ਧਰਮ ਵਿਚ ਦਰਸਾਏ ਗਏ 84 (ਚੌਰਾਸੀ) ਪਵਿੱਤਰ ਧਾਰਮਿਕ ਸਥਾਨਾਂ 'ਤੇ ਇਸ਼ਨਾਨ ਕਰਨ ਨੂੰ ਸਭ ਤੋਂ ਵੱਡਾ ਨੇਕ ਕਰਮ ਕਹਿੰਦੇ ਹਨ)।

ਮਨੁੱਖਤਾ ਵਹਿਸ਼ਤਾ, ਬੇਰਹਿਮੀ, ਬੇਦਿਲ, ਆਰਜ਼ੀ ਚੀਜ਼ਾਂ ਨਾਲ ਲਗਾਓ, ਭਰਮ ਭੁਲੇਖੇ ਪਾਉਣ ਵਾਲੀਆਂ, ਲਾਲਚ ਅਤੇ ਦੁਰ-ਭਾਵਨਾ ਦੀ ਅੱਗ ਵਿਚ ਬਲ ਰਹੀ ਹੈ। ਇਹਨਾਂ ਸਭ ਵਿੱਚੋਂ ਬਾਹਰ ਨਿਕਲਣ ਦਾ ਇੱਕੋ-ਇਕ ਮਾਰਗ—ਉਸ ਦੀ ਮਿਹਰ ਨਾਲ, ਗੁਰੂ ਦੀ ਸਿੱਖਿਆ ਮੁਤਾਬਕ—ਵਿਚਾਰ ਕੇ, ਸੋਚ ਕੇ ਅਤੇ ਭਾਵਨਾ ਨਾਲ ਪ੍ਰਮਾਤਮਾ ਦੀ ਭਗਤੀ ਕਰਨਾ ਹੈ।

ਨੋਟ : ਹਿੰਦੂ ਧਰਮ ਦੇ ਮਿਥਿਹਾਸ ਅਨੁਸਾਰ ਸਵਰਗ ਵਿਚ ਇਕ ਗਾਂ ਹੈ, ਜਿਸ ਦਾ ਨਾਂ ਕਾਮਧੇਨੁ ਹੈ ਅਤੇ ਇਕ ਦਰੱਖਤ ਹੈ, ਜਿਸ ਦਾ ਨਾਂ ਪਾਰਜਾਤ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਹ ਦੋਵੇਂ, ਜਿਸ ਨੂੰ ਚਾਹੁਣ, ਉਸ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਕਰਦੇ ਹਨ। ਉਪਰੋਕਤ ਉਪਦੇਸ਼ ਵਿਚ, ਗੁਰੂ ਨਾਨਕ ਦੇਵ ਜੀ ਨੇ ਮਿਥਿਹਾਸਿਕ ਖ਼ਿਆਲਾਂ ਦੇ ਉਲਟ ਉਹ ਬ੍ਰਹਮ ਗਿਆਨ ਦੇ ਵਿਚਾਰ ਦਿੱਤੇ ਹਨ ਜੋ ਗੁਰੂ ਆਪਣੇ ਸਿੱਖਾਂ ਨੂੰ ਦਿੰਦਾ ਹੈ।

ਉਪਦੇਸ਼ ਨੰਬਰ 136

ਸੱਚਾ ਸਿੱਖ ਤ੍ਰਿਸ਼ਨਾ ਦਾ ਸ਼ਿਕਾਰ ਨਹੀਂ ਹੁੰਦਾ

ਗੁਰੂ ਦਾ ਸੱਚਾ ਸਿੱਖ, ਪ੍ਰਮਾਤਮਾ ਦੀ ਸੇਵਾ-ਸਿਮਰਨ ਦੀ ਕਦਰ ਕਰਦਾ ਹੈ। ਉਹ ਇਸ ਸੰਸਾਰ ਦੇ ਪਦਾਰਥਾਂ ਅਤੇ ਮਾਇਆ ਵਿਚ ਨਹੀਂ ਉਲਝਦਾ। ਉਹ ਸੰਸਾਰ ਦੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਕਿਉਂਕਿ ਮਾਇਆ ਉਸ ਨੂੰ ਪ੍ਰਮਾਤਮਾ ਤੋਂ ਵਿਛੋੜ ਦਿੰਦੀ ਹੈ। ਜੀਵਨ ਦੇ ਅੰਤ 'ਤੇ, ਅਜਿਹੇ ਸਿੱਖ ਨੂੰ ਪਛਤਾਉਣਾ ਨਹੀਂ ਪੈਂਦਾ ਕਿ ਉਸ ਨੇ ਕੀਮਤੀ ਜੀਵਨ ਗੁਆ ਦਿੱਤਾ ਹੈ। ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ ਜੋ ਝੂਠੀਆਂ ਖਾਹਿਸ਼ਾਂ, ਝੂਠੀਆਂ ਆਸਾਂ, ਝੂਠੇ ਪ੍ਰਲੋਭਨ ਅਤੇ ਝੂਠੇ ਧੰਦਿਆਂ ਦੇ ਫੰਦਿਆਂ ਤੋਂ ਉੱਪਰ ਉੱਠਦਾ ਹੈ। ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੇ ਪ੍ਰੇਮ ਤੋਂ ਬਿਨਾਂ ਝੂਠ 'ਤੇ ਕਾਬੂ ਨਹੀਂ ਪਾਇਆ ਜਾ

ਸਕਦਾ। ਸਾਰੀ ਮਨੁੱਖਤਾ ਮੌਤ ਦੀ ਤਾਕਤ ਦੇ ਅਧੀਨ ਹੈ। ਪ੍ਰਮਾਤਮਾ ਵੱਲੋਂ ਮੌਤ ਦਾ ਹੁਕਮ ਸਾਰਿਆਂ ਲਈ ਹੈ। ਇਹ ਆਉਣੀ ਹੀ ਹੈ, ਭਾਵੇਂ ਇਸ ਤਰ੍ਹਾਂ ਜਾਂ ਉਸ ਤਰ੍ਹਾਂ।

ਪ੍ਰਮਾਤਮਾ ਦੀ ਪ੍ਰੇਮਾ-ਭਗਤੀ, ਉਸ ਦੀ ਮਿਹਰ ਹੈ। ਉਹ ਵਡਭਾਗੀਆਂ ਦੇ ਮਨ ਅੰਦਰ ਹੀ ਆਪਣਾ ਪਿਆਰ ਵਸਾਉਂਦਾ ਹੈ ਅਤੇ ਸਥਿਰ ਕਰਦਾ ਹੈ। ਜੀਵਨ ਦਾ ਭਾਂਡਾ ਲਗਾਤਾਰ ਭਰਦਾ ਜਾ ਰਿਹਾ ਹੈ। ਇਕ ਵਾਰੀ ਪੂਰਾ ਭਰ ਜਾਣ ਤੇ, ਮੌਤ ਨੂੰ ਇਕ ਪਲ ਲਈ ਵੀ ਟਾਲਿਆ ਨਹੀਂ ਜਾ ਸਕਦਾ। ਗੁਰੂ ਦੇ ਉਪਦੇਸ਼ ਅਨੁਸਾਰ, ਜੋ ਮਨੁੱਖ ਉਪਰੋਕਤ ਸਭ ਸਿੱਖ ਜਾਂਦੇ ਹਨ, ਉਹ ਬਚ ਜਾਂਦੇ ਹਨ ਅਤੇ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਵਿਚ ਲੀਨ ਹੋ ਜਾਂਦੇ ਹਨ। ਉਹ ਜਨਮ-ਮਰਨ ਦੇ ਚੱਕਰ ਦਾ ਹਿੱਸਾ ਬਣਨ ਤੋਂ ਬਚ ਜਾਂਦੇ ਹਨ। ਉਹ ਇਸ ਸੰਸਾਰ ਨੂੰ ਤ੍ਰਿਸ਼ਨਾ, ਅਧੂਰੀਆਂ ਖਾਹਿਸ਼ਾਂ ਅਤੇ ਆਸਾਂ ਨਾਲ ਨਹੀਂ ਛੱਡਦੇ।

ਉਪਦੇਸ਼ ਨੰਬਰ 137

ਪ੍ਰਮਾਤਮਾ ਨਾਲੋਂ ਵਿਛੋੜਾ ਭੈੜੀ ਮਨੋਬਿਰਤੀ ਉਤਪੰਨ ਕਰਦਾ ਹੈ

ਪ੍ਰਮਾਤਮਾ ਤੋਂ ਵਿੱਛੜ ਕੇ, ਮਨੁੱਖ ਦੁਰ-ਭਾਵਨਾ ਅਤੇ ਭੈੜੀ ਮਨੋਬਿਰਤੀ ਵਾਲਾ ਬਣ ਜਾਂਦਾ ਹੈ। ਪੌਦਿਆਂ ਦੀ ਦੁਨੀਆਂ ਵਿਚ, ਕੁੱਛ ਪੌਦਿਆਂ ਅਤੇ ਦਰੱਖਤਾਂ ਦਾ ਸੁਆਦ ਕੌੜਾ ਹੁੰਦਾ ਹੈ। ਤੁਸੀਂ ਭਾਵੇਂ ਉਹਨਾਂ ਦਾ ਕੋਈ ਵੀ ਹਿੱਸਾ ਖਾ ਲਓ, ਕੌੜਾ ਹੀ ਹੋਵੇਗਾ। ਮਿਸਾਲ ਦੇ ਤੌਰ 'ਤੇ—ਤੁਮੀ, ਤੁਮਾ, ਧਤੂਰਾ, ਨਿੰਮ ਅਤੇ ਇਹਨਾਂ ਦੇ ਬੀਜ। ਠੀਕ ਇਸੇ ਤਰ੍ਹਾਂ ਕੁੱਛ ਮਨੁੱਖ ਵੀ ਅਜਿਹੇ ਹੁੰਦੇ ਹਨ, ਜੋ ਹਮੇਸ਼ਾ ਕੌੜੇ ਬਚਨ ਹੀ ਬੋਲਦੇ ਹਨ ਅਤੇ ਆਪਣੇ ਮਨ ਵਿਚ ਵੀ ਦੂਸਰਿਆਂ ਪ੍ਰਤੀ ਕੜਵਾਹਟ ਹੀ ਰੱਖਦੇ ਹਨ। ਉਹ ਬਹੁਤ ਬਦਨਸੀਬ ਹੁੰਦੇ ਹਨ। ਉਹ ਚੰਗਿਆਈ ਅਤੇ ਰੂਹਾਨੀ ਮਾਰਗਾਂ ਤੋਂ ਭਟਕੇ ਹੁੰਦੇ ਹਨ। ਉਹ ਬਿਨਾਂ ਸੁਧਰੇ ਜੀਵਨ ਬਿਤਾਈ ਜਾਂਦੇ ਹਨ।

ਉਪਦੇਸ਼ ਨੰਬਰ 138

ਜੀਵ ਦਾ ਮਨ ਚੰਚਲ ਹੈ ਪਰ ਵਾਹਿਗੁਰੂ ਦੇ ਭਾਣੇ ਅਧੀਨ ਹੈ

ਮਨੁੱਖੀ ਮਨ ਇਕ ਪੰਛੀ ਦੀ ਤਰ੍ਹਾਂ ਹੈ। ਪੰਛੀ ਬਿਨਾਂ ਕੁੱਛ ਦੱਸੇ, ਇਕ ਜਗ੍ਹਾ ਤੋਂ ਦੂਸਰੀ ਜਗ੍ਹਾ 'ਤੇ ਉੱਡਦਾ ਰਹਿੰਦਾ ਹੈ। ਬਿਲਕੁਲ ਇਸੇ ਤਰ੍ਹਾਂ, ਮਨੁੱਖੀ ਮਨ, ਇਕ ਵਿਚਾਰ ਤੋਂ ਦੂਸਰੇ ਵਿਚਾਰ ਵੱਲ ਉੱਡਦਾ ਰਹਿੰਦਾ ਹੈ। ਵਿਚਾਰਾਂ ਨਾਲ ਕਰਮ ਉਤਪੰਨ ਹੁੰਦੇ ਹਨ। ਮਨੁੱਖ ਜੋ ਕਰਮ ਕਰਦਾ ਹੈ, ਉਹ ਭਵਿੱਖ ਵਿਚ ਉਸ ਦੀ ਪ੍ਰਾਲਬਧ ਬਣ ਜਾਂਦਾ ਹੈ। ਹੁਣ ਦੇ ਵਿਚਾਰ ਅਤੇ ਕਰਮ ਮਨੁੱਖ ਦੀ ਉਸ ਕਿਸਮਤ ਦੇ ਕਾਰਣ ਹਨ, ਜੋ ਮਨੁੱਖ ਦੇ ਇਸ ਸੰਸਾਰ ਵਿਚ ਆਉਣ ਸਮੇਂ ਨਾਲ ਸਨ।

ਕਈ ਵਾਰ ਵਿਚਾਰ ਅਤੇ ਕਰਮ ਨੇਕ ਹੁੰਦੇ ਹਨ। ਕਈ ਵਾਰ ਵਿਚਾਰ ਅਤੇ ਕਰਮ ਨੇਕ ਨਹੀਂ ਹੁੰਦੇ। ਫੇਰ ਵੀ, ਕਦੀ ਕਿਸੇ ਸਮੇਂ, ਇਹੋ ਮਨ ਪ੍ਰਮਾਤਮਾ ਦੇ ਪਿਆਰ ਵਿਚ ਭਿੱਜਾ ਹੁੰਦਾ

ਹੈ। ਇਸੇ ਤਰ੍ਹਾਂ ਇਕ ਪੰਛੀ ਕਿਸੇ ਸਮੇਂ ਖੁਸ਼ਬੂਦਾਰ ਚੰਦਨ ਦੇ ਦਰੱਖਤ 'ਤੇ ਬੈਠ ਰਿਹਾ ਹੁੰਦਾ ਹੈ। ਕਿਸੇ ਹੋਰ ਸਮੇਂ, ਉਹੀ ਪੰਛੀ ਅੱਕ 'ਤੇ ਬੈਠਾ ਹੁੰਦਾ ਹੈ। ਫੇਰ ਕਿਸੇ ਹੋਰ ਸਮੇਂ ਉਹ ਪੰਛੀ ਆਕਾਸ਼ ਵਿਚ ਉੱਚਾ ਉੱਡਦਾ ਹੈ। ਜੋ ਊਰਜਾ ਸਾਡੇ ਵਿਚਾਰਾਂ ਜਾਂ ਕਰਮਾਂ ਨੂੰ ਲੈ ਕੇ ਚੱਲਦੀ ਹੈ, ਉਹ ਪ੍ਰਮਾਤਮਾ ਦੀ ਊਰਜਾ ਹੈ। ਪ੍ਰਮਾਤਮਾ ਸਾਡੀਆਂ ਤਕਦੀਰਾਂ ਦਾ ਮਾਲਕ ਹੈ। ਪ੍ਰਮਾਤਮਾ ਹੁਕਮ ਕਰਦਾ ਹੈ ਅਤੇ ਅਸੀਂ ਉਨ੍ਹਾਂ ਹੁਕਮਾਂ ਦੀ ਜਾਣੇ ਜਾਂ ਅਨਜਾਣੇ ਵਿਚ ਪਾਲਣਾ ਕਰਦੇ ਹਾਂ। ਜਿਵੇਂ ਪ੍ਰਮਾਤਮਾ ਚਾਹੁੰਦਾ ਹੈ ਅਸੀਂ ਨੇਕ ਵਿਚਾਰਾਂ ਅਤੇ ਕਰਮਾਂ ਵਿਚ ਰੁੱਝ ਜਾਂਦੇ ਹਾਂ, ਜਾਂ ਮਾੜੇ ਵਿਚਾਰਾਂ ਅਤੇ ਕਰਮਾਂ ਵਿਚ ਰੁੱਝ ਜਾਂਦੇ ਹਾਂ, ਜਾਂ ਪ੍ਰਮਾਤਮਾ ਨੂੰ ਸਿਮਰਦੇ ਹਾਂ।

ਉਪਦੇਸ਼ ਨੰਬਰ 139
ਉਚ-ਵਿਦਵਤਾ ਅਤੇ ਫਿਰਕਾ ਪ੍ਰਸਤੀ ਮਨੁੱਖ ਨੂੰ ਪ੍ਰਮਾਤਮਾ ਨਾਲ ਨਹੀਂ ਮਿਲਾਂਦੇ

ਅਨਗਿਣਤ ਲੋਕ ਇਸ ਸੰਸਾਰ ਵਿਚ ਆਏ ਅਤੇ ਆਪਣੀ ਬਹੁਤ ਜ਼ਿਆਦਾ ਵਿੱਦਿਆ ਦੇ ਗਿਆਨ ਦੇ ਬਾਵਜੂਦ ਪ੍ਰਮਾਤਮਾ ਦਾ ਅੰਤ ਪਾਏ ਬਗੈਰ, ਇਸ ਦੁਨੀਆਂ ਤੋਂ ਚੱਲੇ ਗਏ। ਸੱਚਾਈ ਇਹ ਹੈ ਕਿ ਗਿਆਨ ਭਾਵੇਂ ਕਿੰਨਾ ਵੀ ਕਿਉਂ ਨਾ ਹੋਵੇ, ਪ੍ਰਮਾਤਮਾ ਦੀ ਮਹਾਨਤਾ ਨੂੰ ਸਮਝ ਨਹੀਂ ਸਕਦਾ। ਇਹ ਸਿਰਫ ਗੁਰੂ ਦੇ ਉਪਦੇਸ਼ਾਂ ਦੁਆਰਾ ਉਤਪੰਨ ਹੋਈ ਉਚੀ ਜਾਗਰੁਕਤਾ ਹੈ, ਜੋ ਪ੍ਰਮਾਤਮਾ ਦਾ ਅਨੁਭਵ ਕਰਾਉਂਦੀ ਹੈ। ਕਿਸੇ ਵੀ ਧਰਮ ਦੇ ਲੋਕ, ਜੋ ਵੱਖਰੇ ਵੱਖਰੇ ਕੱਪੜੇ ਪਹਿਨਦੇ ਹੋਣ ਅਤੇ ਖਾਸ ਕਿਸਮ ਦੇ ਸ਼ਿਸ਼ਟਾਚਾਰ, ਤੌਰ-ਤਰੀਕੇ ਦਿਖਾਉਂਦੇ ਹੋਣ, ਪ੍ਰਮਾਤਮਾ ਨਾਲ ਇੱਕ-ਮਿੱਕਤਾ ਪ੍ਰਾਪਤ ਨਹੀਂ ਕਰ ਸਕਦੇ, ਪ੍ਰਮਾਤਮਾ ਨਾਲ ਸੰਗਤ ਨਹੀਂ ਕਰ ਸਕਦੇ। ਇਹਨਾਂ ਵਰਗਾਂ ਵਿਚ—ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ ਬੈਰਾਗੀ ਸ਼ਾਮਲ ਹਨ।

ਉਹ ਸੱਚਾ ਪਰਮੇਸ਼ਰ ਅਗਮ ਅਗੋਚਰ ਹੈ। ਉਸ ਨੂੰ ਗੁਰੂ ਦੇ ਦਰਸਾਏ ਅਨੁਸਾਰ, ਗੁਰੂ ਦੇ ਬਚਨਾਂ ਦੇ ਦੁਆਰਾ ਹੀ ਬਹੁਤ ਹੀ ਅਦਭੁੱਤ ਅਤੇ ਸ਼ੀਸ਼ੇ ਵਾਂਗ ਸਾਫ ਅਤੇ ਖੂਬਸੂਰਤ ਅਨੁਭਵ ਕੀਤਾ ਜਾ ਸਕਦਾ ਹੈ। ਫਿਰ ਮਨੁੱਖ ਬੇਅੰਤ ਗੁਣਾਂ ਵਾਲੇ ਪ੍ਰਮਾਤਮਾ ਵਿਚ ਵਿਸ਼ਵਾਸ ਕਰਨ ਲੱਗਦਾ ਹੈ। ਮਨੁੱਖ ਉਸ ਦੀ ਮੌਜੂਦਗੀ ਦਾ ਅਨੁਭਵ ਕਰਦਾ ਹੈ। ਬੜੇ ਆਦਰ ਭਾਵ ਨਾਲ, ਮਨੁੱਖ 'ਸਾਰੀ ਸ੍ਰਿਸ਼ਟੀ ਦੇ ਪ੍ਰਮਾਤਮਾ' ਦੀ ਸਿਫ਼ਤ-ਸਾਲਾਹ ਗਾਉਂਦਾ ਹੈ। ਇਸ ਤਰ੍ਹਾਂ ਮਨੁੱਖ, ਮਨ ਵਿਚ ਵੱਸਦੇ ਉਸ ਬੇਅੰਤ ਅਤੇ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਤੋਂ ਜਾਣੂ ਹੁੰਦਾ ਹੈ।

ਉਪਦੇਸ਼ ਨੰਬਰ 140

ਮਨੁੱਖ ਦਾ ਪ੍ਰਮਾਤਮਾ ਨਾਲ ਸੱਚਾ ਪਿਆਰ ਅਟੱਲ ਅਤੇ ਪੂਰਨ ਹੁੰਦਾ ਹੈ

ਮਨੁੱਖ ਦਾ ਪ੍ਰਮਾਤਮਾ ਨਾਲ ਸੱਚਾ ਪਿਆਰ ਅਟੱਲ ਹੁੰਦਾ ਹੈ। ਇਹ ਪੁਰਸ਼ ਤੇ ਇਸਤ੍ਰੀ ਦੇ ਆਪਸੀ ਪਿਆਰ ਤੋਂ ਵੱਖ ਨਹੀਂ ਹੁੰਦਾ—ਜਦੋਂ ਪਿਆਰ ਆਪ ਸਰੀਰ ਨੂੰ ਸਜਾਉਣ ਲਈ ਗਹਿਣਾ ਹੋਵੇ। ਦੋਨਾਂ ਦਾ ਪ੍ਰੇਮ ਸੰਬੰਧ ਕਦੀ ਨਾ ਖ਼ਤਮ ਹੋਣ ਵਾਲਾ ਹੈ। ਪ੍ਰਮਾਤਮਾ ਦੇ ਸ਼ਰਧਾਲੂ ਦੀ ਜਾਗਰੁਕਤਾ ਵਿਚ ਪਿਆਰ ਅਤੇ ਸਤਿਕਾਰ ਦੀਆਂ ਭਾਵਨਾਵਾਂ ਹਮੇਸ਼ਾ ਸਭ ਤੋਂ ਪਹਿਲਾਂ ਹੁੰਦੀਆਂ ਹਨ। ਸੱਚੇ ਪਿਆਰ ਵਿਚ, ਦੋਨਾਂ ਵਿਚ ਵਿਛੋੜਾ ਅਸੰਭਵ ਹੈ। ਸ਼ਰਧਾਲੂ ਪ੍ਰਮਾਤਮਾ ਤੋਂ ਬਲਿਹਾਰੇ ਜਾਂਦਾ ਹੈ। ਪ੍ਰਮਾਤਮਾ ਅੱਗੇ ਸੰਪੂਰਨ ਸਮਰਪਣ ਹੁੰਦਾ ਹੈ।

ਗੁਰੂ ਦੇ ਬ੍ਰਹਮ ਗਿਆਨ ਤੋਂ ਸਿੱਖਿਆ ਗ੍ਰਹਿਣ ਕਰਕੇ, ਪ੍ਰਮਾਤਮਾ ਦੇ ਸ਼ਰਧਾਲੂ ਆਤਮਿਕ ਸੁਖ ਦਾ ਜੀਵਨ ਬਿਤਾਉਂਦਾ ਮਹਿਸੂਸ ਕਰਦੇ ਹਨ। ਉਹ ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਅੱਗੇ ਨਤਮਸਤਕ ਹੁੰਦੇ ਹਨ। ਉਹ ਪ੍ਰਮਾਤਮਾ ਨਾਲ ਮਿਲਾਪ ਵਿਚ ਪ੍ਰਭਾਵਸ਼ਾਲੀ ਅਤੇ ਸੁੰਦਰ ਪ੍ਰਤੀਤ ਹੁੰਦੇ ਹਨ। ਪ੍ਰਮਾਤਮਾ ਆਪ ਵੀ ਇਹ ਮਿਲਾਪ ਚਾਹੁੰਦਾ ਹੈ। ਉਹ ਪ੍ਰਮਾਤਮਾ ਅੱਗੇ ਹਮੇਸ਼ਾ ਨਿਮਰਤਾ ਵਿਚ ਰਹਿੰਦੇ ਹਨ। ਪ੍ਰਮਾਤਮਾ ਪ੍ਰਤੀ ਉਹਨਾਂ ਦੇ ਮਨ ਵਿਚ ਸੱਚਾ ਪ੍ਰੇਮ ਹੈ। ਉਹ ਪ੍ਰਮਾਤਮਾ ਤੋਂ ਵਿਛੋੜੇ ਨੂੰ ਸਰਾਪ ਸਮਝਦੇ ਹਨ। ਉਨ੍ਹਾਂ ਲਈ, ਪ੍ਰਮਾਤਮਾ ਦੇ ਪ੍ਰੇਮ ਤੋਂ ਬਗੈਰ ਜੀਵਨ ਹੀਣਾ ਤੇ ਕਮੀਨਾ ਹੈ। ਗੁਰੂ ਦੇ ਸ਼ਬਦਾਂ ਦੁਆਰਾ ਉਹਨਾਂ ਨੂੰ ਮੁਕਤੀ ਮਿਲ ਚੁੱਕੀ ਹੈ। ਉਹ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਨੂੰ ਚਖਦੇ ਹਨ।

ਨੋਟ : ਜਿਸ ਤਰ੍ਹਾਂ ਸੂਰਜ ਅਤੇ ਰਾਤ ਦਾ ਹਨੇਰਾ, ਕਦੀ ਇਕੱਠੇ ਨਹੀਂ ਰਹਿ ਸਕਦੇ, ਇਸੇ ਤਰ੍ਹਾਂ ਮਨ ਵਿਚ ਦੋ ਵਿਰੋਧੀ ਇਕੱਠੇ ਨਹੀਂ ਰਹਿ ਸਕਦੇ। ਅਹੰਕਾਰ ਅਤੇ ਪ੍ਰਮਾਤਮਾ ਦੀ ਭਗਤੀ ਇਕੱਠੇ ਮਨ ਵਿਚ ਨਹੀਂ ਰਹਿ ਸਕਦੇ। ਜਦੋਂ ਗੁਰੂ ਦੇ ਬਚਨਾਂ ਨਾਲ, ਪ੍ਰਮਾਤਮਾ ਤੋਂ ਵਿਛੋੜਾ ਪਾਉਣ ਵਾਲਾ ਅਹੰਕਾਰ ਖ਼ਤਮ ਹੋ ਜਾਂਦਾ ਹੈ, ਤਾਂ ਫਿਰ ਪ੍ਰਮਾਤਮਾ ਦਾ ਮਨ ਵਿਚ ਵਾਸ ਹੋ ਜਾਂਦਾ ਹੈ। ਮਨੁੱਖ ਪਰਿਪੂਰਨ ਪ੍ਰਮਾਤਮਾ ਅੱਗੇ ਆਪਾ ਵਾਰ ਦਿੰਦਾ ਹੈ। ਇਸ ਤਰ੍ਹਾਂ ਮਨੁੱਖ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

ਉਪਦੇਸ਼ ਨੰਬਰ 141

ਪ੍ਰਮਾਤਮਾ ਦੇ ਨਾਮ ਬਾਰੇ ਸ਼ਰਧਾਲੂ ਦੀ ਪਿਆਸ ਸੁਭਾਵਿਕ ਅਤੇ ਕਦੀ ਨਾ ਮਿਟਣ ਵਾਲੀ ਹੁੰਦੀ ਹੈ

ਹੇਠ ਲਿਖੇ ਵਿਚ ਇਸ ਹਾਲਤ ਨੂੰ ਚੰਗੀ ਤਰ੍ਹਾਂ ਵਰਨਣ ਕਰਦੇ ਹਨ :

- ਰੇਗਿਸਤਾਨ, ਬਾਰਿਸ਼ ਨਾਲ ਕਦੀ ਵੀ ਸੰਤੁਸ਼ਟ ਨਹੀਂ ਹੁੰਦਾ।
- ਬਾਲਣ ਪਾਉਣ ਨਾਲ ਅੱਗ ਹੋਰ ਜ਼ਿਆਦਾ ਤੇਜ਼ ਹੋ ਜਾਂਦੀ ਹੈ।

✡ ਰਾਜਾ ਵੱਧ ਤੋਂ ਵੱਧ ਧਰਤੀ ਉੱਪਰ ਅਤੇ ਵੱਧ ਤੋਂ ਵੱਧ ਸਮੇਂ ਲਈ ਰਾਜ ਕਰਨਾ ਚਾਹੁੰਦਾ ਹੈ।

✡ ਸਮੁੰਦਰ ਵਿਚ ਬੇਇੰਤਹਾ ਪਾਣੀ ਸਮਾ ਸਕਦਾ ਹੈ।

ਉਪਦੇਸ਼ ਨੰਬਰ 142

ਪ੍ਰਮਾਤਮਾ ਦੀ ਸਿਫ਼ਤ ਗਾਉਣ ਵਾਲਾ ਢਾਡੀ

ਪ੍ਰਮਾਤਮਾ ਦੀ ਹਜ਼ੂਰੀ ਵਿਚ ਗਾਉਂਦਾ ਹੈ, ਉਹ ਪ੍ਰਮਾਤਮਾ ਵਿਚ ਲੀਨ ਹੈ

ਢਾਡੀ ਪ੍ਰਮਾਤਮਾ ਦੀ ਸਿਫ਼ਤ ਇੰਝ ਗਾਉਂਦਾ ਹੈ, ਜਿਵੇਂ ਉਹ ਪ੍ਰਮਾਤਮਾ ਦੀ ਹਜ਼ੂਰੀ ਵਿਚ ਹੋਵੇ। ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਗਾ ਕੇ, ਢਾਡੀ ਬਹੁਤ ਆਨੰਦ ਮਾਣਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ, ਉਸ ਪਰਿਪੂਰਨ ਪ੍ਰਮਾਤਮਾ ਦੀ ਖੋਜ ਕਰਕੇ, ਉਸ ਦਾ ਮਨ ਬਹੁਤ ਅਨੰਦ ਅਨੁਭਵ ਕਰਦਾ ਹੈ। ਉਸ ਦੇ ਦੋਸਤਾਂ ਦੀ ਖ਼ੁਸ਼ੀ ਅੱਗੇ, ਪ੍ਰਮਾਤਮਾ, ਢਾਡੀ ਦੇ ਦੁਸ਼ਮਣ ਵੀ ਖ਼ਤਮ ਕਰ ਦਿੰਦਾ ਹੈ। ਨੁਕਸਾਨ ਪਹੁੰਚਾਉਣ ਵਾਲੀਆਂ ਤਾਕਤਾਂ, ਲਾਭ ਪਹੁੰਚਾਉਣ ਵਾਲੀਆਂ ਤਾਕਤਾਂ ਵਿਚ ਤਬਦੀਲ ਹੋ ਜਾਂਦੀਆਂ ਹਨ। ਢਾਡੀ, ਸਤਿਗੁਰੂ ਨੂੰ ਪਿਆਰ ਕਰਦਾ ਅਤੇ ਸਤਿਕਾਰ ਦਿੰਦਾ ਹੈ, ਜਿਸ ਨੇ ਉਸ ਨੂੰ ਜੀਵਨ ਦੇ ਸਹੀ ਮਾਰਗ 'ਤੇ ਚੱਲਣ ਦੀ ਸਿੱਖਿਆ ਦਿੱਤੀ ਹੁੰਦੀ ਹੈ। ਗੁਰੂ ਦੀ ਸਿੱਖਿਆ ਨਾਲ ਆਈ ਸੋਝੀ ਮੌਤ ਦਾ ਡਰ ਵੀ ਮੁਕਾ ਦਿੰਦੀ ਹੈ। ਗੁਰੂ ਦੀਆਂ ਸਿੱਖਿਆਵਾਂ ਉਸ ਨੂੰ ਸਿਖਾਉਂਦੀਆਂ ਹਨ ਕਿ ਗੁਰੂ ਦੇ ਗੁਣ ਸ਼ੀਸ਼ੇ ਵਾਂਗ ਸਾਫ ਹਨ ਅਤੇ ਉਹ ਬੇਅੰਤ ਗੁਣਾਂ ਦਾ ਮਾਲਕ ਹੈ। ਬੇਅੰਤ-ਗੁਣਾਂ ਵਾਲੇ ਪ੍ਰਮਾਤਮਾ ਦੀ ਸਿਫ਼ਤ ਗਾ ਕੇ ਢਾਡੀ ਇਕ ਵਿਲੱਖਣ ਦੌਲਤ ਇਕੱਠੀ ਕਰਦਾ ਹੈ। ਇਹ ਉਸ ਨੂੰ ਆਪਣੇ ਪ੍ਰੀਤਮ ਪਿਆਰੇ ਪ੍ਰਭੂ ਨਾਲ ਮਿਲਾਪ ਦੇ ਕਾਬਿਲ ਬਣਾਉਂਦੀ ਹੈ।

ਉਪਦੇਸ਼ ਨੰਬਰ 143

ਪਾਪ ਨੂੰ ਕਦੇ ਦੂਰ ਨਹੀਂ ਕੀਤਾ ਜਾ ਸਕਦਾ
ਪਾਪੀ ਨੂੰ ਸੁਧਾਰਿਆ ਜਾਂ ਖਿਮਾ ਕੀਤਾ ਜਾ ਸਕਦਾ

ਮਨੁੱਖ ਜਿਹਾ ਬੀਜਦਾ ਹੈ, ਤਿਹਾ ਹੀ ਕੱਟਦਾ ਹੈ। ਪਾਪ ਤਦ ਤੱਕ ਰਹਿੰਦਾ ਹੈ, ਜਦੋਂ ਤੱਕ ਇਸ ਨੂੰ ਸੁਧਾਰਿਆ ਨਾ ਜਾਵੇ ਜਾਂ ਖਿਮਾ ਨਾ ਕੀਤਾ ਜਾਵੇ।

ਪਾਪਾਂ ਦੇ ਮਾਮਲੇ ਵਿਚ ਇਹ ਗੱਲ ਬਿਲਕੁਲ ਸਹੀ ਹੈ। ਇਸ ਮਾਮਲੇ ਵਿਚ, ਕੀਤੇ ਗਏ ਪਾਪਾਂ ਨੂੰ ਮਿਟਾਉਣ ਦਾ ਕੋਈ ਹੱਲ (ਇਲਾਜ) ਨਹੀਂ ਹੈ। ਮਨੁੱਖ ਨੂੰ ਸ਼ਰਮਿੰਦਗੀ ਝੇਲਣੀ ਪਵੇਗੀ। ਪਾਪਾਂ ਨੂੰ ਧੋਣ ਦਾ ਇੱਕੋ-ਇਕ ਤਰੀਕਾ, ਪ੍ਰਮਾਤਮਾ ਵੱਲੋਂ ਮੁਆਫੀ ਹੈ।

ਉਪਦੇਸ਼ ਨੰਬਰ 144
ਦੁੱਖ ਅਤੇ ਸੁੱਖ—ਸਰੀਰਕ ਜਾਂ ਮਾਨਸਿਕ ਪ੍ਰਮਾਤਮਾ ਵੱਲੋਂ ਨਿਰਧਾਰਿਤ ਹੁੰਦੇ ਹਨ

ਜਦੋਂ ਮਨੁੱਖ ਦੁੱਖਾਂ ਦੀ ਬਜਾਏ ਸੁੱਖਾਂ ਦੀ ਕਾਮਨਾ ਕਰ ਰਹੇ ਹੁੰਦੇ ਹਨ, ਉਹ ਵਿਅਰਥ ਗੱਲਾਂ ਕਰਦੇ ਹਨ। ਸੱਚਾਈ ਇਹ ਹੈ ਕਿ ਦੁੱਖ ਅਤੇ ਸੁੱਖ ਦੋਨੋਂ ਹੀ ਵਸਤਰਾਂ (ਕੱਪੜਿਆਂ) ਵਾਂਗ ਹਨ, ਜੋ ਕਿ ਇਸ ਸੰਸਾਰ ਵਿਚ ਜਨਮੇ ਹਰੇਕ ਮਨੁੱਖ ਨੂੰ ਪਾਉਣੇ ਪੈਣੇ ਹਨ ਜਾਂ ਸਹਿਣੇ ਪੈਣੇ ਹਨ। ਜੇ ਗੱਲਾਂ ਨਾਲ ਕੁੱਛ ਹਾਸਿਲ ਨਹੀਂ ਹੁੰਦਾ ਤਾਂ ਫਿਰ ਚੁੱਪ ਰਹਿਣਾ ਹੀ ਠੀਕ ਹੈ। ਮਨੁੱਖ ਨੂੰ ਪ੍ਰਮਾਤਮਾ ਦਾ ਭਾਣਾ ਮੰਨਣਾ ਚਾਹੀਦਾ ਹੈ।

ਨੋਟ : ਸੁੱਖ ਦੁੱਖ ਪ੍ਰਮਾਤਮਾ ਵੱਲੋਂ ਬਖਸ਼ੇ ਹੋਏ ਹਨ। ਉਪਰੋਕਤ ਉਪਦੇਸ਼ ਦਾ ਇਹ ਅਰਥ ਨਹੀਂ ਹੈ ਕਿ ਮਨੁੱਖ ਵੈਰਾਗੀ ਬਣ ਜਾਵੇ ਅਤੇ ਬਿਨਾਂ ਕਿਸੇ ਭਾਵਨਾ ਦੇ ਦੁੱਖ ਸਹਿੰਦਾ ਜਾਵੇ। ਸਗੋਂ ਇਸ ਦੀ ਬਜਾਏ, ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਭਗਤ, ਉਸ ਪ੍ਰਮਾਤਮਾ ਅੱਗੇ ਜੀਵਨ ਵਿਚ ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਅਰਜ਼ੋਈ ਕਰਦਾ ਹੈ। ਉਸ ਪ੍ਰਮਾਤਮਾ ਦੀ ਮਿਹਰ ਸਦਕਾ, ਭਗਤ ਵੱਡਮੁਲੀਆਂ ਦਾਤਾਂ ਹੀ ਪ੍ਰਾਪਤ ਕਰਦਾ ਹੈ। ਲੇਖਕ ਦੀ ਨਿਮਰਤਾ ਸਹਿਤ ਉਚਾਰੀ ਰਾਏ ਅਨੁਸਾਰ, ਇਹ ਵਿਚਾਰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਅਨਕੂਲ ਹੈ।

ਉਪਦੇਸ਼ ਨੰਬਰ 145
ਪ੍ਰਮਾਤਮਾ ਤੋਂ ਵਿੱਛੜ ਕੇ ਲੋਕ ਬਾਵਲੇ, ਭੈਭੀਤ ਤੇ ਆਤਮਘਾਤੀ ਬਣ ਜਾਂਦੇ ਹਨ

ਉਹ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ ਅਦ੍ਰਿਸ਼, ਸਿਰਜਣਹਾਰ ਅਤੇ ਪਾਲਣਹਾਰ ਹੈ। ਉਸਨੂੰ ਮਨੁੱਖ ਦੇ ਮਨ ਤੋਂ ਇਲਾਵਾ ਹੋਰ ਕਿਤੇ ਨਹੀਂ ਪਾਇਆ ਜਾ ਸਕਦਾ। ਕੇਵਲ ਤਦ ਹੀ ਉਸਨੂੰ ਸਰਬ ਵਿਆਪਕ ਅਨੁਭਵ ਕੀਤਾ ਜਾ ਸਕਦਾ ਹੈ। ਗੁਰੂ ਦੀ ਰਹਿਨੁਮਾਈ (ਮਾਰਗ-ਦਰਸ਼ਨ) ਤੋਂ ਬਗੈਰ ਹਰ ਕੋਈ ਰਸਤੇ ਤੋਂ ਭਟਕ ਕੇ ਭਿਆਨਕ ਜੰਗਲ ਵਿਚ ਭਟਕ ਰਿਹਾ ਹੈ। ਉਸ ਸਤਿਗੁਰੂ ਦੀ ਸਿਫ਼ਤ ਕਰੋ ਜੋ ਸਾਨੂੰ ਸੱਚੇ ਅਤੇ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਮਿਲਾਉਂਦਾ ਹੈ। ਗੁਰੂ ਦੇ ਬ੍ਰਹਮ ਗਿਆਨ ਦੀ ਰੌਸ਼ਨੀ ਨਾਲ ਮਨੁੱਖ ਨੂੰ ਉਹ ਅਨਮੋਲ ਹੀਰਾ ਆਪਣੇ ਅੰਦਰ ਹੀ ਮਿਲਦਾ ਹੈ। ਗੁਰੂ ਦੇ ਬਚਨਾਂ ਨਾਲ, ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੀ ਭਗਤੀ ਕਰਕੇ, ਮਨੁੱਖ ਨੂੰ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਹੁੰਦੀ ਹੈ। ਮਨੁੱਖ ਪ੍ਰਮਾਤਮਾ ਦਾ ਪਿਆਰਾ ਬਣ ਜਾਂਦਾ ਹੈ। ਮਨ ਵਿਚ ਪ੍ਰਮਾਤਮਾ ਦੇ ਡਰ ਤੋਂ ਬਗ਼ੈਰ ਅਤੇ ਇਸ ਤਰ੍ਹਾਂ ਪ੍ਰਮਾਤਮਾ ਤੋਂ ਨਾਤਾ ਤੋੜ ਕੇ, ਲੋਕ ਬਾਵਲੇ, ਭੈਭੀਤ ਤੇ ਆਤਮਘਾਤੀ ਬਣ ਜਾਂਦੇ ਹਨ।

ਉਪਦੇਸ਼ ਨੰਬਰ 146

ਸਤਿਗੁਰੂ ਦੀ ਕ੍ਰਿਪਾ, ਸਿੱਖ ਉੱਤੇ ਅਨੇਕਾਂ ਮਿਹਰਾਂ ਬਖਸ਼ਦੀ ਹੈ

ਸਤਿਗੁਰੂ ਦਾ ਸਿੱਖ ਬਨਣ 'ਤੇ ਮਨੁੱਖ ਹੇਠ ਲਿਖੀਆਂ ਮੇਹਰਾਂ ਪ੍ਰਾਪਤ ਕਰਦਾ ਹੈ।

- ✡ ਪੂਰਨ ਅਤੇ ਕਦੇ ਨਾ ਡੋਲਣ ਵਾਲਾ ਪ੍ਰਮਾਤਮਾ 'ਤੇ ਵਿਸ਼ਵਾਸ, ਜੋ ਪ੍ਰਮਾਤਮਾ ਨਾਲ ਮਿਲਾਪ ਦੀ ਇੱਛਾ ਦੀ ਪੂਰਤੀ ਕਰਦਾ ਹੈ।
- ✡ ਚਿੰਤਾਵਾਂ ਤੋਂ ਮੁਕਤੀ।
- ✡ ਦੁੱਖਾਂ ਤੋਂ ਮੁਕਤੀ।
- ✡ ਪ੍ਰਮਾਤਮਾ ਨਾਲ ਪ੍ਰੇਮ-ਸੰਬੰਧ ਵਿਚ ਆਨੰਦ।
- ✡ ਮੌਤ ਦੇ ਡਰ ਤੋਂ ਮੁਕਤੀ।
- ✡ ਸਰੀਰਕ ਤੰਦਰੁਸਤੀ।
- ✡ ਸੰਸਾਰ ਦੇ ਨੌਂ ਖ਼ਜ਼ਾਨਿਆਂ ਦੀ ਮਲਕੀਅਤ।
- ✡ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਇੱਕਮਿਕਤਾ-ਮਿਲਾਪ।

ਉਪਦੇਸ਼ ਨੰਬਰ 147

ਧਾਰਮਿਕ ਕਰਮਕਾਂਡ ਅਨੁਯਾਈ ਨੂੰ ਕੋਈ ਰੂਹਾਨੀ ਜਾਂ ਨੈਤਿਕ ਲਾਭ ਨਹੀਂ ਦਿਵਾਉਂਦੇ

ਜੈਨ ਧਰਮ (ਭਾਰਤ ਵਿਚ) ਦੇ ਅਨੁਯਾਈ ਕਠੋਰ ਤਪ ਤੇ ਆਤਮ-ਤਿਆਗ ਦਾ ਵਿਵਹਾਰ ਕਰਦੇ ਹਨ। ਉਹ ਨਿਮਨਲਿਖਿਤ ਚੀਜ਼ਾਂ ਕਰਦੇ ਹਨ :

- ✡ ਸਿਰ ਦੇ ਵਾਲ ਉਤਾਰਨੇ।
- ✡ ਗੰਦਾ ਪਾਣੀ ਪੀਣਾ।
- ✡ ਮੰਗ ਕੇ ਗੁਜ਼ਾਰਾ ਕਰਨਾ।
- ✡ ਬਦਬੂ ਸੁੰਘਣ ਲਈ ਮਲਮੂਤਰ ਹਿਲਾਉਣਾ
- ✡ ਪਾਣੀ ਨਾਲ ਨਾ ਹੀ ਧੋਣਾ ਅਤੇ ਨਾ ਹੀ ਨਹਾਉਣਾ।
- ✡ ਸਿਰ ਦੇ ਵਾਲ ਕੱਟਵਾ ਦੇਣੇ।
- ✡ ਹੱਥਾਂ 'ਤੇ ਰਾਖ ਮਲਣੀ
- ✡ ਰੋਜ਼ੀ ਰੋਟੀ ਲਈ ਕੋਈ ਰੁਜ਼ਗਾਰ ਨਾ ਕਰਨਾ, ਕਿਉਂਕਿ ਮਾਂ-ਬਾਪ ਨੇ ਵੀ ਕਦੀ ਕੰਮ ਨਹੀਂ ਕੀਤਾ ਸੀ।
- ✡ ਆਪਣੇ ਪਰਿਵਾਰ ਦੇ ਖਾਣ-ਪਾਣ ਦੀ ਕੋਈ ਫਿਕਰ (ਪ੍ਰਵਾਹ) ਨਾ ਕਰਨਾ।

- ਮਰਿਆਂ ਤੇ ਸੋਗ ਨਾ ਕਰਨਾ ਅਤੇ ਉਹਨਾਂ ਲਈ ਮਰਨ ਉਪਰੰਤ, ਅਗਲੇ ਜੀਵਨ ਲਈ ਕੋਈ ਪ੍ਰਾਰਥਨਾ ਨਾ ਕਰਨਾ।
- ਹਿੰਦੂ ਉਹਨਾਂ ਤੋਂ ਦੂਰ ਰਹਿੰਦੇ ਹਨ ਅਤੇ ਉਹਨਾਂ ਨੂੰ ਹਿੰਦੂ ਧਾਰਮਿਕ ਸਥਾਨਾਂ 'ਤੇ ਜਾਣ ਤੋਂ ਮਨ੍ਹਾਂ ਕਰਦੇ ਹਨ।
- ਬ੍ਰਾਹਮਣ ਉਹਨਾਂ ਦਾ ਭੋਜਨ ਨਹੀਂ ਖਾਂਦੇ।
- ਉਹ ਗੰਦੇ ਰਹਿੰਦੇ ਹਨ, ਸਰੀਰ ਦੀ ਸਫ਼ਾਈ ਨਹੀਂ ਕਰਦੇ।
- ਮੱਥੇ 'ਤੇ ਕੇਸਰ ਨਹੀਂ ਲਗਾਉਂਦੇ।
- ਉਹ ਸੋਗ ਮਨਾਉਣ ਦੀ ਤਰ੍ਹਾਂ, ਸਿਰ ਝੁਕਾ ਕੇ ਸੰਗਤ ਕਰਦੇ ਹਨ।
- ਕਿਸੇ ਧਾਰਮਿਕ ਸਭਾ ਵਿਚ ਹਿੱਸਾ ਨਹੀਂ ਲੈਂਦੇ।
- ਉਹ ਇਕ ਕਤਾਰ ਬਣਾ ਕੇ ਤੁਰਦੇ ਹਨ। ਭੀਖ ਮੰਗਣ ਵਾਲੇ ਬਰਤਨ ਕਮਰ ਨਾਲ ਲਟਕਾਂਦੇ ਹਨ। ਹੱਥਾਂ ਵਿਚ ਚੌਰ ਫੜਦੇ ਹਨ।

ਉਪਰੋਕਤ ਵਿਵਹਾਰ ਵਾਲੇ ਲੋਕ ਨਾ ਹੀ ਜੋਗੀ ਹਨ, ਨਾ ਹੀ ਜੰਗਮ, ਨਾ ਮੁੱਲ੍ਹਾ, ਨਾ ਕਾਜ਼ੀ। ਇਹ ਪ੍ਰਮਾਤਮਾ ਤੋਂ ਬੇਮੁਖ ਹਨ। ਉਹ ਭਟਕੇ ਹੋਏ ਹਨ ਅਤੇ ਆਪਣਾ ਜੀਵਨ ਅਜਾਈਂ (ਵਿਅਰਥ) ਹੀ ਗੁਆ ਦਿੰਦੇ ਹਨ। ਉਹਨਾਂ ਦਾ ਅਹਿੰਸਾ ਦਾ ਵਿਚਾਰ ਏਨਾ ਜ਼ਿਆਦਾ ਹੁੰਦਾ ਹੈ ਕਿ ਉਹ ਇਸ ਤੇ ਏਨਾ ਅਮਲ ਕਰਦੇ ਹਨ ਕਿ ਉਹ ਕੀੜੀਆਂ ਅਤੇ ਕੀਟਾਣੂ ਤੱਕ ਮਾਰਨ ਤੋਂ ਪ੍ਰਹੇਜ਼ ਕਰਦੇ ਹਨ। ਉਹ ਆਪਣੇ ਪੱਥ (ਰਸਤੇ) ਤੇ ਚੱਲਦੇ ਹੋਏ, ਕੀੜੀਆਂ ਤੇ ਹੋਰ ਕੀੜੇ-ਮਕੌੜਿਆਂ ਨੂੰ ਪਰੇ ਹਟਾਉਣ ਲਈ ਝਾੜੂ ਦੀ ਵਰਤੋਂ ਕਰਦੇ ਹਨ ਤਾਂ ਕਿ ਕਿਤੇ ਉਹਨਾਂ ਦੇ ਪੈਰ ਥੱਲ੍ਹੇ ਆ ਕੇ ਉਹ ਮਿੱਧੇ ਨਾ ਜਾਣ। ਕਿਤੇ ਕੋਈ ਕੀਟਾਣੂ ਉਹਨਾਂ ਦੇ ਮੂੰਹ ਅੰਦਰ ਨਾ ਚਲਾ ਜਾਵੇ, ਇਸ ਲਈ ਉਹ ਆਪਣਾ ਮੂੰਹ ਢੱਕ ਕੇ ਰੱਖਦੇ ਹਨ। ਗੁਰੂ ਇਸ ਤਰ੍ਹਾਂ ਸਿੱਖਿਆ ਦਿੰਦਾ ਹੈ :

- ਪ੍ਰਮਾਤਮਾ ਕੇਵਲ ਇਕ ਹੈ ਜੋ ਜਿੰਦ-ਜਾਨ ਦਿੰਦਾ ਹੈ ਅਤੇ ਵਾਪਸ ਵੀ ਲੈ ਲੈਂਦਾ ਹੈ।
- ਦਾਨ ਦੇਣਾ ਅਤੇ ਨਹਾ ਕੇ ਸਰੀਰ ਨੂੰ ਸਾਫ਼ ਰੱਖਣਾ ਠੀਕ ਤਰੀਕਾ ਹੈ, ਨਹੀਂ ਤਾਂ ਇਹ ਜੀਵਨ ਇਕ ਅਪਮਾਨ ਜਨਕ ਜੀਵਨ ਹੈ। ਦਾਨ ਕੋਈ ਤਾਂ ਹੀ ਦੇ ਸਕਦਾ ਹੈ, ਜੇ ਉਸਦੀ ਕਮਾਈ ਇਮਾਨਦਾਰੀ ਦੀ ਹੋਵੇ।
- ਪਾਣੀ ਜਿਸਨੂੰ ਜੈਨ ਧਰਮ ਦੇ ਲੋਕ ਨਫ਼ਰਤ ਕਰਦੇ ਹਨ, ਉਸਦੀ ਸਿਫ਼ਤ ਕੀਤੀ ਜਾਣੀ ਚਾਹੀਦੀ ਹੈ ਅਤੇ ਉਸਨੂੰ (ਪਾਣੀ ਨੂੰ) ਪਿਆਰ ਕਰਨਾ ਚਾਹੀਦਾ ਹੈ। ਸਮੁੰਦਰ ਵਿਚੋਂ ਹੀ ਅਨਗਿਣਤ ਖਜ਼ਾਨੇ ਲੱਭਦੇ ਹਨ। ਇਹ ਪਾਣੀ ਹੀ ਹੈ, ਜੋ ਹਿੰਦੂ ਧਰਮ ਦੇ 68 (ਅਠਾਹਠ) ਤੀਰਥਾਂ ਨੂੰ ਪ੍ਰਸਿੱਧੀ ਅਤੇ ਪਵਿੱਤਰਤਾ ਪ੍ਰਦਾਨ ਕਰਦਾ ਹੈ। ਇਹਨਾਂ ਤੀਰਥਾਂ 'ਤੇ ਧਾਰਮਿਕ ਮੇਲੇ ਲੱਗਦੇ ਹਨ ਅਤੇ ਧਾਰਮਿਕ ਗੋਸ਼ਟੀਆਂ

ਹੁੰਦੀਆਂ ਹਨ। ਪਾਣੀ ਨਾਲ ਸਰੀਰ ਧੋ ਕੇ ਜਾਂ ਪਾਣੀ ਨਾਲ ਨਹਾ ਕੇ, ਇਸਲਾਮ ਦੇ ਅਨੁਯਾਈ ਆਪਣੀ ਨਮਾਜ਼ ਪੜ੍ਹਦੇ ਹਨ ਅਤੇ ਹਿੰਦੂ ਆਪਣੀ ਪੂਜਾ (ਦੇਵਤਿਆਂ ਦੀ ਪੂਜਾ) ਕਰਦੇ ਹਨ। ਸਮਝਦਾਰ ਵਿਅਕਤੀ ਹਮੇਸ਼ਾ ਨਹਾਉਂਦੇ ਹਨ। ਜਨਮ ਅਤੇ ਮਰਨ ਦੇ ਵੇਲੇ ਵੀ ਪਾਣੀ ਦੀ ਵਰਤੋਂ ਨਾਲ ਹੀ ਸੰਪੂਰਨ ਮੰਨੇ ਜਾਂਦੇ ਹਨ। ਇਹਨਾਂ ਉਤਸਵਾਂ ਵਿਚ ਪਾਣੀ ਦੀ ਬਹੁਤ ਮਹਾਨਤਾ ਮੰਨੀ ਜਾਂਦੀ ਹੈ। ਪਰ ਜਾਲਮ ਤੇ ਵਿਗੜੇ ਹੋਏ ਗੁਰੂ ਦੇ ਨਾਲ ਸਹਿਮਤ ਨਹੀਂ ਹੁੰਦੇ। ਬਾਰਿਸ਼ ਨਾਲ ਨਿਵਾਸੀਆਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਹੈ। ਉਹਨਾਂ ਦਾ ਜੀਵਨ ਬਾਰਿਸ਼ ਤੇ ਨਿਰਭਰ ਕਰਦਾ ਹੈ। ਕਣਕ, ਗੰਨਾ ਅਤੇ ਰੂੰ ਉਗਾਉਣ ਲਈ ਬਾਰਿਸ਼ ਦੀ ਜ਼ਰੂਰਤ ਹੁੰਦੀ ਹੈ। ਰੂੰ ਤੋਂ ਕੱਤ ਕੇ ਤਿਆਰ ਕੀਤਾ ਕੱਪੜਾ ਤਨ (ਸਰੀਰ) ਦਾ ਨੰਗੇਜ਼ ਢੱਕਣ ਦੇ ਕੰਮ ਆਉਂਦਾ ਹੈ। ਗਾਵਾਂ ਘਾਹ ਖਾ ਕੇ ਜਿੰਦਾ ਰਹਿੰਦੀਆਂ ਹਨ ਜੋ ਬਾਰਿਸ਼ ਨਾਲ ਵੱਧਦਾ ਹੈ। ਗਾਂ ਦੇ ਦੁੱਧ ਤੋਂ, ਘਰਾਂ ਦੀਆਂ ਔਰਤਾਂ ਦਹੀਂ ਬਣਾਉਂਦੀਆਂ ਹਨ। ਦਹੀਂ ਤੋਂ ਮੱਖਣ ਬਣਾਇਆ ਜਾਂਦਾ ਹੈ। ਸ਼ੁੱਧ ਕੀਤਾ ਗਿਆ ਮੱਖਣ, ਘਿਉ, ਕਈ ਧਾਰਮਿਕ ਉਤਸਵਾਂ ਵਿਚ ਵਰਤਿਆ ਜਾਂਦਾ ਹੈ।

ਗੁਰੂ ਬ੍ਰਹਮ ਗਿਆਨ ਦਾ ਸਾਗਰ ਹੈ। ਨਦੀਆਂ, ਬ੍ਰਹਮ ਗਿਆਨ ਦੀਆਂ ਕਈ ਨਦੀਆਂ ਹੁੰਦੀਆਂ ਹਨ। ਪ੍ਰਮਾਤਮਾ ਉਹਨਾਂ ਦਾ ਆਦਰ ਕਰਦਾ ਹੈ ਜੋ ਇਹਨਾਂ ਨਦੀਆਂ ਵਿਚ ਇਸ਼ਨਾਨ ਕਰਦਾ ਹੈ ਭਾਵ ਆਪਣੀ ਅਗਿਆਨਤਾ ਦੂਰ ਕਰਦਾ ਹੈ। ਜੋ ਮਨੁੱਖ ਪਾਣੀ ਦੇ ਸਾਫ਼ ਕਰਨ ਦੇ ਪ੍ਰਭਾਵ ਨੂੰ ਦੁਬਾਰਾ ਪਰਖਦੇ ਹਨ, ਉਹ ਅਪਮਾਨ ਅਤੇ ਸ਼ਰਮ ਦੇ ਕਾਬਿਲ ਹੁੰਦੇ ਹਨ। ਇਹ ਗੱਲ, ਪਾਣੀ ਦੀ ਵਰਤੋਂ ਕਰਕੇ ਸਰੀਰ ਦੀ ਸ਼ੁੱਧੀ ਦੇ ਮਾਮਲੇ ਵਿਚ ਬਿਲਕੁਲ ਸੱਚ ਹੈ ਅਤੇ ਇਹ ਅਧਿਆਤਮਿਕ ਸ਼ੁੱਧੀ-ਅਧਿਆਤਮਕ ਚੜ੍ਹਾਅ ਦੇ ਮਾਮਲੇ ਵਿਚ ਵੀ ਸੱਚ ਹੈ—ਜੋ ਕਿ ਸਮੁੰਦਰ ਵਿਚ ਮਿਲਣ ਜਾਂ ਗੁਰੂ ਦੇ ਗਿਆਨ ਦੀਆਂ ਨਦੀਆਂ ਵਿਚ ਮਿਲਣ ਤੋਂ ਮਿਲਦਾ ਹੈ।

ਉਪਦੇਸ਼ ਨੰਬਰ 148

ਸਤਿਗੁਰੂ ਸਦਾ ਅਬਿਨਾਸੀ ਤੇ ਅਗਮ ਅਗੋਚਰ ਪ੍ਰਮਾਤਮਾ ਦੀ ਪ੍ਰਸੰਸਾ ਕਰਦਾ ਹੈ

ਸਤਿਗੁਰੂ, ਸਦਾ ਅਬਿਨਾਸੀ ਅਤੇ ਅਗਮ ਅਗੋਚਰ ਪ੍ਰਮਾਤਮਾ ਦੀ ਪ੍ਰਸੰਸਾ ਕਰਦਾ ਹੈ। ਕੇਵਲ ਉਹ ਹੀ ਹੈ ਜੋ ਅਬਿਨਾਸੀ ਹੈ। ਬਾਕੀ ਸਾਰੇ ਜਨਮ ਲੈਂਦੇ ਹਨ ਅਤੇ ਫਿਰ ਮਰ ਜਾਂਦੇ ਹਨ। ਉਹ ਜੋ ਪ੍ਰਮਾਤਮਾ ਅੱਗੇ, ਉਸਦੇ ਪਿਆਰ ਅਤੇ ਸਤਿਕਾਰ ਲਈ ਅਰਦਾਸ ਕਰਦੇ ਹਨ, ਉਹ ਪ੍ਰਮਾਤਮਾ ਦਾ ਅਨਿੱਖੜਵਾਂ ਅੰਗ ਬਣ ਜਾਂਦੇ ਹਨ। ਪ੍ਰਮਾਤਮਾ ਜੋ ਵੀ ਹੁਕਮ ਕਰਦਾ ਹੈ ਉਹ ਹਮੇਸ਼ਾਂ ਲਈ ਅਟੱਲ ਹੁੰਦਾ ਹੈ। ਗੁਰੂ ਦੇ ਉਪਦੇਸ਼, ਸਿੱਖ ਨੂੰ ਪ੍ਰਮਾਤਮਾ ਦੇ ਹੁਕਮਾਂ ਦਾ ਸਨਮਾਨ ਕਰਨ ਦੇ ਕਾਬਿਲ ਬਣਾਉਂਦੇ ਹਨ। ਕੇਵਲ ਪ੍ਰਮਾਤਮਾ ਦੀ ਮੇਹਰ

ਸਦਕਾ ਹੀ ਬ੍ਰਹਮ ਗਿਆਨ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਉਸ ਦਾ ਨਾਮ ਸਿਮਰਦਾ ਹੈ। ਕਿਸੇ ਵੀ ਮਨੁੱਖ ਵਿਚ, ਉਸਦੀਆਂ ਦਾਤਾਂ ਵਿਚ ਦਖ਼ਲ-ਅੰਦਾਜ਼ੀ ਕਰਨ ਦੀ ਤਾਕਤ ਨਹੀਂ ਹੁੰਦੀ ਹੈ। ਪ੍ਰਮਾਤਮਾ ਹੀ ਦਾਤਾ ਦਾਤਾਰ ਹੈ। ਉਸਦੀਆਂ ਦਿੱਤੀਆਂ ਦਾਤਾਂ ਦੀ ਕੋਈ ਕਮੀ ਨਹੀਂ ਹੁੰਦੀ। ਸਤਿਗੁਰੂ, ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੈ ਕਿ ਜੋ ਉਸਨੂੰ ਭਾਵੇ ਉਹ ਉਸਨੂੰ ਦੇ ਦੇਵੇ।

ਉਪਦੇਸ਼ ਨੰਬਰ 149

ਪ੍ਰਮਾਤਮਾ ਦੀ ਮਿਹਰ ਨਾਲ ਚੰਚਲਤਾ, ਭਗਤੀ-ਭਾਵਨਾ ਵਿਚ ਤਬਦੀਲ ਹੋ ਜਾਂਦੀ ਹੈ

ਮਨੁੱਖ ਅਗਿਆਨਤਾ ਤੋਂ ਉੱਪਰ ਤਾਂ ਹੀ ਉੱਠ ਸਕਦਾ ਹੈ, ਜੇਕਰ ਉਹੀ ਆਪਣੀ ਅਗਿਆਨਤਾ ਦੂਰ ਕਰਦਾ ਹੈ। ਮਨੁੱਖ ਇਕ ਵਿਸ਼ਵਾਸ ਕਰਨ ਵਾਲਾ ਬਣ ਕੇ, ਪ੍ਰਮਾਤਮਾ ਦੇ ਬਾਰੇ ਗਿਆਨ ਤਾਂ ਹੀ ਹਾਸਿਲ ਕਰ ਸਕਦਾ ਹੈ ਜੇ ਪ੍ਰਮਾਤਮਾ ਅਜਿਹਾ ਚਾਹੇ। ਇਹਨਾਂ ਸੱਚਾਈਆਂ ਤੋਂ ਇਲਾਵਾ, ਬਾਕੀ ਸਭ ਸਿਰਫ਼ ਗੱਲਾਂ ਹਨ ਅਤੇ ਵਿਅਰਥ ਝਗੜੇ ਹੁੰਦੇ ਹਨ ਅਤੇ ਇਹ ਸਭ ਪ੍ਰਮਾਤਮਾ ਤੋਂ ਵਿਛੋੜੇ ਦੇ ਕਾਰਣ ਹੁੰਦਾ ਹੈ। ਸੰਸਾਰ ਵਿਚ ਜੋ ਕੁਛ ਵੀ ਹੈ, ਪ੍ਰਮਾਤਮਾ ਹੀ ਉਸ ਸਭ ਦਾ, ਸਭ ਤੋਂ ਵੱਡਾ ਕਾਰਣ ਹੈ। ਉਹ ਸਭ ਸੱਚਾਈਆਂ ਤੋਂ ਜਾਣੂੰ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਹੈ। ਜੋ ਉਹ ਬਚਨ ਕਰਦਾ ਹੈ- ਉਹੋ ਹੀ ਹੁਕਮ ਹੈ। ਉਹ ਮਨੁੱਖ ਦੀ ਚੰਚਲਤਾ ਨੂੰ ਭਗਤੀ-ਭਾਵਨਾ ਵਿਚ ਤਬਦੀਲ ਕਰ ਦਿੰਦਾ ਹੈ।

ਉਪਦੇਸ਼ ਨੰਬਰ 150

ਸਤਿਗੁਰੂ ਦਾ ਕਾਰਜ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾਉਣਾ ਹੈ, ਸਤਿਗੁਰੂ ਨੂੰ ਇਹ ਕਾਰਜ ਪ੍ਰਮਾਤਮਾ ਵੱਲੋਂ ਆਪ ਸੌਂਪਿਆ ਜਾਂਦਾ ਹੈ

ਸਤਿਗੁਰੂ-ਗੁਰੂ ਨਾਨਕ ਦੇਵ ਜੀ, ਪ੍ਰਮਾਤਮਾ ਦੇ ਢਾਡੀ ਹਨ। ਸਤਿਗੁਰੂ ਦਾ ਕਾਰਜ ਪ੍ਰਮਾਤਮਾ ਦੇ ਢਾਡੀ ਦਾ ਕਾਰਜ, ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾਉਣਾ ਹੈ। ਪ੍ਰਮਾਤਮਾ ਦੀ ਸਿਫਤ-ਸਲਾਹ ਕਰਨ ਦੀ ਦਾਤ, ਉਸ ਨੇ ਆਪ ਹੀ ਸਤਿਗੁਰੂ ਨੂੰ ਬਖਸ਼ੀ ਹੈ। ਉਹ ਆਪ ਹੀ ਸਤਿਗੁਰੂ ਨੂੰ ਆਪਣੀ ਹਜ਼ੂਰੀ ਵਿਚ ਬੁਲਾਉਂਦਾ ਹੈ। ਪ੍ਰਮਾਤਮਾ ਨੇ, ਗੁਰੂ ਨੂੰ, ਆਪਣੇ ਨਾਮ ਦਾ ਅੰਮ੍ਰਿਤ, ਭੋਜਨ ਵਜੋਂ ਭੇਟ ਕੀਤਾ ਹੁੰਦਾ ਹੈ। ਸਿੱਖ, ਗੁਰੂ ਦੇ ਉਪਦੇਸ਼ ਅਨੁਸਾਰ ਹੀ ਪ੍ਰਮਾਤਮਾ ਦੇ ਨਾਮ ਦੇ ਅੰਮ੍ਰਿਤ ਨੂੰ ਪੀਂਦਾ ਹੈ। ਉਹ ਸੰਤੋਖੀ ਸ਼ਾਂਤਮਈ ਅਤੇ ਪ੍ਰਸੰਨਚਿਤ ਬਣ ਜਾਂਦਾ ਹੈ।

ਬ੍ਰਹਮ ਗਿਆਨ ਦੇ ਪ੍ਰਸਾਰ ਲਈ ਉਹ ਸੰਗੀਤ ਦੇ ਮਾਧਿਅਮ ਦੀ ਵਰਤੋਂ ਕਰਦੇ ਹਨ। ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੀ ਪੂਜਾ ਕਰਕੇ- ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਨਾਲ ਇਕਮਿਕ ਹਨ।

ਨੋਟ : ਹੁਣ ਤੱਕ ਦਰਸਾਏ ਗਏ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਤੋਂ ਇਹ ਗੱਲ

ਬਿਲਕੁਲ ਸਾਫ਼ ਹੈ ਕਿ:

- ✡ ਸਤਿਗੁਰੂ ਉਹ ਹੈ, ਜੋ ਪ੍ਰਮਾਤਮਾ ਦੀ ਪੂਜਾ ਕਰਦਾ, ਉਸ ਨੂੰ ਪਿਆਰ ਅਤੇ ਸਤਿਕਾਰ ਕਰਦਾ ਹੈ। ਇਹ 'ਸਤਿਕਾਰ ਅਤੇ ਪਿਆਰ' ਗੁਰੂ ਦੀ ਸੋਚ, ਉਸਦੇ ਸ਼ਬਦਾਂ ਅਤੇ ਉਸ ਦੇ ਕਰਮਾਂ ਵਿਚੋਂ ਝਲਕਦੀ ਹੈ। ਗੁਰੂ ਨਾਨਕ ਪ੍ਰਮਾਤਮਾ ਦੀ ਭਗਤੀ ਕਰਦੇ ਹਨ। ਸਤਿਗੁਰੂ ਬ੍ਰਹਮ ਗਿਆਨ ਦਾ ਪ੍ਰਸਾਰ ਕਰਦਾ ਹੈ। ਗੁਰੂ ਨਾਨਕ ਦੇਵ ਨੇ, ਬ੍ਰਹਮ ਗਿਆਨ ਦਾ ਸੁਨੇਹਾ ਪਹੁੰਚਾਉਣ ਲਈ, ਦੂਰ-ਦੂਰ ਤੱਕ ਯਾਤਰਾ ਕੀਤੀ। ਸਿੱਖਾਂ ਦੇ ਜੁਗੋ ਜੁਗ ਅਟੱਲ ਗੁਰੂ, ਗੁਰੂ ਗ੍ਰੰਥ ਸਾਹਿਬ ਦੁਆਰਾ, ਗੁਰੂ ਨਾਨਕ ਬ੍ਰਹਮ ਗਿਆਨ ਦਾ ਪ੍ਰਸਾਰ ਕਰਦੇ ਹਨ। ਗੁਰੂ ਨਾਨਕ ਦੇਵ ਜੀ ਸਤਿਗੁਰੂ ਹਨ।
- ✡ ਪ੍ਰਮਾਤਮਾ ਨੇ ਆਪ ਗੁਰੂ ਨੂੰ ਬ੍ਰਹਮ ਗਿਆਨ ਦੇ ਪ੍ਰਸਾਰ ਦੀ ਦਾਤ ਬਖਸ਼ੀ ਹੋਈ ਹੈ।
- ✡ ਗੁਰੂ ਨਾਨਕ ਦੇਵ ਜੀ ਸੁਤੇ ਸਿੱਧ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਗਾਉਂਦੇ ਹਨ।
- ✡ ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਨਾਲ ਮਿਲਾਪ ਵਿੱਚ ਹਨ।
- ✡ ਗੁਰੂ ਨਾਨਕ ਦੇਵ ਜੀ ਦਾ ਸਿੱਖ, ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਛੱਕਦਾ ਹੈ।
- ✡ ਗੁਰੂ ਨਾਨਕ ਦਾ ਸਿੱਖ ਸ਼ਾਂਤੀ, ਪ੍ਰਸੰਨਤਾ ਅਤੇ ਆਨੰਦ ਦਾ ਆਨੰਦ ਮਾਣਦਾ ਹੈ।
- ✡ ਗੁਰੂ ਦਾ ਸਿੱਖ, ਪ੍ਰਮਾਤਮਾ ਨਾਲ ਮਿਲਾਪ ਦੀ ਜਾਗਰੁਕਤਾ ਦੀ ਪੌੜੀ ਵੀ ਚੜ੍ਹਦਾ ਹੈ।
- ✡ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਗੁਰੂ ਨਾਨਕ ਦਾ ਸਿੱਖ ਬਣਦਾ ਹੈ।
- ✡ ਜਦੋਂ ਗੁਰੂ ਨਾਨਕ ਦੇਵ ਜੀ ਕਿਸੇ ਮਨੁੱਖ 'ਤੇ ਮਿਹਰ ਕਰਦੇ ਹਨ, ਕਿਸੇ ਮਨੁੱਖ ਪ੍ਰਤੀ ਦਿਆਲੂ ਹੁੰਦੇ ਹਨ, ਤਦ ਉਹ ਵਿਅਕਤੀ ਗੁਰੂ ਦਾ ਸਿੱਖ ਬਣਦਾ ਹੈ।
- ✡ ਪਿਛਲੇ ਜਨਮ ਵਿੱਚ ਕੀਤੇ ਕਰਮਾਂ ਨਾਲ ਹੀ ਮਨੁੱਖ ਪ੍ਰਮਾਤਮਾ ਦੀ ਮੇਹਰ ਹਾਸਿਲ ਕਰਦਾ ਹੈ।

9. ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ ਤੋਂ ਲਏ ਗਏ ਉਪਦੇਸ਼

(ਅੰਗ ੧੫੧-੧੫੬, ਸ੍ਰੀ ਗੁਰੂ ਗ੍ਰੰਥ ਸਾਹਿਬ)

ਉਪਦੇਸ਼ ਨੰਬਰ 151

ਡਰ ਦੇ ਰੋਗ 'ਤੇ ਜਿੱਤ ਪ੍ਰਾਪਤ ਕਰਨ ਲਈ ਪ੍ਰਮਾਤਮਾ ਪ੍ਰਤੀ ਨਿਮਰਤਾ ਜ਼ਰੂਰੀ ਹੈ

ਡਰ ਹਰ ਥਾਂ ਤੇ ਹੈ, ਇਹ ਹਰੇਕ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨੂੰ ਬਰਦਾਸ਼ਤ ਕਰਨਾ ਬੋਝ ਹੈ। ਗੁਰੂ ਦੇ ਬ੍ਰਹਮ ਗਿਆਨ ਤੋਂ ਸੱਖਣਾ ਮਨ ਇਹ ਕਸ਼ਟਦਾਇਕ ਬੋਝ ਝਲਦਾ ਹੈ। ਅਜਿਹਾ ਮਨ ਡਰ ਤੋਂ ਕਦੀ ਵੀ ਕਾਬੂ ਨਹੀਂ ਪਾ ਸਕਦਾ। ਸਾਰਾ ਜੀਵਨ, ਮਨੁੱਖ ਡਰ

ਦੇ ਬੋਝ ਨਾਲ ਦੱਬਿਆ ਰਹਿੰਦਾ ਹੈ। ਪ੍ਰਮਾਤਮਾ ਦੀ ਮਿਹਰ ਤੋਂ ਬਿਨਾਂ ਜੀਵਨ ਦੀਆਂ ਮੁਸ਼ਕਿਲ ਚੁਨੌਤੀਆਂ ਨੂੰ ਪਾਰ ਕਰਨਾ ਸੰਭਵ ਨਹੀਂ। ਇਹ ਮਦਦ ਤਾਂ ਹੀ ਮਿਲਦੀ ਹੈ, ਜੇ ਮਨੁੱਖ ਆਪਣੇ ਮਨ ਵਿਚ ਪ੍ਰਮਾਤਮਾ ਪ੍ਰਤੀ ਨਿਮਰਤਾ ਰੱਖੇ ਅਤੇ ਮਨ ਵਿਚ ਪ੍ਰਮਾਤਮਾ ਦਾ ਡਰ ਪੈਦਾ ਕਰੇ। ਇਹ ਪ੍ਰਮਾਤਮਾ ਦਾ ਪਿਆਰ ਅਤੇ ਸਤਿਕਾਰ ਹੀ ਹੈ, ਜੋ ਮਨੁੱਖ ਨੂੰ ਹਰ ਤਰ੍ਹਾਂ ਦੇ ਡਰ ਤੋਂ ਮੁਕਤ ਕਰਦਾ ਹੈ।

ਤ੍ਰਿਸ਼ਨਾ ਦੀ ਅੱਗ ਹਮੇਸ਼ਾ ਮਨੁੱਖ ਦੇ ਮਨ ਅਤੇ ਸਰੀਰ ਨੂੰ ਡਰ ਨਾਲ ਸਾੜਦੀ ਰਹਿੰਦੀ ਹੈ। ਗੁਰੂ ਦੇ ਬ੍ਰਹਮ ਗਿਆਨ ਦੀ ਮਦਦ ਨਾਲ ''ਸੱਚੇ ਡਰ ਅਤੇ ਸੱਚੇ ਪਿਆਰ'' ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਇਹ ''ਬੋਝਲ ਕਰਨ ਵਾਲੇ ਡਰ'' ਦੀ ਜਗ੍ਹਾ ਲੈ ਲੈਂਦਾ ਹੈ। ਮਨ ਵਿੱਚ ਪ੍ਰਮਾਤਮਾ ਪ੍ਰਤੀ ਸ਼ਰਧਾ ਤੋਂ ਬਗੈਰ ਡਰ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਇਹ ਤਾਂ ਬਿਲਕੁਲ ਉਂਜ ਹੀ ਹੋਵੇਗਾ, ਜਿਵੇਂ ਕਿਸੇ ਅੰਨ੍ਹੇ ਆਦਮੀ ਨੂੰ ਹਥੌੜਾ ਦੇ ਕੇ, ਕੋਈ ਧਾਤ ਦਾ ਬੁੱਧ ਘੜਨ ਲਈ ਕਹਿਣਾ।

ਮਨੁੱਖ ਆਪਣੇ ਬੌਧਿਕ ਕੌਸ਼ਲ ਨਾਲ, ਆਪਣੇ ਡਰ ਨੂੰ ਚੰਗੀ ਭਾਵਨਾ ਵਿਚ ਬਦਲ ਸਕਦਾ ਹੈ, ਪਰ ਇਸ ਦਾ ਕੋਈ ਲਾਭ ਨਹੀਂ। ਗੁਰੂ ਦੀਆਂ ਸਿੱਖਿਆਵਾਂ ਤੋਂ ਬਗੈਰ, ਮਨ ਨੂੰ ਬਦਲਣ ਦੀਆਂ ਹਜ਼ਾਰਾਂ ਕੋਸ਼ਿਸ਼ਾਂ ਵੀ ਬੇਕਾਰ ਹਨ। ਅਜਿਹੀਆਂ ਕੋਸ਼ਿਸ਼ਾਂ ਝੂਠੇ ਉਪਦੇਸ਼ਾਂ ਨਾਲ ਕੀਤੀਆਂ ਹੁੰਦੀਆਂ ਹਨ ਅਤੇ ਇਹ ਹੋਰ ਉਲਝਨਾਂ ਪੈਦਾ ਕਰਦੀਆਂ ਹਨ। ਡਰ ਦਾ ਰੋਗ ਹਰੇਕ ਮਨੁੱਖ ਨੂੰ ਸਤਾਉਂਦਾ ਹੈ। ਕੋਈ ਵੀ ਜਗ੍ਹਾ ਜਾਂ ਕੋਈ ਵੀ ਸਮਾਂ ਅਜਿਹਾ ਨਹੀਂ ਹੈ, ਜਦੋਂ ਮਨੁੱਖ ਨੂੰ ਕੋਈ ਡਰ ਨਾ ਹੋਵੇ। ਇਸ ਦਾ ਉੱਤਰ ਸਿਰਫ ਇਹ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਸਹਾਰਾ ਨਹੀਂ। ਪ੍ਰਮਾਤਮਾ ਦੀ ਰਜ਼ਾ ਦੇ ਵਿਰੁੱਧ ਕੁਛ ਵੀ ਨਹੀਂ ਹੁੰਦਾ। ਇਸ ਸੱਚਾਈ ਨੂੰ ਪੱਕੀ ਤਰ੍ਹਾਂ ਮਨ ਵਿਚ ਵਸਾਉਣ ਤੋਂ ਬਾਅਦ, ਡਰ, ਸਿਰਫ ਇਕ ਮਨ ਦੀ ਫਜ਼ੂਲ ਆਵਾਜ਼ ਬਣ ਕੇ ਰਹਿ ਜਾਂਦਾ ਹੈ। ਆਤਮਾ, ਜੋ ਮਨ ਅਤੇ ਸਰੀਰ ਨੂੰ ਜੀਵਨ ਪ੍ਰਦਾਨ ਕਰਦੀ ਹੈ, ਕਦੀ ਨਹੀਂ ਮਰਦੀ। ਸਿਰਜਣਹਾਰ, ਮਨੁੱਖ ਦੇ ਜੀਵਨ ਦੀ ਹਰ ਘਟਨਾ 'ਤੇ ਕਾਬੂ ਰੱਖਦਾ ਹੈ। ਜਨਮ-ਮਰਨ ਸਭ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੁੰਦਾ ਹੈ। ਪ੍ਰਮਾਤਮਾ ਦਾ ਹੁਕਮ ਦੋਨਾਂ ਲੋਕ 'ਤੇ ਚੱਲਦਾ ਹੈ—ਇਸ ਲੋਕ 'ਤੇ ਅਤੇ ਪਰਲੋਕ 'ਤੇ ਵੀ।

ਮਨ ਗੁੱਸੇ ਦਾ ਗੁਲਾਮ ਹੈ ਜੋ ਕਿ ਜ਼ੁਲਮ ਦਾ ਆਧਾਰ ਹੈ। ਉਹ ਇਸ ਸੰਸਾਰ ਦੀਆਂ ਚੀਜ਼ਾਂ ਨਾਲ ਜੁੜਿਆ ਹੋਇਆ ਹੈ। ਇਹ ਲਾਲਚ ਅਤੇ ਅਹੰਕਾਰ ਦੇ ਅਧੀਨ ਚੱਲਦਾ ਹੈ। ਸਰੀਰ ਖਾਣਾ ਮੰਗਦਾ ਹੈ, ਨਹੀਂ ਤਾਂ ਭੁੱਖ ਦੇ ਕਸ਼ਟ ਨੂੰ ਬਰਦਾਸ਼ਤ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਮਨੁੱਖ ਨੂੰ ਭੋਜਨ ਖਾਣਾ ਹੀ ਪੈਂਦਾ ਹੈ। ਸਰੀਰ ਨੂੰ ਸਿਹਤਮੰਦ ਰੱਖਣ ਲਈ ਖਾਣਾ-ਪੀਣਾ ਸੁਭਾਵਿਕ ਅਤੇ ਜ਼ਰੂਰੀ ਹੁੰਦਾ ਹੈ। ਇਸ ਮਾਮਲੇ ਵਿਚ ਕੇਵਲ ਇਕ ਰੁਕਾਵਟ ਹੁੰਦੀ ਹੈ ਅਤੇ ਉਹ ਇਹ ਹੈ ਕਿ ਖਾਣਾ-ਪੀਣਾ ਅਜਿਹਾ ਨਹੀਂ ਹੋਣਾ ਚਾਹੀਦਾ, ਜੋ ਮਨੁੱਖ ਨੂੰ ਪ੍ਰਮਾਤਮਾ ਤੋਂ ਨਿਡਰ ਬਣਾ ਦੇਵੇ। ਸਰੀਰ ਦੀ ਸਹੀ ਦੇਖ-ਭਾਲ ਜ਼ਰੂਰੀ ਹੈ। ਉਹ ਲੋਕ, ਜੋ ਕਿਸੇ ਵਿਚਾਰਧਾਰਾ

ਦੇ ਆਧਾਰ 'ਤੇ ਸਰੀਰ ਨੂੰ ਭੁੱਖਾ ਰੱਖਦੇ ਹਨ, ਉਹਨਾਂ ਨੂੰ ਮੂਰਖ ਕਿਹਾ ਜਾ ਸਕਦਾ ਹੈ।

ਉੱਪਰ ਦੱਸੇ ਗਏ ਮਨ ਦੇ ਦੁੱਖਾਂ ਦਾ ਕੀ ਇਲਾਜ ਹੈ ? ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਇਹਨਾਂ ਦੁੱਖਾਂ ਤੋਂ ਛੁਟਕਾਰਾ ਹਾਸਿਲ ਕਰ ਸਕਦਾ ਹੈ। ਪਰ ਕੋਈ ਵਿਰਲਾ ਹੀ ਪ੍ਰਮਾਤਮਾ ਦਾ ਆਸਰਾ ਪਾਉਂਦਾ ਹੈ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਤੋਂ ਹੀ ਬਣੀ ਹੈ। ਇਸ ਲਈ, ਸਾਰੇ ਪ੍ਰਮਾਤਮਾ ਨਾਲ ਜੁੜੇ ਹੋਏ ਹਨ। ਫਿਰ ਅਜਿਹਾ ਕਿਉਂ ਹੈ ਕਿ ਕੁਛ ਲੋਕ ਹੀ ਸਿਰਫ ਪ੍ਰਮਾਤਮਾ ਦੀ ਸੁਰੱਖਿਆ ਪਾਉਂਦੇ ਹਨ ਜਦੋਂ ਕਿ ਅਨੇਕਾਂ ਬਹੁਤ ਸਾਰੇ ਦੁੱਖਾਂ ਤਕਲੀਫਾਂ ਵਿਚ ਘਿਰੇ ਰਹਿੰਦੇ ਹਨ। ਇਸ ਮੁਸ਼ਕਲ ਪ੍ਰਸ਼ਨ ਦਾ ਉੱਤਰ ਸਿਰਫ਼ ਪ੍ਰਮਾਤਮਾ ਹੀ ਦੇ ਸਕਦਾ ਹੈ। ਸੱਚਾਈ ਤਾਂ ਇਹ ਹੈ ਕਿ ਪ੍ਰਮਾਤਮਾ ਹੀ ਸਿਰਜਣਹਾਰ ਹੈ ਅਤੇ ਸਾਰੇ ਖ਼ਜ਼ਾਨੇ ਉਸੇ ਦੇ ਹੀ ਹਨ।

ਉਪਦੇਸ਼ ਨੰਬਰ 152

ਪ੍ਰਮਾਤਮਾ ਨਾਲ ਮਿਲਾਪ ਦੇ ਰੂਪਕ

ਮਨੁੱਖ ਦਾ ਅਸਲ ਵਿਚ ਪ੍ਰਮਾਤਮਾ ਨਾਲ ਕਿਵੇਂ ਮਿਲਾਪ ਹੁੰਦਾ ਹੈ, ਇਹ ਕੇਵਲ ਪ੍ਰਮਾਤਮਾ ਹੀ ਜਾਣਦਾ ਹੈ। ਫੇਰ ਵੀ ਆਤਮਾ ਨੂੰ ਦੁਲਹਨ ਅਤੇ ਪਤੀ ਨੂੰ ਆਤਮਾ ਦਾ ਜਾਂ ਰੂਹ ਦਾ ਸਾਥੀ ਮੰਨ ਕੇ ਇਸ ਰੂਪਕ ਦੁਆਰਾ ਪ੍ਰਮਾਤਮਾ ਨਾਲ ਮਿਲਾਪ ਦੇ ਹੇਠਾਂ ਕੁਝ ਸ਼ਬਦ ਦਿੱਤੇ ਗਏ ਹਨ :

- ਬ੍ਰਹਮ ਗਿਆਨ ਨੂੰ ਹੋਣ ਵਾਲੀ ਦੁਲਹਨ ਦੀ ਮਾਂ ਬਣਾ ਕੇ ਜਾਂ ਮੰਨ ਕੇ
- ਸੰਤੋਖ ਨੂੰ ਇਕ ਪਿਤਾ ਬਣਾ ਕੇ
- ਸੱਚਾਈ ਨੂੰ ਭਰਾ ਬਣਾ ਕੇ
- ਮਿਲਾਪ ਦੇ ਉਦੇਸ਼ ਲਈ ਸਮਰਪਣ ਅਤੇ ਇਕ ਮਨ ਨੂੰ ਸਹੁਰੇ ਮੰਨ ਕੇ

ਹੋਣ ਵਾਲੀ ਦੁਲਹਨ ਦੇ ਵਿਵਹਾਰ ਵਿਚ ਹੋਣਾ ਚਾਹੀਦਾ ਹੈ : ਉਸ ਦੀ ਗੁਰੂ ਦੀ ਸਿੱਖਿਆ ਪ੍ਰਤੀ ਸੋਚ ਸੰਤੋਖ ਸੰਤੁਸ਼ਟੀ ਦਾ ਅਭਿਆਸ, ਸੱਚਾਈ ਪ੍ਰਤੀ ਸਮਰਪਣ, ਪ੍ਰਮਾਤਮਾ ਨਾਲ ਮਿਲਾਪ ਲਈ ਸਮਰਪਣ ਅਤੇ ਇਕ ਮਨ ਦੀ ਸੋਚ। ਵਿਆਹ ਦਾ ਸਮਾਂ ਅਤੇ ਤਾਰੀਖ ਮਨੁੱਖ ਦੀ ਕਿਸਮਤ ਦੇ ਮੁਤਾਬਿਕ ਹੈ। ਸ਼ਾਦੀ—ਪ੍ਰਮਾਤਮਾ ਨਾਲ ਮਿਲਾਪ—ਸੰਸਾਰਿਕ ਨਾਤਿਆਂ ਅਤੇ ਪ੍ਰਲੋਭਨਾਂ ਤੋਂ ਵਿਛੋੜਾ ਹੈ।

ਉੱਪਰ ਦਰਸਾਏ ਗਏ ਵਿਆਹ ਬੰਧਨ ਦੇ ਨਾਤੇ ਤੋਂ ਪੈਦਾ ਹੋਣ ਵਾਲੇ ਬੱਚੇ—ਸੱਚਾਈ ਨਾਲ ਸਦੀਵੀ ਕਾਇਮ ਰਹਿਣ ਵਾਲਾ ਨਾਤਾ—ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਮਿਲਾਪ ਦਾ ਸਬੂਤ ਹੈ।

ਉਪਦੇਸ਼ ਨੰਬਰ 153

ਅਨਮੋਲ ਰਤਨ ਅਬਿਨਾਸੀ ਆਤਮਾ ਮਨੁੱਖ ਦੇ ਸਰੀਰ ਵਿਚ ਵਾਸ ਕਰਦੀ ਹੈ

ਮਨੁੱਖ ਸਰੀਰ—ਹਵਾ, ਪਾਣੀ ਅਤੇ ਅੱਗ ਤੋਂ ਬਣਿਆ ਹੈ। ਜੀਵਨ ਚੰਚਲ ਅਤੇ ਬੇਚੈਨ ਮਨ ਦੀ ਖੇਡ ਹੈ। ਮਨੁੱਖ, ਬਾਹਰੀ ਸੰਸਾਰ ਨਾਲ ਨੌਂ ਦੁਆਰਾਂ (ਦਰਵਾਜ਼ਿਆਂ) ਅਤੇ ਪੰਜ ਗਿਆਨ ਇੰਦਰੀਆਂ ਨਾਲ ਜੁੜਦਾ ਹੈ। ਇਕ ਦਸਮ ਦੁਆਰ ਵੀ ਹੈ। ਉਹ ਕੀ ਹੈ ? ਇਹ ਉਹ ਪਹੇਲੀ (ਬੁਝਾਰਤ) ਹੈ, ਜਿਸ ਨੂੰ ਕੇਵਲ ਇੱਕ ਹੀ ਮਨੁੱਖ, ਜੋ ਰੱਬੀ ਗਿਆਨ ਜਾਣਦਾ ਹੈ, ਹੱਲ ਕਰ ਸਕਦਾ ਹੈ।

ਆਤਮਾ—ਮਨੁੱਖ ਨੂੰ ਗੱਲਬਾਤ ਕਰਨ, ਵਿਚਾਰ-ਵਟਾਂਦਰਾ ਕਰਨ ਅਤੇ ਸੁਨਣ ਦੇ ਕਾਬਿਲ ਬਣਾਉਂਦੀ ਹੈ। ਅੰਤਰ-ਆਤਮਾ ਦਾ ਅਧਿਐਨ, ਮਨੁੱਖ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਵੱਲ ਲੈ ਜਾਂਦਾ ਹੈ। ਸਰੀਰ ਤੱਤਾਂ ਤੋਂ ਮਿਲ ਕੇ ਬਣਿਆ ਹੈ। ਹਵਾ ਇਸ ਨੂੰ ਜਿੰਦਾ ਰੱਖਦੀ ਹੈ। ਜਦੋਂ ਸਰੀਰ ਮਰ ਜਾਂਦਾ ਹੈ, ਫਿਰ ਕਿਸ ਦੀ ਮੌਤ ਹੁੰਦੀ ਹੈ ? ਸਤਿਗੁਰੂ ਦਾ ਸਿੱਖ ਜਾਣਦਾ ਹੈ ਕਿ ਮੌਤ ਅਸਲ ਵਿਚ ਦੂਸਰਿਆਂ ਪ੍ਰਤੀ ਅਹੰਕਾਰ ਅਤੇ ਦੁਸ਼ਮਣੀ ਦੀ ਜਾਗਰੂਕਤਾ ਦਾ ਅੰਤ ਹੈ। ਆਤਮਾ ਕਦੀ ਨਹੀਂ ਮਰਦੀ।

ਪੰਡਿਤ ਸਰੀਰ ਦੀ ਸ਼ੁੱਧੀ ਲਈ ਪਵਿੱਤਰ ਤੀਰਥਾਂ 'ਤੇ ਇਸ਼ਨਾਨ ਕਰਨ ਜਾਂਦੇ ਹਨ। ਜਦੋਂ ਕਿ ਸ਼ੁੱਧੀ ਦੀ ਲੋੜ ਮਨੁੱਖ ਦੀ ਅੰਤਰ-ਆਤਮਾ ਨੂੰ ਹੈ, ਜਿੱਥੇ ਅਨਮੋਲ ਹੀਰਾ-ਆਤਮਾ ਨਿਵਾਸ ਕਰਦੀ ਹੈ। ਵਿਦਵਾਨ ਪੰਡਿਤ ਆਪਸ ਵਿਚ ਵਾਦ-ਵਿਵਾਦ ਕਰਦੇ ਰਹਿੰਦੇ ਹਨ, ਪਰ ਆਪਣੇ ਅੰਦਰ ਵੱਸਦੇ ਹੀਰੇ-ਆਤਮਾ ਨੂੰ ਨਹੀਂ ਪਛਾਣਦੇ। ਆਤਮਾ ਕਦੀ ਵੀ ਨਸ਼ਟ ਨਹੀਂ ਹੁੰਦੀ। ਸਰੀਰ ਦੀ ਮੌਤ ਤੇ ਕੇਵਲ ਝਗੜਾਲੂ ਅਹੰਕਾਰ ਨਸ਼ਟ ਹੁੰਦਾ ਹੈ। ਗੁਰੂ ਦੀਆਂ ਸਿੱਖਿਆਵਾਂ ਮਨੁੱਖ ਨੂੰ ਜਾਣੂ ਕਰਾਉਂਦੀਆਂ ਹਨ ਕਿ ਆਤਮਾ, ਜੋ ਕਿ ਸਰੀਰ ਨੂੰ ਜਿੰਦਾ ਰੱਖਦੀ ਹੈ, ਕਦੀ ਨਹੀਂ ਮਰਦੀ। ਝੂਠ ਨਾਲ ਲਗਾਓ ਖਤਮ ਹੋ ਜਾਂਦਾ ਹੈ ਅਤੇ ਗੁਰੂ ਦੇ ਰੱਬੀ ਗਿਆਨ ਨਾਲ ਮਨੁੱਖ ਦਾ ਅੰਤਰ ਪਵਿੱਤਰ ਹੋ ਜਾਂਦਾ ਹੈ। ਨਤੀਜੇ ਵਜੋਂ, ਗੁਰੂ ਦੇ ਸਿੱਖ ਨੂੰ ਦੈਵੀ ਸ਼ਕਤੀ ਦੀ ਹੋਂਦ ਹਰ ਪਾਸੇ ਨਜ਼ਰ ਆਉਣ ਲੱਗਦੀ ਹੈ। ਸਿੱਖ ਜਨਮ-ਮਰਨ ਦੇ ਚੱਕਰ ਤੋਂ ਉੱਪਰ ਉਠ ਜਾਂਦਾ ਹੈ।

ਨੋਟ :—ਗੁਰੂ ਦੀਆਂ ਸਿੱਖਿਆਵਾਂ ਨਾਲ ਬ੍ਰਹਮ ਗਿਆਨੀ-ਗੁਰੂ ਦੇ ਸਿੱਖ ਨੂੰ ਹੇਠ ਲਿਖੀਆਂ ਗੱਲਾਂ ਦਾ ਗਿਆਨ ਹੁੰਦਾ ਹੈ :

- ਆਤਮਾ ਸਰੀਰ ਵਿਚ ਉਂਝ ਹੀ ਰਹਿੰਦੀ ਹੈ, ਜਿਵੇਂ ਕਮਰੇ ਵਿਚ ਰੌਸ਼ਨੀ।
- ਪ੍ਰਮਾਤਮਾ ਦੀਆਂ ਬੇਅੰਤ ਵਡਿਆਈਆਂ ਦੀ ਤਰ੍ਹਾਂ, ਆਤਮਾ ਨਾਲ ਸਰੀਰ ਨੂੰ ਜਿੰਦਾ ਰੱਖਣਾ ਵੀ ਉਸ ਦੀ ਇਕ ਵਡਿਆਈ ਹੈ।

- ਆਤਮਾ ਹੀ ਮਨੁੱਖ ਨੂੰ ਸੋਚਣ, ਗੱਲਬਾਤ ਕਰਨ ਅਤੇ ਸੁਨਣ ਦੇ ਕਾਬਿਲ ਬਣਾਉਂਦੀ ਹੈ, ਆਤਮਾ ਤੋਂ ਬਗੇਰ ਸਰੀਰ ਲਾਸ਼ ਹੈ।
- ਆਤਮਾ ਕਦੀ ਨਹੀਂ ਮਰਦੀ।
- ਆਪਣੇ ਆਪ ਦੇ ਸੁਧਾਰ ਲਈ, ਮਨੁੱਖ ਲਈ ਆਪਣੇ ਗੁਣਾਂ ਅਤੇ ਔਗੁਣਾਂ ਬਾਰੇ ਅਲੋਚਨਾ ਦੇ ਮਨ ਵਿਚ ਪ੍ਰਤਿਬਿੰਬ।
- ਮੌਤ ਸਮੇਂ ਸਰੀਰ ਦੇ ਨਾਲ-ਨਾਲ ਉਸ ਦਾ ਅਹੰਕਾਰ, ਜੋ ਕਿ ਸਾਰੇ ਲੜਾਈਆਂ-ਝਗੜਿਆਂ ਦਾ ਕਾਰਨ ਹੈ, ਉਹ ਵੀ ਖ਼ਤਮ ਹੋ ਜਾਂਦਾ ਹੈ।
- ਅਗਰ ਤੀਰਥ ਇਸ਼ਨਾਨਾਂ ਦਾ ਉਦੇਸ਼ ਅੰਤਰ-ਆਤਮਾ ਦੀ ਸ਼ੁੱਧੀ ਹੈ ਤਾਂ ਫਿਰ ਲੋਕ ਗਲਤ ਰਸਤੇ 'ਤੇ ਭਟਕ ਰਹੇ ਹਨ।
- ਗੁਰੂ ਦਾ ਬ੍ਰਹਮ ਗਿਆਨ, ਮਨੁੱਖ ਦੀ ਅੰਤਰ-ਆਤਮਾ ਦੀ ਸ਼ੁੱਧੀ ਕਰਦਾ ਹੈ।
- ਬ੍ਰਹਮ ਗਿਆਨੀ-ਗੁਰੂ ਦੇ ਸਿੱਖ—ਬ੍ਰਹਮ ਪਰਮ ਆਤਮਾ ਦਾ ਮਾਲਕ ਹੈ।
- ਪਰਮ ਆਤਮਾ ਅਤੇ ਆਤਮਾ ਦਾ ਆਪਸ ਵਿਚ ਉਂਝ ਹੀ ਨੇੜਤਾ ਵਾਲਾ ਸੰਬੰਧ ਹੈ, ਜਿਵੇਂ ਸੂਰਜ ਅਤੇ ਕਿਰਨ ਦਾ।
- ਬ੍ਰਹਮ ਗਿਆਨੀ ਉਸ ਨੂੰ ਨਹੀਂ ਦੇਖਦਾ, ਜੋ ਜਨਮ ਲੈਂਦਾ ਅਤੇ ਮਰਦਾ ਹੈ ਅਤੇ ਜੋ ਨਾਸਵੰਤ ਹੈ।
- ਆਤਮਾ ਇਕ ਰਤਨ ਹੀਰਾ ਹੈ, ਜੋ ਸਰੀਰ ਵਿਚ ਵਾਸ ਕਰਦਾ ਹੈ, ਉਸ ਅਹੰਕਾਰੀ ਮਨ ਦੀ ਜਾਗਰੂਕਤਾ ਤੋਂ ਛਿਪਿਆ (ਲੁਕਿਆ) ਰਹਿੰਦਾ ਹੈ, ਜੋ ਗੁਰੂ ਦੀਆਂ ਸਿੱਖਿਆਵਾਂ ਦੀ ਕੋਈ ਕਦਰ ਨਹੀਂ ਕਰਦਾ।
- ਪਾਪਾਂ ਦੇ ਬੋਝ ਥੱਲੇ ਦੱਬਿਆ ਹੋਇਆ ਮਨ, ਆਤਮਾ ਨੂੰ ਦੇਖ ਨਹੀਂ ਪਾਉਂਦਾ।
- ਗੁਰੂ ਦੀ ਸਿੱਖਿਆ ਨਾਲ ਜਦੋਂ ਮਨ ਪਵਿੱਤਰ ਹੋ ਜਾਂਦਾ ਹੈ, ਫਿਰ ਉਹ ਆਤਮਾ ਅਤੇ ਇਸ ਦੇ ਸੋਮੇ ਪਰਮ ਆਤਮਾ ਨੂੰ ਦੇਖਦਾ ਹੈ।
- ਮਰਨ ਉਪਰੰਤ, ਬ੍ਰਹਮ ਗਿਆਨੀ ਦੀ ਆਤਮਾ-ਪਰਮ ਆਤਮਾ—ਪ੍ਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ।

ਉਪਦੇਸ਼ ਨੰਬਰ 154

ਪ੍ਰਮਾਤਮਾ ਆਪਣੀ ਭਗਤੀ ਦੇ ਵਪਾਰ ਵਿਚ ਜੁੜਿਆ ਹੋਇਆ ਹੈ

ਗੁਰੂ ਦਾ ਸਿੱਖ, ਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਬਹੁਤ ਧਿਆਨ ਦਿੰਦਾ ਹੈ। ਗੁਰੂ ਦੇ ਕਹੇ ਤੇ ਸਿੱਖ ਵਿਚਾਰ ਕਰਦਾ ਨਤੀਜੇ ਵਜੋਂ, ਸਿੱਖ ਦਾ, ਪ੍ਰਮਾਤਮਾ 'ਤੇ ਵਿਸ਼ਵਾਸ ਵੱਧ ਜਾਂਦਾ ਹੈ। ਗੁਰੂ ਆਪਣੇ ਸਿੱਖ 'ਤੇ ਪ੍ਰਸੰਨ ਹੁੰਦਾ ਹੈ ਅਤੇ ਉਸ ਦਾ ਬਹੁਤ ਸਨਮਾਨ ਕਰਦਾ

ਹੈ। ਸਿੱਖ, ਗੁਰੂ ਨਾਲ ਜੁੜ ਜਾਂਦਾ ਹੈ।

ਜੇ ਪ੍ਰਮਾਤਮਾ ਕਿਸੇ ਮਨੁੱਖ ਉਤੇ ਆਪਣੀ ਪੂਜਾ ਭਗਤੀ ਦੀ ਦਾਤ ਦੀ ਮਿਹਰ ਨਹੀਂ ਕਰਦਾ, ਤਾਂ ਫਿਰ ਉਹ ਮਨੁੱਖ ਭਟਕਣਾ ਵਿਚ ਕੁਰਾਹੇ ਪੈ ਜਾਂਦਾ ਹੈ। ਜੇ ਪ੍ਰਮਾਤਮਾ, ਗੁਰੂ ਸਿੱਖਿਆ ਦੁਆਰਾ, ਮਨੁੱਖ ਨੂੰ ਆਪਣੇ ਬਾਰੇ ਸਿੱਖਿਆ ਪ੍ਰਦਾਨ ਕਰਦਾ ਹੈ ਤਾਂ ਫਿਰ ਉਸ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਦਾ ਜੀਵਨ ਤੋਂ ਬਾਅਦ ਵੀ ਬਹੁਤ ਲਾਭ ਮਿਲਦਾ ਹੈ। ਪ੍ਰਮਾਤਮਾ ਦੀ ਭਗਤੀ ਨਾਲ, ਪ੍ਰਮਾਤਮਾ ਨਾਲ ਨੇੜਤਾ ਪਾ ਕੇ, ਮਨੁੱਖ ਸਾਰੇ ਦੁੱਖਾਂ ਤੋਂ ਮੁਕਤੀ ਹਾਸਲ ਕਰ ਲੈਂਦਾ ਹੈ। ਵਰਨਾ, ਕੋਈ ਵੀ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਬਚ ਨਹੀਂ ਸਕਦਾ। ਮਨੁੱਖ ਨੂੰ ਆਪਣੀ ਕਿਰਤ-ਕਮਾਈ ਕਰਦੇ ਹੋਏ, ਭਾਵੇਂ ਉਹ ਕਿਰਸਾਨੀ (ਖੇਤੀ) ਕਰ ਰਿਹਾ ਹੋਵੇ ਜਾਂ ਵਪਾਰ ਕਰ ਰਿਹਾ ਹੋਵੇ, ਉਸ ਨੂੰ ਪ੍ਰਮਾਤਮਾ ਨੂੰ ਸਦਾ ਸਿਮਰਨਾ ਚਾਹੀਦਾ ਹੈ। ਮਨੁੱਖ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਪਾਪ ਜਾਂ ਪੁੰਨ, ਮਨੁੱਖ ਜੋ ਵੀ ਕਰਦਾ ਹੈ, ਉਸ ਦਾ, ਉਸ ਦੇ ਮਨ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਮਨ 'ਤੇ ਉਕਰੇ ਪ੍ਰਭਾਵ ਭਵਿੱਖ ਦੇ ਜੀਵਨ ਦਾ ਬੀਜ ਬੀਜਦੇ ਹਨ। ਪ੍ਰਮਾਤਮਾ ਤੋਂ ਬੇਮੁਖ ਹੋਣ ਨਾਲ ਮਨ ਵਿੱਚ ਬੁਰੇ ਵਿਚਾਰ ਉਪਜਦੇ ਹਨ। ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਪ੍ਰਮਾਤਮਾ ਤੋਂ ਵਿਛੋੜੇ ਨਾਲ ਕਾਮ ਅਤੇ ਕ੍ਰੋਧ ਉਤਪੰਨ ਹੁੰਦਾ ਹੈ।

ਸਤਿਗੁਰੂ, ਸਦੀਵੀ ਕਾਇਮ ਰਹਿਣ ਵਾਲੀ ਸੱਚਾਈ ਬਾਰੇ ਗਿਆਨ ਦਿੰਦਾ ਹੈ। ਗੁਰੂ ਦਾ ਸਿੱਖ, ਉਸ ਪ੍ਰਮਾਤਮਾ ਨੂੰ ਜਾਣ ਕੇ, ਮਨ ਅਤੇ ਸਰੀਰ ਦੀ ਸ਼ਾਂਤੀ ਅਤੇ ਸੰਤੁਲਨ ਪ੍ਰਾਪਤ ਕਰਦਾ ਹੈ। ਜਿਸ ਤਰ੍ਹਾਂ ਪਾਣੀ ਦੇ ਪੌਦੇ, ਕੇਵਲ ਪਾਣੀ ਵਿਚ ਜਿੰਦਾ ਰਹਿੰਦੇ ਹਨ, ਇਹੀ ਹਾਲਤ ਪ੍ਰਮਾਤਮਾ ਦੇ ਸ਼ਰਧਾਲੂ ਦੀ ਹੁੰਦੀ ਹੈ। ਪ੍ਰਮਾਤਮਾ ਦੇ ਸ਼ਰਧਾਲੂ ਦਾ ਪ੍ਰਮਾਤਮਾ ਨਾਲ ਗਹਿਰਾ ਪਿਆਰ ਹੁੰਦਾ ਹੈ। ਉਹ ਇਕ ਅਨੋਖੇ ਆਨੰਦ ਦਾ ਅਨੁਭਵ ਕਰਦਾ ਹੈ। ਉਸ ਨੂੰ ਇੰਜ ਲੱਗਦਾ ਹੈ, ਜਿਵੇਂ ਉਸ ਨੇ ਗੰਨੇ ਦੇ ਰਸ ਵਰਗਾ ਕੋਈ ਬਹੁਤ ਹੀ ਸੁਆਦਲਾ ਰਸ ਪੀਤਾ ਹੋਵੇ।

ਪ੍ਰਮਾਤਮਾ ਵੱਲੋਂ ਨਿਰਧਾਰਿਤ ਕਿਸਮਤ ਦੇ ਮੁਤਾਬਿਕ, ਉਹ ਮਨੁੱਖ ਨੂੰ ਸਰੀਰ, ਮਨ ਅਤੇ ਆਤਮਾ ਪ੍ਰਦਾਨ ਕਰਦਾ ਹੈ। ਪ੍ਰਮਾਤਮਾ ਦਾ ਭਗਤ ਉਸ ਬੇਅੰਤ ਪ੍ਰਮਾਤਮਾ ਨਾਲ ਨੇੜਤਾ ਵਾਲਾ ਜੀਵਨ ਜਿਊਂਦਾ ਹੈ। ਪ੍ਰਮਾਤਮਾ ਦੀ ਭਗਤੀ ਨਾਲ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ। ਭਗਤ ਨੂੰ ਪੂਜਾ ਦੇ ਕਾਬਿਲ ਬਣਾ ਕੇ, ਪ੍ਰਮਾਤਮਾ ਵੀ ਪ੍ਰਸੰਨ ਹੁੰਦਾ ਹੈ। ਉਹ ਆਪਣੀ ਪੂਜਾ ਦਾ ਵਪਾਰ ਕਰਦਾ ਹੈ।

ਨੋਟ : ਪ੍ਰਸ਼ਨ :

✡ ਪ੍ਰਮਾਤਮਾ ਤੋਂ ਵਿਛੋੜਾ ਹੌਲੀ-ਹੌਲੀ ਕਿਵੇਂ ਸਮਾਪਤ ਹੁੰਦਾ ਹੈ ?

- ਪ੍ਰਮਾਤਮਾ ਨਾਲ ਮਿਲਾਪ ਕਿਵੇਂ ਹੁੰਦਾ ਹੈ ਅਤੇ ਕਿਵੇਂ ਕਾਇਮ ਰਹਿੰਦਾ ਹੈ ?
- ਪ੍ਰਮਾਤਮਾ ਤੋਂ ਵਿਛੋੜਾ ਕਿਵੇਂ ਹੁੰਦਾ ਹੈ ਅਤੇ ਕਿਵੇਂ ਰਹਿੰਦਾ ਹੈ ?
- ਮਨੁੱਖ ਇੱਛਾਵਾਂ ਅਤੇ ਮਨ ਦੀ ਅਗਿਆਨਤਾ ਦਾ ਗੁਲਾਮ ਕਿਵੇਂ ਬਣਦਾ ਹੈ ?
- ਮਨੁੱਖ ਇੱਛਾਵਾਂ ਅਤੇ ਅਗਿਆਨਤਾ ਦੇ ਜਾਲ ਤੋਂ ਕਿਵੇਂ ਮੁਕਤੀ ਪ੍ਰਾਪਤ ਕਰ ਸਕਦਾ ਹੈ ?
- ਉਸ ਅਬਿਨਾਸੀ ਪ੍ਰਮਾਤਮਾ ਦੇ ਨਾਲ ਸਦੀਵੀ ਭਗਤੀ ਦਾ ਨਾਤਾ ਕਿਵੇਂ ਕਾਇਮ ਕੀਤਾ ਜਾ ਸਕਦਾ ਹੈ ?

ਉੱਤਰ :

- ਪ੍ਰਮਾਤਮਾ ਦੀ ਸਹਿਜ ਭਗਤੀ, ਪ੍ਰਮਾਤਮਾ ਤੋਂ ਵਿਛੋੜਾ ਦੂਰ ਕਰ ਦਿੰਦੀ ਹੈ।
- ਪ੍ਰਮਾਤਮਾ ਦੀ ਸਹਿਜ ਭਗਤੀ ਪ੍ਰਮਾਤਮਾ ਨਾਲ ਮਿਲਾਪ ਕਰਾਉਂਦੀ ਹੈ।
- ਪ੍ਰਮਾਤਮਾ ਨਾਲ ਵਿਛੋੜਾ ਜਾਂ ਮਿਲਾਪ ਅਤੇ ਇਹਨਾਂ ਦੀ ਨਿਰੰਤਰਤਾ ਮਨੁੱਖ ਦੇ ਮਨ ਦੇ ਅੰਦਰ ਦੀਆਂ ਹਾਲਤਾਂ 'ਤੇ ਨਿਰਭਰ ਕਰਦੀ ਹੈ।
- ਗੁਰੂ ਦੇ ਬ੍ਰਹਮ ਗਿਆਨ ਦੁਆਰਾ ਹੀ ਮਨੁੱਖ ਇੱਛਾਵਾਂ ਅਤੇ ਮਨ ਦੀ ਅਗਿਆਨਤਾ ਤੋਂ ਮੁਕਤੀ ਹਾਸਿਲ ਕਰ ਸਕਦਾ ਹੈ।
- ਪ੍ਰਮਾਤਮਾ ਦੀ ਕ੍ਰਿਪਾ ਨਾਲ, ਗੁਰੂ ਦੇ ਬ੍ਰਹਮ ਗਿਆਨ ਨੂੰ ਵਿਚਾਰ ਕੇ ਅਤੇ ਫਿਰ ਇਸ ਗਿਆਨ ਦੀ ਰੋਸ਼ਨੀ ਅਨੁਸਾਰ ਜੀਵਨ ਜੀਅ ਕੇ, ਮਨੁੱਖ ਨੂੰ ਪ੍ਰਮਾਤਮਾ ਨਾਲ ਸਦੀਵੀ ਨੇੜਤਾ ਦੀ ਦਾਤ ਪ੍ਰਾਪਤ ਹੁੰਦੀ ਹੈ।

ਗੁਰੂ ਦੇ ਬ੍ਰਹਮ ਗਿਆਨ ਦੀ ਸੂਝ-ਬੂਝ ਤੋਂ ਬਗੈਰ, ਮਨੁੱਖ ਦੀ ਹਾਲਤ, ਰਾਤ ਵੇਲੇ ਦਰੱਖ਼ਤਾਂ ਉਪਰ ਇਧਰ ਉਧਰ ਉੱਡਦੇ ਪੰਛੀਆਂ ਵਰਗੀ ਹੁੰਦੀ ਹੈ। ਸਵੇਰ ਹੁੰਦਿਆਂ ਹੀ, ਪੰਛੀ ਸਾਰੀਆਂ ਦਿਸ਼ਾਵਾਂ ਵਿਚ, ਇਧਰ ਉਧਰ ਉੱਡ ਜਾਂਦੇ ਹਨ। ਇਸੇ ਤਰ੍ਹਾਂ ਮਨੁੱਖ ਵੀ ਸੰਸਾਰ ਵਿਚ ਆਪਣੀ ਨਿਰਧਾਰਿਤ ਕਿਸਮਤ ਮੁਤਾਬਿਕ ਚੱਲਦੇ ਹਨ। ਸੰਸਾਰੀ ਮੋਹ ਵਿਚ ਉਲਝ ਕੇ, ਉਹ ਦੁੱਖ ਸੁੱਖ ਪਾਉਂਦੇ ਹਨ। ਫਿਰ ਉਹ ਖ਼ਤਮ ਹੋ ਜਾਂਦੇ ਹਨ। ਇਸ ਦੇ ਉਲਟ, ਜੋ ਲੋਕ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਉਹ ਇਸ ਸੰਸਾਰ ਨੂੰ ਨਾਸਵੰਤ ਮੰਨਦੇ ਹਨ। ਉਹ ਜ਼ਹਿਰੀਲੀਆਂ ਇੱਛਾਵਾਂ ਨੂੰ ਦਬਾਉਂਦੇ ਹਨ। ਉਹ ਇਸ ਸੱਚਾਈ ਤੋਂ ਜਾਣੂ ਰਹਿੰਦੇ ਹਨ ਕਿ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ, ਮਨੁੱਖ ਉਸ ਸੁੰਨਸਾਨ ਮਕਾਨ ਵਾਂਗ ਹੈ, ਜਿਸ ਦੇ ਦਰਵਾਜ਼ੇ ਖੋਲ੍ਹਣੇ ਅਸੰਭਵ ਹਨ। ਉਹਨਾਂ ਦੀ ਕਿਸਮਤ ਵਿਚ ਗੁਰੂ ਤੋਂ ਸਿੱਖਿਆ ਪ੍ਰਾਪਤ ਕਰਨਾ ਲਿਖਿਆ ਹੁੰਦਾ ਹੈ। ਉਹ ਸਦੀਵੀ ਕਾਇਮ ਰਹਿਣ ਵਾਲੇ, ਪਰਿਪੂਰਨ ਪ੍ਰਮਾਤਮਾ ਨੂੰ ਸਿਮਰ ਕੇ ਪ੍ਰਸੰਨ ਅਤੇ ਸ਼ਾਂਤ ਰਹਿੰਦੇ ਹਨ। ਉਹਨਾਂ ਦੀ ਭਗਤੀ ਸੁਭਾਵਿਕ ਅਤੇ ਸਹਿਜ

ਹੁੰਦੀ ਹੈ, ਕਿਉਂਕਿ ਉਹ ਸ਼ਰਧਾ ਨਾਲ ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਜੁੜੇ ਰਹਿੰਦੇ ਹਨ। ਅਜਿਹੇ ਮਨੁੱਖਾਂ ਪ੍ਰਤੀ, ਗੁਰੂ ਦੇ ਮਨ ਵਿਚ ਬਹੁਤ ਸਤਿਕਾਰ ਹੁੰਦਾ ਹੈ।

ਨੋਟ : ਪ੍ਰਮਾਤਮਾ ਆਪਣੀ ਭਗਤੀ ਦੀ ਦਾਤ ਬਖ਼ਸ਼ਦਾ ਹੈ, ਗੁਰੂ ਦੇ ਉਪਦੇਸ਼ ਸਦਕਾ ਜੀਵ ਭਗਤੀ ਵਿਚ ਜੁੜਦਾ ਹੈ। ਭਗਤੀ ਦੇ ਮਾਰਗ ਵਿਚ ਜੁੜਣ ਲਈ ਜੀਵ ਨੂੰ ਆਪਣਾ ਮਨ, ਤਨ, ਧਨ ਸਭ ਪ੍ਰਮਾਤਮਾ ਨੂੰ ਅਰਪਣ ਕਰ ਦੇਣਾ ਚਾਹੀਦਾ ਹੈ। ਮਨੁੱਖ ਲਈ ਅਜਿਹਾ ਕਰਨਾ ਅਸੰਭਵ ਹੈ। ਇਸ ਗਾਖੜੀ ਮਾਰਗ ਲਈ ਪ੍ਰਮਾਤਮਾ ਦੀ ਮਿਹਰ ਜ਼ਰੂਰੀ ਹੈ। ਇਸ ਸੰਦਰਭ ਵਿਚ ਇਹ ਸਿਧਾਂਤ ਦਿੱਤਾ ਗਿਆ ਹੈ ਕਿ ''ਪ੍ਰਮਾਤਮਾ ਆਪਣੀ ਭਗਤੀ ਦੇ ਵਪਾਰ ਵਿਚ ਜੁੜਿਆ ਹੋਇਆ ਹੈ।''

ਉਪਦੇਸ਼ ਨੰਬਰ 155
ਪ੍ਰਮਾਤਮਾ ਦੀ ਮਦਦ ਤੋਂ ਬਗੈਰ ਮਨੁੱਖ ਪਾਪ ਕਰਮ ਤੋਂ ਨਹੀਂ ਬਚ ਸਕਦਾ

ਪ੍ਰਮਾਤਮਾ ਦੀ ਮਦਦ ਤੋਂ ਬਿਨਾਂ, ਮਨੁੱਖ ਪਾਪਾਂ ਵਿਚ ਲੱਗਾ ਰਹੇਗਾ। ਕਾਮ, ਕ੍ਰੋਧ ਅਤੇ ਝੂਠ ਕਰਕੇ ਪਾਪ ਉਤਪੰਨ ਹੁੰਦੇ ਹਨ। ਕੋਈ ਸਹਾਰਾ ਨਾ ਪਾ ਕੇ, ਮਨੁੱਖ ਝੂਠ ਅਤੇ ਪਾਪਾਂ ਅੱਗੇ ਗੋਡੇ ਟੇਕ ਦਿੰਦਾ ਹੈ। ਨਤੀਜੇ ਵਜੋਂ, ਮਨੁੱਖ, ਜੀਵਨ ਵਿਚ ਪਾਪ ਅਤੇ ਲਾਲਚ ਹੀ ਇਕੱਠਾ ਕਰਦਾ ਹੈ। ਅਜਿਹੀ ਸਥਿਤੀ ਤੋਂ ਬਚਣ ਦਾ ਇੱਕੋ-ਇਕ ਤਰੀਕਾ ਪ੍ਰਮਾਤਮਾ ਦੀ ਭਗਤੀ ਕਰਨਾ ਅਤੇ ਇੰਜ ਨੇਕ ਇਰਾਦੇ ਰੱਖਣਾ ਹੈ। ਬੁਰੇ ਵਿਵਹਾਰਾਂ ਤੋਂ ਬਚਣ ਲਈ ਪ੍ਰਮਾਤਮਾ ਵੀ ਓਟ ਪ੍ਰਦਾਨ ਕਰਦਾ ਹੈ। ਉਹ ਅਪਰੰਪਾਰ ਸਦੀਵੀ ਕਾਇਮ ਰਹਿਣ ਵਾਲਾ ਅਤੇ ਬੇਦਾਗ ਹੈ। ਗੁਰੂ ਦੇ ਸਹਾਰੇ ਤੋਂ ਬਿਨਾਂ ਮਨੁੱਖ ਚੰਗੇ ਅਤੇ ਮਾੜੇ ਕਰਮ ਕਰਨ ਵਿਚ ਜੁੜਿਆ ਰਹਿੰਦਾ ਹੈ। ਮਨੁੱਖ ਆਪਣਾ ਇਜ਼ਹਾਰ ਆਪਣੀਆਂ ਭਾਵਨਾਵਾਂ ਤੋਂ ਪ੍ਰੇਰਿਤ ਹੋ ਕੇ ਕਰਦਾ ਹੈ। ਪ੍ਰਮਾਤਮਾ ਦੇ ਪਿਆਰ ਅਤੇ ਸਤਿਕਾਰ ਤੋਂ ਬਗੈਰ ਮਨੁੱਖ ਦਾ ਨਜ਼ਰੀਆ ਪਾਪ ਭਰਿਆ ਹੀ ਰਹਿੰਦਾ ਹੈ। ਆਪਣੇ ਹੰਕਾਰ 'ਤੇ ਕਾਬੂ ਪਾ ਕੇ, ਪ੍ਰਮਾਤਮਾ ਦੀ ਭਗਤੀ ਸੰਭਵ ਹੈ।

ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ ਅਤੇ ਉਹਨਾਂ ਪ੍ਰਤੀ ਵਚਨਬੱਧ ਹੋ ਕੇ ਹੀ ਮਨੁੱਖ ਪਾਪੀ ਇੱਛਾਵਾਂ 'ਤੇ ਜਿੱਤ ਹਾਸਿਲ ਕਰ ਸਕਦਾ ਹੈ। ਫਿਰ ਉਹ ਪਾਪਾਂ ਦੇ ਤਬਾਹਕੁੰਨ ਪ੍ਰਭਾਵ ਤੋਂ ਬਚਦਾ ਹੈ। ਪਾਪੀ ਇੱਛਾਵਾਂ ਨੂੰ ਛੱਡੇ ਬਗੈਰ, ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਨ ਨਹੀਂ ਕਰ ਸਕਦਾ। ਪ੍ਰਮਾਤਮਾ ਦੀ ਮੇਹਰ ਨਾਲ ਹੀ ਮਨੁੱਖ ਝੂਠ 'ਤੇ ਕਾਬੂ ਪਾ ਸਕਦਾ ਹੈ।

ਖੁਸ਼ਕਿਸਮਤੀ ਨਾਲ, ਮਨੁੱਖ ਨਾਲ ਜੁੜਦਾ ਹੈ ਗੁਰੂ ਦਾ ਗਿਆਨ, ਇਕ ਐਸਾ ਜਹਾਜ਼ ਜੋ ਜੀਵਨ ਦੇ ਭਵਸਾਗਰ ਤੋਂ ਪਾਰ ਲੈ ਜਾਂਦਾ ਹੈ। ਨਹੀਂ ਤਾਂ, ਮਨੁੱਖ ਜੀਵਨ ਵਿਚ ਅਜਿਹੇ ਕਰਮ ਕਰਦਾ ਜਾਂਦਾ ਹੈ, ਜਿਸ ਦੇ ਨਤੀਜੇ ਉਹ ਬਾਅਦ ਵਿਚ ਭੁਗਤਦਾ ਹੈ। ਕੇਵਲ ਗੁਰੂ ਦੀ ਸਤਿਸੰਗਤ ਤੋਂ ਸਿੱਖਿਆ ਗ੍ਰਹਿਣ ਕਰਕੇ ਹੀ ਮਨੁੱਖ ਸਤਿ ਵਿਚ ਲੀਨ ਹੁੰਦਾ ਹੈ। ਇਸ

ਸਤਿਸੰਗਤ ਵਿਚ ਸਿਰਫ ਪ੍ਰਮਾਤਮਾ ਬਾਰੇ ਹੀ ਗਿਆਨ ਵੰਡਿਆ ਜਾਂਦਾ ਹੈ।

ਉਪਦੇਸ਼ ਨੰਬਰ 156

ਗੁਰੂ ਦੇ ਉਪਦੇਸ਼ ਨਾਲ ਜਦੋਂ ਜੀਵ ਪ੍ਰਮਾਤਮਾ ਦੇ ਸਿਮਰਨ ਵਿਚ ਜੁੜਦਾ ਹੈ, ਤਦ ਉਹ ਨਾਮ ਅੰਮ੍ਰਿਤ ਦਾ ਅਨੰਦ ਮਾਣਦਾ ਹੈ

ਗੁਰੂ ਦਾ ਬ੍ਰਹਮ ਗਿਆਨ, ਮਨੁੱਖ ਦਾ ਮਨ ਝੂਠ ਤੋਂ ਹਟਾ ਕੇ, ਉਸ ਨੂੰ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਰਸ ਚੱਖਣ ਦੇ ਕਾਬਿਲ ਬਣਾਉਂਦਾ ਹੈ। ਪ੍ਰਮਾਤਮਾ ਸਰਬ-ਵਿਆਪਕ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ। ਗੁਰੂ ਦੀ ਸਿੱਖਿਆ ਮਨੁੱਖ ਨੂੰ ਪ੍ਰਮਾਤਮਾ ਪ੍ਰਤੀ ਮਨ ਵਿਚ ਸ਼ੰਕੇ ਪੈਦਾ ਕਰਨ ਤੋਂ ਰੋਕਦੀ ਹੈ। ਗੁਰੂ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਪ੍ਰਾਪਤ ਕਰਨ ਲਈ, ਆਪਣੇ ਸਿੱਖ 'ਤੇ ਮਿਹਰ ਕਰਦਾ ਹੈ। ਜਦੋਂ ਮਨੁੱਖ ਝੂਠ ਤੋਂ ਮੁਕਤੀ ਹਾਸਿਲ ਕਰ ਲੈਂਦਾ ਹੈ, ਫਿਰ ਉਹ ਜੀਵਨ ਦਾ ਉਦੇਸ਼ ਪ੍ਰਾਪਤ ਕਰ ਲੈਂਦਾ ਹੈ। ਅਹੰਕਾਰ ਦੇ ਮਿਟਣ ਤੇ ਮਨੁੱਖ ਦਾ ਅਸਲ ਸੁਭਾਅ ਪ੍ਰਗਟ ਹੋਣ ਲੱਗਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਮਨੁੱਖ ਦਾ ਅਸਲ ਚਿਹਰਾ ਸਾਹਮਣੇ ਆਉਂਦਾ ਹੈ।

ਝੂਠ ਨੂੰ ਨਸ਼ਟ ਕਰਕੇ ਜਦ ਮਨ ਪ੍ਰਮਾਤਮਾ ਦੀ ਭਗਤੀ ਵਿਚ ਜੁੜਦਾ ਹੈ ਤਦ ਸੁੱਤੇ ਸਿਧ ਆਪ ਹੀ ਗੁਣਵਾਨ ਬਣ ਜਾਂਦਾ ਹੈ। ਮਨ 'ਤੇ ਕਾਬੂ ਪਾਉਣ ਲਈ, ਬੁਰੇ ਕਰਮਾਂ ਦਾ ਪ੍ਰਭਾਵ ਰੋਕਣ ਲਈ ਅਤੇ ਪਵਿੱਤਰ ਧਾਰਮਿਕ ਸਥਾਨਾਂ 'ਤੇ ਇਸ਼ਨਾਨ ਕਰਕੇ ਮਨ ਦੀ ਸ਼ੁੱਧੀ ਪ੍ਰਾਪਤ ਕਰਨ ਲਈ ਕੀਤੇ ਧਾਰਮਿਕ ਕਾਂਡ ਅਤੇ ਹੋਰ ਕੋਸ਼ਿਸ਼ਾਂ ਫਜ਼ੂਲ ਹਨ। ਪ੍ਰਮਾਤਮਾ ਮਨੁੱਖ ਦੇ ਮਨ ਦੀਆਂ ਜਾਣਦਾ ਹੈ। ਉਹ ਉਸ ਮਨ 'ਤੇ ਮੇਹਰ ਕਰਦਾ ਹੈ, ਜੋ ਉਸ ਨੂੰ ਸਿਮਰਦਾ ਅਤੇ ਵਡਿਆਈ ਕਰਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦੀ ਭਗਤੀ ਵਿਚ ਦ੍ਰਿੜ ਹੁੰਦਾ ਹੈ। ਉਸ ਨੂੰ ਦੂਸਰਿਆਂ ਕੋਲੋਂ ਸਲਾਹ ਲੈਣ ਦੀ ਲੋੜ ਨਹੀਂ ਹੁੰਦੀ। ਗੁਰੂ ਤੋਂ ਵਧੀਆ ਸਲਾਹ ਹੋਰ ਕਿਸੇ ਦੀ ਨਹੀਂ ਹੋ ਸਕਦੀ। ਗੁਰੂ ਦਾ ਗਿਆਨ ਮਨੁੱਖ ਉਤੇ ਸਹਿਜ ਅਵਸਥਾ ਦੀ ਬਖ਼ਸ਼ਿਸ਼ ਕਰਦਾ ਹੈ—ਅਜਿਹੀ ਅਵਸਥਾ, ਜਿਸ ਵਿਚ ਮਨੁੱਖ ਦਾ ਪ੍ਰਮਾਤਮਾ ਨਾਲ ਸੁਭਾਵਿਕ, ਬਿਨਾਂ ਕਿਸੇ ਕੋਸ਼ਿਸ਼ ਤੋਂ ਅਤੇ ਚਿਰਸਥਾਈ ਮਿਲਾਪ ਹੁੰਦਾ ਹੈ। ਮਨੁੱਖ ਪ੍ਰਮਾਤਮਾ ਦੇ ਮਿਲਾਪ ਦੇ ਆਨੰਦ ਤੋਂ ਪ੍ਰਾਪਤ ਹੋਏ ਅੰਮ੍ਰਿਤ ਦਾ ਆਨੰਦ ਮਾਣਦਾ ਹੈ।

ਉਪਦੇਸ਼ ਨੰਬਰ 157

ਆਪਣੇ ਅਹੰਕਾਰ 'ਤੇ ਜਿੱਤ ਪ੍ਰਾਪਤ ਕਰਨਾ ਪ੍ਰਭੂ ਨਾਲ ਮਿਲਾਪ ਹੈ

ਗੁਰੂ ਦਾ ਸਿੱਖ ਜਾਣਦਾ ਹੈ ਕਿ ਅਹੰਕਾਰ 'ਤੇ ਕਾਬੂ ਪਾਉਣਾ ਹੀ ਲਾਹੇਵੰਦ ਹੈ। ਅਹੰਕਾਰ ਅਤੇ ਝੂਠ 'ਤੇ ਜਿੱਤ ਮਨੁੱਖ ਨੂੰ ਉਸ ਅੰਮ੍ਰਿਤ ਦੇ ਆਨੰਦ ਦਾ ਅਨੁਭਵ ਕਰਾਉਂਦੀ ਹੈ, ਜੋ ਪ੍ਰਮਾਤਮਾ ਦੇ ਮਿਲਾਪ ਤੋਂ ਹਾਸਿਲ ਹੁੰਦਾ ਹੈ। ਅਹੰਕਾਰ 'ਤੇ ਜਿੱਤ ਪਾ ਕੇ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਉਸ ਦਾ ਸਰੀਰ ਹੀ ਪ੍ਰਮਾਤਮਾ ਦਾ ਨਿਵਾਸ ਅਸਥਾਨ ਹੈ।

ਸਰੀਰ ਦੀ ਮੌਤ ਨੂੰ ਕੋਈ ਰੋਕ ਨਹੀਂ ਸਕਦਾ। ਪ੍ਰਮਾਤਮਾ ਦੀ ਭਗਤੀ ਨਾਲ ਹੀ ਸਦੀਵੀ ਜੀਵਨ ਸੰਭਵ ਹੈ। ਸਤਿਗੁਰੂ ਪ੍ਰਤੀ ਸ਼ਰਧਾ ਅਤੇ ਸੇਵਾ-ਸਿਮਰਨ ਨਾਲ ਹੀ, ਪ੍ਰਮਾਤਮਾ ਤੋਂ ਵਿਛੋੜਾ ਖ਼ਤਮ ਹੋ ਜਾਂਦਾ ਹੈ। ਫੇਰ ਮਨੁੱਖ ਦਾ ਮਨ, ਪ੍ਰਮਾਤਮਾ ਨੂੰ ਸਿਮਰ ਕੇ ਪ੍ਰਸੰਨ ਹੋ ਜਾਂਦਾ ਹੈ।

ਅਹੰਕਾਰ 'ਤੇ ਜਿੱਤ ਪ੍ਰਾਪਤ ਹੋ ਜਾਂਦੀ ਹੈ। ਫਿਰ ਇਸ ਤੋਂ ਬਾਅਦ ਮਨੁੱਖ ਪਰਮ ਆਨੰਦ ਦਾ ਅਹਿਸਾਸ ਕਰਦਾ ਹੈ। ਸਤਿਗੁਰੂ ਦੀ ਸੰਗਤ ਵਿਚ ਮਨੁੱਖ ਸੱਚਾ, ਨੇਕ ਅਤੇ ਨਿਰਮਲ ਹੋ ਜਾਂਦਾ ਹੈ। ਗੁਰੂ ਦੁਆਰਾ ਦੱਸੇ ਗਏ ਮਾਰਗ 'ਤੇ ਚੱਲ ਕੇ, ਮਨੁੱਖ ਅਧਿਆਤਮਿਕਤਾ ਦੀਆਂ ਪੌੜੀਆਂ ਚੜ੍ਹਦਾ ਜਾਂਦਾ ਹੈ। ਪ੍ਰਮਾਤਮਾ ਦੀ ਮੇਹਰ ਨਾਲ ਹੀ ਮਨ ਦੀ ਇਹ ਅਵਸਥਾ ਪਾਈ ਜਾਂਦੀ ਹੈ। ਨਹੀਂ ਤਾਂ, ਮਨੁੱਖ ਡਰ ਅਤੇ ਮੌਤ ਦੇ ਜਾਲ ਵਿੱਚ ਫਸਿਆ ਰਹਿੰਦਾ ਹੈ। ਗੁਰੂ ਦੀ ਸੰਗਤ ਅਤੇ ਗੁਰੂ ਦੀ ਅਗਵਾਈ, ਪ੍ਰਮਾਤਮਾ ਨਾਲ ਮਿਲਾਪ ਦੇ ਸਾਧਨ ਬਣ ਜਾਂਦੇ ਹਨ। ਪ੍ਰਮਾਤਮਾ ਦੀ ਕ੍ਰਿਪਾ ਨਾਲ, ਆਪਣੇ ਅਹੰਕਾਰ 'ਤੇ ਕਾਬੂ ਪਾ ਕੇ ਆਪਣੇ ਅਸਲ ਸਰੂਪ ਨੂੰ ਪਾ ਲੈਂਦਾ ਹੈ, ਉਹ ਅਸਲ ਸਰੂਪ ਜੋ ਪ੍ਰਮਾਤਮਾ ਨਾਲ ਮਿਲਿਆ ਹੁੰਦਾ ਹੈ।

ਨੋਟ :—ਪ੍ਰਮਾਤਮਾ ਦੀ ਮੇਹਰ ਜਾਂ ਗੁਰੂ ਦੀ ਮੇਹਰ ਵਾਲੇ ਦੀ ਧਾਰਨਾ ਦੇ ਦੋ ਅਰਥ ਹਨ। ਇਕ ਅਰਥ ਬ੍ਰਹਮ ਗਿਆਨ ਦਰਸਾਉਂਦਾ ਹੈ, ਜੋ ਗਿਆਨ ਦਾ ਸੋਮਾ ਹੈ ਅਤੇ ਅਗਿਆਨਤਾ ਅਤੇ ਝੂਠ ਦਾ ਨਾਸ਼ ਕਰਨ ਵਾਲਾ ਹੈ। ਗੁਰੂ ਆਪਣੇ ਸਿੱਖ ਨੂੰ ਪ੍ਰਮਾਤਮਾ ਦੀ ਸੱਚਾਈ ਦੱਸਦਾ ਹੈ ਅਤੇ ਉਸ ਦਾ ਪ੍ਰਮਾਤਮਾ ਨਾਲ ਮਿਲਾਪ ਕਰਵਾਉਂਦਾ ਹੈ। ਗੁਰੂ ਦੀਆਂ ਸਿੱਖਿਆਵਾਂ ਨਾਲ ਨਿਮਰਤਾ, ਸੇਵਾ-ਸਿਮਰਨ ਅਤੇ ਨਿਰੰਤਰ ਧਾਰਨਾ ਨਾਲ ਹੀ ਇਸ ਦੀ ਪ੍ਰਾਪਤੀ ਸੰਭਵ ਹੈ। ਪ੍ਰਮਾਤਮਾ ਬਾਰੇ ਗਿਆਨ, ਗੁਰੂ ਦੀ ਮਿਹਰ ਅਤੇ ਮੁਕਤੀ ਸੰਬੰਧੀ ਸ਼ਕਤੀਆਂ ਨਾਲ ਹਾਸਿਲ ਹੋ ਸਕਦਾ ਹੈ।

ਪ੍ਰਮਾਤਮਾ ਦੀ ਮੇਹਰ ਦਾ ਦੂਸਰਾ ਅਰਥ, ਪ੍ਰਮਾਤਮਾ ਜਾਂ ਗੁਰੂ ਦੀ ਆਪਣੇ ਸ਼ਰਧਾਲੂ ਜਾਂ ਸਿੱਖ ਪ੍ਰਤੀ ਮਦਦ ਤੋਂ ਹੈ। ਸਿੱਖ ਦੇ ਅਧਿਆਤਮਿਕ ਚੜ੍ਹਾਅ ਲਈ, ਮੇਹਰ ਦਾ ਇਹ ਵਾਲਾ ਪਹਿਲੂ ਅਲੋਚਨਾਤਮਕ ਹੈ। ਇਥੇ ਮੇਹਰ ਦਾ ਮਤਲਬ ਦੋ ਤਰ੍ਹਾਂ ਹੈ। ਪਹਿਲਾ ਕਿ— ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਠੋਸ ਅਤੇ ਪ੍ਰਭਾਵਸ਼ਾਲੀ ਹਨ, ਜਿੰਨੀਆਂ ਉਹ ਉਦੋਂ ਸਨ, ਜਦੋਂ ਉਹਨਾਂ ਨੇ ਇਹ ਆਪਣੇ ਸਮਕਾਲੀਆਂ ਨੂੰ ਦਿੱਤੀਆਂ ਸਨ। ਦੂਸਰਾ ਇਹ ਕਿ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦੀਵੀ ਕਾਇਮ ਰਹਿਣ ਵਾਲੀ ਹੈ। ਇਹ ਵਰਤਮਾਨ ਅਤੇ ਭਵਿੱਖ ਦੋਨਾਂ ਹੀ ਸਮਿਆਂ ਦੇ ਸਿੱਖਾਂ ਲਈ ਹੈ। ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਨੂੰ ਸਿੱਖਿਆ ਵੀ ਪ੍ਰਦਾਨ ਕਰਦੇ ਹਨ ਅਤੇ ਉਹਨਾਂ 'ਤੇ ਪ੍ਰਭੂ ਨਾਲ ਮਿਲਾਪ ਦੀ ਬਖ਼ਸ਼ਿਸ਼ ਵੀ ਕਰਦੇ ਹਨ।

ਉਪਦੇਸ਼ ਨੰਬਰ 158

ਪ੍ਰਮਾਤਮਾ ਦੇ ਮਿਲਾਪ ਨਾਲ ਹੀ ਸਰੀਰ ਅਤੇ ਮਨ ਦੀ ਸ਼ੁੱਧਤਾ ਹੁੰਦੀ ਹੈ

ਮਨੁੱਖ ਉਸੇ ਤਰ੍ਹਾਂ ਹੀ ਜੀਵਨ ਬਤੀਤ ਕਰਦਾ ਹੈ, ਜਿਵੇਂ ਪ੍ਰਮਾਤਮਾ ਨੇ ਉਸ ਲਈ ਨਿਰਧਾਰਿਤ ਕੀਤਾ ਹੁੰਦਾ ਹੈ। ਕੋਈ ਵੀ ਨਹੀਂ ਜਾਣਦਾ ਕਿ ਭਵਿੱਖ ਵਿਚ ਕੀ ਹੋਣ ਵਾਲਾ ਹੈ। ਪਰ ਇਕ ਗੱਲ ਪੱਕੀ ਹੈ ਕਿ ਜੋ ਵੀ ਹੁੰਦਾ ਹੈ, ਪ੍ਰਮਾਤਮਾ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਹੋਰ ਕੋਈ ਵੀ ਘਟਨਾਵਾਂ ਦਾ ਵਾਪਰਨ ਦਾ ਕਾਰਨ ਨਹੀਂ ਹੈ।

ਪ੍ਰਮਾਤਮਾ ਦੀ ਮੇਹਰ ਦਾ ਖੇਤਰ ਅਨਜਾਣ ਹੀ ਰਹੇਗਾ। ਸਹੀ ਵਿਵਹਾਰ ਦਾ ਸੋਮਾ ਕੇਵਲ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦੇ ਖ਼ਜ਼ਾਨੇ ਬੇਅੰਤ ਹਨ। ਉਹ ਆਪਣੀ ਸ੍ਰਿਸ਼ਟੀ ਨੂੰ ਦੇਂਦਾ ਹੈ ਅਤੇ ਹਮੇਸ਼ਾ ਦੇਂਦਾ ਹੀ ਰਹਿੰਦਾ ਹੈ। ਉਹ ਦੇਂਦਾ ਕਦੀ ਨਹੀਂ ਥੱਕਦਾ। ਪ੍ਰਮਾਤਮਾ ਨੂੰ ਜੋ ਚੀਜ਼ ਨਾਖ਼ੁਸ਼ ਕਰਦੀ ਹੈ, ਉਹ ਹੈ ਅਹੰਕਾਰ। ਸਰੀਰ ਅਤੇ ਮਨ, ਦੋਨੋਂ ਹੀ ਪ੍ਰਮਾਤਮਾ ਦੀ ਆਪਣੀ ਮਲਕੀਅਤ ਹਨ।

ਪ੍ਰਮਾਤਮਾ ਤੋਂ ਵਿਛੋੜੇ ਦੇ ਇੱਕੋ-ਇਕ ਕਾਰਨ-ਅਹੰਕਾਰ 'ਤੇ ਜਿੱਤ, ਪ੍ਰਮਾਤਮਾ ਦੀ ਮੇਹਰ ਨਾਲ ਹੀ ਪਾਈ ਜਾ ਸਕਦੀ ਹੈ। ਉਹ ਜਿਵੇਂ ਚਾਹੇ, ਮਨੁੱਖ ਨੂੰ ਆਪਣੇ ਨਾਲ ਜੋੜਦਾ ਹੈ। ਪ੍ਰਮਾਤਮਾ ਬੇਅੰਤ, ਸਭ ਕੁਝ ਜਾਣਨਹਾਰ, ਸਦੀਵੀ ਕਾਇਮ ਰਹਿਣ ਵਾਲਾ ਅਤੇ ਸਭਨਾਂ ਦਾ ਰਾਖਾ ਹੈ। ਗੁਰੂ, ਪ੍ਰਮਾਤਮਾ ਵਿਚ ਵਿਸ਼ਵਾਸ ਪੈਦਾ ਕਰਦਾ ਹੈ। ਪ੍ਰਮਾਤਮਾ ਤੋਂ ਸਿੱਖਿਆ ਲਏ ਬਗੈਰ ਅਤੇ ਫਿਰ ਉਸ ਪ੍ਰਮਾਤਮਾ ਨਾਲ ਮਿਲਾਪ ਕੀਤੇ ਬਗੈਰ, ਮਨੁੱਖ ਦਾ ਮਨ ਅਸ਼ੁੱਧ ਵਿਚਾਰਾਂ ਅਤੇ ਵਿਕਾਰਾਂ ਨਾਲ ਭਰਿਆ ਰਹਿੰਦਾ ਹੈ। ਗੁਰੂ ਦੇ ਸਿੱਖ ਦੀ ਪ੍ਰਮਾਤਮਾ ਰੱਖਿਆ ਕਰਦਾ ਹੈ। ਸਿੱਖ, ਪ੍ਰਮਾਤਮਾ ਨਾਲ ਮਿਲਾਪ ਨੂੰ ਸਭ ਤੋਂ ਵੱਡੀ ਦਾਤ ਮੰਨਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨਾ ਅਤੇ ਉਸ ਦਾ ਆਸਰਾ ਪਾਉਣਾ ਹੀ ਇਕ ਸ਼ਰਧਾਲੂ ਦੇ ਜੀਵਨ ਦੇ ਉਦੇਸ਼ ਹੁੰਦੇ ਹਨ।

ਉਪਦੇਸ਼ ਨੰਬਰ 159

ਅਕੱਥ ਪ੍ਰਮਾਤਮਾ ਗੁਰੂ ਦੁਆਰਾ ਗਿਆਨ ਬਖ਼ਸ਼ਦਾ ਹੈ ਉਹ ਆਪਣੇ ਨਾਮ ਦਾ ਅੰਮ੍ਰਿਤ ਪੀਣ ਲਈ ਬਖ਼ਸ਼ਦਾ ਹੈ

ਉਹ ਲੋਕ ਨਿਡਰ ਹਨ ਜੋ ਗੁਰੂ ਕੋਲੋਂ, ਉਸ ਗੁਣਾਂ ਨਾਲ ਭਰਪੂਰ ਪ੍ਰਮਾਤਮਾ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ। ਉਹ ਪ੍ਰਮਾਤਮਾ ਨਾਲ ਮਿਲਾਪ ਕਰਕੇ, ਉਸ ਦੇ ਨਾਮ ਦਾ ਅੰਮ੍ਰਿਤ ਪੀਂਦੇ ਹਨ। ਪ੍ਰਮਾਤਮਾ ਪ੍ਰਤੀ ਭਉ ਅਤੇ ਪਿਆਰ ਦੀ ਭਾਵਨਾ ਦੇ ਕਾਰਣ, ਗੁਰੂ ਦਾ ਸਿੱਖ ਨਿਡਰ ਬਣ ਜਾਂਦਾ ਹੈ। ਪ੍ਰਮਾਤਮਾ ਦਾ ਸ਼ਰਧਾ ਨਾਲ ਨਾਮ ਸਿਮਰਨ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਕਰਾਉਂਦਾ ਹੈ। ਅਜਿਹੇ ਮਨੁੱਖ ਦੀ ਪ੍ਰਾਪਤੀ ਸਲਾਹੁਣਯੋਗ ਜਾਂ

ਸ਼ਲਾਘਾਯੋਗ ਹੈ। ਗੁਰੂ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਬ੍ਰਹਮ ਗਿਆਨ ਤੋਂ ਬਗੈਰ, ਮਨੁੱਖ ਜਨਮ-ਮਰਨ ਦੇ ਚੱਕਰਾਂ ਵਿਚ ਬੱਝਾ ਰਹਿੰਦਾ ਹੈ। ਜਦੋਂ ਮਨੁੱਖ ਦਾ ਪ੍ਰਮਾਤਮਾ ਦਾ ਨਾਮ ਸਿਮਰਨ ਏਨਾ ਸੁਭਾਵਿਕ ਅਤੇ ਗੰਭੀਰ ਹੋ ਜਾਂਦਾ ਹੈ ਕਿ ਉਹ ਬਿਨਾਂ ਰੁਕੇ ਦਿਨ-ਰਾਤ ਪ੍ਰਮਾਤਮਾ ਦਾ ਨਾਮ ਧਿਆਉਂਦਾ ਰਹਿੰਦਾ ਹੈ ਤਾਂ ਫਿਰ ਸ਼ਰਧਾਲੂ ਨਾਮ ਦੀ ਉਸ ਸਭ ਤੋਂ ਉੱਚੇ ਮਰਾਤਬੇ 'ਤੇ ਪਹੁੰਚ ਜਾਂਦਾ ਹੈ। ਗਿਆਨ ਦੀ ਅਜਿਹੀ ਸਥਿਤੀ ਵਿਚ ਮਨੁੱਖ ਦਾ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਬਾਰੇ, ਫੇਰ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਫਿਰ ਮਨ ਦੀ ਭਟਕਣਾ ਵੀ ਖ਼ਤਮ ਹੋ ਜਾਂਦੀ ਹੈ।

ਉਪਦੇਸ਼ ਨੰਬਰ 160

ਪ੍ਰਮਾਤਮਾ ਨਾਲ ਮਿਲਾਪ ਸ਼ਾਸਤ੍ਰਾਂ, ਮਾਇਆ, ਦੁਨਿਆਵੀ ਸਫ਼ਲਤਾ ਅਤੇ ਮੁਕਤੀ ਤੋਂ ਪਰ੍ਹੇ ਹੈ

ਦੁਨਿਆਵੀ ਚੀਜ਼ਾਂ ਨਾਲ ਮੋਹ (ਪਿਆਰ) ਹੀ ਜਨਮ-ਮਰਨ ਦੇ ਚੱਕਰ ਦਾ ਕਾਰਣ ਹੈ। ਦੁਨਿਆਵੀ ਪਿਆਰ, ਮਨੁੱਖ ਨੂੰ ਤਿੰਨ ਤਰੀਕਿਆਂ ਨਾਲ ਤੋੜ ਦਿੰਦਾ ਹੈ—ਰਜੋ (ਆਨੰਦ), ਤਮੋ (ਅਗਿਆਨਤਾ), ਸਤੋ (ਗੁਣ)। ਜੇ ਸਾਰਾ ਜੀਵਨ ਮਨੁੱਖ ਦੇ ਵਿਚਾਰ ਅਤੇ ਭਾਵਨਾਵਾਂ ਸਿਰਫ਼ ਪ੍ਰਮਾਤਮਾ ਦੀ ਬਜਾਏ ਇਸ ਸੰਸਾਰ ਨਾਲ ਹੀ ਜੁੜੇ ਰਹਿਣ, ਤਾਂ ਫਿਰ ਅਜਿਹੀ ਹਾਲਤ ਦਾ ਸਾਧਾਰਣ ਨਤੀਜਾ ਸੰਸਾਰ ਵਿਚ ਫਿਰ ਤੋਂ ਜਨਮ ਹੈ। ਹਿੰਦੂਆਂ ਦੇ ਭਜਨਾਂ ਅਤੇ ਪ੍ਰਾਰਥਨਾਵਾਂ ਦੇ ਸੰਗ੍ਰਹਿ—ਚਾਰ ਵੇਦ—ਉਪਰੋਕਤ ਵਰਨਣ ਤਿੰਨ ਤਰ੍ਹਾਂ ਦੀ ਜਾਗਰੁਕਤਾ ਬਾਰੇ ਹੈ। ਜਾਗਰੁਕਤਾ ਦੀ ਚੌਥੀ ਸਥਿਤੀ—ਤੁਰੀਆ ਅਵਸਥਾ, ਸਤਿਗੁਰੂ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਇਹ ਪ੍ਰਮਾਤਮਾ ਨਾਲ ਮਿਲਾਪ ਦੀ ਸਥਿਤੀ ਹੈ। ਪ੍ਰਮਾਤਮਾ ਦੀ ਪੂਜਾ ਅਤੇ ਗੁਰੂ ਦੀ ਸੇਵਾ ਮਨੁੱਖ ਨੂੰ ਦੁਨਿਆਵੀ ਬੰਧਨਾਂ ਤੋਂ ਮੁਕਤ ਕਰਦੇ ਹਨ। ਇਸ ਤਰ੍ਹਾਂ ਪ੍ਰਾਪਤ ਮੁਕਤੀ ਜਨਮ-ਮਰਨ ਦਾ ਚੱਕਰ ਖਤਮ ਕਰ ਦਿੰਦੀ ਹੈ। ਹਿੰਦੂਆਂ ਦੇ ਧਾਰਮਿਕ ਗ੍ਰੰਥ—ਸਿਮ੍ਰਤੀ ਅਤੇ ਸ਼ਾਸਤ੍ਰ, ਪੰਡਿਤ ਬਾਕੀ ਸਾਰੇ ਵੀ ਧਰਮ, ਦੌਲਤ, ਸੰਸਾਰਿਕ ਸਫ਼ਲਤਾ ਅਤੇ ਮੁਕਤੀ ਬਾਰੇ ਆਪਣੇ ਵਿਚਾਰ ਸਾਂਝਾ ਕਰਦੇ ਹਨ। ਜਦੋਂ ਕਿ ਗੁਰੂ ਤੋਂ ਬਿਨਾਂ, ਉਪਰੋਕਤ ਸਭ ਦਾ ਅਰਥ ਨਹੀਂ ਸਮਝਿਆ ਜਾ ਸਕਦਾ। ਕੇਵਲ ਪ੍ਰਮਾਤਮਾ ਦੀ ਭਗਤੀ ਨਾਲ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਗੁਰੂ ਦਾ ਸਿੱਖ ਪੂਰੀ ਸ਼ਰਧਾ-ਭਾਵਨਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਅਤੇ ਉਸ ਉਤੇ ਪ੍ਰਮਾਤਮਾ ਦੀ ਭਗਤੀ ਦੀ ਮੇਹਰ ਹੁੰਦੀ ਹੈ। ਪ੍ਰਮਾਤਮਾ ਦੀ ਭਗਤੀ ਮੁਕਤੀ ਅਤੇ ਸਦੀਵੀ ਪ੍ਰਸੰਨਤਾ ਵੱਲ ਲੈ ਜਾਂਦੀ ਹੈ। ਗੁਰੂ ਦੀ ਸਿੱਖਿਆ ਆਤਮਿਕ ਪ੍ਰਸੰਨਤਾ ਪ੍ਰਦਾਨ ਕਰਦੀ ਹੈ। ਗੁਰੂ, ਪ੍ਰਮਾਤਮਾ ਦੇ ਸਰੂਪ ਬਾਰੇ ਜਾਣਕਾਰੀ ਦਿੰਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਮਿਲਾਪ ਦਾ ਆਨੰਦ ਮਾਣਦਾ ਹੈ। ਮਨ ਦਾ ਅਸੰਤੋਖ, ਸੰਤੋਖ ਵਿਚ ਤਬਦੀਲ ਹੋ ਜਾਂਦਾ ਹੈ। ਪ੍ਰਮਾਤਮਾ ਨਿਮਾਣਿਆਂ ਦਾ ਰਾਖਾ ਅਤੇ ਸਾਰੇ ਸੁੱਖ ਦੇਣ ਵਾਲਾ ਦਾਤਾ ਹੈ। ਗੁਰੂ

ਦਾ ਸਿੱਖ ਪੂਰੀ ਨਿਮਰਤਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ।

ਉਪਦੇਸ਼ ਨੰਬਰ 161

ਪ੍ਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ, ਮਨੁੱਖ ਨੂੰ ਤੰਦਰੁਸਤ ਰੱਖਦਾ ਹੈ, ਵਰਨਾ ਸਰੀਰ ਹਰ ਤਰ੍ਹਾਂ ਦੀਆਂ ਬੁਰਾਈਆਂ ਦਾ ਸਾਧਨ ਬਣ ਜਾਂਦਾ ਹੈ

ਪ੍ਰਮਾਤਮਾ ਦੇ ਨਾਮ ਨੂੰ ਮਨ ਵਿਚ ਵਸਾ ਕੇ, ਮਨੁੱਖ ਜੀਵਨ ਦੇ ਸਾਰੇ ਸੁੱਖ ਮਾਣਦਾ ਹੈ। ਨਹੀਂ ਤਾਂ, ਮਨੁੱਖੀ ਸਰੀਰ ਲਾਲਚ ਅਤੇ ਝੂਠ ਵਰਗੇ ਬੁਰੇ ਕਰਮਾਂ ਨੂੰ ਕਰਨ ਵਾਲੀ ਮਸ਼ੀਨ ਬਣ ਜਾਂਦਾ ਹੈ। ਮਨੁੱਖ ਦੀ ਆਤਮਾ ਮਾੜੇ-ਕਰਮਾਂ ਨਾਲ ਬੋਝਿਲ ਹੋ ਜਾਂਦੀ ਹੈ। ਸੱਚਾਈ ਤਾਂ ਇਹ ਹੈ ਕਿ ਸਰੀਰ ਕਈ ਤਰ੍ਹਾਂ ਦੇ ਦੁੱਖਾਂ ਅਤੇ ਵਿਅਰਥ ਚੀਜ਼ਾਂ ਦਾ ਕਾਰਣ ਬਣ ਜਾਂਦਾ ਹੈ। ਗੁਰੂ ਜੀਵਨ ਵਿਚ ਨੇਕ ਕਰਮ ਕਰਨ ਅਤੇ ਕਿਰਤ ਦੀ ਕਮਾਈ ਕਰਨ ਦੀ ਸਲਾਹ ਦਿੰਦਾ ਹੈ। ਨਹੀਂ ਤਾਂ ਜਨਮ-ਮਰਨ ਦਾ ਚੱਕਰ ਕਦੀ ਖ਼ਤਮ ਨਹੀਂ ਹੁੰਦਾ।

ਗੁਰੂ, ਕਿਸੇ ਦੀ ਪਿੱਠ ਪਿੱਛੇ ਉਸ ਦੀ ਬੁਰਾਈ ਨਾ ਕਰਨ, ਦੂਜਿਆਂ ਬਾਰੇ ਝੂਠੀਆਂ ਟਿਪਣੀਆਂ ਕਰਨ, ਕਿਸੇ 'ਤੇ ਮਾੜੀ ਨਜ਼ਰ ਰੱਖਣ ਜਾਂ ਕਿਸੇ ਦੂਸਰੇ ਦੀ ਪਤਨੀ ਨਾਲ ਸੰਬੰਧ ਰੱਖਣ, ਚੋਰੀ ਕਰਨ ਅਤੇ ਅਜਿਹੇ ਹੋਰ ਕਈ ਬੁਰੇ ਕਰਮ ਨਾ ਕਰਨ ਦੀ ਤਾਕੀਦ ਕਰਦਾ ਹੈ। ਗੁਰੂ ਮਨੁੱਖ ਨੂੰ ਇਹ ਯਾਦ ਦਿਲਾਉਂਦਾ ਹੈ ਕਿ ਮਰਨ ਉਪਰੰਤ, ਜਦੋਂ ਆਤਮਾ ਸਰੀਰ ਦਾ ਤਿਆਗ ਕਰ ਦਿੰਦੀ ਹੈ ਤਾਂ ਮਨੁੱਖ ਦਾ ਸਰੀਰ ਉਂਝ ਹੀ ਇਕੱਲਾ ਰਹਿ ਜਾਂਦਾ ਹੈ, ਜਿਵੇਂ ਪਤੀ ਵੱਲੋਂ ਛੱਡੀ ਗਈ ਪਤਨੀ, ਜੋ ਮਨ ਕੇਵਲ ਸਰੀਰ ਨਾਲ ਹੀ ਸੰਬੰਧਿਤ ਹੈ, ਉਹ ਸੁਪਨਿਆਂ ਦੀ ਦੁਨੀਆਂ ਵਿੱਚ ਰਹਿੰਦਾ ਹੈ। ਮਨ ਦੀ ਅਜਿਹੀ ਹਾਲਤ (ਸਥਿਤੀ) ਵਿਚ ਮਾੜੇ ਕਰਮ ਕਰਨੇ ਕਿੰਨੀ ਫਜ਼ੂਲ ਗੱਲ ਹੈ। ਦੂਜਿਆਂ ਦੀਆਂ ਚੋਰੀ ਕੀਤੀਆਂ ਖ਼ੁਸ਼ੀਆਂ ਥੋੜੇ ਸਮੇਂ ਲਈ ਹੁੰਦੀਆਂ ਹਨ। ਅਸਲ ਵਿਚ, ਅਜਿਹੇ ਅਨੈਤਿਕ ਕਰਮ ਕਰਕੇ, ਮਨੁੱਖ ਇਸ ਜਨਮ ਵਿਚ ਅਤੇ ਅਗਲੇ ਜਨਮ ਵਿਚ ਵੀ ਸ਼ਰਮਿੰਦਗੀ ਹੀ ਹਾਸਿਲ ਕਰਦਾ ਹੈ। ਉਹ ਇਸ ਮਨੁੱਖਾ ਜਨਮ ਦੀ ਦਾਤ ਨੂੰ ਐਵੇਂ ਹੀ ਬਰਬਾਦ ਕਰ ਦਿੰਦਾ ਹੈ।

ਇਹ ਇਕ ਭਿਆਨਕ ਸਥਿਤੀ ਹੈ। ਕੋਈ ਵੀ ਅਜਿਹੇ ਵਿਅਕਤੀ ਨਾਲ ਸੰਬੰਧ ਨਹੀਂ ਬਣਾਉਣਾ ਚਾਹੁੰਦਾ। ਮੌਤ ਤੋਂ ਬਾਅਦ, ਕੋਈ ਵੀ ਆਪਣੀ ਵੰਸ਼ਾਵਲੀ ਜਾਰੀ ਨਹੀਂ ਰੱਖ ਸਕਦਾ। ਘੋੜੇ, ਸੋਨਾ, ਚਾਂਦੀ, ਕੱਪੜਿਆਂ ਦੇ ਢੇਰ, ਇਹ ਸਭ ਮੌਤ ਤੋਂ ਬਾਅਦ ਕਿਸੇ ਦੇ ਵੀ ਨਾਲ ਨਹੀਂ ਜਾਂਦੇ। ਮਨੁੱਖ ਪੂਰੀ ਤਰ੍ਹਾਂ ਮੂਰਖ ਹੈ ਜੋ ਇਹਨਾਂ ਭਰਮਾਂ ਵਿਚ ਆਪਣਾ ਜੀਵਨ ਜਿਊਂਦਾ ਹੈ। ਪ੍ਰਮਾਤਮਾ ਦੀ ਭਗਤੀ ਦਾ ਕੋਈ ਵੀ ਮੁਕਾਬਲਾ ਨਹੀਂ। ਸੁਆਦ ਵਿਚ, ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਬਾਕੀ ਸਾਰੀ ਤਰ੍ਹਾਂ ਦੇ ਸੁਆਦਲੇ ਭੋਜਨਾਂ ਨੂੰ ਭਾਵੇਂ ਉਹ ਕੁਦਰਤੀ ਰੂਪ ਵਿਚ ਮਿੱਠੇ ਹੋਣ ਜਾਂ ਮਨੁੱਖੀ ਨਿਪੁੰਨਤਾ ਦੁਆਰਾ ਮਿੱਠੇ ਬਣਾਏ ਗਏ ਹੋਣ, ਮਾਤ ਪਾਉਂਦੇ ਹਨ। ਸੁਪਨਿਆਂ ਦੀ ਦੁਨੀਆਂ ਵਿਚ ਰਹਿੰਦਿਆਂ, ਮਨੁੱਖ ਆਪਣੇ ਰਹਿਣ ਲਈ ਬਹੁਤ ਮਜਬੂਤ ਇਮਾਰਤਾਂ ਬਣਾ ਲੈਂਦਾ ਹੈ। ਮਰਨ ਉਪਰੰਤ, ਇਹ

ਇਮਾਰਤਾਂ, ਸਿਵਾਏ ਰਾਖ ਦੇ ਢੇਰ ਤੋਂ ਹੋਰ ਕੁਛ ਨਜ਼ਰ ਨਹੀਂ ਆਉਂਦੀਆਂ। ਮਨੁੱਖ ਬਹੁਤ ਸਾਰੀ ਮਾਇਆ ਇਕੱਠੀ ਕਰਦਾ ਹੈ ਅਤੇ ਇਹ ਧਨ ਕਿਸੇ ਹੋਰ ਨਾਲ ਵੰਡਾਉਣਾ ਨਹੀਂ ਚਾਹੁੰਦਾ। ਅਗਿਆਨਤਾ ਵਿਚ ਉਹ ਧਨ-ਦੌਲਤ 'ਤੇ ਆਪਣਾ ਹੱਕ ਜਤਾਉਂਦਾ ਹੈ। ਜਦੋਂ ਕਿ ਸੱਚਾਈ ਤਾਂ ਇਹ ਹੈ ਕਿ ਲੰਕਾ ਦਾ ਰਾਜਾ ਰਾਵਣ, ਜਿਸ ਨੇ ਸੋਨੇ ਦੇ ਘਰ ਬਣਾਏ ਹੋਏ ਸਨ ਅਤੇ ਅਥਾਹ ਦੌਲਤ ਦਾ ਮਾਲਕ ਸੀ, ਉਹ ਵੀ ਹੋਰਨਾਂ ਲੋਕਾਂ ਦੀ ਤਰ੍ਹਾਂ ਇਸ ਸੰਸਾਰ ਤੋਂ ਖਾਲੀ ਹੱਥ ਹੀ ਗਿਆ ਸੀ।

ਗੁਰੂ, ਅਗਿਆਨੀ ਮਨੁੱਖ ਨੂੰ ਇਹ ਸਮਝਾਉਂਦਾ ਹੈ ਕਿ ਸੱਚਾਈ ਤਾਂ ਇਹ ਹੈ ਕਿ ਮੌਤ, ਪ੍ਰਮਾਤਮਾ ਦੇ ਹੁਕਮ ਅਨੁਸਾਰ ਅਟੱਲ ਹੈ। ਮਨੁੱਖ ਨੂੰ ਉਸ ਮਹਾਨ ਮਾਲਕ ਨੂੰ ਆਪਣਾ ਖ਼ਜ਼ਾਨਚੀ ਬਣਾਉਣਾ ਚਾਹੀਦਾ ਹੈ ਅਤੇ ਉਸ ਦੇ ਨਾਲ ਵਪਾਰ ਕਰਨਾ ਚਾਹੀਦਾ ਹੈ। ਸਰੀਰ ਅਤੇ ਮਨ, ਦੋਨੋਂ ਹੀ ਪ੍ਰਮਾਤਮਾ ਦੇ ਹਨ। ਮੌਤ ਦਾ ਕਾਰਣ ਵੀ ਉਹੋ ਹੀ ਹੈ। ਉਹ ਹੀ ਮਨੁੱਖ ਦੇ ਜੀਵਨ ਦਾ ਪਾਲਕ ਹੈ। ਉਹੋ ਹੀ ਮਨੁੱਖ ਦੇ ਅਹੰਕਾਰ ਨੂੰ ਮਿਟਾਉਣ ਵਾਲਾ ਹੈ। ਮਨੁੱਖ ਦੇ ਅਹੰਕਾਰ ਦੇ ਖਾਤਮੇ ਤੋਂ ਬਾਅਦ, ਉਹ ਹੀ ਮਨੁੱਖ ਨੂੰ ਆਪਣੇ ਨਾਮ-ਸਿਮਰਨ ਵਾਲਾ ਨਵਾਂ ਜੀਵਨ ਪ੍ਰਦਾਨ ਕਰਦਾ ਹੈ।

ਉਪਦੇਸ਼ ਨੰਬਰ 162

ਇਨ੍ਹਾਂ ਇੱਛਾਵਾਂ 'ਤੇ ਜਿੱਤ ਪ੍ਰਾਪਤ ਕਰਨ ਦਾ ਇੱਕੋ ਇਕ ਰਸਤਾ ਪ੍ਰਮਾਤਮਾ ਦਾ ਸਿਮਰਨ ਹੈ

ਮਨੁੱਖ ਦਾ ਮਨ ਪੰਜ ਪ੍ਰਬਲ ਇੱਛਾਵਾਂ—ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨਾਲ ਗ੍ਰਸਤ ਹੈ। ਇਹ ਇੱਛਾਵਾਂ ਜੀਵਨ ਵਿਚ ਹਰੇਕ ਮਨੁੱਖ ਨੂੰ ਸਤਾਉਂਦੀਆਂ ਹਨ। ਮੌਤ ਤੋਂ ਬਾਅਦ, ਸਾਰਾ ਜੀਵਨ ਕੀਤੇ ਮਾੜੇ ਕਰਮਾਂ ਦਾ ਹਿਸਾਬ ਕਰਨ ਲਈ ਮੌਤ ਦੇ ਦੂਤ-ਯਮ ਉਸ ਵਕਤ ਪ੍ਰਮਾਤਮਾ ਤੋਂ ਇਲਾਵਾ ਹੋਰ ਕੋਈ ਸਹਾਇਕ ਨਹੀਂ ਹੁੰਦਾ। ਇਸ ਲਈ ਜਿਊਂਦੇ ਜੀਅ, ਉਸ ਪ੍ਰਮਾਤਮਾ ਦਾ ਨਾਮ ਸਿਮਰੋ। ਮਨੁੱਖ ਦਾ ਮਨ, ਬਾਹਰੀ ਦੁਨੀਆਂ ਪ੍ਰਤੀ ਦਰਵਾਜ਼ਿਆਂ-ਇੰਦ੍ਰੀਆਂ ਦੇ ਅੰਦਰ ਬੰਦ ਹੈ। ਜਿਉਂ-ਜਿਉਂ ਜੀਵਨ ਦੇ ਪੰਨੇ ਖੁੱਲ੍ਹਦੇ ਹਨ, ਕੇਵਲ ਪ੍ਰਮਾਤਮਾ ਪ੍ਰਤੀ ਸਮਰਪਿਤ ਵਿਅਕਤੀ ਹੀ ਇਨ੍ਹਾਂ ਖ਼ੁਸ਼ੀਆਂ ਦਾ ਹੱਕਦਾਰ ਬਣਦਾ ਹੈ। ਬਾਕੀ ਸਾਰੇ ਮਨੁੱਖ, ਇਹਨਾਂ ਇੰਦ੍ਰੀਆਂ ਦੀ ਬਦੌਲਤ, ਆਪਣਾ ਆਪ ਗੁਆ ਬੈਠਦੇ ਹਨ।

ਮੌਤ ਨਾਲ ਸਰੀਰ ਸਮਾਪਤ ਹੋ ਜਾਂਦਾ ਹੈ। ਫਿਰ ਮਨ ਯਮ ਦੇ ਕਬਜ਼ੇ ਹੇਠ ਆ ਜਾਂਦਾ ਹੈ। ਫਿਰ ਮਨ ਦੇ ਬਚਣ ਦਾ ਕੋਈ ਰਸਤਾ ਨਹੀਂ ਹੁੰਦਾ। ਉਹ ਪੰਜ ਇੱਛਾਵਾਂ ਕਿਤੇ ਨਜ਼ਰ ਨਹੀਂ ਆਉਂਦੀਆਂ। ਉਹ ਅਲੋਪ ਹੋ ਜਾਂਦੇ ਹਨ। ਜੀਵਨ ਦੌਰਾਨ, ਪਤਨੀ ਸੋਨੇ-ਚਾਂਦੀ ਦੀ ਮੰਗ ਕਰਦੀ ਹੈ। ਦੋਸਤ-ਮਿੱਤਰ ਵੀ ਮਨ-ਪ੍ਰਚਾਵਾ ਮੰਗਦੇ ਹਨ। ਜੇ ਕੋਈ ਮਨੁੱਖ, ਪਤਨੀ ਜਾਂ ਦੋਸਤਾਂ ਨੂੰ ਖ਼ੁਸ਼ ਕਰਨ ਲਈ, ਕੋਈ ਪਾਪ ਕਰਦਾ ਹੈ ਤਾਂ ਫਿਰ ਉਸ ਨੂੰ ਯਮ ਦੇ ਤਸੀਹੇ ਝੇਲਣੇ ਪੈਣਗੇ।

ਉਪਦੇਸ਼ ਨੰਬਰ 163

ਧਾਰਮਿਕ ਕਰਮ-ਕਾਂਡਾਂ ਵਾਲਾ ਸੰਨਿਆਸ ਆਪਣੀ ਅੰਦਰੂਨੀ ਸ਼ੁੱਧੀ ਦੇ ਬਿਨਾਂ ਫ਼ਜ਼ੂਲ ਹੈ

ਗੁਰੂ ਯੋਗੀ ਨੂੰ ਸਮਝਾਉਂਦਾ ਹੈ ਕਿ ਉਸ ਨੂੰ ਬਾਹਰੀ ਦਿਖਾਵੇ ਦੀ ਜਗ੍ਹਾ, ਅੰਦਰੂਨੀ ਮਨ ਦਾ ਧਿਆਨ ਕਰਨਾ ਚਾਹੀਦਾ ਹੈ। ਤਪਸਵੀ ਨੂੰ ਹੇਠਲੇ ਲਿਖੇ ਅਨੁਸਾਰ ਆਪਣੇ ਤੌਰ ਤਰੀਕੇ ਬਦਲਣੇ ਚਾਹਦੇ ਹਨ :

- ਯੋਗੀਆਂ ਵੱਲੋਂ ਪਾਏ ਜਾਣ ਵਾਲੇ ਕੰਨਾਂ ਦੇ ਵਾਲਿਆਂ ਦਾ ਅੰਦਰੂਨੀ ਮਹੱਤਵ ਹੋਣਾ ਚਾਹੀਦਾ ਹੈ। ਗੁਣਵਾਨ ਮਨੁੱਖ ਕੰਨਾਂ ਦੇ ਵਾਲਿਆਂ ਨਾਲੋਂ ਕਿਤੇ ਜ਼ਿਆਦਾ ਚੰਗਾ ਹੁੰਦਾ ਹੈ।
- ਸਰੀਰ ਨੂੰ ਹੀ ਤਪਸਵੀ ਦਾ ਲੰਬਾ ਚੋਲਾ ਸਮਝੋ।
- ਸਹੀ ਮਾਰਗ 'ਤੇ ਚੱਲਣ ਲਈ, ਸਾਧੂ ਦਾ ਸਾਥ ਦੇਣ ਵਾਲਾ, ਉਸ ਦਾ ਮਨ ਹੋਣਾ ਚਾਹੀਦਾ ਹੈ।
- ਸਾਧੂ ਦੇ ਪੰਜ ਆਗਿਆਕਾਰ ਸਿੱਖ, ਉਸ ਦੀਆਂ ਪੰਜ ਇੱਛਾਵਾਂ ਉਸ ਦੇ ਕਾਬੂ ਹੇਠ ਹੋਣੀਆਂ ਚਾਹੀਦੀਆਂ ਹਨ।
- ਪ੍ਰਮਾਤਮਾ ਉਤੇ ਉਸ ਦਾ ਪਿਆਰ ਭਰਿਆ ਧਿਆਨ, ਓਨਾ ਹੀ ਪੱਕਾ ਹੋਣਾ ਚਾਹੀਦਾ ਹੈ, ਜਿੰਨਾ ਉਸ ਦਾ ਵੈਸ਼ਣੋ ਧਰਮ।
- ਗੁਰੂ ਹੀ ਤੀਰਥ-ਧਾਰਮਿਕ ਸਥਾਨ ਹੋਣਾ ਚਾਹੀਦਾ ਹੈ, ਜਿੱਥੇ ਜਾ ਕੇ ਮਨੁੱਖ ਦਰਸ਼ਨ ਕਰੇ ਅਤੇ ਗੁਰੂ ਦੀਆਂ ਸਿੱਖਿਆਵਾਂ ਦੇ ਜਲ ਵਿਚ ਇਸ਼ਨਾਨ ਕਰੇ। ਕਿਸੇ ਧਾਰਮਿਕ ਸਥਾਨ 'ਤੇ ਜਾ ਕੇ, ਗੁਰੂ ਦੀ ਭਾਲ (ਲੱਭ ਕੇ) ਕਰਕੇ ਅਤੇ ਫਿਰ ਸਿਰ ਮੁਨਵਾ ਕੇ ਉਸ ਦਾ ਅਨੁਯਾਈ ਬਨਣ ਦਾ ਕੋਈ ਵੀ ਲਾਭ ਨਹੀਂ ਹੈ।

ਸਰਬ-ਵਿਆਪਕ ਅਤੇ ਮੁਕਤੀ ਦਾਤਾ, ਪ੍ਰਮਾਤਮਾ ਦਾ ਨਾਮ ਸਿਮਰਨ ਛੱਡ ਕੇ, ਝੂਠੇ ਧਾਰਮਿਕ ਕਰਮ-ਕਾਂਡਾਂ ਵਿਚ ਪੈਣਾ, ਇਕ ਅੰਨ੍ਹੇ ਆਦਮੀ ਦੇ ਕਰਮ ਕਰਨ ਦੇ ਵਾਂਗ ਹੈ। ਇਹ ਸੱਚਾਈ ਸਭ ਨੂੰ ਸਮਝਣੀ ਚਾਹੀਦੀ ਹੈ ਕਿ ਜੇ ਆਪਣਾ ਮਨ ਦੂਸਰਿਆਂ ਨੂੰ ਧੋਖਾ ਦੇਣ ਵਾਲੇ ਕੰਮਾਂ ਵਿਚ ਲੱਗਾ ਹੋਇਆ ਹੈ ਅਤੇ ਦੂਸਰਿਆਂ ਨੂੰ ਉਹ ਆਪਣੀਆਂ ਗੱਲਾਂ 'ਤੇ ਵਿਸ਼ਵਾਸ ਦੁਆ ਰਿਹਾ ਹੈ ਤਾਂ, ਇਹ ਵੀ ਧੋਖਾ ਹੈ। ਸਹੀ ਗੱਲ, ਆਪਣੇ ਆਪ ਨੂੰ ਉਸ ਪ੍ਰਮਾਤਮਾ ਪ੍ਰਤੀ ਸਮਰਪਿਤ ਕਰਨਾ ਅਤੇ ਲਾਲਚ ਤੋਂ ਬਚਣਾ ਹੈ। ਸਾਧੂ ਨੂੰ ਉਸ ਇਕ ਸੱਚੇ ਪ੍ਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ ਅਤੇ ਝੂਠ ਛੱਡਣਾ ਚਾਹੀਦਾ ਹੈ। ਨਹੀਂ ਤਾਂ, ਨੈਤਿਕ ਅਤੇ ਅਧਿਆਤਮਿਕ ਤੋਂ ਬਗੈਰ ਜੀਵਨ ਸਵਾਰਥੀ ਅਰਥਹੀਨ ਅਤੇ ਤਰਕਹੀਨਤਾ ਵਿਚ ਹੀ ਅਜਾਈਂ ਚਲਾ ਜਾਂਦਾ ਹੈ। ਜਦੋਂ ਜੀਵਨ ਦਾ ਅੰਤ ਹੋ ਜਾਂਦਾ ਹੈ ਤਾਂ ਸਰੀਰ ਦਾ ਸਸਕਾਰ ਕਰ ਦਿੱਤਾ ਜਾਂਦਾ ਹੈ। ਜੀਵਨ ਭਰ, ਸਰੀਰ ਦੀਆਂ ਜ਼ਰੂਰਤਾਂ ਅਤੇ ਮੰਗਾਂ ਵੱਲ

ਕੇਂਦਰਿਤ ਰਹਿ ਕੇ, ਜੀਵਨ ਦੇ ਅਖੀਰ ਵਿਚ ਜਦੋਂ ਮਨੁੱਖ ਕੋਲ ਕੁਛ ਵੀ ਨਹੀਂ ਬਚਦਾ ਤਾਂ ਫਿਰ ਉਹ ਪਛਤਾਵੇ ਨਾਲ ਘਿਰ ਜਾਂਦਾ ਹੈ।

ਉਪਦੇਸ਼ ਨੰਬਰ 164

ਰੋਗ ਨਿਵਾਰਕ ਤੇ ਪਾਲਣ ਦੇ ਉਦੇਸ਼ ਵਜੋਂ ਪ੍ਰਮਾਤਮਾ ਦੇ ਨਾਮ ਤੋਂ ਉਪਰ ਕੁਝ ਵੀ ਨਹੀਂ ਹੈ

ਜੇ ਮਨੁੱਖ ਦਾ ਮਨ ਬਿਨਾਂ ਬੋਲੇ ਪ੍ਰਮਾਤਮਾ ਵਿਚ ਜੁੜਿਆ ਰਹੇ ਅਤੇ ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਹੈ, ਤਾਂ ਫਿਰ ਰੋਗ ਨਿਵਾਰਕ ਸ਼ਕਤੀ ਵਜੋਂ ਅਤੇ ਪਾਲਣ ਦੇ ਉਦੇਸ਼ ਵਜੋਂ, ਪ੍ਰਮਾਤਮਾ ਦੇ ਨਾਮ ਦਾ ਕੋਈ ਸਾਨੀ ਨਹੀਂ ਹੈ। ਮਨ ਦੀ ਅਜਿਹੀ ਸਥਿਤੀ ਵਿਚ, ਮਨੁੱਖ ਉਸ ਮੁਕਤੀ ਦਾਤਾ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ ਜੋ ਅਨਗਿਣਤ ਵਾਰ ਕੀਤੇ ਪਾਪਾਂ ਦਾ ਮਨ ਤੋਂ ਪ੍ਰਭਾਵ ਖ਼ਤਮ ਕਰ ਦਿੰਦਾ ਹੈ। ਮੁਕਤੀ ਦਾਤਾ ਕੇਵਲ ਪ੍ਰਮਾਤਮਾ ਹੀ ਹੈ। ਲੇਕਿਨ ਜਦੋਂ ਤੱਕ ਮਨੁੱਖ ਦੁਨਿਆਵੀ ਬੰਧਨਾਂ ਵਿਚ ਜੁੜਿਆ ਹੋਇਆ ਹੈ, ਉਹ ਮੁਕਤੀ ਦਾਤਾ ਦੇ ਨਾਲ ਮਿਲਾਪ ਨਹੀਂ ਕਰ ਸਕਦਾ। ਇਹ ਸੱਚਾਈ ਸਾਰੀ ਮਨੁੱਖਤਾ 'ਤੇ ਲਾਗੂ ਹੁੰਦੀ ਹੈ।

ਮਨੁੱਖ ਦਾ ਮਾਇਆ ਪ੍ਰਤੀ ਆਕਰਸ਼ਣ ਬਹੁਤ ਮਜ਼ਬੂਤ ਹੁੰਦਾ ਹੈ। ਇਸੇ ਕਰਕੇ, ਮਨੁੱਖ ਦੁਨਿਆਵੀ ਬੰਧਨਾਂ ਨਾਲ ਬੋਝਿਲ ਰਹਿੰਦਾ ਹੈ। ਜੀਵਨ, ਹੱਥਾਂ ਵਿਚੋਂ ਖਿਸਕ ਰਿਹਾ ਹੁੰਦਾ ਹੈ, ਪਰ ਮਨੁੱਖ ਇਸ ਸੱਚਾਈ ਤੋਂ ਬੇਖਬਰ ਰਹਿੰਦਾ ਹੈ। ਇਹ ਉਂਝ ਹੀ ਹੁੰਦਾ ਹੈ, ਜਿਵੇਂ ਰਾਤ ਦੇ ਹਨੇਰੇ ਵਿਚ ਬਿਨਾਂ ਕਿਸੇ ਦੇ ਧਿਆਨ ਵਿਚ ਆਇਆਂ, ਚੂਹੇ ਨੇ ਰਾਤ ਨੂੰ ਗੱਸੀ ਕੱਟ ਕੇ ਦੋ ਹਿੱਸੇ ਕਰ ਦਿੱਤੇ ਹੋਵੇ।

ਅਗਿਆਨਤਾ ਵਿਚ ਕੀਤੇ ਕਾਰਜ ਮਨੁੱਖ ਨੂੰ ਦੁੱਖਾਂ ਵੱਲ ਲੈ ਜਾਂਦੇ ਹਨ। ਇਸ ਦੇ ਉਲਟ, ਗੁਰੂ ਦਾ ਗਿਆਨਵਾਨ ਸਿੱਖ, ਅਜਿਹੀ ਤਕਦੀਰ ਤੋਂ ਬਚ ਜਾਂਦਾ ਹੈ ਅਤੇ ਸਗੋਂ ਪ੍ਰਮਾਤਮਾ ਤੋਂ ਆਦਰ ਪ੍ਰਾਪਤ ਕਰਦਾ ਹੈ। ਜੀਵਨ ਵਿਚ ਲੋਕ ਵੱਖ-ਵੱਖ ਮਾਰਗ ਅਪਨਾਉਂਦੇ ਹਨ। ਉਹਨਾਂ ਨੂੰ ਪ੍ਰਮਾਤਮਾ ਵੱਲੋਂ ਨਿਰਧਾਰਿਤ ਮਾਰਗਾਂ 'ਤੇ ਚਲਣਾ ਚਾਹੀਦਾ ਹੈ।

ਉਹ ਮਨੁੱਖ ਜਿਨ੍ਹਾਂ ਉਤੇ ਪ੍ਰਮਾਤਮਾ ਦੀ ਮੇਹਰ ਹੁੰਦੀ ਹੈ ਅਤੇ ਜੋ ਗੁਰੂ ਦੀਆਂ ਸਿੱਖਿਆਵਾਂ ਅਤੇ ਮਿਹਰ ਨਾਲ ਪ੍ਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਪ੍ਰਮਾਤਮਾ ਤੋਂ ਕਦੀ ਵੀ ਨਹੀਂ ਵਿਛੜਦੇ। ਉਹ ਪ੍ਰਮਾਤਮਾ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਅਗਿਆਨੀ ਅਤੇ ਮਨਮੁਖ ਲੋਕ ਨਿਮਾਣੇ ਹੋ ਕੇ, ਪ੍ਰਮਾਤਮਾ ਨੂੰ ਸਿਮਰ ਕੇ ਅਤੇ ਪ੍ਰਮਾਤਮਾ ਨਾਲ ਇਕ-ਮਿਕ ਸੰਤਾਂ ਦੀ ਮਦਦ ਨਾਲ ਜੀਵਨ ਦਾ ਅਸਲੀ ਅਰਥ ਜਾਣ ਸਕਦੇ ਹਨ।

ਉਪਦੇਸ਼ ਨੰਬਰ 165

ਜਨਮ-ਮਰਨ ਦਾ ਚੱਕਰ ਪ੍ਰਮਾਤਮਾ ਤੋਂ ਵਿਛੜਨ ਅਤੇ ਪਾਪ ਕਰਮਾਂ ਕਾਰਨ ਹੁੰਦਾ ਹੈ

ਮਨੁੱਖ ਦਾ ਜਨਮ, ਮਾਤਾ-ਪਿਤਾ ਦੇ ਸੰਜੋਗ ਨਾਲ ਹੁੰਦਾ ਹੈ। ਪਰ ਮਨੁੱਖ ਕਿਸੇ ਖਾਸ ਮਾਂ-ਬਾਪ ਦੇ ਘਰ ਹੀ ਜਨਮ ਕਿਉਂ ਲੈਂਦਾ ਹੈ ? ਇਹ ਇਕ ਭੇਦ ਹੈ। ਮਨੁੱਖ ਆਪਣੇ ਪਿਛਲੇ ਜਨਮ ਨੂੰ ਨਹੀਂ ਜਾਣਦਾ। ਜੀਵਨ ਦਾ ਉਦੇਸ਼ ਇਕ ਭੇਦ ਹੀ ਰਹਿੰਦਾ ਹੈ। ਕੋਈ ਵੀ ਪ੍ਰਮਾਤਮਾ ਦੇ ਗੁਣਾਂ ਦਾ ਖੇਤਰ ਨਹੀਂ ਜਾਣਦਾ। ਫੇਰ ਵੀ, ਇਕ ਗੱਲ ਯਕੀਨੀ ਹੈ। ਮਨੁੱਖ ਵਿਚ ਅਨਗਿਣਤ ਔਗੁਣ ਹਨ। ਪ੍ਰਮਾਤਮਾ ਬੇਦਾਗ ਹੈ।

ਪਿਛਲੇ ਜਨਮਾਂ ਵਿਚ ਮਨੁੱਖ ਪੌਦੇ, ਦਰੱਖਤ ਅਤੇ ਜਾਨਵਰਾਂ ਵਜੋਂ ਪੈਦਾ ਹੋਏ ਸਨ। ਅਸੀਂ ਵੀ ਕਈ ਜਾਤੀਆਂ ਦੇ ਸੱਪਾਂ ਅਤੇ ਪੰਛੀਆਂ ਵਜੋਂ ਰਹੇ। ਅਜਿਹੇ ਜਨਮ ਸਾਡੇ ਵਰਤਮਾਨ ਜੀਵਨ ਦੇ ਕਰਮਾਂ 'ਤੇ ਆਧਾਰਿਤ ਹੁੰਦੇ ਹਨ। ਜੇ ਮਨੁੱਖ ਦੂਜਿਆਂ ਦੀਆਂ ਚੋਰੀਆਂ ਕਰਦਾ ਹੈ, ਤਾਂ ਉਹ ਪ੍ਰਮਾਤਮਾ ਦੀ ਨਜ਼ਰ ਤੋਂ ਬਚ ਨਹੀਂ ਸਕਦਾ। ਮਨੁੱਖ ਭਾਵੇਂ ਆਪਣੇ ਕਰਮਾਂ ਨੂੰ ਲੁਕਾਉਣ ਦੀ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰ ਲਵੇ, ਪ੍ਰਮਾਤਮਾ ਹਰ ਕਰਮ 'ਤੇ ਧਿਆਨ ਰੱਖਦਾ ਹੈ। ਮਰਨ ਉਪਰੰਤ, ਮਨੁੱਖ ਨੂੰ ਆਪਣੇ ਜੀਵਨ ਭਰ ਕੀਤੇ ਕਰਮਾਂ ਦਾ ਹਿਸਾਬ ਚੁਕਾਉਣਾ ਪੈਂਦਾ ਹੈ।

ਮਨੁੱਖਾਂ ਵੱਲੋਂ ਪਵਿੱਤਰ ਮੰਨੇ ਗਏ ਜਾਂ ਕੁਛ ਖਾਸ ਮਸ਼ਹੂਰ ਤੀਰਥ ਸਥਾਨਾਂ 'ਤੇ ਪ੍ਰਮਾਤਮਾ ਨਹੀਂ ਮਿਲਦਾ। ਗਹਿਰਾਈ (ਡੂੰਘਾਈ) ਨਾਲ ਵਿਚਾਰ ਕਰਨ ਤੋਂ ਬਾਅਦ ਮਨੁੱਖ ਇਹ ਜਾਣ ਜਾਂਦਾ ਹੈ ਕਿ ਪ੍ਰਮਾਤਮਾ ਆਪਣੇ ਅੰਦਰ ਹੀ ਪਾਇਆ ਜਾਂਦਾ ਹੈ। ਜਨਮ-ਮਰਨ ਦੇ ਚੱਕਰ ਤੋਂ ਬਚਣ ਲਈ ਮਨੁੱਖ ਨੂੰ ਆਪਣੇ ਅੰਦਰ ਅਨਗਿਣਤ ਔਗੁਣਾਂ ਨੂੰ ਪਛਾਨਣ ਦੀ ਲੋੜ ਹੈ। ਇਸ ਪਛਾਣ ਦੇ ਨਾਲ, ਪ੍ਰਮਾਤਮਾ ਕੋਲੋਂ ਮੁਆਫ਼ੀ ਲਈ ਅਰਜ਼ੋਈ ਵੀ ਹੋਣੀ ਜ਼ਰੂਰੀ ਹੈ। ਮਨੁੱਖ ਨੂੰ ਉਸ ਰਖਵਾਲੇ ਨੂੰ ਰੱਖਿਆ ਕਰਨ ਅਤੇ ਪਾਪੀ ਨੂੰ ਬਚਾਉਣ ਲਈ ਅਰਜ਼ੋਈ ਕਰਨੀ ਚਾਹੀਦੀ ਹੈ। ਨਹੀਂ ਤਾਂ, ਬਿਨਾਂ ਸ਼ੱਕ, ਮਨੁੱਖ ਉਂਝ ਹੀ ਖ਼ਤਮ ਹੋ ਜਾਂਦਾ ਹੈ, ਜਿਵੇਂ ਪਾਣੀ ਵਿਚ ਪੱਥਰ ਡੁੱਬਦਾ ਹੈ।

ਗੰਭੀਰਤਾ ਨਾਲ ਇਸ ਸੱਚਾਈ ਨੂੰ ਮੰਨੇ ਬਗੈਰ ਕਿ ਪ੍ਰਮਾਤਮਾ ਹੀ ਇਸ ਸਾਰੀ ਸ੍ਰਿਸ਼ਟੀ ਦਾ ਪਾਲਣਹਾਰ ਹੈ। ਮਨੁੱਖ ਤ੍ਰਿਸ਼ਨਾ ਦੀ ਅੱਗ ਵਿਚ ਝੁਲਸਦਾ ਰਹਿੰਦਾ ਹੈ ਅਤੇ ਇੰਜ ਮਹਿਸੂਸ ਕਰਦਾ ਹੈ ਜਿਵੇਂ ਕੋਈ ਉਸ ਦੀ ਅੰਦਰੂਨੀ ਸ਼ਾਂਤੀ ਨੂੰ ਚਾਕੂ ਨਾਲ ਕੱਟ ਰਿਹਾ ਹੋਵੇ। ਪ੍ਰਮਾਤਮਾ ਹੀ ਸਭ ਤੋਂ ਵੱਡਾ ਅਤੇ ਸਰਵ-ਉੱਚ ਸ਼ਾਸਕ ਹੈ, ਇਸ ਸੱਚਾਈ ਨੂੰ ਮੰਨ ਕੇ ਹੀ ਮਨੁੱਖ ਸ਼ਾਂਤੀ ਅਤੇ ਪ੍ਰਸੰਨਤਾ ਨਾਲ ਰਹਿ ਸਕਦਾ ਹੈ।

ਉਪਦੇਸ਼ ਨੰਬਰ 166

ਮਨੁੱਖਤਾ, ਜੀਵਨ ਰੂਪੀ ਇਸ ਕੀਮਤੀ ਦਾਤ ਨੂੰ ਵਿਅਰਥ ਹੀ ਗੁਆ ਦਿੰਦੀ ਹੈ—ਇਕ ਕੌੜੀ ਦੇ ਬਦਲੇ ਇਕ ਹੀਰਾ ਦੇ ਦਿੰਦੀ ਹੈ

ਮਨੁੱਖ ਕੇਵਲ ਸੌਣ ਅਤੇ ਖਾਣ-ਪੀਣ ਵਿਚ ਹੀ ਜੀਵਨ ਬਰਬਾਦ ਕਰ ਦਿੰਦਾ ਹੈ। ਇਹ ਇਕ ਕੌੜੀ ਬਦਲੇ ਹੀਰਾ ਦੇਣ ਦੇ ਬਰਾਬਰ ਹੈ। ਪ੍ਰਮਾਤਮਾ ਦੀ ਹੋਂਦ ਤੋਂ ਅਨਜਾਣ ਰਹਿ ਕੇ ਉਹ ਆਪਣਾ ਜੀਵਨ ਵਿਅਰਥ ਗੁਆਉਂਦਾ ਹੈ। ਆਖਿਰ ਵਿਚ, ਇਹ ਮੂਰਖਤਾ ਪਛਤਾਵੇ 'ਤੇ ਖ਼ਤਮ ਹੁੰਦੀ ਹੈ।

ਜੇ ਮਨੁੱਖ ਆਪਣਾ ਜੀਵਨ ਅਥਾਹ ਦੌਲਤ ਇਕੱਠੀ ਕਰਨ ਵਿਚ ਲਗਾਉਂਦਾ ਹੈ ਤਾਂ ਫਿਰ ਉਹ ਅਜਿਹਾ ਹੀ ਕਰਦਾ ਰਹੇਗਾ, ਕਿਉਂਕਿ ਲਾਲਚ ਦੀ ਕੋਈ ਸੀਮਾ ਨਹੀਂ ਹੁੰਦੀ। ਦੌਲਤ ਇਕੱਠੀ ਕਰਨ ਦੇ ਬਾਵਜੂਦ ਮਨੁੱਖ ਨੂੰ ਜੀਵਨ ਦੇ ਅੰਤ ਵਿਚ ਕੁਛ ਵੀ ਹਾਸਿਲ ਨਹੀਂ ਹੁੰਦਾ। ਮਨੁੱਖ ਨੂੰ ਖਾਲੀ ਹੱਥ ਹੀ ਸੰਸਾਰ ਛੱਡ ਕੇ ਜਾਣਾ ਪੈਂਦਾ ਹੈ।

ਇਹ ਵੀ ਸੱਚ ਹੈ ਕਿ ਦਾਅ ਪੇਚਾਂ ਨਾਲ ਪ੍ਰਮਾਤਮਾ ਦੇ ਸਿਮਰਨ ਦੀ ਦਾਤ ਪ੍ਰਾਪਤ ਨਹੀਂ ਹੁੰਦੀ। ਨਹੀਂ ਤਾਂ, ਹਰ ਮਨੁੱਖ ਪ੍ਰਮਾਤਮਾ ਦੇ ਨਾਮ ਸਿਮਰਨ ਦੀ ਦਾਤ ਪ੍ਰਾਪਤ ਕਰ ਲਵੇਗਾ। ਸਿਰਫ ਨਿੱਜੀ ਸਕੀਮਾਂ ਨਾਲ ਨਹੀਂ, ਬਲਕਿ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਨ ਕੇਵਲ ਤਦ ਹੀ ਕਰ ਸਕਦਾ ਹੈ, ਜੇ ਉਸ ਦੀ ਕਿਸਮਤ ਵਿਚ ਲਿਖਿਆ ਹੋਇਆ ਹੈ। ਪ੍ਰਮਾਤਮਾ ਉਸ ਉਤੇ ਆਪਣੀ ਭਗਤੀ ਦੀ ਮੇਹਰ ਕਰਦਾ ਹੈ। ਉਹ ਆਪਣੇ ਸ਼ਰਧਾਲੂ ਦਾ ਸਤਿਕਾਰ ਵੀ ਕਰਦਾ ਹੈ। ਕੇਵਲ ਪ੍ਰਮਾਤਮਾ ਹੀ ਆਪ ਜਾਣਦਾ ਹੈ ਕਿ ਕਿਉਂ ਉਹ ਹੋਰਨਾਂ (ਬਾਕੀ ਸਾਰਿਆਂ) ਨੂੰ ਛੱਡ ਕੇ, ਕੁਛ ਕੁ ਉਤੇ ਹੀ ਆਪਣੀ ਮੇਹਰ ਕਿਉਂ ਕਰਦਾ ਹੈ।

ਉਪਦੇਸ਼ ਨੰਬਰ 167

ਗੁਰੂ ਦੇ ਸਿੱਖ ਦਾ ਪ੍ਰਮਾਤਮਾ ਨਾਲ ਪਿਆਰ ਸੁਭਾਵਿਕ ਅਤੇ ਨਿਸ਼ਕਪਟ ਹੁੰਦਾ ਹੈ

ਜਿਸ ਤਰ੍ਹਾਂ ਜੰਗਲ ਵਿਚ ਰਹਿਣਾ ਅਤੇ ਬਨਸਪਤੀ ਖਾ ਕੇ ਜਿੰਦਾ ਰਹਿਣਾ ਇਕ ਹਿਰਨ ਲਈ ਸੁਭਾਵਕ ਹੈ, ਠੀਕ ਉਸੇ ਤਰ੍ਹਾਂ ਇਕ ਸਿੱਖ ਲਈ ਆਪਣੇ ਗੁਰੂ ਦੀ ਸੇਵਾ ਸਿਮਰਨ ਸੁਭਾਵਕ ਹੈ। ਆਪਣੇ ਰੱਬੀ ਗਿਆਨ ਦੁਆਰਾ ਗੁਰੂ ਇਹ ਉਪਦੇਸ਼ ਸਿਖਾਉਂਦਾ ਹੈ। ਗੁਰੂ ਦਾ ਸਿੱਖ ਇਕ ਵਪਾਰੀ ਹੈ, ਜਿਸ ਦਾ ਵਪਾਰ, ਪ੍ਰਮਾਤਮਾ ਦੇ ਨਾਮ ਦੀ ਦੌਲਤ ਇਕੱਠੀ ਕਰਨਾ ਹੈ।

ਜਿਸ ਤਰ੍ਹਾਂ ਬੁਲਬੁਲ ਦਾ ਅੰਬ ਦੇ ਦਰੱਖਤ ਉਤੇ ਇਧਰ-ਉਧਰ ਉੱਡਣਾ ਅਤੇ ਚਹਿਚਹਾਉਣਾ ਸੁਭਾਵਕ ਹੈ, ਠੀਕ ਉਸੇ ਤਰ੍ਹਾਂ ਸਿੱਖ ਦਾ ਗੁਰੂ ਦੇ ਗਿਆਨ ਦੀ ਸੂਝ-ਬੂਝ ਤੇ ਵਿਚਾਰ ਕਰਨਾ ਸੁਭਾਵਕ ਹੈ। ਸ਼ਰਧਾਲੂ ਸੁਭਾਵਕ ਰੂਪ ਵਿਚ ਹੀ ਆਪਣੇ ਪ੍ਰੀਤਮ ਪਿਆਰੇ ਪ੍ਰਮਾਤਮਾ ਨਾਲ ਮਿਲ ਪੈਂਦਾ ਹੈ।

ਜਿਸ ਤਰ੍ਹਾਂ ਮੱਛੀ ਅਤੇ ਹੋਰ ਪਾਣੀ ਵਿਚ ਰਹਿਣ ਵਾਲੇ ਜੀਵਾਂ ਦਾ ਪਾਣੀ ਵਿਚ ਰਹਿਣਾ ਸੁਭਾਵਕ ਹੈ, ਉਸੇ ਤਰ੍ਹਾਂ ਸਿੱਖ ਦਾ, ਇਸ ਲੋਕ ਅਤੇ ਪਰਲੋਕ ਦੇ ਮਾਲਕ-ਪ੍ਰਮਾਤਮਾ ਦੀ ਇੱਛਾ ਰੱਖਣਾ ਵੀ ਸੁਭਾਵਕ ਹੈ। ਸਿੱਖ, ਖੁੱਲ੍ਹੀਆਂ ਬਾਂਹਵਾਂ ਨਾਲ ਆਪਣੇ ਪ੍ਰਮਾਤਮਾ ਨੂੰ ਮਿਲਣ ਦੀ ਤੀਬਰ ਤਾਂਘ ਰੱਖਦਾ ਹੈ।

ਜਿਸ ਤਰ੍ਹਾਂ ਸੱਪ ਦਾ ਜ਼ਮੀਨ ਉਤੇ ਰਹਿਣਾ ਸੁਭਾਵਕ ਹੈ, ਉਸੇ ਤਰ੍ਹਾਂ ਸਿੱਖ ਵਾਸਤੇ, ਗੁਰੂ ਦੇ ਗਿਆਨ ਮੁਤਾਬਿਕ ਰਹਿਣਾ ਅਤੇ ਨਿਡਰ ਹੋਣਾ ਸੁਭਾਵਕ ਹੈ। ਉਹ ਮਨੁੱਖ, ਜੋ ਪ੍ਰਮਾਤਮਾ ਦੇ ਬਹੁਤ ਨਜ਼ਦੀਕ ਹੈ ਅਤੇ ਉਹ ਪ੍ਰਮਾਤਮਾ ਨਾਲ ਇਕ-ਮਿਕ ਹੈ, ਉਹ ਅਜਿਹਾ ਸਾਥੀ (ਪਤੀ ਜਾਂ ਪਤਨੀ) ਜਿਸ ਦੇ ਵਿਆਹੁਤਾ ਜੀਵਨ ਦੀ ਖ਼ੁਸ਼ੀ ਸਦੀਵੀ ਕਾਇਮ ਰਹਿਣ ਵਾਲੀ ਹੈ।

ਉਪਦੇਸ਼ ਨੰਬਰ 168

ਇਸ ਸੰਸਾਰ ਵਿਚ ਹਰੇਕ ਮਨੁੱਖ ਦੇ ਦਿਨ ਗਿਣੇ-ਚੁਣੇ ਹਨ ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ ਰੱਖੋ

ਜਿਹੜਾ ਮਨ, ਉਸ ਸਿਰਜਣਹਾਰ ਦੀ ਭਗਤੀ ਕਰਦਾ ਹੈ ਅਤੇ ਜੋ ਉਸ ਦੇ ਗੁਣਾਂ ਨੂੰ ਵਿਚਾਰਦਾ ਹੈ, ਉਸ ਦਾ ਪ੍ਰਮਾਤਮਾ ਨਾਲ ਮਿਲਾਪ ਲਿਖਿਆ ਹੋਇਆ ਹੈ। ਅਜਿਹਾ ਮਨੁੱਖ, ਪ੍ਰਮਾਤਮਾ ਨੂੰ ਹਮੇਸ਼ਾ ਆਪਣੇ ਮਨ ਵਿਚ ਵਸਾ ਕੇ ਰੱਖਦਾ ਹੈ। ਪ੍ਰਮਾਤਮਾ ਦੇ ਮਿਲਾਪ ਦੀ ਤਾਂਘ ਰੱਖਣਾ ਸਭਨਾਂ ਦੇ ਲਈ ਲਾਭਦਾਇਕ ਹੁੰਦਾ ਹੈ। ਪ੍ਰਮਾਤਮਾ ਨਾਲ ਮਿਲਾਪ ਨਾਲ ਸਦੀਵੀ ਕਾਇਮ ਰਹਿਣ ਵਾਲੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

ਸਭ ਦਾਤਾਂ ਦੇਣ ਵਾਲਾ ਪ੍ਰਮਾਤਮਾ ਹੈ, ਉਹ ਸ਼ਰਧਾ ਨਾਲ ਕੀਤੇ ਨਾਮ-ਸਿਮਰਨ ਤੇ ਭਗਤੀ ਨਾਲ ਪ੍ਰਸੰਨ ਹੁੰਦਾ ਹੈ। ਉਸ ਦੀਆਂ ਇਸ ਸ੍ਰਿਸ਼ਟੀ ਨੂੰ ਦਿੱਤੀਆਂ ਦਾਤਾਂ ਦਾ ਕੋਈ ਅੰਤ ਨਹੀਂ ਹੈ। ਮਨੁੱਖ ਪ੍ਰਮਾਤਮਾ ਕੋਲੋਂ ਜੋ ਦਾਤਾਂ ਹਾਸਲ ਕਰਦਾ ਹੈ, ਉਹਨਾਂ ਪ੍ਰਤੀ ਕਦੀ ਵੀ ਉੱਤਰਦਾਈ ਨਹੀਂ ਹੋ ਸਕਦਾ। ਬਨਣ ਵਾਲੀ ਦੁਲਹਨ ਦੇ ਰੂਪਕ ਨੂੰ ਧਿਆਨ ਨਾਲ ਦੇਖੋ। ਸਭ ਤੋਂ ਪਹਿਲਾਂ ਵਿਆਹ ਦਾ ਸਮਾਂ ਅਤੇ ਤਾਰੀਖ ਨਿਸ਼ਚਿਤ ਕੀਤੀ ਜਾਂਦੀ ਹੈ। ਫਿਰ ਵਿਆਹ ਤੋਂ ਕੁਛ ਦਿਨ ਪਹਿਲਾਂ, ਦੁਲਹਨ ਦੇ ਚੰਗੇ ਭਵਿੱਖ ਦੀ ਕਾਮਨਾ ਕਰਨ ਲਈ ਕੁਛ ਉਤਸਵ ਮਨਾਏ ਜਾਂਦੇ ਹਨ। ਆਖਿਰ ਵਿਚ, ਦੁਲਹਨ ਦੀ ਸ਼ਾਦੀ ਹੋ ਜਾਂਦੀ ਹੈ ਅਤੇ ਉਹ ਆਪਣੇ ਪਤੀ ਨਾਲ ਰਹਿਣ ਲਈ ਵਿਦਾ ਹੁੰਦੀ ਹੈ। ਠੀਕ ਇਸੇ ਤਰ੍ਹਾਂ ਸਾਡੇ ਵਿੱਚੋਂ ਹਰੇਕ ਮਨੁੱਖ ਨੇ ਇਸ ਸੰਸਾਰ ਤੋਂ ਵਿਦਾ ਹੋਣਾ ਹੈ। ਪ੍ਰਮਾਤਮਾ ਦਾ ਸ਼ਰਧਾਲੂ ਬਾਕੀ ਸਾਥੀ ਸ਼ਰਧਾਲੂਆਂ ਨੂੰ, ਉਸ ਦੇ ਪ੍ਰਮਾਤਮਾ ਨਾਲ ਮਿਲਾਪ ਲਈ ਅਰਜ਼ੋਈ ਕਰਨ ਲਈ ਕਹਿੰਦਾ ਹੈ।

ਸਾਡੇ ਵਿੱਚੋਂ ਸਾਰਿਆਂ ਦਾ ਇਸ ਸੰਸਾਰ ਵਿੱਚੋਂ ਜਾਣਾ ਨਿਰਧਾਰਿਤ ਹੈ। ਆਪਣੇ ਚਾਰੇ ਪਾਸੇ ਨਜ਼ਰ ਮਾਰੋ, ਅਜਿਹੇ ਬੁਲਾਵੇ ਹਰ ਸਮੇਂ ਆਉਂਦੇ ਹੀ ਰਹਿੰਦੇ ਹਨ। ਸਹੀ ਗੱਲ ਤਾਂ

ਇਹ ਹੈ ਕਿ ਇਸ ਨਾ ਰੋਕੇ ਜਾ ਸਕਣ ਵਾਲੇ ਬੁਲਾਵੇ (ਸੱਦੇ) ਨੂੰ ਸਵੀਕਾਰ ਕਰੋ। ਇਸ ਲਈ ਉਸ ਦਾ ਸੱਦਾ ਦੇਣ ਵਾਲੇ ਦੇ ਪ੍ਰਤੀ ਸਮਰਪਿਤ ਹੋਣ ਵਿਚ ਹੋਰ ਸਮਾਂ ਨਾ ਲਗਾਓ।

9. ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ ਤੋਂ ਲਏ ਗਏ ਉਪਦੇਸ਼

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

(ਅੰਗ ੨੨੦-੨੨੮, ਸ੍ਰੀ ਗੁਰੂ ਗ੍ਰੰਥ ਸਾਹਿਬ)

ਉਪਦੇਸ਼ ਨੰਬਰ 169

ਗੁਰੂ ਦਾ ਗਿਆਨ ਮਨੁੱਖ ਦਾ ਨਜ਼ਰੀਆ ਅਤੇ ਚਰਿੱਤਰ ਬਦਲ ਦਿੰਦਾ ਹੈ

ਗੁਰੂ ਦਾ ਗਿਆਨ, ਸਿੱਖ ਦੇ ਜੀਵਨ ਬਾਰੇ ਨਜ਼ਰੀਏ ਵਿਚ ਮੁੱਢਲੀਆਂ ਤਬਦੀਲੀਆਂ ਲਿਆਉਣ ਵਿਚ ਮਦਦ ਕਰਦਾ ਹੈ। ਸਿੱਖ ਉਸ ਪਰਮ-ਪਵਿਤ੍ਰ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ। ਉਹ ਵਿਲੱਖਣ ਤਾਕਤਾਂ ਦੇ ਖ਼ਜ਼ਾਨੇ-ਪ੍ਰਮਾਤਮਾ ਦੇ ਨਾਮ 'ਤੇ ਵਿਚਾਰ ਕਰਦਾ ਹੈ। ਪ੍ਰਮਾਤਮਾ ਦਾ ਨਾਮ ਮਨ ਵਿਚ ਹੁੰਦਿਆਂ, ਜ਼ਹਿਰੀਲੇ ਪ੍ਰਲੋਭਨ ਨਸ਼ਟ ਹੋ ਜਾਂਦੇ ਹਨ ਅਤੇ ਮਨੁੱਖ, ਜੀਵਨ ਦੇ ਤਿੰਨ ਤਰ੍ਹਾਂ ਦੇ ਜਾਲਾਂ ਤੋਂ ਮੁਕਤ ਹੋ ਜਾਂਦਾ ਹੈ (ਇਹਨਾਂ ਤਿੰਨਾਂ ਨੂੰ 'ਤ੍ਰਿਕੁਟੀ' ਕਿਹਾ ਜਾਂਦਾ ਹੈ ਅਤੇ ਇਹ ਪ੍ਰਮਾਤਮਾ ਤੋਂ ਵਿਛੋੜੇ ਦੇ ਕਾਰਣ ਹਨ। ਦੂਸਰੇ ਸ਼ਬਦਾਂ ਵਿਚ ਜੀਵਨ ਦਾ ਕੋਈ ਵੀ ਨਜ਼ਰੀਆ, ਜੋ ਪ੍ਰਮਾਤਮਾ ਨਾਲੋਂ ਵਿਛੋੜਾ ਪਾਉਂਦਾ ਹੈ, ਉਹ ਅਹੰਕਾਰ ਦੇ ਕਾਰਣ ਹੀ ਹੁੰਦਾ ਹੈ। ਅਹੰਕਾਰ 'ਤ੍ਰਿਕੁਟੀ' ਦਾ ਆਮ ਗੁਣ ਹੈ)।

ਗੁਰੂ ਦੇ ਸਿੱਖ ਦਾ ਮਨ ਸੰਤੁਲਨ, ਸੰਤੁਸ਼ਟੀ ਅਤੇ ਸ਼ਾਂਤੀ ਦਾ ਆਨੰਦ ਮਾਣਦਾ ਹੈ। ਗੁਰੂ ਦਾ ਬੇਦਾਗ਼ ਗਿਆਨ, ਸਿੱਖ ਦੇ ਮਨ ਦੇ ਸਾਰੇ ਸ਼ੰਕੇ ਦੂਰ ਕਰਦਾ ਹੈ, ਜੋ ਪ੍ਰਮਾਤਮਾ ਤੋਂ ਵਿਛੋੜੇ ਦੇ ਕਾਰਣ ਹਨ। ਪ੍ਰਮਾਤਮਾ ਦੀ ਮੇਹਰ ਨਾਲ, ਉਹਨਾਂ ਝੂਠੇ ਪ੍ਰਲੋਭਨਾਂ ਦੀ ਪਛਾਣ ਹੋ ਜਾਂਦੀ ਹੈ, ਕਿਉਂਕਿ ਉਹ ਧੋਖਾ ਦੇਣ ਵਾਲੇ ਅਤੇ ਮਨ ਵਿਚ ਜ਼ਹਿਰ ਭਰਨ ਵਾਲੇ ਹੁੰਦੇ ਹਨ।

ਗੁਰੂ ਦਾ ਗਿਆਨ ਸਿੱਖ ਨੂੰ ਪ੍ਰਮਾਤਮਾ ਨਾਲ ਜੋੜਦਾ ਹੈ। ਸਿੱਖ ਦੇ ਨਜ਼ਰੀਏ ਅਤੇ ਚਰਿੱਤਰ ਵਿਚ ਤਬਦੀਲੀ ਆਉਂਦੀ ਹੈ। ਉਹ ਪ੍ਰਮਾਤਮਾ ਦੇ ਨਾਮ ਦੇ ਅੰਮ੍ਰਿਤ ਦਾ ਆਨੰਦ ਮਾਣਦਾ ਹੈ ਅਤੇ ਝੂਠ ਦੇ ਜ਼ਹਿਰੀਲੇ ਪ੍ਰਲੋਭਨਾਂ ਨੂੰ ਨਕਾਰਦਾ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਨਾਲ ਮੌਤ ਦੇ ਡਰ 'ਤੇ ਕਾਬੂ ਪਾਇਆ ਜਾਂਦਾ ਹੈ। ਝਗੜਾਲੂ ਅਤੇ ਹੰਕਾਰੀ ਕੌਮਾਂ ਦੀ ਰੁਚੀ ਖਤਮ ਹੋ ਜਾਂਦੀ ਹੈ।

ਸਿੱਖ ਗੁਰੂ ਦੀ ਸੇਵਾ-ਸਿਮਰਨ ਵਿਚ ਲੀਨ ਹੋ ਜਾਂਦਾ ਹੈ, ਜਿਸ ਦੇ ਹੁਕਮਾਂ ਨੂੰ ਕੋਈ ਟਾਲ ਨਹੀਂ ਸਕਦਾ। ਉਸ ਦਾ ਵਰਤਾਉ ਉੱਚਾ ਹੋ ਜਾਂਦਾ ਹੈ। ਪ੍ਰਮਾਤਮਾ ਦੇ ਸਿਮਰਨ ਤੋਂ

ਬਗੈਰ, ਅਜਿਹੇ ਵਿਵਹਾਰ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਪ੍ਰਮਾਤਮਾ ਦੀ ਮੇਹਰ ਨਾਲ, ਗੁਰੂ ਦਾ ਸਿੱਖ ਅਧਿਆਤਮਿਕ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ।

ਕੇਵਲ ਪ੍ਰਮਾਤਮਾ ਹੀ ਸੱਚਾ ਮਿੱਤਰ ਹੈ। ਫਿਰ ਕਿਸੇ ਹੋਰ ਨਾਲ ਮਿੱਤਰਤਾ ਦੀ ਲੋੜ ਨਹੀਂ ਰਹਿੰਦੀ। ਮਨੁੱਖ ਨੂੰ ਕਿਸ ਦਾ ਸਨਮਾਨ ਅਤੇ ਵਿਸ਼ਵਾਸ ਕਰਨਾ ਚਾਹੀਦਾ ਹੈ ? ਕਿਸ ਕੋਲੋਂ ਨਿਮਰਤਾ ਸਹਿਤ ਪ੍ਰਮਾਤਮਾ ਦੇ ਗੁਣਾਂ ਬਾਰੇ ਅਤੇ ਉਸ ਨਾਲ ਮਿਲਾਪ ਦੇ ਮਾਰਗ ਬਾਰੇ ਜਾਣਿਆ ਜਾ ਸਕਦਾ ਹੈ ? ਉੱਤਰ ਹੈ : ਪੂਰੀ ਨਿਮਰਤਾ ਨਾਲ ਗੁਰੂ ਦੀ ਸੇਵਾ ਕਰੇ। ਪ੍ਰਮਾਤਮਾ ਦੀ ਭਗਤੀ ਕਰੇ। ਮਜ਼ੇ ਨਾਲ ਗੁਰੂ ਦੇ ਗਿਆਨ ਮਾਣਦਾ ਹੈ। ਇਕ ਗੱਲ ਮੰਨ ਲਓ ਕਿ ਪ੍ਰਮਾਤਮਾ ਦਾ ਮਿਲਾਪ ਤਾਂ ਹੀ ਸੰਭਵ ਹੈ, ਜੇ ਉਹ ਆਪ ਅਜਿਹਾ ਚਾਹੇ ਤਾਂ।

ਮਨ ਵਿਚ ਅਧਿਆਤਮਿਕ ਕੇਂਦਰੀਕਰਨ, ਮਨੁੱਖ ਦੇ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਲਿਆਉਂਦਾ ਹੈ। ਇਹ ਕੇਂਦਰੀਕਰਨ ਅਹੰਕਾਰ ਤੋਂ ਵੀ ਮੁਕਤੀ ਦਵਾਉਂਦਾ ਹੈ। ਗੁਰੂ ਦੀਆਂ ਸਿੱਖਿਆਵਾਂ ਨਾਲ ਹਾਸਿਲ ਹੋਇਆ ਗਿਆਨ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦਾ ਹੈ। ਗੁਰੂ ਦੀਆਂ ਸਿੱਖਿਆਵਾਂ ਨਾਲ ਮਨ ਵਿਚ ਉਤਪੰਨ ਹੋਈਆਂ ਨਿਰਮਲ ਜਜ਼ਬੇ (ਸੰਵੇਦਨਸ਼ੀਲਤਾਵਾਂ) ਚਿਰ ਸਥਾਈ ਹੁੰਦੀਆਂ ਹਨ। ਇਸ ਤਰ੍ਹਾਂ ਰਚਨਾਕਾਰ ਦੀ ਸੋਝੀ ਆਉਂਦੀ ਹੈ।

ਗੁਰੂ ਦਾ ਸਿੱਖ ਪੂਰੀ ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ ਅਤੇ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ। ਇਹ ਉਸ ਨੂੰ ਉਹਨਾਂ ਹਰਕਤਾਂ ਨੂੰ ਕਰਨ ਤੋਂ ਰੋਕਦਾ ਹੈ, ਜੋ ਪ੍ਰਮਾਤਮਾ ਦੇ ਸਿਮਰਨ ਦੇ ਅਨੁਕੂਲ ਨਹੀਂ ਹੁੰਦੀਆਂ। ਉਹ ਪ੍ਰਮਾਤਮਾ ਬਾਰੇ ਦਲੀਲਬਾਜ਼ੀ ਵਿਚ ਨਹੀਂ ਉਲਝਦਾ। ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਦੇ ਸਰਵ-ਉੱਚ ਸ਼ਾਸਕ ਵਜੋਂ ਦੇਖਦਾ ਹੈ। ਸਿੱਖ ਗਲਤੀ ਨਾਲ ਜਾਂ ਕਿਸੇ ਸ਼ੱਕ ਕਾਰਣ ਆਪਣਾ ਵਿਸ਼ਵਾਸ ਨਹੀਂ ਡੋਲਾਉਂਦਾ। ਉਹ ਨਾ ਹੀ ਦੁਨਿਆਵੀ ਤੌਰ 'ਤੇ ਅਕਲਮੰਦ ਅਤੇ ਨਾ ਹੀ ਪੰਡਿਤ ਬਨਣ ਦੀ ਇੱਛਾ ਰੱਖਦਾ ਹੈ।

ਉਪਦੇਸ਼ ਨੰਬਰ 170

ਇਕ ਮਨਮੁਖ ਮਨ ਜੰਗਲ ਦੇ ਹਾਥੀ ਵਾਂਗ ਹੁੰਦਾ ਹੈ

ਗੁਰੂ ਦੀਆਂ ਸਿੱਖਿਆਵਾਂ ਤੋਂ ਅਨਜਾਣ ਮਨ, ਜੰਗਲ ਦੇ ਹਾਥੀ ਵਾਂਗ ਹੁੰਦਾ ਹੈ। ਅਜਿਹਾ ਮਨ ਸਰੀਰ ਨੂੰ ਜੰਗਲੀ ਕਰਮ ਕਰਨ ਲਈ ਮਜ਼ਬੂਰ ਕਰਦਾ ਹੈ। ਇਹ ਗੁਰੂ ਦੀ ਸਿੱਖਿਆ ਹੀ ਹੈ, ਜੋ ਮਨੁੱਖ ਦੇ ਮਨ ਨੂੰ ਕਾਬੂ ਵਿਚ ਲਿਆਉਂਦੀ ਹੈ। ਮਨ, ਪ੍ਰਮਾਤਮਾ ਦੇ ਸਨਮਾਨ ਦੇ ਕਾਬਿਲ ਬਣ ਜਾਂਦਾ ਹੈ।

ਸਿਰਫ਼ ਆਪਣੀ ਅਕਲ ਨਾਲ ਹੀ ਪ੍ਰਮਾਤਮਾ ਨੂੰ ਸਮਝਿਆ ਨਹੀਂ ਜਾ ਸਕਦਾ। ਅਹੰਕਾਰ ਤੋਂ ਛੁਟਕਾਰਾ ਪਾ ਕੇ ਹੀ ਮਨੁੱਖ ਪ੍ਰਮਾਤਮਾ ਦੀ ਕਦਰ ਜਾਨਣ ਲੱਗਦਾ ਹੈ। ਇਹ ਸਭ ਕੇਵਲ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ ਸੰਭਵ ਹੈ।

ਮਨ, ਇੱਛਾਵਾਂ ਦੇ ਕਾਬੂ ਹੇਠ, ਪ੍ਰਮਾਤਮਾ ਦੇ ਨਾਮ ਦੇ ਅੰਮ੍ਰਿਤ ਵਿਚ ਨਹੀਂ ਰੁੱਝਦਾ। ਇਹ ਇੱਛਾਵਾਂ, ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਦੇ ਮੌਕਿਆਂ ਤੋਂ ਪਰ੍ਹੇ ਲੈ ਜਾਂਦੀਆਂ ਹਨ, ਕਿਉਂਕਿ ਉਹ ਲਗਾਤਾਰ ਮਨ ਨੂੰ ਝੂਠ ਦੇ ਪਿੱਛੇ ਪਾਗਲ ਕਰਾਈ ਛੱਡਦੀਆਂ ਹਨ। ਜੇ ਪ੍ਰਮਾਤਮਾ ਮਨੁੱਖ ਦਾ ਆਦਰ ਕਰਨਾ ਚਾਹੇ ਤਾਂ ਫਿਰ ਪ੍ਰਮਾਤਮਾ ਦੇ ਦਖ਼ਲ ਨਾਲ ਮਨੁੱਖ ਇਸ ਸਥਿਤੀ ਤੋਂ ਬਚ ਸਕਦਾ ਹੈ।

ਮਨ ਘੋਰ ਨਿਰਾਸ਼ਾ ਕਾਰਣ ਦੁੱਖ ਭੋਗਦਾ ਹੈ। ਇਹ ਹਾਲਤ, ਬਹੁਤ ਤੇਜ਼ ਬਲਦੀ ਅੱਗ ਵਰਗੀ ਹੁੰਦੀ ਹੈ, ਜਿਸ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਤ੍ਰਿਸ਼ਨਾ ਦੀ ਅੱਗ, ਗੁਰੂ ਦੇ ਗਿਆਨ ਦੁਆਰਾ ਬੁੱਝਦੀ ਹੈ। ਫਿਰ ਮਨ, ਪ੍ਰਮਾਤਮਾ ਨੂੰ ਸਿਮਰ ਕੇ ਆਨੰਦ ਦਾ ਅਨੁਭਵ ਕਰਦਾ ਹੈ।

ਗੁਰੂ ਦਾ ਸਿੱਖ, ਹਰ ਤਰ੍ਹਾਂ ਦੇ ਹਾਲਾਤ ਵਿਚ ਪ੍ਰਮਾਤਮਾ 'ਤੇ ਕੇਂਦਰਿਤ ਰਹਿੰਦਾ ਹੈ। ਉਸ ਨੂੰ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਲਈ, ਕਿਸੇ ਗੁਫਾ ਦੀ ਇਕੱਲਤਾ ਲੱਭਣ ਦੀ ਲੋੜ ਨਹੀਂ ਹੁੰਦੀ। ਉਸ ਦਾ ਪ੍ਰਮਾਤਮਾ, ਜੋ ਕਿ ਨਿਡਰ ਹੈ, ਉਹ ਪਹਾੜਾਂ ਵਿਚ ਵੀ ਹੈ ਅਤੇ ਸਮੁੰਦਰਾਂ ਵਿਚ ਵੀ ਹੈ।

ਇਹਨਾਂ ਝੂਠੇ ਪ੍ਰਲੋਭਨਾਂ ਦਾ ਉਸ ਮਨ 'ਤੇ ਕੋਈ ਪ੍ਰਭਾਵ ਨਹੀਂ ਹੁੰਦਾ, ਜੋ ਮੁਕਤ ਹੈ—ਪ੍ਰਲੋਭਨਾਂ ਪ੍ਰਤੀ ਨਿਰਜੀਵ ਹੈ—ਝੂਠ ਦੇ ਬੰਧਨਾਂ ਤੋਂ ਮੁਕਤ ਹੈ। ਅਜਿਹਾ ਮੁਕਤ ਮਨ ਹਰ ਤਰ੍ਹਾਂ ਦੇ ਭੈਅ (ਡਰ) ਤੋਂ ਵੀ ਮੁਕਤ ਹੁੰਦਾ ਹੈ। ਹੇਠ ਲਿਖੀਆਂ ਦੋ ਉਦਾਹਰਨਾਂ ਉਪਰੋਕਤ ਕੜੀਆਂ ਨੂੰ ਜੋੜਦੀਆਂ ਹਨ।

(1) ਮਰੇ ਹੋਏ ਨੂੰ ਮੌਤ ਦਾ ਡਰ ਸੰਭਵ ਨਹੀਂ। (2) ਕਿਸੇ ਨਿਡਰ ਮਨੁੱਖ ਨੂੰ ਕੋਈ ਵੀ ਡਰ ਨਹੀਂ ਡਰਾ ਸਕਦਾ। ਗੁਰੂ ਦੇ ਗਿਆਨ ਨਾਲ, ਝੂਠ ਪ੍ਰਤੀ ਮਰੇ ਹੋਏ ਮਨੁੱਖ ਨੂੰ ਕੋਈ ਵੀ ਪ੍ਰਲੋਭਨ ਲੁਭਾ ਨਹੀਂ ਸਕਦਾ। ਜਿਹੜਾ ਮਨ ਗੁਰੂ ਦੀ ਸਿੱਖਿਆ ਨਾਲ ਨਿਡਰ ਹੋ ਜਾਂਦਾ ਹੈ ਉਸ ਮਨ ਨੂੰ ਕੋਈ ਵੀ ਡਰਾ ਨਹੀਂ ਸਕਦਾ। ਗੁਰੂ ਦਾ ਗਿਆਨ, ਸਿੱਖ ਨੂੰ ਹਰ ਪਾਸੇ ਪ੍ਰਮਾਤਮਾ ਦੀ ਹੋਂਦ ਦਾ ਅਨੁਭਵ ਕਰਾਉਣ ਦੇ ਕਾਬਿਲ ਬਣਾਉਂਦਾ ਹੈ। ਉਸ ਦਾ ਪ੍ਰਮਾਤਮਾ ਦਾ ਅਨੁਭਵ ਸਾਫ਼ ਹੋ ਜਾਂਦਾ ਹੈ।

ਪ੍ਰਮਾਤਮਾ ਬਾਰੇ ਸਿਰਫ਼ ਗੱਲਬਾਤ ਅਤੇ ਪ੍ਰਮਾਤਮਾ ਨਾਲ ਸਾਂਝ, ਦੋਨਾਂ ਵਿਚ ਸਾਫ਼ ਅੰਤਰ ਹੈ। ਜਦੋਂ ਮਨੁੱਖ ਨੂੰ ਪ੍ਰਮਾਤਮਾ ਨਾਲ ਸਾਂਝ ਦਾ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਤਾਂ ਫਿਰ ਉਸ ਦਾ ਮਨ ਕੇਵਲ ਸੋਚ-ਵਿਚਾਰ ਤੋਂ ਉੱਪਰ ਉੱਠ ਜਾਂਦਾ ਹੈ।

ਪ੍ਰਮਾਤਮਾ ਦੀ ਭਗਤੀ ਮਨੁੱਖ ਨੂੰ ਝੂਠ ਤੋਂ ਛੁਟਕਾਰਾ ਅਤੇ ਮਨ ਦੀ ਸੁੰਦਰਤਾ ਪ੍ਰਦਾਨ ਕਰਦੀ ਹੈ। ਜਾਗਰੁਕਤਾ ਦੀ ਅਜਿਹੀ ਸਥਿਤੀ ਵਿਚ ਮਨੁੱਖ ਪ੍ਰਮਾਤਮਾ ਦੀ ਸਰਬ-ਵਿਆਪਕਤਾ ਵੀ ਦੇਖਦਾ ਹੈ ਅਤੇ ਜਾਗਰੁਕਤਾ ਦੀ ਅਜਿਹੀ ਸਥਿਤੀ ਵਿਚ ਮਨੁੱਖ

ਅੰਦਰੂਨੀ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੁਭਵ ਕਰਦਾ ਹੈ।

ਪ੍ਰਮਾਤਮਾ ਦੇ ਅਨੇਕਾਂ ਭਗਤ ਹਨ। ਉਹ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਵਿਚ ਜੁੜੇ ਰਹਿੰਦੇ ਹਨ। ਉਹ ਸਾਰੇ ਪੂਰੀ ਤਰ੍ਹਾਂ ਪਵਿੱਤਰ ਹਨ, ਕਿਉਂਕਿ ਉਹ ਸਦਾ ਕਾਇਮ ਰਹਿਣ ਵਾਲੇ ਸੱਚੇ ਪ੍ਰਮਾਤਮਾ ਦਾ ਚਿੰਤਨ ਕਰਦੇ ਹਨ। ਇਹ ਸਦਾ ਹੀ ਹੁੰਦਾ ਹੈ ਕਿ ਜੋ ਮਨੁੱਖ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ।

ਉਪਦੇਸ਼ ਨੰਬਰ 171

ਮਨ ਨੂੰ ਭ੍ਰਿਸ਼ਟ ਕਰਨ ਵਾਲੀਆਂ ਇੱਛਾਵਾਂ ਨੂੰ ਦਬਾਏ ਬਗੈਰ, ਸ਼ਾਂਤੀ, ਪ੍ਰਸੰਨਤਾ ਅਤੇ ਪ੍ਰਮਾਤਮਾ ਦੀ ਭਗਤੀ ਪ੍ਰਾਪਤ ਨਹੀਂ ਹੋ ਸਕਦੀ

ਜਦੋਂ ਤੱਕ ਮਨੁੱਖ ਆਪਣੇ ਮਨ 'ਤੇ ਕਾਬੂ ਨਹੀਂ ਪਾਉਂਦਾ, ਓਨੀ ਦੇਰ ਉਹ ਆਪਣੇ ਜੀਵਨ ਦੇ ਅਸਲ ਉਦੇਸ਼ ਦੀ ਪ੍ਰਾਪਤੀ ਵਿਚ ਅਸਫਲ ਹੀ ਰਹਿੰਦਾ ਹੈ। ਮਨੁੱਖ ਇੱਛਾਵਾਂ ਦੇ ਅਧੀਨ ਰਹਿੰਦਾ ਹੈ, ਜੋ ਉਸ ਦੇ ਮਨ ਨੂੰ ਭ੍ਰਿਸ਼ਟ ਕਰਦੀਆਂ ਹਨ। ਪ੍ਰਮਾਤਮਾ ਤੋਂ ਵਿਛੋੜਾ ਖ਼ਤਮ ਹੀ ਨਹੀਂ ਹੁੰਦਾ। ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ, ਮਨ ਨੂੰ ਸਹੀ ਮਾਰਗ 'ਤੇ ਲਿਆਇਆ ਜਾਂਦਾ ਹੈ। ਫਿਰ ਉਸ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਅਤੇ ਉਹ ਜੀਵਨ ਦੇ ਸਹੀ ਉਦੇਸ਼ ਨੂੰ ਪਾਉਣ ਵਿਚ ਸਫਲ ਹੋ ਜਾਂਦਾ ਹੈ। ਪ੍ਰਮਾਤਮਾ ਦੇ ਗੁਣਾਂ ਨੂੰ ਸਮਝ ਕੇ, ਪਤਿਤ ਮਨ ਪਵਿਤ੍ਰ ਹੋ ਜਾਂਦਾ ਹੈ। ਫਿਰ ਅਹੰਕਾਰ ਦੀ ਜਗ੍ਹਾ ਮਨੁੱਖ ਦਾ ਕੇਂਦਰ ਪ੍ਰਮਾਤਮਾ ਬਣ ਜਾਂਦਾ ਹੈ।

ਮਨ ਵਿਚ ਮਾੜੇ ਵਿਚਾਰ ਅਤੇ ਮਾੜੇ ਕਰਮ ਵਾਸ ਕਰਨ ਲੱਗਦੇ ਹਨ ਅਤੇ ਫਿਰ ਉਹ ਪਾਪ ਕਰਨ ਲੱਗਦਾ ਹੈ। ਜੋ ਮਨ, ਪ੍ਰਮਾਤਮਾ ਦੇ ਮਿਲਾਪ ਵਿਚ ਹੁੰਦਾ ਹੈ, ਉਸ ਨੂੰ ਹਰ ਪਾਸੇ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਮਾੜੀ ਸੋਚ ਵਾਲਾ ਮਨ ਝੂਠ ਦਾ ਹੀ ਪਿੱਛਾ ਕਰਦਾ ਰਹਿੰਦਾ ਹੈ ਅਤੇ ਦੈਵੀ ਚੀਜ਼ਾਂ ਵੱਲ ਕਦੀ ਨਹੀਂ ਮੁੜਦਾ। ਜੀਵਨ ਦਾ ਸੱਚਾ ਉਦੇਸ਼ ਪ੍ਰਮਾਤਮਾ ਦਾ ਸਿਮਰਨ ਹੈ। ਜੇ ਕੋਈ ਮਨੁੱਖ ਬਹੁਤ ਖੂਬਸੂਰਤ ਹਾਥੀਆਂ, ਘੋੜਿਆਂ ਅਤੇ ਸੋਨੇ ਦਾ ਮਾਲਕ ਹੋਵੇ, ਜਾਂ ਜੇ ਕੋਈ ਇਹ ਸੋਚਦਾ ਹੈ ਕਿ ਆਪਣੀ ਪਤਨੀ ਅਤੇ ਬੱਚਿਆਂ ਨੂੰ ਪਿਆਰ ਕਰਨ ਤੋਂ ਵੱਧ ਹੋਰ ਕੋਈ ਵੀ ਦੁਨੀਆਂ ਵਿਚ ਕੀਮਤੀ ਚੀਜ਼ ਨਹੀਂ ਹੈ, ਤਾਂ ਫਿਰ ਉਹ ਬਹੁਤ ਵੱਡੀ ਅਸਫਲਤਾ ਝੇਲ ਕੇ ਖਤਮ ਹੋ ਜਾਂਦਾ ਹੈ। ਇਹ ਇਕ ਤਰ੍ਹਾਂ ਦਾ ਜੂਆ ਖੇਡਣ ਦੇ ਵਾਂਗ ਹੁੰਦਾ ਹੈ, ਜਿਸ ਵਿਚ ਮਨੁੱਖ ਯਕੀਨਨ ਹਾਰਦਾ ਹੈ।

ਜੇ ਮਨੁੱਖ ਆਪਣਾ ਜੀਵਨ ਦੌਲਤ ਇਕੱਠੀ ਕਰਨ ਵਿਚ ਬਿਤਾਉਂਦਾ ਹੈ, ਤਾਂ ਫਿਰ ਇਹ ਕਾਰਜ ਉਸ ਨੂੰ ਮਾੜੇ ਕਰਮਾਂ ਵੱਲ ਲੈ ਜਾਵੇਗਾ ਅਤੇ ਫਿਰ ਮਨੁੱਖ ਅਜਿਹੀ ਸਥਿਤੀ ਤੋਂ ਬਚ ਨਹੀਂ ਸਕਦਾ। ਜਿੱਥੇ ਉਹ ਇਕ ਪਲ ਖ਼ੁਸ਼ ਹੁੰਦਾ ਹੈ ਅਤੇ ਅਗਲੇ ਹੀ ਪਲ ਉਦਾਸ। "ਸਦਾ ਕਾਇਮ ਰਹਿਣ ਵਾਲੀ ਸ਼ਾਂਤੀ ਅਤੇ ਪ੍ਰਸੰਨਤਾ" ਕੇਵਲ ਤਾਂ ਹੀ ਹਾਸਿਲ ਕੀਤੀ ਜਾਂਦੀ ਹੈ,

ਜੇ ਮਨ ਪੂਰੀ ਸ਼ਰਧਾ ਨਾਲ ਅਤੇ ਲਗਾਤਾਰ ਪ੍ਰਮਾਤਮਾ ਦੀ ਭਗਤੀ ਵਿਚ ਜੁੜਦਾ ਹੈ।

ਸਿਰਫ਼ ਪ੍ਰਮਾਤਮਾ ਦੀ ਮੇਹਰ ਨਾਲ ਮਨੁੱਖ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ। ਗੁਰੂ ਦਾ ਗਿਆਨ ਮਨੁੱਖ ਨੂੰ ਗੁਣਾਂ ਨੂੰ ਅਪਨਾਉਣ ਅਤੇ ਬੁਰਾਈਆਂ ਨੂੰ ਖਤਮ ਕਰਨ ਵਿਚ ਮਦਦ ਕਰਦਾ ਹੈ। ਗੁਰੂ ਦਾ ਸਿੱਖ ਪ੍ਰਮਾਤਮਾ ਦੀ ਭਗਤੀ ਕਰਦਾ ਹੈ।

ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ, ਮਨੁੱਖ ਦੁੱਖਾਂ ਤੋਂ ਬਚ ਨਹੀਂ ਸਕਦਾ। ਭ੍ਰਿਸ਼ਟ ਮਨ ਗੁਰੂ ਦੀ ਸਿੱਖਿਆ ਤੋਂ ਬਗੈਰ ਝੂਠੇ ਕਾਰਜਾਂ ਵਿੱਚ ਲੱਗਾ ਰਹਿੰਦਾ ਹੈ। ਗੁਰੂ ਦਾ ਸਿੱਖ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦਾ ਹੈ, ਕਿਉਂਕਿ ਪ੍ਰਮਾਤਮਾ ਨੇ ਹੀ ਉਸ ਲਈ ਅਜਿਹਾ ਨਿਧਾਰਿਤ ਕੀਤਾ ਹੁੰਦਾ ਹੈ।

ਮਨ ਸੁਭਾਵਕ ਤੌਰ 'ਤੇ ਹੀ ਅਸ਼ਾਂਤ ਹੁੰਦਾ ਹੈ। ਇਹ ਫਜ਼ੂਲ ਦੇ ਵਿਚਾਰਾਂ ਅਤੇ ਕਰਮਾਂ ਵਿਚ ਰੁੱਝਿਆ ਰਹਿੰਦਾ ਹੈ। ਸਦੀਵੀ ਪਵਿੱਤਰ ਅਤੇ ਸ਼ੁੱਧ ਰਹਿਣ ਵਾਲੇ ਪ੍ਰਮਾਤਮਾ ਨੂੰ ਪਾਪ ਬਿਲਕੁਲ ਪਸੰਦ ਨਹੀਂ। ਗੁਰੂ ਦਾ ਸਿੱਖ, ਪ੍ਰਮਾਤਮਾ ਦੀ ਸਿਫ਼ਤ ਸਾਲਾਹ ਗਾ ਕੇ ਪ੍ਰਮਾਤਮਾ ਦੀ ਪੂਜਾ ਕਰਦਾ ਹੈ।

ਉਪਦੇਸ਼ ਨੰਬਰ 172

ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਨ ਦਾ ਇੱਕੋ ਇਕ ਮਾਰਗ ਪ੍ਰਮਾਤਮਾ ਦੀ ਭਗਤੀ ਹੈ

ਅਹੰਕਾਰ ਵਿਚ ਅਤੇ ਪ੍ਰਮਾਤਮਾ ਤੋਂ ਵਿਛੜ ਕੇ ਕੋਈ ਵੀ ਮਨੁੱਖ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਨਹੀਂ ਕਰ ਸਕਦਾ। ਪ੍ਰਮਾਤਮਾ ਸੱਚਾਈ ਦੀ ਮੂਰਤ ਹੈ। ਰੱਬੀ ਗਿਆਨ ਦੀ ਕਮੀ ਕਾਰਣ, ਮਨੁੱਖ ਝੂਠ ਦੇ ਪਿੱਛੇ ਲੱਗਦਾ ਹੈ। ਜੇ ਮਨੁੱਖ ਪ੍ਰਮਾਤਮਾ ਤੋਂ ਵਿਛੜ ਕੇ ਜੀਵਨ ਬਤੀਤ ਕਰਦਾ ਹੈ ਤਾਂ ਫਿਰ ਪੂਰੀ ਤਰ੍ਹਾਂ ਅਸਫਲ ਜੀਵਨ ਜੀ ਰਿਹਾ ਹੁੰਦਾ ਹੈ। ਪਰ ਇਹ ਵੀ ਇਕ ਸੱਚਾਈ ਹੈ ਕਿ ਮਨੁੱਖ ਪ੍ਰਮਾਤਮਾ ਤੋਂ ਵਿਛੜ ਕੇ ਇਸ ਲਈ ਜੀਵਨ ਬਿਤਾ ਰਿਹਾ ਹੁੰਦਾ ਹੈ, ਕਿਉਂਕਿ ਅਜਿਹਾ ਉਸ ਦੀ ਕਿਸਮਤ ਵਿਚ ਲਿਖਿਆ ਹੁੰਦਾ ਹੈ, ਜਿਵੇਂ ਪ੍ਰਮਾਤਮਾ ਨੇ ਨਿਰਧਾਰਿਤ ਕੀਤਾ ਹੁੰਦਾ ਹੈ।

ਲੋਕਾਂ ਦੀ ਸੋਚ ਜੂਆਰੀਆਂ ਵਾਲੀ ਹੁੰਦੀ ਹੈ ਅਤੇ ਪ੍ਰਮਾਤਮਾ ਤੋਂ ਵਿਛੜ ਕੇ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਨਾ ਚਾਹੁੰਦੇ ਹਨ।

ਪ੍ਰਮਾਤਮਾ ਦਾ ਕੋਈ ਸਰੀਰਕ ਰੂਪ ਨਹੀਂ ਹੈ ਅਤੇ ਨਾ ਹੀ ਅੱਖਾਂ ਨਾਲ ਪ੍ਰਮਾਤਮਾ ਨੂੰ ਦੇਖਿਆ ਜਾ ਸਕਦਾ ਹੈ। ਫੇਰ ਕਿੰਨੇ ਲੋਕ ਉਸ ਨੂੰ ਦੇਖ ਸਕਦੇ ਹਨ ਅਤੇ ਉਸ ਨੂੰ ਬਿਆਨ ਕਰ ਸਕਦੇ ਹਨ ? ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਆਪਣੇ ਮਨ ਵਿਚ ਦੇਖਦਾ ਹੈ। ਸਿੱਖ ਆਪਣੇ ਡੂੰਘੇ ਅਤੇ ਕਦੀ ਨਾ ਖ਼ਤਮ ਹੋਣ ਵਾਲੇ ਪ੍ਰਮਾਤਮਾ ਪ੍ਰਤੀ ਪ੍ਰੇਮ ਕਾਰਣ ਉਸ ਨੂੰ ਦੇਖ ਸਕਦਾ ਹੈ।

ਲੋਕ ਸ਼ਾਂਤੀ ਅਤੇ ਪ੍ਰਸੰਨਤਾ ਚਾਹੁੰਦੇ ਹਨ, ਪਰ ਇਸ ਦੇ ਬਜਾਏ, ਉਹ ਦੁੱਖ ਅਤੇ ਦਰਦ ਹੀ ਝੇਲਦੇ ਹਨ, ਕਿਉਂਕਿ ਉਹ ਲਗਾਤਾਰ ਪਾਪ ਕਰਦੇ ਰਹਿੰਦੇ ਹਨ। ਪ੍ਰਮਾਤਮਾ ਨਾਲ ਪ੍ਰੇਮ ਤੋਂ ਬਿਨਾਂ, ਮਨੁੱਖ ਝੂਠ ਦੀ ਜ਼ਿੰਦਗੀ ਜਿਊਂਦਾ ਹੈ। ਮਨੁੱਖ ਜਾਲ ਵਿਚ ਫਸਿਆ ਰਹਿੰਦਾ ਹੈ ਅਤੇ ਦੁੱਖ ਤਕਲੀਫ ਸਹਿੰਦਾ ਹੈ। ਇਸ ਵਿਚ ਪ੍ਰਮਾਤਮਾ ਦਾ ਕੀ ਰੋਲ ਹੈ ? ਪ੍ਰਮਾਤਮਾ ਵੱਲੋਂ ਨਿਰਧਾਰਿਤ, ਪ੍ਰਮਾਤਮਾ ਨਾਲੋਂ ਵਿਛੋੜਾ ਹੀ ਇਸ ਦਾ ਕਾਰਣ ਹੈ। ਪ੍ਰਮਾਤਮਾ ਦੋਨੋਂ ਹਾਲਾਤਾਂ ਦੇਖਦਾ ਹੈ। ਉਹ ਦੇਖਦਾ ਹੈ ਕਿ ਉਸ ਨਾਲ ਜੁੜੇ ਮਨੁੱਖਾਂ ਨਾਲ ਕੀ ਵਾਪਰਦਾ ਹੈ। ਉਹ ਦੇਖਦਾ ਹੈ ਕਿ ਉਸ ਤੋਂ ਵਿਛੜ ਕੇ ਮਨੁੱਖਾਂ ਨਾਲ ਕੀ ਵਾਪਰਦਾ ਹੈ।

ਤ੍ਰਿਸ਼ਨਾ ਅਤੇ ਝੂਠ ਨਾਲ ਲਗਾਓ ਦੀ ਅੱਗ, ਕੇਵਲ ਗੁਰੂ ਦੇ ਗਿਆਨ ਨਾਲ ਹੀ ਬੁਝਾਈ ਜਾ ਸਕਦੀ ਹੈ। ਜੋ ਭਰਮ, ਮਨੁੱਖ ਨੂੰ ਪ੍ਰਮਾਤਮਾ ਦੇ ਸਿਮਰਨ ਦੇ ਮਾਰਗ ਤੋਂ ਭਟਕਾ ਦੇਵੇ, ਉਸ ਨੂੰ ਛੱਡ ਦੇਣਾ ਚਾਹੀਦਾ ਹੈ। ਇਸ ਦੀ ਬਜਾਏ, ਮਨੁੱਖ ਨੂੰ ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ। ਗੁਰੂ ਦੇ ਸੱਚੇ ਗਿਆਨ ਦੀ ਰੋਸ਼ਨੀ ਵਿਚ ਪ੍ਰਮਾਤਮਾ ਦਾ ਨਾਮ ਪੱਕੀ ਤਰ੍ਹਾਂ ਮਨ ਵਿਚ ਵਸਾਉਣਾ ਚਾਹੀਦਾ ਹੈ। ਗੁਰੂ ਦੀ ਸੱਚੀ ਸਿੱਖਿਆ ਮਨੁੱਖ ਨੂੰ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਗਾਉਣ ਦੇ ਕਾਬਿਲ ਬਣਾਉਂਦੀ ਹੈ।

ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਸੱਚੇ ਪਿਆਰ ਦਾ ਸੁਆਦ ਚੱਖਦਾ ਹੈ। ਉਹ ਜਾਣਦਾ ਹੈ ਕਿ ਕੇਵਲ ਇਹੋ ਹੀ ਮਨ ਦੀ ਅਜਿਹੀ ਸਥਿਤੀ ਹੈ, ਜਿਸ ਨੂੰ ਡੁਲਾਇਆ (ਹਿਲਾਇਆ) ਨਹੀਂ ਜਾ ਸਕਦਾ। ਸਿੱਖ ਦੀ ਪ੍ਰੇਮਿਕਾ, ਸਿੱਖ ਦੇ ਪਿਆਰ ਦੀ ਪਕੜ ਵਿਚ ਹੁੰਦੀ ਹੈ। ਅਜਿਹਾ ਪ੍ਰਮਾਤਮਾ ਦੀ ਦਿਆਲਤਾ ਕਾਰਣ ਹੀ ਹੁੰਦਾ ਹੈ।

ਝੂਠ ਨਾਲ ਪਿਆਰ, ਸਿਰਫ ਬੇਕਾਰ ਦੀਆਂ ਉਲਝਣਾਂ ਦਾ ਜਾਲ ਹੈ। ਝੂਠ ਦੇ ਜਾਲ ਵਿਚ ਫਸਿਆ, ਪ੍ਰਮਾਤਮਾ ਵਿਹੀਨ ਮਨੁੱਖ ਹਮੇਸ਼ਾ ਮਾੜੇ ਕਰਮਾਂ ਵਿਚ ਲੱਗਾ ਰਹਿੰਦਾ ਹੈ ਅਤੇ ਅਪਮਾਨਿਤ ਹੁੰਦਾ ਹੈ ਅਤੇ ਬੇਆਸਰਾ ਹੁੰਦਾ ਹੈ। ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਮਨੁੱਖ ਫਜ਼ੂਲ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਗ੍ਰਹਿਣ ਕਰਦਾ ਹੈ (ਪੀਂਦਾ ਹੈ) ਅਤੇ ਸਦੀਵੀ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਦਾ ਹੈ।

ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਪ੍ਰਤੱਖ ਰੂਪ ਵਿਚ ਜਾਣਦਾ ਹੈ। ਉਹ ਪ੍ਰਮਾਤਮਾ ਨੂੰ ਬਿਨਾਂ ਰੁਕੇ, ਲਗਾਤਾਰ ਯਾਦ ਰੱਖਦਾ ਹੈ। ਉਸ ਦਾ ਧਿਆਨ ਸਦੀਵੀ ਕਾਇਮ ਰਹਿਣ ਵਾਲੇ ਉਸ ਪ੍ਰਮਾਤਮਾ 'ਤੇ ਕੇਂਦਰਿਤ ਰਹਿੰਦਾ ਹੈ। ਉਹ ਉਸ ਸੱਚੇ ਪ੍ਰਮਾਤਮਾ ਨਾਲ ਲਗਾਤਾਰ ਸੰਪਰਕ ਵਿਚ ਰਹਿੰਦਾ ਹੈ। ਸਤਿਗੁਰੂ ਆਪਣੇ ਗਿਆਨ ਦੀ ਕ੍ਰਿਪਾ ਆਪਣੇ ਸਿੱਖ 'ਤੇ ਕਰਦਾ ਹੈ।

ਪ੍ਰਮਾਤਮਾ ਬਾਰੇ ਸਿਰਫ ਗੱਲਾਂ ਅਤੇ ਦਲੀਲਬਾਜ਼ੀ ਦਾ ਕੋਈ ਅੰਤ ਨਹੀਂ ਹੈ। ਕੇਵਲ ਸਤਿਗੁਰੂ ਹੀ ਪ੍ਰਮਾਤਮਾ ਦੇ ਬਾਰੇ ਸੱਚਾਈ ਸਿਖਾਉਂਦਾ ਹੈ। ਗੁਰੂ ਦੇ ਅਨੁਸਾਰ ਪ੍ਰਮਾਤਮਾ ਦੇ ਦਰ ਤੋਂ ਬਿਨਾਂ ਸ਼ਾਂਤੀ ਅਤੇ ਆਨੰਦ ਦਾ ਹੋਰ ਕੋਈ ਵਧੀਆ ਸੋਮਾ (ਸਾਧਨ) ਨਹੀਂ ਹੈ। ਜੀਵਨ

ਵਿਚ ਦੁੱਖ ਤਕਲੀਫਾਂ ਪ੍ਰਮਾਤਮਾ ਵੱਲੋਂ ਨਿਰਧਾਰਿਤ ਹੋਈਆਂ ਹੁੰਦੀਆਂ ਹਨ। ਗੁਰੂ, ਪ੍ਰਮਾਤਮਾ ਨਾਲ ਜੁੜ ਕੇ ਅਤੇ ਉਸ ਅੱਗੇ ਪੂਰੀ ਨਿਮਰਤਾ ਨਾਲ, ਸਿੱਖ ਨੂੰ ਇਹ ਸੱਚਾਈ ਸਿਖਾਉਂਦਾ ਹੈ।

ਉਪਦੇਸ਼ ਨੰਬਰ 173
ਪ੍ਰਮਾਤਮਾ ਦਾ ਬੋਲਬਾਲਾ ਅਗਿਆਨੀ ਅਤੇ ਗਿਆਨੀ ਦੋਹਾਂ 'ਤੇ ਹੁੰਦਾ ਹੈ

ਸਾਰੇ ਸੰਸਾਰ ਵਿਚ ਲੋਕ ਝੂਠ ਨਾਲ ਲਿਪਤ (ਲਿਪਟੇ ਹੋਏ) ਹਨ। ਉਹ ਪ੍ਰਮਾਤਮਾ ਤੋਂ ਟੁੱਟੇ ਰਹਿੰਦੇ ਹਨ। ਉਹ ਝੂਠ ਨੂੰ ਹੀ ਸੱਚਾਈ ਮੰਨ ਕੇ ਚੱਲਦੇ ਹਨ। ਉਹ ਕਾਮ, ਕ੍ਰੋਧ ਅਤੇ ਅਹੰਕਾਰ ਵਿਚ ਫਸੇ ਹੋਏ ਹਨ।

ਗੁਰੂ ਅਨੁਸਾਰ ਸੱਚਾਈ ਸਿਰਫ ਇਹ ਹੈ ਕਿ ਕੇਵਲ "ਪ੍ਰਮਾਤਮਾ ਹੀ ਸੱਚਾ" ਹੈ, ਬਾਕੀ ਸਭ ਝੂਠ ਹੈ। ਪ੍ਰਮਾਤਮਾ ਸਾਰੀ ਸ੍ਰਿਸ਼ਟੀ ਵਿਚ ਮੌਜੂਦ ਹੈ।

ਅਗਿਆਨਤਾ ਦੇ ਕਾਰਣ ਹੀ ਲੋਕ ਨਾਸਵੰਤ ਅਤੇ ਝੂਠ ਨੂੰ ਸੱਚ ਮੰਨੀ ਫਿਰਦੇ ਹਨ। ਅਗਿਆਨਤਾ ਕਾਰਣ ਹੀ ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਭੋਗਦੇ ਹਨ।

ਗੁਰੂ ਸਿਖਾਉਂਦਾ ਹੈ ਕਿ ਪ੍ਰਮਾਤਮਾ ਧਰਤੀ ਅਤੇ ਬ੍ਰਹਿਮੰਡ ਵਿਚ ਮੌਜੂਦ ਹੈ। ਕੇਵਲ ਉਹੋ ਹੀ ਇੱਕੋ ਇਕ ਸੱਚਾਈ ਹੈ। ਉਹ ਦੋਨੋਂ ਲੋਕਾਂ ਅਤੇ ਸਾਰੀ ਮਨੁੱਖਤਾ ਵਿਚ ਮੌਜੂਦ ਹੈ।

ਰੋਸ਼ਨੀ ਦੇ ਦੋਨੋਂ ਸੋਮੇ—ਸੂਰਜ ਅਤੇ ਚੰਦਰਮਾ, ਪ੍ਰਮਾਤਮਾ ਦੀ ਹੋਂਦ ਦਰਸਾਉਂਦੇ ਹਨ। ਉਹ ਅਟੱਲ ਹੈ ਉਸ ਨੂੰ ਬਦਲਿਆ ਨਹੀਂ ਜਾ ਸਕਦਾ।

ਉਸ ਦੇ ਨਿਮਰ ਸੁਭਾਅ ਤੋਂ ਪ੍ਰੇਰਿਤ ਹੋ ਕੇ, ਗੁਰੂ ਆਪਣੇ ਸਿੱਖ ਨੂੰ ਪ੍ਰਮਾਤਮਾ ਨਾਲ ਜੋੜਦਾ ਹੈ। ਉਹ ਸਿੱਖ ਨੂੰ ਸਿਖਾਉਂਦਾ ਹੈ ਕਿ ਕੋਈ ਵੀ ਦੋਹਰਾਪਨ ਨਹੀਂ ਹੈ, ਪ੍ਰੰਤੂ ਇਕ ਹੀ ਹੈ—ਏਕਤਾ ਹੈ, ਕੇਵਲ ਇਕ ਪ੍ਰਮਾਤਮਾ। ਗੁਰੂ ਦੀ ਸਿੱਖਿਆ, ਸਿੱਖ ਨੂੰ ਪ੍ਰਮਾਤਮਾ ਦੇ ਏਕਤਾ ਦਾ ਗਿਆਨ ਦੇਂਦੀ ਹੈ। ਦੋਹਰੇਪਨ ਦੀ ਭਾਵਨਾ ਸਮਾਪਤ ਹੋ ਜਾਂਦੀ ਹੈ। ਪ੍ਰਮਾਤਮਾ ਨੇ ਹਰ ਚੀਜ਼ ਅਤੇ ਹਰੇਕ ਨੂੰ ਬਣਾਇਆ ਹੈ। ਸਿਰਫ ਉਸ ਦਾ ਬੋਲਬਾਲਾ ਸਾਰੇ ਪਾਸੇ ਮੌਜੂਦ ਹੈ।

ਲੋਕ ਜਾਂ ਤਾਂ ਸੱਚਾਈ ਜਾਂ ਝੂਠ ਦਾ ਪਿੱਛਾ ਕਰਦੇ ਹਨ। ਸਭਨਾਂ ਦਾ ਪ੍ਰਮਾਤਮਾ ਇਕ ਹੀ ਹੈ। ਗੁਰੂ ਤੋਂ ਸਿੱਖਿਆ ਗ੍ਰਹਿਣ ਕਰਕੇ ਇਸ ਸੱਚਾਈ ਨੂੰ ਸਮਝਿਆ ਜਾਂਦਾ ਹੈ ਕਿ ਪ੍ਰਮਾਤਮਾ ਦਾ ਰਾਜ ਹਰ ਚੀਜ਼ ਅਤੇ ਹਰੇਕ ਮਨੁੱਖ ਉਤੇ ਹੈ।

ਪ੍ਰਮਾਤਮਾ ਸਾਰੇ ਰੂਪਾਂ, ਰੰਗਾਂ ਅਤੇ ਮਨਾਂ ਵਿਚ ਵਸਿਆ ਹੋਇਆ ਹੈ। ਗੁਰੂ ਆਪਣੇ ਸਿੱਖਾਂ ਨੂੰ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦੀ ਦਾਤ ਬਖ਼ਸ਼ਦਾ ਹੈ।

ਉਪਦੇਸ਼ ਨੰਬਰ 174

ਝੂਠ ਦਾ ਪਿੱਛਾ ਕਰਨ ਵਾਲਾ ਕਦੀ ਮੁਕਤ ਨਹੀਂ ਹੋ ਸਕਦਾ ਕੇਵਲ ਸੱਚਾਈ ਮੁਕਤ ਕਰਾਉਂਦੀ ਹੈ

ਸੱਚ ਦਾ ਖੋਜੀ ਅਧਿਆਤਮਿਕ ਕਰਮਾਂ ਵਿਚ ਲੱਗਾ ਰਹਿੰਦਾ ਹੈ ਅਤੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਝੂਠ ਦਾ ਪਿੱਛਾ ਕਰਨ ਵਾਲਾ ਬੁਰੇ ਕਰਮਾਂ ਵਿਚ ਲੱਗਾ ਰਹਿੰਦਾ ਹੈ ਅਤੇ ਬੰਧਨਾਂ ਤੋਂ ਕਦੀ ਮੁਕਤ ਨਹੀਂ ਹੋ ਸਕਦਾ ਹੈ।

ਮਨੁੱਖ ਨੂੰ ਕਾਬੂ ਪਾਉਣ ਦੇ ਤਰੀਕੇ 'ਤੇ ਵੀ ਵਿਚਾਰ ਕਰਨ ਦੀ ਲੋੜ ਹੈ, ਦਬਾਉ— ਪੰਜ ਇੱਛਾਵਾਂ (ਕਾਮ, ਕ੍ਰੋਧ, ਲਾਲਚ, ਮੋਹ, ਅਹੰਕਾਰ) ਜੋ ਸਭ ਦੇ ਮਨਾਂ 'ਤੇ ਅਸਰ ਕਰਦੀਆਂ ਹਨ ਅਤੇ ਮਨੁੱਖ ਨੂੰ ਇਹ ਵੀ ਵਿਚਾਰਨਾ ਚਾਹੀਦਾ ਹੈ ਕਿ ਕਿਵੇਂ ਉਹ ਸੱਚਾ ਪ੍ਰਮਾਤਮਾ ਉਸ ਦੇ ਮਨ ਵਿਚ ਵੱਸ ਸਕਦਾ ਹੈ।

ਜੇ ਪ੍ਰਮਾਤਮਾ ਕਿਸੇ 'ਤੇ ਮੇਹਰ ਕਰਕੇ, ਉਸ ਦੇ ਮਨ ਵਿਚ ਵੱਸ ਜਾਵੇ ਤਾਂ ਪੰਜਾਂ ਇੱਛਾਵਾਂ 'ਤੇ ਕਾਬੂ ਪਾਉਣ ਦਾ ਮਾਰਗ ਮਿਲ ਜਾਂਦਾ ਹੈ। ਜਦੋਂ ਪ੍ਰਮਾਤਮਾ ਦਾ ਮਨ ਵਿਚ ਵਾਸ ਹੋ ਜਾਂਦਾ ਹੈ, ਤਾਂ ਭਾਵੇਂ ਦਿਨ ਹੋਵੇ ਜਾਂ ਰਾਤ, ਮਨੁੱਖ ਘਰ ਵਿਚ ਹੋਵੇ ਜਾਂ ਜੰਗਲ ਵਿਚ, ਉਸ ਦਾ ਮਨ ਕੇਵਲ ਪ੍ਰਮਾਤਮਾ ਦੀ ਭਗਤਪ ਵਿਚ ਜੁੜਿਆ ਰਹਿੰਦਾ ਹੈ। ਜੇ ਮਨੁੱਖ, ਪ੍ਰਮਾਤਮਾ ਅੱਗੇ ਉਸ ਦੀ ਭਗਤੀ ਲਈ ਅਰਜ਼ੋਈ ਕਰਦਾ ਹੈ ਤਾਂ ਫਿਰ ਉਸ ਦੀ ਭਗਤੀ ਲਈ ਜ਼ਰੂਰੀ ਗਿਆਨ, ਨਜ਼ਰੀਆ ਅਤੇ ਤਰੀਕਾ ਮਨ ਵਿਚ ਜਾਗ੍ਰਿਤ ਹੋ ਜਾਂਦਾ ਹੈ। ਮਨੁੱਖ, ਪ੍ਰਮਾਤਮਾ ਪ੍ਰਤੀ ਸ਼ਰਧਾ ਰੱਖਣ ਲੱਗਦਾ ਹੈ। ਫਿਰ ਮਨੁੱਖ ਇਸ ਸ਼ਿਸ਼ਟਾਚਾਰ ਵਿੱਚੋਂ ਬਾਹਰ ਕਦਮ ਨਹੀਂ ਰੱਖਦਾ। ਮਨ ਦੀ, ਪ੍ਰਮਾਤਮਾ ਨਾਲ ਇਕਸੁਰਤਾ ਦੀ ਸਥਿਤੀ ਅਨਮੋਲ ਹੁੰਦੀ ਹੈ।

ਪ੍ਰਮਾਤਮਾ ਨਾਲ ਮਿਲਾਪ ਤਾਂ ਹੀ ਸੰਭਵ ਹੈ ਜੇ ਉਹ (ਪ੍ਰਮਾਤਮਾ) ਮਨੁੱਖ ਦੇ ਸ਼ੰਕੇ ਦੂਰ ਕਰਦਾ ਹੈ ਅਤੇ ਆਪਣੇ ਨਾਲ ਮਿਲਾਪ ਲਈ ਮਨੁੱਖ ਦੀ ਮਦਦ ਕਰਦਾ ਹੈ। ਗੁਰੂ ਦਾ ਗਿਆਨ, ਜਾਗਰੁਕਤਾ ਦੀ ਸਰਵੋਤਮ ਸਥਿਤੀ ਹਾਸਿਲ ਕਰਨ ਦਾ ਜ਼ਰੀਆ (ਸਾਧਨ) ਬਣ ਜਾਂਦਾ ਹੈ।

ਗੁਰੂ ਦੀ ਸੇਵਾ, ਉਸ ਦੀਆਂ ਸਿੱਖਿਆਵਾਂ 'ਤੇ ਵਿਚਾਰ ਕਰਨਾ ਹੈ। ਗੁਰੂ ਦੀਆਂ ਸਿੱਖਿਆਵਾਂ ਮਨੁੱਖ ਨੂੰ ਅਹੰਕਾਰ, ਜੋ ਕਿ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਹੈ, 'ਤੇ ਕਾਬੂ ਪਾਉਣਾ ਸਿਖਾਉਂਦੀਆਂ ਹਨ। ਅਜਿਹੇ ਸਿੱਖ ਦਾ ਵਰਤਾਓ ਵੀ ਚੰਗਾ ਹੋ ਜਾਂਦਾ ਹੈ।

ਪ੍ਰਮਾਤਮਾ 'ਤੇ ਵਿਸ਼ਵਾਸ ਮਨ ਵਿਚ ਬਹੁਤ ਉੱਚੀ ਕਿਸਮ ਦੇ ਗੁਣ ਪੈਦਾ ਕਰਦਾ ਹੈ। ਵਿਸ਼ਵਾਸ, ਸਾਰੇ ਧਿਆਨਾਂ, ਤਪਾਂ, ਬੁਰਾਈਆਂ ਵਿਚ ਫਸਣ ਤੋਂ ਮਨ ਨੂੰ ਕਾਬੂ ਕਰਨ ਦੀਆਂ ਤਕਨੀਕਾਂ ਅਤੇ ਪੁਰਾਣ (ਹਿੰਦੂਆਂ ਦਾ ਪਵਿੱਤਰ ਸਾਹਿਤ) ਨੂੰ ਮਾਤ ਪਾਉਂਦਾ ਹੈ (ਪਿੱਛੇ ਛੱਡ ਦਿੰਦਾ ਹੈ)।

ਉਪਦੇਸ਼ ਨੰਬਰ 175

ਜੋਗੀ, ਜੋ ਕਿ ਪ੍ਰਮਾਤਮਾ ਨਾਲ ਜੁੜਿਆ ਹੁੰਦਾ ਹੈ, ਸਤਿਗੁਰੂ ਤੋਂ ਸਿੱਖਿਆ ਗ੍ਰਹਿਣ ਕਰਦਾ ਹੈ ਅਤੇ ਉਸ ਦੀ ਸੇਵਾ ਕਰਦਾ ਹੈ

ਇਕ ਸੱਚੇ ਜੋਗੀ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜੋ ਉਹ ਆਪਣੇ ਸਤਿਗੁਰੂ ਤੋਂ ਗ੍ਰਹਿਣ ਕਰਦਾ ਹੈ :

- ਧਾਰਮਿਕ ਕਰਮ ਕਾਂਡਾਂ ਵਾਲੇ ਵਰਤਾਂ ਦੀ ਜਗ੍ਹਾ ਉਹ ਦਇਆ, ਬਰਾਬਰਤਾ ਅਤੇ ਸੰਤੁਸ਼ਟੀ ਲਈ ਵਚਨਬੱਧ ਹੁੰਦਾ ਹੈ।
- ਉਹ ਮਾਨਸਿਕ ਕਸ਼ਟਾਂ ਤੋਂ ਅਜ਼ਾਦ ਹੁੰਦਾ ਹੈ ਅਤੇ ਉਹ ਮੌਤ ਦੇ ਡਰ ਤੋਂ ਮੁਕਤ ਹੁੰਦਾ ਹੈ।
- ਉਹ ਬੰਧਨਾਂ ਤੋਂ ਮੁਕਤ ਹੁੰਦਾ ਹੈ, ਉਸ ਨਿਰੰਕਾਰ ਇੱਕੋ ਇਕ ਪ੍ਰਮਾਤਮਾ ਨਾਲ ਮਿਲਾਪ ਵਿਚ ਹੁੰਦਾ ਹੈ।
- ਉਹ ਨਿਡਰ ਹੁੰਦਾ ਹੈ, ਕਿਉਂਕਿ ਉਸ ਦਾ ਰਖਵਾਲਾ ਸਰਬ-ਵਿਆਪਕ ਹੈ।
- ਉਹ ਬੇਅੰਤ ਗਿਆਨੀ ਉਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ।
- ਉਹ ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਮਿਲਾਪ ਦੇ ਰਾਹ 'ਤੇ ਹੁੰਦਾ ਹੈ।
- ਉਹ ਗੁਰੂ ਦੇ ਰੱਬੀ ਗਿਆਨ ਦੀ ਮਦਦ ਨਾਲ ਝੂਠ ਦੇ ਫੰਦਿਆਂ ਨੂੰ ਨਸ਼ਟ ਕਰਦਾ ਹੈ।
- ਉਹ ਨਿਰਾਸ਼ਾਵਾਦ ਅਤੇ ਅਹੰਕਾਰ 'ਤੇ ਕਾਬੂ ਪਾਉਂਦਾ ਹੈ।
- ਉਹ ਜੀਵਨ ਦੇ ਸਾਗਰ ਤੋਂ ਸਫਲਤਾ ਪੂਰਵਕ ਪਾਰ ਲੱਗ ਜਾਂਦਾ ਹੈ ਅਤੇ ਉਹ ਆਪਣੇ ਵੰਸ ਨੂੰ ਵੀ ਬਚਾਉਂਦਾ ਹੈ।
- ਉਹ ਸਤਿਗੁਰੂ ਤੋਂ ਸਿੱਖਦਾ ਅਤੇ ਉਸ ਨੂੰ ਸੇਵਦਾ ਹੈ।
- ਉਹ ਨਿਰਭਉ ਪ੍ਰਭੂ ਦੇ ਸਿਮਰਨ ਵਿਚ ਲੀਨ ਰਹਿੰਦਾ ਹੈ ਅਤੇ ਇਸ ਲਈ ਆਪਣੇ ਲਈ ਕੋਈ ਡਰ ਨਹੀਂ ਰੱਖਦਾ।
- ਉਸ ਦੀ ਸ਼ਕਲ ਉਸ ਨਾਲ ਮਿਲਦੀ ਹੈ, ਜਿਸ ਦੀ ਉਹ ਪੂਜਾ ਕਰਦਾ ਹੈ।
- ਉਹ ਨਿਰਭਉ (ਪ੍ਰਮਾਤਮਾ) ਦੀ ਭਗਤੀ ਕਰਦਾ ਹੈ ਅਤੇ ਮਾੜੇ-ਵਿਚਾਰਾਂ ਅਤੇ ਮਾੜੇ ਕਰਮਾਂ ਤੋਂ ਮੁਕਤ ਹੁੰਦਾ ਹੈ। ਉਹ, ਜੋ ਪਹਿਲਾਂ ਬੇਸਹਾਰਾ ਸੀ ਅਤੇ ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਤੋਂ ਨਿਰਲੇਪ ਸੀ। ਹੁਣ ਉਸ ਨੂੰ ਆਪਣਾ ਸਹਾਰਾ ਦੇਣ ਵਾਲਾ ਮਿਲ ਜਾਂਦਾ ਹੈ।
- ਉਹ ਆਪਣੇ ਰਖਵਾਲੇ ਦੀ ਬਹੁਤ ਅਧਿਕ ਸਿਫਤ-ਸਾਲਾਹ ਕਰਦਾ ਹੈ।

- ਉਹ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਪਾਉਂਦਾ ਹੈ।
- ਉਸ ਦਾ ਸਰਬ-ਵਿਆਪਕ ਪ੍ਰਮਾਤਮਾ 'ਤੇ ਵਿਸ਼ਵਾਸ ਹੁੰਦਾ ਹੈ।
- ਉਹ ਗੁਰੂ ਦੇ ਗਿਆਨ ਨਾਲ ਆਪਣੇ ਆਤਮ ਸਰੂਪ ਤੋਂ ਵਾਕਿਫ਼ ਹੁੰਦਾ ਹੈ।
- ਗੁਰੂ ਦੇ ਗਿਆਨ ਦੀ ਰਹਿਨੁਮਾਈ ਵਿਚ, ਮਨੁੱਖ ਪ੍ਰਮਾਤਮਾ ਦੇ ਦਰ ਤੱਕ ਪਹੁੰਚ ਜਾਂਦਾ ਹੈ।
- ਗੁਰੂ ਦੇ ਗਿਆਨ ਦੇ ਨਾਲ, ਪ੍ਰਮਾਤਮਾ ਨਾਲੋਂ ਵਿਛੋੜੇ ਤੇ ਜਿੱਤ ਹਾਸਿਲ ਕਰਕੇ, ਮਨੁੱਖ ਆਪਣੇ ਮੂਲ ਆਪਣੀ ਆਤਮਾ ਨਾਲ ਹਮੇਸ਼ਾ ਲਈ ਜੁੜ ਜਾਂਦਾ ਹੈ।
- ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ, ਕਿਉਂਕਿ ਉਹ ਝੂਠੀਆਂ ਆਸਾਂ ਉਮੀਦਾਂ ਤੋਂ ਮੁਕਤ ਹੋ ਜਾਂਦਾ ਹੈ।
- ਗੁਰੂ ਦੀ ਸਿੱਖਿਆ ਨਾਲ ਉਹ ਪ੍ਰਮਾਤਮਾ ਦੇ ਨਾਲ ਮਿਲਾਪ ਦੇ ਆਨੰਦ ਨੂੰ ਅਨੁਭਵ ਕਰਦਾ ਹੈ।
- ਉਹ ਉਹਨਾਂ ਲੋਕਾਂ ਦੀ ਗਿਣਤੀ ਵਿਚ ਸ਼ਾਮਿਲ ਹੋ ਜਾਂਦਾ ਹੈ, ਜਿਨ੍ਹਾਂ ਉਤੇ ਦੁਨਿਆਵੀ ਆਸ਼ਾਵਾਂ ਅਤੇ ਨਿਰਾਸ਼ਾਵਾਂ ਦਾ ਕੋਈ ਅਸਰ ਨਹੀਂ ਹੁੰਦਾ।
- ਉਹ ਉਹਨਾਂ ਲੋਕਾਂ ਤੋਂ ਬਿਲਕੁਲ ਭਿੰਨ (ਅਲੱਗ, ਵੱਖਰਾ) ਹੁੰਦਾ ਹੈ, ਜੋ ਕਾਮ, ਕ੍ਰੋਧ ਅਤੇ ਤ੍ਰਿਸ਼ਨਾ ਦੇ ਨਸ਼ੇ ਵਿਚ ਲੀਨ ਰਹਿੰਦੇ ਹਨ।

ਉਪਦੇਸ਼ ਨੰਬਰ 176

ਗੁਰੂ ਪ੍ਰਮਾਤਮਾ ਦੇ ਰੰਗ ਵਿਚ ਰੰਗੇ ਹੋਏ ਪ੍ਰਤੀ ਆਭਾਰੀ ਹੁੰਦਾ ਹੈ

ਪ੍ਰਮਾਤਮਾ ਦੇ ਭਗਤ, ਸੰਤ ਦੀ ਸੰਗਤ ਮਨੁੱਖ ਦੇ ਦੁੱਖ ਦਰਦ ਸਮਾਪਤ ਕਰਕੇ, ਉਸ ਦੇ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਲਿਆਉਂਦੀ ਹੈ। ਸੰਤ, ਉਸ ਨੂੰ ਅਬਿਨਾਸੀ ਪ੍ਰਮਾਤਮਾ ਨਾਲ ਜੋੜਦਾ ਹੈ।

ਸੰਤ ਨੂੰ ਮਿਲ ਕੇ ਮਨੁੱਖ ਦੇ ਜੀਵਨ ਦੀਆਂ ਕਮੀਆਂ ਦੂਰ ਹੋ ਜਾਂਦੀਆਂ ਹਨ। ਹਿੰਦੂ ਧਰਮ ਦੀ ਮਾਨਤਾ ਅਨੁਸਾਰ ਅਠਾਹਠ ਤੀਰਥ ਸਥਾਨਾਂ 'ਤੇ ਇਸ਼ਨਾਨ ਕਰਨ ਤੇ ਜੋ ਲਾਭ ਪ੍ਰਾਪਤ ਹੁੰਦੇ ਹਨ, ਪ੍ਰਮਾਤਮਾ ਦੇ ਸੰਤ ਪ੍ਰਤੀ ਨਿਮਰ ਵਰਤਾਉ ਨਾਲ ਪ੍ਰਾਪਤ ਹੋਣ ਵਾਲੇ ਲਾਭ, ਉਹਨਾਂ ਇਸ਼ਨਾਨਾਂ ਦੇ ਲਾਭਾਂ ਨਾਲੋਂ ਕਿਤੇ ਜ਼ਿਆਦਾ ਹੁੰਦੇ ਹਨ।

ਪ੍ਰਮਾਤਮਾ ਨਾਲ ਲਗਾਤਾਰ ਜੁੜਾਅ ਨਾਲ ਮਨੁੱਖ ਸੰਪੂਰਨ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਪ੍ਰਭੂ ਦੇ ਨਾਮ ਦਾ ਅੰਮ੍ਰਿਤ ਪੀ ਕੇ ਮਨੁੱਖ ਦੀ ਰਸਨਾ ਕੋਈ ਵੀ ਝੂਠ ਨਹੀਂ ਬੋਲਦੀ। ਪ੍ਰਮਾਤਮਾ ਦੇ ਸਿਮਰਨ ਨਾਲ ਮਨੁੱਖ ਦਾ ਵਰਤਾਓ ਵੀ ਨੇਕ ਹੋ ਜਾਂਦਾ ਹੈ। ਉਸ ਅਦ੍ਰਿਸ਼, ਅਟੱਲ ਅਤੇ ਅਕੱਥ ਪ੍ਰਮਾਤਮਾ ਦੇ ਨਾਮ ਸਿਮਰਨ ਨਾਲ ਮਨੁੱਖ ਨੂੰ ਜੋ ਸੰਤੁਸ਼ਟੀ ਹਾਸਿਲ ਹੁੰਦੀ ਹੈ, ਉਸ ਤੋਂ

ਬਾਅਦ ਮਨੁੱਖ ਨੂੰ ਕਿਸੇ ਚੀਜ਼ ਦੀ ਤ੍ਰਿਸ਼ਨਾ ਨਹੀਂ ਰਹਿੰਦੀ।

ਉਹ ਸੱਚਾ ਪ੍ਰਮਾਤਮਾ ਸਰਬ-ਵਿਆਪਕ ਹੈ। ਇਸ ਸੱਚਾਈ ਦੇ ਗਿਆਨ ਅਤੇ ਸ਼ਰਧਾ ਤੋਂ ਬਗੈਰ, ਲੋਕ ਝੂਠੀਆਂ ਦਲੀਲਾਂ ਵਿਚ ਉਲਝੇ ਰਹਿੰਦੇ ਹਨ। ਗੁਰੂ ਦੇ ਗਿਆਨ ਤੋਂ ਬਿਨਾਂ ਅਗਿਆਨਤਾ ਉਤੇ ਕਾਬੂ ਨਹੀਂ ਪਾਇਆ ਜਾ ਸਕਦਾ। ਕੋਈ ਵਿਰਲਾ ਹੀ ਮਨੁੱਖ-ਗੁਰੂ ਦਾ ਸਿੱਖ—ਪ੍ਰਮਾਤਮਾ ਦੀ ਸੱਚਾਈ ਨੂੰ ਜਾਣ ਸਕਦਾ ਹੈ ਅਤੇ ਉਸ ਨਾਲ ਮਿਲਾਪ ਕਰਦਾ ਹੈ। ਉਸ ਦੀ ਮੇਹਰ ਨਾਲ ਪ੍ਰਮਾਤਮਾ ਉਸ ਨੂੰ ਬਚਾਉਂਦਾ ਹੈ। ਨਹੀਂ ਤਾਂ, ਹਰ ਕੋਈ ਪਸ਼ੂ ਵਾਂਗ ਜੀਵਨ ਬਤੀਤ ਕਰਦਾ ਜਾਂਦਾ ਹੈ।

ਗੁਰੂ ਦੇ ਸਿੱਖ ਨੂੰ ਇਹੋ ਹੀ ਮਸ਼ਵਰਾ ਹੁੰਦਾ ਹੈ ਕਿ ਪ੍ਰਮਾਤਮਾ ਦੀ ਸੱਤਾ ਹਰ ਥਾਂ ਸੰਪੂਰਨ ਹੈ। ਕੋਈ ਵੀ ਉਸ ਦੀ ਸਰਵ-ਉੱਚਤਾ ਨੂੰ ਚੁਣੌਤੀ ਨਹੀਂ ਦੇ ਸਕਦਾ। ਸਿਰਫ਼ ਪ੍ਰਮਾਤਮਾ ਹੀ ਭਗਤੀ ਦੇ ਕਾਬਿਲ ਹੈ।

ਪ੍ਰਮਾਤਮਾ ਦੀ ਸ੍ਰਿਸ਼ਟੀ ਦਾ ਕੇਂਦਰੀ ਉਦੇਸ਼, ਉਸ ਦੀ ਪੂਜਾ ਕਰਨ ਵਾਲੇ ਸੰਤਾਂ ਨੂੰ ਉੱਪਰ ਉਠਾਉਣਾ ਹੁੰਦਾ ਹੈ। ਜੀਵਨ ਦਾ ਕੇਂਦਰੀ ਉਦੇਸ਼ ਮਨੁੱਖ ਦਾ ਆਪਣਾ ਅਸਲ ਰੂਪ-ਮਨੁੱਖ ਦੀ ਆਤਮਾ ਦੀ ਪਛਾਣ ਕਰਨਾ ਹੈ। ਆਪਣਾ ਅਸਲੀ ਰੂਪ ਪ੍ਰਮਾਤਮਾ ਨਾਲ ਭਗਤੀ ਅਤੇ ਸਤਿਕਾਰ ਨਾਲ ਪਛਾਣਿਆ ਜਾ ਸਕਦਾ ਹੈ।

ਉਪਦੇਸ਼ ਨੰਬਰ 177
ਪ੍ਰਮਾਤਮਾ ਅਹੰਕਾਰ ਦੇ ਵਿਰੁੱਧ ਹੈ, ਉਹ ਅਹੰਕਾਰੀ ਦਾ ਖ਼ਾਤਮਾ ਕਰਦਾ ਹੈ

ਨੋਟ :—ਉਪਰੋਕਤ ਉਪਦੇਸ਼ ਨੂੰ ਦਰਸਾਉਣ ਵਾਲੀਆਂ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਜੀ ਨੇ ਕੁਛ ਪ੍ਰਾਚੀਨ ਕਾਲ ਦੀਆਂ ਘਟਨਾਵਾਂ ਦਾ ਹਵਾਲਾ ਦਿੱਤਾ ਹੈ। ਹਰੇਕ ਮਾਮਲੇ ਵਿਚ ਘਟਨਾ ਦੇ ਬਾਬਤ ਅਹੰਕਾਰੀ ਮਨੁੱਖ ਨੇ ਤਬਾਹੀ ਹੀ ਝੇਲੀ, ਜਦੋਂ ਕਿ ਪ੍ਰਮਾਤਮਾ ਨੇ ਆਪਣੇ ਭਗਤ ਨੂੰ ਹਮੇਸ਼ਾ ਹੀ ਬਚਾਇਆ। ਇਹਨਾਂ ਕਥਾਵਾਂ ਬਾਰੇ ਹੋਰ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਲਈ ਪਾਠਕ ਪ੍ਰੋਫੈਸਰ ਸਾਹਿਬ ਸਿੰਘ ਦੁਆਰਾ ਰਚਿਤ, "ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ" ਭਾਗ-2, ਸਫਾ 372-378 ਤੋਂ ਅਨੁਵਾਦਿਤ ਸੰਬੰਧਿਤ ਪੰਕਤੀਆਂ ਦਾ ਹਵਾਲਾ ਵੇਖਣ।

ਉਪਰੋਕਤ ਘਟਨਾਵਾਂ ਨੂੰ ਦਰਸਾਉਂਦਿਆਂ, ਗੁਰੂ ਨਾਨਕ ਦੇਵ ਜੀ ਹੇਠ ਲਿਖੀਆਂ ਸੱਚਾਈਆਂ (ਜੋ ਕਿ ਹਰ ਯੁੱਗ ਵਿਚ ਸੱਚੀਆਂ ਹਨ) 'ਤੇ ਚਾਨਣਾ ਪਾਉਂਦੇ ਹਨ :

- ਜੇ ਅਹੰਕਾਰੀ, ਪ੍ਰਮਾਤਮਾ ਪ੍ਰਤੀ ਅਹੰਕਾਰ ਹੋਣ ਤੇ ਕੀਤੀਆਂ ਮੂਰਖਤਾਵਾਂ ਤੇ ਪਛਤਾਉਂਦਾ ਹੈ ਅਤੇ ਫਿਰ ਇਹ ਮਹਿਸੂਸ ਕਰਦਾ ਹੈ ਕਿ ਪ੍ਰਮਾਤਮਾ ਪ੍ਰਤੀ ਨਿਮਰਤਾ ਰੱਖਣਾ ਹੀ ਸਹੀ ਰਵੱਈਆ ਹੈ।

- ਅਹੰਕਾਰ ਤੋਂ ਛੁਟਕਾਰਾ ਪਾਉਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਬ੍ਰਹਮ ਗਿਆਨ ਹੈ।
- ਪ੍ਰਮਾਤਮਾ ਹੀ ਮਨੁੱਖ ਦੀ ਸਹੀ ਜਾਂ ਗਲਤ ਸੋਚ ਦਾ ਕਾਰਣ ਹੈ। ਉਸ ਦੀ ਕ੍ਰਿਪਾ ਨਾਲ ਹੀ ਸਹੀ ਸੋਚ ਬਣਦੀ ਹੈ ਅਤੇ ਇਸ ਦੇ ਨਾ ਹੋਣ ਤੇ ਗਲਤ ਵਿਵਹਾਰ ਉਤਪੰਨ ਹੁੰਦਾ ਹੈ।
- ਪ੍ਰਮਾਤਮਾ ਆਪਣੇ ਭਗਤ ਨੂੰ ਬਚਾਉਂਦਾ ਹੈ। ਉਹ ਆਪਣੇ ਭਗਤ ਪ੍ਰਤੀ ਦਿਆਲੂ ਹੁੰਦਾ ਹੈ।
- ਪ੍ਰਮਾਤਮਾ ਆਪਣੇ ਸੰਤਾਂ ਨੂੰ ਬਚਾਉਂਦਾ ਹੈ ਅਤੇ ਉਹਨਾਂ ਨੂੰ ਉੱਪਰ ਉਠਾਉਂਦਾ ਹੈ। ਉਹ ਹੰਕਾਰੀਆਂ ਦਾ ਅਤੇ ਜੋ ਉਸ ਦੇ ਭਗਤਾਂ ਨੂੰ ਨੀਵਾਂ ਵਿਖਾਉਂਦੇ ਹਨ, ਉਹਨਾਂ ਦਾ ਨਾਸ਼ ਕਰਦਾ ਹੈ।
- ਪ੍ਰਮਾਤਮਾ ਦੀ ਭਗਤੀ ਮਨੁੱਖ ਨੂੰ ਹਰ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦੀ ਹੈ। ਪ੍ਰਮਾਤਮਾ ਦਾ ਸ਼ਰਧਾਲੂ ਸਤਿਗੁਰੂ ਦੀ ਸਿੱਖਿਆ ਦੀ ਕਦਰ ਕਰਦਾ ਹੈ। ਪ੍ਰਮਾਤਮਾ ਮਨੁੱਖ ਨੂੰ ਗੁਰੂ ਦੀ ਸਿੱਖਿਆ ਨੂੰ ਵਿਚਾਰ ਕੇ, ਗੁਰੂ ਦਾ ਸਿੱਖ ਬਨਣ ਲਈ ਪ੍ਰੇਰਿਤ ਕਰਦਾ ਹੈ।
- ਪ੍ਰਮਾਤਮਾ ਦੀ ਮਹਾਨਤਾ ਨੂੰ ਨੀਵਾਂ ਵਿਖਾਉਣ ਵਾਲਾ ਝੂਠ 'ਤੇ ਜ਼ੋਰ ਦਿੰਦਾ ਹੈ। ਝੂਠ 'ਤੇ ਜ਼ੋਰ ਦੇਣ ਕਰਕੇ ਉਸ ਦਾ ਨਾਸ਼ ਹੁੰਦਾ ਹੈ।
- ਗੁਰੂ ਦਾ ਸਿੱਖ, ਸੱਚੇ ਪ੍ਰਮਾਤਮਾ ਨੂੰ ਸਿਮਰਦਾ ਹੈ ਅਤੇ ਹਰ ਨੁਕਸਾਨ ਤੋਂ ਬਚ ਜਾਂਦਾ ਹੈ।
- ਸਾਰੇ ਕਾਰਣਾਂ ਦੇ ਕਾਰਣ-ਪ੍ਰਮਾਤਮਾ ਦੀ ਸਰਵ-ਉੱਚਤਾ ਨੂੰ ਨਾ ਮੰਨ ਕੇ ਮਨੁੱਖ ਅਪਮਾਨ ਸਹਿੰਦਾ ਹੈ।
- ਗੁਰੂ ਦੀ ਸਿੱਖਿਆ ਪ੍ਰਤੀ ਅਗਿਆਨੀ ਹੋ ਕੇ ਮਨੁੱਖ ਦੁਸ਼ਮਣੀ ਕਰਨ ਲੱਗਦਾ ਹੈ। ਮਨੁੱਖ ਸ਼ੰਕਾਵਾਂ ਅਤੇ ਪਸ਼ਚਾਤਾਪ ਦਾ ਸ਼ਿਕਾਰ ਹੋ ਜਾਂਦਾ ਹੈ।
- ਕੇਵਲ ਪ੍ਰਮਾਤਮਾ ਹੀ ਮਨੁੱਖ ਨੂੰ ਨੁਕਸਾਨ ਤੋਂ ਬਚਾਉਂਦਾ ਹੈ।
- ਗੁਰੂ ਦੀ ਸਹਾਇਤਾ ਤੋਂ ਬਿਨਾਂ ਅਹੰਕਾਰ ਨੂੰ ਮਿਟਾਇਆ ਨਹੀਂ ਜਾ ਸਕਦਾ।
- ਗੁਰੂ ਦਾ ਗਿਆਨ, ਸਿੱਖ ਦੇ ਅੰਦਰ ਨੈਤਿਕ ਕਦਰਾਂ-ਕੀਮਤਾਂ, ਸ਼ਾਂਤੀ ਅਤੇ ਸੰਤੁਸ਼ਟੀ ਉਤਪੰਨ ਕਰਦੀਆਂ ਹਨ।
- ਗੁਰੂ ਦਾ ਗਿਆਨ ਸਿੱਖ ਨੂੰ ਪ੍ਰਮਾਤਮਾ ਦੇ ਭਗਤ ਵਿਚ ਤਬਦੀਲ ਕਰ ਦਿੰਦਾ ਹੈ।

ਨੋਟ : ਪਾਠਕ ਇਹ ਜਾਣ ਲੈਣ ਕਿ ਸਾਰੇ ਉਪਦੇਸ਼ਾਂ ਦੀ ਸ਼ਬਦਾਵਲੀ ਲੇਖਕ ਦੀ ਹੈ। ਉਸ ਨੇ ਹਰੇਕ ਉਪਦੇਸ਼ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਪੰਕਤੀਆਂ ਦਾ ਸਾਰ ਦਰਸਾਉਣ ਲਈ ਜਿੱਥੋਂ ਤੱਕ ਸੰਭਵ ਹੋ ਸਕਿਆ, ਸਭ ਤੋਂ ਵਧੀਆ ਨਾਮ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਉਪਦੇਸ਼ ਨੰਬਰ 178
ਪ੍ਰਮਾਤਮਾ ਦੀ ਭਗਤੀ ਹੋਰ ਸਾਰੇ ਧੰਦਿਆਂ ਤੇ ਪ੍ਰਾਪਤੀਆਂ ਉਤੇ ਜਿੱਤ ਪ੍ਰਾਪਤ ਕਰਦੀ ਹੈ

ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਮਨੁੱਖ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਹਾਸਲ ਨਹੀਂ ਕਰ ਸਕਦਾ। ਮਨੁੱਖ ਭਾਵੇਂ ਜੋ ਮਰਜ਼ੀ ਪਹਿਨੇ ਜਾਂ ਦਿਖਾਵਾ ਕਰੇ, ਉਹ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਨਹੀਂ ਕਰ ਸਕਦਾ।

ਕੰਨਾਂ ਦੀਆਂ ਵਾਲੀਆਂ ਜਾਂ ਟੌਪਸ, ਮੋਤੀਆਂ ਦੀਆਂ ਮਾਲਾ ਪਾ ਕੇ, ਲਾਲ ਰਜਾਈ ਵਿਚ ਸੌਂ ਕੇ, ਬਿਸਤਰੇ 'ਤੇ ਲਾਲ ਫੁੱਲ ਖਿਲਾਰ ਕੇ, ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਨਹੀਂ ਆਉਂਦੀ। ਪ੍ਰਮਾਤਮਾ ਦੀ ਭਗਤੀ ਨਾਲ ਹੀ ਸੱਚੀ ਪ੍ਰਸੰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੇ ਕੋਈ ਮਨੁੱਖ ਕਿਸੇ ਖੂਬਸੂਰਤ ਔਰਤ ਅਤੇ ਉਸ ਦੀ ਸੁੰਦਰਤਾ 'ਤੇ ਆਕਰਸ਼ਣ ਨੂੰ ਹੋਰ ਵਧਾਉਣ ਲਈ ਜੇਵਰਾਤ ਨਾਲ ਸਜਾ ਕੇ, ਉਸ ਦੀ ਸੰਗਤ ਵਿਚ ਖ਼ੁਸ਼ੀ ਲੱਭਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਅਪਮਾਨ ਹੀ ਪ੍ਰਾਪਤ ਕਰਦਾ ਹੈ।

ਮਨੁੱਖ ਭਾਵੇਂ ਮਹਿਲਾਂ ਵਾਲੇ ਜੀਵਨ ਦਾ ਆਨੰਦ ਮਾਣ ਰਿਹਾ ਹੋਵੇ, ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਉਸ ਦਾ ਸਰੀਰ ਤੰਦਰੁਸਤ ਨਹੀਂ ਹੁੰਦਾ ਅਤੇ ਭਾਵੇਂ ਮਾਲੀ ਉਸ ਦੇ ਅਰਾਮਦਾਇਕ ਬਿਸਤਰੇ ਉਤੇ ਖੁਸ਼ਬੂਦਾਰ ਫੁੱਲ ਖਿਲਾਰ ਦੇਵੇ।

ਪ੍ਰਮਾਤਮਾ ਦੀ ਭਗਤੀ ਤੋਂ ਬਗੈਰ ਧਨ ਦੌਲਤ ਦੇ ਸਾਰੇ ਦਿਖਾਵੇ ਝੂਠੇ ਅਤੇ ਫਜ਼ੂਲ ਹਨ। ਸੁੰਦਰ ਘੋੜਿਆਂ ਅਤੇ ਹਾਥੀਆਂ, ਬਿਗੁਲਾਂ ਦੀ ਧੁਨ ਤੇ, ਨੇਜ਼ੇ ਫੜੀ ਸਿਪਾਹੀ, ਕਤਾਰਾਂ ਬਣਾ ਕੇ ਅੱਗੇ ਵੱਧਦੀਆਂ ਹੋਈਆਂ ਸਿਪਾਹੀਆਂ ਦੀਆਂ ਟੋਲੀਆਂ, ਹੁਕਮਾਂ ਦੀ ਪਾਲਣਾ ਕਰਨ ਲਈ ਤਿਆਰ ਖੜੇ ਅਧਿਕਾਰੀ, ਰਾਜੇ ਦੇ ਰੁਤਬੇ ਮੁਤਾਬਿਕ ਨੌਕਰ-ਚਾਕਰ, ਇਹਨਾਂ ਸਾਰੀਆਂ ਚੀਜ਼ਾਂ ਦੁਆਰਾ ਕੀਤਾ ਜਾਂਦਾ, ਤਾਕਤ ਅਤੇ ਦੌਲਤ ਦੇ ਦਿਖਾਵੇ ਦਾ ਕੋਈ ਮਤਲਬ ਨਹੀਂ ਰਹਿੰਦਾ, ਜੇ ਮਨੁੱਖ ਦੇ ਅੰਦਰ ਪ੍ਰਮਾਤਮਾ ਨਾਲ ਪਿਆਰ ਅਤੇ ਸਤਿਕਾਰ ਨਹੀਂ ਹੈ।

ਭਾਵੇਂ ਕੋਈ ਬਹੁਤ ਅਧਿਕ ਚਮਤਕਾਰੀ ਸ਼ਕਤੀਆਂ ਜਿਵੇਂ ਰਿੱਧੀਆਂ-ਸਿੱਧੀਆਂ ਰੱਖਦਾ ਵੀ ਹੋਵੇ ਅਤੇ ਦਿਖਾਉਂਦਾ ਵੀ ਹੋਵੇ, ਕੋਈ ਆਪਣੀ ਤਾਕਤ ਦਿਖਾਉਣ ਲਈ ਸਿਰ 'ਤੇ ਤਾਜ਼ ਪਹਿਨਦਾ ਹੋਵੇ, ਭਾਵੇਂ ਕੋਈ ਆਪਣੀ ਪਵਿੱਤਰਤਾ ਦਿਖਾਉਣ ਲਈ ਸਿਰ 'ਤੇ ਟੋਪੀ ਪਾਉਂਦਾ ਹੋਵੇ, ਭਾਵੇਂ ਕੋਈ ਆਪਣੀ ਸ੍ਰੇਸ਼ਟਤਾ ਦਿਖਾਉਣ ਲਈ ਸਿਰ ਦੇ ਉੱਪਰ ਖਾਸ ਛੱਤਰੀ ਲੈ ਕੇ ਚੱਲਦਾ ਹੋਵੇ, ਪਰ ਪ੍ਰਮਾਤਮਾ ਦੀ ਭਗਤੀ ਤੋਂ ਬਗੈਰ, ਮਨੁੱਖ ਸਿਰਫ਼ ਝੂਠ ਵਿਚ ਹੀ ਰੁੱਝਾ ਰਹਿੰਦਾ ਹੈ।

ਭਾਵੇਂ ਕੋਈ ਖ਼ਾਨ, ਮਲੂਕ (ਰਾਜਾ) ਜਾਂ ਬਾਦਸ਼ਾਹ ਕਹਾਉਂਦਾ ਹੋਵੇ। ਭਾਵੇਂ ਕੋਈ ਦੂਸਰਿਆਂ ਉੱਪਰ ਪੂਰੀ ਤਰ੍ਹਾਂ ਕਾਬੂ ਪਾ ਕੇ ਰੱਖਦਾ ਹੋਵੇ ਅਤੇ ਉਹਨਾਂ 'ਤੇ ਹੁਕਮ ਚਲਾਉਂਦਾ ਹੋਵੇ, ਪ੍ਰੰਤੂ ਗੁਰੂ ਦੀ ਸਿੱਖਿਆ, ਜੋ ਪ੍ਰਮਾਤਮਾ ਦੀ ਭਗਤੀ ਕਰਨ ਦੀ ਜਾਚ ਦੱਸਦੀ ਹੈ, ਤੋਂ ਬਗੈਰ ਮਨੁੱਖ ਜੀਵਨ ਵਿਚ ਸੱਚੀ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ।

ਗੁਰੂ ਦੀ ਸਿੱਖਿਆ ਦੇ ਮਾਧਿਅਮ ਨਾਲ ਹੀ ਅਹੰਕਾਰ ਅਤੇ ਝੂਠ ਨਾਲ ਲਗਾਓ ਤੇ ਕਾਬੂ ਪਾਇਆ ਜਾ ਸਕਦਾ ਹੈ। ਫਿਰ ਮਨ ਸਰਬ-ਵਿਆਪਕ ਪ੍ਰਮਾਤਮਾ ਨੂੰ ਪਛਾਣ ਲੈਂਦਾ ਹੈ। ਮਨੁੱਖ ਨੂੰ, ਨਿਮਰਤਾ ਪੂਰਵਕ ਪ੍ਰਮਾਤਮਾ ਦਾ ਆਸਰਾ ਖੋਜਣਾ ਚਾਹੀਦਾ ਹੈ ਅਤੇ ਉਸ ਦੀ ਭਗਤੀ ਦੀ ਮੇਹਰ ਲਈ, ਉਸ ਅੱਗੇ ਅਰਜ਼ੋਈ ਕਰਨੀ ਚਾਹੀਦੀ ਹੈ। ਅਹੰਕਾਰੀ ਦਾ ਝੂਠਾ ਮੋਹ ਗੁਰੂ ਦੇ ਉਪਦੇਸ਼ ਨਾਲ ਸਮਾਪਤ ਹੁੰਦਾ ਹੈ। ਤਦ ਮਨ ਦੀ ਸਰਬ ਵਿਆਪਕ ਪਰਮੇਸ਼ਰ ਨਾਲ ਪਛਾਣ ਹੋ ਜਾਂਦੀ ਹੈ। ਪ੍ਰਮਾਤਮਾ ਦੀ ਭਗਤੀ ਅਤੇ ਸ਼ਰਨ ਦੀ ਤਾਂਘ ਕਰੋ।

ਉਪਦੇਸ਼ ਨੰਬਰ 179

ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦੀ ਭਗਤੀ ਤੋਂ ਪ੍ਰਾਪਤ ਆਨੰਦ ਨਾਲ ਹੀ ਸੰਤੁਸ਼ਟ ਹੁੰਦਾ ਹੈ

ਪ੍ਰਮਾਤਮਾ ਦਾ ਭਗਤ ਉਸ ਤੋਂ ਇਲਾਵਾ ਹੋਰ ਕਿਸੇ ਦੀ ਭਗਤੀ ਨਹੀਂ ਕਰਦਾ। ਉਹ ਸੰਸਾਰੀ ਜੰਜਾਲਾਂ ਅਤੇ ਉਹਨਾਂ ਦੇ ਕੌੜੇ ਨਤੀਜਿਆਂ ਤੋਂ ਉੱਪਰ ਉਠਿਆ ਹੁੰਦਾ ਹੈ। ਉਸ ਦੀ ਭਗਤੀ ਉਸ ਨੂੰ ਪ੍ਰਮਾਤਮਾ ਨਾਲ ਮਿਲਾ ਦਿੰਦੀ ਹੈ। ਪ੍ਰਮਾਤਮਾ ਦੀ ਭਗਤੀ ਭਗਤ ਦਾ ਮਨ ਪਵਿੱਤਰ ਕਰਕੇ ਉਸ ਨੂੰ ਪ੍ਰਮਾਤਮਾ ਨਾਲ ਮਿਲਾਉਂਦੀ ਹੈ।

ਸੰਸਾਰ ਵਿਚ ਹਰ ਥਾਂ ਮਨੁੱਖ ਪ੍ਰਮਾਤਮਾ ਤੋਂ ਵਿਛੜਿਆ ਹੋਇਆ ਹੈ। ਲੋਕ ਪ੍ਰਮਾਤਮਾ ਤੋਂ ਬੇਮੁਖ ਹੋ ਕੇ ਆਪਣਾ ਜੀਵਨ ਜਿਉਂਦੇ ਹਨ। ਉਹ ਮੈਲੀ ਇੱਛਾਵਾਂ ਦੇ ਮਗਰ ਚੱਲਦੇ ਹਨ। ਇਹ ਮੈਲੀਆਂ ਇੱਛਾਵਾਂ ਵਾਲਾ ਨਜ਼ਰੀਆ ਇਕ ਅੱਗ ਦੇ ਵਾਂਗ ਹੁੰਦਾ ਹੈ ਜੋ ਆਪਣੇ ਧਾਰਕ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੰਦਾ ਹੈ। ਕੇਵਲ ਉਹ ਮਨੁੱਖ, ਜੋ ਗੁਰੂ ਦੇ ਗਿਆਨ ਤੋਂ ਸਿੱਖਿਆ ਪ੍ਰਾਪਤ ਕਰਦੇ ਹਨ, ਆਤਮ-ਨਾਸ਼ ਤੋਂ ਬਚਦੇ ਹਨ।

ਜੇ ਮਨੁੱਖ ਸੰਸਾਰੀ ਜੰਜਾਲਾਂ ਦੇ ਪਿੱਛੇ ਭੱਜਦਾ ਰਹੇਗਾ ਤਾਂ ਫਿਰ ਉਹ ਆਪਣੇ ਅਸਲੇ (ਅਸਲ ਰੂਪ) ਤੋਂ ਹਮੇਸ਼ਾ ਅਨਜਾਣ ਹੀ ਰਹੇਗਾ। ਜੰਜਾਲ ਮੱਛੀ ਫੜਨ ਵਾਲੇ ਕਾਂਟੇ ਦੀ ਤਰ੍ਹਾਂ ਹੁੰਦੇ ਹਨ। ਇਸ ਦਾ ਨਤੀਜਾ ਬਿਲਕੁਲ ਉਹੋ ਹੀ ਹੁੰਦਾ ਹੈ ਜੋ ਸ਼ਹਿਦ ਦੀ ਮੱਖੀ, ਭੰਵਰਾ, ਹਾਥੀ, ਮੱਛਲੀ ਅਤੇ ਹਿਰਨ ਦਾ ਹੁੰਦਾ ਹੈ, ਕਿਉਂਕਿ ਸਾਰੇ ਜੀਵ ਇਹਨਾਂ ਕਾਂਟਿਆਂ ਜਾਂ ਫੰਦਿਆਂ ਦੇ ਜੰਜਾਲ ਵਿਚ ਫਸ ਜਾਂਦੇ ਹਨ ਜਾਂ ਖਤਮ ਹੋ ਜਾਂਦੇ ਹਨ।

ਇਕ ਕਾਮੀ ਮਨੁੱਖ, ਕਾਮ-ਵਾਸ਼ਨਾ ਦੀ ਹੇਠਲੇ ਦਰਜੇ ਦੀ ਖਾਹਿਸ਼ ਵਿਚ ਫਸਿਆ ਰਹਿੰਦਾ ਹੈ। ਜੋ ਮਨੁੱਖ ਬੁਰੇ ਕਰਮ ਕਰਦੇ ਹਨ, ਗੁੱਸਾ ਉਹਨਾਂ ਨੂੰ ਬਰਬਾਦ ਕਰ ਦਿੰਦਾ ਹੈ।

ਇਹਨਾਂ ਖਾਹਿਸ਼ਾਂ ਦਾ ਗੁਲਾਮ ਬਣ ਕੇ ਅਤੇ ਪ੍ਰਮਾਤਮਾ ਦੇ ਨਾਮ ਤੋਂ ਅਗਿਆਨ ਰਹਿ ਕੇ, ਮਨੁੱਖ ਆਪਣੀ ਆਤਮ ਭਾਵਨਾ ਅਤੇ ਸਨਮਾਨ ਗੁਆ ਬੈਠਦਾ ਹੈ।

ਬ੍ਰਹਮ ਗਿਆਨ ਤੋਂ ਅਨਜਾਣ ਅਤੇ ਪਤਿਤ ਵਿਅਕਤੀ, ਪਰਾਈ ਇਸਤ੍ਰੀ 'ਤੇ ਬੁਰੀ ਨਜ਼ਰ ਰੱਖਦਾ ਹੈ। ਉਹ ਇਸ ਸੱਚਾਈ ਤੋਂ ਅਨਜਾਣ ਰਹਿੰਦਾ ਹੈ ਕਿ ਇਹ ਹਵਸ, ਅਸਲ ਵਿਚ ਉਸ ਦੀ ਗਰਦਨ ਦੇ ਦੁਆਲੇ ਇਕ ਫੰਦਾ ਹੈ। ਕੇਵਲ ਪ੍ਰਮਾਤਮਾ ਦਾ ਭਗਤ ਹੀ ਇਸ ਸਥਿਤੀ ਤੋਂ ਬਚ ਪਾਉਂਦਾ ਹੈ, ਕਿਉਂਕਿ ਉਸ ਦਾ ਧਿਆਨ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਵਿਚ ਜੁੜਿਆ ਹੁੰਦਾ ਹੈ।

ਪ੍ਰਮਾਤਮਾ ਦੀ ਭਗਤੀ ਤੋਂ ਬਗੈਰ, ਜੀਵਨ ਵਿਚ ਸੰਤੁਸ਼ਟੀ ਅਸੰਭਵ ਹੈ। ਕਿਸੇ ਹੋਰ ਤਰੀਕੇ ਨਾਲ ਸੰਤੁਸ਼ਟੀ ਦੀ ਪ੍ਰਾਪਤੀ ਕਰਨਾ, ਉਸ ਔਰਤ ਵਾਂਗ ਹੈ ਜੋ ਪੈਸੇ ਅਤੇ ਸੰਭੋਗ ਲਈ ਆਪਣਾ ਸਰੀਰ ਵੇਚਦੀ ਹੈ। ਉਹ ਆਪਣੇ ਪਤੀ ਦੇ ਸੱਚੇ ਪਿਆਰ ਤੋਂ ਸੱਖਣੀ ਹੀ ਰਹਿੰਦੀ ਹੈ।

ਪ੍ਰਮਾਤਮਾ ਦੇ ਨਾਮ ਦੇ ਅੰਮ੍ਰਿਤ ਨੂੰ ਪੀਤੇ ਬਗੈਰ, ਮਨੁੱਖ ਨੂੰ ਕੋਈ ਵੀ ਪ੍ਰਾਪਤੀ ਨਹੀਂ ਹੁੰਦੀ। ਮਨ ਭਟਕਣਾ ਵਿਚ ਹੀ ਰਹਿੰਦਾ ਹੈ। ਸਿਰਫ਼ ਧਾਰਮਿਕ ਸਾਹਿਤ ਬਾਰ ਬਾਰ ਪੜ੍ਹਨ ਜਾਂ ਸੁਨਣ ਨਾਲ ਮਨ ਦੀ ਸ਼ਾਂਤੀ ਜਾਂ ਪ੍ਰਸੰਨਤਾ ਹਾਸਿਲ ਨਹੀਂ ਹੁੰਦੀ।

ਪ੍ਰਭੂ ਨਾਮ ਦਾ ਅੰਮ੍ਰਿਤ ਗ੍ਰਹਿਣ ਕਰਕੇ, ਮਨੁੱਖ ਸੱਚੀ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਚਾਤ੍ਰਿਕ ਪੰਛੀ, ਬਾਰਿਸ਼ ਦੀ ਸਵਾਂਤੀ ਬੂੰਦ ਦਾ ਪਿਆਸਾ ਹੁੰਦਾ ਹੈ ਅਤੇ ਮੱਛਲੀ ਸਿਰਫ਼ ਪਾਣੀ ਵਿਚ ਹੀ ਖੁਸ਼ ਰਹਿੰਦੀ ਹੈ। ਠੀਕ ਇਸੇ ਤਰ੍ਹਾਂ ਪ੍ਰਮਾਤਮਾ ਦਾ ਭਗਤ ਕੇਵਲ ਪ੍ਰਮਾਤਮਾ ਦੀ ਭਗਤੀ ਨਾਲ ਪ੍ਰਾਪਤ ਹੋਈ ਪ੍ਰਸੰਨਤਾ ਨਾਲ ਸੰਤੁਸ਼ਟ ਹੁੰਦਾ ਹੈ।

ਉਪਦੇਸ਼ ਨੰਬਰ 180

ਉਸ ਗੁਰੂ ਤੋਂ ਬਲਿਹਾਰ ਜਾਈਏ ਜੋ ਵਾਹਿਗੁਰੂ ਨਾਲ ਮੇਲਦਾ ਹੈ

ਵਾਹਿਗੁਰੂ ਦੇ ਨਾਮ ਸਿਮਰਨ ਨੂੰ ਵਿਸਾਰਣਾ ਜੀਵਨ ਦੇ ਸੁਨਹਿਰੀ ਮੌਕੇ ਨੂੰ ਗਵਾਉਣ ਦੀ ਤਰ੍ਹਾਂ ਹੈ। ਕਠੋਰ ਤਪ ਕਰਨ ਨਾਲ ਜਾਂ ਸਰੀਰ 'ਤੇ ਸੁਆਹ ਮਲ ਕੇ ਯੋਗ ਅਭਿਆਸ ਕਰਨ ਨਾਲ ਕੁਝ ਵੀ ਹਾਸਲ ਨਹੀਂ ਹੁੰਦਾ।

ਉਹ ਮਨ ਪ੍ਰਸੰਨ ਅਤੇ ਸ਼ਾਂਤ ਹੁੰਦਾ ਹੈ, ਜੋ ਵਾਹਿਗੁਰੂ ਨੂੰ ਸਿਮਰਦਾ ਹੈ। ਵਾਹਿਗੁਰੂ ਨੂੰ ਵਿਸਾਰ ਕੇ ਇਸ ਨੂੰ ਅਨੇਕਾਂ ਦੁੱਖ ਅਤੇ ਮੌਤ ਦਾ ਡਰ ਸਤਾਉਂਦਾ ਹੈ।

ਵਾਹਿਗੁਰੂ ਦੇ ਸਿਮਰਨ ਵਿਚ ਜੁੜਣਾ ਮਨਮੁਖ ਕਰਮਾਂ ਦੇ ਬਿਲਕੁਲ ਉਲਟ ਹੈ। ਸਰੀਰ 'ਤੇ ਅਤਰ ਲਗਾ ਕੇ, ਸੰਸਾਰੀ ਮੌਜਾਂ ਮਾਣ ਕੇ ਜਾਂ ਝੂਠੇ ਕਾਰਜਾਂ ਵਿਚ ਜੁੜ ਕੇ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੇ ਵਾਹਿਗੁਰੂ ਨੂੰ ਵਿਸਾਰੀਏ ਤਾਂ ਸੰਸਾਰ ਦੇ ਝੂਠੇ ਬੰਧਨਾਂ ਤੋਂ ਬਚਿਆ ਨਹੀਂ ਜਾ ਸਕਦਾ।

ਜੇ ਕਿਸੇ ਨੂੰ ਵੱਡਾ ਬਾਦਸ਼ਾਹ ਹੋਣ ਦਾ ਮਾਣ ਹੋਵੇ, ਲੋਕ ਉਸ ਨੂੰ ਸਲਾਮਾਂ ਕਰਦੇ ਹੋਣ, ਜੇ ਉਸ ਦੇ ਆਲੇ-ਦੁਆਲੇ ਸ਼ਸਤ੍ਰਧਾਰੀ ਫੌਜਾਂ ਤੇ ਨਗਾੜੇ ਹੋਣ, ਭਾਵੇਂ ਉਸ ਦੀਆਂ ਵਾਸ਼ਨਾ ਅਤੇ ਸੰਸਾਰੀ ਮੌਜਾਂ ਵਧਦੀਆਂ ਜਾਣ। ਉਸ ਦੀ ਰਜ਼ਾ ਤੋਂ ਬਿਨਾਂ ਕੋਈ ਵੀ ਵਾਹਿਗੁਰੂ ਦੀ ਬੰਦਗੀ ਨਹੀਂ ਕਰ ਸਕਦਾ।

ਦੂਸਰਿਆਂ ਪ੍ਰਤੀ ਦੁਸ਼ਮਣੀ ਦੀ ਭਾਵਨਾ ਅਤੇ ਅਹੰਕਾਰ ਨਾਲ ਵਾਹਿਗੁਰੂ ਤੋਂ ਵਿਛੋੜਾ ਹੀ ਮਿਲਦਾ ਹੈ। ਵਾਹਿਗੁਰੂ ਦੇ ਪਵਿੱਤਰ ਨਾਮ ਦੀ ਪ੍ਰਾਪਤੀ, ਵਾਹਿਗੁਰੂ ਨੂੰ ਆਪਣਾ ਮਨ ਦੇ ਕੇ ਹੀ ਹੁੰਦੀ ਹੈ। ਵਾਹਿਗੁਰੂ ਤੋਂ ਵਿਛੜ ਕੇ ਮਨੁੱਖ ਗਿਆਨਹੀਨ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਦੁੱਖ ਭੋਗਦਾ ਹੈ।

ਮਨੁੱਖ ਕਿਸੇ ਦੁਕਾਨ ਤੋਂ, ਬਿਨਾਂ ਕੀਮਤ ਚੁਕਾਏ ਕੋਈ ਚੀਜ਼ ਖਰੀਦ ਨਹੀਂ ਸਕਦਾ। ਜਹਾਜ਼ ਤੋਂ ਬਿਨਾਂ ਮਨੁੱਖ ਸਮੁੰਦਰ ਦੀ ਯਾਤਰਾ ਨਹੀਂ ਕਰ ਸਕਦਾ। ਠੀਕ ਇਸੇ ਤਰ੍ਹਾਂ ਗੁਰੂ ਦੀ ਮਦਦ ਤੋਂ ਬਗੈਰ ਮਨੁੱਖ ਜੀਵਨ ਵਿਚ ਅਗਿਆਨਤਾ ਅਤੇ ਅਸਫਲਤਾਵਾਂ ਤੋਂ ਬਚ ਨਹੀਂ ਸਕਦਾ।

ਗੁਰੂ—ਜੋ ਕਿ ਸਹੀ ਮਾਰਗ ਦਰਸਾਉਂਦਾ ਹੈ, ਸਲਾਹੁਣ ਯੋਗ ਹੈ। ਗੁਰੂ—ਜੋ ਕਿ ਬ੍ਰਹਮ ਗਿਆਨ ਦਿੰਦਾ ਹੈ, ਸਲਾਹੁਣ ਯੋਗ ਹੈ। ਗੁਰੂ—ਜੋ ਵਾਹਿਗੁਰੂ ਨਾਲ ਮੇਲ ਕਰਾਉਂਦਾ ਹੈ, ਸਲਾਹੁਣ ਯੋਗ ਹੈ।

ਵਾਹਿਗੁਰੂ—ਜੋ ਜੀਵਨ ਦਿੰਦਾ ਹੈ, ਸਲਾਹੁਣ ਯੋਗ ਹੈ। ਗੁਰੂ ਦੀਆਂ ਸਿੱਖਿਆਵਾਂ ਤੇ ਵਿਚਾਰ ਕਰੋ ਅਤੇ ਵਾਹਿਗੁਰੂ ਨਾਮ ਦਾ ਅੰਮ੍ਰਿਤ ਗ੍ਰਹਿਣ ਕਰੋ (ਪੀਓ)। ਜੇ ਵਾਹਿਗੁਰੂ ਦਿਆਲ ਹੋਵੇ ਤਾਂ ਹੀ ਮਨੁੱਖ ਪ੍ਰਭੂ ਭਗਤੀ ਦਾ ਸਨਮਾਨ ਹਾਸਿਲ ਕਰ ਸਕਦਾ ਹੈ।

ਵਾਹਿਗੁਰੂ ਦਾ ਸ਼ਰਧਾਲੂ, ਉਸ ਦੀ ਭਗਤੀ ਤੋਂ ਬਗੈਰ ਨਹੀਂ ਰਹਿ ਸਕਦਾ। ਸ਼ਰਧਾਲੂ ਵਾਹਿਗੁਰੂ ਦੇ ਆਸਰੇ, ਸਹਾਰੇ, ਅਤੇ ਬਿਨਾਂ ਕਿਸੇ ਰੁਕਾਵਟ ਦੇ ਉਸ ਦੀ ਪੂਜਾ ਅਰਚਨਾ ਕਰਨਾ ਚਾਹੁੰਦਾ ਹੈ। ਸ਼ਰਧਾਲੂ ਵਾਹਿਗੁਰੂ ਕੋਲੋਂ ਸਨਮਾਨ ਪ੍ਰਾਪਤ ਕਰਦਾ ਹੈ, ਕਿਉਂਕਿ ਉਹ ਉਸ ਦੀ ਪੂਜਾ ਕਰਦਾ ਹੈ।

ਉਪਦੇਸ਼ ਨੰਬਰ 181

ਅਹੰਕਾਰ, ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਹੈ, ਪ੍ਰਮਾਤਮਾ ਤੋਂ ਵਿਛੋੜਾ ਜਨਮ-ਮਰਨ ਦੇ ਚੱਕਰ ਦਾ ਕਾਰਣ ਬਣਦਾ ਹੈ

ਧਾਰਮਿਕ ਹੋਣ ਦਾ ਦਿਖਾਵਾ ਕਰਨਾ, ਹੰਕਾਰ ਤੋਂ ਇਲਾਵਾ ਹੋਰ ਕੁਛ ਨਹੀਂ ਹੈ ਅਤੇ ਇਸ ਕਰਕੇ ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਵੀ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਇਕ ਅਨਿੰਨ ਭਗਤ ਹੁੰਦਾ ਹੈ ਅਤੇ ਇਕ ਵਿਲੱਖਣ ਮਨੁੱਖ ਹੁੰਦਾ ਹੈ।

ਪ੍ਰਮਾਤਮਾ ਪ੍ਰਤੀ ਜਾਗਰੁਕਤਾ ਦੀ ਸਥਿਤੀ ਕੇਵਲ ਅਹੰਕਾਰ ਦਾ ਤਿਆਗ ਕਰਕੇ

ਪ੍ਰਾਪਤ ਕੀਤੀ ਜਾ ਸਕਦੀ ਹੈ। ਜਿੰਨੀ ਦੇਰ ਤੱਕ ਮਨੁੱਖ ਅਹੰਕਾਰੀ ਰਹਿੰਦਾ ਹੈ, ਉਸ ਦਾ ਪ੍ਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ।

ਰਾਜੇ ਅਹੰਕਾਰ ਵਿਚ ਉਲਝੇ ਰਹਿੰਦੇ ਹਨ। ਉਹਨਾਂ ਦਾ ਅਹੰਕਾਰ ਹੀ ਉਹਨਾਂ ਦੀ ਬਰਬਾਦੀ ਦਾ ਕਾਰਣ ਬਣਦਾ ਹੈ। ਉਹ ਜਨਮ-ਮਰਨ ਦੇ ਚੱਕਰ ਤੋਂ ਨਹੀਂ ਬਚਦੇ। ਗੁਰੂ ਦੀ ਸਿੱਖਿਆ ਅਹੰਕਾਰ ਦੇ ਰੋਗ ਦਾ ਇਲਾਜ ਕਰਦੀ ਹੈ। ਫੇਰ ਮਨੁੱਖ ਆਪਣੇ ਚੰਚਲ ਸੁਭਾਉ ਦਾ ਤਿਆਗ ਕਰਦਾ ਹੈ। ਫਿਰ ਮਨੁੱਖ ਉਹ ਪੰਜ ਇੱਛਾਵਾਂ—ਕਾਮ, ਕ੍ਰੋਧ, ਲਾਲਚ, ਮੋਹ ਅਤੇ ਅਹੰਕਾਰ ਦਾ ਤਿਆਗ ਕਰਦਾ ਹੈ।

ਮਨ ਵਿਚ ਉਸ ਸਦੀਵੀ ਪ੍ਰਮਾਤਮਾ ਨੂੰ ਵਸਾ ਕੇ, ਮਨੁੱਖ ਅਸਲ ਸਰੂਪ ਨਾਲ ਜੁੜਦਾ ਹੈ। ਪ੍ਰਮਾਤਮਾ ਦਾ ਨਾਮ ਸਿਮਰ ਕੇ ਮਨੁੱਖ ਪ੍ਰਮਾਤਮਾ ਪ੍ਰਤੀ ਜਾਗਰੁਕਤਾ ਵਾਲੀ ਸਥਿਤੀ ਹਾਸਿਲ ਕਰਦਾ ਹੈ।

ਗੁਰੂ ਆਪਣੇ ਸਿੱਖ ਦੇ ਸਾਰੇ ਸ਼ੰਕੇ ਦੂਰ ਕਰਦਾ ਹੈ ਜੋ ਪ੍ਰਮਾਤਮਾ ਨਾਲ ਮਿਲਾਪ ਵਿਚ ਰੁਕਾਵਟ ਪਾਉਂਦੇ ਹਨ। ਗੁਰੂ ਉਸ ਨੂੰ ਪ੍ਰਮਾਤਮਾ ਨਾਲ ਜੋੜਦਾ ਹੈ। ਸਿੱਖ, ਉਸ ਨਿਰਭਉ ਪ੍ਰਭੂ ਦੇ ਸਿਮਰਨ ਵਿਚ ਜੁੜਿਆ ਹੁੰਦਾ ਹੈ।

ਅਹੰਕਾਰੀ ਬੰਦਾ ਸੰਸਾਰੀ ਜੰਜਾਲਾਂ ਵਿਚ ਆਪਣਾ ਜੀਵਨ ਬਰਬਾਦ ਕਰਕੇ ਕੁਛ ਵੀ ਹਾਸਿਲ ਨਹੀਂ ਕਰਦਾ। ਸਿਰਫ ਪ੍ਰਮਾਤਮਾ ਦੀ ਭਗਤੀ ਦਾ ਹੀ ਮੁੱਲ ਹੈ।

ਅਹੰਕਾਰ, ਬੰਧਨਾਂ ਦਾ ਕਾਰਣ ਹੈ। ਇਹ ਮਨੁੱਖ ਨੂੰ ਅਜਿਹੇ ਜੰਜਾਲਾਂ ਵਿਚ ਉਲਝਾਈ ਰੱਖਦਾ ਹੈ, ਜੋ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਦੇ ਬੰਧਨ ਵਿੱਚ ਪਾਂਦੇ ਹਨ। ਦੂਸਰੇ ਪਾਸੇ, ਪ੍ਰਮਾਤਮਾ ਦਾ ਭਗਤ ਜੀਵਨ ਦੀ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਨਣ ਲਈ ਅਜ਼ਾਦ ਹੁੰਦਾ ਹੈ।

ਉਪਦੇਸ਼ ਨੰਬਰ 182
ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਤੋਂ ਇਲਾਵਾ ਸ੍ਰਿਸ਼ਟੀ ਵਿਚ ਕੁਛ ਵੀ ਸਦੀਵੀ ਨਹੀਂ ਹੈ

ਬ੍ਰਹਮਾ, ਪ੍ਰਮਾਤਮਾ ਦੀ ਰਚੀ ਸ੍ਰਿਸ਼ਟੀ ਦੇ ਕੰਮਾਂ ਵਿਚ ਰੁੱਝ ਕੇ ਪ੍ਰਭੂ ਨੂੰ ਅਣਗੌਲਦਾ ਹੈ। ਇਸ ਕਾਰਣ ਬ੍ਰਹਮਾ ਅਹੰਕਾਰ ਦਾ ਸ਼ਿਕਾਰ ਹੈ ਅਤੇ ਬਰਬਾਦ ਹੁੰਦਾ ਹੈ। ਅਹੰਕਾਰ ਕਾਰਣ, ਬ੍ਰਹਮਾ, ਪ੍ਰਮਾਤਮਾ ਦੀ ਸਰਬ-ਵਿਆਪਕਤਾ ਨੂੰ ਨਹੀਂ ਮੰਨਦਾ। ਠੀਕ ਇਸੇ ਪ੍ਰਕਾਰ, ਸਾਰੀ ਸ੍ਰਿਸ਼ਟੀ ਸਮੇਂ ਨਾਲ ਬੱਝੀ ਹੋਈ ਹੈ। ਗੁਰੂ ਦੀਆਂ ਸਿੱਖਿਆ ਤੇ ਚੱਲਣ ਵਾਲਿਆਂ ਦਾ ਪ੍ਰਮਾਤਮਾ ਰਖਵਾਲਾ ਹੁੰਦਾ ਹੈ—ਉਹ ਅਹੰਕਾਰ ਤੋਂ ਮੁਕਤ ਹੁੰਦਾ ਹੈ ਅਤੇ ਜੀਵਨ ਵਿਚ ਅਹੰਕਾਰੀ ਮਨੁੱਖ ਵਾਲੇ ਦੁੱਖ ਨਹੀਂ ਭੋਗਦਾ ਹੈ। ਝੂਠ ਤਾਂ ਦੇਵੀ ਦੇਵਤਿਆਂ ਨੂੰ ਵੀ ਮੋਹਿਤ ਕਰਦਾ ਹੈ। ਅਹੰਕਾਰ ਅਤੇ ਮੌਤ ਇਹਨਾਂ ਸਾਰਿਆਂ 'ਤੇ ਜਿੱਤ ਪ੍ਰਾਪਤ ਕਰਦੀ

ਹੈ। ਕੇਵਲ ਗੁਰੂ ਦਾ ਸਿੱਖ ਹੀ ਅਹੰਕਾਰ ਤੋਂ ਬਚਦਾ ਹੈ। ਗੁਰੂ ਦਾ ਸਿੱਖ ਅਗਮ, ਅਗਾਧ, ਅਬਿਨਾਸੀ ਪ੍ਰਮਾਤਮਾ ਵਿਚ ਜੁੜਿਆ ਹੁੰਦਾ ਹੈ।

ਅਹੰਕਾਰ ਤੋਂ ਸੁਲਤਾਨ, ਖਾਨ ਤੇ ਰਾਜੇ ਵੀ ਪੀੜਿਤ ਹਨ। ਸਾਰੇ ਮੌਤ ਦੇ ਸ਼ਿਕੰਜੇ ਵਿਚ ਹਨ। ਉਹ ਸਾਰੇ ਮੌਤ ਦੇ ਡਰ ਦਾ ਦੁੱਖ ਭੋਗਦੇ ਹਨ, ਕਿਉਂਕਿ ਉਹ ਪ੍ਰਮਾਤਮਾ ਤੋਂ ਵਿਛੜੇ ਰਹਿੰਦੇ ਹਨ। ਗੁਰੂ ਉਹਨਾਂ ਨੂੰ ਪ੍ਰਮਾਤਮਾ ਪ੍ਰਤੀ ਨਿਮਰਤਾ, ਪ੍ਰਮਾਤਮਾ ਦੀ ਓਟ ਅਤੇ ਵਿਸ਼ਵਾਸ ਅਤੇ ਪ੍ਰਮਾਤਮਾ ਦਾ ਨਾਮ-ਸਿਮਰਨ ਸਿਖਾਉਂਦਾ ਹੈ।

ਸਰਦਾਰ, ਰਾਜੇ—ਸਭ ਨੇ ਮਰਨਾ ਹੁੰਦਾ ਹੈ। ਦੌਲਤਮੰਦ, ਦੌਲਤ ਇਕੱਠੀ ਕਰਦਾ ਮਰ ਜਾਂਦਾ ਹੈ। ਗੁਰੂ ਅਤੇ ਉਸ ਦਾ ਸਿੱਖ, ਪ੍ਰਮਾਤਮਾ ਅੱਗੇ ਆਪਣੇ ਨਾਮ ਦੇ ਅੰਮ੍ਰਿਤ ਦੀ ਦਾਤ ਬਖਸ਼ਣ ਲਈ ਅਰਜ਼ੋਈ ਕਰਦਾ ਹੈ।

ਪਰਜਾ, ਉਹਨਾਂ ਦੇ ਹਾਕਮ ਅਤੇ ਸਰਦਾਰ ਸਾਰੇ ਹੀ ਖਤਮ ਹੋ ਜਾਂਦੇ ਹਨ। ਉਹਨਾਂ ਦੇ ਸਰੀਰਾਂ ਦੇ ਨਾਲ ਉਹਨਾਂ ਦਾ ਅਹੰਕਾਰ ਵੀ ਖਤਮ ਹੋ ਜਾਣਾ ਹੈ, ਕਿਉਂਕਿ ਮੌਤ ਦੀ ਪਹੁੰਚ ਦੋਨਾਂ ਤੱਕ ਹੁੰਦੀ ਹੈ।

ਸਿਰਫ਼ ਪ੍ਰਮਾਤਮਾ ਹੀ ਅਬਿਨਾਸ਼ੀ ਹੈ। ਉਸ ਉੱਪਰ ਝੂਠ ਦਾ ਕੋਈ ਅਸਰ ਨਹੀਂ ਹੁੰਦਾ। ਉਹੋ ਹੀ ਸਭਨਾਂ ਨੂੰ ਰਚਦਾ ਹੈ ਅਤੇ ਉਹੋ ਹੀ ਸਭਨਾਂ ਨੂੰ ਖ਼ਤਮ ਕਰਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਕੇਵਲ ਤਦ ਹੀ ਮਨੁੱਖ ਸੱਚਾ ਸਨਮਾਨ ਹਾਸਿਲ ਕਰਦਾ ਹੈ, ਕਿਉਂਕਿ ਜੋ ਸਨਮਾਨ ਯੋਗ ਸ਼ਬਦ ਲੋਕ ਆਪਣੇ ਨਾਮ ਦੇ ਨਾਲ ਜੋੜਦੇ ਹਨ, ਉਹ ਆਰਜ਼ੀ ਹੁੰਦੇ ਹਨ ਅਤੇ ਅਹੰਕਾਰ ਵਧਾਉਂਦੇ ਹਨ।

ਕਾਜ਼ੀ, ਸ਼ੇਖ ਅਤੇ ਸੰਤਾਂ ਵਾਲਾ ਮੁਖੌਟਾ ਪਹਿਨੇ ਹੋਏ ਲੋਕ ਆਪਣੇ ਆਪ ਨੂੰ ਉਸ ਸਨਮਾਨ ਦੇ ਕਾਬਿਲ ਦਿਖਾਉਂਦੇ ਹਨ ਅਸਲ ਵਿਚ ਉਹ ਸਭ ਅਹੰਕਾਰ ਦੇ ਮਾਰੇ ਹੋਏ ਹੁੰਦੇ ਹਨ। ਉਹਨਾਂ ਦੇ ਅਹੰਕਾਰ ਦਾ ਅੰਤ ਸ਼ਕਤੀਸ਼ਾਲੀ ਮੌਤ ਨਾਲ ਹੀ ਹੁੰਦਾ ਹੈ। ਅਹੰਕਾਰ ਅਤੇ ਇਸ ਨਾਲ ਆਉਣ ਵਾਲੀ ਬਰਬਾਦੀ ਤੋਂ ਬਚਣ ਦਾ ਇੱਕੋ ਇਕ ਤਰੀਕਾ ਗੁਰੂ ਦੀ ਦਿਆਲਤਾ ਅਤੇ ਉਸ ਦਾ ਸਹਾਰਾ ਹੈ।

ਮੌਤ, ਝੂਠ ਬੋਲਣ, ਝੂਠ ਦੇਖਣ ਅਤੇ ਝੂਠ ਸੁਨਣ ਵਾਲਿਆਂ ਦੀ ਜ਼ੁਬਾਨ, ਅੱਖਾਂ ਅਤੇ ਕੰਨਾਂ ਉਤੇ ਆਪਣਾ ਜਾਲ ਪਾ ਦਿੰਦੀ ਹੈ। ਇਸ ਤਰ੍ਹਾਂ ਜਾਲ ਵਿਚ ਫਸਿਆਂ, ਪ੍ਰਮਾਤਮਾ ਨਾਲ ਜੁੜਨਾ ਅਸੰਭਵ ਹੈ। ਮਨੁੱਖ ਗੁਰੂ ਦੀਆਂ ਸਿੱਖਿਆਵਾਂ ਤੋਂ ਅਨਜਾਣ ਹੋ ਕੇ ਦਿਨ-ਰਾਤ ਲੁੱਟਦਾ ਰਹਿੰਦਾ ਹੈ।

ਸੱਚਾ ਪ੍ਰਮਾਤਮਾ ਆਪਣੇ ਸੇਵਕ ਦੇ ਮਨ ਵਿਚ ਵਾਸ ਕਰਦਾ ਹੈ। ਜੋ ਮਨੁੱਖ, ਸ਼ਰਧਾ ਨਾਲ ਪ੍ਰਮਾਤਮਾ ਦੀ ਸਿਫਤ-ਸਾਲਾਹ ਵਿਚ ਜੁੜਿਆ ਰਹਿੰਦਾ ਹੈ, ਮੌਤ ਵੀ ਉਸ ਨੂੰ ਦੁਖੀ ਨਹੀਂ ਕਰ ਸਕਦੀ। (ਭਾਵ ਉਹ ਮੌਤ ਦੇ ਡਰ ਤੋਂ ਦੁਖੀ ਨਹੀਂ ਹੁੰਦਾ) ਗੁਰੂ ਦਾ ਸਿੱਖ,

ਪ੍ਰਮਾਤਮਾ ਦੀਆਂ ਸਿੱਖਿਆਵਾਂ ਦਾ ਮਾਣ ਕਰਦਾ ਹੈ ਅਤੇ ਇਸ ਕਰਕੇ ਮੌਤ ਦੇ ਡਰ ਤੋਂ ਉੱਪਰ ਉੱਠ ਜਾਂਦਾ ਹੈ। ਸਿੱਖ, ਵਾਹਿਗੁਰੂ ਨਾਲ ਮਿਲ ਪੈਂਦਾ ਹੈ।

ਉਪਦੇਸ਼ ਨੰਬਰ 183

ਗੁਰੂ ਦੇ ਸਿੱਖ ਦਾ ਮੌਲਿਕ ਧਿਆਨ ਸਤਿ ਵਿਚ ਜੁੜਿਆ ਹੁੰਦਾ ਹੈ, ਸਿੱਖ ਝੂਠ ਅਤੇ ਮਾੜੇ ਕਰਮਾਂ ਵਿਚ ਨਹੀਂ ਉਲਝਦਾ

ਗੁਰੂ ਦਾ ਸਿੱਖ ਸਤਿ ਵਿਚ ਜੁੜਿਆ ਰਹਿੰਦਾ ਹੈ। ਉਹ ਹਮੇਸ਼ਾ ਸੱਚ ਬੋਲਦਾ ਹੈ ਅਤੇ ਕਦੇ ਝੂਠ ਨਹੀਂ ਬੋਲਦਾ। ਸਿੱਖ, ਪ੍ਰਮਾਤਮਾ ਦੇ ਹੁਕਮਾਂ ਪ੍ਰਤੀ ਹਮੇਸ਼ਾ ਅਗਿਆਕਾਰ ਰਹਿੰਦਾ ਹੈ। ਉਹ ਪ੍ਰਮਾਤਮਾ ਦੀ ਸਰਬ-ਉੱਚਤਾ ਨੂੰ ਅਪਮਾਨਿਤ ਕਰਨ ਲਈ ਕੁਝ ਨਹੀਂ ਕਰਦਾ। ਪ੍ਰਮਾਤਮਾ ਉਸ ਦੀ ਰੱਖਿਆ ਕਰਦਾ ਹੈ।

ਗੁਰਮੁਖ—ਗੁਰੂ ਦੇ ਸਿੱਖ—ਹਮੇਸ਼ਾ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਜੁੜਿਆ ਹੁੰਦਾ ਹੈ। ਉਹ ਮੌਤ ਦੀ ਪ੍ਰਵਾਹ ਨਹੀਂ ਕਰਦਾ। ਉਸ ਦਾ ਅਧਿਆਤਿਮਕ ਧਿਆਨ ਕਦੀ ਵੀ ਨਹੀਂ ਘੱਟਦਾ। ਮਨਮੁਖ—ਅਜਿਹਾ ਮਨੁੱਖ ਜੋ ਗੁਰੂ ਦੀਆਂ ਸਿੱਖਿਆਵਾਂ ਨੂੰ ਨਹੀਂ ਸੁਣਦਾ, ਬਲਕਿ ਆਪਣੇ ਮਨ ਦੇ ਮਗਰ ਲੱਗਦਾ ਹੈ—ਜਨਮ ਮਰਨ ਦੇ ਚੱਕਰ ਨਾਲ ਬੱਝਾ ਰਹਿੰਦਾ ਹੈ ਅਤੇ ਲਗਾਤਾਰ ਦੁੱਖ ਭੋਗਦਾ ਰਹਿੰਦਾ ਹੈ।

ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਨਾਮ ਅੰਮ੍ਰਿਤ ਪੀਂਦਾ ਹੈ। ਉਹ ਬਿਆਨ ਨਾ ਕੀਤੇ ਜਾ ਸਕਣ ਵਾਲੇ ਪ੍ਰਮਾਤਮਾ ਦੀ ਪੂਜਾ ਕਰਦਾ ਹੈ। ਸਿੱਖ ਆਪਣੇ ਅਸਲ ਸਰੂਪ ਨੂੰ ਪਾ ਲੈਂਦਾ ਹੈ, ਕਿਉਂਕਿ ਉਹ ਪਿਆਰ ਅਤੇ ਸਤਿਕਾਰ ਨਾਲ ਨਿਰੰਤਰ ਪ੍ਰਮਾਤਮਾ ਦਾ ਨਾਮ ਧਿਆਉਂਦਾ ਰਹਿੰਦਾ ਹੈ। ਪ੍ਰਮਾਤਮਾ ਦੇ ਨਾਮ ਦੇ ਆਨੰਦ ਵਿਚ ਲੀਨ ਰਹਿੰਦਾ ਹੈ। ਉਸ ਦੀ ਯਾਦ ਨਾਲ ਪ੍ਰਾਪਤ ਆਨੰਦ ਨੂੰ ਉਹ ਸਾਰਿਆਂ ਨਾਲ ਵੰਡਦਾ ਹੈ।

ਗੁਰੂ ਦੀ ਸਿੱਖਿਆ 'ਤੇ ਸਿੱਖ ਦ੍ਰਿੜਤਾ ਨਾਲ ਹੌਲੀ ਹੌਲੀ ਚੱਲਦਾ ਰਹਿੰਦਾ ਹੈ। ਉਹ ਡੋਲਦਾ ਨਹੀਂ। ਸੰਸਾਰੀ ਜੰਜਾਲਾਂ ਦਾ ਉਸ ਉਤੇ ਕੋਈ ਅਸਰ ਨਹੀਂ ਹੁੰਦਾ। ਉਸ ਦੇ ਬਚਨ ਸੱਚੇ ਅਤੇ ਨਿਰੰਤਰ ਪ੍ਰਮਾਤਮਾ ਦੀ ਭਗਤੀ ਦੇ ਹੁੰਦੇ ਹਨ। ਉਹ ਗੁਰੂ ਦਾ ਨਾਮ ਅੰਮ੍ਰਿਤ ਗ੍ਰਹਿਣ ਕਰਦਾ ਹੈ। ਉਹ ਜੀਵਨ ਦੇ ਮੁੱਖ ਉਦੇਸ਼ ਵਿਚ ਜੁੜਿਆ ਰਹਿੰਦਾ ਹੈ।

ਮਨੁੱਖ, ਸਤਿਗੁਰੂ ਨੂੰ ਮਿਲ ਕੇ, ਗੁਰੂ ਤੋਂ ਸਿੱਖਿਆ ਗ੍ਰਹਿਣ ਕਰਕੇ, ਸਤਿਗੁਰੂ ਦਾ ਸਿੱਖ ਬਣ ਜਾਂਦਾ ਹੈ। ਸਿੱਖ ਪੂਰੇ ਮਨ ਨਾਲ ਗੁਰੂ ਦੇ ਗਿਆਨ ਦੀ ਕਦਰ ਕਰਦਾ ਹੈ। ਉਹ ਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਦ੍ਰਿੜ ਨਿਸ਼ਚੇ ਨਾਲ ਵਚਨਬੱਧ ਰਹਿੰਦਾ ਹੈ। ਉਹ ਆਪਣੇ ਅਸਲ ਅਤੇ ਅਧਿਆਤਮਿਕ ਸਰੂਪ ਤੋਂ ਜਾਣੂ ਹੁੰਦਾ ਹੈ। ਉਹ ਪ੍ਰਮਾਤਮਾ ਦੀ ਵਡਿਆਈ ਤੋਂ ਜਾਣੂ ਹੁੰਦਾ ਹੈ।

ਪ੍ਰਮਾਤਮਾ ਦੇ ਨਾਮ ਦਾ ਭੋਜਨ, ਸਰੀਰ ਅਤੇ ਮਨ, ਦੋਨਾਂ ਲਈ ਸਰਬੋਤਮ ਭੋਜਨ

ਹੈ। ਪ੍ਰਮਾਤਮਾ ਸਭ ਤੋਂ ਵੱਧ ਮਹਾਨ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਹੈ। ਉਹ ਐਸੀ ਰੋਸ਼ਨੀ ਹੈ, ਜਿਸ ਵਰਗੀ ਰੁਸ਼ਨਾਈ ਕੋਈ ਹੋਰ ਰੋਸ਼ਨੀ ਨਹੀਂ ਕਰ ਸਕਦੀ। ਉਸ ਦੀ ਕੋਈ ਸੀਮਾ ਨਹੀਂ ਹੈ। ਸਿਰਜਣਹਾਰ ਵਜੋਂ ਉਹ ਇਕੱਲਾ ਹੀ ਹਰ ਜਗ੍ਹਾ 'ਤੇ ਹੈ।

ਜਿਹੜੇ ਸੰਸਾਰੀ ਮੋਹ ਮਨੁੱਖ ਦੇ ਚਰਿੱਤਰ ਨੂੰ ਡੇਗ (ਗਿਰਾ) ਦਿੰਦੇ ਹਨ, ਉਹਨਾਂ ਤੋਂ ਪ੍ਰਭਾਵਿਤ ਨਾ ਹੋਣ ਦਾ ਇੱਕੋ ਇਕ ਤਰੀਕਾ, ਗੁਰੂ ਦੀ ਸਿੱਖਿਆਵਾਂ 'ਤੇ ਅਮਲ ਕਰਨਾ ਹੁੰਦਾ ਹੈ। ਗੁਰੂ ਦਾ ਸਿੱਖ, ਪੂਰੀ ਨਿਮਰਤਾ ਨਾਲ, ਗੁਰੂ ਕੋਲੋਂ ਸਿੱਖਿਆ ਗ੍ਰਹਿਣ ਕਰਕੇ ਸਰਬ ਉੱਚ ਚੇਤਨਾ ਪ੍ਰਾਪਤ ਕਰਦਾ ਹੈ। ਫਿਰ ਉਸ ਦਾ ਮਨ ਸੰਤੁਲਨ ਅਤੇ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਅਹੰਕਾਰ ਦੇ ਸਮਾਪਤ ਹੋ ਜਾਣ ਤੇ ਮਨ ਭਟਕਣਾ ਛੱਡ ਦਿੰਦਾ ਹੈ।

ਕੋਈ ਵੀ ਮਨੁੱਖ, ਜੋ ਉਪਰੋਕਤ ਦੱਸੇ ਮਾਰਗ 'ਤੇ ਚੱਲਦਾ ਹੈ, ਉਹ ਜੀਵਨ ਦੇ ਮੁੱਖ ਉਦੇਸ਼ ਨੂੰ ਪ੍ਰਾਪਤ ਕਰਨ ਵਿਚ ਸਫਲ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਹਰੇਕ ਮਨੁੱਖ ਨੂੰ ਮੁਕਤੀ ਪ੍ਰਦਾਨ ਕਰਦੀ ਹੈ। ਅਜਿਹੇ ਸ਼ਰਧਾਲੂ, ਫੇਰ ਕਿਸੇ ਹੋਰ ਦੇ ਮਗਰ ਨਹੀਂ ਭਟਕਦੇ ਫਿਰਦੇ।

ਗੁਰੂ ਆਪਣੇ ਸਿੱਖ ਨੂੰ ਸੱਚੇ ਪ੍ਰਮਾਤਮਾ ਨਾਲ ਜੋੜਦਾ ਹੈ। ਗੁਰੂ ਸਿੱਖ ਨੂੰ ਉਸ ਪ੍ਰਮਾਤਮਾ ਨਾਲ ਮਿਲਾਉਂਦਾ ਹੈ, ਜਿਸ ਨੂੰ ਕਿਸੇ ਵੀ ਹੋਰ ਤਰੀਕੇ ਨਾਲ ਸਮਝਿਆ ਨਹੀਂ ਜਾ ਸਕਦਾ। ਪ੍ਰਮਾਤਮਾ ਸਤਿ ਸਰੂਪ ਹੈ। ਉਹ ਭਰਮ-ਭੁਲੇਖੇ ਪਾਉਣ ਵਾਲਾ ਜਾਂ ਨਾਸਵੰਤ ਨਹੀਂ ਹੈ। ਉਹ ਸਦੀਵੀ ਪ੍ਰਭੂ, ਗੁਰੂ ਤੇ ਸਿੱਖ 'ਤੇ ਸੰਤੁਸ਼ਟੀ ਦੀ ਮਿਹਰ ਕਰਦਾ ਹੈ। ਸਿੱਖ ਦਾ ਮਨ ਬਿਨਾਂ ਕਿਸੇ ਸ਼ੰਕੇ ਦੇ, ਪ੍ਰਭੂ ਵਿਚ ਲੀਨ ਹੁੰਦਾ ਹੈ।

ਜਿਨ੍ਹਾਂ ਦੇ ਮਨਾਂ ਵਿਚ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਵਾਸ ਕਰਦਾ ਹੈ, ਅਜਿਹੇ ਲੋਕਾਂ ਦੀ ਸੰਗਤ, ਨਿਰਾਸ਼ ਲੋਕਾਂ ਨੂੰ ਵੀ ਗੁਰੂ ਦੇ ਸਿੱਖ ਬਣਾ ਦਿੰਦੀ ਹੈ। ਗੁਰੂ ਦੀ ਸਿੱਖਿਆ ਕੇਵਲ ਉਹਨਾਂ ਦੁਆਰਾ ਹੀ ਦਿੱਤੀ ਜਾਂਦੀ ਹੈ, ਜੋ ਉਸ ਤੋਂ ਚੰਗੀ ਤਰ੍ਹਾਂ ਜਾਣੂ ਹੋਣ। ਗੁਰੂ ਸਿੱਖ ਨੂੰ ਪ੍ਰਮਾਤਮਾ ਦੀ ਭਗਤੀ ਸਿਖਾਉਂਦਾ ਅਤੇ ਭਗਤੀ ਦੀ ਦਾਤ ਵੀ ਬਖ਼ਸ਼ਦਾ ਹੈ। ਪ੍ਰਮਾਤਮਾ ਦੀ ਭਗਤੀ ਸਾਰੇ ਦਾਗ਼ ਮਿਟਾ ਦੇਂਦੀ ਹੈ।

ਉਪਦੇਸ਼ ਨੰਬਰ 184

ਇੱਕ ਨੀਚ ਪਾਪੀ ਆਦਮੀ ਵੀ ਪ੍ਰਮਾਤਮਾ ਦੀ ਮਿਹਰ ਨਾਲ ਮੁਕਤੀ ਪ੍ਰਾਪਤ ਕਰ ਸਕਦਾ ਹੈ

ਜਦੋਂ ਮਨੁੱਖ ਪ੍ਰਮਾਤਮਾ ਦੇ ਕਿਸੇ ਸੱਚੇ ਭਗਤ ਨਾਲ ਮਿਲਦਾ ਹੈ ਤਾਂ ਉਸ ਨੂੰ ਆਪਣੀ ਇਹ ਬੜੀ ਵੱਡੀ ਖ਼ੁਸ਼ਕਿਸਮਤੀ ਸਮਝਣੀ ਚਾਹੀਦੀ ਹੈ। ਪ੍ਰਮਾਤਮਾ ਦੀ ਭਗਤੀ ਨਾ ਕਰਨਾ ਬੜੀ ਮੰਦਭਾਗੀ ਹੈ। ਭਗਤ, ਪ੍ਰਮਾਤਮਾ ਨੂੰ ਸਭ ਯੁੱਗਾਂ ਵਿਚ ਦਾਤਾ ਦਾਤਾਰ ਹੀ ਮੰਨਦਾ ਹੈ।

ਗੁਰੂ ਦੇ ਗਿਆਨ ਤੋਂ ਸਿੱਖਿਆ ਹਾਸਿਲ ਕਰਕੇ, ਸਿੱਖ ਪ੍ਰਭੂ ਦੀ ਭਗਤੀ ਕਰਦਾ ਹੈ ਅਤੇ ਫਿਰ ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਗੁਰੂ ਦਾ ਸਿੱਖ ਕਦੀ ਨਾ ਖ਼ਤਮ

ਹੋਣ ਵਾਲੀ ਪ੍ਰਸੰਨਤਾ ਅਤੇ ਅੰਦਰੂਨੀ ਸ਼ਾਂਤੀ ਦਾ ਅਨੁਭਵ ਕਰਦਾ ਹੈ।

ਪ੍ਰਮਾਤਮਾ ਉਸ ਮਨੁੱਖ ਉਪਰ ਦਿਆਲੂ ਰਹਿੰਦਾ ਹੈ ਜੋ ਪ੍ਰੇਮ ਨਾਲ ਉਸ ਦੀ ਭਗਤੀ ਕਰਦਾ ਹੈ। ਪ੍ਰਮਾਤਮਾ ਉਸ ਦੀ ਰੱਖਿਆ ਕਰਦਾ ਹੈ, ਜੋ ਬੜੀ ਸ਼ਰਧਾ ਨਾਲ ਪ੍ਰਮਾਤਮਾ ਨੂੰ ਸਿਮਰਦਾ ਹੈ, ਪ੍ਰਮਾਤਮਾ ਭਗਤ ਉਤੇ ਸ਼ਾਂਤੀ ਅਤੇ ਪ੍ਰਸੰਨਤਾ ਦੀ ਮਿਹਰ ਕਰਦਾ ਹੈ।

ਪ੍ਰਮਾਤਮਾ ਹਰ ਜੀਵ ਵਿਚ ਵਿਆਪਕ ਹੈ। ਇਹ ਅਹੰਕਾਰ ਅਤੇ ਪ੍ਰਮਾਤਮਾ ਤੋਂ ਵਿਛੋੜੇ ਦੇ ਹੀ ਕਾਰਣ ਹੈ ਕਿ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਫਸਦਾ ਹੈ।

ਕੇਵਲ ਉਹੀ ਮਨੁੱਖ, ਜਿਸ ਨੂੰ ਸਤਿਗੁਰੂ ਤੋਂ ਸਿੱਖਿਆ ਗ੍ਰਹਿਣ ਕਰਨ ਦੀ ਖੁਸ਼ਨਸੀਬੀ ਪ੍ਰਾਪਤ ਹੁੰਦੀ ਹੈ, ਪ੍ਰਭੂ ਦੀ ਭਗਤੀ ਕਰਦਾ ਹੈ। ਉਹ ਗੁਰੂ ਦੇ ਗਿਆਨ ਨਾਲ ਅਹੰਕਾਰ ਦਾ ਖਾਤਮਾ ਕਰਦਾ ਹੈ। ਗੁਰੂ ਦਾ ਸਿੱਖ ਜਾਗਰੁਕਤਾ ਦਾ ਪੱਧਰ ਪ੍ਰਾਪਤ ਕਰ ਲੈਂਦਾ ਹੈ, ਜਿੱਥੇ ਉਹ ਆਤਮਾ ਅਤੇ ਪ੍ਰਮਾਤਮਾ ਦੇ ਆਪਸੀ ਸੰਬੰਧ ਨੂੰ ਚੰਗੀ ਤਰ੍ਹਾਂ ਜਾਨਣ ਲੱਗਦਾ ਹੈ।

ਪ੍ਰਮਾਤਮਾ ਦਾ ਭਗਤ ਆਪਣੀ ਮੁਕਤੀ ਲਈ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੈ। ਪ੍ਰਮਾਤਮਾ ਵੀ ਦਿਆਲਤਾ ਪੂਰਬਕ, ਆਪਣੇ ਸ਼ਰਧਾਲੂ ਨੂੰ ਉੱਤਰ ਦਿੰਦਾ ਹੈ ਅਤੇ ਉਸ ਦੀ ਰੱਖਿਆ ਕਰਦਾ ਹੈ।

11. ਗਉੜੀ ਬੈਰਾਗਣਿ ਮਹਲਾ ੧ ਤੋਂ ਲਏ ਗਏ ਉਪਦੇਸ਼

ੴ ਸਤਿਗੁਰ ਪ੍ਰਸਾਦਿ ॥

(ਅੰਗ ੨੨੮, ਸ੍ਰੀ ਗੁਰੂ ਗ੍ਰੰਥ ਸਾਹਿਬ)

ਉਪਦੇਸ਼ ਨੰਬਰ 185

ਪ੍ਰਮਾਤਮਾ ਦੀ ਮਿਹਰ, ਆਪਣੇ ਭਗਤ ਨੂੰ ਪ੍ਰਮਾਤਮਾ ਦੇ ਗੁਣਾਂ ਤੋਂ ਪ੍ਰਭਾਵਿਤ ਕਰਕੇ ਉਸ ਨੂੰ ਮੰਤਰ ਮੁਗਧ (ਮੋਹਤ/ਪ੍ਰਭਾਵਤ) ਕਰਦੀ ਹੈ

ਪ੍ਰਮਾਤਮਾ, ਦਿਨ-ਰਾਤ ਆਪਣੇ ਭਗਤ ਦੀ ਭਲਾਈ ਦਾ ਉਂਝ ਹੀ ਖ਼ਿਆਲ ਰੱਖਦਾ ਹੈ, ਜਿਵੇਂ ਚਰਵਾਹਾ ਆਪਣੀਆਂ ਗਊਆਂ ਦਾ ਧਿਆਨ ਰੱਖਦਾ ਹੈ। ਪ੍ਰਮਾਤਮਾ ਹਰ ਹਾਲ ਵਿਚ ਆਪਣੇ ਸ਼ਰਧਾਲੂ ਦੀ ਦੇਖਭਾਲ ਕਰਦਾ ਅਤੇ ਉਸ ਦੀ ਸੁਰੱਖਿਆ ਕਰਦਾ ਹੈ। ਸ਼ਰਧਾਲੂ ਨੂੰ ਪ੍ਰਮਾਤਮਾ ਦਾ ਆਸਰਾ ਹੁੰਦਾ ਹੈ। ਉਹ ਪ੍ਰਮਾਤਮਾ ਦੀ ਮਿਹਰ ਭਰੀ ਨਦਰਿ ਨਾਲ ਖ਼ੁਸ਼ ਹੋ ਜਾਂਦਾ ਹੈ।

ਪ੍ਰਮਾਤਮਾ ਹਰ ਜਗ੍ਹਾ ਹਾਜ਼ਿਰ ਹੈ। ਬਚਾਉਣ ਵਾਲਾ ਆਪਣੇ ਭਗਤ ਨੂੰ ਬਚਾਉਂਦਾ ਹੈ। ਪ੍ਰਮਾਤਮਾ ਆਪਣੀਆਂ ਦਾਤਾਂ ਦੇਣ ਵਾਲਾ ਵੀ ਆਪ ਹੈ ਅਤੇ ਲੈਣ ਵਾਲਾ ਵੀ ਆਪ ਹੀ ਹੈ। ਪ੍ਰਮਾਤਮਾ ਹੀ ਜੀਵਨ ਦਾ ਪਾਲਣਹਾਰ ਹੈ।

ਬ੍ਰਹਮ ਗਿਆਨ ਦੀ ਸਮਝ ਤੋਂ ਬਿਨਾਂ, ਮਨੁੱਖ ਅਸੰਤੁਸ਼ਟ ਲੋਕਾਂ ਦੀ ਤਰ੍ਹਾਂ ਵਰਤਾਉ ਕਰਦਾ ਹੈ। ਮਨੁੱਖ ਦਾ ਜੀਵਨ ਬਾਰੇ ਨਜ਼ਰੀਆ, ਉਲਟ-ਪੁਲਟ ਅਤੇ ਅਯੋਗ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਅਗਿਆਨਤਾ ਮਨੁੱਖ ਦੇ ਮਨ ਵਿਚ ਟਿਕੀ ਰਹਿੰਦੀ ਹੈ।

ਲੋਕ ਆਪਣੇ ਅਹੰਕਾਰ ਅਤੇ ਲਾਲਚ ਦੇ ਕਾਰਣ ਖ਼ਤਮ ਹੋ ਜਾਂਦੇ ਹਨ। ਉਹ ਆਪਣੇ ਆਪ ਨੂੰ ਲਾਲਚ ਅਤੇ ਅਹੰਕਾਰ ਦੀ ਪਕੜ ਵਿਚੋਂ ਕੱਢਣ ਤੋਂ ਅਸਮਰਥ ਹੁੰਦੇ ਹਨ। ਮਨੁੱਖ, ਆਪਣੇ ਆਪ ਨੂੰ ਬੜੀ ਨਿਮਰਤਾ ਨਾਲ, ਗੁਰੂ ਤੋਂ ਗਿਆਨ ਪ੍ਰਾਪਤ ਕਰਕੇ, ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਜੋੜਦਾ ਹੈ। ਗੁਰੂ ਦੀ ਸਿੱਖਿਆ ਮਨੁੱਖ ਨੂੰ ਸਾਰੇ ਬੰਧਨਾਂ ਤੋਂ ਮੁਕਤ ਕਰਦੀ ਹੈ।

ਉਸ ਬੇਅੰਤ(ਪ੍ਰਮਾਤਮਾ) ਦਾ ਵਾਸ ਮਨੁੱਖ ਦੇ ਹਿਰਦੇ ਅੰਦਰ ਹੁੰਦਾ ਹੈ। ਗੁਰੂ ਦੀ ਸ਼ਰਨ ਤੋਂ ਬਗੈਰ, ਹਰੇਕ ਮਨੁੱਖ ਡੋਲਦੀ ਧਰਤੀ 'ਤੇ ਖੜਾ ਹੈ। ਗੁਰੂ ਦੀ ਸਿੱਖਿਆ ਦਾ ਗਿਆਨ ਹੀ ਮਨੁੱਖ ਨੂੰ ਜੀਵਨ ਵਿਚ ਖ਼ੁਸ਼ ਰਹਿਣ ਦੇ ਕਾਬਿਲ ਬਣਾਉਂਦਾ ਹੈ।

ਇਸ ਸੰਸਾਰ ਵਿਚ ਹਰੇਕ ਮਨੁੱਖ ਖਾਲੀ ਹੱਥ ਆਉਂਦਾ ਹੈ ਅਤੇ ਖਾਲੀ ਹੱਥ ਹੀ ਜਾਂਦਾ ਹੇ। ਆਪਣੇ ਆਪ ਨੂੰ ਸੰਸਾਰ ਦੇ ਨਾਸਵੰਤ ਪਦਾਰਥਾਂ ਅਤੇ ਭਰਮਾਊ ਧੰਦਿਆਂ ਵਿਚ ਫਸਾਉਣਾ ਮੂਰਖਤਾ ਹੈ। ਕਿਉਂਕਿ ਰੱਸੀ ਨਾਲ ਬੰਨ੍ਹੀ ਬਾਲਟੀ ਵਰਗਾ ਬਣਨਾ, ਜਿਸ ਦਾ ਕੰਮ ਕੇਵਲ ਖੂਹ ਵਿੱਚੋਂ ਪਾਣੀ ਕੱਢਣਾ ਹੁੰਦਾ ਹੈ ? ਕਿਉਂ ਨਾਸਵੰਤ ਪਦਾਰਥਾਂ ਅਤੇ ਭਰਮਾਊ ਦੇ ਪਿਆਰ ਦੇ ਜਾਲ ਵਿਚ ਫਸਣਾ ਅਤੇ ਨਤੀਜੇ ਵਜੋਂ ਜਨਮ-ਮਰਨ ਦੇ ਚੱਕਰ ਵਿਚ ਪੈਣਾ ?

ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ, ਮਨੁੱਖ ਆਪਣਾ ਜੀਵਨ ਪ੍ਰਮਾਤਮਾ ਦੀ ਭਗਤੀ ਲਈ ਸਮਰਪਿਤ ਕਰਦਾ ਹੈ। ਪ੍ਰਮਾਤਮਾ ਦੀ ਭਗਤੀ, ਬੇਸ਼ੱਕ, ਸ਼ਰਧਾਲੂ ਨੂੰ ਸਨਮਾਨ ਦਿਵਾਉਂਦੀ ਹੈ। ਮਨੁੱਖ ਦੇ ਮਨ ਵਿਚ, ਗੁਰੂ ਦਾ ਗਿਆਨ, ਖ਼ਜ਼ਾਨੇ ਵਾਂਗ ਹੁੰਦਾ ਹੈ। ਇਹ ਗਿਆਨ ਅਹੰਕਾਰ ਉਤੇ ਕਾਬੂ ਪਾ ਲੈਂਦਾ ਹੈ।

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ, ਪ੍ਰਮਾਤਮਾ ਨਾਲ ਨਜ਼ਦੀਕੀਆਂ ਪਾਉਂਦਾ ਹੈ। ਇੰਜ ਪ੍ਰਾਪਤ ਹੋਇਆ ਪ੍ਰਭੂ ਨਾਲ ਮਿਲਾਪ, ਕਦੀ ਨਹੀਂ ਟੁੱਟਦਾ। ਪ੍ਰਭੂ ਨਾਲ ਮਿਲਾਪ ਦਾ ਸਭ ਤੋਂ ਵੱਡਾ ਲਾਭ ਇਹ ਹੁੰਦਾ ਹੈ ਕਿ ਮਨੁੱਖ ਨੂੰ ਜੀਵਨ ਦਾ ਸੱਚਾ ਉਦੇਸ਼ ਪਤਾ ਲੱਗ ਜਾਂਦਾ ਹੈ।

ਉਪਦੇਸ਼ ਨੰਬਰ 186

ਕੇਵਲ ਗੁਰੂ ਦਾ ਗਿਆਨ ਹੀ ਸਾਨੂੰ ਅਗਿਆਨਤਾ ਅਤੇ ਝੂਠ ਦੇ ਫਾਹੇ ਤੋਂ ਮੁਕਤ ਕਰਾ ਸਕਦਾ ਹੈ

ਸਤਿ ਦੀ ਮੂਰਤ ਅਤੇ ਝੂਠ ਤੋਂ ਪੂਰੀ ਤਰ੍ਹਾਂ ਨਿਰਲੇਪ-ਪ੍ਰਮਾਤਮਾ ਹਰੇਕ ਮਨੁੱਖ ਦੇ ਅੰਦਰ

ਵਾਸ ਕਰਦਾ ਹੈ। ਕੇਵਲ ਗੁਰੂ ਦੀ ਮਿਹਰ ਸਦਕਾ ਹੀ, ਮਨੁੱਖ ਨੂੰ ਇਸ ਸਤਿ ਦਾ ਅਹਿਸਾਸ ਹੋ ਸਕਦਾ ਹੈ। ਮਨੁੱਖ ਦੀ ਝੂਠ ਤੋਂ ਮੁਕਤੀ, ਇਸ ਅਹਿਸਾਸ ਵਿਚ ਹੀ ਲੁਕੀ ਹੋਈ ਹੈ।

ਗੁਰੂ ਦੀ ਸ਼ਰਨ ਤੋਂ ਬਗੈਰ ਕੋਈ ਵੀ ਮਨੁੱਖ ਆਪਣੇ ਆਪ ਨੂੰ ਝੂਠ ਤੋਂ ਮੁਕਤ ਨਹੀਂ ਕਰ ਸਕਦਾ। ਇਹ ਇਕ ਸੰਪੂਰਨ ਸੱਚਾਈ ਹੈ। ਮਨੁੱਖ ਦੁਆਰਾ ਚੰਗੇ ਅਤੇ ਨੇਕ ਮੰਨੇ ਗਏ ਕਰਮਾਂ ਨੂੰ ਕਰਨ ਨਾਲ, ਪ੍ਰਮਾਤਮਾ ਬਾਰੇ ਅਗਿਆਨਤਾ ਅਤੇ ਝੂਠ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਕਿਸੇ ਅਗਿਆਨੀ ਅਤੇ ਜਿੱਦੀ ਮਨੁੱਖ ਨੂੰ ਸੱਚਾਈ ਸਮਝਾਉਣ ਦੀ ਕੋਸ਼ਿਸ਼ ਕਰਨਾ ਵਿਅਰਥ ਹੈ। ਗਲਤ ਮਾਰਗ, ਜੋ ਮਨੁੱਖ ਨੂੰ ਗੁਰੂ ਦੇ ਗਿਆਨ ਤੋਂ ਪਰ੍ਹੇ ਹਟਾਉਂਦਾ ਹੈ, ਉਤੇ ਚੱਲਣ ਵਾਲੇ ਮਨੁੱਖ ਨਾਲ ਸਮਝ ਮਿਲਾਉਣੀ ਅਸੰਭਵ ਹੈ।

ਗੁਰੂ ਦੇ ਗਿਆਨ ਤੋਂ ਅਨਜਾਣ ਮਨੁੱਖ ਦਾ ਜੀਵਨ ਬਾਰੇ ਨਜ਼ਰੀਆ ਉਲਟਾ ਪੁਲਟਾ ਹੁੰਦਾ ਹੈ। ਅਗਿਆਨਤਾ ਅਤੇ ਝੂਠ ਵਿਚ ਜਕੜਿਆ ਉਹ ਹੇਠ ਲਿਖਿਆ ਸਭ ਕਰਦਾ ਹੈ:

- ✡ ਨਕਲੀ ਭਰਮਾਊ ਅਤੇ ਝੂਠੇ ਨੂੰ ਚਿਰ-ਸਥਾਈ ਅਤੇ ਅਸਲੀ ਸਮਝਦਾ ਹੈ ਅਤੇ ਅਸਲੀ ਅਤੇ ਸਤਿ ਅਤੇ ਸਦਾ ਕਾਇਮ ਰਹਿਣ ਵਾਲੇ ਦਾ ਵਿਰੋਧ ਕਰਦਾ ਹੈ।
- ✡ ਅੰਨੇ-ਰੂਹਾਨੀ ਗਿਆਨ ਦੀ ਕਮੀ ਵਾਲੇ ਨੂੰ, ਸੱਚੇ ਪ੍ਰਭੂ ਦਾ ਜਾਣਨਹਾਰ ਅਤੇ ਸਮੀਖਿਅਕ ਸਮਝਦਾ ਹੈ
- ✡ ਜਾਗਣ ਵਾਲੇ-ਪ੍ਰਮਾਤਮਾ ਦੇ ਭਗਤ ਨੂੰ, ਜੋ ਜੀਵਨ ਦੇ ਆਰਜ਼ੀਪਣ ਨੂੰ ਜਾਣਦਾ ਹੈ, ਸੁੱਤਾ ਹੋਇਆ ਸਮਝਦਾ ਹੈ।
- ✡ ਜਿਉਂਦਿਆਂ ਨੂੰ ਜੋ ਪ੍ਰਮਾਤਮਾ ਦੀ ਲੈਅ ਨਾਲ ਇਕ ਸੁਰਤਾਲ ਵਿਚ ਹੁੰਦੇ ਹਨ, ਨੂੰ ਮੁਰਦਾ ਸਮਝਦਾ ਹੈ।
- ✡ ਮੁਰਦਿਆਂ ਨੂੰ, ਜੋ ਪ੍ਰਮਾਤਮਾ ਤੋਂ ਟੁੱਟੇ ਹੋਏ ਹੁੰਦੇ ਹਨ—ਜਿਉਂਦਾ ਸਮਝਦਾ ਹੈ।
- ✡ ਆਉਣ ਵਾਲਿਆਂ ਨੂੰ, ਜੋ ਪ੍ਰਭੂ ਦਾ ਆਸਰਾ ਅਤੇ ਮਿਹਰ ਦੀ ਭਾਲ ਵਿਚ ਹੁੰਦੇ ਹਨ—ਨੂੰ ਸਹੀ ਮਾਰਗ ਤੋਂ ਭਟਕੇ ਹੋਏ ਸਮਝਦਾ ਹੈ।
- ✡ ਜਾਣ ਵਾਲੇ—ਜੋ ਅਹੰਕਾਰ ਵਿਚ ਪ੍ਰਭੂ ਦੇ ਆਸਰੇ ਅਤੇ ਮਿਹਰ ਤੋਂ ਪਰ੍ਹੇ ਜਾ ਰਹੇ ਹੁੰਦੇ ਹਨ, ਨੂੰ ਸਹੀ ਮਾਰਗ ਵੱਲ ਆਉਂਦੇ ਸਮਝਦਾ ਹੈ।
- ✡ ਉਹ ਦੂਸਰਿਆਂ ਦੀਆਂ ਵਸਤੂਆਂ ਨੂੰ ਆਪਣੀਆਂ ਅਤੇ ਆਪਣੀਆਂ ਵਸਤੂਆਂ ਨੂੰ ਬੇਕਾਰ ਸਮਝਦਾ ਹੈ—ਅਸੰਤੋਖ ਅਤੇ ਲਾਲਚ ਕਾਰਣ ਦੁੱਖ ਭੋਗਦਾ ਹੈ ਅਤੇ ਅਸਲੀ ਦੌਲਤ-ਪ੍ਰਭੂ ਦੇ ਨਾਮ ਦਾ ਤਿਆਗ ਕਰਦਾ ਹੈ।
- ✡ ਮਿਠਾਸ ਭਰੇ ਪ੍ਰਭੂ ਦੇ ਅੰਮ੍ਰਿਤਮਈ ਨਾਮ ਨੂੰ ਬਹੁਤ ਕੌੜਾ ਸਮਝਦਾ ਹੈ। ਬੁਰੇ ਕਰਮਾਂ

ਅਤੇ ਹੋਰ ਬੁਰਾਈਆਂ ਨੂੰ ਮਿੱਠਾ ਸਮਝਦਾ ਹੈ।

- ✡ ਪ੍ਰਭੂ ਦੇ ਭਗਤ ਨੂੰ ਕੋਹੜੇ ਮਾਰਦਾ ਹੈ, (ਸਖ਼ਤ/ਬੇਵਜਾ ਨੁਕਤਾਚੀਨੀ) ਕਰਦਾ ਹੈ ਜਦੋਂ ਕਿ ਆਪ ਖੁਦ ਪ੍ਰਮਾਤਮਾ ਤੋਂ ਵਿਛੜਿਆ ਹੋਇਆ ਹੁੰਦਾ ਹੈ।
- ✡ ਦਾਸੀ ਮਾਇਆ ਨਾਲ ਪ੍ਰੇਮ ਰੱਖਦਾ ਹੈ, ਪਰ ਪ੍ਰਮਾਤਮਾ ਨੂੰ ਅਣਗੌਲਦਾ ਹੈ। ਤਾਲਾਬ ਦੇ ਪਾਣੀ ਨੂੰ ਰਿੜਕਦਾ ਹੈ। ਸਹੀ ਮਾਰਗ ਤੋਂ ਭਟਕਿਆ ਹੋਇਆ ਅਤੇ ਅਗਿਆਨੀ ਹੈ—ਪਾਣੀ ਵਿਚ ਮੱਖਣ ਕੱਢਣ ਦੀ ਉਮੀਦ ਰੱਖਦਾ ਹੈ—ਮੂਰਖਾਂ ਵਾਲੇ ਕੰਮਾਂ ਨਾਲ ਕੁਛ ਕੰਮ ਦੀ ਚੀਜ਼ ਦੀ ਪ੍ਰਾਪਤੀ ਬਾਰੇ ਸੋਚਦਾ ਹੈ।
- ✡ ਪ੍ਰਸੰਨਤਾ ਅਤੇ ਸ਼ਾਂਤੀ ਦੀ ਪ੍ਰਾਪਤੀ ਲਈ, ਆਪਣਾ ਸਮਾਂ ਅਤੇ ਊਰਜਾ, ਪ੍ਰਮਾਤਮਾ ਦੀ ਭਗਤੀ ਦੀ ਜਗ੍ਹਾ 'ਤੇ ਦੁਨਿਆਵੀ ਧੰਦਿਆਂ ਵਿਚ ਲਗਾਉਂਦਾ ਹੈ।

ਗੁਰਮੁਖ ਜਿਸ ਦੀ ਪ੍ਰਸ਼ੰਸਾ ਕਰਦਾ ਹੈ, ਮਨਮੁਖ ਉਸ ਦਾ ਵਿਰੋਧ ਕਰਦਾ ਹੈ। ਮਨਮੁਖ ਦਾ ਦ੍ਰਿਸ਼ਟੀਕੋਣ ਉਲਟ-ਪੁਲਟ ਹੁੰਦਾ ਹੈ ਜਦੋਂ ਕਿ ਗੁਰਮੁਖ ਦਾ ਨਜ਼ਰੀਆ ਹਮੇਸ਼ਾ ਸਹੀ ਹੁੰਦਾ ਹੈ।

ਉਹ ਮਨੁੱਖ ਜੋ ਦੋਨਾਂ ਨਜ਼ਰੀਆਂ ਵਿਚ ਫਰਕ ਬੜੀ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਹ ਆਪਣੇ ਅਨੁਯਾਈਆਂ ਨੂੰ ਬ੍ਰਹਮ ਗਿਆਨ ਦੇਣ ਅਤੇ ਉਹਨਾਂ ਦੀ ਅਗਵਾਈ ਕਰਨ ਦੇ ਕਾਬਿਲ ਹੁੰਦਾ ਹੈ। ਆਪਣੇ ਆਪੇ ਦੀ ਸਮਝ ਮਨੁੱਖ ਨੂੰ 'ਅਨੰਤ ਗੁਣਾਂ ਵਾਲੇ' ਅਤੇ 'ਝੂਠ ਤੋਂ ਅਣਛੂਤੇ' ਪ੍ਰਮਾਤਮਾ ਨਾਲ ਇੱਕਤਾਲ ਕਰ ਦਿੰਦੀ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ, ਸੰਸਾਰ ਵਿਚ ਸਭ ਕੁੱਛ ਉਸ ਪ੍ਰਮਾਤਮਾ ਦੇ ਕਾਰਣ ਹੀ ਹੁੰਦਾ ਹੈ। ਪ੍ਰਮਾਤਮਾ ਆਪ ਹੀ ਮਨੁੱਖ ਨੂੰ ਸਹੀ ਮਾਰਗ ਤੋਂ ਭਟਕਾਉਂਦਾ ਹੈ। ਜੇ ਗੁਰੂ ਆਪਣੀ ਮਿਹਰ ਕਰੇ ਤਾਂ ਮਨੁੱਖ ਸਹੀ ਮਾਰਗ ਪਛਾਣਦਾ ਹੈ। ਫਿਰ ਉਸ ਨੂੰ ਹਰ ਜਗ੍ਹਾ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਉਹ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ।

12. ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ਤੋਂ ਲਏ ਗਏ ਉਪਦੇਸ਼

(ਅੰਗ ੨੪੨-੨੪੩, ਸ੍ਰੀ ਗੁਰੂ ਗ੍ਰੰਥ ਸਾਹਿਬ)

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਸਾਰੀ ਸ੍ਰਿਸ਼ਟੀ ਦੀ ਰਚਨਾ ਇਕ ਪ੍ਰਮਾਤਮਾ ਤੋਂ ਹੋਈ ਹੈ। ਉਹ ਹਰੇਕ ਮਨੁੱਖ ਵਿਚ ਅਤੇ ਹਰ ਚੀਜ਼ ਵਿਚ ਮੌਜੂਦ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਹੈ। ਉਹ ਹੀ ਸਭ ਤੋਂ ਵੱਡਾ ਕਾਰਣ ਹੈ। ਉਹ ਅਗਿਆਨਤਾ ਦੂਰ ਕਰਨ ਵਾਲਾ ਹੈ। ਉਹ ਆਪਣੀਆਂ ਮਿਹਰਾਂ ਕਰਕੇ ਜਾਣਿਆ ਜਾਂਦਾ ਹੈ।

ਉਪਦੇਸ਼ ਨੰਬਰ 187

ਪ੍ਰਭੂ ਅਤੇ ਉਸਦਾ ਭਗਤ ਸੱਚੇ ਪਿਆਰ ਨਾਲ ਆਪੋ ਵਿਚ ਜੁੜੇ ਹੋਏ ਹਨ

ਪ੍ਰਮਾਤਮਾ ਦੇ ਨਾਲ ਸੱਚੇ ਪਿਆਰ ਦਾ ਨਾਤਾ ਜੋੜੇ ਬਗੈਰ, ਮਨੁੱਖ ਖਤਰਿਆਂ ਅਤੇ ਮੁਸ਼ਕਿਲਾਂ ਭਰੀ ਜ਼ਿੰਦਗੀ ਜਿਉਂਦਾ ਹੈ। ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ ਰੱਖਣ ਦੇ ਬਾਵਜੂਦ, ਜੇ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਨਹੀਂ ਹੁੰਦਾ ਤਾਂ ਉਹ ਬੜਾ ਦੁਖੀ ਹੁੰਦਾ ਹੈ। ਜੇ ਮਨੁੱਖ ਪ੍ਰਮਾਤਮਾ ਨਾਲ ਪਿਆਰ ਪਾਏ ਬਗੈਰ ਹੀ ਉਸ ਨੂੰ ਮਿਲਣ ਦੀ ਇੱਛਾ ਰੱਖਦਾ ਹੈ ਤਾਂ ਫਿਰ ਉਸ ਦੇ ਹੱਥ ਸਿਰਫ ਨਿਰਾਸ਼ਾ ਹੀ ਲੱਗਦੀ ਹੈ।

ਜਿਸ ਮਨੁੱਖ ਦੀ ਪ੍ਰਮਾਤਮਾ ਨੂੰ ਮਿਲਣ ਦੀ ਸੱਚੀ ਖਾਹਿਸ਼ ਅਜੇ ਪੂਰੀ ਨਹੀਂ ਹੋਈ ਹੁੰਦੀ, ਗਹਿਣੇ ਅਤੇ ਸੁਆਦਲੇ ਭੋਜਨ ਵੀ ਉਸ ਮਨੁੱਖ ਨੂੰ ਲੁਭਾ ਨਹੀਂ ਸਕਦੇ। ਗੁਰੂ ਦੇ ਗਿਆਨ ਤੋਂ ਵੱਖ ਹੋ ਕੇ ਜਾਂ ਜੁਆਨੀ ਦੇ ਅਹੰਕਾਰ ਵਿਚ, ਪ੍ਰਮਾਤਮਾ ਦੇ ਪਿਆਰ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ। ਕੇਵਲ ਪ੍ਰਮਾਤਮਾ ਦੀ ਮਿਹਰ ਨਾਲ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਫਿਰ ਪ੍ਰਮਾਤਮਾ ਨਾਲ ਅਸਲ ਅਤੇ ਸੱਚਾ ਨਾਤਾ ਜੁੜ ਜਾਂਦਾ ਹੈ। ਪਤੀ-ਪ੍ਰਮੇਸ਼ਵਰ ਤੋਂ ਬਿਨਾਂ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ।

ਉਪਦੇਸ਼ ਨੰਬਰ 188

ਪ੍ਰਮਾਤਮਾ ਦੇ ਪ੍ਰੇਮ ਤੋਂ ਬਿਨਾਂ ਮਨੁੱਖ ਸੱਚਾ ਸਨਮਾਨ-ਪੂਰਬਕ ਜੀਵਨ ਨਹੀਂ ਜੀਉ ਸਕਦਾ

ਪ੍ਰਮਾਤਮਾ ਦੇ ਮਿਲਾਪ ਤੋਂ ਸੱਖਣਾ ਰਹਿ ਕੇ, ਮਨੁੱਖ ਦੁਖੀ, ਨਿਰਾਸ਼ਾਵਾਦੀ, ਉਦਾਸ ਅਤੇ ਅਸੰਤੁਸ਼ਟ ਰਹਿੰਦਾ ਹੈ। ਪ੍ਰਮਾਤਮਾ ਦਾ ਭਗਤ ਪੱਕਾ ਯਕੀਨ ਕਰਦਾ ਹੈ ਕਿ ਮਨੁੱਖ ਦਿਲ ਵਿਚ ਪ੍ਰਮਾਤਮਾ ਦਾ ਪਿਆਰ ਵਸਾ ਕੇ ਹੀ ਸਨਮਾਨ ਅਤੇ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਦੇ ਗਿਆਨ ਨਾਲ ਹੀ ਮਨੁੱਖ ਸਤਿ ਬਾਰੇ ਜਾਣਦਾ ਹੈ। ਮਨ ਵਿਚ ਸਤਿ ਵਸਾ ਕੇ, ਮਨੁੱਖ ਸਬਰ-ਸੰਤੋਖ ਦਾ ਆਨੰਦ ਮਾਣਦਾ ਹੈ। ਪ੍ਰਮਾਤਮਾ ਦਾ ਭਾਗਾਂ ਵਾਲਾ ਸ਼ਰਧਾਲੂ, ਪ੍ਰਮਾਤਮਾ ਦੀ ਯਾਦ ਕਦੀ ਨਹੀਂ ਤਿਆਗਦਾ ਉਹ ਹਮੇਸ਼ਾ ਪ੍ਰਮਾਤਮਾ ਦੇ ਪਿਆਰ ਵਿਚ ਲੀਨ ਰਹਿੰਦਾ ਹੈ।

ਉਪਦੇਸ਼ ਨੰਬਰ 189

ਗੁਰੂ ਦਾ ਉਪਦੇਸ਼ ਪ੍ਰਸੰਨਤਾ ਤੇ ਆਤਮ-ਅਨੰਦ ਬਖ਼ਸ਼ਦਾ ਹੈ

ਪ੍ਰਮਾਤਮਾ ਦਾ ਭਗਤ ਸਤਿਸੰਗਤ ਵਿਚ ਪ੍ਰਮਾਤਮਾ ਦੀ ਸਿਫਤ-ਸਾਲਾਹ ਦੀ ਤਾਂਘ ਕਰਦਾ ਹੈ। ਗੁਰੂ ਦਾ ਗਿਆਨ ਪ੍ਰਮਾਤਮਾ ਨਾਲ ਮਿਲਾਪ ਦਾ ਸਾਧਨ ਹੁੰਦਾ ਹੈ। ਕਿਸੇ ਹੋਰ

ਤਰੀਕੇ ਨਾਲ ਪ੍ਰਮਾਤਮਾ ਨਾਲ ਜੁੜਨਾ ਅਸੰਭਵ ਹੈ। ਸਿਰਫ ਆਪਣੇ ਮਨ ਦੇ ਮਗਰ ਲੱਗ ਕੇ ਮਨੁੱਖ ਦੇ ਹੱਥ ਨਿਰਾਸ਼ਾ ਅਤੇ ਪਛਤਾਵਾ ਹੀ ਲੱਗਦਾ ਹੈ। ਗੁਰੂ ਦੀ ਸਿੱਖਿਆ ਨਾਲ, ਪ੍ਰਮਾਤਮਾ ਦੇ ਵਿਅਕਤਿੱਤਵ ਨੂੰ ਸਮਝ ਕੇ, ਮਨੁੱਖ ਮਨ 'ਤੇ ਕਾਬੂ ਪਾ ਲੈਂਦਾ ਹੈ। ਮਨ, ਝੂਠ ਦੇ ਪ੍ਰਲੋਭਨ ਤੋਂ ਬਚ ਕੇ ਸ਼ਾਂਤ ਹੋ ਜਾਂਦਾ ਹੈ। ਗੁਰੂ ਦੀ ਸਿੱਖਿਆ ਹਮੇਸ਼ਾ ਹੀ ਠੀਕ ਹੁੰਦੀ ਹੈ। ਗੁਰੂ ਦੀ ਸਿੱਖਿਆ ਪ੍ਰਤੀ ਸ਼ਰਧਾ ਅਤੇ ਭਰੋਸਾ ਹਮੇਸ਼ਾ ਸਾਰਥਕ ਹੁੰਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ, ਸ਼ਰਧਾਲੂ ਮਨ ਦੀ ਅਜਿਹੀ ਸਥਿਤੀ ਪਾ ਲੈਂਦਾ ਹੈ, ਜਿਸ ਵਿਚ ਉਹ ਹਮੇਸ਼ਾ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ।

ਉਪਦੇਸ਼ ਨੰਬਰ 190

ਪ੍ਰਭੂ ਨਾਲ ਮਿਲਾਪ ਆਤਮ-ਸੰਤੋਖ ਅਤੇ ਪ੍ਰਸੰਨਤਾ ਪੈਦਾ ਕਰਦਾ ਹੈ

ਪ੍ਰਮਾਤਮਾ ਦਾ ਭਗਤ ਉਸ ਵੇਲੇ ਆਪਣੇ ਮਨ ਦੀ ਇੱਛਾ ਪੂਰੀ ਹੋਈ ਅਨੁਭਵ ਕਰਦਾ ਹੈ ਜਦੋਂ ਮਿੱਤਰ (ਸਖਾ, ਪ੍ਰਭੂ) ਸ਼ਰਧਾਲੂ ਦੇ ਮਨ ਵਿਚ ਵਾਸ ਕਰਨ ਲੱਗਦਾ ਹੈ। ਸ਼ਰਧਾਲੂ ਦੇ ਮਨ ਵਿੱਚੋਂ ਖ਼ੁਸ਼ੀ ਦੇ ਗੀਤ ਫੁੱਟਦੇ ਹਨ। ਸ਼ਰਧਾਲੂ ਆਪਣੇ ਪਤੀ ਪਰਮੇਸ਼ਵਰ ਦੇ ਪਿਆਰ ਨਾਲ ਸ਼ਾਂਤ ਹੁੰਦਾ ਹੈ ਅਤੇ ਬਹੁਤ ਆਨੰਦ ਅਨੁਭਵ ਕਰਦਾ ਹੈ। ਸ਼ਰਧਾਲੂ ਦਾ ਮਨ ਚੰਗਿਆਈ ਨਾਲ ਤ੍ਰਿਪਤ ਰਹਿੰਦਾ ਹੈ ਅਤੇ ਬੁਰਾਈ ਲਈ ਕੋਈ ਥਾਂ ਨਹੀਂ ਬਚਦੀ। ਸ਼ਰਧਾਲੂ ਦਾ ਮਨ ਸੱਚੇ ਪ੍ਰਮਾਤਮਾ ਵੱਲ ਲੱਗ ਜਾਂਦਾ ਹੈ ਅਤੇ ਉਹ ਸਦੀਵੀ ਲਾਭ ਹਾਸਿਲ ਕਰਦਾ ਹੈ। ਬੇ-ਰੋਕ-ਟੋਕ, ਸ਼ਰਧਾਲੂ ਪ੍ਰਭੂ ਨਾਮ ਦੇ ਅੰਮ੍ਰਿਤ ਦਾ ਆਨੰਦ ਮਾਣਦਾ ਹੈ। ਉਹ ਨਿਮਰਤਾ ਨਾਲ ਪ੍ਰਮਾਤਮਾ ਦਾ ਧੰਨਵਾਦੀ ਰਹਿੰਦਾ ਹੈ। ਪਤਿ-ਪ੍ਰਭੂ ਅਤੇ ਜੀਵ-ਇਸਤ੍ਰੀ (ਸ਼ਰਧਾਲੂ) ਦਾ ਮਿਲਾਪ ਹੋ ਜਾਂਦਾ ਹੈ ਅਤੇ ਫਿਰ ਉਹ ਹਮੇਸ਼ਾ ਖ਼ੁਸ਼ ਰਹਿੰਦੇ ਹਨ।

13. ਗਉੜੀ ਛੰਤ ਮਹਲਾ ੧ ਤੋਂ ਲਏ ਗਏ ਉਪਦੇਸ਼

(ਅੰਗ ੨੪੩, ਸ੍ਰੀ ਗੁਰੂ ਗ੍ਰੰਥ ਸਾਹਿਬ)

ਉਪਦੇਸ਼ ਨੰਬਰ 191

ਪ੍ਰਮਾਤਮਾ ਉਸ ਮਨੁੱਖ ਨੂੰ ਪਿਆਰ ਕਰਦਾ ਹੈ, ਜੋ ਗੁਰੂ ਦੀਆਂ ਸਿੱਖਿਆਵਾਂ ਨਾਲ ਉਸ ਦੇ ਪਿਆਰ ਦੇ ਕਾਬਿਲ ਬਣਦਾ ਹੈ

ਪਤੀ-ਪ੍ਰਭੂ ਸਦਾ ਹੀ ਆਜ਼ਾਦ ਬਿਰਤੀ ਵਾਲਾ ਅਤੇ ਮਿਹਰ ਕਰਨ ਵਾਲਾ ਹੈ। ਜੀਵ-ਇਸਤ੍ਰੀ ਪਤੀ-ਪ੍ਰਭੂ ਤੋਂ ਬਿਨਾਂ ਸੰਸਾਰ ਰੂਪੀ ਜੰਗਲ ਵਿਚ ਭਟਕ ਰਹੀ ਹੈ। ਅਜਿਹੀ ਸਥਿਤੀ (ਹਾਲਤ) ਵਿਚ ਭਟਕ ਰਹੀ ਜੀਵ-ਇਸਤ੍ਰੀ ਨੂੰ ਕਿਧਰੇ ਸ਼ਾਂਤੀ ਨਹੀਂ ਹੁੰਦੀ। ਦੁਲਹਨ ਲਈ ਜੀਵਨ ਪਤੀ ਦੀ ਗੈਰ-ਹਾਜ਼ਰੀ ਵਿਚ ਅਸਹਿਣਯੋਗ ਲੰਬੀ ਰਾਤ ਵਾਂਗ ਹੁੰਦਾ ਹੈ। ਪਤੀ ਦੇ

ਪਿਆਰ ਤੋਂ ਬਿਨਾਂ, ਪਤਨੀ ਬੇਚੈਨ ਰਹਿੰਦੀ ਹੈ ਅਤੇ ਪਤੀ ਨੂੰ ਅਰਜ਼ੋਈ ਕਰਦੀ ਹੈ ਕਿ ਉਹ ਉਸ ਦੀ ਹਾਲਤ ਵੱਲ ਧਿਆਨ ਦੇਵੇ। ਕੇਵਲ ਪਤੀ ਹੀ ਪਤਨੀ ਦੀ ਇਕੱਲਤਾ ਨੂੰ ਦੂਰ ਕਰ ਸਕਦਾ ਹੈ। ਪਤੀ ਦੇ ਪਿਆਰ ਤੋਂ ਵਾਂਝੇ ਰਹਿ ਕੇ, ਤਕਲੀਫ ਭਰੀ ਸਥਿਤੀ ਤੋਂ ਬਚਣ ਦੀ ਇੱਕੋ-ਇਕ ਉਮੀਦ ਗੁਰੂ ਹੁੰਦੀ ਹੈ।

ਗੁਰੂ ਹੀ ਜੀਵ-ਇਸਤ੍ਰੀ ਨੂੰ ਪਤੀ-ਪ੍ਰਮੇਸ਼ਵਰ ਨਾਲ ਮਿਲਾਉਂਦਾ ਹੈ। ਗੁਰੂ ਦੀਆਂ ਸਿੱਖਿਆਵਾਂ ਸ਼ਰਧਾਲੂ ਦੇ ਮਨ ਵਿਚ ਅਧਿਆਤਮਿਕ ਆਨੰਦ ਪੈਦਾ ਕਰਦੀਆਂ ਹਨ ਅਤੇ ਪ੍ਰਮਾਤਮਾ ਨਾਲ ਪਿਆਰ ਭਰਿਆ ਸੰਬੰਧ ਪੈਦਾ ਕਰਦੀਆਂ ਹਨ। ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਆਪਣੇ ਸ਼ਰਧਾਲੂ ਨੂੰ ਗੁਣੀ ਬਣਾਉਂਦਾ ਹੈ। ਸ਼ਰਧਾਲੂ ਵੀ ਅਬਿਨਾਸੀ ਪ੍ਰਮਾਤਮਾ ਲਈ ਅਥਾਹ ਪਿਆਰ ਮਹਿਸੂਸ ਕਰਦਾ ਹੈ।

ਸਤਿਗੁਰੂ, ਪਤਨੀ ਨੂੰ ਪਤੀ ਨਾਲ ਮਿਲਾ ਦਿੰਦਾ ਹੈ। ਇਹ ਮਿਲਾਪ ਜੀਵ-ਇਸਤ੍ਰੀ ਸ਼ਰਧਾਲੂ ਦੇ ਮਨ ਵਿਚ ਬੜੀ ਪ੍ਰਸੰਨਤਾ ਪੈਦਾ ਕਰਦਾ ਹੈ। ਇਹ ਮਿਲਾਪ ਕੇਵਲ ਤਾਂ ਹੀ ਸੰਭਵ ਹੈ ਜੇ ਪਤੀ ਆਪਣੀ ਪਤਨੀ ਪ੍ਰਤੀ ਆਕਰਸ਼ਿਤ ਹੋਵੇ। ਸਤਿਗੁਰੂ ਪਤਨੀ ਵਿਚ ਅਜਿਹੇ ਗੁਣ ਪੈਦਾ ਕਰ ਦਿੰਦਾ ਹੈ ਕਿ ਪਤੀ ਆਪਣੀ ਪਤਨੀ ਵੱਲ ਆਕਰਸ਼ਿਤ ਹੋਵੇ।

ਉਪਦੇਸ਼ ਨੰਬਰ 192

ਗੁਰੂ ਨਾਲ ਡੂੰਘਾ ਪਿਆਰ ਭਗਤ ਨੂੰ ਝੂਠ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਦਾ ਹੈ

ਝੂਠ ਨਾਲ ਜੁੜੇ ਹੋਏ ਮਨੁੱਖ ਦੀ ਹਾਲਤ ਇਕ ਐਸੇ ਇਨਸਾਨ ਵਰਗੀ ਹੁੰਦੀ ਹੈ ਜੋ ਬੇ-ਘਰ ਅਤੇ ਅਪਮਾਨਿਤ ਹੁੰਦਾ ਹੈ। ਝੂਠ ਦੇ ਫੰਦੇ ਵਾਲੀ ਇਸ ਹਾਲਤ ਤੋਂ ਗੁਰੂ ਦੇ ਡੂੰਘੇ ਪਿਆਰ ਤੋਂ ਬਿਨਾਂ ਬਚਿਆ ਨਹੀਂ ਜਾ ਸਕਦਾ ਹੈ। ਗੁਰੂ ਦੇ ਗਿਆਨ ਨੂੰ ਸਮਝ ਕੇ, ਮਨੁੱਖ ਪ੍ਰਮਾਤਮਾ ਨਾਲ ਪਿਆਰ ਅਤੇ ਸਾਂਝ ਅਨੁਭਵ ਕਰਦਾ ਹੈ। ਨਹੀਂ ਤਾਂ, ਉਹ ਮੈਲ ਜੋ ਮਨੁੱਖ ਦੀ ਅੰਤਰ-ਆਤਮਾ ਨੂੰ ਮੈਲਾ ਕਰਦੀ ਹੈ ਉਹ ਕਦੀ ਵੀ ਸਾਫ਼ ਨਹੀਂ ਹੋ ਸਕਦੀ, ਭਾਵੇਂ ਮਨੁੱਖ ਜਿੰਨੇ ਮਰਜ਼ੀ ਦਾਨ ਕਰ ਲਵੇ ਜਾਂ ਤੀਰਥ ਅਸਥਾਨਾਂ 'ਤੇ ਇਸ਼ਨਾਨ ਕਰ ਲਵੇ। ਭਾਵੇਂ ਮਨੁੱਖ ਆਤਮ-ਤਿਆਗ ਵਾਲੇ ਜਿੰਨੇ ਚਾਹੇ ਕਰਮ ਕਰ ਲਵੇ, ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ ਉਹ ਅੰਤਰ-ਆਤਮਾ ਦੀ ਸ਼ੁੱਧੀ ਹਾਸਿਲ ਨਹੀਂ ਕਰ ਸਕਦਾ। ਸਿਰਫ ਗੁਰੂ ਦੇ ਗਿਆਨ ਦੀ ਮਦਦ ਨਾਲ ਹੀ ਸੱਚੇ ਪ੍ਰਮਾਤਮਾ ਦੇ ਨਿਵਾਸ ਸਥਾਨ ਦੀ ਪਹਿਚਾਣ ਹੁੰਦੀ ਹੈ। ਪ੍ਰਮਾਤਮਾ ਨਾਲ ਮਿਲਾਪ ਦਾ ਕੇਵਲ ਇਕ ਹੀ ਮਾਰਗ ਗੁਰੂ ਦਾ ਗਿਆਨ ਹੈ। ਪ੍ਰਮਾਤਮਾ ਤੋਂ ਵਿਛੜ ਕੇ ਕੋਈ ਵੀ ਮਨੁੱਖ ਸਦੀਵੀ ਕਾਇਮ ਰਹਿਣ ਵਾਲੇ ਨੂੰ ਜਾਣ ਨਹੀਂ ਸਕਦਾ।

ਪ੍ਰਮਾਤਮਾ ਦੀ ਵਡਿਆਈ ਬਹੁਤ ਵੱਡੀ ਹੈ। ਗੁਰੂ ਦਾ ਵੀ ਸੱਚੇ ਪ੍ਰਮਾਤਮਾ ਬਾਰੇ ਇਹੀ ਗਿਆਨ ਹੈ। ਪ੍ਰਮਾਤਮਾ ਦਾ ਨਿਵਾਸ ਸਥਾਨ ਸਦਾ ਕਾਇਮ ਰਹਿਣ ਵਾਲਾ ਹੈ। ਪ੍ਰਭੂ ਦੇ ਨਾਮ

ਸਿਮਰਨ ਦਾ ਵਣਜ-ਵਪਾਰ ਅਜਿਹਾ ਹੈ, ਜੋ ਕਦੀ ਖ਼ਤਮ ਨਹੀਂ ਹੁੰਦਾ। ਇਹ ਵਪਾਰ ਬੜਾ ਪਿਆਰਾ ਹੈ। ਪ੍ਰਮਾਤਮਾ ਦਾ ਸ਼ਰਧਾਲੂ ਇਸ ਵਪਾਰ ਦਾ ਲਾਭ ਹਰ ਵੇਲੇ ਉਠਾਉਂਦਾ ਹੈ। ਸ਼ਰਧਾਲੂ ਦੇ ਲਈ ਪ੍ਰਮਾਤਮਾ ਦੇ ਨਾਮ-ਸਿਮਰਨ ਤੋਂ ਇਲਾਵਾ ਹੋਰ ਕੁੱਛ ਵੀ ਆਕਰਸ਼ਕ ਨਹੀਂ ਹੈ। ਉਹ ਪ੍ਰਮਾਤਮਾ ਦੇ ਸਿਮਰਨ ਦੇ ਆਪਣੇ ਕਾਰਜ ਵਿਚ ਇਕ ਪਲ ਵੀ ਬਰਬਾਦ ਨਹੀਂ ਕਰਦਾ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਇਕ ਮਨ ਹੋ ਕੇ ਪ੍ਰਮਾਤਮਾ ਦੀ ਭਗਤੀ ਦੀ ਅਜਿਹੀ ਸਥਿਤੀ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਦੀ ਦਾਤ, ਸ਼ਰਧਾਲੂ ਨੂੰ ਅਜਿਹੀ ਪ੍ਰਸੰਨਤਾ ਪ੍ਰਦਾਨ ਕਰਦੀ ਹੈ, ਜਿਸ ਦਾ ਹੋਰ ਕੋਈ ਸਾਨੀ ਨਹੀਂ ਹੈ। ਕੇਵਲ ਪੂਰਨ ਗੁਰੂ ਹੀ ਸੇਵਕ ਨੂੰ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਮਿਲਾਪ ਦਾ ਅਨੁਭਵ ਕਰਨ ਦੇ ਕਾਬਿਲ ਬਣਾਉਂਦਾ ਹੈ।

14. ਸਿੱਖਾਂ ਦੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਤੋਂ ਲਏ ਗਏ ਉਪਦੇਸ਼ਾਂ ਦਾ ਸੰਗ੍ਰਹਿ

10 ਜੂਨ 2010 ਤੋਂ ਲੈ ਕੇ, ਲਗਾਤਾਰ ਸੱਠ (60) ਦਿਨ, ਲੇਖਕ ਨੇ ਅੰਮ੍ਰਿਤ ਵੇਲੇ ਦੇ ਹੁਕਮਨਾਮੇ—ਦਰਬਾਰ ਸਾਹਿਬ, ਅੰਮ੍ਰਿਤਸਰ, ਭਾਰਤ ਵਿਖੇ ਜਦੋਂ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰੀ ਮਰਿਆਦਾ ਨਾਲ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਉਹਦੇ ਵਿਚ (ਉਸ ਸਫ਼ੇ) ਜੋ ਸ਼ਬਦ ਆਉਂਦੇ ਹਨ—ਦਾ ਅਨੁਵਾਦ ਕੀਤਾ। ਇਸ ਬਾਣੀ ਦਾ ਆਧਾਰ ਗੁਰੂ ਤੇ ਭਗਤਾਂ ਦੇ ਉਪਦੇਸ਼ ਨੂੰ ਸੰਕਲਿਤ ਕਰਕੇ ਬਣਾਇਆ ਗਿਆ ਸੀ।

ਇਸ ਪ੍ਰਕਾਰ ਸੱਠ ਦਿਨਾਂ ਵਿਚ ਸੱਠ ਸ਼ਬਦਾਂ ਦਾ ਅਨੁਵਾਦ ਕੀਤਾ ਗਿਆ। ਇਨ੍ਹਾਂ ਅਨੁਵਾਦਿਤ ਸ਼ਬਦਾਂ ਨੂੰ ਇਕ ਢੁਕਵਾਂ ਸਿਰਲੇਖ ਉਪਦੇਸ਼ ਦਿੱਤਾ ਗਿਆ। ਇਸ ਵਰਗ ਵਿਚ ਆਖਰੀ ਉਪਦੇਸ਼, ਉਪਦੇਸ਼ ਨੰਬਰ 245 ਹੈ।

ਉਪਦੇਸ਼ ਨੰਬਰ 193

ਗੁਰੂ ਅਰਜਨ ਦੇਵ ਜੀ ਦੇ ਸ਼ਬਦ (1563–1606), ਗੁਰੂ ਗ੍ਰੰਥ ਸਾਹਿਬ ਦੇ ਅੰਗ ੭੧੩ 'ਤੇ ਦਰਜ ਸਤਿਗੁਰੂ ਆਪਣੇ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ, ਸ਼ਾਂਤੀ ਦੀ ਦਾਤ ਬਖ਼ਸ਼ਦਾ ਹੈ, ਚਿੰਤਾ ਖ਼ਤਮ ਕਰਦਾ ਹੈ

ਜੇ ਕੋਈ ਮਨੁੱਖ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਤਾਂ ਫਿਰ ਉਸ ਨੂੰ ਪ੍ਰਮਾਤਮਾ ਦੇ ਨਾਮ-ਸਿਮਰਨ ਦੀ ਦਾਤ ਪ੍ਰਾਪਤ ਹੁੰਦੀ ਹੈ। ਫਿਰ ਉਸ ਦੇ ਮਨ ਨੂੰ ਆਤਮਿਕ ਸ਼ਾਂਤੀ ਮਹਿਸੂਸ ਹੁੰਦੀ ਹੈ। ਉਹ ਪ੍ਰਮਾਤਮਾ ਦੀ ਦਰਗਾਹ ਵਿਚ ਵਡਿਆਈ ਪਾਂਦਾ ਹੈ।

ਸਤਿਗੁਰੂ ਦੀ ਸ਼ਰਨ ਵਰਗਾ ਹੋਰ ਕੋਈ ਸਹਾਰਾ ਨਹੀਂ ਹੈ। ਜੇ ਕੋਈ ਮਨੁੱਖ ਸੱਚਮੁੱਚ

ਸਤਿਗੁਰੂ ਦੀ ਸ਼ਰਨ ਭਾਲ ਰਿਹਾ ਹੁੰਦਾ ਹੈ ਅਤੇ ਇਸ ਲਈ ਲੋੜੀਂਦੀ ਨਿਮਰਤਾ ਵੀ ਮਨ ਵਿਚ ਰੱਖਦਾ ਹੈ, ਤਾਂ ਫਿਰ ਗੁਰੂ ਉਸ ਦੇ ਗੁਣਾਂ-ਔਗੁਣਾਂ ਦਾ ਧਿਆਨ ਨਹੀਂ ਕਰਦਾ ਅਤੇ ਉਸ ਨੂੰ ਮੁਕਤੀ ਪ੍ਰਦਾਨ ਕਰਦਾ ਹੈ।

ਪ੍ਰਮਾਤਮਾ ਸਦਾ ਬਖ਼ਸ਼ਣਹਾਰ ਹੈ। ਉਹ ਸਦਾ ਦਿਆਲੂ ਹੈ। ਉਹ ਸਭ ਨੂੰ ਦਾਤਾਂ ਬਖ਼ਸ਼ਣ ਵਾਲਾ ਹੈ। ਸਤਿਗੁਰੂ ਦਾ ਸਿੱਖ, ਪ੍ਰਮਾਤਮਾ ਅਤੇ ਉਸ ਦੇ ਭਗਤਾਂ ਅੱਗੇ ਉਹਨਾਂ ਦੀ ਸੁਰੱਖਿਆ ਅਤੇ ਮੁਕਤੀ ਲਈ ਅਰਜ਼ੋਈ ਕਰਦਾ ਹੈ।

ਉਪਦੇਸ਼ ਨੰਬਰ 194

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਗ ੭੦੪ ਵਿਚ ਦਰਜ ਝੂਠ ਤੋਂ ਮੁਕਤੀ ਲਈ ਅਤੇ ਜਨਮ-ਮਰਨ ਦੇ ਚੱਕਰ ਤੋਂ ਬਚਣ ਲਈ ਇੱਕੋ-ਇੱਕ ਮਾਰਗ ਪ੍ਰਮਾਤਮਾ ਦੀ ਸ਼ਰਨ ਵਿਚ ਜਾਣਾ ਹੈ

ਪ੍ਰਮਾਤਮਾ ਅਗਮ-ਅਗੋਚਰ ਹੈ। ਫੇਰ ਵੀ, ਨਿਮਰਤਾ ਨਾਲ ਉਸ ਤੱਕ ਪਹੁੰਚਿਆ ਜਾ ਸਕਦਾ ਹੈ। ਜੇ ਕੋਈ ਮਨੁੱਖ ਉਸ ਪ੍ਰਭੂ ਦੀ ਸ਼ਰਨ ਵਿਚ ਆ ਜਾਵੇ, ਤਾਂ ਪ੍ਰਭੂ ਹਰ ਤਰ੍ਹਾਂ ਨਾਲ ਉਸ ਦੀ ਰੱਖਿਆ ਕਰਦਾ ਹੈ। ਜੋ ਮਨੁੱਖ ਉਸ ਦੀ ਸ਼ਰਨ ਵਿਚ ਆ ਜਾਵੇ, ਫਿਰ ਭਾਵੇਂ ਉਸ ਵਿਚ ਅਨਗਿਣਤ ਹੀ ਔਗੁਣ ਹੋਣ, ਉਹ ਉਹਨਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦਾ।

ਕਿਉਂਕਿ ਸਾਰੇ ਝੂਠ ਦੇ ਜਾਲ ਵਿਚ ਫਸੇ ਹੋਏ ਹਨ, ਇਸ ਲਈ ਹਰੇਕ ਮਨੁੱਖ ਅਨੇਕਾਂ ਭੁੱਲਾਂ ਕਰਦਾ ਹੈ। ਇਹ ਤਾਂ ਪ੍ਰਮਾਤਮਾ ਦੀ ਮਿਹਰ ਸਦਕਾ ਹੈ ਜੋ ਮਨੁੱਖ ਨੂੰ ਝੂਠ ਦੇ ਜਾਲ ਤੋਂ ਬਚਾਉਂਦੀ ਹੈ ਅਤੇ ਉਸ ਨੂੰ ਮੁਕਤੀ ਪ੍ਰਦਾਨ ਕਰਦੀ ਹੈ। ਪ੍ਰਮਾਤਮਾ ਚੋਰੀ-ਛਿਪੇ ਕੀਤੇ ਗਏ ਸਾਰੇ ਮਾੜੇ-ਕਰਮਾਂ ਬਾਰੇ ਜਾਣਦਾ ਹੈ। ਪ੍ਰਮਾਤਮਾ ਤੋਂ ਕੁੱਛ ਵੀ ਲੁਕਿਆ ਹੋਇਆ ਨਹੀਂ ਹੈ। ਨਿਮਾਣਾਪਨ ਮਨੁੱਖ ਨੂੰ ਪ੍ਰਮਾਤਮਾ ਦਾ ਪਿਆਰਾ ਬਣਾ ਦਿੰਦਾ ਹੈ। ਉਹ ਦਿਆਲ ਪ੍ਰਭੂ ਮਨੁੱਖ ਨੂੰ ਜਨਮ ਮਰਨ ਦੇ ਗੇੜ ਤੋਂ ਮੁਕਤ ਕਰ ਦਿੰਦਾ ਹੈ।

ਉਪਦੇਸ਼ ਨੰਬਰ 195

ਪੰਜਵੀਂ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਗ ੭੩੮ ਵਿਚ ਦਰਜ ਝੂਠੇ ਮੋਹ ਉਪਰ ਪ੍ਰਭੂ ਭਗਤੀ ਨਾਲ ਕਾਬੂ ਪਾਇਆ ਜਾ ਸਕਦਾ ਹੈ

ਪ੍ਰਮਾਤਮਾ ਤੋਂ ਵਿੱਛੜ ਕੇ ਮਨੁੱਖ ਮਾੜੇ ਕਰਮ ਕਰਦਾ ਹੈ ਅਤੇ ਪ੍ਰਮਾਤਮਾ ਦਾ ਨਾਮ ਨਹੀਂ ਜਪਦਾ। ਅਜਿਹੀ ਸਥਿਤੀ ਵਿਚ ਮਨੁੱਖ, ਪ੍ਰਮਾਤਮਾ ਨਾਲ ਮਿਲਾਪ ਦੇ ਮੌਕੇ ਨੂੰ ਬੇਵਕੂਫੀ ਨਾਲ ਗੁਆ ਬੈਠਦਾ ਹੈ। ਬਲਕਿ, ਝੂਠ ਦੇ ਵਿਚ ਉਲਝਿਆ ਰਹਿੰਦਾ ਹੈ। ਮਨੁੱਖ,

ਪ੍ਰਮਾਤਮਾ ਦੇ ਸ਼ਰਧਾਲੂਆਂ ਦੀ ਸੰਗਤ ਨੂੰ ਅਣਗੌਲਦਾ ਹੈ ਅਤੇ ਲਾਲਚ ਵਿਚ ਪ੍ਰਸੰਨਤਾ ਮਹਿਸੂਸ ਕਰਦਾ ਹੈ।

ਮਨੁੱਖ ਫਜ਼ੂਲ ਦੇ ਨਿਸ਼ਾਨਿਆਂ (ਇੱਛਾਵਾਂ) ਦਾ ਪਿੱਛਾ ਕਰਦਾ ਹੈ, ਕਿਉਂਕਿ ਉਹ ਗੁਰੂ ਦੇ ਗਿਆਨ ਤੋਂ ਸੱਖਣਾ ਹੁੰਦਾ ਹੈ। ਅਜਿਹੀ ਸਥਿਤੀ ਵਿਚ, ਮਨੁੱਖ ਗੰਦਾ ਸੰਗੀਤ ਸੁਨਣ ਵਿਚ ਆਨੰਦ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਦੇ ਗੁਣਾਂ ਦੀ ਸਿਫਤ ਦੇ ਗੀਤ ਸੁਣਦਿਆਂ ਸੁਸਤੀ ਆ ਜਾਂਦੀ ਹੈ।

ਸੱਚ ਤਾਂ ਇਹ ਹੈ ਕਿ ਮੌਤ ਸਮੇਂ, ਸਾਰੇ ਝੂਠੇ ਰੁਝੇਵੇਂ ਖ਼ਤਮ ਹੋ ਜਾਂਦੇ ਹਨ। ਫੇਰ ਵੀ ਮਨੁੱਖ ਬ੍ਰਹਮ ਗਿਆਨ ਪ੍ਰਤੀ ਬੇਖਬਰ ਰਹਿੰਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਮਨੁੱਖ ਤੇ ਸ਼ਰਧਾਲੂਆਂ ਦੀ ਸੰਗਤ ਦੀ ਬਖ਼ਸ਼ਿਸ਼ ਹੁੰਦੀ ਹੈ। ਇਹ ਸੰਗਤ ਮਨੁੱਖ ਦੇ ਮਨ ਵਿੱਚੋਂ ਅਹੰਕਾਰ ਸਮਾਪਤ ਕਰਕੇ, ਨਿਮਰਤਾ ਟਿਕਾ ਦੇਂਦੀ ਹੈ। ਫਿਰ ਮਨੁੱਖ ਉਹ ਹਾਸਿਲ ਕਰਦਾ ਹੈ ਜੋ ਸ੍ਰੇਸ਼ਟ ਹੁੰਦਾ ਹੈ। ਜਿਸ ਉਤੇ ਪ੍ਰਮਾਤਮਾ ਆਪਣੀ ਮਿਹਰ ਕਰਦਾ ਹੈ, ਕੇਵਲ ਉਹੀ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ।

ਉਪਦੇਸ਼ ਨੰਬਰ 196

ਪੰਜਵੀਂ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੨੪ 'ਤੇ ਦਰਜ, ਪ੍ਰਮਾਤਮਾ ਦਾਤਾ ਦਾਤਾਰ ਹੈ, ਉਸ ਦਿਆਲੂ ਦੀ ਭਗਤੀ, ਮਨੁੱਖ ਨੂੰ ਦੁੱਖਾਂ ਤੋਂ ਮੁਕਤ ਕਰਦੀ ਹੈ

ਪ੍ਰਮਾਤਮਾ ਸਦਾ ਦਿਆਲ ਹੈ। ਉਹ ਆਪਣੀ ਸਾਰੀ ਸ੍ਰਿਸ਼ਟੀ ਦਾ ਦਾਤਾ ਦਾਤਾਰ ਹੈ। ਮਨੁੱਖ ਨੂੰ ਡਰਨ ਦੀ ਲੋੜ ਨਹੀਂ, ਕਿਉਂਕਿ ਸਿਰਜਣਹਾਰ ਆਪ ਆਪਣੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ। ਪ੍ਰਮਾਤਮਾ ਨੇ ਸੰਸਾਰ ਦੀ ਰਚਨਾ ਕੀਤੀ ਅਤੇ ਉਹ ਸਭ ਜੀਵਾਂ ਦਾ ਆਪ ਧਿਆਨ ਰੱਖਦਾ ਹੈ। ਪ੍ਰਮਾਤਮਾ ਦਾ ਜ਼ੋਰ ਸਭਨਾਂ ਉਪਰ ਹੈ। ਉਹ ਹੀ ਸੱਚਾ ਦਾਤਾ ਦਾਤਾਰ ਹੈ।

ਕੋਈ ਵੀ ਪ੍ਰਮਾਤਮਾ ਦੇ ਰੰਗ ਨਹੀਂ ਜਾਣਦਾ। ਉਹ ਕਿਸੇ ਪ੍ਰਤੀ ਜੁਆਬਦੇਹ ਨਹੀਂ ਹੈ। ਪ੍ਰਮਾਤਮਾ ਦੇ ਸ਼ਰਧਾਲੂ ਨੂੰ ਪ੍ਰਮਾਤਮਾ ਪ੍ਰਤੀ ਆਪਣੇ ਸਮਰਪਣ 'ਤੇ ਪੱਕੇ ਰਹਿਣਾ ਵਾਜਬ ਹੈ।

ਪ੍ਰਮਾਤਮਾ ਸਰਬ-ਸ਼ਕਤੀਮਾਨ ਹੈ। ਉਸ ਨੂੰ ਬਿਆਨਿਆ ਨਹੀਂ ਜਾ ਸਕਦਾ। ਪ੍ਰਮਾਤਮਾ ਦੀ ਮਿਹਰ ਤੋਂ ਇਲਾਵਾ, ਕਿਸੇ ਹੋਰ ਤਰੀਕੇ ਨਾਲ ਉਸ ਨੂੰ ਜਾਣਿਆ ਨਹੀਂ ਜਾ ਸਕਦਾ। ਸਭਨਾਂ ਦਾ ਸਰੀਰ ਅਤੇ ਆਤਮਾ ਉਸ ਨਾਲ ਜੁੜੀ ਹੋਈ ਹੈ ਅਤੇ ਉਸ ਦੇ ਹਨ। ਮਨੁੱਖ ਨੂੰ ਪ੍ਰਮਾਤਮਾ ਦੀ ਦਇਆ ਲਈ ਜ਼ਰੂਰ ਅਰਜ਼ੋਈ ਕਰਨੀ ਚਾਹੀਦੀ ਹੈ। ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਕਰਨ ਦਾ ਕੇਵਲ ਇਹੀ ਇਕ ਤਰੀਕਾ ਹੈ।

ਉਪਦੇਸ਼ ਨੰਬਰ 197

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੦੨ 'ਤੇ ਦਰਜ

ਮਨੁੱਖੀ ਜੀਵਨ ਦਾ ਉਦੇਸ਼ ਪ੍ਰਮਾਤਮਾ ਦੀ ਭਗਤੀ ਤੋਂ ਇਲਾਵਾ ਹੋਰ ਕੁਛ ਨਹੀਂ ਹੋਣਾ ਚਾਹੀਦਾ

ਅਨੇਕਾਂ ਜਨਮਾਂ ਅਤੇ ਮੌਤਾਂ ਤੋਂ ਬਾਅਦ ਮਨੁੱਖ, ਮਨੁੱਖਾ ਜੀਵਨ ਵਿਚ ਜਨਮ ਲੈਂਦਾ ਹੈ। ਵੱਡੇ ਭਾਗਾਂ ਨਾਲ ਹੀ, ਮਨੁੱਖ, ਪ੍ਰਮਾਤਮਾ ਦੀ ਸ਼ਰਨ ਵਿਚ ਆਉਂਦਾ ਹੈ ਅਤੇ ਉਸ ਦੀ ਭਗਤੀ ਦੀ ਮਿਹਰ ਲਈ ਅਰਜ਼ੋਈ ਕਰਦਾ ਹੈ। ਪ੍ਰਮਾਤਮਾ ਦੇ ਸ਼ਰਧਾਲੂ ਦੀ ਸੰਗਤ, ਮਨੁੱਖ ਨੂੰ ਜੀਵਨ ਦੇ ਭਵਸਾਗਰ ਵਿੱਚੋਂ ਪਾਰ ਲੱਗਣ ਦੇ ਕਾਬਿਲ ਬਣਾਉਂਦੀ ਹੈ। ਕੇਵਲ ਤਦ ਹੀ, ਮਨੁੱਖ ਝੂਠੇ ਜੰਜਾਲਾਂ ਤੋਂ ਬਚ ਕੇ ਨਿਕਲਦਾ ਹੈ। ਮਨੁੱਖ ਬੁਰੇ ਕਰਮਾਂ ਨਾਲ ਪ੍ਰਾਪਤ ਸੁੱਖ, ਅਨੰਦ ਉਪਰ ਧਨ ਨਹੀਂ ਖਰਚਦਾ। ਮਨੁੱਖ ਪ੍ਰਮਾਤਮਾ ਨਾਲ ਆਪਣੇ ਨਜ਼ਦੀਕੀ ਸੰਬੰਧ ਤੋਂ ਸੰਤੁਸ਼ਟ ਹੁੰਦਾ ਹੈ। ਪ੍ਰਭੂ ਭਗਤੀ ਨਾਲ ਹਾਸਲ ਹੋਈ ਪ੍ਰਸੰਨਤਾ ਮਨੁੱਖ ਨੂੰ ਇੰਜ ਮਹਿਸੂਸ ਕਰਾਉਂਦੀ ਹੈ ਜਿਵੇਂ ਉਹ ਕੀਮਤੀ ਗਹਿਣਿਆਂ ਵਿਚ ਸਜਿਆ ਹੋਵੇ।

ਉਪਦੇਸ਼ ਨੰਬਰ 198

ਚੌਥੀ ਪਾਤਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੭੩ 'ਤੇ ਦਰਜ਼, ਸਤਿਗੁਰੂ ਦਾ ਬ੍ਰਹਮ ਗਿਆਨ ਸਿੱਖ ਦੇ ਚਰਿੱਤਰ ਨੂੰ ਬਦਲ ਦਿੰਦਾ ਹੈ

ਸਤਿਗੁਰੂ ਤੋਂ ਸਿੱਖਿਆ ਗ੍ਰਹਿਣ ਕਰਨ ਤੋਂ ਬਾਅਦ ਨੇਕ ਗੁਣਾਂ ਦੀ ਪ੍ਰਾਪਤੀ ਲਈ ਮਨੁੱਖ ਮਾੜੇ ਗੁਣ ਛੱਡ ਦਿੰਦਾ ਹੈ। ਬ੍ਰਹਮ ਗਿਆਨ ਸਿੱਖ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਪ੍ਰੇਮ ਅਤੇ ਸ਼ਰਧਾ ਟਿਕਾ ਦਿੰਦਾ ਹੈ। ਸਤਿਗੁਰੂ ਦੀਆਂ ਸਿੱਖਿਆਵਾਂ ਦੀ ਸਹੀ ਕਦਰ ਕਰਦਿਆਂ, ਸਿੱਖ, ਪਹਿਲਾਂ ਕੀਤੇ ਪਾਪ ਅਤੇ ਹੋਰ ਪਾਪ ਕਰਨ ਦੀ ਰੁਚੀ, ਦੋਨਾਂ ਨੂੰ ਖਤਮ ਕਰ ਦਿੰਦਾ ਹੈ।

ਸਹਿਜੇ-ਸਹਿਜੇ ਪ੍ਰਮਾਤਮਾ ਦੇ ਸਿਮਰਨ ਨਾਲ ਮਨ ਵਿੱਚੋਂ ਅਹੰਕਾਰ ਅਤੇ ਡਰ ਦੋਨੋਂ ਹੀ ਖ਼ਤਮ ਹੋ ਜਾਂਦੇ ਹਨ। ਮਨੁੱਖ ਦਾ ਮਨ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਕਰਨ ਲੱਗਦਾ ਹੈ, ਕਿਉਂਕਿ ਸ਼ਰਧਾਲੂ ਦਾ ਮਨ ਸਭ ਗਿਆਨਾਂ ਦੇ ਸਾਰ-ਬ੍ਰਹਮ ਗਿਆਨ ਨਾਲ ਜੁੜ ਜਾਂਦਾ ਹੈ। ਅਜਿਹੀ ਸਥਿਤੀ ਵਿਚ ਸ਼ਰਧਾਲੂ ਸਦੀਵੀ ਪ੍ਰਸੰਨਤਾ ਅਤੇ ਸ਼ਾਂਤੀ ਅਤੇ ਖ਼ੁਸ਼ੀ ਅਨੁਭਵ ਕਰਦਾ ਹੈ। ਇਹ ਪ੍ਰਮਾਤਮਾ ਵੱਲੋਂ ਨਿਰਧਾਰਿਤ ਕੀਤੇ ਅਨੁਸਾਰ ਹੀ ਹੁੰਦਾ ਹੈ।

ਉਪਦੇਸ਼ ਨੰਬਰ 199

ਤੀਸਰੀ ਪਾਤਸ਼ਾਹੀ, ਗੁਰੂ ਅਮਰਦਾਸ ਜੀ ਦੇ ਸ਼ਬਦ (1479-1574) ਗੁਰੂ ਗ੍ਰੰਥ ਸਾਹਿਬ ਦੇ ਅੰਗ ੭੬੭ 'ਤੇ ਦਰਜ, ਸਤਿਗੁਰੂ ਦਾ ਗਿਆਨ ਸਿੱਖ ਨੂੰ, ਅਨੇਕਾਂ ਲਾਭ ਪ੍ਰਦਾਨ ਕਰਦਾ ਹੈ ਅਤੇ ਉਸ ਨੂੰ ਨੁਕਸਾਨ ਤੋਂ ਬਚਾਉਂਦਾ ਹੈ

ਪ੍ਰਮਾਤਮਾ ਦੀ ਵਡਿਆਈ ਵਿਚ ਧਿਆਨ ਲਾਉਣ ਨਾਲ ਅਨੰਦ ਤੇ ਲਾਹਾ ਪ੍ਰਾਪਤ ਹੁੰਦਾ ਹੈ। ਸਤਿਗੁਰੂ ਦਾ ਗਿਆਨ ਮਨੁੱਖ ਨੂੰ ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਜੋੜਦਾ ਹੈ। ਪਿਛਲੇ ਕਈ ਜਨਮਾਂ ਦੇ ਕੀਤੇ ਪਾਪ ਖ਼ਤਮ ਹੋ ਜਾਂਦੇ ਹਨ। ਅਜਿਹੇ ਗੁਰੂ ਤੋਂ ਬਲਿਹਾਰੀ ਜਾਈਏ, ਜੋ ਆਪਣੇ ਸਿੱਖ ਨੂੰ ਅਨੇਕਾਂ ਫਲਾਂ ਦੀ ਪ੍ਰਾਪਤੀ ਕਰਾਉਂਦਾ ਹੈ।

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਪ੍ਰਮਾਤਮਾ ਦੀ ਵਡਿਆਈ 'ਤੇ ਧਿਆਨ ਕੇਂਦਰਿਤ ਕਰ ਸਕਦਾ ਹੈ। ਸ਼ਾਂਤੀ ਅਤੇ ਪ੍ਰਸੰਨਤਾ ਦੀ ਸ਼ੁਰੂਆਤ ਇਸ ਧਿਆਨ ਤੋਂ ਹੁੰਦੀ ਹੈ। ਸਤਿਗੁਰੂ ਆਪਣੇ ਸਿੱਖ 'ਤੇ ਮਿਹਰ ਕਰਦਾ ਹੈ ਕਿ ਉਹ ਪ੍ਰਮਾਤਮਾ ਦਾ ਨਾਮ ਸਿਮਰੇ ਅਤੇ ਇੰਜ ਬਹੁਤ ਅਧਿਕ ਪ੍ਰਸੰਨਤਾ ਅਤੇ ਸ਼ਾਂਤੀ ਪੂਰਵਕ ਆਪਣਾ ਜੀਵਨ ਜੀਅ ਸਕੇ।

ਉਪਦੇਸ਼ ਨੰਬਰ 200

ਚੌਥੀ ਪਾਤਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ (1534–1581), ਗੁਰੂ ਗ੍ਰੰਥ ਸਾਹਿਬ ਦੇ ਅੰਗ ੬੬੮ 'ਤੇ ਦਰਜ਼, ਪ੍ਰਮਾਤਮਾ ਨੂੰ ਪਾਉਣ ਦੀ ਤਾਂਘ, ਉਸ ਦੇ ਮਿਲਾਪ ਨਾਲ ਪੂਰੀ ਹੁੰਦੀ ਹੈ

ਜਿਵੇਂ ਚਾਤ੍ਰਿਕ ਪੰਛੀ ਬਾਰਿਸ਼ ਦੀ ਇਕ ਸਵਾਂਤੀ ਬੂੰਦ ਆਪਣੇ ਮੂੰਹ ਵਿਚ ਪਾਉਣ ਦੀ ਖਾਹਿਸ਼ ਕਰਦਾ ਹੈ, ਉਂਝ ਹੀ ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਨਾਲ ਜਲਦੀ ਮਿਲਾਪ ਲਈ, ਪ੍ਰਮਾਤਮਾ ਅੱਗੇ ਭੀਖ ਮੰਗਦਾ ਹੈ, ਕਿਉਂਕਿ ਉਸ ਕੋਲੋਂ ਵਿਛੋੜੇ ਦੇ ਦੁੱਖ ਹੋਰ ਸਹਿਣ ਨਹੀਂ ਹੁੰਦੇ। ਪ੍ਰਮਾਤਮਾ ਤੋਂ ਵਿਛੋੜੇ ਦਾ ਦੁੱਖ ਬਿਲਕੁਲ ਉਸ ਨਸ਼ੱਈ ਦੇ ਦੁੱਖ ਵਰਗਾ ਹੁੰਦਾ ਹੈ, ਜੋ ਉਹ ਉਦੋਂ ਸਹਿਣ (ਮਹਿਸੂਸ) ਕਰਦਾ ਹੈ, ਜਦੋਂ ਉਸ ਨੂੰ ਨਸ਼ੇ ਦੀ ਤੋੜ ਲੱਗੀ ਹੋਵੇ।

ਪ੍ਰਮਾਤਮਾ ਦੇ ਗੁਣਾਂ ਨੂੰ ਮਾਪਿਆ ਨਹੀਂ ਜਾ ਸਕਦਾ। ਕੇਵਲ ਉਹ ਆਪ ਹੀ ਆਪਣਾ ਅੰਤ ਜਾਣਦਾ ਹੈ। ਪ੍ਰਮਾਤਮਾ ਦੇ ਭਗਤ, ਗੁਰੂ ਤੋਂ ਪ੍ਰਮਾਤਮਾ ਦੀ ਭਗਤ ਦੀ ਦਾਤ ਪਾਂਦੇ ਹਨ। ਇਹ ਭਗਤੀ ਅਟੱਲ ਹੈ। ਭਗਤ ਵਡਿਆਈ ਅਤੇ ਨੇਕਨਾਮੀ ਵਾਲਾ ਸਨਮਾਨ ਪ੍ਰਾਪਤ ਕਰਦਾ ਹੈ, ਕਿਉਂਕਿ ਪ੍ਰਮਾਤਮਾ ਨੇ ਉਸ ਉੱਪਰ ਇਹਨਾਂ ਦੀ ਮਿਹਰ ਕੀਤੀ ਹੁੰਦੀ ਹੈ।

ਪ੍ਰਮਾਤਮਾ ਆਪਣੇ ਭਗਤ ਦਾ ਚਰਿੱਤਰ ਉਸੇ ਤਰ੍ਹਾਂ ਦਾ ਹੀ ਬਣਾ ਦਿੰਦਾ ਹੈ, ਜਿਵੇਂ ਉਸ ਨੂੰ ਚੰਗਾ ਲੱਗਦਾ ਹੈ। ਇਸ ਲਈ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਪ੍ਰਮਾਤਮਾ ਦੋਵੇਂ ਹੀ ਆਪ ਹੀ ਹੈ—ਭਗਤ ਅਤੇ ਉਸ ਦੀ ਭਗਤੀ ਵਿਚ। ਪ੍ਰਮਾਤਮਾ ਦਾ ਭਗਤ, ਇਸ

ਯਕੀਨ ਨਾਲ ਪ੍ਰਮਾਤਮਾ ਦੀ ਸ਼ਰਨ ਵਿਚ ਆਉਂਦਾ ਹੈ ਕਿ ਪ੍ਰਮਾਤਮਾ ਆਪਣੇ ਭਗਤਾਂ ਨੂੰ ਮੁਕਤੀ ਦਿੰਦਾ ਹੈ ਅਤੇ ਉਹਨਾਂ ਦਾ ਆਦਰ ਕਰਦਾ ਹੈ।

ਉਪਦੇਸ਼ ਨੰਬਰ 201

ਪੰਜਵੀਂ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੬੦੯ 'ਤੇ ਦਰਜ, ਨਾਸਵੰਤ ਪਦਾਰਥਾਂ ਕਰਕੇ ਸੱਚੇ ਪ੍ਰਮਾਤਮਾ ਦਾ ਨਾਮ ਸਿਮਰਨਾ ਤਿਆਗਣਾ ਨਹੀਂ ਚਾਹੀਦਾ

ਜੀਵ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਮੋਹ-ਪਿਆਰ ਵਿਚ ਫਸਿਆ ਰਹਿੰਦਾ ਹੈ, ਇਹ ਮੋਹ ਸਦੀਵੀ ਨਹੀਂ ਰਹਿਣ ਵਾਲੇ ਤੇ ਸੱਚ ਤੋਂ ਉਲਟ ਹਨ। ਇਹ ਮੋਹ ਝੂਠੇ ਹਨ। ਇਹ ਜੀਵ ਦੀ ਮੌਤ ਦੇ ਨਾਲ ਹੀ ਖਤਮ ਹੋ ਜਾਂਦੇ ਹਨ। ਅਜਿਹੇ ਸਮੇਂ ਕੋਈ ਵੀ ਮੌਤ ਨੂੰ ਰੋਕ ਨਹੀਂ ਸਕਦਾ।

ਸਰੀਰ ਨਾਸਵੰਤ ਹੈ, ਇਹ ਧੁੰਏ ਦੇ ਗੁਬਾਰ ਵਾਂਗ ਅਲੋਪ ਹੋ ਜਾਂਦਾ ਹੈ। ਇਹ ਬੱਦਲ ਵਾਂਗ ਅੱਖੋਂ ਓਹਲੇ ਹੋ ਜਾਂਦਾ ਹੈ। ਮੌਤ ਤੋਂ ਬਾਅਦ, ਸਰੀਰ ਕਈ ਤਰੀਕਿਆਂ ਨਾਲ ਖ਼ਤਮ ਹੋ ਜਾਂਦਾ ਹੈ। ਮਨੁੱਖ ਆਪਣੇ ਜੀਉਂਦੇ ਜੀਅ ਇੰਜ ਕਰਦਾ ਹੈ, ਜਿਵੇਂ ਸਰੀਰ ਸਦਾ ਕਾਇਮ ਰਹਿਣ ਵਾਲਾ ਹੋਵੇ। ਸਤਿ ਨੂੰ ਛੱਡ ਕੇ ਜੀਵ ਸਿਰਜਣਹਾਰ ਪ੍ਰਮਾਤਮਾ ਨੂੰ ਵਿਸਾਰ ਦਿੰਦਾ ਹੈ।

ਸਰੀਰ ਅਣਗਿਣਤ ਰੂਪਾਂ ਵਿਚ ਹੁੰਦੇ ਹਨ। ਪਰ ਉਹ ਸਾਰੇ ਹੀ ਖ਼ਤਮ ਹੋਣ ਵਾਲੇ ਹੁੰਦੇ ਹਨ। ਉਹਨਾਂ ਸਾਰਿਆਂ ਦਾ ਅੰਤ ਜ਼ਰੂਰ ਹੁੰਦਾ ਹੈ। ਜੇ ਇਸ ਸੱਚਾਈ ਦਾ ਸਿਰਫ ਮੌਤ ਸਮੇਂ ਹੀ ਪਤਾ ਲੱਗੇ ਤਾਂ ਫਿਰ ਉਸ ਸਮੇਂ ਮਨੁੱਖ, ਫਜ਼ੂਲ ਹੀ ਪਛਤਾਉਣ ਤੋਂ ਇਲਾਵਾ ਹੋਰ ਕੁੱਛ ਨਹੀਂ ਕਰ ਸਕਦਾ।

ਇਸ ਲਈ ਆਪਣੇ ਸਿਰਜਣਹਾਰ ਅਤੇ ਸੁੰਦਰ ਬਣਾਉਣ ਵਾਲੇ ਨੂੰ ਸਿਮਰਨਾ ਹੀ ਸਮਝਦਾਰੀ ਹੁੰਦੀ ਹੈ। ਹਾਲਾਂਕਿ ਅਜਿਹੀ ਜਾਗਰੁਕਤਾ ਕੇਵਲ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਆਉਂਦੀ ਹੈ। ਫਿਰ ਮਨੁੱਖ ਸਤਿਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਅਤੇ ਉਸ ਕੋਲੋਂ ਬ੍ਰਹਮ ਗਿਆਨ ਹਾਸਲ ਕਰਦਾ ਹੈ।

ਉਪਦੇਸ਼ ਨੰਬਰ 202

ਚੌਥੀ ਪਾਤਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੬੯੬ 'ਤੇ ਦਰਜ਼, ਪ੍ਰਮਾਤਮਾ ਅਪਰੰਪਰ ਅਤੇ ਅਨਮੋਲ ਹੀਰੇ ਵਾਂਗ ਹੈ, ਉਸ ਦੀ ਸੱਚੀ ਕੀਮਤ ਕੇਵਲ ਸਤਿਗੁਰੂ ਜਾਣਦਾ ਹੈ

ਗੁਰ ਗਿਆਨ ਬਿਨਾਂ ਕੋਈ ਵੀ ਜੀਵ ਪ੍ਰਮਾਤਮਾ ਦੀ ਵਡਿਆਈ ਨੂੰ ਜਾਣ ਨਹੀਂ

ਸਕਦਾ। ਇਹ ਬਿਲਕੁਲ ਉਸ ਵਪਾਰੀ ਵਾਂਗ ਹੁੰਦਾ ਹੈ, ਜਿਸ ਨੂੰ ਹੀਰੇ ਅਤੇ ਕੀਮਤੀ ਰਤਨਾਂ ਦੀ ਕੀਮਤ ਦੀ ਸੋਝੀ ਨਹੀਂ ਹੁੰਦੀ। ਕੇਵਲ ਸਤਿਗੁਰੂ ਅਤੇ ਪ੍ਰਮਾਤਮਾ ਦੇ ਭਗਤ ਹੀ ਪ੍ਰਮਾਤਮਾ ਦੀ ਵੱਡੀ ਵਡਿਆਈ ਨੂੰ ਜਾਣਦੇ ਹਨ।

ਪ੍ਰਮਾਤਮਾ ਆਪਣੇ ਭਗਤ ਨੂੰ ਇਹ ਦਾਤ ਬਖਸ਼ਦਾ ਹੈ ਕਿ ਉਹ ਉਸ ਦੀ ਵਡਿਆਈ ਨੂੰ ਜਾਣ ਸਕੇ। ਇਹ ਬਿਲਕੁਲ ਉਸ ਵਪਾਰੀ ਵਾਂਗ ਹੁੰਦਾ ਹੈ, ਜਿਸ ਨੂੰ ਦੁਰਲੱਭ ਹੀਰਿਆਂ ਦੀ ਸਹੀ ਕੀਮਤ ਜਾਨਣ ਦੀ ਸਮਝ ਨਾ ਹੋਵੇ। ਉਸ ਦੀ ਮਿਹਰ ਸਦਕਾ, ਪ੍ਰਮਾਤਮਾ ਉਸ ਨਿਮਾਣੇ ਮਨੁੱਖ ਨੂੰ ਗੁਰੂ ਨਾਲ ਮਿਲਾਉਂਦਾ ਹੈ, ਜੋ ਉਸ ਨੂੰ ਪ੍ਰਮਾਤਮਾ ਦੀ ਮਹਾਨਤਾ ਦੇ ਕਾਬਿਲ ਬਣਾਉਂਦਾ ਹੈ।

ਅਹੰਕਾਰੀ ਮਨੁੱਖ ਅਗਿਆਨਤਾ ਵਿਚ ਫਸਿਆ ਰਹਿੰਦਾ ਹੈ ਅਤੇ ਪ੍ਰਮਾਤਮਾ ਦੀ ਵਡਿਆਈ ਜਾਨਣ ਦੇ ਕਾਬਿਲ ਨਹੀਂ ਹੁੰਦਾ। ਅਜਿਹਾ ਅਗਿਆਨੀ ਮਨੁੱਖ ਭਰਮ-ਭੁਲੇਖਿਆਂ ਵਿਚ ਫਸ ਜਾਂਦਾ ਹੈ। ਉਹ ਅਧਿਆਤਮਿਕ ਤੌਰ 'ਤੇ ਮਰ ਚੁੱਕਾ ਹੁੰਦਾ ਹੈ, ਕਿਉਂਕਿ ਉਸ ਨੂੰ ਝੂਠ ਦੇ ਜ਼ਹਿਰੀਲੇ ਸੱਪ ਨੇ ਕੱਟਿਆ ਹੁੰਦਾ ਹੈ। ਗੁਰੂ ਦੀ ਸ਼ਰਨ ਅਤੇ ਉਸ ਦੇ ਸ਼ਰਧਾਲੂ, ਮਨੁੱਖ ਨੂੰ ਅਧਿਆਤਮਿਕ ਮੌਤ ਤੋਂ ਬਚਾਉਂਦੇ ਹਨ। ਪ੍ਰਮਾਤਮਾ ਉਹਨਾਂ ਸਭਨਾਂ ਦੀ ਰੱਖਿਆ ਕਰਦਾ ਹੈ ਜੋ ਉਸ ਦੀ ਸ਼ਰਨ ਵਿਚ ਆਉਂਦੇ ਹਨ।

ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦੀ ਵਡਿਆਈ ਅਤੇ ਉਸਦੀ ਮਹਾਨਤਾ ਤੋਂ ਪ੍ਰਭਾਵਿਤ ਹੁੰਦਾ ਹੈ। ਪ੍ਰਮਾਤਮਾ ਕਿਰਪਾ ਦਾ ਖ਼ਜ਼ਾਨਾ ਅਤੇ ਦਿਆਲੂ ਹੈ। ਉਹ ਉਨ੍ਹਾਂ ਦੀ ਰੱਖਿਆ ਕਰਦਾ ਹੈ, ਜੋ ਨਿਮਰਤਾ ਪੂਰਬਕ ਉਸ ਦੀ ਸ਼ਰਨ ਆਉਂਦੇ ਹਨ।

ਉਪਦੇਸ਼ ਨੰਬਰ 203

ਭਗਤ ਕਬੀਰ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੨੭ 'ਤੇ ਦਰਜ, ਸਿਰਫ ਧਾਰਮਿਕ ਗ੍ਰੰਥਾਂ ਤੇ ਵਾਦ-ਵਿਵਾਦ ਕਰਨ ਨਾਲ ਜੀਵਨ ਵਿਚ 'ਸ਼ਾਂਤੀ ਅਤੇ ਪ੍ਰਸੰਨਤਾ' ਨਹੀਂ ਆਉਂਦੀ

ਸਿਰਫ ਧਾਰਮਿਕ ਗ੍ਰੰਥਾਂ ਦੇ ਬਾਰੇ ਵਧਾ-ਚੜ੍ਹਾ ਕੇ ਬਹਿਸ ਕਰਨ ਨਾਲ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਨਹੀਂ ਹੁੰਦੀ। ਮਨ ਚਿੰਤਾ ਕਾਰਨ ਡਰਦਾ ਰਹਿੰਦਾ ਹੈ, ਕਿਉਂਕਿ ਉਹ ਸ਼ਾਂਤੀ ਅਤੇ ਪ੍ਰਸੰਨਤਾ ਦੇ ਖਜ਼ਾਨੇ-ਪ੍ਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦਾ। ਜੇ ਮਨੁੱਖ ਇਕ ਪਲ ਲਈ ਵੀ ਆਪਣਾ ਮਨ ਪ੍ਰਮਾਤਮਾ ਦੇ ਸਿਮਰਨ ਵਿਚ ਜੋੜੇ, ਤਾਂ ਫਿਰ ਇਕ ਪਲ ਵਿਚ ਹੀ ਉਸ ਨੂੰ ਹਰ ਥਾਂ ਪ੍ਰਮਾਤਮਾ ਹੀ ਵਿਆਪਕ ਪ੍ਰਤੀਤ ਹੁੰਦਾ ਹੈ। ਚਿੰਤਾਵਾਂ ਭਰੇ ਵਿਚਾਰਾਂ ਤੋਂ ਬਚਣ ਲਈ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਅਤੇ ਪ੍ਰਮਾਤਮਾ ਦੀ ਹੋਂਦ ਤੋਂ ਜਾਣੂ ਹੋਣ ਦੀ ਲੋੜ ਹੁੰਦੀ ਹੈ ਅਤੇ ਮਨੁੱਖ ਨੂੰ ਇਹ ਗੱਲ ਹਮੇਸ਼ਾ ਦਿਮਾਗ਼ ਵਿਚ ਰੱਖਣੀ

ਚਾਹੀਦੀ ਹੈ ਕਿ ਸੰਸਾਰ ਕੇਵਲ ਇਕ ਭਰਮ ਹੈ, ਇਸ ਨੂੰ ਗਲਤੀ ਨਾਲ ਵੀ ਚਿਰਸਥਾਈ ਨਹੀਂ ਸਮਝਣਾ ਚਾਹੀਦਾ।

ਅਗਿਆਨਤਾ ਵਿਚ ਮਨੁੱਖ ਖ਼ੁਸ਼ੀ-ਖ਼ੁਸ਼ੀ ਝੂਠੇ ਉਪਦੇਸ਼ ਪੜ੍ਹਨ ਅਤੇ ਉਚਾਰਨ ਲੱਗਦਾ ਹੈ। ਪ੍ਰਮਾਤਮਾ ਮੂਰਤੀਆਂ ਵਿਚ ਵਾਸ ਨਹੀਂ ਕਰਦਾ। ਉਹ ਆਪਣੀ ਸ੍ਰਿਸ਼ਟੀ ਵਿਚ ਸਦਾ ਬਿਰਾਜਮਾਨ ਰਹਿੰਦਾ ਹੈ। ਉਹ ਸਾਰੇ ਜੀਵਾਂ ਅੰਦਰ ਵਾਸ ਕਰਦਾ ਹੈ। ਪ੍ਰਮਾਤਮਾ ਦਾ ਸ਼ਰਧਾਲੂ ਉਸ ਨੂੰ ਇਕ ਅਥਾਹ ਨਦੀ ਵਾਂਗ ਦੇਖਦਾ ਹੈ। ਸ਼ਰਧਾਲੂ ਇਸ ਨਦੀ ਵਿਚ ਇਸ਼ਨਾਨ ਕਰਕੇ ਪਵਿੱਤਰ ਹੁੰਦਾ ਹੈ। ਜਿਉਂ ਜਿਉਂ ਮਨੁੱਖ ਦਾ ਮਨ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ, ਉਸ ਨੂੰ ਹਰ ਪਾਸੇ ਪ੍ਰਮਾਤਮਾ ਦੇ ਹਾਜ਼ਰ ਨਾਜ਼ਰ ਦੇਖਣ ਦੀ ਸਮਰੱਥਾ ਵੱਧ ਜਾਂਦੀ ਹੈ। ਪ੍ਰਮਾਤਮਾ ਪਰਿਪੂਰਨ ਅਤੇ ਪਰਮ ਪਵਿੱਤ੍ਰ ਹੈ। ਉਸ ਵਰਗਾ ਹੋਰ ਕੋਈ ਨਹੀਂ। ਉਹ ਦਿਆਲੂ ਹੈ। ਉਸ ਨੂੰ ਸਿਰਫ ਉਸ ਦੀ ਮਿਹਰ ਨਾਲ ਹੀ ਜਾਣਿਆ ਜਾਂਦਾ ਹੈ।

ਉਪਦੇਸ਼ ਨੰਬਰ 204

ਤੀਸਰੀ ਪਾਤਸ਼ਾਹੀ, ਗੁਰੂ ਅਮਰਦਾਸ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੬੪੮ 'ਤੇ ਦਰਜ਼, ਪ੍ਰਮਾਤਮਾ ਪ੍ਰਤੀ ਉਦਾਸੀਨਤਾ ਤੇ ਬੇਮੁਖਤਾ ਨਾਲ ਬਹੁਤ ਨੁਕਸਾਨ ਹੁੰਦਾ ਹੈ

ਜੇ ਕੋਈ ਜੀਵ ਪ੍ਰਮਾਤਮਾ ਤੋਂ ਬੇਮੁਖ ਹੁੰਦਾ ਹੈ, ਤਾਂ ਉਹ ਬਹੁਤ ਕਸ਼ਟ ਪਾਂਦਾ ਹੈ। ਇਸ ਲੋਕ ਅਤੇ ਪਰਲੋਕ ਵਿਚ ਜੀਵ ਬਰਬਾਦੀ ਕਾਰਣ ਦੁੱਖ ਭੋਗਦਾ ਹੈ। ਅਜਿਹੇ ਮਨੁੱਖ ਦਾ ਚਰਿੱਤਰ ਦੋਸ਼ਪੂਰਣ ਹੋ ਜਾਂਦਾ ਹੈ। ਪ੍ਰਮਾਤਮਾ ਤੋਂ ਵਿੱਛੜ ਕੇ ਉਸ ਦੀ ਸਾਰੀ ਚੰਗਿਆਈ ਖ਼ਤਮ ਹੋ ਜਾਂਦੀ ਹੈ। ਇਸ ਜੀਵਨ ਤੋਂ ਬਾਅਦ, ਜਦੋਂ ਉਸ ਦੇ ਪਿਛਲੇ ਜਨਮ ਦੇ ਕਰਮਾਂ ਬਾਰੇ ਫੈਸਲਾ ਹੁੰਦਾ ਹੈ ਤਾਂ ਫਿਰ ਮਨੁੱਖ ਆਪਣੇ ਸਾਰੇ ਬੁਰੇ ਕਰਮਾਂ ਦੀ ਸਜ਼ਾ ਭੁਗਤਦਾ ਹੈ।

ਪ੍ਰਮਾਤਮਾ ਤੋਂ ਵਿੱਛੜ ਕੇ, ਮਨੁੱਖ ਸੰਤਾਂ ਨਾਲ ਵੈਰ ਕਮਾਉਂਦਾ ਹੈ ਤੇ ਦੁਸ਼ਟਾਂ ਨਾਲ ਸੰਗਤ ਕਰਦਾ ਹੈ। ਇਹ ਦੋਨੋਂ ਰਵਈਏ ਮਨੁੱਖ ਦੇ ਦੁੱਖਾਂ ਦੇ ਕਾਰਣ ਹਨ ਅਤੇ ਮਨੁੱਖ ਜਨਮ ਮਰਨ ਦੇ ਚੱਕਰ ਵਿਚ ਫਸ ਜਾਂਦਾ ਹੈ। ਅਜਿਹੇ ਮਨੁੱਖ ਹਮੇਸ਼ਾ ਅਸੰਤੁਸ਼ਟ ਰਹਿੰਦੇ ਹਨ ਅਤੇ ਅਪਮਾਨ ਝਲਦੇ ਹਨ। ਉਹਨਾਂ ਦੇ ਸੰਤਾਂ ਨਾਲ ਬੋਲੇ ਅਪਸ਼ਬਦਾਂ ਦੇ ਕਾਰਣ, ਪ੍ਰਮਾਤਮਾ ਉਹਨਾਂ ਦਾ ਅਪਮਾਨ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਤੋਂ ਬਗੈਰ ਉਹ ਇਕੱਲੇ ਰਹਿ ਜਾਂਦੇ ਹਨ।

ਕੁੱਛ ਲੋਕ ਪ੍ਰਮਾਤਮਾ ਦੀ ਭਗਤੀ ਕਰਦੇ ਹਨ। ਉਹ ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਰਹਿੰਦੇ ਹਨ। ਉਹ ਆਪਣਾ ਧਿਆਨ ਪ੍ਰਮਾਤਮਾ ਵਿਚ ਜੋੜੀ ਰੱਖਦੇ ਹਨ।

ਉਹ ਸ਼ਰਧਾ-ਭਾਵਨਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਦੇ ਹਨ। ਹਾਲਾਂਕਿ ਇਹ ਇਕ ਸੱਚਾਈ ਹੈ ਕਿ ਕੇਵਲ ਉਹ ਮਨੁੱਖ ਹੀ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਜਿਨ੍ਹਾਂ ਦੇ

ਭਾਗਾਂ ਵਿਚ, ਪ੍ਰਮਾਤਮਾ ਵੱਲੋਂ ਉਸ ਦੀ ਮਿਹਰ ਸਦਕਾ ਅਜਿਹਾ ਕਰਨਾ ਲਿਖਿਆ ਹੁੰਦਾ ਹੈ। ਉਹ ਸੁਭਾਵਕ ਹੀ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਦੇ ਗੀਤ ਗਾਉਂਦੇ ਰਹਿੰਦੇ ਹਨ। ਉਹ ਦੂਸਰਿਆਂ ਨੂੰ ਵੀ ਪ੍ਰਮਾਤਮਾ ਦੀ ਭਗਤੀ ਵਿਚ ਜੁੜਣ ਦੀ ਹਿਦਾਇਤ ਦਿੰਦੇ ਹਨ। ਸਤਿਗੁਰੂ ਦੇ ਸਿੱਖਾਂ ਦਾ ਪ੍ਰਮਾਤਮਾ ਦੀ ਦਰਗਾਹ ਵਿਚ ਮਾਣ ਹੁੰਦਾ ਹੈ। ਉਹ ਪ੍ਰਮਾਤਮਾ ਨਾਲ ਇੱਕ-ਮਿੱਕ ਹੁੰਦੇ ਹਨ।

ਉਪਦੇਸ਼ ਨੰਬਰ 205

ਪਹਿਲੀ ਪਾਤਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ (1469–1539), ਗੁਰੂ ਗ੍ਰੰਥ ਸਾਹਿਬ ਦੇ ਅੰਗ ੬੮੬ 'ਤੇ ਦਰਜ਼, ਉਸ ਜੀਵ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ ਜੋ ਸੁਭਾਵਕ ਪ੍ਰਮਾਤਮਾ ਦੀ ਭਗਤੀ ਵਿਚ ਜੁੜਦਾ ਹੈ

ਜੋ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਸ ਦਾ ਉਸ ਪਰਮ ਜੋਤ ਨਾਲ ਮਿਲਾਪ ਹੁੰਦਾ ਹੈ। ਫਿਰ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਫਿਰ ਪ੍ਰਮਾਤਮਾ ਅਤੇ ਉਸ ਦੇ ਭਗਤ ਵਿਚ ਕੋਈ ਦੂਰੀ ਨਹੀਂ ਰਹਿੰਦੀ। ਭਗਤ ਪ੍ਰਮਾਤਮਾ ਦੀ ਸਰਬ-ਵਿਆਪਕਤਾ ਦਾ ਅਨੁਭਵ ਕਰਦਾ ਹੈ।

ਗੁਰੂ ਦੇ ਉਪਦੇਸ਼ ਸਦਕਾ ਹੀ ਪ੍ਰਮਾਤਮਾ ਦੀ ਭਗਤੀ ਵਿਚ ਲਗਨ ਲੱਗਦੀ ਹੈ। ਗੁਰੂ ਦੇ ਉਪਦੇਸ਼ ਤੋਂ ਬਗੈਰ, ਮਨੁੱਖ ਜਨਮ-ਮਰਨ ਦੇ ਗੇੜ ਵਿਚ ਫਸਿਆ ਰਹਿੰਦਾ ਹੈ। ਸਤਿਗੁਰੂ ਮਨੁੱਖ ਨੂੰ ਸੱਚੇ ਨਾਮ ਦੇ ਨਾਲ ਜੁੜਣ ਵਿਚ ਮਦਦ ਕਰਦਾ ਹੈ। ਉਹ ਭਗਤ ਨੂੰ, ਅਗਮ ਅਗੋਚਰ ਪ੍ਰਮਾਤਮਾ ਨੂੰ ਸਮਝਣ ਦੀ ਸਮਝ ਪ੍ਰਦਾਨ ਕਰਦਾ ਹੈ। ਪ੍ਰਮਾਤਮਾ ਦਾ ਭਗਤ ਸੱਚੇ ਪ੍ਰਮਾਤਮਾ ਤੋਂ ਇਲਾਵਾ ਹੋਰ ਕਿਸੇ ਨੂੰ ਨਹੀਂ ਸਿਮਰਦਾ।

ਪ੍ਰਮਾਤਮਾ ਦੇ ਭਗਤ ਦਾ ਮਨ ਹਮੇਸ਼ਾ ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਰਹਿੰਦਾ ਹੈ। ਭਗਤ ਅਤੇ ਪ੍ਰਮਾਤਮਾ ਹਮੇਸ਼ਾ ਲਈ ਇਕ-ਦੂਜੇ ਨਾਲ ਜੁੜ ਜਾਂਦੇ ਹਨ। ਭਗਤ ਸ਼ਰਧਾ ਭਾਵਨਾ ਨਾਲ ਪੂਰੀ ਤਰ੍ਹਾਂ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ। ਸਤਿਗੁਰੂ ਇਹ ਮਿਲਾਪ ਸੰਭਵ ਬਣਾਉਂਦਾ ਹੈ।

ਪ੍ਰਮਾਤਮਾ ਦੀ ਮਿਹਰ, ਭਗਤ ਨੂੰ, ਪ੍ਰਮਾਤਮਾ ਦੇ ਦਰਸ਼ਨ ਲਈ, ਮਨ ਦੀ ''ਅੱਖ'' ਪ੍ਰਦਾਨ ਕਰਦਾ ਹੈ। ਪ੍ਰਮਾਤਮਾ ਦੇ ਦਰਸ਼ਨ ਲਈ, ਪ੍ਰਮਾਤਮਾ ਦੇ ਸਿਮਰਨ ਤੋਂ ਇਲਾਵਾ, ਕਿਸੇ ਹੋਰ ਤਰੀਕਿਆਂ ਨੂੰ ਅਪਨਾਉਣਾ ਫਜ਼ੂਲ ਹੈ। ਕੇਵਲ ਪ੍ਰਮਾਤਮਾ ਦੇ ਸਿਮਰਨ ਨਾਲ ਹੀ ਮਨ ਪੂਰੀ ਤਰ੍ਹਾਂ ਸੰਤੁਸ਼ਟ ਹੁੰਦਾ ਹੈ। ਭਗਤ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਾ ਹੈ।

ਮਨੁੱਖ ਦਾ ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਅਧਿਕ ਗਿਆਨ ਹੋਣ ਦਾ ਦਾਅਵਾ ਮਨੁੱਖ ਨੂੰ ਝੂਠ ਦੇ ਫੰਦੇ ਵਿਚ ਫਸਾਉਂਦਾ ਹੈ, ਜਿਸ ਦੇ ਦੁੱਖਾਂ ਤੋਂ ਬਚਣਾ ਮੁਸ਼ਕਿਲ ਹੁੰਦਾ

ਹੈ। ਅਜਿਹਾ ਗਿਆਨ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਵਿਚ ਫਸਾਉਂਦਾ ਹੈ। ਗੁਰੂ ਦੀ ਸਿੱਖਿਆ ਅਨੁਸਾਰ, ਪ੍ਰਮਾਤਮਾ ਦਾ ਨਾਮ ਸਿਮਰਨ ਅਤੇ ਪ੍ਰਮਾਤਮਾ ਦਾ ਭੈਅ, ਨਿਮਰ ਭਗਤ ਨੂੰ ਪ੍ਰਮਾਤਮਾ ਨਾਲ ਮਿਲਾਪ ਦੇ ਕਾਬਿਲ ਬਣਾਉਂਦਾ ਹੈ।

ਪ੍ਰਮਾਤਮਾ ਸਿਰਫ ਉਨ੍ਹਾਂ ਨੂੰ ਕਬੂਲਦਾ ਅਤੇ ਮਾਣ ਦੇਂਦਾ ਹੈ, ਜੋ ਉਸ ਨੂੰ ਸਿਮਰਦੇ ਹਨ। ਮਨ ਦੀ ਅੱਖ ਨਾਲ, ਕਿਸੇ ਹੋਰ ਤਰੀਕਿਆਂ ਨਾਲ, ਪ੍ਰਮਾਤਮਾ ਨੂੰ ਦੇਖਿਆ ਨਹੀਂ ਜਾ ਸਕਦਾ। ਤੀਰਥਾਂ ਸਥਾਨਾਂ 'ਤੇ ਇਸ਼ਨਾਨ ਕਰਕੇ, ਮੂਰਤੀਆਂ ਦੀ ਪੂਜਾ ਕਰਕੇ, ਕਠੋਰ ਤਪ ਅਭਿਆਸ ਪ੍ਰਮਾਤਮਾ ਨਾਲ ਮਿਲਾਪ ਲਈ ਕੋਈ ਲਾਭਕਾਰੀ ਨਹੀਂ ਹੁੰਦੇ। ਮਨ ਤਾਂ ਮੈਲ ਵਿਚ ਲਿਪਤ ਰਹਿੰਦਾ ਹੈ।

ਪ੍ਰਮਾਤਮਾ ਪ੍ਰਤੀ ਅੰਦਰੂਨੀ ਸ਼ਰਧਾ-ਭਾਵਨਾ, ਮਨੁੱਖ ਦੇ ਅੰਦਰ ਗਿਆਨ, ਨੇਕ-ਵਿਵਹਾਰ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੈ। ਇਹ ਸੱਚਾਈ ਯੁੱਗਾਂ-ਯੁੱਗਾਂ ਤੋਂ ਸੱਚੀ ਹੈ। ਪ੍ਰਮਾਤਮਾ ਦੀ ਮਿਹਰ ਮਨੁੱਖ ਨੂੰ ਸਤਿਗੁਰੂ ਕੋਲ ਲੈ ਆਉਂਦੀ ਹੈ, ਜੋ ਉਸ ਦੀ ਅਗਿਆਨਤਾ ਇਕ ਪਲ ਵਿਚ ਦੂਰ ਕਰਨ ਦੇ ਕਾਬਿਲ ਹੁੰਦਾ ਹੈ।

ਕੇਵਲ ਪ੍ਰਮਾਤਮਾ ਜਾਣਦਾ ਹੈ ਕਿ ਉਸ ਦੇ ਸ਼ਰਧਾਲੂ ਦੀ ਉਸ ਪ੍ਰਤੀ ਸ਼ਰਧਾ ਕਿਹੋ ਜਿਹੀ ਹੈ। ਸ਼ਰਧਾਲੂ ਦੇ ਪ੍ਰਮਾਤਮਾ ਪ੍ਰਤੀ ਦਿਲੀ ਸਿਫ਼ਤ-ਸਾਲਾਹ ਨੂੰ ਕੋਈ ਹੋਰ ਨਹੀਂ ਸਮਝ ਸਕਦਾ। ਸ਼ਰਧਾਲੂ ਦੇ ਮਨ ਉਤੇ, ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਕਰਨ, ਉਸ ਨੂੰ ਪਿਆਰ ਕਰਨ, ਉਸ ਦਾ ਸਤਿਕਾਰ ਕਰਨ ਦੀ ਪ੍ਰਮਾਤਮਾ ਵੱਲੋਂ ਮਿਹਰ ਹੁੰਦੀ ਹੈ। ਇਸ ਸੱਚਾਈ ਦਾ ਪ੍ਰਮਾਤਮਾ ਅਤੇ ਉਸ ਦੇ ਸ਼ਰਧਾਲੂ ਤੋਂ ਇਲਾਵਾ ਹੋਰ ਕਿਸੇ ਨੂੰ ਗਿਆਨ ਨਹੀਂ ਹੁੰਦਾ। ਸ਼ਰਧਾਲੂ ਆਪਣੀ ਕਾਬਲੀਅਤ ਨਾਲ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਨਹੀਂ ਕਰਦਾ। ਪ੍ਰਮਾਤਮਾ ਦਾ ਸ਼ਰਧਾਲੂ, ਉਸ ਦੇ ਪ੍ਰਤੀ ਨਿਮਰਤਾ ਰੱਖਦਾ ਹੈ। ਸ਼ਰਧਾਲੂ ਅੰਦਰੂਨੀ ਸੁਭਾਵਿਕ ਰੂਪ ਨਾਲ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਕਰਦਾ ਹੈ।

ਉਪਦੇਸ਼ ਨੰਬਰ 206

ਪੰਜਵੀਂ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੩੮ 'ਤੇ ਦਰਜ਼, ਪ੍ਰਮਾਤਮਾ ਦੇ ਨਾਲ ਮਿਲਾਪ ਦਾ ਮਾਰਗ ਨਿਮਰਤਾ ਅਤੇ ਉਸ ਦੀ ਮਿਹਰ ਦੁਆਰਾ ਹੈ

ਮੂਰਖਤਾਈ ਨਾਲ, ਮਨੁੱਖ ਪ੍ਰਮਾਤਮਾ ਦੀ ਪੂਜਾ ਦਾ ਮੌਕਾ ਗੁਆ ਦਿੰਦਾ ਹੈ। ਅਹੰਕਾਰੀ ਮਨੁੱਖ, ਬੁਰੇ ਕਰਮਾਂ ਵਿਚ ਲੱਗਾ ਰਹਿੰਦਾ ਹੈ ਅਤੇ ਪ੍ਰਮਾਤਮਾ ਦੀ ਭਗਤੀ ਤੋਂ ਸੱਖਣਾ ਰਹਿ ਕੇ ਝੂਠ ਦੇ ਜਾਲ ਵਿਚ ਫਸ ਕੇ ਉਹ ਮਾੜੇ ਕਰਮ ਕਰਦਾ ਹੈ। ਉਹ ਪੂਰੇ ਜੋਸ਼ ਨਾਲ ਲਾਲਚ ਦੇ ਮਗਰ ਲੱਗਦਾ ਹੈ ਅਤੇ ਪ੍ਰਮਾਤਮਾ ਦੇ ਭਗਤਾਂ ਦੀ ਸੰਗਤ

ਦਾ ਕੋਈ ਲਾਭ ਉਠਾਉਣ ਦੀ ਇੱਛਾ ਨਹੀਂ ਰੱਖਦਾ। ਅਗਿਆਨਤਾ ਵਿਚ ਲਿਪਟਿਆਂ ਉਸ ਦੇ ਮੂਰਖਤਾ ਭਰੇ ਕਾਰਜਾਂ ਦਾ ਕੋਈ ਅੰਤ ਨਹੀਂ ਹੁੰਦਾ। ਉਹ ਅਨੈਤਿਕ ਸੰਗੀਤ ਦਾ ਆਨੰਦ ਮਾਣਦਾ ਹੈ। ਉਹ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਵਾਲਾ ਸੰਗੀਤ ਸੁਨਣ ਵਿਚ ਦਿਲਚਸਪੀ ਨਹੀਂ ਦਿਖਾਉਂਦਾ। ਉਹ ਇਸ ਸੱਚਾਈ ਨੂੰ ਅਣਗੌਲਦਾ ਹੈ ਕਿ ਮੌਤ ਸਮੇਂ ਸਾਰੇ ਝੂਠੇ ਧੰਦਿਆਂ ਦਾ ਅੰਤ ਹੋ ਜਾਣਾ ਹੈ ਹੈ। ਅਗਿਆਨਤਾ ਨਾਲ ਉਸ ਦਾ ਮਨ ਅੰਨ੍ਹਾ ਹੋਇਆ ਹੁੰਦਾ ਹੈ।

ਜੇ ਪ੍ਰਮਾਤਮਾ ਕਿਸੇ ਮਨੁੱਖ 'ਤੇ ਮਿਹਰ ਕਰੇ, ਫਿਰ ਉਹ ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਪ੍ਰਦਾਨ ਕਰਦਾ ਹੈ। ਇਹ ਮਿਹਰ ਉਸ ਮਨੁੱਖ ਉੱਪਰ ਹੁੰਦੀ ਹੈ ਜੋ ਨਿਮਰਤਾ ਨਾਲ ਪ੍ਰਮਾਤਮਾ ਨਾਲ ਜੁੜਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਪ੍ਰਮਾਤਮਾ ਦੀ ਵਡਿਆਈ ਨੂੰ ਸਮਝਦਾ ਹੈ ਅਤੇ ਉਸ ਦਾ ਨਾਮ ਸਿਮਰਦਾ ਹੈ।

ਉਪਦੇਸ਼ ਨੰਬਰ 207

ਪੰਜਵੀਂ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੬੭੩ 'ਤੇ ਦਰਜ਼, ਪ੍ਰਮਾਤਮਾ ਦੀ ਭਗਤੀ ਸ਼ਰਧਾ-ਭਾਵਨਾ ਨਾਲ ਹੁੰਦੀ ਹੈ

ਪ੍ਰਮਾਤਮਾ ਸਭਨਾਂ ਉਪਰ ਮਿਹਰਾਂ ਕਰਨ ਵਾਲਾ ਹੈ। ਉਸ ਦਾ ਰਾਜ ਸਭ ਉੱਪਰ ਹੈ। ਉਹ ਸਾਨੂੰ ਪਾਲਦਾ ਹੈ। ਉਹ ਸੱਚਾ ਮਾਰਗ-ਦਰਸ਼ਕ ਹੈ। ਉਸ ਦੇ ਹੁਕਮਾਂ ਦੀ ਉਲੰਘਣਾ ਕਰਨਾ, ਸਾਡੇ ਵੱਸ ਦੀ ਗੱਲ ਨਹੀਂ। ਪ੍ਰਮਾਤਮਾ ਸਾਡਾ ਮਾਤਾ-ਪਿਤਾ ਹੈ। ਉਹ ਆਪਣੇ ਬੱਚਿਆਂ ਦੀ ਰਾਖੀ ਕਰਦਾ ਹੈ।

ਪ੍ਰਮਾਤਮਾ ਦੇ ਬੇਅੰਤ ਗੁਣ ਹਨ। ਕੋਈ ਵੀ ਉਸ ਦੀ ਵਡਿਆਈ ਦਾ ਅੰਤ ਨਹੀਂ ਜਾਣਦਾ। ਉਹ ਜਦੋਂ ਤੱਕ ਚਾਹੇ ਸਾਨੂੰ ਜੀਵਨ ਦਾਨ ਦਿੰਦਾ ਹੈ। ਉਹ ਸਦਾ ਬਖਸ਼ਣ ਵਾਲਾ ਹੈ। ਉਹ ਸਾਡੇ ਬੁਰੇ ਕਰਮਾਂ ਤੋਂ ਮੁਕਤੀ ਦਿਲਾਉਂਦਾ ਹੈ ਅਤੇ ਸਾਨੂੰ ਸਹੀ ਮਾਰਗ 'ਤੇ ਲੈ ਕੇ ਚੱਲਦਾ ਹੈ। ਅਸੀਂ ਨਾ-ਸਮਝ ਹਾਂ ਅਤੇ ਸਾਡੀ ਬੁੱਧੀ ਤੁੱਛ ਹੈ। ਸਾਡੀ ਮੁਕਤੀ ਕਰਨਾ ਪ੍ਰਮਾਤਮਾ ਦਾ ਸੁਭਾਅ ਹੈ।

ਪ੍ਰਮਾਤਮਾ ਦਾ ਭਗਤ ਪ੍ਰਮਾਤਮਾ ਦੀ ਸ਼ਰਨ ਦਾ ਆਨੰਦ ਮਾਣਦਾ ਹੈ। ਭਗਤ ਪ੍ਰਮਾਤਮਾ ਦੀ ਮਿਹਰ ਦੀ ਖਾਹਿਸ਼ ਰੱਖਦਾ ਹੈ। ਪ੍ਰਮਾਤਮਾ ਭਗਤ ਦਾ ਸੱਚਾ ਹਮਦਰਦ ਹੈ। ਭਗਤ ਆਪਣੀ ਸੁਰੱਖਿਆ ਲਈ ਆਪਣੇ ਦਿਆਲੂ ਰਖਵਾਲੇ ਅੱਗੇ ਅਰਜ਼ੋਈ ਕਰਦਾ ਹੈ।

ਉਪਦੇਸ਼ ਨੰਬਰ 208

ਚੌਥੀ ਪਾਤਸ਼ਾਹੀ, ਗੁਰੂ ਰਾਮਦਾਸ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੫੭ 'ਤੇ ਦਰਜ਼ ਭਗਤ ਪ੍ਰਮਾਤਮਾ ਦੇ ਦਰਸ਼ਨ ਲਈ ਸਭ ਕੁਛ ਤਿਆਗਣ ਦਾ ਇੱਛੁਕ ਹੁੰਦਾ ਹੈ

ਭਗਤ ਕਿਸੇ ਵੀ ਕੀਮਤ ਤੇ ਪ੍ਰਮਾਤਮਾ ਦੇ ਦਰਸ਼ਨ ਦੀ ਤਾਂਘ ਕਰਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਸਤਿਗੁਰੂ ਨੂੰ ਮਿਲਦਾ ਹੈ, ਜੋ ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਵਿਚ ਸੇਵਕ ਦੀ ਮਦਦ ਕਰਦਾ ਹੈ।

ਸੇਵਕ ਚੰਗੇ ਅਤੇ ਮਾੜੇ, ਦੋਨੋਂ ਸਮਿਆਂ ਵਿਚ ਪ੍ਰਮਾਤਮਾ ਨੂੰ ਧਿਆਉਂਦਾ ਰਹਿੰਦਾ ਹੈ। ਦੁੱਖ ਅਤੇ ਔਖਿਆਈ ਦੇ ਸਮੇਂ ਪ੍ਰਮਾਤਮਾ ਦੇ ਧਿਆਨ ਤੋਂ ਨਹੀਂ ਡੋਲਦਾ। ਉਹ ਦੁੱਖ ਸਹਿਣ ਅਤੇ ਸਭ ਕੁੱਛ ਤਿਆਗਣ ਲਈ ਇੱਛੁਕ ਰਹਿੰਦਾ ਹੈ, ਪਰ ਪ੍ਰਮਾਤਮਾ ਤੋਂ ਆਪਣਾ ਧਿਆਨ ਨਹੀਂ ਹਟਾਉਂਦਾ।

ਸੇਵਕ ਆਪਣੇ ਗੁਰੂ ਅਤੇ ਗੁਰੂ ਦੇ ਸਿੱਖਾਂ ਦੀ ਸੇਵਾ ਕਰਨ ਨੂੰ ਆਪਣਾ ਵੱਡਭਾਗ ਸਮਝਦਾ ਹੈ। ਉਹ ਸੇਵਾ ਦਾ ਆਨੰਦ ਮਾਣਦਾ ਹੈ ਅਤੇ ਉਹ ਸਾਦਾ ਜੀਵਨ ਜੀਅ ਕੇ ਸੰਤੁਸ਼ਟ ਰਹਿੰਦਾ ਹੈ। ਸੇਵਕ ਬਹੁਤ ਹੀ ਨਿਮਰਤਾ ਅਤੇ ਇਮਾਨਦਾਰੀ ਨਾਲ ਪ੍ਰਮਾਤਮਾ ਅੱਗੇ ਮਿਲਾਪ ਲਈ ਅਰਜ਼ੋਈ ਕਰਦਾ ਹੈ।

ਉਪਦੇਸ਼ ਨੰਬਰ 209

ਪਹਿਲੀ ਪਾਤਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੫੨ 'ਤੇ ਦਰਜ਼, ਪ੍ਰਮਾਤਮਾ ਦੇ ਹੁਕਮ ਮੁਤਾਬਿਕ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ, ਨਹੀਂ ਤਾਂ, ਮਨੁੱਖ ਦੁੱਖ ਭੋਗਣ ਲਈ ਜਨਮ-ਮਰਨ ਦੇ ਚੱਕਰ ਵਿਚ ਬੱਝਾ ਰਹਿੰਦਾ ਹੈ

ਜਿਸ ਤਰ੍ਹਾਂ ਲੁਹਾਰ, ਹਥੌੜੇ ਅਤੇ ਅੱਗ ਨਾਲ ਲੋਹੇ ਨੂੰ ਕੁੱਟ ਕੇ, ਉਸ ਨੂੰ "ਬਹੁਤ ਦੁੱਖ" ਦੇ ਕੇ ਕੋਈ ਰੂਪ ਦਿੰਦਾ ਹੈ, ਤਿਵੇਂ ਮਨਮੁਖ ਜਨਮ-ਮਰਨ ਦੇ ਚੱਕਰ ਵਿਚ ਫਸ ਕੇ ਦੁੱਖ ਭੋਗਦਾ ਹੈ। ਬ੍ਰਹਮ ਗਿਆਨ ਦੀ ਸਮਝ ਤੋਂ ਬਗੈਰ, ਮਨੁੱਖ ਦੁੱਖਾਂ ਵਿਚ ਫਸਿਆ ਰਹਿੰਦਾ ਹੈ। ਅਹੰਕਾਰ ਮਨੁੱਖ ਨੂੰ ਝੂਠ ਦੇ ਜਾਲ ਵਿਚ ਫਸਾਉਂਦਾ ਹੈ। ਪ੍ਰਮਾਤਮਾ 'ਤੇ ਬੇਮੁਖਤਾ ਜਨਮ-ਮਰਨ ਦੇ ਚੱਕਰ ਦਾ ਕਾਰਨ ਬਣਦੀ ਹੈ।

ਪ੍ਰਮਾਤਮਾ ਗੁਰੂ ਦੇ ਸਿੱਖ ਨੂੰ ਬਚਾਉਂਦਾ ਹੈ, ਕਿਉਂਕਿ ਉਹ ਉਸ (ਪ੍ਰਮਾਤਮਾ) ਦਾ

ਨਾਮ ਸਿਮਰਦਾ ਹੈ। ਇਹ ਮਿਲਾਪ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੁੰਦਾ ਹੈ, ਕਿਉਂਕਿ ਗੁਰੂ ਦਾ ਸਿੱਖ ਬ੍ਰਹਮ ਗਿਆਨ ਨੂੰ ਸਮਝਦਾ ਹੈ ਅਤੇ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਪ੍ਰਮਾਤਮਾ ਆਪਣੀਆਂ ਬਖ਼ਸ਼ਿਸ਼ਾਂ ਦੇਣ ਵਾਲਾ ਵੀ ਹੈ ਅਤੇ ਲੈਣ ਵਾਲਾ ਵੀ ਹੈ। ਉਹ ਜੋ ਦਿੰਦਾ ਹੈ, ਮਨੁੱਖ ਲੈਂਦਾ ਹੈ—ਉਸ ਦੇ ਦਿੱਤੇ ਨੂੰ ਮਨ੍ਹਾਂ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਪੈਦਾ ਕਰਦਾ ਹੈ ਅਤੇ ਖ਼ਤਮ ਕਰਦਾ ਹੈ। ਉਹ ਰਚਨਾ ਦੀ ਉਤਪਤੀ ਦੋਨੋਂ ਹੀ ਦੇਖਦਾ ਹੈ।

ਸਰੀਰ ਹਵਾ ਵਿਚ ਇਧਰ-ਓਧਰ ਉੱਡਣ ਲਈ, ਮਿੱਟੀ ਵਿਚ ਬਦਲ ਜਾਂਦਾ ਹੈ। ਮੌਤ ਮਨੁੱਖ ਦੀਆਂ ਸਾਰੀਆਂ ਲੋੜਾਂ ਨੂੰ ਇਕ ਪਲ ਵਿਚ ਖਤਮ ਕਰ ਦਿੰਦੀ ਹੈ ਤੇ ਅਹੰਕਾਰ ਮਨੁੱਖ ਦੇ ਚਰਿੱਤਰ ਨੂੰ ਔਗੁਣੀ ਬਣਾ ਦਿੰਦਾ ਹੈ। ਇਸ ਨੁਕਸਾਨ ਦਾ ਜ਼ਿੰਮੇਵਾਰ ਮਨੁੱਖ ਆਪ ਹੀ ਹੁੰਦਾ ਹੈ। ਗੁਰੂ ਦਾ ਸਿੱਖ ਇਹਨਾਂ ਬੁਰਾਈਆਂ ਕਾਰਣ ਦੁੱਖ ਨਹੀਂ ਭੋਗਦਾ, ਕਿਉਂਕਿ ਉਹ ਗੁਰੂ ਦੇ ਗਿਆਨ ਨਾਲ ਰੌਸ਼ਨ ਹੁੰਦਾ ਹੈ। ਉਸ ਦਾ ਮਨ ਸ਼ਾਂਤ ਹੁੰਦਾ ਹੈ, ਕਿਉਂਕਿ ਗੁਰੂ ਦਾ ਗਿਆਨ ਉਸ ਦੇ ਮਨ ਦੀ ਅਗਿਆਨਤਾ ਦਾ ਹਨੇਰਾ ਦੂਰ ਕਰ ਦਿੰਦਾ ਹੈ।

ਗੁਰੂ ਦੇ ਸਿੱਖ ਦਾ ਮਨ ਅਨਮੋਲ ਹੀਰੇ 'ਤੇ ਜੁੜਿਆ ਰਹਿੰਦਾ ਹੈ। ਗੁਰੂ ਦੇ ਗਿਆਨ ਨੇ ਸਿੱਖ ਨੂੰ ਪ੍ਰਲੋਭਨਾਂ ਤੋਂ ਮੁਕਤ ਰਹਿਣ ਦਾ ਮਾਰਗ ਸਿਖਾ ਦਿੱਤਾ ਹੁੰਦਾ ਹੈ, ਜੋ ਉਸ ਦੇ ਚਰਿੱਤਰ ਨੂੰ ਮਲੀਨ ਕਰਦੇ ਹਨ। ਗੁਰੂ ਦੀ ਸਿੱਖਿਆ ਮਨੁੱਖ ਨੂੰ ਲਗਾਤਾਰ ਪ੍ਰਮਾਤਮਾ ਦੀ ਭਗਤੀ ਕਰਨ ਦੇ ਕਾਬਿਲ ਬਣਾਉਂਦੀ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਸ਼ਰਧਾਲੂ ਦਾ ਪ੍ਰਮਾਤਮਾ ਨਾਲ ਮੇਲ ਸੰਭਵ ਹੈ।

ਉਪਦੇਸ਼ ਨੰਬਰ 210

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੮੦੯ 'ਤੇ ਦਰਜ਼, ਪ੍ਰਮਾਤਮਾ ਦੀ ਭਗਤੀ ਮਨੁੱਖ ਦਾ ਚਰਿੱਤਰ ਉਮੀਦ ਤੋਂ ਵੀ ਜ਼ਿਆਦਾ ਸੁਧਾਰ ਦਿੰਦੀ ਹੈ

ਸਤਿਗੁਰੂ ਦੀ ਸੰਗਤ ਵਿਚ, ਸਿੱਖ ਅਸਾਧ ਰੁਕਾਵਟਾਂ 'ਤੇ ਵੀ ਕਾਬੂ ਪਾ ਲੈਂਦਾ ਹੈ। ਜੇ ਉਹ ਪਹਿਲਾਂ ਅਪਾਹਿਜ ਸੀ, ਤਾਂ ਹੁਣ ਉਹ ਪਹਾੜ ਦੀ ਚੋਟੀ ਮਾਪ ਸਕਦਾ ਹੈ। ਜੇ ਉਹ ਪਹਿਲਾਂ ਅਨਪੜ੍ਹ ਮੂਰਖ ਸੀ, ਤਾਂ ਹੁਣ ਉਸ ਦੀ ਗਿਣਤੀ ਸਿਆਣਿਆਂ ਵਿਚ ਹੁੰਦੀ ਹੈ। ਜੇ ਉਹ ਪਹਿਲਾਂ ਅੰਨਾ ਸੀ, ਹੁਣ ਉਹ ਸਭ ਕੁੱਛ ਦੇਖ ਸਕਦਾ ਹੈ। ਜੇ ਉਸ ਦਾ ਚਰਿੱਤਰ ਪਹਿਲਾਂ ਮਾੜਾ ਸੀ, ਹੁਣ ਉਹ ਨੇਕ ਚਰਿੱਤਰ ਵਾਲਾ ਹੈ।

ਪ੍ਰਮਾਤਮਾ ਦੇ ਸ਼ਰਧਾਲੂ ਦੀ ਸੰਗਤ ਮਨੁੱਖ ਦਾ ਮਨ ਪਵਿੱਤਰ ਕਰ ਦਿੰਦੀ ਹੈ। ਇਹ ਪਾਪਾਂ ਦਾ ਨਾਸ ਕਰਦੀ ਹੈ। ਪ੍ਰਮਾਤਮਾ ਦੀ ਭਗਤੀ ਮਨੁੱਖ ਨੂੰ ਬਹੁਤ ਅਧਿਕ ਸ਼ਕਤੀਸ਼ਾਲੀ ਬਣਾ ਦਿੰਦੀ ਹੈ—ਇਹ ਇੰਜ ਹੀ ਹੈ, ਜਿਵੇਂ ਇਕ ਕੀੜੀ ਹਾਥੀ ਨੂੰ ਹਰਾਉਣ ਦੇ ਕਾਬਿਲ

ਬਣ ਜਾਂਦੀ ਹੈ। ਪ੍ਰਮਾਤਮਾ ਆਪਣੇ ਭਗਤ ਨੂੰ ਨਿਡਰ ਬਣਾਉਂਦਾ ਹੈ। ਜੋ ਪਹਿਲਾਂ ਸ਼ੇਰ ਸੀ, ਹੁਣ ਇਕ ਬਿੱਲੀ ਹੈ। ਜੋ ਪਹਿਲਾਂ ਚੱਟਾਨ (ਪਹਾੜ) ਵਾਂਗ ਸੀ, ਹੁਣ ਘਾਹ ਦੇ ਤਿਨਕੇ ਵਾਂਗ ਹੈ। ਜੋ ਪਹਿਲਾਂ ਥੋੜੀ ਜਿਹੀ ਮਾਇਆ ਇਕੱਠੀ ਕਰਨ ਲਈ ਸਖਤ ਮਿਹਨਤ ਕਰਦਾ ਸੀ। ਹੁਣ ਮਾਇਆ ਵਿਚ ਖੇਡ ਰਿਹਾ ਹੈ। ਬੇਅੰਤ ਗੁਣਾਂ ਦੇ ਮਾਲਕ ਪ੍ਰਮਾਤਮਾ ਦੇ ਗੁਣਾਂ ਦੀ ਮਹਾਨਤਾ ਨੂੰ ਮਾਪਣ ਦਾ, ਪ੍ਰਮਾਤਮਾ ਦੇ ਭਗਤ ਕੋਲ ਕੋਈ ਪੈਮਾਨਾ ਨਹੀਂ ਹੈ। ਭਗਤ, ਪ੍ਰਮਾਤਮਾ ਦਾ ਗੁਲਾਮ, ਉਸ ਦਿਆਲੂ ਪ੍ਰਮਾਤਮਾ ਅੱਗੇ ਬੇਨਤੀ ਕਰਦਾ ਹੈ ਕਿ ਉਹ ਉਸ ਦੀ ਪੂਜਾ ਕਰਦਾ ਕਦੇ ਵੀ ਨਾ ਥੱਕੇ।

ਉਪਦੇਸ਼ ਨੰਬਰ 211
ਚੌਥੀ ਪਾਤਿਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੭੩੫ 'ਤੇ ਦਰਜ਼, ਪ੍ਰਮਾਤਮਾ ਉਨ੍ਹਾਂ ਦਾ ਸਨਮਾਨ ਕਰਦਾ ਹੈ ਜੋ ਉਸ ਅੱਗੇ ਨਿਮਾਣੇ ਹਨ

ਪ੍ਰਮਾਤਮਾ ਦਾ ਭਗਤ ਜਾਣਦਾ ਹੈ ਕਿ ਉਹ ''ਬੇਅੰਤ ਗੁਣਾਂ ਦਾ ਖ਼ਜ਼ਾਨਾ'' ਹੈ। ਪ੍ਰਮਾਤਮਾ ਅਪਰੰਪਰ ਹੈ। ਭਗਤ, ਪ੍ਰਮਾਤਮਾ ਦੀ ਮਹਾਨਤਾ ਨੂੰ ਬਿਆਨ ਨਹੀਂ ਕਰ ਸਕਦਾ। ਪ੍ਰਮਾਤਮਾ ਆਪਣੇ ਉਸ ਭਗਤ ਨੂੰ ਆਸਰਾ ਦਿੰਦਾ ਹੈ, ਜੋ ਸਦਾ ਹੀ ਉਸ ਦਾ ਨਾਮ ਸਿਮਰਦਾ ਰਹਿੰਦਾ ਹੈ ਅਤੇ ਪ੍ਰਮਾਤਮਾ ਦੇ ਆਸਰੇ ਤੋਂ ਸੰਤੁਸ਼ਟ ਹੈ। ਭਗਤ ਪ੍ਰਮਾਤਮਾ ਨੂੰ ਆਪਣਾ ਪਰਮ ਆਸਰਾ ਮੰਨਦਾ ਹੈ। ਭਗਤ ਕੇਵਲ ਪ੍ਰਮਾਤਮਾ ਤੋਂ ਮੰਗਦਾ ਹੈ। ਖ਼ੁਸ਼ੀ ਅਤੇ ਗਮੀ ਦੋਨੋਂ ਵੇਲਿਆਂ ਵਿਚ, ਭਗਤ ਪ੍ਰਮਾਤਮਾ ਨੂੰ ਧਿਆਉਂਦਾ ਰਹਿੰਦਾ ਹੈ।

ਪ੍ਰਮਾਤਮਾ ਨੇ ਕੁਦਰਤ ਵਿਚ ਹੈਰਾਨਕੁੰਨ ਵਿਸ਼ੇਸ਼ਤਾਵਾਂ ਉਤਪੰਨ ਕੀਤੀਆਂ ਹਨ— ਜੰਗਲ ਵਿਚ ਅੱਗ ਹੈ, ਧਰਤੀ ਵਿਚ ਪਾਣੀ ਹੈ, ਪਾਣੀ ਵਿਚ ਧਰਤੀ ਹੈ, ਸ਼ਿਕਾਰੀ ਅਤੇ ਸ਼ਿਕਾਰ (ਸ਼ੇਰ ਅਤੇ ਬੱਕਰੀ) ਇੱਕੋ ਜਗ੍ਹਾ 'ਤੇ ਰਹਿੰਦੇ ਹਨ। ਕੁਦਰਤ ਦੀਆਂ ਇਹ ਵਿਸ਼ੇਸ਼ਤਾਵਾਂ, ਭਗਤ ਨੂੰ ਉਸ ਪ੍ਰਮਾਤਮਾ ਦੀ ਪੂਜਾ ਲਈ ਪ੍ਰੇਰਿਤ ਕਰਦੀਆਂ ਹਨ ਜੋ ਭਗਤ ਦੇ ਡਰ ਅਤੇ ਸ਼ੰਕੇ ਦੂਰ ਕਰਦਾ ਹੈ—ਭਗਤ ਨੂੰ ਉਸ ਦੇ ਸਿਮਰਨ ਵਿਚ ਪੱਕਾ ਕਰਦਾ ਹੈ। ਪ੍ਰਮਾਤਮਾ ਉਹਨਾਂ ਨੂੰ ਉੱਪਰ ਉਠਾਉਂਦਾ ਹੈ, ਜੋ ਉਸ ਅੱਗੇ ਨਿਮਾਣੇ ਹੁੰਦੇ ਹਨ। ਮਿੱਟੀ ਦੀ ਧੂੜ ਦੀ ਹੀ ਉਦਹਾਰਣ ਲੈ ਲਓ। ਇਹ ਸਭਨਾਂ ਦੇ ਪੈਰ ਛੂੰਹਦੀ ਹੈ। ਲੇਕਿਨ, ਮੌਤ ਤੇ, ਇਹ ਮ੍ਰਿਤਕ ਸਰੀਰ (ਲਾਸ਼) ਦੇ ਉੱਪਰ ਆ ਜਾਂਦੀ ਹੈ। ਨਿਮਾਣਿਆਂ ਨੂੰ ਉਹ ਉਤਾਂਹ ਚੁੱਕਦਾ ਹੈ ਜੋ ਪ੍ਰਮਾਤਮਾ ਅੱਗੇ ਨਿਮਾਣੇ ਹੁੰਦੇ ਹਨ, ਪ੍ਰਮਾਤਮਾ ਵੱਲੋਂ ਸਨਮਾਨੇ ਜਾਂਦੇ ਹਨ ਅਤੇ ਇਸ ਲਈ ਲੋਕਾਈ ਵੀ ਉਹਨਾਂ ਦਾ ਉੱਝ ਹੀ ਸਨਮਾਨ ਕਰਦੀ ਹੈ।

ਉਪਦੇਸ਼ ਨੰਬਰ 212

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿਚ ਅੰਗ ੭੦੮ 'ਤੇ ਦਰਜ਼, ਮਾਇਆ ਨੂੰ ਤਿਆਗ ਕੇ ਪ੍ਰਮਾਤਮਾ ਦੀ ਭਗਤੀ ਵਿਚ ਜੁੜੋ

ਨਾਸਵੰਤ ਪਦਾਰਥਾਂ ਤੇ ਮਾਇਆ ਦੇ ਮੋਹ ਵਿਚ ਫਸ ਕੇ ਅੰਤ ਨੂੰ ਕੁਝ ਹਾਸਲ ਨਹੀਂ ਹੁੰਦਾ। ਕਿਸੇ ਵੀ ਤਰੀਕੇ ਵਲ-ਛਲ ਨਾਲ ਮਾਇਆ ਇਕੱਠੀ ਕਰਨਾ, ਦੂਸਰਿਆਂ 'ਤੇ ਰਾਜ ਕਰਕੇ ਜਾਂ ਆਪਣੀ ਖੂਬਸੂਰਤੀ ਕਰਕੇ, ਜਾਂ ਇਸ ਕਰਕੇ ਕਿ ਉਸ ਦਾ ਸੰਬੰਧ ਉੱਚੇ ਖ਼ਾਨਦਾਨ ਨਾਲ ਹੈ—ਸਭ ਭਰਮ ਭੁਲੇਖੇ ਹਨ। ਇਹ ਸਾਰੇ ਭਰਮ ਮੌਤ ਸਮੇਂ ਖ਼ਤਮ ਹੋ ਜਾਂਦੇ ਹਨ। ਮਨੁੱਖ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੋ ਦੇਖਣ ਵਿਚ ਵਧੀਆ ਪ੍ਰਤੀਤ ਹੋ ਰਿਹਾ ਹੈ, ਭਾਵੇਂ ਬੇਕਾਰ ਹੀ ਨਿਕਲੇ।

ਉਹਨਾਂ ਚੀਜ਼ਾਂ ਨੂੰ ਇਕੱਤਰ ਕਰਨਾ ਮੂਰਖਤਾ ਹੈ, ਜੋ ਮੌਤ ਤੋਂ ਬਾਅਦ ਨਾਲ ਨਹੀਂ ਜਾਣੀਆਂ। ਉਹਨਾਂ ਨੂੰ ਲੁੱਟਣ ਵਿਚ ਕਿਉਂ ਸਮਾਂ ਬਰਬਾਦ ਕਰਨਾ, ਜੋ ਉਸ ਨੂੰ ਅੰਤ ਵਿਚ ਗੁਆਉਣੀਆਂ ਪੈਣੀਆਂ ਹਨ। ਸੱਚਾਈ ਤਾਂ ਇਹ ਹੈ ਕਿ ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਗੈਰ, ਮਨੁੱਖ ਆਤਮ-ਸੰਤੋਖ ਪ੍ਰਾਪਤ ਨਹੀਂ ਕਰ ਸਕਦਾ। ਕਿਸੇ ਹੋਰ ਵਸਤੂ ਲਈ ਪ੍ਰਮਾਤਮਾ ਨੂੰ ਛੱਡ ਕੇ, ਮਨੁੱਖ ਨਰਕ ਵਿਚ ਆਪਣਾ ਸਥਾਨ ਬਣਾਉਂਦਾ ਹੈ। ਭਗਤ, ਦਿਆਲੂ, ਮਿਹਰਵਾਨ ਅਤੇ "ਡਰ ਦਾ ਨਾਸ਼ ਕਰਨ ਵਾਲੇ" ਅੱਗੇ ਬੇਨਤੀ ਕਰਦਾ ਹੈ ਕਿ ਉਹ ਭਗਤ ਨੂੰ ਆਪਣੀ ਭਗਤੀ ਦੀ ਦਾਤ ਬਖਸ਼ੇ।

ਉਪਦੇਸ਼ ਨੰਬਰ 213

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਦੇ ਅੰਗ ੪੮੯ 'ਤੇ ਦਰਜ਼, ਜੇ ਪ੍ਰਮਾਤਮਾ ਆਪਣੀ ਮਿਹਰ ਭਰੀ ਨਦਰਿ ਕਰ ਦੇਵੇ ਤਾਂ ਫਿਰ ਸ਼ਰਧਾਲੂ ਸਹਿਜ ਨਾਲ ਉਸ ਦੀ ਪੂਜਾ ਕਰਦਾ ਹੈ ਅਤੇ ਸ਼ਰਧਾਲੂ ਪ੍ਰਮਾਤਮਾ ਦੇ ਨਾਲ ਜੁੜਿਆ ਹੁੰਦਾ ਹੈ

ਹਿੰਦੂਆਂ ਦੇ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥ-ਵੇਦ ਦੇ ਪਾਠਕ ਨੂੰ ਇਸ ਨਤੀਜੇ 'ਤੇ ਪਹੁੰਚ ਜਾਣਾ ਚਾਹੀਦਾ ਹੈ ਕਿ ਪ੍ਰਮਾਤਮਾ ਦੇ ਅੰਤ ਬਾਰੇ ਕੋਈ ਵੀ ਬਿਆਨ ਨਹੀਂ ਕਰ ਸਕਦਾ। ਜੋ ਕੋਈ ਵੀ ਇਸ ਦੀ ਕੋਸ਼ਿਸ਼ ਕਰਦਾ ਹੈ ਆਪ ਹੀ ਉਲਝਣ ਵਿਚ ਉਲਝ ਜਾਂਦਾ ਹੈ। ਪ੍ਰਮਾਤਮਾ ਦਾ ਸ਼ਰਧਾਲੂ, ਪ੍ਰਮਾਤਮਾ ਨੂੰ ਕਦੀ ਵੀ ਨਹੀਂ ਭੁੱਲਦਾ। ਸ਼ਰਧਾਲੂ ਨੂੰ ਪ੍ਰਮਾਤਮਾ ਸਭ ਤੋਂ ਪਿਆਰਾ ਹੁੰਦਾ ਹੈ। ਉਹ ਉਸ ਦੀ ਜਿੰਦ-ਜਾਨ ਹੁੰਦਾ ਹੈ। ਪਵਿੱਤਰ ਬਿਰਤੀ ਵਾਲੇ ਇਨਸਾਨ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਅਤੇ ਉਹ ਸਤਿਗੁਰੂ ਦੇ ਬ੍ਰਹਮ

ਗਿਆਨ ਤੋਂ ਸੇਧ ਲੈਂਦੇ ਹਨ

ਪ੍ਰਮਾਤਮਾ ਸਰਬ-ਵਿਆਪਕ ਹੈ। ਇਸ ਵਿਸ਼ਾਲ ਸ੍ਰਿਸ਼ਟੀ ਵਿਚ ਸੂਰਜ ਅਤੇ ਚੰਦਰਮਾ ਛੋਟੇ ਦੀਵਿਆਂ ਦੇ ਵਾਂਗ ਹਨ। ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਨਾਮ ਧਿਆਉਂਦਾ ਰਹਿੰਦਾ ਹੈ ਅਤੇ ਇਸ ਲਈ ਉਹ ਅਪਮਾਨ ਤੋਂ ਮੁਕਤ ਹੁੰਦਾ ਹੈ। ਦੂਸਰੇ ਪਾਸੇ, ਜੋ ਮਨੁੱਖ ਅਹੰਕਾਰ ਵਿਚ, ਸਿਰਫ ਆਪਣੇ ਮਨ ਦੇ ਮਗਰ ਲੱਗਦਾ ਹੈ, ਅਗਿਆਨਤਾ ਵਿਚ ਭਟਕਦਾ ਹੈ।

ਜੋ ਮਨੁੱਖ ਆਪਣੀਆਂ ਮਨ-ਮਾਨੇ ਤਰੀਕੇ ਦੀਆਂ ਕੋਸ਼ਿਸ਼ਾਂ ਨਾਲ ਉਲਝਨਾਂ ਵਿਚ ਫਸਦਾ ਹੈ, ਉਸ ਨੂੰ ਸੱਚਾਈ ਨਜ਼ਰ ਨਹੀਂ ਆ ਸਕਦੀ। ਜਦੋਂ ਸਤਿਗੁਰੂ ਦਾ ਗਿਆਨ, ਸਿੱਖ ਦਾ ਮਨ ਰੌਸ਼ਨ ਕਰ ਦਿੰਦਾ ਹੈ ਤਾਂ ਫਿਰ ਮਨ 'ਤੇ ਕਾਬੂ ਪਾਉਣ ਦਾ ਝੂਠਾ ਸੰਘਰਸ਼ ਵੀ ਖ਼ਤਮ ਹੋ ਜਾਂਦਾ ਹੈ।

''ਮਨੁੱਖਾਂ ਅਤੇ ਫਰਿਸ਼ਤਿਆਂ'' ਦਾ ਦੇਵਤਾ ਬੇਅੰਤ ਹੈ, ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ ਹੈ, ਅ-ਪਹੁੰਚ ਹੈ, ਆਪਣੀ ਸ੍ਰਿਸ਼ਟੀ ਦੇ ਜੀਵਨ ਦਾ ਸੋਮਾ ਹੈ। ਜੇ ਉਹ (ਪ੍ਰਮਾਤਮਾ) ਆਪਣੀ ਮਿਹਰ ਕਰੇ, ਕੇਵਲ ਤਾਂ ਹੀ ਉਸ ਨਾਲ ਮਿਲਿਆ ਜਾ ਸਕਦਾ ਹੈ। ਫਿਰ ਮਨੁੱਖ ਨਾਸਵੰਤ ਪਦਾਰਥਾਂ ਦੇ ਮੋਹ ਤੋਂ ਅਜ਼ਾਦ ਹੋ ਜਾਂਦਾ ਹੈ। ਭਗਤ ਸਹਿਜ-ਸੁਭਾਵਕ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਕਿਉਂਕਿ ਉਸ ਦਾ ਮਨ ਪ੍ਰਮਾਤਮਾ ਨਾਲ ਜੁੜਿਆ ਹੁੰਦਾ ਹੈ।

ਉਪਦੇਸ਼ ਨੰਬਰ 214
ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਉਪਦੇਸ਼, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੪੧੨ 'ਤੇ ਦਰਜ਼, ਸਤਿਗੁਰੂ ਦੇ ਗਿਆਨ ਦੀ ਕਦਰ ਕੀਤੇ ਬਿਨਾਂ ਅੰਦਰੂਨੀ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ

ਹਰ ਤਰ੍ਹਾਂ ਦਾ ਧਿਆਨ, ਹਰ ਤਰ੍ਹਾਂ ਦੀ ਤਪਸਿਆ ਅਤੇ ਹਰ ਤਰ੍ਹਾਂ ਦਾ ਬੌਧਿਕ ਕੌਸ਼ਲ ਵੀ ਮਨੁੱਖ ਨੂੰ ਭਟਕਣ ਤੋਂ ਇਲਾਵਾ ਕੁਛ ਵੀ ਪ੍ਰਦਾਨ ਨਹੀਂ ਕਰਦੇ, ਜੇ ਉਸ ਨੂੰ ਸਹੀ ਮਾਰਗ ਦੀ ਸਮਝ ਨਾ ਹੋਵੇ। ਸਹੀ ਮਾਰਗ ਦਾ ਗਿਆਨ, ਜੋ ਕਿ ਬ੍ਰਹਮ ਗਿਆਨ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਗਿਆਨ ਤੋਂ ਬਗੈਰ ਮਨੁੱਖ ਆਪਣਾ ਆਚਰਨ ਗੁਆ ਬੈਠਦਾ ਹੈ ਅਤੇ ਭਟਕ ਜਾਂਦਾ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਗੈਰ ਮਨੁੱਖ ਅਪਮਾਨ ਤੋਂ ਇਲਾਵਾ ਹੋਰ ਕੁੱਛ ਹਾਸਿਲ ਨਹੀਂ ਕਰਦਾ ਹੈ।

ਕੇਵਲ ਪ੍ਰਮਾਤਮਾ ਹੀ ਸਦੀਵੀ ਕਾਇਮ ਰਹਿਣ ਵਾਲਾ ਹੈ। ਬਾਕੀ ਸਾਰਿਆਂ ਨੂੰ ਜਨਮ ਅਤੇ ਮੌਤ ਦੇ ਚੱਕਰ ਵਿੱਚੋਂ ਗੁਜ਼ਰਨਾ ਪੈਂਦਾ ਹੈ। ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਸਿਰਫ਼ ਉਸ ਸਿੱਖ ਲਈ ਸੰਭਵ ਹੁੰਦਾ ਹੈ, ਜੋ ਨਿਮਰਤਾ ਸਹਿਤ ਸਤਿਗੁਰੂ ਦੀ ਸ਼ਰਨ ਵਿਚ ਆਉਂਦਾ ਹੈ। ਕੇਵਲ ਸਤਿਗੁਰੂ ਦੇ ਸਿੱਖ ਨੂੰ ਛੱਡ ਕੇ ਬਾਕੀ ਸਭ ਕਈ ਤਰ੍ਹਾਂ ਦੇ ਨਾਸਵੰਤ ਪਦਾਰਥਾਂ

ਦੇ ਮੋਹ ਨਾਲ ਬੱਝੇ ਰਹਿੰਦੇ ਹਨ। ਸਿੱਖ ਨਾਸਵੰਤ ਪਦਾਰਥਾਂ ਦੇ ਮੋਹ ਤੋਂ ਉੱਪਰ ਉੱਠ ਜਾਂਦੇ ਹਨ, ਕਿਉਂਕਿ ਉਹ ਅੰਦਰੂਨੀ ਤੌਰ 'ਤੇ ਪ੍ਰਮਾਤਮਾ ਨਾਲ ਜੁੜੇ ਹੁੰਦੇ ਹਨ। ਉਹ ਅੰਦਰੂਨੀ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਦੇ ਹਨ ਜੋ ਅਸਲ ਅਤੇ ਸਦਾ ਕਾਇਮ ਰਹਿਣ ਵਾਲੀ ਹੁੰਦੀ ਹੈ। ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੁੰਦੇ ਹਨ।

ਬ੍ਰਹਮ ਗਿਆਨ ਤੋਂ ਬਿਨਾਂ, ਲੋਕ ਪਰਿਵਾਰਿਕ ਬੰਧਨਾਂ ਦੀਆਂ ਤੰਗ ਦੀਵਾਰਾਂ ਤੋਂ ਉੱਪਰ ਉੱਠਣ ਦੇ ਕਾਬਿਲ ਨਹੀਂ ਹੁੰਦੇ। ਪਰਿਵਾਰ ਦੇ ਖਾਸ ਵੱਖਰੇ ਬੰਧਨਾਂ ਨਾਲ ਲਗਾਵ ਦੇ ਲਈ ਉਹ ਪ੍ਰਮਾਤਮਾ ਦੇ ਨਾਮ ਸਿਮਰਨ ਦਾ ਤਿਆਗ ਕਰਦੇ ਹਨ। ਇਸ ਪ੍ਰਕਾਰ, ਲੋਕ ਮਨੁੱਖਾ ਜੀਵਨ ਦੇ ਕੀਮਤੀ ਤੋਹਫੇ ਨੂੰ ਅਜਾਈਂ ਹੀ ਗੁਆ ਦਿੰਦੇ ਹਨ ਅਤੇ ਜੀਵਨ ਦੇ ਅਸਲੀ ਮਕਸਦ ਵਿਚ ਅਸਫਲ ਹੋ ਜਾਂਦੇ ਹਨ। ਇਸ ਦੇ ਉਲਟ, ਜੋ ਸਤਿਗੁਰੂ ਤੋਂ ਸਿੱਖਿਆ ਪ੍ਰਾਪਤ ਕਰਕੇ, ਜੋ ਜੀਵਨ-ਜਾਚ ਅਪਣਾਉਂਦਾ ਹੈ, ਉਹ ਆਦਰ ਪਾਉਂਦਾ ਹੈ।

ਕੇਵਲ ਬ੍ਰਹਮ ਗਿਆਨ ਦੇ ਦੁਆਰਾ ਹੀ ਮਨੁੱਖ ਝੂਠੇ ਪਦਾਰਥਾਂ ਦੇ ਮੋਹ 'ਤੇ ਕਾਬੂ ਪਾ ਸਕਦਾ ਹੈ ਅਤੇ ਪਵਿੱਤਰ ਪ੍ਰਮਾਤਮਾ ਨੂੰ ਦ੍ਰਿੜਤਾ ਨਾਲ ਸਿਮਰ ਸਕਦਾ ਹੈ। ਪ੍ਰਮਾਤਮਾ ਦੇ ਭਗਤ ਦਾ ਮਨ ਅਹੰਕਾਰ ਤੋਂ ਮੁਕਤ ਹੁੰਦਾ ਹੈ, ਭਾਵੇਂ ਉਸ ਦੇ ਦੂਜਿਆਂ ਨਾਲ ਉਸ ਦੇ ਆਚਰਨ ਤੋਂ ਅਜਿਹਾ ਪ੍ਰਤੀਤ ਨਾ ਹੁੰਦਾ ਹੋਵੇ।

ਹਮੇਸ਼ਾ ਅਸੰਤੁਸ਼ਟ ਰਹਿਣ ਵਾਲੇ ਅਤੇ ਚੰਚਲ ਮਨ 'ਤੇ ਕਾਬੂ ਪਾਉਣ ਲਈ ਮਨੁੱਖ ਨੂੰ ਪ੍ਰਮਾਤਮਾ ਦੇ ਸ਼ਰਧਾਲੂ ਤੋਂ ਸਿੱਖਣਾ ਚਾਹੀਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਉਹ ਅਜਿਹੀ ਸੰਗਤ ਨਾਲ ਜੁੜਦਾ ਹੈ। ਸਤਿਗੁਰੂ ਦੇ ਮਾਰਗ-ਦਰਸ਼ਨ ਤੋਂ ਬਗੈਰ ਮਨੁੱਖ ਸਹੀ ਮਾਰਗ ਤੋਂ ਭਟਕ ਜਾਂਦਾ ਹੈ ਅਤੇ ਇੰਜ ਜਨਮ ਮਰਨ ਦੇ ਚੱਕਰ ਵਿਚ ਜਕੜਿਆ ਰਹਿੰਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ, ਪ੍ਰਮਾਤਮਾ ਵੱਲੋਂ ਨਿਰਧਾਰਿਤ ਕੀਤੇ ਅਨੁਸਾਰ ਮਨੁੱਖ ਪ੍ਰਮਾਤਮਾ ਨਾਲ ਮਿਲਾਪ ਦਾ ਅਨੁਭਵ ਕਰਦਾ ਹੈ। ਪ੍ਰਮਾਤਮਾ ਨੂੰ ਬਿਆਨਿਆ ਨਹੀਂ ਜਾ ਸਕਦਾ। ਸੁੱਖ ਦੁੱਖ, ਦੋਨੋਂ ਹੀ ਪ੍ਰਮਾਤਮਾ ਦੁਆਰਾ ਮਿੱਥੇ ਅਨੁਸਾਰ ਆਉਂਦੇ ਹਨ। ਫੇਰ ਵੀ, ਪ੍ਰਮਾਤਮਾ ਦੀ ਭਗਤੀ ਨਾਲ ਸਾਰੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ।

ਬ੍ਰਹਮ ਗਿਆਨ ਦੁਆਰਾ ਮਨ ਰੁਸ਼ਨਾਅ ਕੇ, ਮਨੁੱਖ ਜੀਵਨ ਵਿਚ ਸਬਰ-ਸੰਤੋਖ ਅਤੇ ਸੱਚਾ ਆਨੰਦ ਅਨੁਭਵ ਕਰਦਾ ਹੈ। ਪ੍ਰਮਾਤਮਾ ਦਾ ਸਿਮਰਨ ਕਰਕੇ, ਮਨੁੱਖ ਮਨ ਦੀ ਜਾਗਰੁਕਤਾ ਦੀ ਅਜਿਹੀ ਸਥਿਤੀ ਪ੍ਰਾਪਤ ਕਰਦਾ ਹੈ ਜੋ ਸਦਾ ਅਨੰਦ ਪ੍ਰਦਾਨ ਕਰਦੀ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ, ਰਖਵਾਲਾ (ਪ੍ਰਮਾਤਮਾ), ਸ਼ਰਧਾਲੂ ਦੇ ਮਨ ਦੀ ਅਜਿਹੀ ਸਥਿਤੀ ਨੂੰ ਯਕੀਨੀ ਬਣਾਉਂਦਾ ਹੈ।

ਜਦੋਂ ਮਨੁੱਖ ਦਾ ਮਨ, ਅਹੰਕਾਰ ਤੋਂ ਮੁਕਤ ਹੋ ਜਾਂਦਾ ਹੈ ਅਤੇ ਇਸ ਦੀ ਬਜਾਏ ਸਤਿਗੁਰੂ ਦੇ ਗਿਆਨ ਦੀ ਕਦਰ ਕਰਨ ਲੱਗਦਾ ਹੈ, ਤਾਂ ਫਿਰ ਉਹ ਕੁਦਰਤ ਦੀ ਵਿਸ਼ਾਲਤਾ ਅਤੇ ਕੁਦਰਤ ਦੇ ਸਿਰਜਣਹਾਰ ਨੂੰ ਦੇਖਣ ਲਈ ਮਨ ਨੂੰ ਹੋਰ ਵਿਸਤ੍ਰਿਤ ਕਰਦਾ ਹੈ। ਬ੍ਰਹਮ ਗਿਆਨ

ਦੇ ਉਪਦੇਸ਼ਾਂ ਨੂੰ ਆਪਣੇ ਮਨ ਅੰਦਰ ਵਸਾ ਕੇ, ਭਗਤ, ਪ੍ਰਮਾਤਮਾ ਨਾਲ ਇੱਕ ਹੋ ਜਾਂਦਾ ਹੈ। ਗੁਰੂ ਦੇ ਗਿਆਨ ਦਾ ਚਿੰਤਨ, ਉਸ ਅੰਦਰ ਅਜਿਹੀ ਜਾਗਰੁਕਤਾ (ਵਿਚਾਰਾਂ ਅਤੇ ਭਾਵਨਾਵਾਂ ਸੰਬੰਧੀ) ਉਤਪੰਨ ਕਰਦਾ ਹੈ, ਜਿਸ ਨਾਲ ਸ਼ਰਧਾਲੂ ਦਾ ਮਨ ਪ੍ਰਮਾਤਮਾ ਨਾਲ ਲਗਾਤਾਰ ਜੁੜਦਾ ਜਾਂਦਾ ਹੈ। ਸ਼ਰਧਾਲੂ ਲਈ, ਮੁਕਤੀ ਦਾਤਾ, ਸੱਚੀ ਮੁੱਚੀਂ ਅਦਭੁੱਤ ਹੁੰਦਾ ਹੈ।

ਉਪਦੇਸ਼ ਨੰਬਰ 215

ਚੌਥੀ ਪਾਤਿਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੫੩੯ 'ਤੇ ਦਰਜ਼, ਸ਼ਰਧਾ ਨਾਲ ਪ੍ਰਮਾਤਮਾ ਦੀ ਭਗਤੀ ਕਰੋ

ਪ੍ਰਸ਼ੰਸਾ ਦੇ ਹੱਕਦਾਰ ਉਹ ਹਨ, ਜੋ ਪੂਰੇ ਦਿਲ ਨਾਲ ਪ੍ਰਮਾਤਮਾ ਨੂੰ ਸਿਮਰਦੇ ਹਨ। ਅਜਿਹੇ ਸਿਮਰਨ ਲਈ ਉਹਨਾਂ ਉੱਪਰ ਪ੍ਰਮਾਤਮਾ ਅਤੇ ਸਤਿਗੁਰੂ ਦੀ ਮਿਹਰ ਹੁੰਦੀ ਹੈ। ਉਹ ਇਸ ਸੰਸਾਰ ਦੀ ਮਾਇਆ ਅੱਗੇ ਨਹੀਂ ਝੁਕਦੇ। ਪ੍ਰਮਾਤਮਾ ਦੇ ਪੱਕੇ ਸ਼ਰਧਾਲੂ ਬਹੁਤ ਪ੍ਰਸ਼ੰਸਾ ਦੇ ਕਾਬਿਲ ਹੁੰਦੇ ਹਨ। ਪ੍ਰਮਾਤਮਾ ਦੀ ਭਗਤੀ ਨਾਲ ਉਹਨਾਂ 'ਤੇ ਸ਼ਾਂਤੀ ਅਤੇ ਪ੍ਰਸੰਨਤਾ ਦੀ ਮਿਹਰ ਹੁੰਦੀ ਹੈ। ਪ੍ਰਮਾਤਮਾ ਦੀ ਭਗਤੀ ਸ਼ਰਧਾਲੂ ਦੇ ਦੁੱਖ-ਤਕਲੀਫ ਵੀ ਖ਼ਤਮ ਕਰ ਦਿੰਦੀ ਹੈ।

ਜੋ ਜੀਭ, ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾਉਂਦੀ ਹੈ, ਅਦਭੁੱਤ ਹੈ। ਜੋ ਕੰਨ, ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਸੁਣਦੇ ਹਨ, ਅਦਭੁੱਤ ਹਨ। ਜੋ ਸਿਰ, ਸਤਿਗੁਰੂ ਅੱਗੇ ਝੁਕਦਾ ਹੈ, ਉਹ ਨੇਕ ਹੈ। ਗੁਰੂ ਦੇ ਸਿੱਖ ਵਿਚ ਆਪਣੇ ਗੁਰੂ ਦੇ ਪ੍ਰਤੀ ਬਹੁਤ ਆਦਰ-ਸਤਿਕਾਰ ਹੁੰਦਾ ਹੈ, ਉਹ ਗੁਰੂ ਜੋ ਆਪ ਵੀ ਪ੍ਰਮਾਤਮਾ ਨੂੰ ਸਿਮਰਦਾ ਹੈ ਅਤੇ ਆਪਣੇ ਸਿੱਖ ਨੂੰ ਵੀ ਪ੍ਰਮਾਤਮਾ ਦੀ ਭਗਤੀ ਦੇ ਕਾਬਿਲ ਬਣਾਉਂਦਾ ਹੈ। ਉਹ ਅੱਖਾਂ, ਜੋ 'ਗੁਰੂ ਦੇ ਸਿੱਖ', ਸਤਿਗੁਰੂ ਅਤੇ ਪ੍ਰਮਾਤਮਾ ਨੂੰ ਦੇਖਦੀਆਂ ਹਨ, ਅਦਭੁੱਤ ਹਨ। ਜੋ ਹੱਥ, ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਲਿਖਦੇ ਹਨ, ਉਹ ਧੰਨ ਹਨ, ਪਵਿੱਤਰ ਹਨ। ਜੋ ਮਨੁੱਖ, ਪ੍ਰਮਾਤਮਾ ਅਤੇ ਉਸ ਦੀ ਭਗਤੀ ਵਿਚ ਵਿਸ਼ਵਾਸ ਰੱਖਦੇ ਹਨ, ਇਹ ਉਹਨਾਂ ਨੂੰ ਉਹਨਾਂ ਦੀ ਬਹੁਤ ਅਧਿਕ ਕਦਰ ਕਰਨ ਦੇ ਕਾਬਿਲ ਬਣਾਉਂਦਾ ਹੈ। ਬਹੁਤ ਅਧਿਕ ਪ੍ਰਸ਼ੰਸਾ ਦੇ ਹੱਕਦਾਰ ਉਹ ਮਨੁੱਖ ਹਨ, ਜੋ ਸਤਿਗੁਰੂ ਦੀ ਸਿੱਖਿਆ ਨੂੰ ਸੁਣਦੇ ਹਨ ਅਤੇ ਪ੍ਰਮਾਤਮਾ ਦੀ ਭਗਤੀ ਲਈ ਜੁੜਦੇ ਹਨ।

ਜੋ ਸਿੱਖ, ਸਤਿਗੁਰੂ ਕੋਲੋਂ ਬ੍ਰਹਮ ਗਿਆਨ ਹਾਸਿਲ ਕਰਦਾ ਹੈ, ਪ੍ਰਮਾਤਮਾ ਦੇ ਸਿਮਰਨ ਲਈ, ਪ੍ਰਮਾਤਮਾ ਵੱਲੋਂ ਸਨਮਾਨਿਆ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਧਰਤੀ ਮਾਤਾ, ਉਪਰਲੇ ਬ੍ਰਹਿਮੰਡ ਅਤੇ ਧਰਤੀ ਮਾਤਾ ਦੇ ਹੇਠਾਂ ਵੱਲੋਂ ਕੀਤੀ ਜਾਂਦੀ ਹੈ। ਹਵਾ, ਪਾਣੀ, ਅੱਗ, ਜੰਗਲ, ਘਾਹ ਅਤੇ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਭਗਤੀ ਕਰਦੀ ਹੈ। (ਮਨ ਵਿਚ ਪ੍ਰਮਾਤਮਾ ਦਾ ਪਿਆਰ ਪੂਰੀ ਤਰ੍ਹਾਂ ਵਸਾ ਕੇ, ਸ਼ਰਧਾਲੂ ਪ੍ਰਮਾਤਮਾ ਦੀ ਹੋਂਦ ਹਰ ਜਗ੍ਹਾ

ਮਹਿਸੂਸ ਕਰਦਾ ਹੈ ਅਤੇ ਸਾਰੀ ਪ੍ਰਕ੍ਰਿਤੀ ਨੂੰ ਵੀ ਖੁਦ, ਪ੍ਰਮਾਤਮਾ ਦੀ ਭਗਤੀ ਕਰਨ ਦੇ ਮੂਡ (ਧੁਨ) ਵਿਚ ਦੇਖਦਾ ਹੈ)

ਉਪਦੇਸ਼ ਨੰਬਰ 216

ਪੰਜਵੀਂ ਪਾਤਿਸ਼ਾਹ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੧੩ 'ਤੇ ਦਰਜ਼, ਪ੍ਰਮਾਤਮਾ ਬਖ਼ਸ਼ਣਹਾਰ ਹੈ ਉਹ ਸੁਭਾਵਕ ਸਭਨਾਂ ਨੂੰ ਖਿਮਾ ਕਰਦਾ ਹੈ

ਜੋ ਕੋਈ ਮਨੁੱਖ, ਸਤਿਗੁਰੂ ਦੀ ਸ਼ਰਨ ਵਿਚ ਆਉਂਦਾ ਹੈ, ਉਹ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਅਧਿਆਤਮਿਕ ਆਨੰਦ ਅਤੇ ਪ੍ਰਮਾਤਮਾ ਦੀ ਭਗਤੀ ਦੀ ਬਖ਼ਸ਼ਿਸ਼ ਪਾਉਂਦਾ ਹੈ। ਉਸ ਦਾ ਪ੍ਰਮਾਤਮਾ ਵੱਲੋਂ ਵੀ ਸਨਮਾਨ ਹੁੰਦਾ ਹੈ। ਪ੍ਰਮਾਤਮਾ ਦਾ ਸ਼ਰਧਾਲੂ, ਪ੍ਰਮਾਤਮਾ—ਜੋ ਕਿ ਸਭਨਾਂ ਨੂੰ ਬਖ਼ਸ਼ਣਹਾਰ ਹੈ, ਤੋਂ ਇਲਾਵਾ ਹੋਰ ਕਿਸੇ ਦੀ ਓਟ ਨਹੀਂ ਲੱਭਦਾ। ਸ਼ਰਧਾਲੂ ਪ੍ਰਮਾਤਮਾ ਅੱਗੇ, ਉਸ ਨੂੰ ਬੇਮੁਖਤਾ ਤੋਂ ਪਰ੍ਹੇ ਰੱਖਣ ਦੀ ਬੇਨਤੀ ਕਰਦਾ ਹੈ। ਪ੍ਰਮਾਤਮਾ ਸਭਨਾਂ ਦਾ ਪਾਲਣਹਾਰ, ਸਭਨਾਂ ਨੂੰ ਖਿਮਾ ਕਰਨ ਵਾਲਾ ਹੈ। ਉਹ ਹਮੇਸ਼ਾ ਦਿਆਲੂ ਹੈ। ਨਿਮਾਣਾ ਸਿੱਖ, ਇਸ ਜਨਮ ਵਿਚ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਦੀ ਸੰਗਤ ਦੀ ਅਸੀਸਾਂ ਪਾਉਣ ਲਈ ਉੱਦਮ ਕਰਦਾ ਹੈ।

ਉਪਦੇਸ਼ ਨੰਬਰ 217

ਤੀਸਰੀ ਪਾਤਿਸ਼ਾਹੀ, ਗੁਰੂ ਅਮਰਦਾਸ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੪੩ 'ਤੇ ਦਰਜ਼, ਪ੍ਰਮਾਤਮਾ ਨਾਲ ਮਿਲਾਪ ਜਾਂ ਵਿਛੋੜਾ, ਉਸ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ

ਮਨੁੱਖ ਜੀਵਨ ਵਿਚ ਸਾਰੇ ਕਰਮ ਪ੍ਰਮਾਤਮਾ ਵੱਲੋਂ ਮਿੱਥੇ ਅਨੁਸਾਰ ਹੀ ਕਰਦਾ ਹੈ। ਜੋ ਮਨੁੱਖ ਪ੍ਰਮਾਤਮਾ ਦਾ ਨਾਮ ਜਪਣ ਦੀ ਪ੍ਰਵਾਹ ਨਹੀਂ ਕਰਦਾ, ਉਹ ਅਜਿਹਾ ਇਸ ਲਈ ਕਰਦਾ ਹੈ, ਕਿਉਂਕਿ ਉਹ ਮਾਇਆ ਦੇ ਧੋਖੇ ਤੋਂ ਪੀੜਿਤ ਹੁੰਦਾ ਹੈ। ਸੱਚਾਈ ਤਾਂ ਇਹ ਹੈ ਕਿ ਉਹ ਲੋਕ ਜਦੋਂ ਪ੍ਰਮਾਤਮਾ ਤੋਂ ਇਲਾਵਾ ਕਿਸੇ ਹੋਰ ਨੂੰ ਸਿਮਰਦੇ ਹਨ, ਉਹ ਅਧਿਆਤਮਿਕ ਤੌਰ 'ਤੇ ਲਾਸ਼ਾਂ ਹੀ ਹੁੰਦੇ ਹਨ, ਜੋ ਲੋਕ ਸਤਿਗੁਰੂ ਦੀ ਸਿੱਖਿਆ ਤੋਂ ਗਿਆਨ ਪ੍ਰਾਪਤ ਨਹੀਂ ਕਰਦੇ। ਪ੍ਰਮਾਤਮਾ ਨੇ ਹੀ ਉਹਨਾਂ ਨੂੰ ਆਪਣੇ ਮਿਲਾਪ ਤੋਂ ਰੋਕਿਆ ਹੁੰਦਾ ਹੈ।

ਜੋ ਲੋਕ ਪ੍ਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦੇ, ਪ੍ਰੰਤੂ ਖਾਸ ਤੌਰ 'ਤੇ ਆਪਣੇ ਬੱਚਿਆਂ ਅਤੇ ਪਤਨੀ ਦੇ ਪਿਆਰ ਤੱਕ ਹੀ ਸੀਮਿਤ ਰਹਿੰਦੇ ਹਨ, ਜ਼ਿਆਦਾ ਦੁਖੀ ਰਹਿੰਦੇ

ਹਨ। ਜੀਵਨ ਦੇ ਅੰਤ ਸਮੇਂ ਉਹ ਮਹਿਸੂਸ ਕਰਦੇ ਹਨ ਕਿ ਜੀਵਨ ਤੋਂ ਬਾਅਦ ਕੋਈ ਵੀ ਸਾਥ ਨਹੀਂ ਦਿੰਦਾ। ਜੋ ਲੋਕ ਮਨਮੁਖ ਹੁੰਦੇ ਹਨ, ਅਕਸਰ ਉਦਾਸ ਰਹਿੰਦੇ ਹਨ ਅਤੇ ਸਮਾਜਿਕ ਤੌਰ 'ਤੇ ਅਪਮਾਨਿਤ ਹੁੰਦੇ ਹਨ। ਕੋਈ ਵੀ ਉਹਨਾਂ 'ਤੇ ਵਿਸ਼ਵਾਸ ਨਹੀਂ ਕਰਦਾ। ਇਸ ਦੀ ਤੁਲਨਾ ਵਿਚ, ਗੁਰੂ ਦੇ ਸਿੱਖ, ਬਹੁਤ ਅਧਿੱਕ ਪ੍ਰਸੰਨਤਾ ਅਤੇ ਸ਼ਾਂਤੀ ਦੀ ਬਖ਼ਸ਼ਿਸ਼ ਪਾਉਂਦੇ ਹਨ, ਕਿਉਂਕਿ ਉਹ ਦ੍ਰਿੜਤਾ ਨਾਲ ਪ੍ਰਮਾਤਮਾ ਦਾ ਨਾਮ ਧਿਆਉਂਦੇ ਰਹਿੰਦੇ ਹਨ।

ਪ੍ਰਮਾਤਮਾ ਦੇ ਸਿੱਖ ਅੰਦਰੂਨੀ ਤੌਰ 'ਤੇ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਹਨ। ਉਹ, ਮਨੁੱਖ ਦੇ ਸੱਚੇ ਮਿੱਤਰ ਅਤੇ ਗਿਸ਼ਤੇਦਾਰ ਹੁੰਦੇ ਹਨ। ਉਹ ਗੁਰੂ ਦੇ ਉਪਦੇਸ਼ਾਂ ਦੀ ਕਦਰ ਕਰਦੇ ਹਨ। ਉਹ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਧਿਆਉਂਦੇ ਹਨ। ਜੋ ਪ੍ਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦੇ, ਉਹ ਮਨੁੱਖ ਦੇ ਸੱਚੇ ਮਿੱਤਰ ਨਹੀਂ ਹੁੰਦੇ। ਉਹ ਅਹੰਕਾਰੀ ਹੁੰਦੇ ਹਨ। ਉਹ ਮਾੜੇ ਕਰਮਾਂ ਵਿਚ ਡੁੱਬੇ ਹੁੰਦੇ ਹਨ। ਉਹ ਕੇਵਲ ਆਪਣੇ ਪ੍ਰਚਾਰ ਵਿਚ ਹੀ ਦਿਲਚਸਪੀ ਲੈਂਦੇ ਹਨ। ਉਹ ਲੋੜ ਵੇਲੇ ਦੂਸਰਿਆਂ ਦੇ ਕੰਮ ਨਹੀਂ ਆਉਂਦੇ। ਉਹ ਉਂਝ ਹੀ ਕਰਮ ਕਰਦੇ ਹਨ, ਜਿਵੇਂ ਉਹਨਾਂ ਲਈ ਪਹਿਲਾਂ ਹੀ ਨਿਰਧਾਰਿਤ ਹੋਇਆ ਹੁੰਦਾ ਹੈ। ਕੋਈ ਵੀ ਇਸ ਨੂੰ ਬਦਲ ਨਹੀਂ ਸਕਦਾ।

ਪ੍ਰਮਾਤਮਾ ਨੇ ਇਸ ਸੰਸਾਰ ਦੀ ਰਚਨਾ ਕੀਤੀ ਅਤੇ ਆਪਣੀ ਮਰਜ਼ੀ ਅਨੁਸਾਰ ਇਸ ਨੂੰ ਕਾਰਜਾਂ 'ਤੇ ਲਗਾਇਆ। ਲੋਕਾਂ ਵਿਚ ਮਾਇਆ ਪ੍ਰਤੀ ਪ੍ਰੇਮ ਉਂਜ ਹੀ ਹੈ, ਜਿਵੇਂ ਉਹ (ਪ੍ਰਮਾਤਮਾ) ਚਾਹੁੰਦਾ ਹੈ। ਪ੍ਰਮਾਤਮਾ ਅਹੰਕਾਰੀ ਲੋਕਾਂ ਨੂੰ ਉਹਨਾਂ ਦੇ ਕਰਮਾਂ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ ਅਤੇ ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਭੋਗਦੇ ਹਨ। ਜਿਨ੍ਹਾਂ ਉੱਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ, ਉਹ ਨਿਮਰਤਾ ਪੂਰਵਕ ਗੁਰੂ ਦੀ ਸ਼ਰਨ ਵਿਚ ਆਉਂਦੇ ਹਨ ਅਤੇ ਬ੍ਰਹਮ ਗਿਆਨ ਦੀ ਸਿੱਖਿਆ ਲੈਂਦੇ ਹਨ। ਗੁਰੂ ਦਾ ਸਿੱਖ ਹਮੇਸ਼ਾ ਗੁਰੂ ਪ੍ਰਤੀ ਧੰਨਵਾਦੀ ਰਹਿੰਦਾ ਹੈ। ਸਿੱਖ, ਗੁਰੂ ਦੀ ਤਹਿਦਿਲੋਂ ਪ੍ਰਸੰਸ਼ਾ ਕਰਦਾ ਹੈ।

ਉਪਦੇਸ਼ ਨੰਬਰ 218

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੮੦੪ 'ਤੇ ਦਰਜ਼, ਪ੍ਰਮਾਤਮਾ ਦੀ ਭਗਤੀ ਸਾਰੇ ਦੁੱਖਾਂ ਦਾ ਅੰਤ ਕਰਦੀ ਹੈ

ਇਹ ਸੱਚਾ ਵਿਚਾਰ ਕਿ ਮੌਤ ਸਮੇਂ ਕੋਈ ਵੀ (ਪਿਤਾ, ਮਾਤਾ, ਬੱਚੇ, ਦੌਲਤ) ਅਗਲੇ ਜਨਮ ਵਿਚ ਸਾਥ ਨਹੀਂ ਦਿੰਦਾ, ਬੜਾ ਦੁਖਦਾਈ ਹੈ। ਪ੍ਰਮਾਤਮਾ ਦੇ ਭਗਤਾਂ ਦੀ ਸੰਗਤ ਵਿਚ ਰਹਿ ਕੇ, ਜੀਵਨ ਦੇ ਬਾਰੇ ਉਹਨਾਂ ਦੇ ਨਜ਼ਰੀਏ ਨੂੰ ਸਾਂਝਾ ਕਰਕੇ, ਇਸ ਸਥਿਤੀ 'ਤੇ ਕਾਬੂ ਪਾਇਆ ਜਾ ਸਕਦਾ ਹੈ। ਫਿਰ ਸਾਰੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ। ਦੁੱਖਾਂ ਦਾ ਨਾਸ਼ ਕਰਨ ਵਾਲਾ ਹਰ ਥਾਂ ਮੌਜੂਦ ਹੈ। ਪ੍ਰਮਾਤਮਾ ਦੀ ਭਗਤੀ ਸਾਰੇ ਦੁੱਖਾਂ ਨੂੰ ਖ਼ਤਮ ਕਰਦੀ ਹੈ।

ਪ੍ਰਮਾਤਮਾ ਦੀ ਭਗਤੀ ਬਿਨਾਂ ਮਨ ਦੀ ਸ਼ਾਂਤੀ ਅਤੇ ਸਹਿਜ ਦੀ ਅਵਸਥਾ—ਮਨੁੱਖ ਮਨ ਦੀ ਲਗਾਤਾਰ ਅਸੰਤੁਸ਼ਟੀ ਅਤੇ ਅਸ਼ਾਂਤੀ ਦੀ ਸਥਿਤੀ ਤੋਂ ਬਚ ਨਹੀਂ ਸਕਦਾ। ਸੰਤੁਸ਼ਟੀ, ਪ੍ਰਮਾਤਮਾ ਦੀ ਭਗਤੀ ਤੋਂ ਸਿਵਾਏ, ਕਿਸੇ ਹੋਰ ਤਰੀਕੇ ਨਾਲ ਪ੍ਰਾਪਤ ਨਹੀਂ ਹੋ ਸਕਦੀ। ਸ਼ਰਧਾਲੂ ਸਭਨਾਂ ਦੇ ਪਾਲਣਹਾਰ ਅਤੇ ਸਭ ਕੁਛ ਜਾਨਣਹਾਰ ਪ੍ਰਭੂ ਕੋਲੋਂ ਭਗਤੀ ਦੀ ਦਾਤ ਮੰਗਦਾ ਹੈ।

ਉਪਦੇਸ਼ ਨੰਬਰ 219

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੮੭੮ 'ਤੇ ਦਰਜ਼, ਪ੍ਰਮਾਤਮਾ ਆਪਣੇ ਭਗਤ ਦੇ ਮਨ ਵਿਚ ਵਾਸ ਕਰਦਾ ਹੈ ਸੱਚਾ ਭਗਤ ਅਤੇ ਪ੍ਰਮਾਤਮਾ ਅਨਿੱਖੜਵੇਂ ਹਨ

ਸਮੁੰਦਰ ਵਿੱਚੋਂ ਪਾਣੀ ਦੀਆਂ ਬੂੰਦਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਉਹ ਇਸ ਦਾ ਹਿੱਸਾ ਹਨ। ਇਹ ਸ੍ਰਿਸ਼ਟੀ ਵੀ ਸਿਰਜਣਹਾਰ ਤੋਂ ਵੱਖ ਨਹੀਂ ਹੁੰਦੀ। ਉਹ ਸਿਰਜਣਹਾਰ ਆਪਣੀ ਸ੍ਰਿਸ਼ਟੀ ਵਿਚ ਹਰ ਥਾਂ ਵਿਆਪਕ ਹੈ।

ਇਹਨਾਂ ਸੱਚਾਈਆਂ ਦੀ ਸਮਝ ਮਨੁੱਖ ਨੂੰ ਝੂਠ ਤੋਂ ਮੁਕਤ ਕਰਦੀ ਹੈ ਅਤੇ ਮਨੁੱਖ ਅਧਿਆਤਮਿਕ ਪੌੜੀ ਚੜ੍ਹਨ ਦੀ ਸਥਿਤੀ ਪ੍ਰਾਪਤ ਕਰ ਲੈਂਦਾ ਹੈ।

ਰਾਤ ਤੋਂ ਬਾਅਦ ਦਿਨ ਜ਼ਰੂਰ ਆਉਂਦਾ ਹੈ। ਦਿਨ ਤੋਂ ਬਾਅਦ ਰਾਤ ਜ਼ਰੂਰ ਆਉਂਦੀ ਹੈ, ਰਾਤ ਤੋਂ ਬਿਨਾਂ ਦਿਨ ਨਹੀਂ ਹੋ ਸਕਦਾ ਅਤੇ ਦਿਨ ਤੋਂ ਬਿਨਾਂ ਰਾਤ ਨਹੀਂ ਹੋ ਸਕਦੀ। ਰਾਤ ਅਤੇ ਦਿਨ ਸੁਭਾਵਿਕ ਤੌਰ 'ਤੇ ਅਤੇ ਸਦਾ ਲਈ ਇਕ ਦੂਜੇ ਨਾਲ ਜੁੜੇ ਹੋਏ ਹਨ। ਸਰਦੀ ਤੋਂ ਬਾਅਦ ਗਰਮੀ ਆਉਂਦੀ ਹੈ। ਗਰਮੀ ਤੋਂ ਬਾਅਦ ਸਰਦੀ ਆਉਂਦੀ ਹੈ। ਦੋਨੋਂ ਹੀ ਸੁਭਾਵਿਕ ਤੌਰ 'ਤੇ ਅਤੇ ਹਮੇਸ਼ਾ ਲਈ ਇਕ ਦੂਜੇ ਨਾਲ ਜੁੜੇ ਹੋਏ ਹਨ। ਗਰਮੀ ਅਤੇ ਸਰਦੀ ਆਪੋ ਵਿਚ ਜੁੜੇ ਹੋਏ ਹਨ।

ਕੋਈ ਵੀ ਪ੍ਰਮਾਤਮਾ ਦਾ ਅੰਤ ਨਹੀਂ ਜਾਣਦਾ। ਗੁਰੂ ਸਿਖਾਉਂਦਾ ਹੈ ਕਿ ਪ੍ਰਮਾਤਮਾ ਕੌਣ ਹੈ। ਪ੍ਰਮਾਤਮਾ ਅਤੇ ਬ੍ਰਹਮ ਗਿਆਨ, ਦੋਨੋਂ ਇਕ ਦੂਜੇ ਦੇ ਅਨਿੱਖੜਵੇਂ ਅੰਗ ਹਨ। ਗੁਰੂ ਦੇ ਗਿਆਨ—ਬ੍ਰਹਮ ਗਿਆਨ ਤੋਂ ਬਿਨਾਂ, ਪ੍ਰਮਾਤਮਾ ਦੀ ਵਡਿਆਈ ਨੂੰ ਕੋਈ ਵੀ ਸਮਝ ਨਹੀਂ ਸਕਦਾ।

ਪੁਰਸ਼ ਤੋਂ ਬਿਨਾਂ ਔਰਤ ਨਹੀਂ ਹੋ ਸਕਦੀ ਅਤੇ ਔਰਤ ਤੋਂ ਬਿਨਾਂ ਪੁਰਸ਼ ਨਹੀਂ ਹੋ ਸਕਦਾ। ਮਰਦ ਅਤੇ ਔਰਤ ਦਾ ਮੇਲ ਹੀ ਮਨੁੱਖੀ ਉਤਪੱਤੀ ਦਾ ਆਧਾਰ ਹੈ। ਕਿਸੇ ਵਿਚਾਰ ਨੂੰ ਦਿੱਤਾ ਧਿਆਨ ਦਾ ਪਲ, ਉਸ ਵਿਚਾਰ ਦੇ ਧਿਆਨ ਦੀ ਨਿਰੰਤਰਤਾ ਦਾ ਸ਼ੁਰੂਆਤੀ ਤੱਤ ਹੈ। ਇਸ ਤਰ੍ਹਾਂ ਧਿਆਨ ਦਾ 'ਪਲ' ਅਤੇ ਧਿਆਨ ਦੀ 'ਨਿਰੰਤਰਤਾ' ਇਕੱਠੇ ਹਨ ਜੋ

ਜਾਣਿਆ ਜਾਂਦਾ ਹੈ, ਉਹ ਇਸ ਲਈ ਜਾਣਿਆ ਜਾਂਦਾ ਹੈ, ਕਿਉਂਕਿ ਉਸ ਉੱਪਰ ਧਿਆਨ ਦਿੱਤਾ ਜਾਂਦਾ ਹੈ। ਇਸ ਤਰ੍ਹਾਂ 'ਜਾਨਣਾ' ਅਤੇ 'ਧਿਆਨ ਦੇਣਾ' ਆਪੋ ਵਿਚ ਸੰਬੰਧਿਤ ਹਨ। ਪ੍ਰਮਾਤਮਾ ਅਤੇ ਉਸ ਦੇ ਭਗਤ ਦਾ ਨਾਤਾ ਵੀ ਉਪਰੋਕਤ ਉਦਹਾਰਣਾਂ ਵਾਂਗ ਹੀ ਹੈ। ਦੋਨੋਂ ਦਾ ਆਪਸੀ ਸੰਬੰਧ ਅਨਿੱਖੜਵਾਂ ਅਤੇ ਅਟੁੱਟ ਹੈ।

ਪ੍ਰਮਾਤਮਾ ਆਪਣੇ ਭਗਤ ਦੇ ਮਨ ਵਿਚ ਵਾਸ ਕਰਦਾ ਹੈ। ਭਗਤ ਅਤੇ ਪ੍ਰਮਾਤਮਾ ਆਪੋ ਵਿਚ ਜੁੜੇ ਹੋਏ ਹਨ। ਸਤਿਗੁਰੂ ਦੇ ਸੇਵਕਾਂ ਦੇ ਮਨ ਦੀ ਅਵਸਥਾ ਵੀ ਇਹੋ ਜਿਹੀ ਹੁੰਦੀ ਹੈ। ਉਹ ਗੁਰੂ ਦੇ ਗਿਆਨ ਦੀ ਸੂਝ-ਬੂਝ ਦੁਆਰਾ ਆਪੋ ਵਿਚ ਜੁੜੇ ਹੁੰਦੇ ਹਨ।

ਗੁਰੂ ਦੇ ਦਿਲ ਵਿਚ ਪ੍ਰਮਾਤਮਾ ਦੇ ਭਗਤਾਂ ਲਈ ਬਹੁਤ ਅਧਿਕ ਇੱਜ਼ਤ ਹੁੰਦੀ ਹੈ। ਗੁਰੂ ਆਪਣੇ ਸਿੱਖਾਂ ਦਾ ਆਦਰ ਕਰਦਾ ਹੈ। ਸਿੱਖ, ਗੁਰੂ ਦਾ ਮਾਣ ਕਰਦੇ ਹਨ। ਦੋਨਾਂ ਵਿਚ ਆਪਸੀ ਸਨਮਾਨ ਦਾ ਰਿਸ਼ਤਾ ਹੁੰਦਾ ਹੈ।

ਉਪਦੇਸ਼ ਨੰਬਰ 220

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੪੭ 'ਤੇ ਦਰਜ਼

ਪ੍ਰਮਾਤਮਾ ਦੀ ਭਗਤੀ ਸਭ ਸਲਾਹੁਣ ਯੋਗ ਕਰਮਾਂ ਤੋਂ ਉੱਪਰ ਹੈ

ਜੇ ਮਨੁੱਖ ਦਾ ਵਿਵਹਾਰ ਪਾਖੰਡ ਭਰਿਆ ਹੈ, ਤਾਂ ਫਿਰ ਉਸ ਦੇ ਕੀਤੇ ਕਰਮ, ਦੇਖਣ ਵਿਚ ਭਾਵੇਂ ਕਿੰਨੇ ਵੀ ਨੇਕ ਕਿਉਂ ਨਾ ਨਜ਼ਰ ਆਉਣ, ਵਿਅਰਥ ਹਨ। ਅਜਿਹੇ ਕਰਮਾਂ ਨੂੰ ਕਰਨ ਵਾਲਾ ਮੌਤ ਦੇ ਫਰਿਸ਼ਤੇ ਦੀ ਸਜ਼ਾ ਤੋਂ ਬਚ ਨਹੀਂ ਸਕਦਾ। ਇਸ ਦੀ ਤੁਲਨਾ ਵਿਚ, ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਵਿਚ ਬਿਤਾਇਆ ਇਕ ਪਲ ਵੀ ਮਨੁੱਖ ਨੂੰ ਝੂਠ ਤੋਂ ਮੁਕਤ ਕਰਾ ਦਿੰਦਾ ਹੈ। ਗੁਰੂ ਦੇ ਸਿੱਖ, ਮੋਹ-ਮਾਇਆ ਦੇ ਸਮੁੰਦਰ ਵਿੱਚੋਂ ਸਫ਼ਲਤਾ ਪੂਰਵਕ ਤੈਰ ਕੇ ਬਾਹਰ ਨਿਕਲਣਾ ਜਾਣਦੇ ਹਨ। ਉਹ ਗੁਰੂ ਦੇ ਗਿਆਨ 'ਤੇ ਵਿਸ਼ਵਾਸ ਕਰਦੇ ਹਨ ਅਤੇ ਇਸ ਤੋਂ ਸੇਧ ਲੈਂਦੇ ਹਨ।

ਮੌਜੂਦਾ ਯੁਗ ਵਿੱਚ, ਪਵਿੱਤਰ ਤੀਰਥ ਸਥਾਨਾਂ 'ਤੇ ਅਣਗਿਣਤ ਇਸ਼ਨਾਨ, ਮਨੁੱਖ ਨੂੰ ਪਾਪਾਂ ਦੀ ਗੰਦਗੀ ਇਕੱਠੀ ਕਰਨ ਤੋਂ ਰੋਕ ਨਹੀਂ ਸਕਦੇ। ਇਹ ਤਾਂ ਪ੍ਰਮਾਤਮਾ ਦੇ ਭਗਤਾਂ—ਸਤਿਗੁਰੂ ਦੇ ਸਿੱਖਾਂ ਦੀ ਸੰਗਤ ਵਿਚ ਹੀ ਮਨੁੱਖ ਮਾੜੇ ਕਰਮਾਂ ਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਬਚਾਅ ਕੇ ਰੱਖ ਸਕਦਾ ਹੈ।

ਧਾਰਮਿਕ ਗ੍ਰੰਥਾਂ, ਜਿਵੇਂ ਕਿ ਵੇਦ, ਕੁਰਾਨ, ਸਮ੍ਰਿਤੀਆਂ ਅਤੇ ਕਈ ਹੋਰ ਧਾਰਮਿਕ ਪੁਸਤਕਾਂ—ਮਨੁੱਖ ਨੂੰ ਝੂਠ ਦੇ ਪੰਜਿਆਂ ਵਿੱਚੋਂ ਮੁਕਤ ਨਹੀਂ ਕਰਾ ਸਕਦੀਆਂ। ਗੁਰੂ ਦੇ ਗਿਆਨ ਨਾਲ ਹੀ ਮਨੁੱਖ ਉਸ ਅਬਿਨਾਸੀ ਪ੍ਰਮਾਤਮਾ ਨੂੰ ਧਿਆਉਂਦਾ ਹੈ ਅਤੇ ਸੁੱਚਮਤਾ

ਦਾ ਨਾਮਣਾ ਖੱਟਦਾ ਹੈ।

ਸਤਿਗੁਰੂ ਦੇ ਉਪਦੇਸ਼, ਸਮਾਜ ਵਿਚ ਕਿਸੇ ਦੇ ਰੁਤਬੇ ਨੂੰ ਪਰ੍ਹੇ ਰੱਖਦੇ ਹੋਏ, ਸਭਨਾਂ ਲਈ ਇਕ ਸਮਾਨ ਅਤੇ ਮਹੱਤਵਪੂਰਨ ਹਨ। ਪ੍ਰਮਾਤਮਾ ਸਰਬ-ਵਿਆਪਕ ਹੈ। ਉਹ ਹਰ ਮਨੁੱਖ ਦੇ ਅੰਦਰ ਵਿਆਪਕ ਹੈ। ਗੁਰੂ ਦਾ ਸਿੱਖ, ਜੋ ਉਸ ਸਰਬ-ਵਿਆਪਕ ਨੂੰ ਸਿਮਰਦਾ ਹੈ, ਮੁਕਤੀ ਪ੍ਰਾਪਤ ਕਰਦਾ ਹੈ। ਇਸ ਯੁਗ ਵਿਚ ਮੁਕਤੀ ਅਤੇ ਝੂਠ ਤੋਂ ਅਜ਼ਾਦੀ ਪ੍ਰਾਪਤ ਕਰਨ ਦਾ ਇਹੀ ਮਾਰਗ ਹੈ।

ਉਪਦੇਸ਼ ਨੰਬਰ 221

ਚੌਥੀ ਪਾਤਿਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੬੮ 'ਤੇ ਦਰਜ਼, ਪ੍ਰਮਾਤਮਾ ਦਾ ਭਗਤ ਉਸ ਕੋਲੋਂ ਅਜਿਹੀ ਬਖ਼ਸ਼ਿਸ਼ ਦੀ ਕਾਮਨਾ ਕਰਦਾ ਹੈ ਜੋ ਉਸ ਨੂੰ ਪ੍ਰਮਾਤਮਾ ਦੇ ਭਗਤਾਂ ਪ੍ਰਤੀ ਨਿਮਾਣਿਆਂ ਤੋਂ ਵੀ ਨਿਮਾਣਾ ਬਣਾ ਦੇਵੇ

ਮੌਜੂਦਾ ਦੁਸ਼ਮਣੀ ਅਤੇ ਲੋਕਾਂ ਦੇ ਆਪਸੀ ਲੜਾਈ ਝਗੜੇ ਵਾਲੇ ਯੁੱਗ ਵਿਚ ਸ਼ਿਸ਼ਟਾਚਾਰ ਕੀ ਹੈ, ਝੂਠ ਦੇ ਬੰਧਨ ਤੋਂ ਕੌਣ ਮੁਕਤੀ ਦਿਲਾਉਂਦਾ ਹੈ ? ਗੁਰੂ ਸਮਝਾਉਂਦਾ ਹੈ ਕਿ ਇਸ ਦਾ ਉੱਤਰ—ਪ੍ਰਮਾਤਮਾ ਦਾ ਨਾਮ ਸਿਮਰਨਾ ਹੈ। ਪ੍ਰਮਾਤਮਾ ਦਾ ਨਾਮ ਸਿਮਰਨ ਮਨੁੱਖ ਨੂੰ ਜੀਵਨ ਦੇ ਸਮੁੰਦਰ ਵਿੱਚੋਂ ਸਫਲਤਾ ਪੂਰਬਕ ਨਿਕਲਣ ਦੇ ਕਾਬਿਲ ਬਣਾਉਂਦਾ ਹੈ, ਜੋ ਕਿ ਵੈਸੇ ਪਾਰ ਨਹੀਂ ਕੀਤਾ ਜਾ ਸਕਦਾ।

ਪ੍ਰਮਾਤਮਾ ਆਪਣੇ ਭਗਤ ਦੀ ਰੱਖਿਆ ਕਰਦਾ ਹੈ। ਉਹ ਆਪਣੇ ਭਗਤ 'ਤੇ ਆਪਣੀ ਭਗਤੀ ਦੀ ਬਖ਼ਸ਼ਿਸ਼ ਕਰਦਾ ਹੈ। ਜੋ ਗੁਰੂ ਦੀ ਸਿੱਖਿਆ ਅਨੁਸਾਰ ਪ੍ਰਮਾਤਮਾ ਦਾ ਨਾਮ ਸਿਮਰਦੇ ਹਨ, ਪ੍ਰਮਾਤਮਾ ਦੇ ਪਿਆਰੇ ਹੁੰਦੇ ਹਨ। ਪ੍ਰਮਾਤਮਾ ਦੀ ਭਗਤੀ, ਭਗਤ ਦੇ ਕਿਸੇ ਵੀ ਭੁੱਲਾਂ-ਚੁਕਾਂ ਦੇ ਮਾੜੇ ਪ੍ਰਭਾਵ ਨੂੰ ਖ਼ਤਮ ਕਰਦੀ ਹੈ।

ਪ੍ਰਮਾਤਮਾ ਦੇ ਭਗਤ, ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਵਿਚ ਸ਼ਰਧਾ ਨਾਲ ਉਸ ਦੀ (ਪ੍ਰਮਾਤਮਾ) ਭਗਤੀ ਕਰਦੇ ਹਨ। ਝੂਠੇ ਪ੍ਰਲੋਭਨ, ਜੋ ਮਨੁੱਖ ਨੂੰ ਅੰਦਰੋਂ ਸਾੜ ਦਿੰਦੇ ਹਨ, ਦੀ ਜਗ੍ਹਾ 'ਤੇ ਪ੍ਰਮਾਤਮਾ ਦੇ ਪਿਆਰ ਨਾਲ ਦਿੱਤੀ ਗਈ ਸ਼ਾਂਤੀ ਆ ਜਾਂਦੀ ਹੈ।

ਪ੍ਰਮਾਤਮਾ, ਜੋ ਕਿ ਅਪਹੁੰਚ ਹੈ ਅਤੇ ਜਿਸ ਨੂੰ ਜਾਣਿਆ ਨਹੀਂ ਜਾ ਸਕਦਾ, ਉਸ ਦੀਆਂ ਸ਼ਕਤੀਆਂ ਮਹਾਨ ਹਨ। ਉਸ ਦੀ ਵੱਡੀ ਵਡਿਆਈ ਹੈ। ਕੋਈ ਵੀ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਪ੍ਰਮਾਤਮਾ ਦਾ ਭਗਤ ਉਸ ਕੋਲੋਂ ਅਜਿਹੀ ਬਖ਼ਸ਼ਿਸ਼ ਦੀ ਕਾਮਨਾ ਕਰਦਾ ਹੈ ਜੋ ਉਸ ਨੂੰ ਪ੍ਰਮਾਤਮਾ ਦੇ ਭਗਤਾਂ ਪ੍ਰਤੀ ਨਿਮਾਣਿਆਂ ਤੋਂ ਵੀ ਨਿਮਾਣਾ ਬਣਾ ਦੇਵੇ।

ਉਪਦੇਸ਼ ਨੰਬਰ 222

ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੬੧ 'ਤੇ ਦਰਜ਼, ਪ੍ਰਮਾਤਮਾ ਦੇ ਨਾਲ ਅੰਦਰੂਨੀ ਸਾਂਝ ਹੀ ਕੇਵਲ ਅਜਿਹੀ ਸਥਿਤੀ ਹੈ ਜਦੋਂ ਮਨ ਸ਼ਾਂਤੀ ਅਤੇ ਸੰਤੁਸ਼ਟੀ ਅਨੁਭਵ ਕਰਦਾ ਹੈ

ਕਿਸੇ ਪੁਰਾਣੀ ਬੀਮਾਰੀ ਦੀ ਤਰ੍ਹਾਂ, ਬੇਅੰਤ ਦੁੱਖਾਂ ਦੇ ਸਤਾਏ ਹੋਏ ਪੀੜਿਤ ਮਨ ਦਾ ਇੱਕੋ ਇਕ ਇਲਾਜ ਗੁਰੂ ਦਾ ਗਿਆਨ ਹੈ। ਭਾਵਨਾ ਰਹਿਤ ਗੱਲਾਂ ਵਿਚ ਲੱਗਣ ਦਾ ਕੋਈ ਲਾਭ ਨਹੀਂ ਹੈ। ਮਨੁੱਖ ਦੇ ਦੱਸੇ ਬਗੈਰ ਹੀ ਪ੍ਰਮਾਤਮਾ ਸਭ ਜਾਣਦਾ ਹੈ।

ਪ੍ਰਮਾਤਮਾ ਨੇ ਸਰੀਰ ਨੂੰ ਸੁਨਣ, ਦੇਖਣ, ਸਾਹ ਲੈਣ ਅਤੇ ਬੋਲਣ ਦੀ ਕਾਬਲੀਅਤ ਨਾਲ ਨਿਵਾਜ਼ਿਆ ਹੈ। ਮਨ, ਤਾਪਮਾਨ ਨਿਰਧਾਰਿਤ ਕਰਨ ਵਾਲੇ ਸਰੀਰ ਵਿਚ ਸਥਿਤ ਹੈ ਜੋ ਜਿਵੇਂ ਚਾਹੇ ਹਿਲਜੁੱਲ ਸਕਦਾ ਹੈ।

ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਸਾਰੇ ਮੋਹ ਅਤੇ ਅਨੰਦ ਮਨ ਨੂੰ ਮਲੀਨ ਕਰਦੇ ਹਨ। ਇਸ ਸੰਸਾਰ ਨੂੰ ਛੱਡਣ ਵੇਲੇ ਮਾੜੇ ਕਰਮਾਂ ਨਾਲ ਭ੍ਰਿਸ਼ਟ ਮਨ ਨੂੰ ਪ੍ਰਮਾਤਮਾ ਕੋਲੋਂ ਸਨਮਾਨਿਤ ਨੋਟਿਸ ਨਹੀਂ ਮਿਲਦਾ।

ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਨ ਕਰਦਾ ਹੈ। ਸੰਸਾਰ ਰੂਪੀ ਸਾਗਰ ਨੂੰ ਸਫਲਤਾ ਪੂਰਵਕ ਪਾਰ ਕਰਨ ਦਾ ਇਹ ਹੀ ਇਕ ਮਾਰਗ ਹੈ। ਸੱਚਾਈ, ਡੁੱਬਣ ਤੇ ਪਤਾ ਲੱਗਦੀ ਹੈ। ਪਰ ਉਦੋਂ ਤੱਕ ਬੜੀ ਦੇਰ ਹੋ ਚੁੱਕੀ ਹੁੰਦੀ ਹੈ। ਉਹ ਸੱਚਾ ਪਰਮੇਸ਼ਰ ਸਭਨਾਂ ਨੂੰ ਦਾਤਾਂ ਬਖਸ਼ਣ ਵਾਲਾ ਹੈ। ਮਨੁੱਖ ਨੂੰ ਉਸ ਦੀ ਭਗਤੀ ਦੀ ਦਾਤ ਦੀ ਕਾਮਨਾ ਕਰਨੀ ਚਾਹੀਦੀ ਹੈ।

ਉਪਦੇਸ਼ ਨੰਬਰ 223

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੧੮ 'ਤੇ ਦਰਜ਼, ਉਹ, ਜੋ ਪ੍ਰਮਾਤਮਾ ਦੁਆਰਾ ਮੁਕਤੀ ਪਾ ਲੈਂਦਾ ਹੈ, ਪ੍ਰਮਾਤਮਾ ਪ੍ਰਤੀ ਨਿਮਾਣਾ ਹੋ ਜਾਂਦਾ ਹੈ ਅਤੇ ਕਿਸੇ ਹੋਰ ਦੇ ਕਾਬੂ ਅਧੀਨ ਨਹੀਂ ਹੁੰਦਾ

ਪ੍ਰਮਾਤਮਾ ਸਭ ਕੁਝ ਜਾਣਨਹਾਰ ਹੈ। ਕੋਈ ਵੀ ਚੀਜ਼ ਅਜਿਹੀ ਨਹੀਂ ਹੈ, ਜਿਸ ਦੀ ਉਹ ਕੀਮਤ ਨਹੀਂ ਜਾਣਦਾ। ਉਹ ਜਾਣਦਾ ਹੈ ਕਿ ਕੀ ਕੀਮਤੀ ਹੈ ਅਤੇ ਕੀ ਬੇਕਾਰ ਹੈ। ਪ੍ਰਮਾਤਮਾ ਵਿਚ ਕਿਸੇ ਵੀ ਬੇਕਾਰ ਵਿਵਹਾਰ ਵਾਲੇ ਮਨੁੱਖ ਨੂੰ ਮੁਕਤ ਕਰਨ ਦੀ ਸ਼ਕਤੀ ਹੈ। ਪ੍ਰਮਾਤਮਾ, ਪ੍ਰਮਾਤਮਾ ਦੇ ਪਿਆਰੇ, ਆਪਣੇ ਭਗਤ ਦੀਆਂ ਸਾਰੀਆਂ ਗਲਤੀਆਂ ਮੁਆਫ਼

ਕਰ ਦਿੰਦਾ ਹੈ। ਭਗਤ ਜਾਣਦਾ ਹੈ ਕਿ ਪ੍ਰਮਾਤਮਾ ਉਸ ਦਾ ਮਾਲਕ ਹੈ ਅਤੇ ਉਹ ਹਮੇਸ਼ਾ ਉਸ 'ਤੇ ਨਜ਼ਰ ਰੱਖਦਾ ਹੈ। ਪ੍ਰਮਾਤਮਾ ਹਮੇਸ਼ਾ ਭਗਤ ਦੀ ਰੱਖਿਆ ਕਰਦਾ ਹੈ।

ਪ੍ਰਮਾਤਮਾ ਦੇ ਗੁਣ ਵਿਲੱਖਣ ਅਤੇ ਬੇਅੰਤ ਹਨ। ਉਹ ਸਾਰਿਆਂ ਦਾ ਜੀਵਨ ਦਾਤਾ ਹੈ। ਉਹ ਅਥਾਹ ਸਮੁੰਦਰ ਹੈ। ਉਹ ਮਨੁੱਖ ਜੋ ਪ੍ਰਮਾਤਮਾ ਕੋਲੋਂ ਮੁਕਤੀ ਪਾ ਲੈਂਦਾ ਹੈ, ਪ੍ਰਮਾਤਮਾ ਪ੍ਰਤੀ ਨਿਮਾਣਾ ਹੋ ਜਾਂਦਾ ਹੈ ਅਤੇ ਕਿਸੇ ਹੋਰ ਦੇ ਅਧੀਨ ਨਹੀਂ ਹੁੰਦਾ।

ਉਪਦੇਸ਼ ਨੰਬਰ 224

ਤੀਸਰੀ ਪਾਤਿਸ਼ਾਹੀ, ਗੁਰੂ ਅਮਰਦਾਸ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੪੩ 'ਤੇ ਦਰਜ਼

ਨੋਟ : ਦੇਖੋ, ਪਉੜੀ # 25

ਉਪਦੇਸ਼ ਨੰਬਰ 225

ਚੌਥੀ ਪਾਤਿਸ਼ਾਹੀ, ਗੁਰੂ ਰਾਮਦਾਸ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੫੩ 'ਤੇ ਦਰਜ਼,

ਗੁਰੂ ਦਾ ਸਤਿਕਾਰ ਸਿੱਖ ਨੂੰ ਅੰਦਰੂਨੀ ਸ਼ਾਂਤੀ ਦਿੰਦਾ ਹੈ ਅਪਮਾਨ, ਰੁੱਖੇ ਮਨੁੱਖ ਨੂੰ ਆਤਮ-ਪਤਨ (ਜ਼ਾਤੀ ਗਿਰਾਵਟ) ਵੱਲ ਲੈ ਜਾਂਦਾ ਹੈ

ਪ੍ਰਮਾਤਮਾ ਦੀ ਪੂਜਾ ਨਾਲ ਗੁਰੂ ਦਾ ਸਿੱਖ, ਅੰਦਰੂਨੀ ਸ਼ਾਂਤੀ ਦਾ ਆਨੰਦ ਮਾਣਦਾ ਹੈ। ਉਹ ਚਿੰਤਾ-ਮੁਕਤ ਰਹਿੰਦਾ ਹੈ, ਕਿਉਂਕਿ ਉਸ ਨੂੰ ਪ੍ਰਮਾਤਮਾ ਦੇ ਨਾਮ ਸਿਮਰਨ ਦੀ ਦਾਤ ਮਿਲੀ ਹੁੰਦੀ ਹੈ। ਉਹ ਆਪਣੀ ਸੁਰਤਿ ਪ੍ਰਮਾਤਮਾ ਵਿਚ ਜੋੜੀ ਰੱਖਦਾ ਹੈ। ਉਹ ਪ੍ਰਮਾਤਮਾ ਬਾਰੇ ਪੜ੍ਹਦਾ ਹੈ।

ਸਤਿਗੁਰੂ ਦੇ ਸਿੱਖ ਦੇ ਮਨ ਵਿਚ ਪ੍ਰਮਾਤਮਾ ਦੀ ਭਗਤੀ ਖਿੜਦੀ ਹੈ। ਇਸ ਭਗਤੀ ਦੇ ਨਤੀਜੇ ਵਜੋਂ, ਸਤਿਗੁਰੂ ਦੇ ਸਿੱਖ ਦੇ ਮਨ ਵਿੱਚੋਂ ਨੈਤਿਕ ਪਤਨ ਅਤੇ ਅਸੰਤੁਸ਼ਟੀ ਦੀਆਂ ਸਾਰੀਆਂ ਭਾਵਨਾਵਾਂ ਸਮਾਪਤ ਹੋ ਜਾਂਦੀਆਂ ਹਨ। ਪ੍ਰਮਾਤਮਾ ਦੇ ਭਗਤ 'ਤੇ ਲਗਾਤਾਰ ਧਿਆਨ ਲਗਾ ਕੇ ਰੱਖਣ ਦੀ ਬਖ਼ਸ਼ਿਸ਼ ਹੁੰਦੀ ਹੈ।

ਜੋ ਮਨੁੱਖ, ਆਪਣੇ ਮਾੜੇ ਵਿਵਹਾਰ ਕਾਰਣ, ਸਤਿਗੁਰੂ ਨੂੰ ਨਾ-ਖ਼ੁਸ਼ ਕਰਦਾ ਹੈ, ਲੋਕ ਵੀ ਉਸ ਦਾ ਤਿਆਗ ਕਰ ਦਿੰਦੇ ਹਨ। ਉਹ ਆਪਣਾ ਜੀਵਨ ਆਚਰਨ ਗੁਆ ਬੈਠਦਾ ਹੈ ਅਤੇ ਪ੍ਰੇਸ਼ਾਨ ਰਹਿੰਦਾ ਹੈ। ਉਸ ਦੇ ਭਵਿੱਖ ਵਿਚ ਅਪਮਾਨ ਤੋਂ ਇਲਾਵਾ ਹੋਰ ਕੁੱਛ ਨਹੀਂ ਬਚਦਾ। ਉਹ ਬੇਵਕੂਫਾਂ ਵਾਲੀਆ ਗੱਲਾਂ ਕਰਦਾ ਹੈ। ਉਸ ਦੀਆਂ ਮਾੜੀਆਂ ਗੱਲਾਂ, ਉਸ ਦੀ ਮੌਤ ਨਾਲ ਹੀ ਸਮਾਪਤ ਹੁੰਦੀਆਂ ਹਨ। ਲੋਕ ਉਸ ਨੂੰ ਝੂਠਾ ਮੰਨਦੇ ਹਨ ਅਤੇ ਉਹ ਜਿੱਥੇ ਵੀ ਜਾਂਦਾ ਹੈ, ਉਸ ਨੂੰ ਨਕਾਰਦੇ ਹਨ। ਉਹ ਜੋ ਬੀਜਦਾ ਹੈ, ਉਹੀ ਕੱਟਦਾ ਹੈ। ਇਹੀ

ਪ੍ਰਮਾਤਮਾ ਦਾ ਨਿਆਂ ਹੈ। ਪ੍ਰਮਾਤਮਾ ਦੇ ਭਗਤ ਇਹ ਸੱਚਾਈ ਜਾਣਦੇ ਹਨ। ਸਤਿਗੁਰੂ ਨੇ ਇਸ ਅਲੌਕਿਕ (ਦੈਵੀ) ਨਿਆਂ ਬਾਰੇ ਇਸ ਸਦੀਵੀ ਸੱਚ ਨੂੰ ਦਰਸਾਇਆ ਹੈ।

ਸਤਿਗੁਰੂ ਜੋ ਬਣਾਉਂਦਾ ਹੈ, ਉਸ ਦੀ ਰਖਵਾਲੀ ਕਰਦਾ ਹੈ—ਜੋ ਗਿਆਨ ਉਹ ਆਪਣੇ ਸਿੱਖ ਨੂੰ ਦਿੰਦਾ ਹੈ, ਅਟੱਲ ਹੁੰਦਾ ਹੈ। ਸਿੱਖ, ਆਪਣੇ ਗੁਰੂ ਪ੍ਰਤੀ ਦ੍ਰਿੜ ਸਮਰਪਣ ਨਾਲ ਸੰਤੁਸ਼ਟੀ ਦਾ ਆਨੰਦ ਮਾਣਦਾ ਹੈ। ਗੁਰੂ, ਆਪਣੀ ਬੇਅੰਤ ਦਿਆਲਤਾ ਨਾਲ ਆਪਣੇ ਸਿੱਖ ਦੇ ਸਾਰੇ ਔਗੁਣ ਖ਼ਤਮ ਕਰਦਾ ਹੈ। ਦਿਆਲੂ ਗੁਰੂ ਆਪਣੇ ਸਿੱਖ ਨੂੰ ਪਿਆਰ ਕਰਦਾ ਹੈ। ਸਿੱਖ ਦੇ ਮਨ ਵਿਚ ਆਪਣੇ ਗੁਰੂ ਦੀ ਦਿਆਲਤਾ ਲਈ ਬਹੁਤ ਅਧਿਕ ਸਤਿਕਾਰ ਹੁੰਦਾ ਹੈ।

ਉਪਦੇਸ਼ ਨੰਬਰ 226

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੫੧ 'ਤੇ ਦਰਜ਼, ਉਸ ਅਬਿਨਾਸੀ ਪ੍ਰਮਾਤਮਾ ਦੀ ਭਗਤੀ ਕਰੋ, ਇਹ ਭਗਤੀ ਸਭ ਤੋਂ ਉੱਤਮ ਹੈ

ਹਰ ਚਮਕਣ ਵਾਲੀ ਚੀਜ਼ ਸੋਨਾ ਨਹੀਂ ਹੁੰਦੀ। ਇਹੀ ਗੱਲ 'ਕੁਸੁੰਭ' ਫੁੱਲ ਵਾਸਤੇ ਵੀ ਸਹੀ ਹੈ। ਇਸ ਦਾ ਰੰਗ ਬਹੁਤ ਸੁੰਦਰ ਹੁੰਦਾ ਹੈ, ਪਰ ਇਹ ਜਲਦੀ ਮੁਰਝਾ ਜਾਂਦਾ ਹੈ। ਇਸੇ ਤਰ੍ਹਾਂ ਝੂਠ ਪ੍ਰਤੀ ਮਨ ਦਾ ਆਕਰਸ਼ਣ ਬਹੁਤ ਅਧਿੱਕ ਅਤੇ ਧੋਖੇ ਵਾਲਾ ਹੁੰਦਾ ਹੈ, ਕਿਉਂਕਿ ਇਹ ਆਕਰਸ਼ਣ ਮਨੁੱਖ ਨੂੰ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਤੋਂ ਹਟਾਉਂਦਾ ਹੈ। ਪ੍ਰਮਾਤਮਾ ਦਾ ਸਿਮਰਨ ਜਨਮ-ਮਰਨ ਦੇ ਚੱਕਰ ਨੂੰ ਰੱਦ ਕਰ ਦਿੰਦਾ ਹੈ, ਜਦੋਂ ਕਿ ਲਾਲਸਾ ਪ੍ਰਤੀ ਸਮਰਪਣ, ਜਨਮ-ਮਰਨ ਦੇ ਚੱਕਰ ਵਿਚ ਫਸਣ ਦਾ ਕਾਰਨ ਬਣਦਾ ਹੈ।

ਉਸ ਅਬਿਨਾਸੀ ਪ੍ਰਮਾਤਮਾ ਦੀ ਭਗਤੀ ਕਰੋ, ਸਭ ਤੋਂ ਉੱਤਮ ਹੈ।

ਵੱਡੇ ਭਾਗਾਂ ਨਾਲ ਹੀ ਮਨੁੱਖ ਸੱਚਾ ਖ਼ਜ਼ਾਨਾ ਪ੍ਰਮਾਤਮਾ ਦੀ ਭਗਤੀ ਪ੍ਰਾਪਤ ਕਰਦਾ ਹੈ। ਮਨਮੁਖ ਦੀਆਂ ਇੱਛਾਵਾਂ ਭਾਵੇਂ ਅੰਦਰੂਨੀ ਹੋਣ ਜਾਂ ਬਾਹਰੀ, ਉਸ ਨੂੰ ਅਸਲ ਵਿਚ ਪ੍ਰਮਾਤਮਾ ਦੇ ਸਿਮਰਨ ਵਿਚ ਨਹੀਂ ਜੋੜਦੀਆਂ। ਜੇ ਮਨੁੱਖ ਔਗੁਣਾਂ ਨਾਲ ਭਰਿਆ ਹੋਇਆ ਹੈ ਅਤੇ ਪ੍ਰਮਾਤਮਾ ਦੀ ਭਗਤੀ ਦੀ ਟਰੋਫੀ ਲਈ ਸ਼ਿਕਾਰ ਕਰਨ ਨਿਕਲਦਾ ਹੈ, ਤਾਂ ਫਿਰ ਉਹ ਖਾਲੀ ਹੱਥ ਵਾਪਿਸ ਆਉਂਦਾ ਹੈ। ਗੁਰੂ ਦਾ ਸਿੱਖ ਅਜਿਹਾ ਮਨੁੱਖ ਹੁੰਦਾ ਹੈ, ਜੋ ਬ੍ਰਹਮ ਗਿਆਨ ਸਿੱਖਦਾ ਹੈ ਅਤੇ ਫਾਲਤੂ ਦੀ ਭੱਜ ਦੌੜ ਵਿੱਚੋਂ ਗੁਰੂ ਵਲੋਂ ਬਚਾਇਆ ਜਾਂਦਾ ਹੈ।

ਪ੍ਰਮਾਤਮਾ ਦੀ ਭਗਤੀ, ਉਸ ਮਨੁੱਖ ਲਈ ਅਸੰਭਵ ਹੈ ਜੋ ਸਫੈਦ (ਚਿੱਟੇ) ਵਸਤਰ (ਕੱਪੜੇ) ਪਹਿਨਦਾ ਹੈ, ਜਦੋਂ ਕਿ ਉਸ ਦੇ ਮਨ ਵਿਚ ਕੋਈ ਹਮਦਰਦੀ ਨਹੀਂ ਅਤੇ ਮਾੜੇ ਕਰਮ ਕਰਦਾ ਹੈ। ਉਹ ਅਹੰਕਾਰੀ ਅਤੇ ਬੇਈਮਾਨ ਰਹਿੰਦਾ ਹੈ। ਉਹ ਦੈਵੀ ਨਹੀਂ ਹੋ ਸਕਦਾ, ਕਿਉਂਕਿ ਉਸ ਦੀ ਸ਼ਕਲ-ਸੂਰਤ ਜਾਨਵਰ ਵਰਗੀ ਹੁੰਦੀ ਹੈ। ਅਹੰਕਾਰੀ

ਵਿਅਕਤੀ, ਪ੍ਰਮਾਤਮਾ ਦੀ ਭਗਤੀ ਘੱਟ ਕਰਨ ਕਰਕੇ, ਆਨੰਦ ਪ੍ਰਾਪਤੀ ਵਿਚ ਲੱਗਾ ਰਹਿੰਦਾ ਹੈ ਅਤੇ ਅੰਦਰੂਨੀ ਸ਼ਾਂਤੀ ਦੀ ਕਾਮਨਾ ਕਰਦਾ ਹੈ। ਉਹ ਦੁੱਖ ਭੋਗਦਾ ਹੈ, ਕਿਉਂਕਿ ਉਸ ਦਾ ਮਨ ਪ੍ਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦਾ। ਉਹ ਮਨੁੱਖ, ਜੋ ਦਰਦ ਅਤੇ ਪ੍ਰਸੰਨਤਾ ਦੇਣ ਵਾਲੇ ਦੀ ਪੂਜਾ ਕਰਦਾ ਹੈ, ਹਮੇਸ਼ਾ ਸੰਤੁਸ਼ਟ ਰਹਿੰਦਾ ਹੈ।

ਪ੍ਰਮਾਤਮਾ ਦੀ ਭਗਤੀ ਮਨੁੱਖ ਨੂੰ ਚੰਗੇ ਮਾੜੇ ਕਰਮਾਂ ਦਾ ਹਿਸਾਬ ਦੇਣ ਤੋਂ ਬਚਾਅ ਲੈਂਦੀ ਹੈ। ਪਿਛਲੇ ਜਨਮ ਦੇ ਕੀਤੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਰੱਖਣ ਦਾ ਕੰਮ ਪ੍ਰਮਾਤਮਾ ਨੇ ਜਿਸ ਨੂੰ ਸੌਂਪਿਆ ਹੁੰਦਾ ਹੈ ਉਹ ਫੈਸਲੇ ਅਤੇ ਸਜ਼ਾ ਦੇਣ ਸਮੇਂ ਸਖਤੀ ਵਰਤਦਾ ਹੈ।

ਉਹਨਾਂ ਮਨੁੱਖਾਂ ਨਾਲ ਦੋਸਤੀ ਪਾਉਣੀ ਮੂਰਖਤਾ ਹੈ ਜਿਨ੍ਹਾਂ ਦੀ ਮੌਤ ਹੋ ਜਾਣੀ ਹੈ, ਕਿਉਂਕਿ ਅਜਿਹੀ ਦੋਸਤੀ ਜ਼ਰੂਰ ਨਿਰਾਸ਼ਾ ਅਤੇ ਉਦਾਸੀ ਲਿਆਵੇਗੀ। ਇਸੇ ਤਰ੍ਹਾਂ ਸੰਸਾਰੀ ਪਦਾਰਥਾਂ ਦੇ ਮੋਹ ਲਈ ਪ੍ਰਮਾਤਮਾ ਦੀ ਭਗਤੀ ਛੱਡਣਾ ਅਤੇ ਜਨਮ-ਮਰਨ ਦੇ ਚੱਕਰ ਦੇ ਜਾਲ ਵਿਚ ਫਸਣਾ ਮੂਰਖਤਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਪ੍ਰਮਾਤਮਾ ਦੀ ਭਗਤੀ ਦੀ ਦਾਤ ਪ੍ਰਾਪਤ ਕਰਦਾ ਹੈ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੁੰਦਾ ਹੈ।

ਮੂਰਖਾਂ ਵਾਂਗ ਲਾਪਰਵਾਹ ਅਤੇ ਅਨਜਾਣ, ਗੁਰੂ ਦੇ ਗਿਆਨ ਤੋਂ ਬਿਨਾਂ ਗਿਆਨਵਾਨ ਨਹੀਂ ਹੋ ਸਕਦਾ, ਉਹ ਜੀਵਨ ਭਰ ਚਿੰਤਿਤ ਤੇ ਪ੍ਰੇਸ਼ਾਨ ਰਹਿੰਦਾ ਹੈ। ਉਹ ਜੀਵਨ ਰੂਪੀ ਦਾਤ ਨੂੰ ਬਰਬਾਦ ਕਰਦੇ ਹਨ। ਉਹ ਚੰਗੇ-ਮਾੜੇ ਕਰਮ ਕਰਦੇ ਹਨ। ਉਹ, ਜੋ ਗੁਰੂ ਦੇ ਗਿਆਨ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਉਹਨਾਂ ਤੋਂ ਇਲਾਵਾ ਬਾਕੀ ਸਾਰੇ ਝੂਠ ਦੇ ਜਾਲ ਵਿੱਚ ਫਸੇ ਹੋਏ ਹਨ ਅਤੇ ਉਹ ਸਾਰੇ ਆਪਣੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਜ਼ਰੂਰ ਦੇਣਗੇ।

ਪ੍ਰਮਾਤਮਾ ਆਪਣੀ ਸ੍ਰਿਸ਼ਟੀ ਵਿਚ ਹਰ ਇਕ ਨੂੰ ਪਾਲਦਾ ਹੈ। ਉਹ ਸਦਾ ਦੇਵਣਹਾਰ ਹੈ। ਉਹ ਹੀ ਸਾਰਿਆਂ ਦੇ ਧਿਆਨ ਦਾ ਕੇਂਦਰ ਹੋਣਾ ਚਾਹੀਦਾ ਹੈ। ਗੁਰੂ ਆਪਣੇ ਸਿੱਖਾਂ ਨੂੰ ਉਸ ਦੇ ਪ੍ਰਤੀ, ਜੋ ਉਸ ਦੇ ਆਸਰੇ ਲਈ, ਉਸ ਉਤੇ ਨਿਰਭਰ ਕਰਦੇ ਹਨ, ਕਦੀ ਵੀ ਬੇਮੁਖ ਨਾ ਹੋਣ ਦੀ ਸਲਾਹ ਦਿੰਦਾ ਹੈ।

ਉਪਦੇਸ਼ ਨੰਬਰ 227

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੧੭ 'ਤੇ ਦਰਜ਼

ਪ੍ਰਮਾਤਮਾ ਦੀ ਭਗਤੀ ਦੇ ਬੇਅੰਤ ਲਾਭ ਪ੍ਰਾਪਤ ਹੁੰਦੇ ਹਨ

ਪ੍ਰਮਾਤਮਾ ਦੀ ਭਗਤੀ ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ ਹੈ। ਉਹ ਆਨੰਦ ਜੋ ਪ੍ਰਮਾਤਮਾ ਦੀ ਭਗਤੀ ਕਰਕੇ ਅਨੁਭਵ ਹੁੰਦਾ ਹੈ, ਰਾਜੇ-ਮਹਾਰਾਜਿਆਂ ਦੇ ਆਨੰਦਾਂ ਨਾਲੋਂ ਵੀ ਕਿਤੇ ਵੱਧ ਹੁੰਦਾ ਹੈ। ਹਰ ਤਰ੍ਹਾਂ ਦੇ ਦੁੱਖ ਤਕਲੀਫਾਂ ਦਾ ਅੰਤ ਹੋ ਜਾਂਦਾ ਹੈ।

ਪਿਛਲੇ ਜਨਮਾਂ ਵਿਚ ਕੀਤੇ ਅਣਗਿਣਤ ਪਾਪਾਂ ਦਾ ਪ੍ਰਭਾਵ ਵੀ ਖ਼ਤਮ ਹੋ ਜਾਂਦਾ ਹੈ। ਭਗਤ ਪਵਿੱਤਰ ਹੋ ਜਾਂਦਾ ਹੈ। ਉਸ ਦਾ ਮਨ ਅਤੇ ਸਰੀਰ ਆਨੰਦ ਅਨੁਭਵ ਕਰਦਾ ਹੈ। ਪ੍ਰਮਾਤਮਾ ਦੀ ਇਕ ਝਲਕ ਪਾ ਕੇ ਹਰ ਤਰ੍ਹਾਂ ਦੀਆਂ ਤ੍ਰਿਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ। ਕੋਈ ਵੀ ਆਸ ਅਧੂਰੀ ਨਹੀਂ ਰਹਿੰਦੀ।

ਪ੍ਰਮਾਤਮਾ ਦਾ ਭਗਤ ਉਸ ਦੀਆਂ ਦਾਤਾਂ ਦਾ ਆਨੰਦ ਮਾਣਦਾ ਹੈ। ਭਗਤ ਨੂੰ ਅਦਭੁੱਤ ਸ਼ਕਤੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਉਹ ਉਹਨਾਂ ਸਭ ਖ਼ੁਸ਼ੀਆਂ ਦਾ ਆਨੰਦ ਮਾਣਦਾ ਹੈ ਜੋ ਸਵਰਗ ਵਿਚ ਪ੍ਰਾਪਤ ਹੁੰਦੀਆਂ ਹਨ। ਸਤਿਗੁਰੂ ਫੁਰਮਾਉਂਦਾ ਹੈ ਕਿ ਪ੍ਰਮਾਤਮਾ ਹੀ ਰੱਖਿਆ ਕਰਨ ਵਾਲਾ ਹੈ। ਉਹ ਆਪਣੇ ਭਗਤ ਨੂੰ ਕਦੀ ਨਾ ਖਤਮ ਹੋਣ ਵਾਲੀ ਸ਼ਾਂਤੀ ਅਤੇ ਪ੍ਰਸੰਨਤਾ ਦੀ ਦਾਤ ਬਖ਼ਸ਼ਦਾ ਹੈ। ਪ੍ਰਮਾਤਮਾ ਆਪਣੇ ਭਗਤ ਨੂੰ ਜਨਮ ਮਰਨ ਦੇ ਚੱਕਰ ਤੋਂ ਮੁਕਤ ਕਰਦਾ ਹੈ।

ਉਪਦੇਸ਼ ਨੰਬਰ 228

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੭੫੦ 'ਤੇ ਦਰਜ਼ ਜਿਸ ਮਨੁੱਖ ਉੱਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ ਉਸ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਹੁੰਦੀਆਂ ਹਨ

ਗੁਰੂ ਦਾ ਸਿੱਖ ਉਹ ਮਨੁੱਖ ਹੁੰਦਾ ਹੈ, ਜੋ ਉਸ ਕੋਲ ਪੂਰੀ ਸ਼ਰਧਾ ਨਾਲ ਉਪਦੇਸ਼ ਗ੍ਰਹਿਣ ਕਰਨ ਆਉਂਦਾ ਹੈ। ਸਿੱਖ, ਗੁਰੂ ਅਤੇ ਪ੍ਰਮਾਤਮਾ ਅੱਗੇ ਪੂਰੀ ਨਿਮਰਤਾ ਨਾਲ ਉਸ ਨੂੰ ਮਾਇਆ ਤੋਂ ਬਚਾਉਣ ਅਤੇ ਪ੍ਰਮਾਤਮਾ ਉੱਪਰ ਧਿਆਨ ਕੇਂਦਰਿਤ ਕਰਨ ਵਿਚ ਮਦਦ ਕਰਨ ਲਈ ਅਰਜ਼ੋਈ ਕਰਦਾ ਹੈ। ਸ਼ਰਧਾਲੂ ਪ੍ਰਮਾਤਮਾ ਕੋਲ ਇਸ ਯਕੀਨ ਨਾਲ ਆਉਂਦਾ ਹੈ ਕਿ ਉਸ ਦਾ ਜੀਵਨ ਪੂਰੀ ਤਰ੍ਹਾਂ ਪ੍ਰਮਾਤਮਾ ਦੇ ਕਾਬੂ ਹੇਠ ਹੈ ਅਤੇ ਉਹ ਉਹੋ ਹੀ ਕਰਦਾ ਹੈ ਜੋ ਪ੍ਰਮਾਤਮਾ ਉਸ ਨੂੰ ਕਰਨ ਲਈ ਕਹਿੰਦਾ ਹੈ।

ਪ੍ਰਮਾਤਮਾ ਹਰੇਕ ਦੇ ਮਨ ਦੇ ਅੰਦਰ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਜਾਣਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਨਾਲ ਸਦੀਵੀ ਨਾਤਾ ਜੋੜੇ ਰੱਖਣਾ ਸੰਭਵ ਬਣਾਉਣ ਲਈ ਪ੍ਰਮਾਤਮਾ ਦੀ ਮਿਹਰ ਭਾਲਦਾ ਹੈ।

ਗੁਰੂ ਦੇ ਗਿਆਨ ਨਾਲ ਉਹ ਦਿਨ-ਰਾਤ ਪ੍ਰਮਾਤਮਾ ਦਾ ਨਾਮ ਸਿਮਰਨ ਕਰਦਾ ਹੈ, ਇਸ ਤਰ੍ਹਾਂ ਭਗਤ ਜੀਵਨ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਦਾ ਸਿੱਖ ਆਪਣੇ ਅਹੰਕਾਰ ਦਾ ਤਿਆਗ ਕਰਦਾ ਹੈ ਅਤੇ ਆਪਣੇ ਆਪ ਨੂੰ ਬਾਕੀਆਂ ਨਾਲੋਂ ਚੰਗਾ ਨਹੀਂ ਮੰਨਦਾ। ਇਸ ਭਾਵਨਾ ਨਾਲ, ਉਹ ਜੀਵਨ ਜੀਉਣ ਦਾ ਸਹੀ ਮਾਰਗ ਲੱਭ ਲੈਂਦਾ ਹੈ।

ਉਹ ਮਨੁੱਖ, ਜੋ ਆਪਣੇ ਵਰਗੇ ਲੋਕਾਂ ਦੀ ਸੰਗਤ ਵਿਚ ਰਹਿ ਕੇ, ਪ੍ਰਮਾਤਮਾ ਦਾ ਨਾਮ

ਸਿਮਰਦਾ ਹੈ, ਜੀਵਨ ਦਾ ਸੱਚਾ ਉਦੇਸ਼ ਪ੍ਰਾਪਤ ਕਰ ਲੈਂਦਾ ਹੈ। ਉਹ ਮਨੁੱਖ, ਜਿਸ ਉੱਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ, ਜੀਵਨ ਦੇ ਸਾਰੇ ਯੋਗ ਉਦੇਸ਼ਾਂ ਦੀ ਪ੍ਰਾਪਤੀ ਕਰ ਲੈਂਦਾ ਹੈ।

ਪ੍ਰਮਾਤਮਾ ਆਪਣੇ ਨਿਮਾਣੇ ਭਗਤ 'ਤੇ ਦਿਆਲ ਹੁੰਦਾ ਹੈ। ਭਗਤ, ਸੰਸਾਰ ਦੇ ਪਾਲਣਹਾਰ ਤੋਂ ਇਲਾਵਾ ਕਿਸੇ ਹੋਰ ਕੋਲੋਂ ਓਟ ਨਹੀਂ ਮੰਗਦਾ। ਉਹ ਪ੍ਰਮਾਤਮਾ ਕੋਲੋਂ, ਉਸ ਉੱਪਰ ਧਿਆਨ ਕੇਂਦਰਿਤ ਕਰਨ ਲਈ ਉਸ ਦੀ ਮਿਹਰ ਮੰਗਦਾ ਹੈ। ਸ਼ਰਧਾਲੂ, ਪ੍ਰਭੂ ਦੇ ਪਿਆਰਿਆਂ ਦੀ ਸੰਗਤ ਵਿਚ ਆਪਣੇ ਆਪ ਨੂੰ ਸਭ ਤੋਂ ਨਿਮਾਣਾ ਸਮਝਦਾ ਹੈ।

ਉਪਦੇਸ਼ ਨੰਬਰ 229

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੮੬੮ 'ਤੇ ਦਰਜ਼, ਪ੍ਰਮਾਤਮਾ ਨਿਮਾਣਿਆਂ 'ਤੇ ਅਤਿ ਕ੍ਰਿਪਾ ਕਰਦਾ ਹੈ ਉਹ ਅਹੰਕਾਰੀਆਂ ਦਾ ਸਾਥ ਨਹੀਂ ਦਿੰਦਾ

ਪ੍ਰਮਾਤਮਾ ਉਸ ਮਨੁੱਖ ਦਾ ਸਾਥ ਦਿੰਦਾ ਹੈ, ਜਿਸ ਨੂੰ ਉਹ ਨੁਕਸਾਨ ਤੋਂ ਬਚਾਉਂਦਾ ਹੈ। ਅਜਿਹੇ ਮਨੁੱਖ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਪ੍ਰਮਾਤਮਾ ਮਾਂ ਦੀ ਕੁੱਖ ਵਿਚ ਅਣਜੰਮੇ ਬੱਚੇ ਨੂੰ ਵੀ ਬਚਾਉਂਦਾ ਹੈ। ਜਨਮ ਤੋਂ ਮਗਰੋਂ, ਪ੍ਰਮਾਤਮਾ ਆਪਣੇ ਸੇਵਕ ਨੂੰ ਕਾਮ, ਕ੍ਰੋਧ, ਲੋਭ ਅਤੇ ਮੋਹ ਤੋਂ ਬਚਾਉਂਦਾ ਹੈ। ਉਹ ਮਨੁੱਖ ਬੇਦਾਗ਼ ਹੁੰਦਾ ਹੈ ਜੋ ਗੁਰੂ ਦੀ ਸਿੱਖਿਆ ਤੋਂ ਪ੍ਰੇਰਿਤ ਹੋਏ ਸਤਿਕਾਰ ਯੋਗ ਸੰਤ ਦੀ ਸੰਗਤ ਵਿਚ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਪ੍ਰਮਾਤਮਾ ਦੇ ਸੰਤ ਪ੍ਰਤੀ ਮੰਦਾ (ਮਾੜਾ) ਬੋਲਣ ਵਾਲਾ ਅਪਮਾਨ ਝੇਲਦਾ ਹੈ।

ਪ੍ਰਮਾਤਮਾ ਆਪਣੇ ਸੇਵਕ ਨੂੰ ਦੁਸ਼ਮਣ ਦੇ ਹਥਿਆਰਾਂ ਤੋਂ ਵੀ ਬਚਾਉਂਦਾ ਹੈ। ਉਹ ਉਸ ਨੂੰ ਬੁਰਾਈ ਦੀਆਂ ਤਾਕਤਾਂ ਤੋਂ ਵੀ ਬਚਾਉਂਦਾ ਹੈ। ਅਹੰਕਾਰੀ ਮਨੁੱਖ ਦਾ ਖ਼ਾਤਮਾ ਹੁੰਦਾ ਹੈ। ਪ੍ਰਮਾਤਮਾ ਆਪਣੇ ਨਿਮਾਣੇ ਸੇਵਕ ਦੇ ਅੰਗ ਸੰਗ ਹੁੰਦਾ ਹੈ।

ਪ੍ਰਮਾਤਮਾ ਦਾ ਸੁਭਾਅ ਹੈ ਕਿ ਉਹ ਆਪਣੇ ਸੇਵਕ ਨੂੰ ਜੋ ਉਸ ਦੀ ਸ਼ਰਨ ਵਿਚ ਆਉਂਦਾ ਹੈ ਕਦੀ ਵੀ ਨਹੀਂ ਭੁੱਲਦਾ ਅਤੇ ਨਾ ਹੀ ਕਦੀ ਛੱਡਦਾ ਹੈ। ਪ੍ਰਮਾਤਮਾ ਅੱਗੇ ਅਹੰਕਾਰ ਦਾ ਦਿਖਾਵਾ, ਅਹੰਕਾਰੀ ਦਾ ਖ਼ਾਤਮਾ ਕਰਦਾ ਹੈ।

ਪ੍ਰਮਾਤਮਾ ਸਦੀਵੀ ਕਾਇਮ ਰਹਿਣ ਵਾਲਾ ਹੈ। ਸੇਵਕ ਉਸ ਦੀ ਸਿ਼ਫ਼ਤ-ਸਾਲਾਹ ਕਰਦਾ, ਉਸ ਉਤੇ ਧਿਆਨ ਕੇਂਦਰਿਤ ਕਰਦਾ ਹੈ। ਪ੍ਰਮਾਤਮਾ ਆਪਣੇ ਸੇਵਕ ਪ੍ਰਤੀ ਹਮੇਸ਼ਾ ਦਿਆਲ ਰਹਿੰਦਾ ਹੈ। ਉਹ ਆਪਣੇ ਸੇਵਕ ਨੂੰ ਹਰ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦਾ ਹੈ। ਸਤਿਗੁਰੂ ਪ੍ਰਮਾਤਮਾ ਨੂੰ ਆਪਣਾ ਰਾਖਾ ਮੰਨਦਾ ਹੈ।

ਉਪਦੇਸ਼ ਨੰਬਰ 230

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੫੦ 'ਤੇ ਦਰਜ਼

ਨੋਟ : ਦੇਖੋ, ਉਪਦੇਸ਼ # 36

ਉਪਦੇਸ਼ ਨੰਬਰ 231

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੭੩ 'ਤੇ ਦਰਜ਼, ਪ੍ਰਮਾਤਮਾ ਸਭਨਾਂ ਨੂੰ ਮੁਆਫ਼ ਕਰਨ ਵਾਲਾ ਹੈ, ਉਹ ਆਪਣੇ ਸੇਵਕ ਨੂੰ ਸਹੀ ਮਾਰਗ 'ਤੇ ਲਿਆਉਣ ਲਈ ਕਈ ਤਰੀਕੇ ਅਪਣਾਉਂਦਾ ਹੈ

ਪ੍ਰਮਾਤਮਾ ਬੇਅੰਤ ਦਾਤਾਂ ਦੇਣ ਵਾਲਾ ਹੈ। ਉਹ ਸਭਨਾਂ ਨੂੰ ਪਾਲਦਾ ਹੈ। ਉਹ ਉਹਨਾਂ ਦਾ ਮਾਰਗ ਦਰਸ਼ਨ ਕਰਦਾ ਹੈ ਜੋ ਨਿਮਰਤਾ ਨਾਲ ਉਸ ਦੀ ਸ਼ਰਨ ਆਉਂਦੇ ਹਨ। ਪ੍ਰਮਾਤਮਾ ਅਤੇ ਸੇਵਕ ਦਾ ਰਿਸ਼ਤਾ ਪਿਉ ਪੁੱਤਰ ਵਾਲਾ ਹੁੰਦਾ ਹੈ। ਪ੍ਰਮਾਤਮਾ ਹਰ ਪਲ ਆਪਣੇ ਸੇਵਕ ਦੀ ਦੇਖ ਭਾਲ ਕਰਦਾ ਹੈ। ਪ੍ਰਮਾਤਮਾ ਦਾ ਸੇਵਕ ਉਸ ਦੀ ਸਿਫ਼ਤ-ਸਾਲਾਹਿ ਬਿਆਨ ਨਹੀਂ ਕਰ ਸਕਦਾ। ਕੋਈ ਵੀ ਉਸ ਦੇ ਅੰਤ ਨੂੰ ਪ੍ਰਭਾਸ਼ਿਤ ਨਹੀਂ ਕਰ ਸਕਦਾ। ਉਸ ਦੇ ਗੁਣ ਅਣਗਿਣਤ ਹਨ। ਉਹ ਸਭਨਾਂ ਦੇ ਜੀਵਨ ਦਾ ਪਾਲਣਹਾਰ ਹੈ।

ਪ੍ਰਮਾਤਮਾ ਸਭ ਨੂੰ ਮੁਆਫ਼ ਕਰਨ ਵਾਲਾ ਹੈ। ਉਹ ਆਪਣੇ ਸੇਵਕ ਨੂੰ ਸੁਧਾਰਦਾ ਹੈ ਅਤੇ ਉਸ ਨੂੰ ਸਹੀ ਮਾਰਗ 'ਤੇ ਲਿਜਾਂਦਾ ਹੈ। (ਮਨੁੱਖ ਗਲਤੀ ਦਾ ਪੁਤਲਾ ਹੈ)

ਪ੍ਰਮਾਤਮਾ ਸਾਡੀਆਂ ਕਮੀਆਂ ਤੋਂ ਜਾਣੂ ਹੈ, ਅਸੀਂ ਗਿਆਨ ਦੀ ਘਾਟ ਕਾਰਨ ਗਲਤੀਆ ਕਰਦੇ ਹਾਂ। ਪ੍ਰਮਾਤਮਾ ਆਪਣੀ ਮਹਾਨਤਾ ਦੇ ਰੁੱਤਬੇ ਅਨੁਸਾਰ ਧਿਆਨ ਰੱਖਦਾ ਹੈ। ਅਤੇ ਉਹ ਆਪਣੇ ਸੇਵਕ ਦੇ ਖਿਲਾਫ਼ ਕੁਛ ਵੀ ਮਨ ਵਿਚ ਨਹੀਂ ਰੱਖਦਾ। ਪ੍ਰਮਾਤਮਾ ਮੁਕਤ ਕਰਦਾ ਹੈ। ਸਤਿਗੁਰੂ ਆਪਣੇ ਸੇਵਕ ਨੂੰ ਹਮੇਸ਼ਾ ਪ੍ਰਮਾਤਮਾ ਪ੍ਰਤੀ ਨਿਮਾਣਾ ਰਹਿਣਾ, ਪ੍ਰਮਾਤਮਾ ਦੀ ਸ਼ਰਨ ਵਿਚ ਰਹਿਣਾ, ਪ੍ਰਮਾਤਮਾ ਦੀ ਮਿਹਰ ਮੰਗਣੀ, ਪ੍ਰਮਾਤਮਾ ਨੂੰ ਆਪਣਾ ਸੱਚਾ ਮਿੱਤਰ ਸਮਝਣਾ ਅਤੇ ਦਿਆਲੂ ਰਖਵਾਲੇ ਨੂੰ ਸਦਾ ਬਚਾਉਣ ਲਈ ਅਰਜ਼ੋਈ ਕਰਨਾ ਸਿਖਾਉਂਦਾ ਹੈ।

ਉਪਦੇਸ਼ ਨੰਬਰ 232

ਤੀਸਰੀ ਪਾਤਿਸ਼ਾਹੀ, ਗੁਰੂ ਅਮਰਦਾਸ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੫੫੦ 'ਤੇ ਦਰਜ਼, ਗੁਰੂ ਦਾ ਸਿੱਖ, ਪ੍ਰਭੂ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਾ ਸੰਤੁਸ਼ਟ ਰਹਿੰਦਾ ਹੈ

ਹੱਥ ਵਿਚ ਮੰਗਣ ਵਾਲਾ ਪਿਆਲਾ ਫੜ ਕੇ ਅਤੇ ਦਰਵੇਸ਼ਾਂ ਵਾਲੇ ਵਸਤਰ (ਕੱਪੜੇ) ਪਾ ਕੇ ਕੋਈ ਦਰਵੇਸ਼ ਨਹੀਂ ਬਣਦਾ। ਅਸਲ ਵਿਚ ਇਹ ਆਪਣੇ ਆਪ ਨੂੰ ਗਿਰਾਉਣ ਵਾਲੀ ਗੱਲ ਹੈ। ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ ? ਗੁਰੂ ਦੀ ਸਿੱਖਿਆ ਦੇ ਨਾਲ ਹੀ ਮਨੁੱਖ ਖਾਹਿਸ਼ਾਂ ਅਤੇ ਭੈਆਂ (ਡਰ) ਦੇ ਪ੍ਰਭਾਵ ਤੋਂ ਉੱਪਰ ਉੱਠਦਾ ਹੈ। ਇਸ ਦੇ ਬਜਾਏ, ਮਨੁੱਖ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦੀ ਬੇਨਤੀ ਕਰਦਾ ਹੈ। ਪ੍ਰਮਾਤਮਾ ਅਜਿਹੇ ਮਨੁੱਖ ਦੀ ਪ੍ਰਸ਼ੰਸਾ ਕਰਦਾ ਹੈ ਅਤੇ ਮਾਣ ਬਖ਼ਸ਼ਦਾ ਹੈ।

ਗੁਰੂ ਕਹਿੰਦਾ ਹੈ : ਮੰਨ ਲਓ ਇਕ ਫਲਦਾਰ ਦਰੱਖਤ ਉਤੇ ਬਿਨਾਂ ਪੰਖਾਂ ਵਾਲਾ ਪੰਛੀ ਇੱਧਰ ਉੱਧਰ ਉੱਡਦਾ ਅਤੇ ਦਰਖ਼ੱਤ ਤੋਂ ਮਿੱਠੇ ਫਲਾਂ ਦਾ ਆਨੰਦ ਮਾਣ ਰਿਹਾ ਹੈ। ਕੀ ਇਹ ਅਸੰਭਵ ਨਹੀਂ ਹੈ ? ਬਿਲਕੁਲ ਏਸੇ ਤਰ੍ਹਾਂ, ਕਿਸੇ ਵੀ ਮਨੁੱਖ ਲਈ, ਆਪਣੀ ਨਿੱਜੀ ਕੋਸ਼ਿਸ਼ ਤੋਂ ਬਗੈਰ ਨਾਮ ਦੇ ਅੰਮ੍ਰਿਤ ਦਾ ਆਨੰਦ ਮਾਨਣਾ ਅਸੰਭਵ ਹੈ। ਗੁਰੂ ਦਾ ਗਿਆਨ, ਝੂਠ ਦੇ ਮਗਰ ਲੱਗੇ ਮਨ ਨੂੰ, ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਲੀਨ ਕਰ ਦਿੰਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਸੇਵਕ ਪ੍ਰਭੂ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਨਣ ਦੇ ਕਾਬਿਲ ਹੁੰਦਾ ਹੈ।

ਗੁਰੂ ਕਹਿੰਦਾ ਹੈ : ਇਕ ਭੋਜ ਦਾ ਦ੍ਰਿਸ਼ ਅਤੇ ਇਸ ਤੋਂ ਬਾਅਦ ਵਾਲੀਆਂ ਘਟਨਾਵਾਂ 'ਤੇ ਵਿਚਾਰ ਕਰੋ : ਪ੍ਰਮਾਤਮਾ ਹੁਕਮ ਦਿੰਦਾ ਹੈ ਅਤੇ ਕਿਸਾਨ ਮਿੱਟੀ ਵਿਚ ਬੀਜ ਬੀਜਦਾ ਹੈ, ਫਸਲ ਕੱਟਦਾ ਹੈ, ਅਨਾਜ ਦਾ ਆਟਾ ਬਣਾਉਂਦਾ ਹੈ, ਭੋਜਨ ਪਕਾਉਂਦਾ ਹੈ, ਦੂਜਿਆਂ ਅੱਗੇ ਪਰੋਸਦਾ ਹੈ, ਆਪ ਵੀ ਖਾਂਦਾ ਹੈ, ਦੂਸਰਿਆਂ ਨੂੰ ਪਾਣੀ ਪੇਸ਼ ਕਰਦਾ ਹੈ। ਪ੍ਰਮਾਤਮਾ ਹੁਕਮ ਕਰਦਾ ਹੈ ਅਤੇ ਭੋਜ ਦੇ ਖਤਮ ਹੋਣ ਤੋਂ ਬਾਅਦ, ਪ੍ਰਮਾਤਮਾ ਦੇ ਹੁਕਮ ਅਨੁਸਾਰ ਸਾਰੇ ਮਹਿਮਾਨਾਂ ਨੂੰ ਤੋਹਫੇ ਦੇ ਕੇ ਵਿਦਾ ਕੀਤਾ ਜਾਂਦਾ ਹੈ।

ਨੋਟ : ਪੰਛੀ ਦਾ ਉਦਾਹਰਣ ਅਸਲੀਅਤ ਵਿਚ ਹੋਣਾ ਅਸੰਭਵ ਹੈ, ਕਿਉਂਕਿ ਇਕ ਪੰਖ-ਰਹਿਤ ਅਤੇ ਉੱਡਣ ਤੋਂ ਅਯੋਗ ਪੰਛੀ ਦਾ ਫਲ ਦੇ ਦਰੱਖਤ ਉਤੇ ਇੱਧਰ-ਓਧਰ ਉੱਡਣਾ ਅਸੰਭਵ ਹੈ। ਇਸੇ ਪ੍ਰਕਾਰ ਉਦਾਹਰਣ ਵਾਲੇ ਅਪਾਹਜ ਪੰਛੀ ਦੀ ਤਰ੍ਹਾਂ, ਕਿਸੇ ਮਨੁੱਖ ਦੇ ਅਪਾਹਿਜ ਮਨ ਦਾ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਲੈਣਾ ਅਸੰਭਵ ਹੈ। ਗੁਰੂ ਦੇ ਗਿਆਨ ਤੋਂ ਬਿਨਾਂ ਹਰੇਕ ਮਨੁੱਖ ਪੰਖ-ਰਹਿਤ ਅਤੇ ਉੱਡਣ ਦੇ ਅਯੋਗ ਪੰਛੀ ਵਾਂਗ ਹੈ।

ਗੁਰੂ ਅਨੁਸਾਰ, ਪ੍ਰਮਾਤਮਾ ਹੀ ਹਰ ਚੀਜ਼ ਦਾ ਕਾਰਨ ਹੈ। ਜਿਸ ਉਤੋਂ ਪ੍ਰਮਾਤਮਾ ਦੀ

ਮਿਹਰ ਹੋਵੇ, ਉਹੋ ਹੀ ਸੁਭਾਵਿਕ ਰੂਪ ਵਿਚ ਇਹ ਸਵੀਕਾਰਦਾ ਹੈ ਕਿ ਜੋ ਵੀ ਹੁੰਦਾ ਹੈ, ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਉਪਰੋਕਤ ਭੋਜ ਵਾਲੀ ਉਦਾਹਰਣ ਅਨੁਸਾਰ, ਪ੍ਰਮਾਤਮਾ ਹੀ ਹਰ ਘਟਨਾ ਅਤੇ ਉਸ ਦੇ ਪੂਰਨ ਇਤਿਹਾਸ ਦਾ ਕਾਰਣ ਹੈ।

ਉਪਦੇਸ਼ ਨੰਬਰ 233

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੮੩੨ 'ਤੇ ਦਰਜ਼ ਪ੍ਰਮਾਤਮਾ ਦੀ ਤੀਬਰ ਭਗਤੀ ਵਿਚ ਜੁੜਣ ਵਾਲਾ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ

ਪਦਾਰਥਾਂ ਦੇ ਮੋਹ ਅਤੇ ਝੂਠ ਤੋਂ ਮੁਕਤੀ ਕੇਵਲ ਤਾਂ ਹੀ ਸੰਭਵ ਹੈ, ਜੇ ਮਨ ਪ੍ਰਮਾਤਮਾ ਦਾ ਨਾਮ ਸਿਮਰੇ। ਨਹੀਂ ਤਾਂ, ਮੋਹ-ਮਾਇਆ ਦੇ ਪ੍ਰਭਾਵ ਹੇਠ, ਨਸ਼ੇ ਦੀ ਹਾਲਤ ਵਿਚ ਮਨ ਸੰਤੁਸ਼ਟੀ ਪ੍ਰਾਪਤ ਨਹੀਂ ਕਰ ਸਕਦਾ। ਮਨੁੱਖ ਦਾ ਤਰਕਸੰਗਤ ਆਪਾ, ਜੋ ਅਜੇ ਗੁਰੂ ਦੇ ਗਿਆਨ ਤੋਂ ਜਾਣੂ ਨਹੀਂ ਹੋਇਆ ਹੁੰਦਾ, ਉਹ ਉਸ ਦੇ (ਮਨੁੱਖ ਦੇ) ਅਨਜਾਣ ਮਨ ਦੇ ਕਾਬੂ ਹੇਠ ਰਹਿੰਦਾ ਹੈ। ਇਸ ਤਰ੍ਹਾਂ ਮਨੁੱਖ ਧਰਮ ਉੱਪਰ ਸਹੀ ਤਰ੍ਹਾਂ ਯਕੀਨ ਕੀਤੇ ਬਗੈਰ ਚੰਗੇ ਅਤੇ ਮਾੜੇ ਬਾਰੇ ਸਿਰਫ ਗੱਲਾਂ ਕਰਦਾ ਹੈ। ਪ੍ਰਮਾਤਮਾ ਦਾ ਸਿਮਰਨ ਹੀ ਮਨੁੱਖੀ ਮਨ ਦਾ ਅੰਤ ਤੱਕ ਦਾ ਸਾਥੀ ਹੈ। ਅਹੰਕਾਰੀ ਮਨ ਇਹ ਅਹਿਸਾਸ ਨਹੀਂ ਕਰਦਾ ਕਿ ਸਰੀਰ, ਦੌਸਤ ਅਤੇ ਪਤਨੀ ਸਭ ਨਾਸ਼ਵਾਨ ਹਨ।

ਮਨ ਦੀਆਂ ਖਾਹਿਸ਼ਾਂ ਦੀ ਪੂਰਤੀ ਲਈ, ਆਨੰਦਾਂ ਅਤੇ ਮੌਜ-ਮਸਤੀਆਂ ਵਿਚ ਉਲਝੇ ਰਹਿੰਦਿਆਂ, ਮਨ ਇਸ ਸੱਚਾਈ ਤੋਂ ਬੇਖਬਰ ਰਹਿੰਦਾ ਹੈ ਕਿ ਆਖਿਰ ਵਿਚ ਸਰੀਰ ਨੇ ਇਕ ਰਾਖ ਦਾ ਢੇਰ ਬਣ ਜਾਣਾ ਹੈ। ਮੌਤ ਤੋਂ ਬਾਅਦ ਦੌਲਤ ਦੂਜਿਆਂ ਦੀ ਹੋ ਜਾਂਦੀ ਹੈ। ਖ਼ਾਕ ਤੋਂ ਖ਼ਾਕ (ਮਿੱਟੀ ਤੋਂ ਮਿੱਟੀ) ਹੀ ਸਭਨਾਂ ਦੀ ਤਕਦੀਰ ਹੈ। ਗੁਰੂ ਦੇ ਗਿਆਨ ਬਿਨਾਂ ਮਨੁੱਖ ਦੇ ਮਨ ਦੀ ਮੈਲ ਸਾਫ਼ ਨਹੀਂ ਹੋ ਸਕਦੀ।

ਕਈ ਤਰ੍ਹਾਂ ਦੇ ਸੰਗੀਤ ਤੋਂ ਹਾਸਿਲ ਕੀਤਾ ਮਨਪ੍ਰਚਾਵਾ ਫਜ਼ੂਲ ਹੈ। ਇਹ ਮਨੁੱਖ ਨੂੰ ਪ੍ਰਮਾਤਮਾ ਤੋਂ ਦੂਰ ਲੈ ਜਾਂਦਾ ਹੈ ਅਤੇ ਜਨਮ-ਮਰਨ ਦੇ ਚੱਕਰ ਨਾਲ ਬੰਨ੍ਹ ਦਿੰਦਾ ਹੈ। ਗੁਰੂ ਦੇ ਗਿਆਨ ਤੋਂ ਅਨਜਾਣ ਰਹਿ ਕੇ ਦੁੱਖਾਂ ਦਾ ਅੰਤ ਨਹੀਂ ਹੋ ਸਕਦਾ। ਜਦੋਂ ਗੁਰੂ ਦਾ ਸਿੱਖ, ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਗਾਉਣ ਵਿਚ ਆਪਣਾ ਸਮਾਂ ਬਤੀਤ ਕਰਦਾ ਹੈ ਤਾਂ ਫਿਰ ਉਹ ਝੂਠ ਦੇ ਜਾਲ ਤੋਂ ਮੁਕਤ ਹੋ ਜਾਂਦਾ ਹੈ।

ਬ੍ਰਾਹਮਣ ਚਿੱਟੀ (ਸਫ਼ੈਦ) ਧੋਤੀ ਪਹਿਨਦਾ ਹੈ, ਮੱਥੇ 'ਤੇ ਕੇਸਰ ਦਾ ਟਿੱਕਾ ਲਗਾਉਂਦਾ ਹੈ, ਗਲੇ ਵਿਚ ਮਣਕਿਆਂ ਦੀ ਮਾਲਾ ਪਾਉਂਦਾ ਹੈ ਅਤੇ ਵੈਦਿਕ ਪਾਠ ਸਿਖਾਉਣ ਵਾਲੇ ਸਕੂਲ ਵਿਚ ਜਾਂਦਾ ਹੈ। ਪਰ ਬ੍ਰਾਹਮਣ ਵਿਚ ਬੇਕਾਬੂ ਗੁੱਸਾ ਹੁੰਦਾ ਹੈ। ਇਹ

ਸਥਿਰ ਪ੍ਰਮਾਤਮਾ ਨੂੰ ਅਣਗੌਲਣ ਅਤੇ ਮਨਮੁਖਤਾ ਦੇ ਤਰੀਕਿਆਂ ਦੇ ਨਿਸਤੇਜ ਪ੍ਰਭਾਵ ਹੇਠ ਰਹਿਣ ਕਾਰਣ ਹੁੰਦਾ ਹੈ। ਗੁਰੂ ਦੇ ਉਪਦੇਸ਼ ਅਨੁਸਾਰ, ਪ੍ਰਮਾਤਮਾ ਦੀ ਭਗਤੀ ਕਰਨ ਤੋਂ ਬਗੈਰ, ਉਹ ਜੀਵਨ ਵਿਚ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ।

ਪ੍ਰਮਾਤਮਾ ਤੋਂ ਮੂੰਹ ਫੇਰਨਾ, ਕੁੱਤੇ, ਸੂਰ, ਖੋਤੇ, ਬਿੱਲੀਆਂ ਹੋਰ ਜਾਨਵਰਾਂ ਅਤੇ ਨੀਚ ਜੀਵਾਂ ਦੀ ਤਰ੍ਹਾਂ ਜਨਮ-ਮਰਨ ਦੇ ਚੱਕਰ ਵਿਚ ਫਸਣਾ ਹੈ।

ਗੁਰੂ ਕੋਲੋਂ ਨਿਮਰਤਾ ਨਾਲ ਗਿਆਨ ਲੈਣਾ, ਪ੍ਰਮਾਤਮਾ ਦਾ ਨਾਮ ਅੰਮ੍ਰਿਤ ਪੀਣਾ ਅਤੇ ਹਮੇਸ਼ਾ ਲਈ ਪ੍ਰਸੰਨਚਿੱਤ ਰਹਿਣ ਦੀ ਦਾਤ ਪ੍ਰਾਪਤ ਕਰਨਾ ਹੈ। ਅਜਿਹਾ ਮਨੁੱਖ, ਪ੍ਰਮਾਤਮਾ ਦੀ ਦਰਗਾਹ ਵਿਚ ਆਦਰ ਪ੍ਰਾਪਤ ਕਰਦਾ ਹੈ। ਉਹ ਪ੍ਰਮਾਤਮਾ ਦੀ ਹਜ਼ੂਰੀ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ।

ਗੁਰੂ ਦੇ ਗਿਆਨ ਤੋਂ ਸਿੱਖਿਆ ਗ੍ਰਹਿਣ ਕਰਕੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਗੁਰੂ ਦਾ ਸਿੱਖ, ਪ੍ਰਮਾਤਮਾ ਦੀ ਸਾਰੀ ਸ੍ਰਿਸ਼ਟੀ ਤੇ ਸਰਵਉੱਚਤਾ ਨੂੰ ਸਵੀਕਾਰ ਕਰਦਾ ਹੈ। ਫਿਰ ਮਨੁੱਖ ਅੰਦਰੂਨੀ ਤੌਰ 'ਤੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਗੁਰੂ ਦਾ ਗਿਆਨ, ਸਿੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਦਾ ਹੈ।

ਗੁਰੂ ਦਾ ਸਿੱਖ, ਉਹਨਾਂ ਬੋਝਾਂ ਤੋਂ ਮੁਕਤ ਰਹਿੰਦਾ ਹੈ, ਜਿਹੜੇ ਬੋਝ ਸੁਆਰਥੀ ਮਨੁੱਖਾਂ ਦੇ ਮਨ 'ਤੇ ਪ੍ਰਭਾਵ ਪਾਉਂਦੇ ਹਨ, ਕਿਉਂਕਿ ਉਹ ਜਾਣਦਾ ਹੈ ਕਿ ਪ੍ਰਮਾਤਮਾ ਸਭਨਾਂ ਦਾ ਮਾਲਕ ਹੈ। ਸਿੱਖ, ਖ਼ੁਸ਼ੀ-ਖ਼ੁਸ਼ੀ ਆਪਣਾ ਸਰੀਰ ਅਤੇ ਮਨ ਉਸ ਨੂੰ ਸੌਂਪ ਦਿੰਦਾ ਹੈ, ਜਿਸ ਦਾ ਇਹ ਹੁੰਦਾ ਹੈ। ਅਜਿਹਾ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਉਹ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਵਿਚ ਵਿਲੀਨ ਹੋ ਜਾਂਦਾ ਹੈ, ਕਿਉਂਕਿ ਉਹ ਸਦਾ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦਾ ਹੈ।

ਉਪਦੇਸ਼ ਨੰਬਰ 234

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੪੬ 'ਤੇ ਦਰਜ਼, ਪ੍ਰਮਾਤਮਾ 'ਤੇ ਭਰੋਸਾ ਕਰਕੇ ਹੀ ਪ੍ਰਮਾਤਮਾ ਦੀ ਓਟ ਅਤੇ ਮਿਹਰ ਪਾਈ ਜਾਂਦੀ ਹੈ

ਪ੍ਰਭੂ ਦਾ ਭਗਤ ਉਸ ਦੀ ਸ਼ਰਨ ਅਤੇ ਉਸ ਦੀ ਮਿਹਰ ਦਾ ਆਨੰਦ ਮਾਣਦਾ ਹੈ, ਕਿਉਂਕਿ ਉਸ ਨੂੰ ਪ੍ਰਮਾਤਮਾ 'ਤੇ ਦ੍ਰਿੜ ਵਿਸ਼ਵਾਸ ਹੁੰਦਾ ਹੈ। ਭਗਤ ਆਪਣੇ ਗੁਰੂ ਦੀ ਸਿੱਖਿਆ ਦੀ ਕਦਰ ਕਰਦਾ ਹੈ। ਉਹ ਆਪਣੇ ਯਕੀਨ 'ਤੇ ਇਕ ਮੱਤ ਹੁੰਦਾ ਹੈ ਕਿ ਪ੍ਰਮਾਤਮਾ ਆਪਣੇ ਭਗਤ ਨੂੰ ਮੁਕਤ ਕਰਦਾ ਹੈ।

ਦੁਨਿਆਵੀ ਆਕਰਸ਼ਣਾਂ ਦੀਆਂ ਸ਼ਕਤੀਸ਼ਾਲੀ ਖਿੱਚਾਂ (ਪ੍ਰਲੋਭਨ), ਜੋ ਮਨੁੱਖ ਨੂੰ

ਪ੍ਰਮਾਤਮਾ ਦੀ ਭਗਤੀ ਤੋਂ ਦੂਰ ਲੈ ਜਾਂਦੀਆਂ ਹਨ, ਉਹਨਾਂ 'ਤੇ ਕਾਬੂ ਪਾਉਣਾ ਅਸੰਭਵ ਹੁੰਦਾ ਹੈ। ਉਹ ਭਿਆਨਕ ਤੂਫਾਨ ਵਾਂਗ ਮਨੁੱਖ ਨੂੰ ਘੇਰ ਲੈਂਦੀਆਂ ਹਨ। ਮਨੁੱਖ ਡਰ ਦੇ ਸ਼ਿਕੰਜੇ ਵਿਚ ਰਹਿੰਦਾ ਹੈ। ਦੂਸਰੇ ਪਾਸੇ, ਇਸ ਸੰਸਾਰ ਵਿਚ ਜੀਵਨ ਸਮਾਪਤੀ ਤੋਂ ਬਾਅਦ, ਹਰੇਕ ਮਨੁੱਖ ਨੂੰ ਆਪਣੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਦੇਣਾ ਹੁੰਦਾ ਹੈ। ਇਸ ਡਰ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਬ੍ਰਹਮ ਗਿਆਨ ਤੋਂ ਅਨਜਾਣ ਰਹਿ ਕੇ ਬਿਤਾਇਆ ਜੀਵਨ, ਸੰਪੂਰਨ ਅਗਿਆਨ ਵਿਚ ਬਿਤਾਇਆ ਜੀਵਨ ਹੁੰਦਾ ਹੈ। ਅਗਿਆਨਤਾ ਦੀ ਅੱਗ ਦਾ ਤੂਫਾਨ ਮਨੁੱਖ ਨੂੰ ਬੁਰੀਆਂ ਕਾਮਨਾਵਾਂ ਦੇ ਰੂਪ ਵਿਚ ਘੇਰਦਾ ਹੈ। ਇਹ ਬੁਰੀਆਂ ਕਾਮਨਾਵਾਂ, ਦੁੱਖ ਦੇਣ ਵਾਲੇ ਪ੍ਰਲੋਭਨਾਂ ਕਾਰਣ ਹੁੰਦੀਆਂ ਹਨ।

ਮਨੁੱਖ, ਪ੍ਰਮਾਤਮਾ ਨੂੰ ਉਦੋਂ ਸਿਮਰਦਾ ਹੈ ਜਦੋਂ ਉਹ ਉਸ ਦੇ ਓਟ ਆਸਰੇ ਅਧੀਨ ਹੁੰਦਾ ਹੈ। ਜੋ ਗੁਰੂ ਦੇ ਬ੍ਰਹਮ ਗਿਆਨ ਅਨੁਸਾਰ ਜੀਵਨ ਜਿਉਂਦੇ ਹਨ। ਫਿਰ ਮਨੁੱਖ ਪਰਿਪੂਰਨ ਪ੍ਰਮਾਤਮਾ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ। ਫਿਰ ਮਨੁੱਖ ਉਹ ਸਾਰੇ ਲਾਭ ਪ੍ਰਾਪਤ ਕਰਦਾ ਹੈ ਜੋ ਪ੍ਰਮਾਤਮਾ ਨਾਲ ਅੰਦਰੂਨੀ ਨੇੜਤਾ ਨਾਲ ਪ੍ਰਾਪਤ ਹੁੰਦੇ ਹਨ।

ਉਪਦੇਸ਼ ਨੰਬਰ 235

ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੩੨ 'ਤੇ ਦਰਜ਼, ਸਤਿਗੁਰੂ ਦੀ ਮਿਹਰ ਨਾਲ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ

ਬ੍ਰਹਮ ਗਿਆਨ ਦੇ ਅਧਿਐਨ ਨਾਲ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਪ੍ਰਮਾਤਮਾ ਦੀ ਭਗਤੀ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ ਨਾਲ ਤ੍ਰਿਸ਼ਨਾ ਦੀ ਦੁਖਦਾਇਕ ਅੱਗ ਇਕ ਪਲ ਵਿਚ ਬੁੱਝ ਜਾਂਦੀ ਹੈ।

ਗੁਰੂ ਨੂੰ ਮਿਲ ਕੇ ਸਾਰੀਆਂ ਨੈਤਿਕ ਕਮੀਆਂ ਖਤਮ ਹੋ ਜਾਂਦੀਆਂ ਹਨ। ਪਿਛੋਂ ਪ੍ਰਮਾਤਮਾ ਦੀ ਭਗਤੀ ਜੀਵਨ ਦਾ ਉਦੇਸ਼ ਬਣ ਜਾਂਦੀ ਹੈ। ਦਇਆਲੂ ਗੁਰੂ, ਸਹਿਜੇ ਪ੍ਰਮਾਤਮਾ ਦੇ ਸਿਮਰਨ ਵਿਚ ਜੋੜਣ ਵਿਚ ਸਿੱਖ ਦੀ ਮਦਦ ਕਰਦਾ ਹੈ।

ਜਦੋਂ ਸੇਵਕ ਪ੍ਰਮਾਤਮਾ ਦੇ ਨਾਮ ਦੇ ਅੰਮ੍ਰਿਤ ਦਾ ਆਨੰਦ ਪ੍ਰਾਪਤ ਕਰਦਾ ਹੈ ਤਾਂ ਫਿਰ ਪਰਮ ਪਿਆਰੇ ਪ੍ਰਮਾਤਮਾ ਦੀ ਖੋਜ, ਸਫਲਤਾ ਦੇ ਨਤੀਜੇ 'ਤੇ ਪਹੁੰਚ ਜਾਂਦੀ ਹੈ।

ਪ੍ਰਮਾਤਮਾ ਨਾਲ ਮਿਲਾਪ ਤਾਂ ਹੀ ਸੰਭਵ ਹੈ, ਜੇ ਕਿਸੇ ਮਨੁੱਖ ਲਈ ਇਹ ਪਹਿਲਾਂ ਤੋਂ ਹੀ ਨਿਰਧਾਰਿਤ ਹੋਵੇ। ਪ੍ਰਮਾਤਮਾ ਦੇ ਹੁਕਮ ਨਾਲ, ਮਨੁੱਖ ਦਿਆਲੂ ਗੁਰੂ ਨਾਲ ਮਿਲਦਾ ਹੈ। ਗੁਰੂ ਦੀਆਂ ਸਿੱਖਿਆਵਾਂ ਅਤੇ ਬਖਸ਼ਿਸ਼ਾਂ ਸਿੱਖ ਦੇ ਪ੍ਰਮਾਤਮਾ ਨਾਲ ਮਿਲਾਪ ਵਿਚ ਮਦਦ ਕਰਦੀਆਂ ਹਨ।

ਉਪਦੇਸ਼ ਨੰਬਰ 236

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੬੩੦ 'ਤੇ ਦਰਜ, ਪ੍ਰਮਾਤਮਾ ਦੀ ਸ਼ਰਨ ਵਿਚ ਆ ਕੇ ਮਨੁੱਖ ਸਾਰੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ

ਪ੍ਰਮਾਤਮਾ ਆਪਣੇ ਸੇਵਕ ਨੂੰ ਹਰੇਕ ਦੁੱਖਾਂ ਤੋਂ ਬਚਾਉਂਦਾ ਹੈ। ਉਹ ਆਪਣੇ ਸੇਵਕ ਨੂੰ ਪਿਆਰ ਕਰਦਾ ਹੈ। ਸਤਿਗੁਰੂ ਵੱਲੋਂ ਆਪਣੇ ਸਿੱਖ ਨੂੰ ਸਿਖਾਏ ਇਹ ਉਪਦੇਸ਼, ਸਦੀਵੀ ਸੱਚੇ ਹਨ।

ਸਿੱਖ ਇਸ ਸੱਚਾਈ ਨੂੰ ਪ੍ਰਮਾਣਿਤ ਕਰਦਾ ਹੈ ਕਿ ਗੁਰੂ ਜੋ ਵਾਅਦਾ ਕਰਦਾ ਹੈ, ਪੂਰਾ ਕਰਦਾ ਹੈ। ਸਤਿਗੁਰੂ ਆਪਣੇ ਸਿੱਖ ਦੇ ਸਾਰੇ ਦੁਸ਼ਮਣਾਂ ਨੂੰ ਭਜਾ ਦਿੰਦਾ ਹੈ। ਸਤਿਗੁਰੂ ਆਪਣੇ ਸਿੱਖ ਨੂੰ ਬ੍ਰਹਮ ਗਿਆਨ ਪ੍ਰਦਾਨ ਕਰਦਾ ਹੈ।

ਪ੍ਰਮਾਤਮਾ ਦੀ ਮਿਹਰ ਸਦਕਾ, ਸ਼ਰਧਾਲੂ ਦੇ ਮਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਟਿਕੀ ਰਹਿੰਦੀ ਹੈ। ਮਨ ਦੀ ਉਦਾਸੀ ਅਤੇ ਖਾਲੀਪਨ ਦੀ ਭਾਵਨਾ ਸਮਾਪਤ ਹੋ ਜਾਂਦੀ ਹੈ। ਪ੍ਰਮਾਤਮਾ ਦੀ ਸ਼ਰਨ ਵਿਚ ਆ ਕੇ, ਮਨੁੱਖ ਸਾਰੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ।

ਨੋਟ :—ਸਾਰੀ ਲਿਖਤ ਦੇ ਦੌਰਾਨ 'ਗੁਰੂ' ਅਤੇ 'ਸਤਿਗੁਰੂ' ਇਕ ਦੂਜੇ ਨਾਲ ਬਦਲ ਕੇ ਲਿਖੇ ਗਏ ਹਨ। ਹਰੇਕ ਮਾਮਲੇ ਵਿਚ ਇਹ ਸ਼ਬਦ ਇਕ ਅਜਿਹੇ ਮਨੁੱਖ ਵੱਲ ਨੂੰ ਸੰਕੇਤ ਕਰਦੇ ਹਨ ਜੋ ਪ੍ਰਮਾਤਮਾ ਪ੍ਰਤੀ ਅਗਿਆਨਤਾ ਨੂੰ ਦੂਰ ਕਰਨ ਦੇ ਕਾਬਿਲ ਹੈ ਅਤੇ ਬ੍ਰਹਮ ਗਿਆਨ ਸਿਖਾਉਣ ਦੇ ਕਾਬਿਲ ਹੈ ਅਤੇ ਸਿੱਖ ਨੂੰ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਮਿਲਾਉਂਦਾ ਹੈ। ਇਸ ਲਿਖਤ ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਵੀ ਗੁਰੂ ਜਾਂ ਸਤਿਗੁਰੂ ਮੰਨਿਆ ਗਿਆ ਹੈ।

ਉਪਰੋਕਤ ਲਿਖਤ ਇਸ ਗੱਲ 'ਤੇ ਚਾਨਣਾ ਪਾਉਂਦੀ ਹੈ ਕਿ ਗੁਰੂ ਸ਼ਬਦ ਦਾ ਇਸ ਲਿਖਤ ਵਿਚ ਇਕ ਬਹੁਤ ਹੀ ਸਹੀ ਅਰਥ ਹੈ। ਯਕੀਨਨ ਹੀ ਇਸ ਦੀ ਵਰਤੋਂ ਉਸ ਖੁੱਲ੍ਹੇ ਤਰੀਕੇ ਨਾਲ ਨਹੀਂ ਕੀਤੀ ਗਈ ਹੈ ਜੋ ਆਧੁਨਿਕ ਸਮੇਂ ਵਿਚ ਲੋਕ ਇਸ ਸ਼ਬਦ ਦੀ ਵਰਤੋਂ ਕਰਦੇ ਹਨ।

ਉਪਦੇਸ਼ ਨੰਬਰ 237

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੩੪-੩੫ 'ਤੇ ਦਰਜ਼ ਕੋਈ ਵਿਚਾਰ ਅਤੇ ਇਸ ਨੂੰ ਮੰਨਣ ਵਾਲੇ ਜਾਂ ਕੋਈ ਵੀ ਕਰਮ ਅਤੇ ਇਸ ਨੂੰ ਕਰਨ ਵਾਲੇ ਦੀ ਤਾਂ ਹੀ ਕੀਮਤ ਹੈ ਜੇ ਪ੍ਰਮਾਤਮਾ ਉਹਨਾਂ ਨੂੰ ਮਾਨਤਾ ਦਿੰਦਾ ਹੈ

ਪ੍ਰਮਾਤਮਾ ਦਾ ਭਗਤ ਅਧਾਰਮਿਕ ਲਿਖਤਾਂ ਨਹੀਂ ਪੜ੍ਹਦਾ। ਉਹ ਪ੍ਰਮਾਤਮਾ ਤੋਂ

ਸਿਵਾਏ, ਕਿਸੇ ਹੋਰ ਦੀ ਭਗਤੀ ਨਹੀਂ ਕਰਦਾ। ਉਹ ਦਬਾਈਆਂ ਜਾਣ ਵਾਲੀਆਂ (ਕਬਰਾਂ) ਜਾਂ ਸਸਕਾਰ ਵਾਲੀਆਂ (ਮੜ੍ਹੀਆਂ) ਥਾਂਵਾਂ 'ਤੇ ਨਹੀਂ ਜਾਂਦਾ। ਉਹ ਆਪਣੇ ਧਰਮ ਦੇ ਉਲਟ ਕੁੱਛ ਵੀ ਕਰਨ ਦੇ ਪ੍ਰਲੋਭਨ ਵਿਚ ਨਹੀਂ ਆਉਂਦਾ, ਕਿਉਂਕਿ ਉਸ ਦੀ ਸੁਰਤਿ ਪ੍ਰਮਾਤਮਾ ਵਿਚ ਜੁੜੀ ਰਹਿੰਦੀ ਹੈ। ਉਹ ਪ੍ਰਮਾਤਮਾ ਨਾਲ ਲਗਾਤਾਰ ਅਤੇ ਅੰਦਰੂਨੀ ਸਾਂਝ ਵਿਚ ਰਹਿੰਦਾ ਹੈ, ਕਿਉਂਕਿ ਉਸ ਦੇ ਗੁਰੂ ਨੇ ਉਸ ਨੂੰ ਅਜਿਹਾ ਸਿਖਾਇਆ ਹੁੰਦਾ ਹੈ। ਉਹ ਪ੍ਰਮਾਤਮਾ ਦੇ ਅਨੰਤ-ਗਿਆਨੀ ਹੋਣ 'ਤੇ ਯਕੀਨ ਕਰਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਜੀਵਨ ਜਿਉਣ ਦਾ ਵਾਜਿਬ ਤਰੀਕਾ ਉਹੋ ਹੀ ਹੈ ਜੋ ਪ੍ਰਮਾਤਮਾ ਤੋਂ ਪ੍ਰੇਰਿਤ ਹੈ।

ਜਦੋਂ ਗੁਰੂ ਦੀ ਸਿੱਖਿਆ ਮਨ ਨੂੰ ਪ੍ਰੇਰਿਤ ਅਤੇ ਖੇੜਾ ਪ੍ਰਦਾਨ ਕਰਦੀ ਹੈ, ਕੇਵਲ ਉਦੋਂ ਹੀ ਮਨੁੱਖ ਜਾਣਦਾ ਹੈ ਕਿ ਪ੍ਰਮਾਤਮਾ ਤੋਂ ਵੱਖ ਹੋਣ ਦਾ ਦਰਦ ਕੀ ਹੈ ? ਫਿਰ ਉਸ ਵੇਲੇ, ਮਨੁੱਖ ਬਾਕੀ ਸਾਰੀਆਂ ਗੱਲਾਂ ਨਾਲੋਂ, ਪ੍ਰਮਾਤਮਾ ਨਾਲ ਮਿਲਾਪ ਦੀ ਰਾਹ ਦੀ ਦਾਤ ਲੱਭਦਾ ਹੈ। ਉਸ ਵੇਲੇ ਹੀ ਮਨੁੱਖੀ ਮਨ ਰੋਸ਼ਨ ਹੁੰਦਾ ਹੈ। ਉਸ ਵੇਲੇ ਹੀ ਗੁਰੂ ਦੇ ਪ੍ਰਮਾਤਮਾ ਬਾਰੇ ਪ੍ਰਤੱਖ ਗਿਆਨ ਦੇ ਆਧਾਰ 'ਤੇ ਗੁਰੂ ਵਲੋਂ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਸ਼ਰਧਾਲੂ ਦਿਲੋਂ ਧਿਆਨ ਕੇਂਦਰਿਤ ਕਰਦਾ ਹੈ।

ਅਣਗਿਣਤ ਮਨੁੱਖ, ਸ੍ਰਿਸ਼ਟੀ ਵਿਚ ਹਰੇਕ ਚੀਜ਼ ਦੇ ਨਾਸਵੰਤ ਹੋਣ ਬਾਰੇ ਗੱਲਾਂ ਕਰਦੇ ਹਨ। ਉਹ ਤਪਸਿਆ ਵੱਲ ਮੁੜਦੇ ਹਨ। ਹਾਲਾਂਕਿ, ਸੱਚਾ ਤਪਸਵੀ ਉਹ ਹੈ, ਜਿਸ ਨੂੰ ਅਜਿਹਾ ਹੋਣ ਦੀ ਪ੍ਰਮਾਤਮਾ ਮਾਨਤਾ ਦਿੰਦਾ ਹੈ। ਅਜਿਹਾ ਤਪਸਵੀ ਗੁਰੂ ਦੀ ਸਿੱਖਿਆ ਉਤੇ ਤੁਰਦਾ ਹੈ। ਉਹ ਹਮੇਸ਼ਾ ਪ੍ਰਮਾਤਮਾ ਦੇ ਭੈਅ ਵਿਚ ਰਹਿੰਦਾ ਹੈ। ਉਹ ਗੁਰੂ ਦੁਆਰਾ ਦਰਸਾਏ ਅਨੁਸਾਰ ਜੀਵਨ ਜਿਉਂਦਾ ਹੈ। ਉਹ ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਲੀਨ ਰਹਿੰਦਾ ਹੈ। ਉਹ ਪ੍ਰਮਾਤਮਾ ਉਤੇ ਆਪਣੇ ਯਕੀਨ ਵਿਚ ਕਦੀ ਨਹੀਂ ਡੋਲਦਾ। ਉਹ ਪ੍ਰਲੋਭਨਾਂ ਅੱਗੇ ਝੁੱਕਣ ਤੋਂ ਮਨ 'ਤੇ ਕਾਬੂ ਰੱਖਦਾ ਹੈ। ਉਹ ਦ੍ਰਿੜਤਾ ਅਤੇ ਪਿਆਰ ਨਾਲ, ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਕਰਦਾ ਹੈ।

ਮਨ ਹਵਾ ਦੀ ਤਰ੍ਹਾਂ ਚੰਚਲ ਹੁੰਦਾ ਹੈ। ਇਹ ਇਕ ਪਲ ਤੋਂ ਵੱਧ ਕਿਤੇ ਟਿਕਦਾ ਨਹੀਂ। ਮਨ ਸੱਚੀ ਸ਼ਾਂਤੀ ਉਦੋਂ ਹੀ ਅਨੁਭਵ ਕਰਦਾ ਹੈ, ਜਦੋਂ ਉਹ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ। ਫਿਰ ਜ਼ੁਬਾਨ, ਅੱਖਾਂ ਅਤੇ ਕੰਨ ਸਾਰੇ ਸੱਚੇ ਪ੍ਰਮਾਤਮਾ ਦੇ ਪਿਆਰ ਵਿਚ ਲੀਨ ਰਹਿੰਦੇ ਹਨ। ਤ੍ਰਿਸ਼ਨਾ ਦੀ ਅੱਗ ਬੁੱਝ ਜਾਂਦੀ ਹੈ। ਫਿਰ ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਸਿਰਫ ਪ੍ਰਮਾਤਮਾ ਕੋਲੋਂ ਹੀ ਚਾਹੁੰਦਾ ਹੈ। ਮਨੁੱਖ ਪ੍ਰਮਾਤਮਾ 'ਤੇ ਧਿਆਨ ਧਰਦਾ ਹੈ ਤੇ ਸਰੀਰ ਦੇ ਅੰਦਰ ਹੀ ਵਾਸ ਕਰਦਾ ਹੈ। ਇਕ ਤਪਸਵੀ ਦੀ ਤੁਲਨਾ ਵਿਚ, ਜੋ ਕਿ ਦੂਜਿਆਂ ਕੋਲੋਂ ਮੰਗਦਾ ਹੈ, ਸੇਵਕ ਪ੍ਰਮਾਤਮਾ ਕੋਲੋਂ ਉਸ ਦੇ ਨਾਮ ਦੀ ਦਾਤ ਮੰਗਦਾ ਹੈ। ਫਿਰ ਮਨ ਦਾ ਅਸੰਤੋਸ਼, ਸੰਤੋਸ਼ ਵਿਚ ਬਦਲ ਜਾਂਦਾ ਹੈ। ਸੇਵਕ ਲਗਾਤਾਰ ਅਤੇ ਸੁਭਾਵਿਕ ਤੌਰ 'ਤੇ ਹੀ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਾ ਹੈ।

ਛੋਟੀ ਜਿਹੀ ਦੁਬਿਧਾ ਵੀ ਸੱਚਾਈ ਦਾ ਉਲਟ ਹੀ ਹੁੰਦੀ ਹੈ। ਸੇਵਕ ਮੰਨਦਾ ਹੈ ਕਿ ਸਿਰਜਣਹਾਰ ਹੀ ਸਭ ਦਾਤਾਂ ਦੇਣ ਵਾਲਾ ਹੈ। ਅਹੰਕਾਰੀ ਮਨੁੱਖ ਦੁੱਖਾਂ ਤੋਂ ਬਚ ਨਹੀਂ ਸਕਦਾ। ਇਸ ਦੀ ਤੁਲਨਾ ਵਿਚ, ਗੁਰੂ ਦਾ ਸਿੱਖ, ਪ੍ਰਮਾਤਮਾ ਤੋਂ ਆਦਰ ਪਾਉਂਦਾ ਹੈ। ਪ੍ਰਮਾਤਮਾ ਦੇ ਗੁਣ ਬੇਅੰਤ ਹਨ। ਉਹ ਅਪਹੁੰਚ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ ਅਤੇ ਉਸ ਨੂੰ ਬਿਆਨਿਆ ਨਹੀਂ ਜਾ ਸਕਦਾ।

ਸਾਰੀ ਸ੍ਰਿਸ਼ਟੀ ਦੇ ਸਿਰਜਣਹਾਰ ਦਾ ਨਾਮ ਸਿਮਰਨ ਸੇਵਕ ਨੂੰ ਮਨ ਦਾ ਟਿਕਾਉ ਬਖ਼ਸ਼ਦਾ ਹੈ। ਉਹ ਜੋ ਦੌਲਤ ਦਿੰਦਾ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਇਸ ਸੰਸਾਰ ਵਿਚ ਹਰੇਕ ਮਨੁੱਖ, ਉਸ ਲਈ ਇਸ ਸੰਸਾਰ ਵਿਚ ਨਿਰਧਾਰਿਤ ਕਾਰਜ ਕਰਨ ਲਈ ਆਉਂਦਾ ਹੈ। ਚੰਗਾ-ਮਾੜਾ ਜੋ ਵੀ ਹੁੰਦਾ ਹੈ, ਬਰਦਾਸ਼ਤ ਕਰਨਾ ਹੀ ਹੁੰਦਾ ਹੈ। ਪ੍ਰਮਾਤਮਾ ਸਭ ਦੇ ਸਾਧਾਰਣ ਅਤੇ ਨੇਕ ਕਰਮਾਂ ਦਾ ਕਾਰਣ ਹੁੰਦਾ ਹੈ। ਉਹ ਆਪਣੇ ਸ਼ਰਧਾਲੂ ਨੂੰ ਭਗਤੀ ਵਿਚ ਦ੍ਰਿੜ ਰਹਿਣ ਦੇ ਵੀ ਕਾਬਿਲ ਬਣਾਉਂਦਾ ਹੈ। ਪ੍ਰਮਾਤਮਾ ਵਿਚ ਸ਼ਰਧਾ ਮਨੁੱਖ ਦੀ ਜ਼ੁਬਾਨ ਅਤੇ ਮਨ ਤੋਂ ਸਾਰੀ ਮੈਲ ਮਿਟਾ ਦਿੰਦੀ ਹੈ। ਅਪਹੁੰਚ ਪ੍ਰਮਾਤਮਾ ਆਪਣੇ ਸੇਵਕ 'ਤੇ ਬ੍ਰਹਮ ਗਿਆਨ ਦੀ ਵੀ ਬਖ਼ਸ਼ਿਸ਼ ਕਰਦਾ ਹੈ।

ਕੇਵਲ ਉਹੀ ਮਨੁੱਖ, ਜੋ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਰਸ ਚੱਖਦਾ ਹੈ, ਉਸ ਅਦਭੁੱਤ ਆਨੰਦ ਨੂੰ ਜਾਣਦਾ ਹੈ, ਜੋ ਇਸ ਨਾਲ ਮਿਲਦਾ ਹੈ, ਜਿਵੇਂ ਇਕ ਗੂੰਗਾ ਵਿਅਕਤੀ ਖਾਣੇ ਦਾ ਆਨੰਦ ਮਾਣ ਕੇ, ਉਸ ਆਨੰਦ ਬਾਰੇ ਦੱਸ ਨਹੀਂ ਸਕਦਾ, ਉਂਜ ਹੀ ਇਹ ਆਨੰਦ ਵੀ ਬੋਲ ਕੇ ਨਹੀਂ ਦੱਸਿਆ ਜਾ ਸਕਦਾ। ਬਿਆਨ ਨਾ ਕੀਤੇ ਜਾ ਸਕਣ ਵਾਲੇ ਪ੍ਰਮਾਤਮਾ ਨੇ ਮਨੁੱਖ ਲਈ ਜੋ ਵੀ ਤੈਅ ਕੀਤਾ ਹੁੰਦਾ ਹੈ, ਉਸ ਨੂੰ ਸਵੀਕਾਰਨਾ ਹੀ ਸਮਝਦਾਰੀ ਅਤੇ ਸਹੀ ਹੁੰਦਾ ਹੈ। ਜ਼ਿੰਦਗੀ ਨੂੰ ਇਸ ਤਰ੍ਹਾਂ ਜਿਉਣ ਦਾ ਨਜ਼ਰੀਆ, ਕੇਵਲ ਗੁਰੂ ਦੇ ਗਿਆਨ ਨਾਲ ਹੀ ਸੰਭਵ ਬਣਦਾ ਹੈ। ਇਕ ਮਨੁੱਖ ਜੋ ਗੁਰੂ ਦੇ ਗਿਆਨ ਤੋਂ ਬੇਖ਼ਬਰ ਰਹਿੰਦਾ ਹੈ ਜਾਂ ਨਕਾਰਦਾ ਹੈ, ਉਹ ਕਿਸੇ ਸਹੀ ਦ੍ਰਿਸ਼ਟੀਕੋਣ ਤੋਂ ਬਗੈਰ ਹੀ ਜੀਵਨ ਜਿਉਂਦਾ ਹੈ।

ਕੁੱਛ ਅਜਿਹੇ ਮਨੁੱਖ ਵੀ ਹੁੰਦੇ ਹਨ, ਜਿਨ੍ਹਾਂ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਕੋਈ ਸਤਿਕਾਰ ਨਹੀਂ ਹੁੰਦਾ। ਕੁੱਛ ਅਜਿਹੇ ਮਨੁੱਖ ਵੀ ਹੁੰਦੇ ਹਨ, ਜੋ ਪ੍ਰਮਾਤਮਾ ਦਾ ਨਾਮ ਸਿਮਰਦੇ ਹਨ। ਜੀਵਨ ਰੂਪੀ ਇਸ ਨਾਟਕ ਨੂੰ ਸਮਝ ਪਾਉਣਾ ਅਸੰਭਵ ਹੈ। ਲੋਕ ਉਹੀ ਫਸਲ ਕੱਟਦੇ ਹਨ ਜੋ ਜੀਵਨ ਵਿਚ ਆਪਣੇ ਕਰਮਾਂ ਰੂਪੀ ਬੀਜ ਨਾਲ ਬੀਜਦੇ ਹਨ। ਪਰ ਉਹ ਆਪਣੀ ਮਰਜ਼ੀ ਨਾਲ ਕੁੱਛ ਵੀ ਕਰਨ ਲਈ ਸੁਤੰਤਰ ਨਹੀਂ ਹਨ। ਹਰ ਕੋਈ ਪ੍ਰਮਾਤਮਾ ਦੇ ਸੰਪੂਰਨ ਹੁਕਮ ਅਧੀਨ ਹੈ। ਇਹ ਵੀ ਇਕ ਸੱਚਾਈ ਹੈ ਕਿ ਪ੍ਰਮਾਤਮਾ ਦੀ ਭਗਤੀ ਵੀ ਮਨੁੱਖ ਆਪਣੀ ਇੱਛਾ ਅਨੁਸਾਰ ਨਹੀਂ ਕਰਦਾ, ਕਿਉਂਕਿ ਸਰੀਰ ਅਤੇ ਮਨ ਦੋਨੋਂ ਹੀ ਪ੍ਰਮਾਤਮਾ ਨਾਲ ਜੁੜੇ ਹੋਏ ਹਨ। ਇਹ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਹੁੰਦਾ ਹੈ ਕਿ ਮਨੁੱਖ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ ਜੋ ਮਨੁੱਖ ਨੂੰ ਪ੍ਰਭੂ ਦੇ ਨਾਮ ਅੰਮ੍ਰਿਤ ਨੂੰ ਧਾਰਨ ਕਰਕੇ

ਜੀਵਨ ਜਿਉਣ ਦੇ ਕਾਬਿਲ ਬਣਾਉਂਦਾ ਹੈ।

ਜਦੋਂ ਪ੍ਰਮਾਤਮਾ, ਮਨੁੱਖ ਦੇ ਮਨ ਨੂੰ ਰੁਸ਼ਨਾਉਂਦਾ ਹੈ, ਤਾਂ ਮਨੁੱਖ ਪ੍ਰਮਾਤਮਾ ਦੇ ਸਿਮਰਨ ਅਤੇ ਮਨ ਦੀ ਸਹਿਜ ਅਵਸਥਾ ਦਾ ਆਨੰਦ ਮਾਣਦਾ ਹੈ। ਫਿਰ ਪ੍ਰਮਾਤਮਾ ਦੇ ਗੁਣ, ਮਨੁੱਖ ਦੇ ਧਿਆਨ ਦਾ ਕੇਂਦਰ ਬਣ ਜਾਂਦੇ ਹਨ। ਮਨੁੱਖ, ਪ੍ਰਮਾਤਮਾ ਦੇ ਨਾਮ 'ਤੇ ਧਿਆਨ ਕੇਂਦਰਿਤ ਕਰਨ ਨੂੰ ਪਿਆਰ ਕਰਨ ਲੱਗਦਾ ਹੈ। ਮਨੁੱਖ ਆਪ ਵੀ ਪ੍ਰਮਾਤਮਾ ਦੀ ਭਗਤੀ ਕਰਨ ਲੱਗਦਾ ਹੈ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਹੌਂਸਲਾ ਦਿੰਦਾ ਹੈ। ਮਨੁੱਖ ਕੇਵਲ ਉਸ ਮੁੱਢਲੀ ਸੱਚਾਈ ਦੀ ਭਾਲ ਕਰਦਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਮੂਲ ਆਧਾਰ ਹੈ। ਗੁਰੂ ਦਾ ਗਿਆਨ, ਗੁਰੂ ਹੈ। ਗਿਆਨ ਮਨੁੱਖ ਨੂੰ ਇਕ ਗੰਭੀਰ ਵਿਅੱਕਤਿੱਤਵ ਨਾਲ ਜੋੜਦਾ ਹੈ। ਗੁਰੂ ਦੇ ਗਿਆਨ ਤੋਂ ਬਿਨਾਂ, ਕੋਈ ਵੀ ਮਨੁੱਖ ਉਦੇਸ਼ਪੂਰਣ ਅਤੇ ਨੇਕ ਜੀਵਨ ਨਹੀਂ ਜੀਅ ਸਕਦਾ। ਸੱਚੇ ਸ਼ਰਧਾਲੂ ਉੱਪਰ ਸੁਭਾਵਿਕ ਤੌਰ 'ਤੇ ਪ੍ਰਮਾਤਮਾ ਦੀ ਭਗਤੀ ਕਰਨ ਦੀ ਮਿਹਰ ਹੁੰਦੀ ਹੈ। ਉਹ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ 'ਤੇ ਸਦਾ ਆਪਣਾ ਧਿਆਨ ਲਗਾਈ ਰੱਖਦਾ ਹੈ।

ਨੋਟ :—ਗੁਰੂ ਦਾ ਗਿਆਨ ਜੋ ਕਿ ਪ੍ਰਮਾਤਮਾ ਨਾਲ ਸੰਬੰਧਿਤ ਹੁੰਦਾ ਹੈ ਗੁਰੂ ਦਾ ਪ੍ਰਮਾਤਮਾ ਦੀ ਵਡਿਆਈ ਬਾਰੇ ਪ੍ਰਤੱਖ ਗਿਆਨ ਹੁੰਦਾ ਹੈ। ਇਸ ਗਿਆਨ ਵਿਚ ਸ਼ੱਕ, ਅਟਕਲਾਂ ਕੇਵਲ ਕਲਪਨਾਵਾਂ ਆਦਿ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਹ ਗਿਆਨ, ਗੁਰੂ ਦੇ ਪ੍ਰਮਾਤਮਾ ਦੀ ਸੱਚਾਈ, ਪ੍ਰਮਾਤਮਾ ਦੀ ਵਡਿਆਈ ਬਾਰੇ ਪ੍ਰਤੱਖ ਅਨੁਭਵ 'ਤੇ ਆਧਾਰਿਤ ਹੁੰਦੇ ਹਨ ਅਤੇ ਇਸ ਤਰ੍ਹਾਂ ਗੁਰੂ ਦੇ ਪਰਿਪੂਰਨ ਪ੍ਰਮਾਤਮਾ ਬਾਰੇ ਦ੍ਰਿੜ ਵਿਸ਼ਵਾਸ ਹੁੰਦਾ ਹੈ।

ਉਪਦੇਸ਼ ਨੰਬਰ 238

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੬੦ 'ਤੇ ਦਰਜ਼, ਗੁਰੂ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਵੱਡੀ ਵਡਿਆਈ ਹੁੰਦੀ ਹੈ ਉਹ ਪ੍ਰਮਾਤਮਾ ਦਾ ਡੂੰਘਾ ਸਤਿਕਾਰ ਅਤੇ ਭਗਤੀ ਕਰਦਾ ਹੈ

ਪ੍ਰਮਾਤਮਾ ਦੀ ਭਗਤੀ ਸਾਰੇ ਡਰ ਭਜਾ ਦਿੰਦੀ ਹੈ। ਪ੍ਰਮਾਤਮਾ ਆਪਣੇ ਸੇਵਕ ਦੀ ਮਦਦ ਕਰਨ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਤੋਂ ਬਗੈਰ, ਮਨੁੱਖ ਹਮੇਸ਼ਾ ਡਰ ਵਿਚ ਜਕੜਿਆ ਰਹਿੰਦਾ ਹੈ ਅਤੇ ਮਨੁੱਖ ਨੂੰ ਪਤਾ ਨਹੀਂ ਲੱਗਦਾ ਕਿ ਮਦਦ ਲਈ ਉਹ ਕਿਸ ਨੂੰ ਬੇਨਤੀ ਕਰੇ। ਪ੍ਰਮਾਤਮਾ ਆਪਣੇ ਸੇਵਕ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਕਦੇ ਨਹੀਂ ਥੱਕਦਾ।

ਮਨੁੱਖ ਨੂੰ ਆਪਣੇ ਰਾਖੇ ਦੀ ਭਗਤੀ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ। ਪ੍ਰਮਾਤਮਾ ਦਾ ਨਾਮ ਸਿਮਰਨ, ਦੁੱਖਾਂ ਅਤੇ ਮੋਹ ਦੇ ਸਮੁੰਦਰ ਵਿਚੋਂ ਸਹਿਜੇ ਪਾਰ ਲੰਘਾ ਦਿੰਦਾ ਹੈ।

ਉਸ ਦਿਆਲੂ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਪਦਾਰਥਾਂ ਦੇ ਮੋਹ ਅਤੇ ਦੁੱਖਾਂ ਦੇ ਸਮੁੰਦਰ ਵਿੱਚੋਂ ਪਾਰ ਨਿਕਲ ਪਾਉਂਦਾ ਹੈ। ਦਿਆਲੂ ਪ੍ਰਮਾਤਮਾ ਦਾ ਸੇਵਕ ਉਸ ਪ੍ਰਤੀ ਅਥਾਹ ਸ਼ਰਧਾ ਰੱਖਦਾ ਹੈ। ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਸਰਬ-ਵਿਆਪਕ ਹੈ। ਉਸ ਨੂੰ ਕੋਈ ਮਾਰ ਨਹੀਂ ਸਕਦਾ। ਕੇਵਲ ਉਹੋ ਹੀ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਜਿਸ ਪ੍ਰਤੀ ਉਹ ਦਿਆਲ ਹੁੰਦਾ ਹੈ।

ਸੇਵਕ ਦੀ ਤੀਬਰ ਇੱਛਾ ਹੁੰਦੀ ਹੈ ਕਿ ਉਹ ਹਮੇਸ਼ਾ ਪ੍ਰਮਾਤਮਾ ਦੀ ਭਗਤੀ ਵਿਚ ਜੁੜਿਆ ਰਹੇ। ਇਸ ਇੱਛਾ ਦੀ ਪੂਰਤੀ ਲਈ ਉਹ ਪ੍ਰਮਾਤਮਾ ਦੀ ਮਿਹਰ ਮੰਗਦਾ ਹੈ। ਇਸ ਮਾਮਲੇ ਵਿਚ ਸੇਵਕ ਕਿਸੇ ਹੋਰ ਕੋਲੋਂ ਮਦਦ ਨਹੀਂ ਮੰਗਦਾ। ਸ਼ਰਧਾਲੂ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਕਿਸੇ ਹੋਰ ਕੋਲੋਂ ਨਹੀਂ ਮੰਗਦਾ। ਸੇਵਕ ਪ੍ਰਮਾਤਮਾ ਪ੍ਰਤੀ ਸ਼ੁਕਰਗੁਜਾਰ ਹੁੰਦਾ ਹੈ। ਪ੍ਰਮਾਤਮਾ, ਸ਼ਰਧਾਲੂ ਕੋਲੋਂ ਹਰ ਪਲ ਸਿਫ਼ਤ-ਸਾਲਾਹ ਲੈਂਦਾ ਹੈ।

ਨੋਟ :—ਸ਼ਬਦਾਂ ਦੀਆਂ ਅਸਲੀ ਪੰਕਤੀਆਂ ਦਾ ਅਨੁਵਾਦ ਕਰਦਿਆਂ, ਅਸੀਂ ਆਮ ਤੌਰ 'ਤੇ, ਗੁਰੂ ਨਾਨਕ ਦੇਵ ਜੀ ਦੀ ਥਾਂ 'ਤੇ ਸੇਵਕ ਸ਼ਬਦ ਵਜੋਂ ਵਰਤਿਆ ਹੈ। ਇਹ ਇਸ ਲਈ ਹੈ, ਕਿਉਂਕਿ ਗੁਰੂ ਆਪਣੇ ਸਿੱਖ ਦੀ ਹੌਂਸਲਾ-ਅਫ਼ਜ਼ਾਈ, ਪ੍ਰੇਰਿਤ, ਮਾਰਗ-ਦਰਸ਼ਨ ਅਤੇ ਮਿਹਰ ਕਰਦਾ ਹੈ। ਗੁਰੂ ਦੀਆਂ ਪੰਕਤੀਆਂ ਉਸ ਦੇ ਗੰਭੀਰ ਸਰੋਤਾ ਲਈ ਹਨ।

ਉਪਦੇਸ਼ ਨੰਬਰ 239

ਭਗਤ ਕਬੀਰ ਜੀ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੫੬ 'ਤੇ ਦਰਜ਼ ਪ੍ਰਮਾਤਮਾ ਦੇ ਸੇਵਕ ਦਾ, ਉਸ ਨਾਲ ਖੁੱਲ੍ਹਾ ਅਤੇ ਨਜ਼ਦੀਕੀ ਰਿਸ਼ਤਾ ਹੁੰਦਾ ਹੈ

ਸੇਵਕ ਆਪਣੀਆਂ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਲਈ ਪ੍ਰਮਾਤਮਾ ਕੋਲੋਂ ਮੰਗ ਕਰਦਾ ਹੈ। ਵਰਨਾ, ਉਹ ਮਾਲਾ, ਪ੍ਰਮਾਤਮਾ ਨੂੰ ਵਾਪਿਸ ਕਰਨਾ ਚਾਹੇਗਾ, ਭਾਵ ਸ਼ਰਧਾਲੂ ਭੁੱਖ ਅਤੇ ਬੇਆਰਾਮੀ ਨਹੀਂ ਝੇਲਣਾ ਚਾਹੁੰਦਾ। (ਭੁੱਖ ਅਤੇ ਬੇਅਰਾਮੀ ਮਨ ਉੱਪਰ ਅਸਰ ਕਰਦੇ ਹਨ। ਨਹੀਂ ਤਾਂ, ਹੱਥ ਵਿਚ ਮਾਲਾ ਫੜ ਕੇ, ਆਪਣੀ ਧਾਰਮਿਕਤਾ ਦਾ ਦੁਨੀਆਂ ਨੂੰ ਦਿਖਾਵਾ ਕਰਨ ਦਾ ਬਹਾਨਾ ਕਰਨ ਦਾ ਕੋਈ ਲਾਭ ਨਹੀਂ) ਸੇਵਕ ਆਪਣੇ ਆਪ ਨੂੰ ਪ੍ਰਮਾਤਮਾ ਦਾ ਨਿਮਾਣਿਆਂ ਤੋਂ ਨਿਮਾਣਾ ਭਗਤ ਮੰਨਦਾ ਹੈ। ਦੂਸਰੇ ਲੋਕਾਂ ਨਾਲ ਆਪਣੇ ਸੰਬੰਧਾਂ ਵਿਚ ਉਹ ਸੱਚਾਈ ਅਤੇ ਇਮਾਨਦਾਰੀ ਨਾਲ ਵਿਵਹਾਰ ਕਰਦਾ ਹੈ।

ਭਗਤ, ਪ੍ਰਮਾਤਮਾ ਨਾਲ ਇਹੋ ਜਿਹਾ ਰਿਸ਼ਤਾ ਰੱਖਣਾ ਚਾਹੁੰਦਾ ਹੈ, ਜਿਸ ਵਿਚ ਉਹ ਜਦੋਂ ਲੋੜ ਪਵੇ, ਉਸ ਦੀ ਮਦਦ ਲੈ ਸਕੇ। ਪ੍ਰਮਾਤਮਾ ਦੀ ਭਗਤੀ ਕਰਨ ਲਈ ਮਨੁੱਖ ਨੂੰ ਅੱਗੇ ਲਿਖੀਆਂ ਚੀਜ਼ਾਂ ਦੀ ਰੋਜ਼ਾਨਾ ਲੋੜ ਹੁੰਦੀ ਹੈ :

✡ ਕਣਕ ਦਾ ਆਟਾ

✡ ਘਿਉ ਜਾਂ ਮੱਖਣ

✡ ਨਮਕ

✡ ਫਲੀਆਂ

ਸ਼ਰਧਾਲੂਆਂ ਨੂੰ ਇਹਨਾਂ ਦੀ ਵੀ ਲੋੜ ਹੁੰਦੀ ਹੈ :

✡ ਬਿਸਤਰਾ

✡ ਸਿਰਹਾਣਾ

✡ ਚੱਦਰਾਂ

✡ ਰਜਾਈ

ਉਪਰੋਕਤ ਚੀਜ਼ਾਂ ਪ੍ਰਾਪਤ ਕਰਨ ਤੋਂ ਬਾਅਦ ਮਨੁੱਖ ਉਤਸ਼ਾਹ ਨਾਲ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਉਪਰੋਕਤ ਚੀਜ਼ਾਂ ਦੀ ਮੰਗ ਕਰਕੇ ਸ਼ਰਧਾਲੂ ਨੇ ਪ੍ਰਮਾਤਮਾ ਤੋਂ ਕੋਈ ਰਿਆਇਤ ਦੀ ਮੰਗ ਨਹੀਂ ਕੀਤੀ, ਬਲਕਿ ਇਸ ਲਈ ਮੰਗ ਕੀਤੀ ਹੈ ਤਾਂ ਕਿ ਉਹ ਪ੍ਰਮਾਤਮਾ ਦੀ ਭਗਤੀ ਦੇ ਕਾਬਿਲ ਹੋ ਸਕੇ। ਭਗਤ ਕਬੀਰ ਦਾ ਮਨ, ਪ੍ਰਮਾਤਮਾ ਦੇ ਸਿਮਰਨ ਵਿਚ ਲੀਨ ਹੈ। ਉਸ ਦੇ ਸਿਮਰਨ ਦੀ ਤਾਕਤ ਉਸ ਨੂੰ ਪ੍ਰਮਾਤਮਾ ਨੂੰ ਉਸ ਦੇ ਰੂਪ ਵਿਚ ਦੇਖਣ ਵਿਚ ਮਦਦ ਕਰਦੀ ਹੈ।

ਨੋਟ :—ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ, ਪ੍ਰਮਾਤਮਾ ਦਾ ਭਗਤ ਏਨੀ ਗਹਿਰਾਈ ਨਾਲ ਉਸ ਦੇ ਸਿਮਰਨ ਵਿਚ ਲੀਨ ਹੈ ਕਿ ਉਹ ਬਹੁਤ ਹੀ ਸਾਦਾ ਜੀਵਨ ਜਿਉਣ ਦਾ ਇੱਛੁਕ ਹੈ। ਉਸ ਦੇ ਜੀਵਨ ਦਾ ਉਦੇਸ਼ ਪ੍ਰਮਾਤਮਾ ਦੀ ਭਗਤੀ ਹੈ। ਉਹ ਸੱਚਾ ਹੈ ਅਤੇ ਪ੍ਰਮਾਤਮਾ ਦੀ ਭਗਤੀ ਵਿਚ ਪਾਖੰਡ ਵਿਖਾਵਾ ਨਹੀਂ।

ਉਪਦੇਸ਼ ਨੰਬਰ 240

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੧੧ 'ਤੇ ਦਰਜ਼ ਗੁਰੂ ਦੀ ਸਿੱਖਿਆ ਦਾ ਸਾਰ ਉਪਦੇਸ਼ : ਪ੍ਰਮਾਤਮਾ ਦਾ ਨਾਮ ਸਿਮਰੋ, ਕਿਉਂਕਿ ਇਹੋ ਹੀ ਸਭ ਤੋਂ ਪਵਿੱਤਰ ਸੱਚਾਈ ਹੈ

ਗੁਰੂ ਦੇ ਗਿਆਨ ਦਾ ਸਾਰ ਉਪਦੇਸ਼ ਇਹ ਹੈ ਕਿ ਸੇਵਕ ਨੂੰ, ਪ੍ਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ, ਕਿਉਂਕਿ ਇਹੋ ਹੀ ਸਭ ਤੋਂ ਪਵਿੱਤਰ ਸੱਚਾਈ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਲੀਨ ਹੋਣ ਨਾਲ, ਪਿਛਲੇ ਸਾਰੇ ਪਾਪਾਂ ਦਾ ਪ੍ਰਭਾਵ ਇਕ ਪਲ ਵਿਚ ਸਮਾਪਤ ਹੋ ਜਾਂਦਾ ਹੈ। ਸੇਵਕ ਸਫਲਤਾ ਪੂਰਵਕ ਮੋਹ-ਮਾਇਆ ਦੇ ਸਮੁੰਦਰ ਵਿੱਚੋਂ ਪਾਰ

ਨਿਕਲ ਜਾਂਦਾ ਹੈ। ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਹਾਸਿਲ ਕਰਦਾ ਹੈ।

ਗੁਰੂ ਦੇ ਬ੍ਰਹਮ ਗਿਆਨ ਦੀ ਪੂਰੀ ਸਮਝ ਪ੍ਰਾਪਤ ਕਰਕੇ, ਸੇਵਕ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਗ੍ਰਹਿਣ ਕਰਦਾ ਹੈ। ਉਸ ਦਾ ਮਨ ਪੂਰਨ ਸਬਰ-ਸੰਤੋਖ ਪ੍ਰਾਪਤ ਕਰਦਾ ਹੈ।

ਗੁਰੂ ਦਾ ਸਿੱਖ ਮੁਕਤੀ ਪਾਉਂਦਾ ਹੈ, ਅਧਿਆਤਮਿਕ ਆਨੰਦ ਮਾਣਦਾ ਹੈ ਅਤੇ ਜੀਵਨ ਜਿਉਣ ਲਈ ਸਹੀ ਮਾਰਗ 'ਤੇ ਚੱਲਦਾ ਹੈ। ਉਹ, ਉਸ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ, ਜੋ ਆਪਣੇ ਸੇਵਕ ਉੱਪਰ ਦਾਤਾਂ ਦੀ ਮਿਹਰ ਕਰਦਾ ਹੈ। ਉਹ ਪਰਿਪੂਰਨ ਪ੍ਰਮਾਤਮਾ ਸਾਰੇ ਮਸਲੇ ਹੱਲ ਕਰਦਾ ਹੈ ਅਤੇ ਸੇਵਕ ਉੱਪਰ ਆਪਣੀ ਭਗਤੀ ਦੀ ਮਿਹਰ ਕਰਦਾ ਹੈ।

ਗੁਰੂ ਦਾ ਸਿੱਖ, ਪ੍ਰਮਾਤਮਾ ਦਾ ਸੇਵਕ, ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਸੁਣ ਕੇ, ਉਸ ਦੀ ਸਿਫ਼ਤ-ਸਾਲਾਹਿ ਗਾ ਕੇ ਅਤੇ ਉਸ ਦੇ ਨਾਮ 'ਤੇ ਸੋਚ ਵਿਚਾਰ ਕਰਦਿਆਂ, ਉਸ ਦੀ ਭਗਤੀ ਕਰਦਾ ਹੈ। ਸੰਸਾਰ ਵਿਚ ਹਰ ਚੀਜ਼ ਦੀ ਮੌਜੂਦਗੀ ਦਾ ਕਾਰਣ ਪ੍ਰਮਾਤਮਾ ਹੈ। ਉਹ ਸਰਬ-ਸ਼ਕਤੀਮਾਨ ਹੈ। ਉਹ ਸਭਨਾਂ ਦਾ ਪਾਲਣਹਾਰ ਹੈ। ਪ੍ਰਮਾਤਮਾ ਦੇ ਹੁਕਮ ਤੋਂ ਬਿਨਾਂ ਕਿਸੇ ਚੀਜ਼ ਦੀ ਹੋਂਦ ਨਹੀਂ ਹੈ।

ਸੇਵਕ ਇਹ ਆਪਣਾ ਵਡਭਾਗ ਮੰਨਦਾ ਹੈ ਕਿ ਉਸ ਨੂੰ ਮਨੁੱਖਾ ਜਨਮ ਮਿਲਿਆ ਹੈ। ਸਾਰੀ ਸ੍ਰਿਸ਼ਟੀ ਵਿਚ ਮਨੁੱਖਾ ਜਨਮ ਹੀ ਸਭ ਤੋਂ ਉੱਤਮ ਹੈ। ਇਹ ਮਨੁੱਖ ਨੂੰ, ਦਿਆਲੂ ਪ੍ਰਮਾਤਮਾ ਦੀ ਮਿਹਰ ਪਾਉਣ ਦਾ ਮੌਕਾ ਦਿੰਦਾ ਹੈ, ਤਾਂ ਕਿ ਉਹ ਪ੍ਰਮਾਤਮਾ ਦੇ ਬਾਕੀ ਹੋਰ ਸੇਵਕਾਂ ਦੇ ਨਾਲ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾ ਸਕੇ। ਸੇਵਕ ਸਾਰੀ ਸ੍ਰਿਸ਼ਟੀ ਦੇ ਪਾਲਨਹਾਰ ਨੂੰ, ਉਸ ਦੇ ਧਿਆਨ ਵਿਚ ਲੱਗਣ ਦੀ ਮਿਹਰ ਲਈ ਅਰਜ਼ੋਈ ਕਰਦਾ ਹੈ।

ਉਪਦੇਸ਼ ਨੰਬਰ 241

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੩੬ 'ਤੇ ਦਰਜ਼ ਪ੍ਰਮਾਤਮਾ ਦੀ ਸਾਰੀ ਸ੍ਰਿਸ਼ਟੀ ਉੱਤੇ ਪ੍ਰਭੁਤਾ ਨੂੰ ਮੰਨ ਕੇ ਹੀ, ਉਸ ਦੀ ਭਗਤੀ ਸੰਭਵ ਹੈ

ਉਹ ਮਨੁੱਖ, ਜੋ ਪ੍ਰਮਾਤਮਾ ਦੇ ਭਗਤਾਂ ਦੇ ਨਾਲ ਸੰਗਤ ਕਰਦੇ ਹਨ, ਉਹ ਵੀ ਪ੍ਰਮਾਤਮਾ ਵੱਲੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਪ੍ਰਮਾਤਮਾ ਦਾ ਭਗਤ, ਜੋ ਕਿ ਪ੍ਰਭੂ ਦਾ ਨਾਮ ਅੰਮ੍ਰਿਤ ਗ੍ਰਹਿਣ ਕਰਦਾ ਹੈ। ਸੰਸਾਰ ਦੇ ਮੋਹ ਕਾਰਣ ਦੁੱਖ ਨਹੀਂ ਭੋਗਦਾ। ਅਹੰਕਾਰ ਦੇ ਬੋਝ ਨਾਲ ਲੱਦੇ ਹੋਏ ਲੋਕ, ਮੋਹ-ਮਾਇਆ ਦਾ ਸਾਗਰ ਪਾਰ ਕਰਨ ਦੇ ਕਾਬਿਲ ਨਹੀਂ ਹੁੰਦੇ। ਪ੍ਰਮਾਤਮਾ ਦੀ ਮਿਹਰ ਸਦਕਾ ਹੀ ਮਨੁੱਖ ਸਮੁੰਦਰ ਵਿਚ ਡੁੱਬਣੋਂ ਬਚ ਜਾਂਦਾ ਹੈ।

ਪ੍ਰਮਾਤਮਾ ਦਾ ਨਾਮ ਸਿਮਰਨ ਬੇੜੀ ਵਾਂਗ ਬਚਾਉਂਦਾ ਹੈ। ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਗੈਰ, ਮਨੁੱਖ ਡਰਦਾ ਰਹਿੰਦਾ ਹੈ ਅਤੇ ਮੋਹ-ਮਾਇਆ ਦੇ ਸਮੁੰਦਰ ਦੇ ਵਿਚਕਾਰ ਡੁੱਬਦਾ ਹੈ। ਸੇਵਕ ਪ੍ਰਮਾਤਮਾ ਦੀ ਦਿਲੋਂ ਭਗਤੀ ਕਰਦਾ ਹੈ, ਜੋ ਪ੍ਰਸ਼ੰਸਾ ਦੇ ਕਾਬਿਲ ਹੈ। ਉਹ ਮਨੁੱਖ ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਸੱਚਮੁੱਚ ਨੇਕ ਹੁੰਦੇ ਹਨ। ਉਹ ਪ੍ਰਮਾਤਮਾ ਨੂੰ ਧਿਆਉਂਦੇ ਹਨ, ਕਿਉਂਕਿ ਉਹ ਗੁਰੂ ਦੇ ਗਿਆਨ ਦੀ ਕਦਰ ਕਰਦੇ ਹਨ। ਉਹਨਾਂ ਦੀ ਸੰਗਤ ਕਰਕੇ, ਮਨੁੱਖ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਗ੍ਰਹਿਣ ਕਰਦਾ ਹੈ ਅਤੇ ਇੰਜ ਮਨੁੱਖੀ ਜੀਵਨ ਦੇ ਮੁੱਖ ਵਿਚ ਸਫਲ ਹੁੰਦੇ ਹਨ।

ਪ੍ਰਮਾਤਮਾ ਦੀ ਸਾਰੀ ਸ੍ਰਿਸ਼ਟੀ ਉੱਪਰ ਪ੍ਰਭੁਤਾ ਨੂੰ ਮੰਨ ਕੇ ਅਤੇ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਨੂੰ ਸਿਮਰ ਕੇ, ਮਨੁੱਖ ਉਸ ਰਸਤੇ ਤੋਂ ਸੁਰੱਖਿਅਤ ਕਰ ਲੈਂਦਾ ਹੈ ਜਿੱਥੇ ਦੈਵੀ ਨਿਆਂ ਦੇ ਦੂਤ ਹਰ ਕਿਸੇ ਕੋਲੋਂ ਉਸ ਦੇ ਸੰਸਾਰ ਵਿਚ ਕੀਤੇ ਚੰਗੇ-ਮਾੜੇ ਕਰਮਾਂ ਦਾ ਹਿਸਾਬ ਮੰਗਦੇ ਹਨ। ਗੁਰੂ ਦੀ ਸਿੱਖਿਆ ਤੋਂ ਬਗੈਰ, ਪ੍ਰਮਾਤਮਾ ਦੀ ਸਾਰੀ ਸ੍ਰਿਸ਼ਟੀ 'ਤੇ ਸਰਵਉੱਚਤਾ ਨੂੰ ਸਵੀਕਾਰ ਕਰਨਾ ਅਸੰਭਵ ਹੈ। ਸਦਾ ਸਦਾ ਸਰਵਉੱਚ ਪ੍ਰਮਾਤਮਾ, ਸਦੀਵੀ ਕਾਇਮ ਰਹਿਣ ਵਾਲੀਆਂ ਸ਼ਕਤੀਆਂ ਦੀ ਵਰਤੋਂ ਕਰਦਾ ਹੈ।

ਪ੍ਰਮਾਤਮਾ ਦੀ ਰਜ਼ਾ ਸਰਵਉੱਚ ਹੁੰਦੀ ਹੈ। ਪ੍ਰਮਾਤਮਾ ਦੇ ਹੁਕਮ ਨਾਲ ਹੀ ਜੀਵ ਗਰਭ ਵਿਚ ਆਉਂਦਾ ਤੇ ਜਨਮ ਲੈਂਦਾ ਹੈ। ਜੀਵਨ ਦਾ ਸਫ਼ਰ, ਸਨਮਾਨ ਪੂਰਬਕ ਸਮਾਪਤ ਕਰਨ ਤੇ, ਗੁਰੂ ਦੇ ਸਿੱਖ, ਪ੍ਰਮਾਤਮਾ ਦੀ ਹਜ਼ੂਰੀ ਵਿਚ ਆਦਰ ਪਾਉਂਦੇ ਹਨ।

ਅਹੰਕਾਰੀ ਮਨੁੱਖ ਜੋ ਗੁਰੂ ਦੀ ਸਿੱਖਿਆ ਤੋਂ ਅਨਜਾਣ ਰਹਿੰਦਾ ਹੈ। ਪ੍ਰਮਾਤਮਾ ਦੇ ਹੁਕਮ ਅਨੁਸਾਰ ਪ੍ਰਮਾਤਮਾ ਦੀ ਭਗਤੀ ਤੋਂ ਸੱਖਣਾ ਰਹਿੰਦਾ ਹੈ, ਇਸ ਸੰਸਾਰ ਵਿਚ ਆਉਂਦਾ ਹੈ, ਸੰਸਾਰ ਨੂੰ ਛੱਡ ਦਿੰਦਾ ਹੈ, ਜੀਵਨ ਵਿਚ ਕੀਤੇ ਕਰਮਾਂ ਦਾ ਹਿਸਾਬ ਦੇਣ ਲਈ ਮਜਬੂਰ ਹੁੰਦਾ ਹੈ ਅਤੇ ਇਸ ਦੀ ਸਜ਼ਾ ਭੁਗਤਦਾ ਹੈ। ਗੁਰੂ ਦਾ ਸਿੱਖ, ਗੁਰੂ ਦੀ ਸਿੱਖਿਆ ਲੈਂਦਾ ਹੈ, ਪ੍ਰਮਾਤਮਾ ਦੀ ਪੂਜਾ ਕਰਦਾ ਹੈ ਅਤੇ ਪ੍ਰਮਾਤਮਾ ਵੱਲੋਂ ਆਦਰ ਪਾਉਂਦਾ ਹੈ।

ਇਹ ਪ੍ਰਮਾਤਮਾ ਦਾ ਹੀ ਹੁਕਮ ਹੁੰਦਾ ਹੈ ਕਿ ਸੰਸਾਰ ਵਿਚ ਅਹੰਕਾਰ ਹੈ, ਆਪਸੀ ਫੁੱਟ ਹੈ ਅਤੇ ਫਜ਼ੂਲ ਦੀ ਬਹਿਸ-ਬਾਜ਼ੀ ਹੈ। ਇਹ ਪ੍ਰਮਾਤਮਾ ਦਾ ਹੀ ਹੁਕਮ ਹੁੰਦਾ ਹੈ ਕਿ ਮਾੜੇ ਕਰਮਾਂ ਕਾਰਣ ਜਨਮ ਮਰਨ ਦਾ ਚੱਕਰ ਹੁੰਦਾ ਹੈ, ਸਜ਼ਾ ਹੁੰਦੀ ਹੈ ਅਤੇ ਦੁੱਖ ਹੁੰਦਾ ਹੈ। ਜੇ ਪ੍ਰਮਾਤਮਾ ਦੇ ਹੁਕਮ ਨੂੰ ਖਿੜੇ ਮੱਥੇ ਮੰਨਿਆ ਜਾਵੇ, ਤਾਂ ਫਿਰ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਦੀ ਦਾਤ ਪ੍ਰਾਪਤ ਹੁੰਦੀ ਹੈ। ਮਨੁੱਖ, ਪ੍ਰਮਾਤਮਾ ਵੱਲੋਂ ਪਹਿਚਾਨਿਆ ਜਾਂਦਾ ਹੈ।

ਪ੍ਰਮਾਤਮਾ ਦੀ ਭਗਤੀ ਕਰਨੀ ਆਸਾਨ ਨਹੀਂ ਹੈ। ਉਹ ਮਨੁੱਖ, ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਭਾਰੀ ਪ੍ਰਸ਼ੰਸਾ ਅਤੇ ਆਦਰ ਦੇ ਹੱਕਦਾਰ ਹਨ। ਸਬਰ-ਸੰਤੋਖ ਵਾਲੇ ਮਨੁੱਖਾਂ ਨੂੰ ਹੀ ਭਗਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਦੀ ਮਿਹਰ ਨਾਲ, ਉਹ ਪ੍ਰਮਾਤਮਾ ਨਾਲ ਮਿਲਾਪ ਦਾ ਅਹਿਸਾਸ ਕਰਦੇ ਹਨ। ਜੇ ਕੋਈ ਮਨੁੱਖ ਸ਼ਰਧਾ ਨਾਲ

ਪ੍ਰਮਾਤਮਾ ਦਾ ਨਾਮ ਸਿਮਰਨ ਕਰਦਾ ਹੈ ਅਤੇ ਪ੍ਰਮਾਤਮਾ ਦੇ ਅਦਭੁੱਤ ਗੁਣਾਂ 'ਤੇ ਵਿਚਾਰ ਕਰਦਾ ਹੈ, ਫਿਰ ਅਜਿਹਾ ਸੇਵਕ ਗੁਰੂ ਦੇ ਸਤਿਕਾਰ ਅਤੇ ਪ੍ਰਸ਼ੰਸਾ ਦਾ ਹੱਕਦਾਰ ਹੁੰਦਾ ਹੈ, ਕਿਉਂਕਿ ਉਸ ਦਾ ਸਿਮਰਨ ਦਿਲੋਂ ਅਤੇ ਗਹਿਰਾਈ ਵਾਲਾ ਹੁੰਦਾ ਹੈ।

ਉਪਦੇਸ਼ ਨੰਬਰ 242

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੨੭ 'ਤੇ ਦਰਜ਼

ਨੋਟ :—ਅਨੁਵਾਦ ਲਈ ਉਪਦੇਸ਼ ਨੰਬਰ 11 ਦੇਖੋ

ਉਪਦੇਸ਼ ਨੰਬਰ 243

ਚੌਥੀ ਪਾਤਿਸ਼ਾਹੀ, ਗੁਰੂ ਰਾਮਦਾਸ ਜੀ ਦੇ ਸ਼ਬਦ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੯੬ 'ਤੇ ਦਰਜ਼
ਗੁਰੂ ਦਾ ਆਸ਼ੀਰਵਾਦ ਅਤੇ ਸਿੱਖਿਆਵਾਂ ਮਨ ਨੂੰ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਬਖਸ਼ਦੀਆਂ ਹਨ ਅਤੇ ਇਸ ਨੂੰ ਪਵਿੱਤਰ ਬਣਾਉਂਦੀਆਂ ਹਨ

ਗੁਰੂ ਦਾ ਆਸ਼ੀਰਵਾਦ ਅਤੇ ਸਿੱਖਿਆਵਾਂ ਮਨ ਨੂੰ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਬਖਸ਼ਦੀਆਂ ਹਨ। ਪ੍ਰਮਾਤਮਾ ਦਾ ਨਾਮ, ਕਈ ਜਨਮਾਂ ਦੇ ਇਕੱਤਰ ਹੋਏ ਪਾਪਾਂ ਦੇ ਪ੍ਰਭਾਵ ਦਾ ਨਾਸ਼ ਕਰਕੇ, ਮਨ ਪਵਿੱਤਰ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਮਨੁੱਖ ਨੂੰ ਹਰ ਤਰ੍ਹਾਂ ਦੇ ਦਾਤਾਂ ਦੀ ਬਖਸ਼ਿਸ਼ ਕਰਦੀ ਹੈ। ਪੂਰਨ ਗੁਰੂ, ਪ੍ਰਮਾਤਮਾ ਦਾ ਨਾਮ ਪੂਰੀ ਤਰ੍ਹਾਂ ਮਨ ਵਿਚ ਵਸਾਉਂਦਾ ਹੈ। ਨਹੀਂ ਤਾਂ ਮਨੁੱਖ ਵਿਅਰਥ ਹੀ ਜੀਵਨ ਗੁਆ ਦਿੰਦਾ ਹੈ।

ਪਤਿਤ ਮਨੁੱਖ ਮੂਰਖਾਨਾਂ ਵਿਵਹਾਰ ਵਿਚ ਉਲਝੇ ਰਹਿੰਦੇ ਹਨ। ਉਹ ਝੂਠ ਵਿਚ ਫਸੇ ਹੁੰਦੇ ਹਨ। ਉਹ ਸੰਤਾਂ ਦਾ ਸਤਿਕਾਰ ਨਹੀਂ ਕਰਦੇ। ਉਹ ਆਪਣਾ ਕੀਮਤੀ ਜੀਵਨ ਬਰਬਾਦ ਕਰ ਲੈਂਦੇ ਹਨ। ਉਹ ਮਨੁੱਖ, ਜੋ ਸੰਤਾਂ ਦਾ ਆਦਰ ਕਰਦੇ ਹਨ, ਸਫਲ ਜੀਵਨ ਗੁਜ਼ਾਰਦੇ ਹਨ। ਪ੍ਰਮਾਤਮਾ ਦਾ ਸੇਵਕ ਉਸ ਦੀ ਮਿਹਰ ਮੰਗਦਾ ਹੈ ਅਤੇ ਉਸ ਅੰਦਰ ਸੰਤਾਂ ਪ੍ਰਤੀ ਆਦਰ ਭਾਵ ਦੀ ਭਾਵਨਾ ਦੀ ਬਖਸ਼ਿਸ਼ ਕਰਨ ਦੀ ਅਰਜ਼ੋਈ ਕਰਦਾ ਹੈ।

ਸੱਚ ਦਾ ਖੋਜੀ—ਪ੍ਰਮਾਤਮਾ ਦਾ ਸ਼ਰਧਾਲੂ, ਇਹ ਸਮਝਦਾ ਹੈ ਕਿ ਉਸ ਨੂੰ ਬ੍ਰਹਮ ਗਿਆਨ ਦੀ ਬਿਲਕੁਲ ਹੀ ਸਮਝ ਨਹੀਂ ਹੈ। ਬਹੁਤ ਹੀ ਨਿਮਾਣਾ ਹੋ ਕੇ, ਉਹ ਗੁਰੂ ਕੋਲੋਂ ਸਿੱਖਿਆ ਹਾਸਿਲ ਕਰਨ ਆਉਂਦਾ ਹੈ। ਉਹ ਪ੍ਰਮਾਤਮਾ ਅੱਗੇ ਗੁਰੂ ਦੀ ਸ਼ਰਨ (ਅਗਵਾਈ) ਦੀ ਦਾਤ ਮੰਗਦਾ ਹੈ ਜੋ ਕਿ ਉਸ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਅਤੇ ਉਸ ਨਾਲ ਮਿਲਾਪ ਦੇ ਕਾਬਿਲ ਬਣਾ ਦੇਵੇ।

ਉਪਦੇਸ਼ ਨੰਬਰ 244
ਚੌਥੀ ਪਾਤਿਸ਼ਾਹੀ, ਗੁਰੂ ਰਾਮਦਾਸ ਜੀ ਦਾ ਸ਼ਬਦ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੭੦ 'ਤੇ ਦਰਜ਼
ਗੁਰਮੁਖ ਅਤੇ ਮਨਮੁਖ ਦੋਨੋਂ ਹੀ
ਪ੍ਰਮਾਤਮਾ ਦੇ ਆਗਿਆਕਾਰੀ ਅਤੇ ਉਸ ਦੇ ਅਧੀਨ ਹਨ

ਸੱਚੇ ਪਾਤਸ਼ਾਹ ਵਾਹਿਗੁਰੂ ਦਾ ਸੇਵਕ ਕੇਵਲ ਉਸ ਦੇ ਮਿਲਾਪ ਨਾਲ ਹੀ ਖ਼ੁਸ਼ ਅਤੇ ਸ਼ਾਂਤ-ਚਿੱਤ ਹੁੰਦਾ ਹੈ। ਵਾਹਿਗੁਰੂ ਪਾਤਸ਼ਾਹ ਆਪਣੇ ਸੇਵਕ ਦੀ ਆਪਣੇ ਨਾਲ ਮਿਲਾਪ ਦੀ ਤੀਬਰ ਇੱਛਾ ਜਾਣਦਾ ਹੈ। ਪਾਤਸ਼ਾਹ ਤੋਂ ਇਲਾਵਾ, ਕੋਈ ਹੋਰ, ਇਸ ਇੱਛਾ ਦੀ ਗਹਿਰਾਈ ਨਹੀਂ ਮਾਪ ਸਕਦਾ।

ਵਾਹਿਗੁਰੂ ਦੀ ਵਡਿਆਈ ਸਦੀਵੀ ਸੱਚੀ ਹੈ। ਪਾਤਸ਼ਾਹ ਦੇ ਕਰਮਾਂ ਵਿਚ, ਕੋਈ ਵੀ, ਕਦੀ ਵੀ ਨੁਕਸ ਨਹੀਂ ਲੱਭ ਸਕਦਾ। ਪਾਤਸ਼ਾਹ ਦੇ ਕਰਮ ਸਦੀਵੀ ਸੱਚੇ ਹੁੰਦੇ ਹਨ। ਵਾਹਿਗੁਰੂ ਪਾਤਸ਼ਾਹ ਹੀ ਸਭ ਕੁੱਛ ਹੈ। ਵਾਹਿਗੁਰੂ ਪਾਤਸ਼ਾਹ ਦੇ ਬਰਾਬਰ ਅਧਿਕਾਰ ਹੋਰ ਕਿਸੇ ਕੋਲ ਨਹੀਂ ਹਨ। ਇੱਥੋਂ ਤੱਕ ਕਿ ਝੂਠ ਦਾ ਅਨੁਯਾਈ ਵੀ, ਝੂਠ ਦੇ ਮਗਰ ਵਾਹਿਗੁਰੂ ਦੇ ਹੁਕਮ ਨਾਲ ਹੀ ਲੱਗਦਾ ਹੈ। ਕੋਈ ਵੀ ਆਪਣੀ ਮਰਜ਼ੀ ਨਾਲ ਝੂਠ ਦੇ ਮਗਰ ਨਹੀਂ ਲੱਗਦਾ।

ਹਰੇਕ ਮਨੁੱਖ ਉਹੋ ਹੀ ਕਰਦਾ ਹੈ ਜੋ ਵਾਹਿਗੁਰੂ ਦਾ ਹੁਕਮ ਹੁੰਦਾ ਹੈ। ਉਸ ਦਾ ਭਾਣਾ ਸਰਵਉੱਚ ਹੁੰਦਾ ਹੈ। ਸੱਚਾਈ ਤਾਂ ਇਹ ਹੈ ਕਿ ਹਰ ਮਨੁੱਖ ਉਸ ਦਾ ਆਗਿਆਕਾਰੀ ਹੈ। (ਦੂਸਰੀ ਤਰ੍ਹਾਂ ਵਿਸ਼ਵਾਸ ਕਰਨਾ ਮੋਹ ਮਾਇਆ (ਭਰਮ) ਹੈ। ਇਹ ਇਕ ਸੱਚਾਈ ਹੈ ਕਿ ਕਈ ਮਨੁੱਖ ਭਰਮ ਵਿਚ ਵਿਸ਼ਵਾਸ ਕਰਦੇ ਹਨ। ਗੁਰੂ ਇਹ ਸਮਝਾਉਂਦਾ ਹੈ ਕਿ ਮਨੁੱਖ ਭਰਮ ਵਿਚ ਵਿਸ਼ਵਾਸ ਵੀ ਪਾਤਸ਼ਾਹ ਦੇ ਹੁਕਮ ਨਾਲ ਹੀ ਕਰਦਾ ਹੈ) ਹਰ ਕੋਈ ਉਸ ਪਾਤਸ਼ਾਹ ਅੱਗੇ ਭਿਖਾਰੀ ਹੈ। ਉਹ ਹੀ ਸਭਨਾਂ ਦਾ ਦਾਤਾ ਹੈ। ਕੇਵਲ ਉਹੋ ਹੀ ਦੇਣਹਾਰ ਹੈ।

ਪਾਤਸ਼ਾਹ ਦਾ ਸਾਰਿਆਂ 'ਤੇ ਅਧਿਕਾਰ ਹੈ। ਕੋਈ ਵੀ ਉਸ ਦੇ ਰਾਜ ਤੋਂ ਬਾਹਰ ਨਹੀਂ ਹੈ। ਸਾਰਾ ਜੀਵਨ ਪਾਤਸ਼ਾਹ ਨਾਲ ਸੰਬੰਧਿਤ ਹੈ। ਪਾਤਸ਼ਾਹ ਵੀ ਸਾਰਿਆਂ ਨਾਲ ਸੰਬੰਧਿਤ ਹੈ। ਆਖਿਰਕਾਰ, ਸਾਰੀ ਸ੍ਰਿਸ਼ਟੀ ਦਾ ਪਾਤਸ਼ਾਹ ਵਿਚ ਲੀਨ ਹੋ ਜਾਣਾ ਨਿਰਧਾਰਿਤ ਹੈ। ਫਿਰ ਪਾਤਸ਼ਾਹ ਤੋਂ ਇਲਾਵਾ ਹੋਰ ਕੁਛ ਵੀ ਨਹੀਂ ਰਹੇਗਾ।

ਹਰੇਕ ਮਨੁੱਖ ਵਾਹਿਗੁਰੂ ਪਾਤਸ਼ਾਹ ਤੋਂ ਆਸ ਲਗਾਈ ਬੈਠਾ ਹੈ। (ਮਨੁੱਖ ਦੇ ਅਹੰਕਾਰ ਕਾਰਣ ਪੈਦਾ ਹੋਏ ਮੋਹ-ਮਾਇਆ ਅਤੇ ਸਚਾਈ ਤੋਂ ਮੁਨਕਰ ਹੋਣ ਦੇ ਬਾਵਜੂਦ), ਸਾਰੇ ਪ੍ਰਮਾਤਮਾ ਪ੍ਰਤੀ ਆਗਿਆਕਾਰੀ ਅਤੇ ਸਮਰਪਿਤ ਹਨ। ਗੁਰੂ, ਸਦਾ ਕਾਇਮ ਰਹਿਣ ਵਾਲੇ ਪਾਤਸ਼ਾਹ ਅੱਗੇ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਅਤੇ ਉਸ ਦੇ ਹੁਕਮਾਂ ਨੂੰ ਮੰਨਣ ਦੀ ਕ੍ਰਿਪਾ ਦੀ ਅਰਜ਼ੋਈ ਕਰਦਾ ਹੈ।

ਉਪਦੇਸ਼ ਨੰਬਰ 245

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੩੭ 'ਤੇ ਦਰਜ਼ ਪ੍ਰਮਾਤਮਾ ਪ੍ਰਤੀ ਨਿਮਰਤਾ, ਮਨੁੱਖ ਨੂੰ ਉਸ ਦੇ ਅੰਗ-ਸੰਗ ਲੈ ਜਾਂਦੀ ਹੈ, ਅਹੰਕਾਰ ਪ੍ਰਮਾਤਮਾ ਤੋਂ ਦੂਰ ਕਰ ਦਿੰਦਾ ਹੈ

ਉਹ ਮਨੁੱਖ ਸ਼ਲਾਘਾਯੋਗ ਹੈ ਜੋ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ ਅਤੇ ਉਸ ਨੂੰ ਜਿੰਦ-ਜਾਨ ਨਾਲ ਜਾਣਦਾ ਹੈ। ਉਸ ਨੇ ਅਹੰਕਾਰ ਦਾ ਤਿਆਗ ਕਰ ਦਿੱਤਾ ਹੈ। ਉਹ ਹਮੇਸ਼ਾ ਹੀ ਪ੍ਰਮਾਤਮਾ ਦਾ ਆਗਿਆਕਾਰ ਹੈ। ਉਹ ਪ੍ਰਮਾਤਮਾ ਨਾਲ ਮਿਲ ਕੇ ਖ਼ੁਸ਼ੀ ਮਾਣਦਾ ਹੈ।

ਮਨੁੱਖ, ਪ੍ਰਮਾਤਮਾ ਦਾ ਮਿਲਾਪ ਕਿਵੇਂ ਪ੍ਰਾਪਤ ਕਰ ਸਕਦਾ ਹੈ ? ਪ੍ਰਮਾਤਮਾ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਅਤੇ ਜਿਸ ਨੂੰ ਦੂਸਰੇ ਮਨੁੱਖ ਜੀਵਨ ਦੇ ਪ੍ਰਤੀ ਹੋਰ ਚੰਗੇਰਾ ਦ੍ਰਿਸ਼ਟੀਕੋਣ ਬਣਾਉਣ ਵਾਲਾ ਸਮਝਦੇ ਹਨ, ਉਸ ਨੂੰ ਅਣਗੌਲਿਆਂ ਕਰਕੇ (ਨਜ਼ਰ-ਅੰਦਾਜ਼), ਮਨੁੱਖ ਪ੍ਰਮਾਤਮਾ ਨਾਲ ਮਿਲਾਪ ਹਾਸਿਲ ਕਰ ਸਕਦਾ ਹੈ।

ਮਨੁੱਖ, ਪ੍ਰਮਾਤਮਾ ਦੇ ਸੰਤ ਕੋਲੋਂ, ਪ੍ਰਮਾਤਮਾ ਨਾਲ ਮਿਲਾਪ ਬਾਰੇ ਸਿੱਖਿਆ ਗ੍ਰਹਿਣ ਕਰ ਸਕਦਾ ਹੈ। ਇਹ ਸਿੱਖਿਆ, ਜੋ ਪ੍ਰਮਾਤਮਾ ਨੂੰ ਭਾਵੇਂ, ਉਹੀ ਕਰਨ ਦੇ ਵੱਲ ਇਸ਼ਾਰਾ ਕਰਦੀ ਹੈ। ਫਿਰ ਮਨੁੱਖ ਪ੍ਰਮਾਤਮਾ ਨਾਲ ਮੇਲ ਪ੍ਰਾਪਤ ਕਰ ਲੈਂਦਾ ਹੈ।

ਜੇ ਮਨੁੱਖ ਅਹੰਕਾਰੀ ਹੈ, ਤਾਂ ਫਿਰ ਪ੍ਰਮਾਤਮਾ ਨਾਲ ਮਿਲਾਪ ਅਸੰਭਵ ਹੈ ਅਤੇ ਪ੍ਰਮਾਤਮਾ ਨਾਲ ਮਿਲਾਪ ਦਾ ਮੌਕਾ ਗੁਆ ਕੇ, ਮਨੁੱਖ ਅੰਤ ਵਿਚ ਪਛਤਾਉਂਦਾ ਹੈ। ਗੁਰੂ ਦੀ ਸਿੱਖਿਆ ਗ੍ਰਹਿਣ ਕਰਨ ਤੋਂ ਅਣਗਹਿਲੀ ਕਰਕੇ, ਨੀਚ ਕਰਮ ਸੋਚ ਕੇ ਅਤੇ ਨੀਚ ਕਰਮ ਕਰਕੇ, ਮਨੁੱਖ ਝੂਠ ਵਿਚ ਉਲਝਦਾ ਹੈ। ਨਤੀਜੇ ਵਜੋਂ ਮਨੁੱਖ ਦੁੱਖਾਂ ਨਾਲ ਘਿਰ ਜਾਂਦਾ ਹੈ।

ਜਦੋਂ ਮਨੁੱਖ, ਪ੍ਰਮਾਤਮਾ ਤੋਂ ਦੂਰ ਹੁੰਦਾ ਹੈ, ਉਹ ਉਸ ਨਾਲ ਮਿਲਾਪ ਲਈ ਪ੍ਰਾਰਥਨਾ ਕਰਦਾ ਹੈ। ਜਦੋਂ ਕਿ ਮਨੁੱਖ, ਅਬਿਨਾਸੀ ਪ੍ਰਮਾਤਮਾ ਨਾਲ ਜੁੜਦਾ ਹੈ ਤਾਂ ਉਸ ਨੂੰ ਹਰ ਪਾਸੇ ਉਹ ਹੀ ਪੂਰੀ ਪ੍ਰਭੁਤਾ (ਮਹਿਮਾ) ਵਿਚ ਨਜ਼ਰ ਆਉਂਦਾ ਹੈ। ਪ੍ਰਮਾਤਮਾ ਨਾਲ ਮਿਲਾਪ ਕਰਕੇ, ਮਨੁੱਖ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਗਾਉਂਦਾ ਹੈ (ਇਕ ਮਿੱਤਰ ਵਜੋਂ, ਮਾਤਾ-ਪਿਤਾ ਵਜੋਂ, ਸਦਾ ਕਾਇਮ ਰਹਿਣ ਵਾਲੇ ਬਾਦਸ਼ਾਹ ਵਜੋਂ, ਅੰਮ੍ਰਿਤ ਦਾਤੇ ਵਜੋਂ)।

ਉਪਦੇਸ਼ ਨੰਬਰ 246

ਨੌਵੀਂ ਪਾਤਿਸ਼ਾਹੀ, ਗੁਰੂ ਤੇਗ ਬਹਾਦਰ ਜੀ ਦਾ ਸ਼ਬਦ (1621–1675)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੩੪ 'ਤੇ ਦਰਜ਼

ਜੀਵਨ ਵਿਚ ਦੂਜਿਆਂ ਨਾਲ ਅਤਿਅੰਤ ਲਗਾਓ, ਜੀਵਨ ਦੇ ਅੰਤ 'ਤੇ ਪਛਤਾਵਾ ਲਿਆਉਂਦਾ ਹੈ

ਗੁਰੂ ਆਪਣੇ ਸਿੱਖ ਨੂੰ ਪ੍ਰੇਮ ਨਾਲ ਇਹ ਉਪਦੇਸ਼ ਬਖ਼ਸ਼ਦਾ ਹੈ ਕਿ ਸਾਰੇ ਸੰਸਾਰੀ ਰਿਸ਼ਤੇ ਝੂਠੇ ਤੇ ਆਰਜ਼ੀ ਹਨ। ਜੀਵਨ ਵਿਚ ਹਰ ਕੋਈ ਆਪਣੇ ਸੁਖ ਦੀ ਤਾਂਘ ਕਰਦਾ ਹੈ। ਜੀਵਨ ਦੇ ਅੰਤ 'ਤੇ, ਕੋਈ ਵੀ ਮਨੁੱਖ ਸੰਪੂਰਨ ਇਕੱਲਤਾ ਅਤੇ ਲਾਚਾਰੀ ਤੋਂ ਬਚ ਨਹੀਂ ਸਕਦਾ। ਸੁਖ ਵੇਲੇ ਬਹੁਤ ਸਾਰੇ ਸਕੇ-ਸੰਬੰਧੀ ਮਿਲ ਕੇ ਪਾਸ ਆ ਬੈਠਦੇ ਹਨ, ਪਰ ਜਦੋਂ ਕੋਈ ਦੁੱਖ ਦਾ ਵੇਲਾ ਆਉਂਦਾ ਹੈ, ਤਾਂ ਸਾਰੇ ਸਾਥ ਛੱਡ ਦਿੰਦੇ ਹਨ। ਕੋਈ ਵੀ ਦੁਖੀ ਬੰਦੇ ਦੇ ਨੇੜੇ ਨਹੀਂ ਢੁਕਦਾ ਤੇ ਨਾ ਹੀ ਪਰਵਾਹ ਕਰਦੇ ਹਨ। ਮਨੁੱਖ ਦੀ ਪਤਨੀ, ਜੋ ਹਮੇਸ਼ਾ ਉਸ ਦੇ ਨਾਲ ਰਹਿੰਦੀ ਹੈ, ਉਹ ਵੀ ਲਾਸ਼ ਨੂੰ ਛੱਡ ਦਿੰਦੀ ਹੈ। ਉਹ ਵੀ ਨੇੜੇ ਆਉਣ ਤੋਂ ਡਰਦੀ ਹੈ।

ਗੁਰੂ ਆਪਣੇ ਸਿੱਖ ਨੂੰ ਆਪਸੀ ਸੰਬੰਧਾਂ ਦਾ ਸਰੂਪ ਆਪਣੇ ਮਨ ਵਿਚ ਰੱਖਣ ਅਤੇ ਬਹੁਤ ਜ਼ਿਆਦਾ ਨਜ਼ਦੀਕੀ ਸੰਬੰਧ ਨਾ ਸਥਾਪਿਤ ਕਰਨ ਦੀ ਚੇਤਾਵਨੀ ਦਿੰਦਾ ਹੈ। ਸੱਚਾਈ ਤਾਂ ਇਹ ਹੈ ਕਿ ਜੀਵਨ ਦੇ ਅੰਤ 'ਤੇ ਅਤੇ ਜੀਵਨ ਤੋਂ ਬਾਅਦ, ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਮਦਦਗਾਰ ਨਹੀਂ ਹੋ ਸਕਦਾ।

ਉਪਦੇਸ਼ ਨੰਬਰ 247

ਭਗਤ ਕਬੀਰ ਜੀ ਦਾ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੯੨ 'ਤੇ ਦਰਜ਼

ਸੱਚੀ ਭਗਤੀ ਭਗਤ ਨੂੰ ਪ੍ਰਮਾਤਮਾ ਨਾਲ ਇੱਕ-ਮਿੱਕ ਕਰ ਦਿੰਦੀ ਹੈ

ਪ੍ਰਮਾਤਮਾ ਦੇ ਭਗਤ ਦਾ ਪ੍ਰਮਾਤਮਾ ਨਾਲ ਇੱਕ-ਮਿੱਕ ਹੋਣਾ ਸੁਭਾਵਿਕ ਹੈ। ਇਹ ਉਸ ਸੱਚਾਈ ਵਾਂਗ ਹੈ, ਜਿਵੇਂ ਦੋ ਵੱਖ-ਵੱਖ ਬਰਤਨਾਂ ਵਿੱਚੋਂ ਇੱਕ ਸਾਂਝੇ ਬਰਤਨ ਵਿਚ ਉਡੇਲਿਆ (ਉਲਟਾਇਆ, ਪਾਇਆ) ਪਾਣੀ, ਪਾਣੀ ਹੀ ਰਹਿੰਦਾ ਹੈ। ਇਕ ਬਰਤਨ ਵਿੱਚੋਂ, ਇਕ ਸਾਂਝੇ ਬਰਤਨ ਵਿਚ ਉਲਟਾਏ ਗਏ ਪਾਣੀ ਨੂੰ, ਦੂਸਰੇ ਬਰਤਨ ਦੇ ਪਾਣੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਭਗਤ ਕਬੀਰ ਜੀ ਕਹਿੰਦੇ ਹਨ ਕਿ ਉਨ੍ਹਾਂ ਨੇ ਵੀ ਆਪਣੀ ਭਗਤੀ ਨਾਲ, ਆਪਣੇ ਅਹੰਕਾਰ ਅਤੇ ਪ੍ਰਮਾਤਮਾ ਤੋਂ ਵਿਛੋੜੇ 'ਤੇ ਕਾਬੂ ਪਾ ਲਿਆ ਅਤੇ ਪ੍ਰਮਾਤਮਾ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ।

ਹਿੰਦੂ ਧਰਮ ਦੇ ਕੁੱਛ ਲੋਕਾਂ ਦਾ ਮੰਨਣਾ ਹੈ ਕਿ ਮਗਹਰ (ਭਾਰਤ) ਸ਼ਹਿਰ ਵਿਚ ਮੌਤ

ਹੋਣ ਨਾਲ ਮਨੁੱਖ ਦਾ ਸਵਰਗ ਜਾਣਾ ਅਤੇ ਮੁਕਤੀ ਪ੍ਰਾਪਤ ਕਰਨਾ ਕੈਂਸਲ ਹੋ ਜਾਂਦਾ ਹੈ। ਇਸ ਦੇ ਉਲਟ, ਉਹਨਾਂ ਦਾ ਵਿਸ਼ਵਾਸ ਹੈ ਕਿ ਕਾਂਸ਼ੀ ਸ਼ਹਿਰ ਵਿਚ ਮਰਨ ਨਾਲ ਮੁਕਤੀ ਅਤੇ ਸਵਰਗ ਵਿਚ ਜਗ੍ਹਾ ਪੱਕੀ ਹੋ ਜਾਂਦੀ ਹੈ। ਭਗਤ ਕਬੀਰ ਜੀ ਕਹਿੰਦੇ ਹਨ ਕਿ ਲੋਕ ਭਾਵੇਂ ਉਸ ਨੂੰ ਸਾਧਾਰਣ ਸੂਝ-ਬੂਝ ਵਾਲਾ ਆਦਮੀ ਮੰਨਦੇ ਹੋਣ, ਪਰ ਉਸ ਦਾ ਵਿਸ਼ਵਾਸ ਹੈ ਕਿ ਮੌਤ ਭਾਵੇਂ ਕਾਂਸ਼ੀ ਵਿਚ ਹੋਵੇ, ਭਾਵੇਂ ਮਗਹਰ ਵਿਚ, ਪ੍ਰਮਾਤਮਾ ਨੂੰ ਇਸ ਉੱਪਰ ਕੋਈ ਇਤਰਾਜ਼ ਨਹੀਂ ਹੈ।

ਭਗਤ ਕਬੀਰ ਚਾਹੁੰਦਾ ਹੈ ਕਿ ਲੋਕਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਸ ਗੱਲ ਉਤੇ ਵਿਸ਼ਵਾਸ ਕਰਨਾ, ਕਿ ਮਰਨ ਲਈ ਇਕ ਜਗ੍ਹਾ, ਦੂਸਰੀ ਜਗ੍ਹਾ ਨਾਲੋਂ ਜ਼ਿਆਦਾ ਵਧੀਆ ਹੈ, ਬਿਲਕੁਲ ਝੂਠ ਹੈ। ਜੋ ਚੀਜ਼ ਮਹੱਤਵ ਰੱਖਦੀ ਹੈ, ਉਹ ਇਹ ਹੈ ਕਿ ਕੀ ਮਨੁੱਖ ਦੇ ਦਿਲ ਵਿਚ ਪ੍ਰਮਾਤਮਾ ਪ੍ਰਤੀ ਪਿਆਰ ਹੈ ਕਿ ਨਹੀਂ। ਜੇ ਮਨੁੱਖ ਦਾ ਮਨ ਪ੍ਰਮਾਤਮਾ ਦੇ ਪਿਆਰ ਵਿਚ ਰੰਗਿਆ ਹੋਇਆ ਹੈ ਤਾਂ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਮਨੁੱਖ ਕਿੱਥੇ ਰਹਿੰਦਾ ਹੈ ਅਤੇ ਕਿੱਥੇ ਮਰਦਾ ਹੈ।

ਨੋਟ :—ਜਿਸ ਤਰ੍ਹਾਂ ਰੋਸ਼ਨੀ, ਰੋਸ਼ਨੀ ਵਿਚ ਮਿਲ ਜਾਂਦੀ ਹੈ, ਪਾਣੀ, ਪਾਣੀ ਵਿਚ ਮਿਲ ਜਾਂਦਾ ਹੈ, ਇਸੇ ਤਰ੍ਹਾਂ ਪ੍ਰਮਾਤਮਾ ਦਾ ਸੱਚਾ ਭਗਤ, ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਦੋਨਾਂ ਨੂੰ ਕੋਈ ਵੀ ਵੱਖ ਨਹੀਂ ਕਰ ਸਕਦਾ।

ਉਪਦੇਸ਼ ਨੰਬਰ 248

ਤੀਸਰੀ ਪਾਤਿਸ਼ਾਹੀ, ਗੁਰੂ ਅਮਰਦਾਸ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੬੪ 'ਤੇ ਦਰਜ਼ ਗੁਰੂ ਦੇ ਸਿੱਖ ਨੂੰ ਸਦਾ ਕਾਇਮ ਰਹਿਣ ਵਾਲੀ ਦੌਲਤ ਇਨਾਮ ਵਜੋਂ ਪ੍ਰਾਪਤ ਹੁੰਦੀ ਹੈ ਜੋ ਪ੍ਰਮਾਤਮਾ ਦੀ ਭਗਤੀ ਨਾਲ ਕਮਾਈ ਜਾਂਦੀ ਹੈ

'ਜੀਵਨ-ਦਾਤਾ' ਦੀ ਦਿਲੋਂ ਭਗਤੀ ਕਰਨ ਨਾਲ ਮਨੁੱਖ ਅਜਿਹੀ ਦੌਲਤ ਹਾਸਿਲ ਕਰਦਾ ਹੈ ਜੋ ਸਦਾ ਕਾਇਮ ਰਹਿਣ ਵਾਲੀ ਹੁੰਦੀ ਹੈ। ਭਗਤ ਨੂੰ ਮੁਕਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਇਹ ਕੇਵਲ ਪ੍ਰਮਾਤਮਾ ਨਾਲ ਨੇੜਤੇ ਭਰੇ ਸੰਬੰਧ ਨਾਲ ਹੀ ਸੰਭਵ ਹੈ।

ਗੁਰੂ ਦਾ ਸਿੱਖ ਸਦਾ ਕਾਇਮ ਰਹਿਣ ਵਾਲੀ ਦੌਲਤ ਪ੍ਰਾਪਤ ਕਰਦਾ ਹੈ। ਇਹ ਦੌਲਤ ਪ੍ਰਮਾਤਮਾ ਦੀ ਭਗਤੀ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਦੀ ਸਿੱਖਿਆ, ਸਿੱਖ ਦੇ ਮਨ ਨੂੰ ਰੁਸ਼ਨਾਉਂਦੀ ਹੈ। ਇਹ ਗਿਆਨ ਦੀ ਰੋਸ਼ਨੀ ਸਿੱਖ ਨੂੰ ਪ੍ਰਮਾਤਮਾ ਦੀ ਭਗਤੀ ਕਰਨੀ ਸਿਖਾਉਂਦੀ ਹੈ। ਪ੍ਰਮਾਤਮਾ ਦੀ ਭਗਤੀ, ਪ੍ਰਮਾਤਮਾ ਅਤੇ ਉਸ ਦੇ ਭਗਤ ਵਿਚ, ਸਦੀਵੀ ਗੂੜ੍ਹਾ ਆਪਸੀ ਸੰਬੰਧ ਹੈ। ਭਗਤ ਸੰਪੂਰਨ ਸ਼ਾਂਤੀ ਅਤੇ ਪ੍ਰਸੰਨਤਾ ਨਾਲ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਕੋਈ ਵੀ ਮਨੁੱਖ ਓਨੀ ਦੇਰ ਤੱਕ ਨਾਲ ਪ੍ਰਮਾਤਮਾ ਨਾਲ ਨੇੜਤਾ ਨਹੀਂ ਪਾ

ਸਕਦਾ, ਜਿੰਨੀ ਦੇਰ ਤੱਕ ਉਹ ਅਹੰਕਾਰ ਨਹੀਂ ਤਿਆਗਦਾ। ਅਹੰਕਾਰੀ ਵਜੋਂ, ਮਨੁੱਖ ਉਸ ਸਭ ਤੋਂ ਬੇਖ਼ਬਰ ਰਹਿੰਦਾ ਹੈ ਜੋ ਉਸ ਦਾ ਮੂਲ ਹੁੰਦਾ ਹੈ— (ਇਹ ਕਿ ਉਸ ਦੀ ਵੱਖਰੀ ਹੋਂਦ (ਆਪਾ), ਪ੍ਰਮਾਤਮਾ ਦੀ ਹੋਂਦ ਦਾ ਹਿੱਸਾ ਬਣ ਸਕਦੀ ਹੈ) ਉਹ ਆਪਣਾ ਜੀਵਨ ਅਜਾਈਂ ਗੁਆਉਂਦਾ ਹੈ।

ਗੁਰੂ ਦੀ ਸਿੱਖਿਆ, ਸਿੱਖ ਦੇ ਅੰਦਰ ਸ਼ਾਂਤੀ, ਪ੍ਰਸੰਨਤਾ ਅਤੇ ਪ੍ਰਮਾਤਮਾ ਦੀ ਦਿਲੋਂ ਭਗਤੀ ਕਰਨਾ ਪੈਦਾ ਕਰਦੀ ਹੈ। ਇਹ ਸਿਮਰਨ ਸਦੀਵੀ ਹੁੰਦਾ ਹੈ, ਕਿਉਂਕਿ ਇਹ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੀ ਭਗਤੀ 'ਤੇ ਕੇਂਦਰਿਤ ਹੁੰਦਾ ਹੈ। ਗੁਰੂ ਦਾ ਗਿਆਨ, ਸਿੱਖ ਦੇ ਮਨ ਨੂੰ ਉਸ ਦੇ ਪਿਆਰੇ ਨਾਲ ਮੇਲ ਦਿੰਦਾ ਹੈ। ਸਿੱਖ, ਹਮੇਸ਼ਾ ਪ੍ਰਮਾਤਮਾ ਨੂੰ ਧਿਆਉਂਦਾ ਰਹਿੰਦਾ ਹੈ। ਪ੍ਰਮਾਤਮਾ ਆਪਣੇ ਭਗਤ ਦਾ ਆਦਰ (ਦਰਗਾਹ ਵਿਚ) ਕਰਦਾ ਹੈ।

ਪ੍ਰਮਾਤਮਾ ਹੀ ਸਭ ਤੋਂ ਵੱਡਾ ਕਾਰਣ ਹੈ ਅਤੇ ਸਦੀਵੀ ਕਾਇਮ ਰਹਿਣ ਵਾਲਾ ਹੈ। ਜੇ ਉਸ ਦੀ ਕ੍ਰਿਪਾ ਹੋਵੇ ਤਾਂ ਹੀ ਮਨੁੱਖ ਦਾ ਉਸ ਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ, ਮਨੁੱਖ ਨੂੰ, ਗੁਰੂ ਦੇ ਗਿਆਨ ਵੱਲ ਲਿਜਾਂਦਾ ਹੈ ਅਤੇ ਉਸ ਦੀ (ਪ੍ਰਮਾਤਮਾ ਦੀ) ਭਗਤੀ ਵੱਲ ਮਨੁੱਖ ਦਾ ਰੁਝਾਨ ਪੈਦਾ ਕਰਦਾ ਹੈ। ਭਗਤ ਅਤੇ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੀ ਆਪਸੀ ਨਜ਼ਦੀਕੀ ਦੀ ਸਾਂਝ, ਸੱਚਾ ਪ੍ਰਮਾਤਮਾ ਆਪ ਹੀ ਪੈਦਾ ਕਰਦਾ ਹੈ।

ਉਪਦੇਸ਼ ਨੰਬਰ 249

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੧੧-੧੨ 'ਤੇ ਦਰਜ਼

ਪ੍ਰਮਾਤਮਾ ਤੋਂ ਵਿਛੋੜੇ ਵਾਲਾ ਜੀਵਨ ਹਮੇਸ਼ਾ ਅਪਮਾਨਜਨਕ ਹੁੰਦਾ ਹੈ

ਪ੍ਰਮਾਤਮਾ ਤੋਂ ਵਿਛੋੜੇ ਵਾਲਾ ਜੀਵਨ, ਹਮੇਸ਼ਾ ਅਪਮਾਨਜਨਕ ਹੁੰਦਾ ਹੈ। ਪ੍ਰਮਾਤਮਾ ਦੀ ਓਟ ਪਾ ਕੇ, ਮਨੁੱਖ ਸਨਮਾਨ ਵਾਲਾ ਜੀਵਨ ਜਿਉਂਦਾ ਹੈ। ਪ੍ਰਮਾਤਮਾ ਦੇ ਨਾਮ-ਸਿਮਰਨ ਤੋਂ ਬਗੈਰ ਜੀਵਨ ਦੁੱਖਾਂ ਵਿਚ ਬੀਤਦਾ ਹੈ। ਇਹ ਜੀਵਨ ਸੱਪ ਵਰਗਾ ਹੁੰਦਾ ਹੈ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮਨੁੱਖ ਕਿੰਨੇ ਵਿਸ਼ਾਲ ਰਾਜ 'ਤੇ ਹਕੂਮਤ ਕਰਦਾ ਹੈ। ਜੀਵਨ ਦੇ ਅੰਤ 'ਤੇ, ਅਜਿਹੇ ਹਾਕਮ ਕੋਲ ਆਪਣਾ ਕਹਿਣ ਵਾਲਾ ਕੁੱਛ ਵੀ ਨਹੀਂ ਹੁੰਦਾ। ਮਨੁੱਖ, ਸਿਰਫ਼ "ਬੇਅੰਤ ਗੁਣਾਂ ਦੇ ਖ਼ਜ਼ਾਨੇ" ਦੀ ਮਿਹਰ ਸਦਕਾ ਹੀ ਉਸ ਦੀ ਸਿਫ਼ਤ-ਸਾਲਾਹ ਗਾਉਂਦਾ ਹੈ। ਅਜਿਹਾ ਸੇਵਕ ਸ਼ਾਂਤੀ ਅਤੇ ਪ੍ਰਸੰਨਤਾ ਭਰਿਆ ਜੀਵਨ ਜਿਉਂਦਾ ਹੈ। ਅਜਿਹੇ ਮਨੁੱਖ ਦਾ ਜੀਵਨ ਪ੍ਰਸ਼ੰਸਾ ਦੇ ਕਾਬਿਲ ਹੁੰਦਾ ਹੈ। ਗੁਰੂ ਉਸ ਨੂੰ ਹਮੇਸ਼ਾ ਆਦਰ ਮਾਣ ਦਿੰਦਾ ਹੈ।

ਉਪਦੇਸ਼ ਨੰਬਰ 250

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੭੬ 'ਤੇ ਦਰਜ਼ ਪ੍ਰਮਾਤਮਾ ਨਾਲ ਮਿਲਾਪ ਦਾ ਮੁੱਖ ਸਾਧਨ, ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਵਿਚ ਰਹਿਣਾ ਹੈ

ਸੱਚਾ ਗੁਰੂ, ਪ੍ਰਮਾਤਮਾ ਦੀ ਭਗਤੀ ਦਾ ਮੂਲ ਉਪਦੇਸ਼ ਸਿਖਾਉਂਦਾ ਹੈ। ਇਹ ਹੈ ਪ੍ਰਮਾਤਮਾ ਦੇ ਸੰਤਾਂ ਨੂੰ ਲੱਭਣਾ (ਪਛਾਨਣਾ) ਅਤੇ ਉਨ੍ਹਾਂ ਦੀ ਸੰਗਤ ਕਰਨਾ। ਉਹਨਾਂ ਦੀ ਸੰਗਤ ਵਿਚ ਮਨੁੱਖ ਪ੍ਰਮਾਤਮਾ ਨੂੰ ਪਿਆਰ ਕਰਨਾ ਅਤੇ ਉਸ ਦਾ ਸਤਿਕਾਰ ਕਰਨਾ ਸਿੱਖਦਾ ਹੈ। ਕੋਈ ਹੋਰ ਤਰੀਕੇ ਨਾਲ ਮਨੁੱਖ, ਪ੍ਰਮਾਤਮਾ ਨਾਲ ਮਿਲਾਪ ਨਹੀਂ ਕਰ ਸਕਦਾ।

ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਵਿਚ, ਮਨੁੱਖ ਝੂਠ ਦੇ ਪ੍ਰਲੋਭਨ ਦੇ ਉਲਟ, ''ਦੁਨੀਆਂ ਦੇ ਪਾਲਣਹਾਰ'' ਦੀ ਸ਼ਰਨ ਨੂੰ ਹੀ ਸਭ ਤੋਂ ਵਧੀਆ ਆਸਰਾ ਮੰਨਦਾ ਹੈ। ''ਸਰਵਉੱਚ ਪ੍ਰਮਾਤਮਾ'' ਦੇ ਆਸਰੇ, ਸਾਰੀਆਂ ਘਬਰਾਹਟਾਂ ਅਤੇ ਸੰਘਰਸ਼ ਸਮਾਪਤ ਹੋ ਜਾਂਦੇ ਹਨ। ਸਾਰੀ ਸ੍ਰਿਸ਼ਟੀ ਵਿਚ ਅਜਿਹੀ ਕੋਈ ਥਾਂ ਨਹੀਂ ਹੈ ਜੋ ਝੂਠ ਦੇ ਜ਼ਹਿਰ—ਉਹ ਜ਼ਹਿਰੀਲੇ ਪ੍ਰਲੋਭਨ ਜੋ ਮਾੜੇ ਵਿਚਾਰ ਅਤੇ ਮਾੜੇ ਕਰਮ ਉਤਪੰਨ ਕਰਦੇ ਹਨ—ਤੋਂ ਬਚੀ ਹੋਵੇ। ਪ੍ਰਮਾਤਮਾ ਦੀ ਭਗਤੀ ਮਨੁੱਖ ਦਾ ਜੀਵਨ ਸਹੀ ਅਤੇ ਨੇਕ ਰਸਤੇ 'ਤੇ ਪਾ ਦਿੰਦੀ ਹੈ। ਇਹ ਭਗਤੀ ਮਨੁੱਖ ਦੇ ਆਪਣਿਆਂ (ਰਿਸ਼ਤੇਦਾਰਾਂ) ਨੂੰ ਵੀ ਬਚਾਉਂਦੀ ਹੈ।

ਗੁਰੂ ਸਮਝਾਉਂਦਾ ਹੈ ਕਿ ਉਸ ਪਵਿੱਤਰ ਪ੍ਰਮਾਤਮਾ ਦੀ ਭਗਤੀ—ਉਸ ਦੀ ਸਿਫ਼ਤ-ਸਾਲਾਹਿ, ਸਿੱਖ ਨੂੰ ਉਸ ਪਵਿੱਤਰ ਹਸਤੀ ਦੇ ਪਿਆਰ ਦੇ ਖ਼ਜ਼ਾਨੇ ਤੱਕ ਪਹੁੰਚਣ ਦੇ ਕਾਬਿਲ ਬਣਾਉਂਦੀ ਹੈ। ਕੇਵਲ ਉਹੀ ਮਨੁੱਖ, ਭਗਤੀ ਦੇ ਇਸ ਸ਼ਿਖਰ ਤੱਕ ਪਹੁੰਚਦਾ ਹੈ, ਜਿਸ ਉੱਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ। ਅਸਲ ਵਿਚ ਅਜਿਹਾ ਸਿੱਖ ਵਿਰਲਾ ਹੀ ਹੁੰਦਾ ਹੈ।

ਉਪਦੇਸ਼ ਨੰਬਰ 251

ਪੰਜਵੀਂ ਪਾਤਿਸ਼ਾਹੀ, ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੮੪੭ 'ਤੇ ਦਰਜ਼ ਭਗਤ ਭਗਤੀ ਕਰਦਾ ਹੈ (ਪਿਆਰ ਅਤੇ ਸਤਿਕਾਰਦਾ ਹੈ) ਉਸ ਦੀ ਸ਼ਰਨ ਲੈਂਦਾ ਹੈ, ਉਸ ਉੱਪਰ ਵਿਸ਼ਵਾਸ ਰੱਖਦਾ ਹੈ, ਉਸ ਤੋਂ ਬਗੈਰ ਰਹਿ ਨਹੀਂ ਸਕਦਾ, ਪ੍ਰਮਾਤਮਾ ਦੇ ਮਿਲਾਪ ਵਿਚ ਹੁੰਦਾ ਹੈ

ਪ੍ਰਮਾਤਮਾ ਦੀ ਭਗਤੀ (ਪਿਆਰ ਅਤੇ ਸਤਿਕਾਰ) :

ਪ੍ਰਮਾਤਮਾ ਦਾ ਸੱਚਾ ਭਗਤ ਤੇ ਸੱਚਾ ਗੁਰੂ ਹੋਰਨਾਂ ਨੂੰ ਵੀ ਪ੍ਰਮਾਤਮਾ ਦੀ ਭਗਤੀ ਵਿਚ

ਜੋੜਣ ਦਾ ਉਦਮ ਕਰਦਾ ਹੈ। ਪਹਿਲਾ ਕਦਮ ਹੰਕਾਰ ਦਾ ਤਿਆਗ ਕਰਨਾ ਹੈ ਤਾਂ ਕਿ ਪ੍ਰਮਾਤਮਾ ਆਪਣੇ ਸਾਧਕ ਵੱਲ ਝੁਕਾਅ ਕਰ ਸਕੇ। ਦੂਸਰਾ, ਮਨੁੱਖ ਨੂੰ ਚਾਹੀਦਾ ਹੈ ਕਿ ਉਹ ਝੂਠੇ ਮੋਹ ਵਿਚ ਨਾ ਫਸੇ। ਅਹੰਕਾਰ ਅਤੇ ਮੋਹ-ਮਾਇਆ ਉਤੇ ਕਾਬੂ ਪਾ ਕੇ, ਮਨੁੱਖ ਉਸ ਪ੍ਰਮਾਤਮਾ ਦੀ ਭਗਤੀ ਵਿਚ ਜੁੜ ਜਾਂਦਾ ਹੈ ਜੋ ਸਾਰੇ ਦੁੱਖਾਂ ਤੇ ਮੋਹ-ਮਾਇਆ ਤੋਂ ਮੁਕਤ ਹੈ। ਫਿਰ ਮਨੁੱਖ ਉਸ ਦਿਆਲੂ ਅਤੇ ਪਿਆਰੇ ਦੀ ਸ਼ਰਨ ਵਿਚ ਹੁੰਦਾ ਹੈ। ਉਹ ਦਿਆਲੂ ਅਤੇ ਪ੍ਰੀਤਮ ਪਿਆਰਾ, ਸੇਵਕ ਦੇ ਪਿਛਲੇ ਕੀਤੇ ਸਾਰੇ ਪਾਪਾਂ ਦਾ ਨਾਸ਼ ਕਰ ਦਿੰਦਾ ਹੈ। ਪ੍ਰਮਾਤਮਾ ਪ੍ਰਤੀ ਪੂਰੀ ਨਿਮਰਤਾ ਰੱਖ ਕੇ, ਮਨੁੱਖ ਉਹਨਾਂ ਸਾਰੀਆਂ ਗੱਲਾਂ 'ਤੇ ਵੀ ਕਾਬੂ ਪਾ ਲੈਂਦਾ ਹੈ, ਜੋ ਉਸ ਨੂੰ ਉਦਾਸ ਕਰਦੀਆਂ ਹਨ। ਫਿਰ ਮਨੁੱਖ, ਆਪਣੇ ਮਨ ਨੂੰ ਬੇਵਿਸ਼ਵਾਸੀ ਨਾਲ ਇੱਧਰ ਉੱਧਰ ਭਟਕਣ ਨਹੀਂ ਦਿੰਦਾ। ਸਤਿਗੁਰੂ ਆਪਣੇ ਪ੍ਰਮਾਤਮਾ ਅੱਗੇ ਬੇਨਤੀ ਕਰਦਾ ਹੈ ਕਿ ਉਹ, ਉਸ ਨੂੰ, ਉਸ ਦੀ ਭਗਤੀ ਕਰਨ ਦੇ ਕਾਬਿਲ ਬਨਣ ਦੀ ਬਖ਼ਸ਼ਿਸ਼ ਕਰੇ।

ਪ੍ਰਮਾਤਮਾ ਦੀ ਸ਼ਰਨ :

ਪ੍ਰਮਾਤਮਾ ਦਾ ਨਾਮ ਅੰਮ੍ਰਿਤ, ਅੰਨ੍ਹੇ ਆਦਮੀ ਦੀ ਸੋਟੀ ਵਰਗਾ ਹੁੰਦਾ ਹੈ ਜੋ ਉਸ ਦੇ ਚੱਲਣ ਵਿਚ ਉਸ ਦੀ ਮਦਦ ਕਰਦੀ ਹੈ, ਝੂਠੇ ਪਦਾਰਥਾਂ ਦਾ ਮੋਹ ਏਨਾ ਜ਼ਿਆਦਾ ਅਤੇ ਲੁਭਾਵਣਾ ਹੁੰਦਾ ਹੈ ਕਿ ਮਨੁੱਖ ਆਪ ਇਕੱਲਾ ਇਸ ਨੂੰ ਰੋਕ ਨਹੀਂ ਸਕਦਾ। ਝੂਠ, ਮਨੁੱਖ ਦੇ ਮਨ ਨੂੰ ਪ੍ਰਭੂ ਭਗਤੀ ਤੋਂ ਰੋਕਦਾ ਹੈ। ਕੋਈ ਵੀ ਜਗ੍ਹਾ, ਘਰ, ਜੰਗਲ, ਪਵਿੱਤਰ ਨਦੀਆਂ ਜਾਂ ਪਵਿੱਤਰ ਨਦੀਆਂ ਦੇ ਰਸਤੇ, ਨਦੀਆਂ ਦੇ ਕਿਨਾਰੇ, ਜੋ ਐਸੀ ਨਹੀਂ ਹੈ ਜੋ ਇਸ ਪ੍ਰਭਾਵ ਤੋਂ ਬਚੇ ਹੋਵੇ। ਕੋਈ ਵੀ ਪ੍ਰਚੱਲਨ—ਵਰਤ, ਮੂਰਤੀ ਪੂਜਾ, ਆਦਿ ਮਨੁੱਖ ਨੂੰ ਇਸ ਪ੍ਰਲੋਭਨ ਤੋਂ ਬਚਾਅ ਨਹੀਂ ਸਕਦਾ। ਕੇਵਲ ਪ੍ਰਮਾਤਮਾ ਦੀ ਮਿਹਰ ਅਤੇ ਉਸ ਦਾ ਸਿਮਰਨ ਹੀ ਅਗਿਆਨੀ ਮਨੁੱਖ ਨੂੰ ਸੁਗੱਖਿਅਤ ਰਹਿਣ ਵਿਚ ਮਦਦ ਕਰ ਸਕਦੇ ਹਨ। ਇਹ ਬਿਲਕੁਲ ਇਕ ਅੰਨ੍ਹੇ ਆਦਮੀ ਵਾਂਗ ਹੈ ਜੋ ਆਪਣੀ ਸੋਟੀ ਦੀ ਮਦਦ ਨਾਲ ਚੱਲਦਾ ਹੈ।

ਪ੍ਰਮਾਤਮਾ 'ਤੇ ਵਿਸ਼ਵਾਸ :

ਸੇਵਕ ਨਿਮਾਣਾ ਹੋ ਕੇ ਉਸ ਸਰਬ ਸ਼ਕਤੀਮਾਨ ਪ੍ਰਮਾਤਮਾ ਅੱਗੇ ਜਿਵੇਂ ਵੀ ਹੋ ਸਕੇ, ਉਸ ਦੀ ਓਟ ਤੇ ਆਸਰੇ ਦੀ ਅਰਜ਼ੋਈ ਕਰਦਾ ਹੈ। ਸੇਵਕ ਆਪਣੀ ਬੇਨਤੀ ਸ਼ਰਧਾ ਨਾਲ ਕਰਦਾ ਹੈ। ਉਹ ਏਨਾ ਚਾਲਾਕ ਨਹੀਂ ਹੁੰਦਾ ਕਿ ਪ੍ਰਮਾਤਮਾ ਨੂੰ ਆਪਣੇ ਪੱਖ ਵਿਚ ਕਰਨ ਲਈ ਉਸ ਨੂੰ ਪ੍ਰੇਰਿਤ ਕਰ ਸਕੇ। ਸੇਵਕ, ਨਿਮਰਤਾ ਨਾਲ ਬੇਨਤੀ ਕਰਦਾ ਹੈ ਅਤੇ ਚੁਸਤ-ਚਾਲਾਕੀ, ਵਿਚਾਰਵਾਨ ਜਾਂ ਕੁੱਛ ਨੇਕ ਗੁਣਾਂ ਦੇ ਹੋਣ ਦਾ ਕੋਈ ਦਾਅਵਾ ਨਹੀਂ ਕਰਦਾ। ਨਾ ਹੀ ਸੇਵਕ ਕਿਸੇ ਨਿੱਜੀ ਆਕਰਸ਼ਣ ਦਾ ਦਾਅਵਾ ਕਰਦਾ ਹੈ। ਉਹ ਪ੍ਰਮਾਤਮਾ ਨੂੰ ਉਸ ਦਾ ਆਪਣਾ ਬਣਾ ਲੈਣ ਦੀ ਅਰਜ਼ੋਈ ਕਰਦਾ ਹੈ। ਸਾਰੀ ਸ੍ਰਿਸ਼ਟੀ ਵਿਚ ਕੋਈ ਵੀ ਪ੍ਰਮਾਤਮਾ ਦੇ ਵਿਰੁੱਧ ਨਹੀਂ ਹੈ। ਸਾਰੇ ਉਸ ਦੇ ਅਧੀਨ ਹਨ। ਸਾਰੇ ਉਸ ਦੀ ਜੈ-ਜੈਕਾਰ ਕਰਦੇ ਹਨ।

ਕੋਈ ਨਹੀਂ ਜਾਣਦਾ, ਪ੍ਰਮਾਤਮਾ ਦੇ ਮਨ ਅੰਦਰ ਕੀ ਹੈ। ਸੇਵਕ, ਪ੍ਰਮਾਤਮਾ ਦਾ ਵਫ਼ਾਦਾਰ ਹੁੰਦਾ ਹੈ। ਜਿਸ ਵੀ ਹਾਲ ਵਿਚ ਪ੍ਰਮਾਤਮਾ ਰੱਖੇ, ਉਹ ਉਸੇ ਵਿਚ ਹੀ ਖੁਸ਼ ਰਹਿੰਦਾ ਹੈ।

ਪ੍ਰਮਾਤਮਾ ਨੂੰ ਅਣਗੌਲਣਾ ਕੋਈ ਵਿਕਲਪ ਨਹੀਂ ਹੈ :

ਉਹ ਸੇਵਕ ਜੋ ਅਧਿਆਤਮਿਕ ਅਵਸਥਾ ਦੀ ਸ਼ਿਖਰ 'ਤੇ ਹੁੰਦਾ ਹੈ, ਉਸ ਦਾ ਪ੍ਰਮਾਤਮਾ ਨਾਲ ਸੰਬੰਧ ਬਿਲਕੁਲ ਉਹੋ ਹੀ ਹੁੰਦਾ ਹੈ ਜੋ ਮੱਛੀ ਅਤੇ ਪਾਣੀ ਦਾ ਹੁੰਦਾ ਹੈ। ਉਹ ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ ਨਹੀਂ ਰਹਿ ਸਕਦਾ। ਇਹ ਸੰਬੰਧ ਬਿਲਕੁਲ ਚਾਤ੍ਰਿਕ ਪੰਛੀ ਵਾਂਗ ਹੁੰਦਾ ਹੈ ਜੋ ਉਦੋਂ ਤੱਕ ਸੰਤੁਸ਼ਟ ਨਹੀਂ ਹੁੰਦਾ, ਜਦੋਂ ਤੱਕ ਬਾਰਿਸ਼ ਦੀ ਸਵਾਂਤੀ ਬੂੰਦ ਉਸ ਦੀ ਚੁੰਝ ਵਿਚ ਨਹੀਂ ਪੈਂਦੀ। ਸੇਵਕ ਦੀ ਖਾਹਿਸ਼ ਉਦੋਂ ਪੂਰੀ ਹੁੰਦੀ ਹੈ ਜਦੋਂ ਉਸ ਦਾ ਮੁੱਖ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਕਰਦਾ ਹੈ ਅਤੇ ਮਨ ਸੰਸਾਰ ਦੇ ਪਾਲਣਹਾਰ ਦੇ ਸਿਮਰਨ ਵਿਚ ਜੁੜਿਆ ਰਹਿੰਦਾ ਹੈ। ਜਦੋਂ ਪ੍ਰਭੂ ਪਿਆਰਾ ਸੇਵਕ ਪ੍ਰਤੀ ਆਪਣੀ ਪਿਆਰ ਦਿਖਾਉਂਦਾ ਹੈ, ਤਦ ਮਨੁੱਖ ਅਧਿਆਤਮਿਕਤਾ ਦੀ ਉੱਚੀ ਪੌੜੀ 'ਤੇ ਚੜ੍ਹਦਾ ਹੈ। ਜਿਵੇਂ ਚੱਕਵੀ ਪੰਛੀ ਦਿਨ ਚੜ੍ਹਦਿਆਂ ਹੀ ਪੂਰੇ ਜਨੂੰਨ ਨਾਲ ਚਿੰਤਨ ਕਰਨਾ ਸ਼ੁਰੂ ਕਰਦਾ ਹੈ, ਠੀਕ ਉਸੇ ਤਰ੍ਹਾਂ ਸਿੱਖ ਅਗਿਆਨਤਾ ਹਟਾ ਕੇ ਗਿਆਨ ਦੀ ਖਾਹਿਸ਼ ਕਰਦਾ ਹੈ। ਸਤਿਗੁਰੂ, ਪ੍ਰਮਾਤਮਾ ਅੱਗੇ ਕਦੀ ਨਾ ਵਿੱਛੜਣ ਦੀ ਅਤੇ ਪਾਣੀ ਅਤੇ ਮੱਛੀ ਵਾਲਾ ਸੰਬੰਧ ਸਥਾਪਿਤ ਕਰਨ ਦੀ ਅਰਜ਼ੋਈ ਕਰਦਾ ਹੈ।

ਪ੍ਰਮਾਤਮਾ ਨਾਲ ਮਿਲਾਪ :

ਪ੍ਰੀਤਮ ਪ੍ਰਭੂ ਦਾ ਸੱਚਾ ਸੇਵਕ ਆਪਣੇ ਆਪ ਨੂੰ ਉਸ ਵੇਲੇ ਵਡਭਾਗੀ ਸਮਝਦਾ ਹੈ, ਜਦੋਂ ਪ੍ਰੀਤਮ ਪ੍ਰਭੂ ਉਸ ਦੇ ਮਨ ਅੰਦਰ ਵਸਿਆ ਪ੍ਰਤੀਤ ਹੁੰਦਾ ਹੈ। ਉਸ ਵੇਲੇ ਸੇਵਕ ਦੇ ਆਨੰਦ ਦੀ ਕੋਈ ਸੀਮਾ ਨਹੀਂ ਹੁੰਦੀ। ਉਸ ਨੂੰ ਸਾਰਾ ਸੰਸਾਰ ਉਮੰਗ ਭਰਪੂਰ ਪ੍ਰਤੀਤ ਹੁੰਦਾ ਹੈ। ਸੰਸਾਰ ਦੇ ਪਾਲਣਹਾਰ 'ਸ਼ਾਂਤੀ ਅਤੇ ਪ੍ਰਸੰਨਤਾ ਦੇ ਦਾਤਾ' ਨਾਲ ਮਿਲਾਪ ਕਰਕੇ, ਸੇਵਕ ਬਹੁਤ ਹੀ ਖ਼ੁਸ਼ੀ, ਪ੍ਰਸੰਨਤਾ ਭਰਿਆ ਆਨੰਦਿਤ ਅਤੇ ਪ੍ਰਸੰਨ-ਚਿੱਤ ਹੋਣ ਦਾ ਅਨੁਭਵ ਕਰਦਾ ਹੈ। ਪ੍ਰੀਤਮ ਪ੍ਰਭੂ ਸਦਾ ਜੁਆਨ ਹੈ। ਸੇਵਕ ਆਪਣੇ ਪਿਆਰੇ (ਪ੍ਰਮਾਤਮਾ) ਦੇ ਸੰਗ ਵਿਚ ਆਨੰਦਿਤ ਰਹਿੰਦਾ ਹੈ। ਸੇਵਕ ਦਾ ਮਨ ਸ਼ਾਂਤ, ਸੰਤੁਸ਼ਟ, ਨਿਰਭਉ ਅਤੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ। ਸੱਚੇ ਸੇਵਕ ਦੀਆਂ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ, ਕਿਉਂਕਿ ਉਸ ਦਾ 'ਸੰਸਾਰ ਦੇ ਪਾਲਣਹਾਰ' ਨਾਲ ਮਿਲਾਪ ਹੋ ਜਾਂਦਾ ਹੈ।

ਨੋਟ :—ਉਪਰੋਕਤ ਸ਼ਬਦ ਵਿਚ, ਗੁਰੂ ਅਰਜਨ ਦੇਵ ਜੀ ਨੇ ਪ੍ਰਮਾਤਮਾ ਦੇ ਸੇਵਕ ਦੇ ਪੰਜ ਭਾਵਾਂ ਦਾ ਬੜੀ ਖੂਬਸੂਰਤੀ ਨਾਲ ਵਰਨਣ ਕੀਤਾ ਹੈ। ਇਹ ਸ਼ਬਦ ਗੁਰੂ ਜੀ ਦੇ ਆਪਣੇ ਮਨ ਦੀ ਅਵਸਥਾ ਬਾਰੇ ਦੱਸਦੇ ਹਨ। ਇਹ ਉਹਨਾਂ ਦੇ ਸਿੱਖਾਂ ਲਈ ਵੀ ਅਧਿਆਤਮਿਕਤਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਣਾਦਾਇਕ ਹਨ।

ਉਪਦੇਸ਼ ਨੰਬਰ 252

ਪਹਿਲੀ ਪਾਤਿਸ਼ਾਹੀ, ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੮੬ 'ਤੇ ਦਰਜ਼ ਜੇ ਸੇਵਕ ਸਹਜ-ਸੁਭਾਵਕ, ਲਗਨ ਤੇ ਸ਼ਰਧਾ ਨਾਲ ਪ੍ਰਮਾਤਮਾ ਦੀ ਭਗਤੀ ਕਰੇ ਤਾਂ ਉਸ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ

ਮਨ ਦੀ ਸਹਿਜ ਅਵਸਥਾ, ਜਦੋਂ ਸੇਵਕ ਪ੍ਰਮਾਤਮਾ ਦੀ ਭਗਤੀ ਸੁਭਾਵਕ, ਸੱਚੀ ਸ਼ਰਧਾ ਨਾਲ ਅਤੇ ਕਿਸੇ ਚੇਤਨਾ ਭਰੀ ਕੋਸ਼ਿਸ਼ ਤੋਂ ਬਗੈਰ ਕਰਦਾ ਹੈ ਤਾਂ ਉਹ ਅਵਸਥਾ ਪ੍ਰਮਾਤਮਾ ਨਾਲ ਮਿਲਾਪ ਦੀ ਹੁੰਦੀ ਹੈ। ਅਜਿਹੀ ਅਵਸਥਾ ਵਿਚ ਸੇਵਕ ਪ੍ਰਮਾਤਮਾ ਦੀ ਹਜ਼ੂਰੀ ਵਿਚ ਹੁੰਦਾ ਹੈ। ਸੇਵਕ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਪ੍ਰਮਾਤਮਾ ਅਤੇ ਪ੍ਰਮਾਤਮਾ ਦਾ ਨਿਮਾਣਾ ਸੇਵਕ ਹਮੇਸ਼ਾ ਲਈ ਇਕ ਹੋ ਜਾਂਦੇ ਹਨ। ਸੇਵਕ ਨੂੰ ਪ੍ਰਮਾਤਮਾ ਹਰ ਪਾਸੇ ਹਾਜ਼ਿਰ ਦਿਖਾਈ ਦਿੰਦਾ ਹੈ।

ਗੁਰੂ ਦਾ ਸਿੱਖ, ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਸਹਿਜ ਅਵਸਥਾ ਹਾਸਿਲ ਕਰ ਲੈਂਦਾ ਹੈ। ਗੁਰੂ ਦੇ ਉਪਦੇਸ਼ ਅਤੇ ਸ਼ਰਨ ਤੋਂ ਬਗੈਰ, ਉਹ ਜਨਮ ਮਰਨ ਦੇ ਚੱਕਰ ਵਿਚ ਬੱਝਾ ਰਹਿਣ ਲਈ ਮਜਬੂਰ ਹੁੰਦਾ ਹੈ।

ਉਹੀ ਗੁਰੂ ਸਤਿਗੁਰੂ (ਸੱਚਾ ਗੁਰੂ) ਹੈ ਜੋ ਕਿਸੇ ਮਨੁੱਖ ਨੂੰ ਸੱਚੇ ਪ੍ਰਭੂ ਨਾਲ ਜੋੜਣ ਵਿਚ ਸਹਾਇਕ ਹੁੰਦਾ ਹੈ, ਜੋ ਮਨੁੱਖ ਨੂੰ ਉਸ ਨਾ ਬਿਆਨ ਕੀਤੇ ਜਾ ਸਕਣ ਵਾਲੇ ਦੇ ਗੁਣਾਂ ਨੂੰ ਸਮਝਾਉਣ ਵਿਚ ਮਦਦ ਕਰੇ ਅਤੇ ਜੋ ਆਪਣੇ ਗਿਆਨ ਨਾਲ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਕਰਾ ਦੇਵੇ। ਪ੍ਰਮਾਤਮਾ ਦਾ ਸੇਵਕ ਸੁਤੇ ਸਿਧ ਪ੍ਰਮਾਤਮਾ ਦੇ ਨਾਮ ਸਿਮਰਨ ਵਿਚ ਜੁੜਿਆ ਹੁੰਦਾ ਹੈ। ਉਸ ਦਾ ਮਾਲਕ ਅਟੱਲ ਹੈ ਅਤੇ ਉਹ ਪ੍ਰਮਾਤਮਾ ਦੇ ਪਿਆਰ ਵਿਚ ਜੁੜਿਆ ਹੁੰਦਾ ਹੈ।

ਮਨ ਸਰੀਰ ਵਿਚ ਹੁੰਦਾ ਹੈ। ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ, ਸੇਵਕ ਦੇ ਮਨ ਵਿਚ ਹੁੰਦਾ ਹੈ। ਸੇਵਕ, ਪ੍ਰਮਾਤਮਾ ਨਾਲ ਮਿਲਾਪ ਵਿਚ ਹੁੰਦਾ ਹੈ ਅਤੇ ਸ਼ਰਧਾ ਨਾਲ ਉਸ ਦਾ ਨਾਮ ਸਿਮਰਦਾ ਹੈ। ਸੇਵਕ ਪ੍ਰਮਾਤਮਾ ਅੱਗੇ ਹਮੇਸ਼ਾ ਨਿਮਾਣਾ ਰਹਿੰਦਾ ਹੈ। ਉਪਰੋਕਤ ਸਭ ਉਦੋਂ ਹੀ ਹੁੰਦਾ ਹੈ, ਜਦੋਂ ਮਨੁੱਖ ਦਾ ਸਤਿਗੁਰੂ ਨਾਲ ਮਿਲਾਪ ਹੁੰਦਾ ਹੈ।

ਪ੍ਰਮਾਤਮਾ ਆਪਣੇ ਸੇਵਕ ਨੂੰ ਆਪਣਾ ਦਰਸ਼ਨ ਬਖ਼ਸ਼ਦਾ ਹੈ। ਅਸਲ ਵਿਚ ਉਹ (ਪ੍ਰਮਾਤਮਾ) ਆਪਣੇ ਸੇਵਕ ਦੀ ਨਜ਼ਰ ਨਾਲ ਆਪਣੇ ਆਪ ਨੂੰ ਦੇਖਦਾ ਹੈ। ਪ੍ਰਮਾਤਮਾ ਨਾ ਤਾਂ ਕਿਸੇ ਦੇ ਕਠੋਰ ਸਵੈ-ਸ਼ਿਸ਼ਟਾਚਾਰ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਨਾ ਹੀ ਉਹਨਾਂ ਤੋਂ ਪ੍ਰਭਾਵਿਤ ਹੁੰਦਾ ਹੈ ਜੋ ਵੱਖ-ਵੱਖ ਵਿਚਾਰਧਾਰਾਵਾਂ ਅਪਣਾਉਂਦੇ ਹਨ। ਪਿਆਰ ਨਾਲ ਕੀਤੀ ਗਈ ਪ੍ਰਮਾਤਮਾ ਦੀ ਭਗਤੀ ਸੇਵਕ ਦੇ ਮਨ ਨੂੰ ਪ੍ਰਸੰਨ ਅਤੇ ਸੰਤੁਸ਼ਟ ਕਰਦੀ ਹੈ। ਪ੍ਰਮਾਤਮਾ

ਆਪਣੇ ਸੇਵਕ ਦੇ ਮਨ ਨੂੰ ਉਸ ਦਾ ਨਾਮ ਅੰਮ੍ਰਿਤ ਗ੍ਰਹਿਣ ਕਰਨ ਦੇ ਕਾਬਿਲ ਬਣਾਉਂਦਾ ਹੈ।

ਮਨ ਦੀ ਚਾਲਾਕੀ ਅਤੇ ਹਰ ਕਿਸਮ ਦੇ ਗਿਆਨ ਵੀ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਕਰ ਸਕਦੇ ਅਤੇ ਮਨੁੱਖ ਗਲਤੀਆਂ ਉੱਪਰ ਗਲਤੀਆਂ ਕਰਦਾ ਜਾਂਦਾ ਹੈ ਅਤੇ ਗਲਤ ਫੈਸਲਿਆਂ ਕਾਰਣ ਦੁੱਖ ਭੋਗਦਾ ਹੈ। ਪ੍ਰਮਾਤਮਾ ਨੂੰ ਭਉ ਅਤੇ ਸਤਿਕਾਰ ਨਾਲ ਧਿਆਉਣਾ ਹੀ ਠੀਕ ਵਿਵਹਾਰ (ਕਰਮ) ਹੁੰਦਾ ਹੈ। ਪ੍ਰਮਾਤਮਾ ਪ੍ਰਤੀ ਨਿਮਰਤਾ ਅਤੇ ਸੇਵਾ ਭਾਵ ਦਾ ਵਤੀਰਾ ਅਪਣਾ ਕੇ, ਗੁਰੂ ਦਾ ਸਿੱਖ, ਪ੍ਰਮਾਤਮਾ ਤੋਂ ਵਿਛੋੜੇ 'ਤੇ ਕਾਬੂ ਪਾ ਲੈਂਦਾ ਹੈ।

ਬੁੱਤਾਂ ਦੀ ਪੂਜਾ, ਧਾਰਮਿਕ ਸਥਾਨਾਂ ਦੀ ਤੀਰਥ-ਯਾਤਰਾ, ਜੰਗਲਾਂ ਵਿਚ ਰਹਿਣਾ, ਇਹ ਸਭ ਮਨੁੱਖ ਦੀ ਬੇ-ਬੁਨਿਆਦ, ਵਿਅਰਥ ਅਤੇ ਨਿਰਾਸ਼ਾ ਭਰੇ ਮਨ ਦੇ ਪ੍ਰਗਟਾਵੇ ਹਨ। ਜੇ ਮਨ ਅਸ਼ੁੱਧ ਹੈ ਤਾਂ ਉਪਰੋਕਤ ਸਾਰੇ ਕਰਮ ਫਜ਼ੂਲ ਹਨ। ਮਨ ਅਪਵਿੱਤਰ ਹੀ ਰਹਿੰਦਾ ਹੈ। ਮਨੁੱਖ ਉਦੋਂ ਹੀ ਆਤਮ-ਮੁੱਲ ਪ੍ਰਾਪਤ ਕਰਦਾ ਹੈ ਜਦੋਂ ਉਹ ਸੱਚਾਈ ਨੂੰ ਹਾਸਿਲ ਕਰ ਲੈਂਦਾ ਹੈ।

ਜੇ ਪ੍ਰਮਾਤਮਾ ਕਿਸੇ ਉੱਪਰ ਦਿਆਲੂ ਹੋਵੇ ਤਾਂ ਫਿਰ ਉਹ ਉਸ ਦਾ ਗੁਰੂ ਨਾਲ ਮੇਲ ਕਰਵਾਉਂਦਾ ਹੈ। ਪ੍ਰਮਾਤਮਾ ਕੋਲ ਪਲਕ ਝਪਕਦਿਆਂ ਹੀ ਕਿਸੇ ਮਨੁੱਖ ਨੂੰ ਮੁਕਤੀ ਦੇਣ ਦੀ ਤਾਕਤ ਹੈ। ਫਿਰ ਸੇਵਕ ਸਮਝਦਾਰ ਅਤੇ ਨੇਕ ਚਰਿੱਤਰ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਪ੍ਰਮਾਤਮਾ ਨਾਲ ਸਦੀਵੀ ਸਾਂਝ ਅਤੇ ਸੰਤੁਲਨ ਪ੍ਰਾਪਤ ਕਰ ਲੈਂਦਾ ਹੈ।

ਪ੍ਰਮਾਤਮਾ ਦਾ ਸੇਵਕ ਸਹਜ ਸੁਭਾਵਕ ਅਤੇ ਸੱਚੇ ਮਨ ਨਾਲ ਪ੍ਰਮਾਤਮਾ ਦੀ ਭਗਤੀ ਵਿਚ ਜੁੜਿਆ ਰਹਿੰਦਾ ਹੈ। ਸੇਵਕ ਲਈ ਪ੍ਰਮਾਤਮਾ ਤੋਂ ਵੱਧ ਨਜ਼ਦੀਕੀ ਹੋਰ ਕੋਈ ਨਹੀਂ ਹੁੰਦਾ। ਉਹ ਪ੍ਰਮਾਤਮਾ ਕੋਲੋਂ ਅਜਿਹੀ ਬਖ਼ਸ਼ਿਸ਼ ਦੀ ਦਾਤ ਮੰਗਦਾ ਹੈ, ਜਿਸ ਨਾਲ ਉਹ ਹਮੇਸ਼ਾ ਪ੍ਰਮਾਤਮਾ ਪ੍ਰਤੀ ਵਫ਼ਾਦਾਰ ਰਹੇ। ਸੇਵਕ ਨੂੰ ਆਪਣੀ ਮਨ ਵਿਚਲੀ ਪ੍ਰਮਾਤਮਾ ਪ੍ਰਤੀ ਸਿਫ਼ਤ-ਸਾਲਾਹ ਦਿਖਾਉਣ ਦੀ ਜ਼ਰੂਰਤ ਨਹੀਂ ਹੁੰਦੀ। ਸੇਵਕ ਲਈ ਜੋ ਚੀਜ਼ ਮਾਅਨਾ ਰੱਖਦੀ ਹੈ, ਉਹ ਹੈ ਪ੍ਰਮਾਤਮਾ ਦੀ ਉਸ ਪ੍ਰਤੀ ਮਿਹਰ।

ਨੋਟ :—ਹੇਠ ਲਿਖੇ ਉਪਦੇਸ਼ ਇਸ ਲਈ ਸ਼ਾਮਿਲ ਕੀਤੇ ਗਏ ਹਨ, ਕਿਉਂਕਿ ਦੂਸਰੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ (1504-1552) ਦੇ ਕੋਈ ਵੀ ਸ਼ਬਦ ਹਾਲੇ ਤੱਕ ਇਸ ਬਿਰਤਾਂਤ ਵਿਚ ਸ਼ਾਮਿਲ ਨਹੀਂ ਕੀਤੇ ਗਏ। ਇਹ ਸ਼ਬਦ, ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹੁਕਮਨਾਮਿਆਂ ਦਾ ਹਿੱਸਾ ਨਹੀਂ ਹਨ। ਦੂਸਰੇ ਗੁਰੂ ਜੀ ਦੇ ਸ਼ਬਦ 'ਆਸਾ ਦੀ ਵਾਰ' ਰਚਨਾ ਵਿਚ ਮਿਲਦੇ ਹਨ।

ਉਪਦੇਸ਼ ਨੰਬਰ 253

ਸੰਸਾਰ ਪ੍ਰਮਾਤਮਾ ਦਾ ਘਰ ਹੈ, ਉਹ ਇਸ ਵਿਚ ਰਹਿੰਦਾ ਅਤੇ ਸਭਨਾਂ ਦੇ ਕਰਮਾਂ 'ਤੇ ਨਜ਼ਰ ਰੱਖਦਾ ਹੈ

ਪ੍ਰਮਾਤਮਾ ਸੰਸਾਰ ਵਿਚ ਨਿਵਾਸ ਕਰਦਾ ਹੈ। ਉਹ ਜਿਨ੍ਹਾਂ ਦੇ ਵੱਲ ਹੁੰਦਾ ਹੈ, ਉਹਨਾਂ ਨੂੰ ਮੁਕਤੀ ਬਖ਼ਸ਼ਦਾ ਹੈ। ਉਹ ਦੂਜਿਆਂ ਨੂੰ ਮੁਕਤੀ ਤੋਂ ਇਨਕਾਰ ਕਰ ਦਿੰਦਾ ਹੈ। ਉਹ ਕੁਝ ਕੁ ਨੂੰ ਝੂਠੇ ਪਦਾਰਥਾਂ ਦੇ ਮੋਹ ਤੋਂ ਬਚਾਉਂਦਾ ਹੈ। ਉਹ ਬਾਕੀਆਂ ਨੂੰ ਝੂਠ ਦੇ ਜਾਲ ਵਿਚ ਫਸਿਆ ਹੀ ਰਹਿਣ ਦਿੰਦਾ ਹੈ। ਫੇਰ ਵੀ, ਇਹ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ਕਿ ਪ੍ਰਮਾਤਮਾ ਕਿਸ ਦਾ ਪੱਖ ਲਵੇਗਾ ਅਤੇ ਕਿਸ ਨੂੰ ਮੁਕਤੀ ਦੇਵੇਗਾ। ਜੇ ਉਹ ਕਿਸੇ ਨੂੰ ਗਿਆਨ ਦੀ ਰੌਸ਼ਨੀ ਦੇਣਾ ਚਾਹੁੰਦਾ ਹੈ ਤਾਂ ਫਿਰ ਉਹ, ਉਸ ਵਿਰਲੇ ਮਨੁੱਖ ਨੂੰ ਗੁਰੂ ਦੇ ਗਿਆਨ ਦੀ ਬਖ਼ਸ਼ਿਸ਼ ਕਰਦਾ ਹੈ, ਫਿਰ ਉਹ ਮਨੁੱਖ ਗੁਰੂ ਦਾ ਸਿੱਖ ਬਣ ਜਾਂਦਾ ਹੈ।

ਪ੍ਰਮਾਤਮਾ ਨੈਤਿਕਤਾ ਦੇ ਪੈਮਾਨੇ 'ਤੇ ਸਾਰੇ ਮਨੁੱਖਾਂ ਦੇ ਕਰਮਾਂ ਦਾ ਜਾਇਜ਼ਾ ਲੈਂਦਾ ਹੈ। ਉਸ ਦੇ ਫੈਸਲੇ ਕੇਵਲ ਸੱਚਾਈ ਉਤੇ ਆਧਾਰਿਤ ਹੁੰਦੇ ਹਨ। ਉਹ ਮਾੜੇ ਕਰਮ ਕਰਨ ਵਾਲਿਆਂ ਨੂੰ ਵੱਖ ਕਰ ਲੈਂਦਾ ਹੈ। ਉਹ ਅਪਮਾਨ ਝੇਲਦੇ ਹਨ। ਉਹ ਨਰਕ ਦੇ ਭਾਗੀ ਹੁੰਦੇ ਹਨ। ਉਹ, ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਵਿਜੇਤਾ ਹੁੰਦੇ ਹਨ, ਜਦੋਂ ਕਿ ਉਹ, ਜੋ ਝੂਠੇ ਮੋਹ ਦੀ ਦਲਦਲ ਵਿਚ ਫਸੇ ਹੁੰਦੇ ਹਨ, ਹਾਰ ਕੇ ਇਹ ਜਹਾਨ ਛੱਡ ਜਾਂਦੇ ਹਨ। ਅਜਿਹੀ ਸਮੀਖਿਆ (ਪੜਚੋਲ) ਉਹ ਸਾਰਿਆਂ ਦੀ ਕਰਦਾ ਹੈ।

ਉਪਦੇਸ਼ ਨੰਬਰ 254

ਪ੍ਰਮਾਤਮਾ ਦੀ ਮਿਹਰ ਨਾਲ, ਅਹੰਕਾਰ ਦਾ ਇਲਾਜ, ਗੁਰੂ ਦੀਆਂ ਸਿੱਖਿਆਵਾਂ ਉਤੇ ਤੁਰਨਾ ਹੈ

ਅਹੰਕਾਰੀ ਵਿਅਕਤੀ ਅਹੰਕਾਰ ਨਾਲ ਹੀ ਵਰਤਾਉ ਕਰੇਗਾ, ਕਿਉਂਕਿ ਅਜਿਹਾ ਕਰਨਾ ਉਸ ਦਾ ਸੁਭਾਅ ਹੈ। ਇਹੋ ਹੀ ਉਹ ਜਾਲ ਹੈ, ਜੋ ਜਨਮ-ਮਰਨ ਦੇ ਚੱਕਰ ਦਾ ਕਾਰਣ ਬਣਦਾ ਹੈ। ਅਹੰਕਾਰ ਕਿੱਥੋਂ ਉਤਪੰਨ ਹੁੰਦਾ ਹੈ ? ਇਸ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ ? ਅਹੰਕਾਰੀ ਵਿਅਕਤੀ, ਅਹੰਕਾਰ ਕਰਦਾ ਹੈ, ਕਿਉਂਕਿ ਪ੍ਰਮਾਤਮਾ ਨੇ ਉਸ ਲਈ ਅਜਿਹਾ ਕਰਨਾ ਉਸ ਦੀ ਕਿਸਮਤ ਵਿਚ ਲਿਖਿਆ ਹੁੰਦਾ ਹੈ। ਅਹੰਕਾਰ ਇਕ ਕਸ਼ਟ ਹੈ, ਜਿਸ ਦਾ ਕੇਵਲ ਇਕ ਹੀ ਇਲਾਜ ਹੈ। ਜੇ ਪ੍ਰਮਾਤਮਾ ਦੀ ਮਿਹਰ ਸਦਕਾ ਮਨੁੱਖ ਨੂੰ ਮੁਕਤੀ ਮਿਲ ਜਾਂਦੀ ਹੈ, ਤਾਂ ਫਿਰ ਉਹ ਗੁਰੂ ਦਾ ਸਿੱਖ ਬਣ ਜਾਂਦਾ ਹੈ। ਅਹੰਕਾਰ ਦੇ ਕਸ਼ਟ ਤੋਂ ਮੁਕਤੀ ਦਾ ਇਹੀ ਮਾਰਗ ਹੈ।

ਜੋ ਪ੍ਰਮਾਤਮਾ ਦੀ ਭਗਤੀ ਵਿਚ ਜੁੜਦੇ ਹਨ, ਉਹੋ ਹੀ ਪ੍ਰਮਾਤਮਾ ਦੇ ਸੱਚੇ ਭਗਤ ਹਨ। ਉਹ ਕਦੇ ਵੀ ਮਾੜੇ ਕਰਮ ਨਹੀਂ ਕਰਦੇ। ਉਹ ਨੈਤਿਕ ਅਤੇ ਸਨਮਾਨਜਨਕ ਤਰੀਕੇ

ਨਾਲ ਵਿਵਹਾਰ ਕਰਦੇ ਹਨ। ਉਹ ਦੁਨਿਆਵੀ ਫੰਦਿਆਂ ਤੋਂ ਆਜ਼ਾਦ ਹੁੰਦੇ ਹਨ। ਉਹ ਪੇਟੂ (ਬਹੁਤ ਅਧਿਕ ਖਾਣਾ) ਨਹੀਂ ਹੁੰਦੇ, ਉਹ ਸੁੱਖਵਾਦੀ ਨਹੀਂ ਹੁੰਦੇ। ਪ੍ਰਮਾਤਮਾ ਉਹਨਾਂ ਉਪਰ ਸਭ ਤੋਂ ਵੱਧ ਦਿਆਲੂ ਹੁੰਦਾ ਹੈ। ਉਹ ਪ੍ਰਮਾਤਮਾ ਦੀ ਨਿਰੰਤਰ ਭਗਤੀ ਦੀ ਦਾਤ ਦਾ ਆਨੰਦ ਮਾਣਦੇ ਹਨ। ਉਹ ਪ੍ਰਮਾਤਮਾ ਦੇ ਬੇਅੰਤ ਗੁਣਾਂ ਕਾਰਣ ਉਸ ਦੀ ਸਿਫ਼ਤ-ਸਾਲਾਹਿ ਕਰਦੇ ਹਨ। ਉਹ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦੇ ਹਨ।

ਉਪਦੇਸ਼ ਨੰਬਰ 255

ਸਿਰਜਣਹਾਰ ਆਪਣੀ ਰਜ਼ਾ ਨਾਲ ਆਪਣੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ

ਉਹ ਸਿਰਜਣਹਾਰ ਆਪਣੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ। ਉਹੋ ਹੀ ਧਰਤੀ 'ਤੇ ਰਹਿਣ ਵਾਲੇ ਪ੍ਰਾਣੀਆਂ ਨੂੰ ਪੈਦਾ ਕਰਦਾ ਅਤੇ ਖ਼ਤਮ ਕਰਦਾ ਹੈ। ਉਸ ਦਾ ਆਪਣੀ ਸ੍ਰਿਸ਼ਟੀ 'ਤੇ ਸੰਪੂਰਨ ਹੁਕਮ ਚੱਲਦਾ ਹੈ ਅਤੇ ਉਹੋ ਹੀ ਸਰਵਉੱਚ ਹੈ।

ਸਰਵਉੱਚ ਪ੍ਰਮਾਤਮਾ ਦੀਆਂ ਸ਼ਕਤੀਆਂ ਏਨੀਆਂ ਜ਼ਿਆਦਾ ਹਨ ਕਿ ਉਹਨਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਉਹ ਹੀ ਸਭਨਾਂ ਨੂੰ ਪੈਦਾ ਕਰਨ ਵਾਲਾ, ਦਿਆਲੂ, ਅੰਨਦਾਤਾ ਅਤੇ ਸਭਨਾਂ ਨੂੰ ਪਾਲਣ ਵਾਲਾ ਹੈ। ਸੰਸਾਰ ਵਿਚ ਕਿਸੇ ਨੇ ਕੀ ਕਰਨਾ ਹੈ, ਇਹ ਹੁਕਮ ਵੀ ਉਹ ਪ੍ਰਮਾਤਮਾ ਹੀ ਕਰਦਾ ਹੈ। ਸੰਸਾਰ ਵਿਚ ਕੋਈ ਵੀ ਪ੍ਰਮਾਤਮਾ ਦੇ ਬਰਾਬਰ ਜਾਂ ਉਸ ਤੋਂ ਉੱਪਰ ਨਹੀਂ ਹੈ। ਪ੍ਰਮਾਤਮਾ ਵੱਲੋਂ ਮੂੰਹ ਮੋੜਨਾ ਸਮਝਦਾਰੀ ਨਹੀਂ ਹੈ, ਮਨੁੱਖ ਨੂੰ ਪ੍ਰਮਾਤਮਾ ਪ੍ਰਤੀ ਨਿਮਰ ਅਤੇ ਵਫ਼ਾਦਾਰ ਰਹਿਣਾ ਚਾਹੀਦਾ ਹੈ। ਪ੍ਰਮਾਤਮਾ ਉਹੀ ਕਰਦਾ ਹੈ ਜੋ ਉਸ ਨੂੰ ਭਾਉਂਦਾ ਹੈ, ਉਸ ਦੇ ਕੰਮਾਂ 'ਤੇ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਗਾ ਸਕਦਾ।

ਨੋਟ :—ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਸ਼ਬਦ, "ਕਬਿਓ ਬਾਚ ਬੇਨਤੀ" ਰਚਨਾ ਵਿਚ ਦਰਜ਼ ਹਨ, ਇਹ ਇਸ ਲਈ ਸ਼ਾਮਿਲ ਕੀਤੇ ਗਏ ਹਨ, ਕਿਉਂਕਿ ਹਾਲੇ ਤੱਕ ਦਸਵੇਂ ਗੁਰੂ ਸਾਹਿਬ ਜੀ ਦਾ ਕੋਈ ਵੀ ਸ਼ਬਦ ਸ਼ਾਮਿਲ ਨਹੀਂ ਕੀਤਾ ਗਿਆ ਸੀ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਨਹੀਂ ਹੈ।

ਉਪਦੇਸ਼ ਨੰਬਰ 256

ਗੁਰੂ ਦੀ ਪ੍ਰਮਾਤਮਾ ਅੱਗੇ ਅਰਜ਼ੋਈ

ਗੁਰੂ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੈ :—

- ਕਿ ਉਹ ਉਸ ਦੀ ਗੱਖਿਆ ਕਰੇ।
- ਕਿ ਉਸ ਦਾ ਮਨ ਹਮੇਸ਼ਾ ਉਸ ਦੇ ਚਰਨ ਕਮਲਾਂ ਵਿਚ ਜੁੜਿਆ ਰਹੇ।
- ਉਸ ਦਾ ਆਪਣਾ ਜਾਣ (ਮੰਨ) ਕੇ ਖ਼ਿਆਲ ਰੱਖੇ।

- ਉਸ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਤੋਂ ਉਸ ਦੀ ਰੱਖਿਆ ਕਰੇ।
- ਗੁਰਸਿੱਖਾਂ ਸਮੇਤ, ਉਸ ਦੇ ਪਰਿਵਾਰ ਨੂੰ ਖ਼ੁਸ਼ ਅਤੇ ਤੰਦਰੁਸਤ ਰੱਖੇ।
- ਉਸ ਨੂੰ ਆਪਣੀ ਨਿੱਜੀ ਸੁਰੱਖਿਆ ਪ੍ਰਦਾਨ ਕਰੇ।
- ਉਸ ਦੇ ਸਾਰੇ ਦੁਸ਼ਮਣਾਂ ਦਾ ਖ਼ਾਤਮਾ ਕਰੇ।
- ਉਸ ਦੀ ਭਗਤੀ ਦੇ ਹਮੇਸ਼ਾ ਤ੍ਰਿਹਾਏ (ਪਿਆਸੇ) ਰਹਿਣ ਦੀ ਉਸ ਦੀ ਕਾਮਨਾ ਪੂਰੀ ਕਰੇ।
- ਉਸ ਉੱਪਰ ਆਪਣੀ ਇਹ ਮਿਹਰ ਰੱਖੇ ਕਿ ਉਸ ਨੂੰ ਤਿਆਗ ਕੇ ਉਹ ਕਿਸੇ ਹੋਰ ਦੀ ਭਗਤੀ ਨਾ ਕਰੇ।
- ਕਿਸੇ ਹੋਰ ਕੋਲੋਂ ਨਹੀਂ, ਬਲਕਿ ਕੇਵਲ ਉਸ ਕੋਲੋਂ ਹੀ, ਜੋ ਵੀ ਲੋੜ ਹੋਵੇ, ਦਾਤ ਮੰਗੇ।
- ਗੁਰੂ ਦੇ ਸਿੱਖ ਨੂੰ ਮੁਕਤੀ ਪ੍ਰਦਾਨ ਕਰੇ।
- ਕਿ ਉਸ ਦੇ ਹਰੇਕ (ਇਕ-ਇਕ) ਦੁਸ਼ਮਣ ਨੂੰ ਖ਼ਤਮ ਕਰੇ।
- ਕਿ ਉਸ ਨੂੰ ਬਚਾਵੇ—ਉਸ ਪ੍ਰਤੀ ਦਇਆਵਾਨ ਰਹੇ।
- ਕਿ ਉਸ ਦਾ ਮੌਤ ਦਾ ਭੈਅ (ਡਰ) ਖ਼ਤਮ ਕਰੇ।
- ਉਸ ਦੀ ਹਰ ਨੁਕਸਾਨ ਤੋਂ ਰੱਖਿਆ ਕਰੇ।
- ਗੁਰੂ ਦੇ ਉਹ ਸਿੱਖ, ਜੋ ਬ੍ਰਹਮ ਗਿਆਨ ਦਾ ਪਾਲਣ ਕਰਦੇ ਹਨ—ਹਮੇਸ਼ਾਂ ਖ਼ੁਸ਼ਹਾਲ ਰਹਿਣ।
- ਉਹਨਾਂ ਦਾ ਖ਼ਾਤਮਾ ਕਰੇ, ਜੋ ਬ੍ਰਹਮ ਗਿਆਨ ਦੇ ਅਨੁਯਾਈਆਂ ਦੇ ਵਿਰੋਧੀ ਹਨ, ਜਾਂ ਜੋ ਉਹਨਾਂ ਦੇ ਪ੍ਰਤੀ ਮਨ ਵਿਚ ਵੈਰ ਰੱਖਦੇ ਹਨ।
- ਲੜਾਈ ਦੇ ਮੈਦਾਨ ਵਿਚ ਮਾੜੇ ਕਰਮ ਕਰਨ ਵਾਲਿਆਂ ਦਾ ਖ਼ਾਤਮਾ ਕਰੇ।

ਉਪਦੇਸ਼ ਨੰਬਰ 257

ਪ੍ਰਮਾਤਮਾ ਦੇ ਗੁਣ ਵਿਲੱਖਣ ਅਤੇ ਅਦਭੁੱਤ ਹਨ

ਬਚਾਉਣ ਵਾਲਾ ਬਚਾਉਂਦਾ ਹੈ। ਪਰਮ ਪ੍ਰਮਾਤਮਾ, ਲੋੜ ਵੇਲੇ ਆਪਣੇ ਸੇਵਕਾਂ ਦੀ ਮਦਦ ਕਰਦਾ ਹੈ। ਉਹ ਆਪਣੇ ਨਿਮਾਣੇ ਸੇਵਕਾਂ ਦਾ ਸਾਥੀ ਹੈ। ਉਹ ਮਾੜੇ ਕਰਮ ਕਰਨ ਵਾਲਿਆਂ ਦਾ ਨਾਸ਼ ਕਰਨ ਵਾਲਾ ਹੈ। ਉਹ ਆਪਣੀ ਸ੍ਰਿਸ਼ਟੀ ਦਾ ਮਾਲਕ ਹੈ। ਉਸ ਨੇ ਹੀ ਵੇਦਾਂ ਦੇ ਰਚਨਾਕਾਰ—ਬ੍ਰਹਮਾ, ਮਸ਼ਹੂਰ ਜੋਗੀ ਸ਼ਿਵ ਅਤੇ ਵਿਸ਼ਨੂੰ ਨੂੰ ਪੈਦਾ ਕੀਤਾ। ਉਸ ਨੇ ਸੰਸਾਰ ਅਤੇ ਇਸ ਦੇ ਨਿਵਾਸੀ ਪੈਦਾ ਕੀਤੇ। ਉਸ ਨੇ ਫਰਿਸ਼ਤੇ ਅਤੇ ਸ਼ੈਤਾਨ ਪੈਦਾ ਕੀਤੇ। ਗੁਰੂ, ਉਸ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਅੱਗੇ ਨਤਮਸਤਕ ਹੁੰਦਾ ਹੈ ਅਤੇ ਉਸ ਨੂੰ ਜੋਤੀਮਾਨ ਕਰਨ ਵਾਲਾ ਆਪਣਾ ਗੁਰੂ ਮੰਨਦਾ ਹੈ। ਗੁਰੂ, ਉਸ ਪ੍ਰਮਾਤਮਾ ਅੱਗੇ

ਨਤਮਸਤਕ ਹੁੰਦਾ ਹੈ, ਜੋ ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ। ਉਹ ਆਪਣੇ ਸਿੱਖਾਂ ਉਤੇ ਨੇਕ ਕਰਮ ਕਰਨ ਦੀ ਮਿਹਰ ਕਰਦਾ ਹੈ ਅਤੇ ਉਹਨਾਂ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਦਾਨ ਕਰਦਾ ਹੈ। ਉਹ ਇਕ ਪਲ ਵਿਚ ਹੀ ਆਪਣੇ ਸੇਵਕ ਦੇ ਦੁਸ਼ਮਣਾਂ ਨੂੰ ਸਮਾਪਤ ਕਰਦਾ ਹੈ। ਉਹ ਸਾਰਿਆਂ ਦੇ ਅੰਦਰ ਦੇ ਭੇਦ ਜਾਣਦਾ ਹੈ। ਉਹ ਨੇਕ ਮਨੁੱਖਾਂ ਅਤੇ ਮਾੜੇ ਮਨੁੱਖਾਂ ਦੋਨਾਂ ਦੀਆਂ ਭਾਵਨਾਵਾਂ ਜਾਣਦਾ ਹੈ। ਉਹ ਕੀੜੀ ਤੋਂ ਲੈ ਕੇ ਹਾਥੀ ਤੱਕ, ਸਾਰਿਆਂ ਪ੍ਰਤੀ ਦਿਆਲੂ ਰਹਿੰਦਾ ਹੈ। ਉਹ ਇਸ ਦਿਆਲਤਾ ਨਾਲ ਅਨੰਦਿਤ ਰਹਿੰਦਾ ਹੈ। ਉਹ ਆਪਣੇ ਸੇਵਕ ਨੂੰ ਦੁੱਖ ਝੇਲਦੇ ਦੇਖ ਕੇ ਬਰਦਾਸ਼ਤ ਨਹੀਂ ਕਰਦਾ। ਉਹ ਜਾਣ ਕੇ ਖ਼ੁਸ਼ ਹੁੰਦਾ ਹੈ ਕਿ ਉਸ ਦੇ ਸੇਵਕ ਖ਼ੁਸ਼ ਅਤੇ ਸ਼ਾਂਤ-ਚਿੱਤ ਹਨ। ਉਹ ਸਭਨਾਂ ਦੀਆਂ ਭਾਵਨਾਵਾਂ ਜਾਣਦਾ ਹੈ। ਉਸ ਕੋਲੋਂ ਕੁੱਛ ਵੀ ਲੁੱਕਿਆ ਹੋਇਆ ਨਹੀਂ ਹੈ।

ਆਪਣੀ ਰਚਨਾਤਮਕ ਸ਼ਕਤੀ ਨਾਲ, ਮਨੁੱਖ ਅਨੇਕਾਂ ਅਤੇ ਅਣਗਿਣਤ ਰੂਪ ਘੜ੍ਹਦਾ ਹੈ। ਜੇ ਉਹ ਆਪਣੀ ਵਿਨਾਸ਼ਕ ਸ਼ਕਤੀ ਦੀ ਵਰਤੋਂ ਕਰੇ, ਤਾਂ ਫਿਰ ਉਹ ਸਾਰੇ ਰੂਪ ਖ਼ਤਮ ਕਰ ਦਿੰਦਾ ਹੈ। ਸਾਰੀ ਸ੍ਰਿਸ਼ਟੀ ਮਿੱਟੀ ਵਿਚ ਮਿਲ ਜਾਂਦੀ ਹੈ। ਸਾਰੀ ਸ੍ਰਿਸ਼ਟੀ ਵਿੱਚੋਂ ਕੁੱਛ ਵੀ ਬਾਕੀ ਨਹੀਂ ਬਚਦਾ। ਫਿਰ ਕੇਵਲ ਉਹ ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ ਹੀ ਬਚਦਾ ਹੈ। ਇਸ ਸ੍ਰਿਸ਼ਟੀ ਵਿਚ ਹਰ ਕਿਸੇ ਦੀ ਆਪਣੀ ਵੱਖਰੀ ਭੂਮਿਕਾ ਹੈ। ਹਰ ਕੋਈ ਵੱਖੋ-ਵੱਖ ਤਰ੍ਹਾਂ ਵਿਵਹਾਰ ਕਰਦਾ ਹੈ। ਸੰਸਾਰ ਦੇ ਮੋਹ ਅਤੇ ਦੁੱਖ ਉਸ ਨੂੰ ਛੂੰਹਦੇ ਵੀ ਨਹੀਂ। ਉਹ ਵੇਦਾਂ ਦਾ ਗਿਆਤਾ ਹੈ। ਉਹ ਵਿਦਵਾਨਾਂ ਅਤੇ ਮਹਾਂ ਵਿਦਵਾਨਾਂ ਦੇ ਗਿਆਨ ਨੂੰ ਵੀ ਜਾਣਦਾ ਹੈ।

ਪ੍ਰਮਾਤਮਾ ਨਿਰੰਕਾਰ ਹੈ। ਉਹ ਪਵਿੱਤਰ ਹੈ। ਉਹ ਸਵੈ-ਵਿਦਮਾਨ ਹੈ। ਉਸ ਦਾ ਜਨਮ ਨਹੀਂ ਹੁੰਦਾ। ਉਹ ਸਦੀਵੀ ਕਾਇਮ ਰਹਿਣ ਵਾਲਾ ਹੈ। ਕੋਈ ਵੀ ਕਲਾਕਾਰ, ਰੰਗਾਂ ਜਾਂ ਆਕਾਰਾਂ ਦੀ ਮਦਦ ਨਾਲ ਉਸ ਨੂੰ ਚਿੱਤਰ ਨਹੀਂ ਸਕਦਾ। ਉਸ ਦੀ ਹੋਂਦ ਦਾ ਕੋਈ ਆਦਿ ਨਹੀਂ ਹੈ। ਕੋਈ ਮੂਰਖ ਹੀ ਉਸ ਦੇ ਭੇਦਾਂ ਨੂੰ ਜਾਨਣ ਦਾ ਦਾਅਵਾ ਕਰ ਸਕਦਾ ਹੈ, ਨਹੀਂ ਤਾਂ, ਕਿਸੇ ਕੋਲ ਵੀ ਅਜਿਹਾ ਗਿਆਨ ਨਹੀਂ ਹੈ। ਵੇਦ ਵੀ ਉਸ ਨੂੰ ਪ੍ਰਭਾਸ਼ਿਤ ਕਰਨ ਤੋਂ ਅਸਮਰਥ ਹਨ। ਕੁੱਛ ਮੂਰਖ ਮੂਰਤੀ ਪੂਜਾ ਨੂੰ ਪ੍ਰਮਾਤਮਾ ਦੀ ਭਗਤੀ ਨਾਲ ਮਿਲਾਉਂਦੇ ਹਨ। ਨਿਰਾਕਾਰ ਬਾਰੇ ਸੱਚਾਈ ਨਾ ਜਾਣਦੇ ਹੋਏ, ਅਜਿਹੇ ਲੋਕ ਸ਼ਿਵ ਨੂੰ ਪ੍ਰਮਾਤਮਾ ਮੰਨਦੇ ਹਨ। ਲੋਕ ਆਪਣੀ ਸਮਝ ਦੀ ਥੁੜ ਦੇ ਆਧਾਰ 'ਤੇ ਪ੍ਰਮਾਤਮਾ ਨੂੰ ਵੱਖੋ-ਵੱਖ ਤਰ੍ਹਾਂ ਪ੍ਰਭਾਸ਼ਿਤ ਕਰਦੇ ਹਨ। ਸੱਚਾਈ ਤਾਂ ਇਹ ਹੈ ਕਿ ਪ੍ਰਮਾਤਮਾ ਦੀ ਸ੍ਰਿਸ਼ਟੀ ਦਾ ਵਿਸਥਾਰ ਬੇਅੰਤ ਹੈ ਅਤੇ ਇਸ ਨੂੰ ਸਮਝਣਾ ਅਸੰਭਵ ਹੈ। ਕੋਈ ਨਹੀਂ ਜਾਣਦਾ ਕਿ ਉਸ ਨੇ ਸ੍ਰਿਸ਼ਟੀ ਕਿਵੇਂ ਰਚੀ।

ਪ੍ਰਮਾਤਮਾ ਵਿਲੱਖਣ ਗੁਣਾਂ ਵਾਲਾ ਹੈ। ਉਹ ਗਰੀਬ, ਅਮੀਰ, ਰਾਜੇ, ਸਾਰਿਆਂ ਅੰਦਰ ਇੱਕੋ ਜਿੰਨਾ ਮੌਜੂਦ ਹੈ। ਉਸ ਨੇ ਧਰਤੀ 'ਤੇ ਜੀਵਨ ਰੂਪਾਂ ਦੇ ਸੋਮੇ ਪੈਦਾ ਕੀਤੇ ਹਨ। ਉਸ ਨੇ ਜਾਨਵਰ ਅਤੇ ਪੌਦੇ ਪੈਦਾ ਕੀਤੇ। ਬ੍ਰਹਮਾ ਅਤੇ ਵਿਸ਼ਨੂੰ, ਪ੍ਰਮਾਤਮਾ ਦੀ ਹੋਂਦ ਤੋਂ

ਵੱਖ ਜਾਂ ਬਰਾਬਰ ਨਹੀਂ ਹਨ। ਉਹ (ਪ੍ਰਮਾਤਮਾ) ਹੀ, ਉਹਨਾਂ ਦੀ ਹੋਂਦ ਦਾ ਕਾਰਣ ਹੈ। ਦੁਨੀਆਂ ਪ੍ਰਮਾਤਮਾ ਦਾ ਹੈਰਾਨ ਕਰਨ ਵਾਲਾ ਨਜ਼ਾਰਾ ਹੈ। ਉਹ ਸਦੀਵੀ ਹੈ। ਉਹ ਸਵੈ-ਵਿੱਦਮਾਨ ਹੈ।

ਉਹ ਮਨੁੱਖ, ਜੋ ਕੇਵਲ ਇਕ ਪਲ ਲਈ ਵੀ, ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ, ਉਹ ਭੈਅ-ਮੁਕਤ (ਨਿਰਭਉ, ਨਿਡਰ) ਹੋ ਜਾਂਦਾ ਹੈ। ਅਜਿਹਾ ਮਨੁੱਖ ਹਮੇਸ਼ਾ ਪ੍ਰਮਾਤਮਾ ਦੀ ਓਟ ਅਧੀਨ ਰਹਿੰਦਾ ਹੈ। ਕੋਈ ਵੀ ਉਸ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਜਿਸ ਉਤੇ ਪ੍ਰਮਾਤਮਾ ਆਪਣੀ ਮਿਹਰ ਭਰੀ ਨਜ਼ਰ ਕਰਦਾ ਹੈ, ਪ੍ਰਮਾਤਮਾ ਉਸ ਦੀਆਂ ਸਾਰੀਆਂ ਬੀਮਾਰੀਆਂ ਦੂਰ ਕਰ ਦਿੰਦਾ ਹੈ। ਪ੍ਰਮਾਤਮਾ ਦੇ ਸੇਵਕ ਵਿਲੱਖਣ ਮੰਨੀਆਂ ਜਾਣ ਵਾਲੀਆਂ ਦਾਤਾਂ ਪ੍ਰਾਪਤ ਕਰਦਾ ਹੈ। ਉਸ ਦਾ ਬੁਰਾ-ਚਾਹੁਣ ਵਾਲੇ ਉਸ ਦੇ ਪ੍ਰਛਾਵੇਂ ਤੱਕ ਨੂੰ ਵੀ ਛੂਹ ਨਹੀਂ ਸਕਦੇ।

ਉਹ, ਜੋ ਕੇਵਲ ਇਕ ਵਾਰ ਵੀ ਦਿਲੋਂ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੈ, ਮੌਤ ਦੇ ਫੰਦੇ ਤੋਂ ਮੁਕਤ ਹੋ ਜਾਂਦਾ ਹੈ। ਜੋ ਮਨੁੱਖ, ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਸੁਸਤੀ ਅਤੇ ਦੁਸ਼ਮਣਾਂ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਮਾੜੇ ਕਰਮ ਕਰਨ ਵਾਲਿਆਂ ਨੂੰ ਵੱਸ ਵਿਚ ਕਰਨ ਵਾਲਾ ਪ੍ਰਮਾਤਮਾ, ਗੁਰੂ ਦੀ ਰੱਖਿਆ ਕਰਦਾ ਹੈ। ਉਹ "ਮਾੜੇ ਕਰਮ ਕਰਨ ਵਾਲਿਆਂ ਨੂੰ ਨਾਸ਼ ਕਰਨ ਵਾਲੇ" ਅੱਗੇ ਉਸ ਨੂੰ ਅਤੇ ਉਸ ਦੇ ਸਿੱਖਾਂ ਨੂੰ ਬਚਾਉਣਾ, ਹਰ ਤਰ੍ਹਾਂ ਦੇ ਹਾਲਾਤ ਵਿਚ ਉਸ ਦਾ ਸਾਥ ਦੇਣਾ ਅਤੇ ਦੁਸ਼ਮਣਾਂ ਤੋਂ ਉਸ ਦੀ ਰੱਖਿਆ ਕਰਨ ਦੀ ਅਰਜ਼ੋਈ ਕਰਦਾ ਹੈ।

ਉਪਦੇਸ਼ ਨੰਬਰ 258

ਗੁਰੂ ਗੋਬਿੰਦ ਸਿੰਘ ਜੀ ਕੇਵਲ ਪ੍ਰਮਾਤਮਾ ਦੀ ਸ਼ਰਨ ਲੋਚਦੇ ਹਨ

ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਦੇ ਪ੍ਰਤੀ ਸਮਰਪਿਤ ਕਰਕੇ ਮਨੁੱਖ ਉੱਚਾ ਹੋਇਆ ਮਹਿਸੂਸ ਕਰਦਾ ਹੈ। ਉਹ ਕਿਸੇ ਦੇ ਅਧੀਨ ਨਹੀਂ ਰਹਿੰਦਾ। ਰਾਮ (ਹਿੰਦੂਆਂ ਦੇ ਦੇਵਤਾ), ਮੁਹੰਮਦ (ਮੁਸਲਮਾਨਾਂ ਦੇ ਪੈਗੰਬਰ), ਪੁਰਾਨ (ਹਿੰਦੂਆਂ ਦਾ ਧਾਰਮਿਕ ਗ੍ਰੰਥ), ਕੁਰਾਨ (ਮੁਸਲਮਾਨਾਂ ਦਾ ਧਾਰਮਿਕ ਗ੍ਰੰਥ) ਬਹੁਤ ਸਾਰੀਆਂ ਵਿਚਾਰਧਾਰਾਵਾਂ ਦਾ ਪ੍ਰਚਾਰ ਕਰਦੇ ਹਨ, ਪਰ ਗੁਰੂ ਦਾ ਮਾਰਗ ਅਲੱਗ ਹੈ।

ਸਮ੍ਰਿਤੀਆਂ, ਸ਼ਾਸਤਰਾਂ, ਵੇਦਾਂ (ਹਿੰਦੂਆਂ ਦੇ ਸਾਰੇ ਧਾਰਮਿਕ ਗ੍ਰੰਥ) ਦੀਆਂ ਸਿੱਖਿਆਵਾਂ ਉਹ ਨਹੀਂ ਹਨ, ਜਿਨ੍ਹਾਂ ਦਾ ਗੁਰੂ ਉਪਦੇਸ਼ ਕਰਦਾ ਹੈ। ਗੁਰੂ ਨੇ ਆਪਣੇ ਵਿਚਾਰ, ਆਪਣੇ ਬਣਾਏ ਹੋਏ ਕਹਿ ਕੇ ਨਹੀਂ ਪ੍ਰਗਟਾਏ ਹਨ, ਬਲਕਿ "ਸਾਰੀਆਂ ਸ਼ਕਤੀਆਂ ਦੇ ਮਾਲਕ, ਜਿਸ ਅੱਗੇ ਸਾਰਿਆਂ ਨੂੰ ਨਤਮਸਤਕ ਹੋਣਾ ਚਾਹੀਦਾ ਹੈ", ਵੱਲੋਂ ਨਿਰਦੇਸ਼ਿਤ ਦੱਸੇ ਹਨ। ਗੁਰੂ ਸਿਰਫ਼ ਪ੍ਰਮਾਤਮਾ ਦੀ ਸ਼ਰਨ ਚਾਹੁੰਦਾ ਹੈ। ਗੁਰੂ ਗੋਬਿੰਦ ਸਿੰਘ

ਜੀ ਆਪਣੇ ਆਪ ਨੂੰ ਪ੍ਰਮਾਤਮਾ ਦਾ ਨਿਮਾਣਾ ਸੇਵਕ ਮੰਨਦੇ ਹਨ। ਪ੍ਰਮਾਤਮਾ, ਜਿਸ ਦਾ ਹੱਥ ਪਕੜ ਲਵੇ, ਫਿਰ ਉਹ ਉਸ ਦਾ ਹੱਥ ਕਦੀ ਨਹੀਂ ਛੱਡਦਾ।

15. ਭਗਤਾਂ ਦੇ ਸ਼ਬਦਾਂ ਤੋਂ ਲਏ ਗਏ ਉਪਦੇਸ਼ਾਂ ਦਾ ਸੰਗ੍ਰਹਿ

ਭਗਤ ਤ੍ਰਿਲੋਚਨ ਜੀ

ਉਪਦੇਸ਼ ਨੰਬਰ 259

ਮੌਤ ਸਮੇਂ ਅਤੇ ਬਾਅਦ ਦੇ ਜੀਵਨ ਦੀ ਭਿਆਨਕ ਸਥਿਤੀ ਤੋਂ ਬਚਣ ਦਾ ਇੱਕੋ-ਇਕ ਮਾਰਗ ਪ੍ਰਮਾਤਮਾ ਦੀ ਭਗਤੀ ਹੈ

ਮਨੁੱਖ ਝੂਠੇ ਅਤੇ ਮੋਹ-ਮਾਇਆ ਦੇ ਆਕਰਸ਼ਣ ਦੀ ਪਕੜ ਹੇਠ ਬੁਢਾਪੇ ਅਤੇ ਮੌਤ ਤੋਂ ਬੇਖ਼ਬਰ ਰਹਿੰਦੇ ਹਨ। ਮਨੁੱਖ ਪਰਿਵਾਰਿਕ ਸੰਬੰਧਾਂ ਦੇ ਆਨੰਦਾਂ ਤੋਂ ਪਰ੍ਹੇ ਮੌਜੂਦ ਸੱਚਾਈ ਨਹੀਂ ਦੇਖਦਾ। ਹਵਸ ਵਿਚ ਲਿਪਤ ਮਨੁੱਖ, ਵਿਭਚਾਰ ਵਿਚ ਰੁੱਝਿਆ ਰਹਿੰਦਾ ਹੈ। ਧਰਮਰਾਜ ਦੇ ਸ਼ਕਤੀਸ਼ਾਲੀ ਦੂਤਾਂ ਦਾ ਵਿਰੋਧ ਕਰਨਾ ਮੁਸ਼ਕਿਲ ਹੁੰਦਾ ਹੈ, ਉਹ ਤੇਜ਼ੀ ਨਾਲ ਆਉਂਦੇ ਹਨ।

ਭਗਤ ਤ੍ਰਿਲੋਚਨ ਜੀ ਇਕ ਮਿੱਤਰ-ਪ੍ਰਮਾਤਮਾ ਦੇ ਸੇਵਕ ਦੀਆਂ ਬਖ਼ਸ਼ਸ਼ਾਂ ਦੀ ਕਾਮਨਾ ਕਰਦੇ ਹਨ, ਤਾਂ ਕਿ ਉਹ ਬਾਂਹਵਾਂ ਫੈਲਾ ਕੇ ਪ੍ਰਮਾਤਮਾ ਦਾ ਸੁਆਗਤ ਕਰ ਸਕਣ ਅਤੇ ਉਸ ਅੱਗੇ ਬੇਨਤੀ ਕਰ ਸਕਣ ਕਿ ਉਹ ਉਸ ਨੂੰ ਧਰਮਰਾਜ ਦੇ ਦੂਤਾਂ ਤੋਂ ਬਚਾਵੇ। ਮਨੁੱਖ ਜ਼ਿੰਦਗੀ ਦੇ ਆਨੰਦਾਂ ਨੂੰ ਸਦੀਵੀ ਆਨੰਦ ਸਮਝ ਕੇ ਏਨਾ ਉਲਝ ਜਾਂਦਾ ਹੈ ਅਤੇ ਜੀਵਨ ਵੀ ਇਸ ਭਰਮ ਵਿਚ ਜਿਉਂਦਾ ਹੈ, ਜਿਵੇਂ ਇਹ ਜੀਵਨ ਸੰਸਾਰ ਵਿਚ ਸਦਾ ਹੀ ਚੱਲਦਾ ਰਹਿਣਾ ਹੋਵੇ। ਸੱਚਾਈ ਤਾਂ ਇਹ ਹੈ ਕਿ ਉਹ ਆਪਣਾ ਜੀਵਨ ਵਿਅਰਥ ਗੁਆਉਂਦਾ ਹੈ ਅਤੇ ਪ੍ਰਮਾਤਮਾ ਦੀ ਭਗਤੀ ਨੂੰ ਨਜ਼ਰ-ਅੰਦਾਜ਼ ਕਰਦਾ ਹੈ, ਕਿਉਂਕਿ ਉਹ ਨਾਸਵੰਤ ਅਤੇ ਮੋਹਿਆ-ਜਾਲ ਦੇ ਪ੍ਰਲੋਭਨਾਂ ਵਿਚ ਫਸਿਆ ਹੋਇਆ ਹੈ।

ਪ੍ਰਮਾਤਮਾ ਤੋਂ ਵਿੱਛੜ ਕੇ, ਮਨੁੱਖ ਡਰ ਅਤੇ ਘੋਰ ਅਗਿਆਨਤਾ ਵਿਚ ਜੀਵਨ ਜਿਉਂਦਾ ਹੈ। ਪ੍ਰਮਾਤਮਾ ਦੇ ਨਾਮ ਦੀ ਪ੍ਰਤੀ ਜਗ੍ਹਾ 'ਤੇ ਝੂਠ ਨਾਲ ਲਗਾਓ, ਆਖਿਰਕਾਰ ਮੌਤ 'ਤੇ ਖ਼ਤਮ ਹੁੰਦਾ ਹੈ। ਧਰਮਰਾਜ ਦੇ ਦੂਤ ਏਨੇ ਸ਼ਕਤੀਸ਼ਾਲੀ ਹਨ ਕਿ ਉਹਨਾਂ ਤੋਂ ਬਚਿਆ ਨਹੀਂ ਜਾ ਸਕਦਾ। ਜੋ ਉਹਨਾਂ ਦੇ ਕੋਲ ਭੇਜੇ ਜਾਂਦੇ ਹਨ, ਉਹ ਉਹਨਾਂ ਨੂੰ ਪਕੜ ਕੇ ਟੁਕੜੇ-ਟੁਕੜੇ ਕਰ ਦਿੰਦੇ ਹਨ।

ਗੁਰੂ ਦਾ ਗਿਆਨ ਇਸ ਗੱਲ ਨੂੰ ਮਾਨਤਾ ਪ੍ਰਦਾਨ ਕਰਦਾ ਹੈ ਕਿ ਪ੍ਰਮਾਤਮਾ ਸਰਬ-ਵਿਆਪਕ ਹੈ। ਉਹ ਜੰਗਲ ਤੋਂ ਲੈ ਕੇ ਘਾਹ ਦੇ ਤਿਣਕੇ ਤੱਕ, ਹਰ ਥਾਂ 'ਤੇ ਮੌਜੂਦ ਹੈ। ਉਹ ਸਭ ਕੁਝ ਜਾਣਨਹਾਰ ਹੈ। ਭਗਤ ਤ੍ਰਿਲੋਚਨ ਜੀ ਨੇ ਸੱਚਾਈ ਉਸੇ ਤਰ੍ਹਾਂ ਹੀ ਬਿਆਨ ਕੀਤੀ

ਹੈ। ਜੈਸੀ ਹੈ।

ਨੋਟ : ਉਪਰੋਕਤ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਸ੍ਰੀ ਰਾਗ' ਵਿਚ ਦਰਜ਼ ਹੈ।

ਭਗਤ ਧੰਨਾ ਜੀ

ਉਪਦੇਸ਼ ਨੰਬਰ 260

ਸਤਿਗੁਰੂ ਦੇ ਗਿਆਨ ਉਪਦੇਸ਼ ਤੋਂ ਬਿਨਾਂ ਜਨਮ-ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ

ਜਨਮ-ਮਰਨ ਦੇ ਗੇੜ ਵਿਚ ਫਸੇ ਹੋਏ ਜੀਵ ਨੂੰ ਆਤਮਿਕ ਸ਼ਾਂਤੀ ਤੇ ਸੰਤੋਖ ਕਦੀ ਵੀ ਪ੍ਰਾਪਤ ਨਹੀਂ ਹੋ ਸਕਦਾ। ਲਾਲਚ ਤੇ ਕਾਮ ਦੇ ਜ਼ਹਿਰ ਨਾਲ ਮਲੀਨ ਮਨ ਅਨਮੋਲ ਹੀਰੇ ਵਾਹਿਗੁਰੂ ਨੂੰ ਕਦੀ ਸਿਮਰ ਨਹੀਂ ਸਕਦਾ।

ਰਸਤੇ (ਮਾਰਗ) ਤੋਂ ਭਟਕੇ ਹੋਏ ਮਨ ਵਾਲਾ ਮਨੁੱਖ, ਮਾੜੇ ਕਰਮਾਂ ਵਿਚ ਜੁੜਣਾ ਪਸੰਦ ਕਰਦਾ ਹੈ। ਉਹ ਨੇਕੀ ਨਾਲ ਵਿਵਹਾਰ ਨਹੀਂ ਕਰ ਸਕਦਾ। ਉਸ ਦਾ ਮਨ ਹਮੇਸ਼ਾ ਨੇਕੀ ਦੇ ਉਲਟ ਵਿਚਾਰਾਂ ਅਤੇ ਕਰਮਾਂ ਵਿਚ ਲੱਗਾ ਰਹਿੰਦਾ ਹੈ। ਇਸ ਪ੍ਰਕਾਰ, ਉਹ ਜਨਮ-ਮਰਨ ਦੇ ਚੱਕਰ ਦੇ ਜਾਲ ਵਿਚ ਆਪਣਾ ਸਮਾਂ ਵਧਾ ਲੈਂਦਾ ਹੈ। ਹੋ ਸਕਦਾ ਹੈ ਕਿ ਉਹ ਇਸ ਸਥਿਤੀ ਵਿੱਚੋਂ ਬਾਹਰ ਨਿਕਲਣ ਦਾ ਹੱਲ ਜਾਣਦਾ ਹੋਵੇ, ਪਰ ਉਹ ਇਸ ਨੂੰ ਆਪਣੇ ਵਿਚਾਰਾਂ ਅਤੇ ਕਰਮਾਂ ਵਿਚ ਨਹੀਂ ਢਾਲਦਾ। ਜੀਵਨ ਵਿਚ ਤ੍ਰਿਸ਼ਨਾ ਦਾ ਦੁੱਖ ਭੋਗਦਿਆਂ, ਉਹ ਮਾੜੇ ਕਰਮ ਕਰਦਿਆਂ ਆਪਣੇ ਦੁੱਖਾਂ ਦੀ ਨਿਰੰਤਰਤਾ ਯਕੀਨੀ ਬਣਾ ਲੈਂਦਾ ਹੈ। ਉਹ ਸਰਵਉੱਚ ਹਸਤੀ ਤੋਂ ਵਿਛੜਿਆ ਰਹਿੰਦਾ ਹੈ।

ਮਨੁੱਖੀ ਮਨ ਤੇ ਬ੍ਰਹਮ ਗਿਆਨ ਦੀ ਪ੍ਰਭਾਤ, ਇਕ ਅਜਿਹੀ ਦੌਲਤ ਹੈ ਜੋ ਸਤਿਗੁਰੂ ਹੀ ਦਿੰਦਾ ਹੈ। ਫਿਰ ਮਨ, ਪ੍ਰਮਾਤਮਾ ਦੇ ਸਿਮਰਨ ਵਿਚ ਜੁੜ ਜਾਂਦਾ ਹੈ ਅਤੇ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ, ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ ਹੈ। ਮਨ ਸੰਤੁਸ਼ਟ ਹੋ ਜਾਂਦਾ ਹੈ ਅਤੇ ਸਾਰੇ ਫੰਦਿਆਂ ਤੋਂ ਮੁਕਤ ਹੋ ਜਾਂਦਾ ਹੈ।

ਪ੍ਰਮਾਤਮਾ ਦਾ ਸੱਚਾ ਭਗਤ, ਉਸ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਪ੍ਰਮਾਤਮਾ ਦਾ ਨਾਮ ਸਿਮਰ ਕੇ ਭਗਤ ਉਸ ਇਕ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ, ਜਿਸ ਨੂੰ ਕਦੀ ਧੋਖਾ ਨਹੀਂ ਦਿੱਤਾ ਜਾ ਸਕਦਾ। ਉਸ ਗੋਬਿੰਦ ਨੇ ਧੰਨਾ ਭਗਤ ਨੂੰ ਆਪਣਾ ਪਿਆਰਾ ਬਣਾਇਆ ਹੈ। ਭਗਤ ਦੇ ਅਨੁਸਾਰ ਅਜਿਹਾ ਸਭ ਉਸ ਗਿਆਨ ਦੇ ਕਾਰਣ ਹੋਇਆ, ਜੋ ਉਸ ਨੇ ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਵਿੱਚੋਂ ਹਾਸਿਲ ਕੀਤਾ।

ਨੋਟ : ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਰਾਗ ਆਸਾ' ਵਿਚ ਦਰਜ਼ ਹੈ।

ਸ਼ੇਖ਼ ਫ਼ਰੀਦ ਜੀ

ਉਪਦੇਸ਼ ਨੰਬਰ 261

ਜੋ ਸ਼ਰਧਾ ਨਾਲ ਪ੍ਰਮਾਤਮਾ ਦੀ ਪ੍ਰੀਤ ਵਿਚ ਜੁੜੇ ਹੋਏ ਹਨ, ਉਹੋ ਹੀ ਸੱਚੇ ਸੇਵਕ ਹਨ

ਉਹ ਸੱਚੇ ਸੇਵਕ ਹਨ, ਜੋ ਪ੍ਰਮਾਤਮਾ ਨੂੰ ਦਿਲੋਂ ਪ੍ਰੀਤ ਕਰਦੇ ਹਨ। ਉਹ ਮਨੁੱਖ, ਜੋ ਪ੍ਰਮਾਤਮਾ ਨੂੰ ਦਿਲੋਂ ਪਿਆਰ ਨਹੀਂ ਕਰਦੇ, ਪਰ ਅਜਿਹਾ ਕਰਨ ਦਾ ਦਾਅਵਾ ਕਰਦੇ ਹਨ, ਉਹ ਪਖੰਡੀ/ਬਗਲਾ ਭਗਤ ਹਨ। ਸੱਚੇ ਸੇਵਕ, ਪ੍ਰਮਾਤਮਾ ਨੂੰ ਪ੍ਰੀਤ ਕਰਦੇ ਹਨ ਅਤੇ ਉਸ ਦੀ ਨਦਰਿ ਦੀ ਕਾਮਨਾ ਕਰਦੇ ਹਨ। ਉਹ ਮਨੁੱਖ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਮਾਤਮਾ ਦਾ ਵਾਸ ਨਹੀਂ ਹੈ, ਉਹ ਜੀਵਨ ਦੇ ਉਦੇਸ਼ ਵਿਚ ਅਸਫਲ ਹੋ ਜਾਂਦੇ ਹਨ।

ਸੱਚਾ ਸੇਵਕ ਕੇਵਲ ਉਹ ਹੈ, ਜਿਸ ਉੱਪਰ ਪ੍ਰਮਾਤਮਾ ਆਪਣੀ ਭਗਤੀ ਦੀ ਮਿਹਰ ਕਰੇ। ਉਹ ਸਫਲ ਜੀਵਨ ਬਤੀਤ ਕਰਦਾ ਹੈ। ਉਸ ਦੀ ਮਾਤਾ, ਜਿਸ ਨੇ ਉਸ ਨੂੰ ਜਨਮ ਦਿੱਤਾ ਹੁੰਦਾ ਹੈ, ਉਹ ਪ੍ਰਸ਼ੰਸਾ ਦੀ ਹੱਕਦਾਰ ਹੈ।

ਪ੍ਰਮਾਤਮਾ ਹੀ ਸਾਰੇ ਜੀਵਨ ਦਾ ਪਾਲਕ ਹੈ। ਉਹ ਅਪਰੰਪਾਰ ਹੈ। ਉਹ ਅਪਹੁੰਚ ਹੈ। ਉਹ ਬੇਅੰਤ ਹੈ। ਉਹ ਮਨੁੱਖ, ਜਿਨ੍ਹਾਂ ਨੇ ਸਦੀਵੀ ਪ੍ਰਮਾਤਮਾ ਨੂੰ ਪਹਿਚਾਨ ਲਿਆ ਹੈ, ਪਵਿੱਤਰ ਹਨ। ਪੂਰੀ ਪ੍ਰਸ਼ੰਸਾ ਅਤੇ ਨਿਮਰਤਾ ਨਾਲ ਉਹਨਾਂ ਦੇ ਚਰਨਾਂ (ਪੈਰਾਂ) ਨੂੰ ਚੁੰਮਣਾ, ਬੜਾ ਵੱਡਾ ਵਰਦਾਨ ਹੈ। ਪ੍ਰਮਾਤਮਾ ਹਮੇਸ਼ਾ ਖਿਮਾ ਕਰਨ ਵਾਲਾ ਹੈ। ਸ਼ੇਖ਼ ਫ਼ਰੀਦ ਜੀ ਨੇ ਉਸ ਦੀ ਸ਼ਰਨ ਲਈ ਹੈ ਅਤੇ ਉਸ ਦੀ ਭਗਤੀ ਦੇ ਦਾਨ ਦੀ ਮੰਗ ਕਰਦਾ ਹੈ।

ਨੋਟ : ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਰਾਗ ਆਸਾ' ਵਿਚ ਦਰਜ਼ ਹੈ।

ਭਗਤ ਬੇਣੀ ਜੀ

ਉਪਦੇਸ਼ ਨੰਬਰ 262

ਮਾੜੇ ਕਰਮਾਂ ਵਿਚ ਉਲਝ ਕੇ, ਪਵਿੱਤਰ ਹੋਣ ਦੇ ਦਿਖਾਵੇ, ਮਨੁੱਖ ਨੂੰ ਪ੍ਰਮਾਤਮਾ ਦੇ ਪਿਆਰੇ ਨਹੀਂ ਬਣਾਉਂਦੇ

ਜੇ ਕੋਈ ਮਨੁੱਖ, ਦੂਜਿਆਂ ਨੂੰ ਚੋਟ ਪਹੁੰਚਾਉਣ ਦੇ ਮਨਸੂਬੇ ਘੜਦਾ ਹੈ, ਧੋਖੇਬਾਜ਼ਾਂ ਵਾਲਾ ਦ੍ਰਿਸ਼ਟੀਕੋਣ ਰੱਖਦਾ ਹੈ, ਕਪਟੀ ਹੈ, ਹਮੇਸ਼ਾ ਲੜਦਾ-ਝਗੜਦਾ ਰਹਿੰਦਾ ਹੈ, ਦੂਸਰਿਆਂ ਪ੍ਰਤੀ ਮਨ ਵਿਚ ਨਫ਼ਰਤ ਰੱਖਦਾ ਹੈ, ਦੂਸਰਿਆਂ ਦੀਆਂ ਚੀਜ਼ਾਂ ਚੁਰਾਉਣ ਤੇ ਤੁਲਿਆ ਰਹਿੰਦਾ ਹੈ, ਹਮੇਸ਼ਾਂ ਮਾੜੇ ਕਰਮ ਕਰਨ ਵੱਲ ਧਿਆਨ ਕੇਂਦਰਿਤ ਰੱਖਦਾ ਹੈ, ਅਨੈਤਿਕ ਕੰਮ ਕਰਦਾ ਹੈ, ਦਿਲ ਵਿਚ ਝੂਠ ਰੱਖਦਾ ਹੈ, ਫਿਰ ਅਜਿਹਾ ਵਿਅਕਤੀ ਕਦੀ ਵੀ ਪ੍ਰਮਾਤਮਾ ਦੀ ਭਗਤੀ ਨਹੀਂ ਕਰ ਸਕਦਾ, ਭਾਵੇਂ ਉਹ :

- ✡ ਮੱਥੇ 'ਤੇ ਪਵਿੱਤਰ ਤੁਲਸੀ ਲਗਾਉਂਦਾ ਹੈ
- ✡ ਸਰੀਰ 'ਤੇ ਚੰਦਨ ਦਾ ਲੇਪ ਲਗਾਉਂਦਾ ਹੈ
- ✡ ਬਗਲੇ ਵਾਂਗ ਧਿਆਨ ਲਗਾਉਂਦਾ ਹੈ
- ✡ ਇਕ ਨੁਕਸਾਨਰਹਿਤ ਮਨੁੱਖ ਵਰਗਾ ਪ੍ਰਤੀਤ ਕਰਾਉਂਦਾ ਹੈ
- ✡ ਲੰਬੇ ਸਮੇਂ ਲਈ ਬੁੱਤਾਂ (ਮੂਰਤੀਆਂ) ਅੱਗੇ ਸਿਰ ਨਿਵਾਉਂਦਾ ਹੈ।
- ✡ ਸਰੀਰ 'ਤੇ ਦੋ ਧੋਤੀਆਂ ਧਾਰਨ ਕਰਦਾ ਹੈ
- ✡ ਪੋਸ਼ਣ ਲਈ ਕੇਵਲ ਦੁੱਧ ਦੀ ਵਰਤੋਂ ਕਰਦਾ ਹੈ
- ✡ ਕੁੱਛ ਖਾਸ ਰੀਤੀ ਰਿਵਾਜ਼ਾਂ ਦਾ ਪਾਲਣ ਕਰਦਾ ਹੈ
- ✡ ਮੂਰਤੀ ਪੂਜਾ ਕਰਦਾ ਹੈ
- ✡ ਗਣੇਸ਼ ਚਿੰਨ੍ਹ ਆਪਣੇ ਮੱਥੇ 'ਤੇ ਸਜਾਉਂਦਾ ਹੈ
- ✡ ਸਾਰੀ ਰਾਤ ਧਾਰਮਿਕ ਗੀਤ ਗਾ ਕੇ ਜਾਗਦਾ ਹੈ
- ✡ ਪੈਰਾਂ ਨਾਲ ਕੁੱਛ ਚਾਲ ਚੱਲ ਕੇ ਨੱਚਦਾ ਹੈ
- ✡ ਹਿਰਨ ਦੀ ਖੱਲ ਉੱਪਰ ਬੈਠਦਾ ਹੈ
- ✡ ਤੁਲਸੀ ਮਾਲਾ ਹੱਥ ਵਿਚ ਫੜਦਾ ਹੈ
- ✡ ਮੱਥੇ ਉਤੇ ਰੰਗੀਨ ਚਿੰਨ੍ਹ ਬਣਾਉਂਦਾ ਹੈ
- ✡ ਰੁਦਰਾਖ ਦੀ ਬਣੀ ਮਾਲਾ ਪਹਿਨਦਾ ਹੈ

ਉਹ ਮਨੁੱਖ, ਜੋ ਅਧਿਆਤਮਿਕ ਜੀਵਨ ਦੇ ਕੇਂਦਰੀ ਮਾਮਲਿਆਂ ਨੂੰ ਨਹੀਂ ਸਮਝਦਾ, ਅਗਿਆਨਤਾ ਕਾਰਣ ਕੇਵਲ ਧਰਮ ਦੇ ਫਜ਼ੂਲ ਦੇ ਕਰਮ ਕਰਦਾ ਹੈ। ਭਗਤ ਬੇਣੀ ਜੀ ਦੇ ਅਨੁਸਾਰ, ਕੇਵਲ ਸਤਿਗੁਰੂ ਦਾ ਸੱਚਾ ਸੇਵਕ ਹੀ ਭਗਤੀ ਕਰ ਸਕਦਾ ਹੈ। ਸਤਿਗੁਰੂ ਦੀ ਸ਼ਰਨ ਤੋਂ ਬਿਨਾਂ, ਮਨੁੱਖ ਅਧਿਆਤਮਿਕਤਾ ਦੇ ਮਾਰਗ 'ਤੇ ਨਹੀਂ ਚੱਲ ਸਕਦਾ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਰਾਗ ਪ੍ਰਭਾਤੀ' ਵਿਚ ਦਰਜ਼ ਹੈ।

ਭਗਤ ਜੈ ਦੇਵ ਜੀ

ਉਪਦੇਸ਼ ਨੰਬਰ 263

ਪ੍ਰਮਾਤਮਾ ਦੀ ਭਗਤੀ ਦਾ ਓੜਕ ਉਸ ਨਾਲ ਉਂਝ ਮਿਲਾਪ ਹੈ, ਜਿਵੇਂ ਪਾਣੀ ਦਾ ਪਾਣੀ ਨਾਲ

ਉਹ ਮਨ, ਜੋ ਗੁਣਾਂ ਦੇ ਖ਼ਜ਼ਾਨੇ, ਸੱਚੇ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਹ

ਪ੍ਰਮਾਤਮਾ ਤੋਂ ਕਦੀ ਵੀ ਨਹੀਂ ਵਿੱਛੜਦਾ। ਉਹ ਸਦੀਵੀ ਅਬਿਨਾਸੀ ਪ੍ਰਭੂ ਦੀ ਭਗਤੀ ਦੀ ਤਾਂਘ ਕਰਦਾ ਹੈ। ਇਹ ਭਗਤੀ, ਮਨੁੱਖ ਦੇ ਮਨ ਦੇ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਤੋਂ ਵਿਛੋੜੇ ਨੂੰ ਹਮੇਸ਼ਾ ਲਈ ਸਮਾਪਤ ਕਰ ਦਿੰਦੀ ਹੈ। ਇਸ ਮਿਲਾਪ ਦੀ ਉਪਮਾ ਹੈ—ਜਿਵੇਂ ਪਾਣੀ ਵਿਚ ਪਾਣੀ ਦਾ ਮਿਲ ਜਾਣਾ। ਭਗਤ ਜੈ ਦੇਵ ਜੀ ਕਹਿੰਦੇ ਹਨ ਕਿ ਉਹ ਉਸ ਸੱਚੇ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਜੋ ਸਲਾਹੁਣ ਯੋਗ ਹੈ। ਇਸ ਭਗਤੀ ਦੇ ਨਤੀਜੇ ਵਜੋਂ, ਉਹ ਉਸ ਸਿਰਜਣਹਾਰ, 'ਤ੍ਰਿਸ਼ਨਾ ਤੋਂ ਮੁਕਤ' ਅਤੇ ਮੋਹ ਮਾਇਆ ਤੋਂ ਮੁਕਤ' ਪ੍ਰਮਾਤਮਾ ਨਾਲ ਇਕ ਹੋ ਗਿਆ ਹੈ। ਪ੍ਰਮਾਤਮਾ ਦਾ ਨਾਮ ਅੰਮ੍ਰਿਤ ਨਿਮਾਣਿਆਂ, ਬਲਹੀਣਾਂ ਤੇ ਮੋਹ ਵਿਚ ਫਸੇ ਜੀਵਾਂ ਨੂੰ ਬਲ ਬਖ਼ਸ਼ਦਾ ਹੈ। ਅਜਿਹੇ ਮੋਹ ਜ਼ਿਆਦਾ ਦੇਰ ਤਕ ਟਿਕ ਨਹੀਂ ਸਕਦੇ।

ਮਨ ਦੀ ਸਹਜ ਅਵਸਥਾ ਹਾਸਿਲ ਕਰਨ ਲਈ ਯੋਗੀਆਂ ਵਾਲੇ ਕਠੋਰ ਅਭਿਆਸ ਕਰਨ ਦੀ ਲੋੜ ਨਹੀਂ ਹੁੰਦੀ, ਕਿਉਂਕਿ ਪ੍ਰਮਾਤਮਾ ਦੀ ਭਗਤੀ ਸੁਭਾਵਿਕ ਤੌਰ 'ਤੇ ਹੀ ਸੇਵਕ ਦੇ ਮਨ ਨੂੰ ਪ੍ਰਭੂ ਦੇ ਨਾਮ ਅੰਮ੍ਰਿਤ ਦਾ ਸੁਆਦ ਚਖਾ ਦਿੰਦੀ ਹੈ। ਇੰਜ ਸੇਵਕ ਮਨ ਦੀ ਆਨੰਦਮਈ ਸਥਿਤੀ ਦਾ ਅਨੁਭਵ ਕਰਦਾ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਰਾਗ ਮਾਰੂ' ਵਿਚ ਦਰਜ ਹੈ। ਇਸ ਦੀ ਵਿਆਖਿਆ ਮੁਸ਼ਕਿਲ ਹੈ। ਵਿਦਵਾਨ ਮੈਕਸ ਆਰਥਰ ਮੌਕਾਲਿਫ਼, ਆਪਣੀ ਕਿਤਾਬ ''ਸਿੱਖ ਧਰਮ'' ਦੇ ਗ੍ਰੰਥ VI ਦੇ ਸਫ਼ਾ 16 'ਤੇ ਲਿਖਦਾ ਹੈ : ਵਾਸਤਵਿਕ ਰੂਪ ਵਿਚ ਇਹ ਸ਼ਬਦ ਸ਼ਾਇਦ ਮਨੁੱਖੀ ਰਚਨਾਵਾਂ ਦਾ ਸਭ ਤੋਂ ਔਖਾ ਸ਼ਬਦ ਹੈ.....''

ਭਗਤ ਭੀਖਨ ਜੀ

ਉਪਦੇਸ਼ ਨੰਬਰ 264

ਗੁਰੂ ਦੀ ਮਿਹਰ ਮਨੁੱਖ ਨੂੰ ਦੁਨਿਆਵੀ ਫੰਦਿਆਂ ਤੋਂ ਮੁਕਤ ਕਰਾਉਂਦੀ ਹੈ

ਬੁਢਾਪੇ ਵਿਚ, ਜਦੋਂ ਪਾਣੀ ਬਿਨਾਂ ਰੁਕੇ ਅੱਖਾਂ ਵਿੱਚੋਂ ਲਗਾਤਾਰ ਵੱਗਦਾ ਰਹਿੰਦਾ ਹੈ, ਜਦੋਂ ਸਰੀਰ ਕਮਜ਼ੋਰ ਹੋ ਜਾਂਦਾ ਹੈ, ਜਦੋਂ ਵਾਲ ਦੁਧੀਆ ਸਫ਼ੈਦ ਰੰਗ ਵਿਚ ਬਦਲ ਜਾਂਦੇ ਹਨ, ਜਦੋਂ ਗਲਾ ਬਲਗਮ ਨਾਲ ਭਰ ਜਾਂਦਾ ਹੈ ਅਤੇ ਮਨੁੱਖ ਸ਼ਬਦਾਂ ਦਾ ਉਚਾਰਨ ਨਹੀਂ ਕਰ ਸਕਦਾ, ਮਨੁੱਖ ਜ਼ਿਆਦਾ ਕੁੱਛ ਵੀ ਨਹੀਂ ਕਰ ਸਕਦਾ। ਉਸ ਸਮੇਂ ਮਨੁੱਖ ਦੀ ਹਾਲਤ ਭਿਆਨਕ ਹੁੰਦੀ ਹੈ, ਜੇ ਪ੍ਰਮਾਤਮਾ ਮਨੁੱਖ ਦੀ ਦੇਖ-ਰੇਖ ਕਰੇ, ਫਿਰ ਉਹ ਆਪਣੇ ਸੇਵਕ ਨੂੰ ਉਪਰੋਕਤ ਸਥਿਤੀ ਤੋਂ ਬਚਾਉਂਦਾ ਹੈ।

ਸਰੀਰ ਦੀਆਂ ਕਈ ਬੀਮਾਰੀਆਂ ਲਾ-ਇਲਾਜ ਹੁੰਦੀਆਂ ਹਨ। ਅਜਿਹੀਆਂ ਬੀਮਾਰੀਆਂ ਦੇ ਸਿਰ-ਦਰਦ, ਸਰੀਰ ਵਿਚ ਜਲਨ ਅਤੇ ਸਰੀਰ ਦੇ ਅੰਗਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਜੇ ਮਨੁੱਖ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਤਾਂ ਫਿਰ ਉਸ ਦੇ ਨਾਮ ਦੀ

ਯਾਦ ਸਭ ਬੀਮਾਰੀਆਂ ਦਾ ਇਲਾਜ ਦਾ ਕੰਮ ਕਰਦੀ ਹੈ। ਇਹ ਇਲਾਜ ਸਾਰੀ ਦੁਨੀਆਂ ਵਿਚ ਉੱਤਮ ਹੈ। ਭਗਤ ਭੀਖਨ ਜੀ ਦੇ ਅਨੁਸਾਰ, ਗੁਰੂ ਦੀ ਮਿਹਰ, ਪ੍ਰਮਾਤਮਾ ਦੇ ਸੇਵਕ ਨੂੰ ਸਰੀਰ ਅਤੇ ਮਨ ਦੇ ਹਰ ਤਰ੍ਹਾਂ ਦੇ ਰੋਗਾਂ ਤੋਂ ਮੁਕਤ ਕਰਦੀ ਹੈ।

ਨੋਟ :— ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ 'ਰਾਗ ਸੋਰਠ' ਵਿਚ ਦਰਜ਼ ਹੈ। ਇਹ ਸ਼ਬਦ ਅੰਮ੍ਰਿਤ ਵੇਲੇ ਦੇ ਹੁਕਮਨਾਮੇ—ਜਦੋਂ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰੀ ਮਰਿਆਦਾ ਨਾਲ ਪ੍ਰਕਾਸ਼ ਕੀਤਾ ਜਾਂਦਾ ਹੈ, ਜੋ ਸ਼ਬਦ ਸਾਹਮਣੇ ਲਿਖਿਆ ਆਵੇ, ਪੜ੍ਹਿਆ ਜਾਂਦਾ ਹੈ—ਲੇਖਕ ਦੇ ਮਾਤਾ ਜੀ, ਸਰਦਾਰਨੀ ਰਘਬੰਸ ਕੌਰ ਬਲ ਜੀ ਵੱਲੋਂ 16 ਜੁਲਾਈ 1976 ਵਿਚ ਲਿਆ ਗਿਆ ਸੀ। ਉਹ ਉਸ ਸਮੇਂ ਸਟੌਕਟਨ, ਕੈਲੀਫੋਰਨੀਆ ਵਿਚ ਸਾਡੇ ਨਾਲ ਸੀ।

ਭਗਤ ਸੈਣ ਜੀ

ਉਪਦੇਸ਼ ਨੰਬਰ 265

ਪ੍ਰਮਾਤਮਾ ਦਾ ਭਗਤ ਆਤਮ ਅਨੰਦ ਮਾਣਦਾ ਹੈ

ਨੋਟ :—ਹਿੰਦੂ ਧਰਮ ਵਿਚ, 'ਧਨ ਦੀ ਦੇਵੀ' ਦੀ ਪੂਜਾ ਕੀਤੀ ਜਾਂਦੀ ਹੈ, ਜਿਸ ਨੂੰ 'ਆਰਤੀ' ਕਹਿੰਦੇ ਹਨ। ਇਸ ਉਤਸਵ ਦੌਰਾਨ, ਅਗਰਬੱਤੀ ਜਲਾਈ ਜਾਂਦੀ ਹੈ ਅਤੇ ਘਿਉ ਦੇ ਮਿੱਟੀ ਦੇ ਦੀਵੇ ਬਾਲੇ ਜਾਂਦੇ ਹਨ। ਕਰਮਕਾਂਡ ਕਰਨ ਵਾਲਿਆਂ ਲਈ ਆਰਤੀ ਖ਼ੁਸ਼ੀ ਅਤੇ ਉਤਸਵ ਦਾ ਮੌਕਾ ਹੁੰਦਾ ਹੈ। ਆਰਤੀ ਹੁੰਦੀ ਦੇਖ ਕੇ, ਭਗਤ ਸੈਣ ਜੀ ਨੂੰ ਭਗਤੀ ਦੀਆਂ ਵਸਤਾਂ ਤੇ ਉਸ ਦੇ ਗੁਣ ਯਾਦ ਆ ਗਏ।

ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਅਤੇ ਉਸ ਦੇ ਸਿਮਰਨ ਦੇ ਆਪਣੇ ਮੂਡ ਵਿਚ, ਭਗਤ ਸੈਣ ਜੀ, ਮੂਰਤੀ ਦੀ ਪੂਜਾ ਲਈ ਆਰਤੀ ਵਿਚ ਵਰਤੀਆਂ ਜਾਂਦੀਆਂ ਚੀਜ਼ਾਂ ਨੂੰ ਗੈਰ-ਜ਼ਰੂਰੀ ਮੰਨਦੇ ਹਨ। ਉਹਨਾਂ ਦੀ ਪੂਜਾ ਦੀ ਵਸਤੂ ਜਾਂ ਵਿਸ਼ਾ, ਮੂਰਤੀ ਨਹੀਂ ਪ੍ਰਮਾਤਮਾ ਹੈ ਅਤੇ ਭਗਤ ਸੈਣ ਜੀ ਦੀ ਪ੍ਰਸੰਨਤਾ ਉਸ ਦੀ ਪੂਜਾ ਵਿਚ ਹੈ ਜੋ :

- ✡ ਧਨ ਦਾ ਦੇਵਤਾ ਹੈ।
- ✡ ਦੁਨਿਆਵੀ ਮੋਹ-ਜਾਲ ਦੇ ਆਕਰਸ਼ਣਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ, ਕਿਉਂਕਿ ਉਸ ਦੀਆਂ ਸ਼ਕਤੀਆਂ, ਮੋਹ ਜਾਲ, ਧਨ-ਦੌਲਤ ਸਮੇਤ ਜੋ ਲੋਕਾਂ ਨੂੰ ਪ੍ਰਲੋਭਿਤ ਅਤੇ ਭ੍ਰਿਸ਼ਟ ਕਰਦੀਆਂ ਹਨ, ਤੋਂ ਵੀ ਕਿਤੇ ਵੱਧ ਸ਼ਕਤੀਸ਼ਾਲੀ ਹਨ।
- ✡ ਸਰਵ ਵਿਆਪਕ।
- ✡ ਦੁਨੀਆਂ ਦਾ ਰਖਵਾਲਾ ਹੈ।
- ✡ ਹਮੇਸ਼ਾ ਆਤਮ ਅਨੰਦ ਦੀ ਸਥਿਤੀ ਵਿਚ।

✡ ਆਪਣੇ ਸੇਵਕ ਦੇ ਭਉ (ਡਰ) ਖ਼ਤਮ ਕਰਨ ਵਾਲਾ।

ਧੰਨ ਹੈ ਉਹ ਰੌਸ਼ਨ ਦੀਵਾ—ਰੌਸ਼ਨ ਮਨੁੱਖੀ ਮਨ, ਜਿਸ ਦੇ ਨਾਲ ਮਨੁੱਖ 'ਦੌਲਤ ਦੇ ਦੇਵਤੇ' ਨੂੰ ਦੇਖਦਾ ਹੈ। ਜੋ ਹਮੇਸ਼ਾ ਆਤਮ ਅਨੰਦ ਵਿਚ ਰਹਿੰਦਾ ਹੈ, ਉਸ ਦੀ ਪੂਜਾ ਸੇਵਕ ਨੂੰ ਇਸ ਵਿਚ ਹਿੱਸਾ ਲੈਣ ਦੇ ਕਾਬਿਲ ਬਣਾਉਂਦੀ ਹੈ।

ਭਗਤ (ਪੁਜਾਰੀ) 'ਦੁਨੀਆਂ ਦੇ ਰਖਵਾਲੇ' ਦੀ ਵਿਲੱਖਣ ਅਤੇ ਨਸ਼ਿਆਉਣ ਵਾਲੀ ਸੁੰਦਰਤਾ ਦਾ ਅਨੁਭਵ ਕਰਦਾ ਹੈ। ਭਗਤ ਸੈਣ ਜੀ ਹਮੇਸ਼ਾ ਉਸ ਦਾ ਨਾਮ ਸਿਮਰਦੇ ਹਨ ਜੋ ਹਮੇਸ਼ਾ ਆਨੰਦ ਅਵਸਥਾ ਵਿਚ ਰਹਿੰਦਾ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰਾਗ ਧਨਾਸਰੀ' ਵਿਚ ਦਰਜ ਹੈ।

ਭਗਤ ਪੀਪਾ ਜੀ

ਉਪਦੇਸ਼ ਨੰਬਰ 266

ਪ੍ਰਮਾਤਮਾ ਸਰਬ-ਵਿਆਪਕ ਹੈ ਉਸ ਨੂੰ ਸਰੀਰ ਵਿਚ ਪਛਾਣੋ

ਜੇ ਮਨੁੱਖ ਨੂੰ ਪੂਜਾ ਦੀ ਕੋਈ ਅਜਿਹੀ ਵਸਤੂ ਤਿਆਰ ਕਰਨੀ ਪਵੇ, ਜੋ ਸਰੀਰ ਤੋਂ ਬਾਹਰ ਹੋਵੇ, ਜਿਵੇਂ ਪੂਜਾ ਲਈ ਸ਼ਿਵ ਦੀ ਮੂਰਤੀ, ਤਾਂ ਫਿਰ ਹੇਠ ਲਿਖੀਆਂ ਵਸਤੂਆਂ ਤਰਤੀਬਵਾਰ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਕਿ ਪੁਜਾਰੀ ਆਪਣੀ ਪੂਜਾ ਦੀ ਵਸਤੂ ਪ੍ਰਤੀ ਸਮਰਪਿਤ ਹੋ ਸਕੇ :

✡ ਭਗਵਾਨ ਦੀ ਮੂਰਤੀ।

✡ ਮੂਰਤੀ ਸਥਾਪਿਤ ਕਰਨ ਲਈ ਮੰਦਿਰ।

✡ ਅਗਰਬੱਤੀ।

✡ ਮਿੱਟੀ ਦਾ ਦੀਵਾ।

✡ ਭਗਵਾਨ ਲਈ ਭੋਜਨ (ਭੋਗ)।

✡ ਭਗਵਾਨ ਲਈ ਭੇਟਾ।

ਜੇ ਸਰੀਰ ਉਸ ਨੂੰ ਲੱਭ ਲੈਣ ਦਾ ਆਦੀ ਹੋਵੇ, ਜੋ ਸਰੀਰ ਦੇ ਅੰਦਰ ਵਾਸ ਕਰਦਾ ਹੈ, ਤਾਂ ਫਿਰ ਮਨੁੱਖ ਇਕ ਹੈਰਾਨਕੁੰਨ ਖੋਜ ਕਰ ਲੈਂਦਾ ਹੈ। ਭਗਤ ਪੀਪਾ ਜੀ ਅਨੁਸਾਰ ਪ੍ਰਮਾਤਮਾ ਮਨੁੱਖ ਦੇ ਸਰੀਰ ਦੇ ਅੰਦਰ ਨਿਵਾਸ ਕਰਦਾ ਹੈ। ਉਸ ਨੇ ਆਪ 'ਮਹਾਨ ਖ਼ਜ਼ਾਨਿਆਂ ਦੇ ਮਾਲਕ'—ਪ੍ਰਮਾਤਮਾ ਨੂੰ ਆਪਣੇ ਅੰਦਰ ਪਾਇਆ। ਉਹ ਇਸ ਸੱਚਾਈ ਤੋਂ ਜਾਣੂ ਹੋ ਗਿਆ ਕਿ ਮਨ ਵਿਚ ਪ੍ਰਮਾਤਮਾ ਨੂੰ ਵਸਾ ਕੇ, ਜਨਮ-ਮਰਨ ਦੇ ਚੱਕਰ ਦਾ ਕੋਈ ਡਰ ਜਾਂ ਚਿੰਤਾ ਨਹੀਂ ਰਹਿੰਦੀ। ਉਸ ਨੇ ਪਾ ਲਿਆ ਕਿ ਪ੍ਰਮਾਤਮਾ ਸਰਬ-ਵਿਆਪਕ ਹੈ। ਉਹ

ਬ੍ਰਹਿਮੰਡ ਵਿਚ ਦੂਰ ਤੋਂ ਦੂਰ ਅਤੇ ਮਨੁੱਖ ਦੇ ਅੰਦਰ ਵੀ ਹੈ।

ਜੇ ਮਨੁੱਖ ਪ੍ਰਮਾਤਮਾ ਨੂੰ ਸਰੀਰ ਅੰਦਰ ਲੱਭਦਾ ਹੈ ਤਾਂ ਫਿਰ ਉਹ ਉਸ ਨੂੰ ਸਰੀਰ ਦੇ ਅੰਦਰ ਪਾਉਂਦਾ ਹੈ। ਭਗਤ ਪੀਪਾ ਜੀ ਕਹਿੰਦੇ ਹਨ ਕਿ "ਸਾਰੇ ਕਾਰਣਾਂ ਦੇ ਵੱਡੇ ਕਾਰਣ ਨੂੰ ਸਰੀਰ ਦੇ ਅੰਦਰ ਲੱਭਣਾ, ਕੇਵਲ ਸਤਿਗੁਰੂ ਦੀ ਸਿੱਖਿਆ ਦੀ ਰਹਿਨੁਮਾਈ ਨਾਲ ਹੀ ਸੰਭਵ ਹੈ।"

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ 'ਰਾਗ ਧਨਾਸਰੀ' ਵਿਚ ਦਰਜ ਹੈ। ਇਸ ਸ਼ਬਦ ਵਿਚ ਭਗਤ ਪੀਪਾ ਜੀ ਨੇ ਬੜੀ ਖੂਬਸੂਰਤੀ ਨਾਲ, ਇਕ ਪਾਸੇ ਪ੍ਰਮਾਤਮਾ ਅਤੇ ਉਸ ਦੇ ਸੇਵਕ ਅਤੇ ਦੂਜੇ ਪਾਸੇ, ਮੂਰਤੀ ਅਤੇ ਮੂਰਤੀ ਪੂਜਾ ਕਰਨ ਵਾਲੇ ਦਾ ਅੰਤਰ ਦਰਸਾਇਆ ਹੈ। ਮੂਰਤੀ ਪੂਜਾ ਕਰਨ ਵਾਲਾ ਭਗਤ ਪੱਥਰ ਜਾਂ ਚਟਾਨ ਦੀ ਬਣੀ ਹੋਈ ਮੂਰਤੀ ਦੀ ਪੂਜਾ ਕਰਦਾ ਹੈ ਅਤੇ ਇਸ ਕਾਰਣ ਉਸ ਦੀ ਸੁਰਤਿ ਕੇਵਲ ਮੂਰਤੀ ਦੇ ਸਰੀਰਿਕ ਗੁਣਾਂ ਤੱਕ ਹੀ ਸੀਮਿਤ ਹੈ। ਜਾਂ ਫਿਰ ਵੱਧ ਤੋਂ ਵੱਧ, ਉਹ ਮੂਰਤੀ ਵਿਚ ਭਗਵਾਨ ਦੀ ਸ਼ਖ਼ਸੀਅਤ ਦੇਖ ਸਕਦਾ ਹੈ, ਜਿਵੇਂ ਕਿ ਸ਼ਿਵ। ਬਾਅਦ ਵਾਲੇ ਮਾਮਲੇ ਵਿਚ, ਉਹ ਅੰਦਰ ਵੱਸਦੇ ਪ੍ਰਮਾਤਮਾ ਤੋਂ ਕਿਤੇ ਨੀਵੇਂ ਪੱਧਰ ਵਾਲੇ ਦੀ ਪੂਜਾ ਕਰਦਾ ਹੈ। ਇਸ ਦੀ ਤੁਲਨਾ ਵਿਚ, ਪ੍ਰਮਾਤਮਾ ਦਾ ਭਗਤ ਜੋ ਸ਼ਿਵ ਦਾ ਵੀ ਭਗਵਾਨ ਹੈ, ਉਸ ਅੰਦਰ ਵੱਸਦੇ ਪ੍ਰਮਾਤਮਾ ਦੀ ਪੂਜਾ ਕਰਦਾ ਹੈ ਜੋ ਸਰਬ-ਵਿਆਪਕ ਹੈ। ਮੂਰਤੀ ਦੀ ਪੂਜਾ ਲਈ, ਕੇਵਲ ਮੂਰਤੀ ਹੀ ਨਹੀਂ, ਬਲਕਿ ਪੂਜਾ ਨਾਲ ਸੰਬੰਧਿਤ ਬਾਕੀ ਸਾਜੋ-ਸਾਮਾਨ (ਸਮੱਗਰੀ) ਵੀ ਲੋੜੀਂਦੀ ਹੈ। ਪ੍ਰਮਾਤਮਾ ਦੀ ਭਗਤੀ ਲਈ, ਕੁੱਛ ਭਾਵਨਾਤਮਕ ਬੰਧਨ, ਜਿਵੇਂ ਕਿ ਪ੍ਰਮਾਤਮਾ ਨਾਲ ਪਿਆਰ ਅਤੇ ਸਤਿਕਾਰ ਲੋੜੀਂਦੇ ਹਨ।

ਭਗਤ ਸਧਨਾ ਜੀ

ਉਪਦੇਸ਼ ਨੰਬਰ 267

ਪ੍ਰਮਾਤਮਾ ਆਪਣੇ ਭਗਤ ਦੀਆਂ ਅਰਜ਼ੋਈਆਂ ਦਾ ਉੱਤਰ ਦਿੰਦਾ ਹੈ

ਇਹ ਕਿਹਾ ਜਾਂਦਾ ਹੈ ਕਿ ਕਿਸੇ ਵਿਅਕਤੀ ਨੇ, ਰਾਜੇ ਦੀ ਬੇਟੀ ਨਾਲ ਕਾਮ ਵਾਸ਼ਨਾ ਦੀ ਇੱਛਾ ਦੇ ਅਧੀਨ, ਭੇਸ ਬਦਲ ਕੇ, ਆਪਣੀ ਅਸਲ ਸ਼ਕਲ ਲੁਕਾ ਲਈ ਤਾਂ ਕਿ ਉਸ ਨੂੰ ਆਪਣੇ ਜਾਲ ਵਿਚ ਫਸਾ ਸਕੇ। ਪਰ ਪ੍ਰਮਾਤਮਾ ਨੇ ਉਸ ਪ੍ਰਤੀ ਦਿਆਲੂ ਹੋਣ ਕਰਕੇ, ਇਸ ਨੈਤਿਕ ਅੱਧਮਤਾ ਦੇ ਵਿਰੁੱਧ ਉਸ ਅੰਦਰ ਰੌਸ਼ਨੀ ਜਗਾ ਕੇ ਉਸ ਆਦਮੀ ਨੂੰ ਅਪਮਾਨਿਤ ਹੋਣ ਤੋਂ ਬਚਾਅ ਲਿਆ।

ਕੋਈ ਵੀ ਨੈਤਿਕ ਵਧੀਕੀ ਉਸ ਦਿਆਲੂ ਦੀ ਮੁਆਫ਼ੀ ਤੋਂ ਪਰ੍ਹੇ ਨਹੀਂ ਹੈ। ਉਹ ਸਭਨਾਂ ਨੂੰ ਮੁਆਫ਼ ਕਰਨ ਵਾਲਾ ਹੈ। ਕੋਈ ਮਨੁੱਖ ਜੋ ਉਦਾਸ ਹੈ ਅਤੇ ਉਸ ਦੀ ਸ਼ਰਨ ਦੀ ਭਾਲ ਵਿਚ ਹੈ, ਯਕੀਨਨ ਉਸ ਦੁਆਰਾ ਬਚਾਅ ਲਿਆ ਜਾਂਦਾ ਹੈ। ਜੇ ਸ਼ੇਰ ਕਿਸੇ ਦੀ ਸੁਰੱਖਿਆ ਕਰੇ ਤਾਂ ਫਿਰ ਗਿੱਦੜ ਵਿਚ ਏਨੀ ਤਾਕਤ ਨਹੀਂ ਹੁੰਦੀ ਕਿ ਉਸ ਨੂੰ ਚੋਟ ਪਹੁੰਚਾ ਸਕੇ।

ਪ੍ਰਮਾਤਮਾ ਆਪਣੇ ਸੇਵਕ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ। ਉਹ ਆਪਣੇ ਸੇਵਕ ਦਾ ਨੁਕਸਾਨ ਨਹੀਂ ਹੋਣ ਦਿੰਦਾ। ਬਲਕਿ ਉਹ ਉਸ ਮਨੁੱਖ ਨੂੰ ਨੁਕਸਾਨ ਤੋਂ ਬਚਾਉਣ ਲਈ ਅੱਗੇ ਹੁੰਦਾ ਹੈ। ਉਹ ਸਹੀ ਸਮੇਂ 'ਤੇ ਉਸ ਦੀ ਮਦਦ ਕਰਦਾ ਹੈ।

ਚਾਤ੍ਰਿਕ ਪੰਛੀ ਨੂੰ ਆਪਣੀ ਪਿਆਸ ਬੁਝਾਉਣ ਦੇ ਲਈ ਪਾਣੀ ਦੀ ਇਕ ਬੂੰਦ ਦੀ ਲੋੜ ਹੁੰਦੀ ਹੈ। ਪਿਆਸ ਨਾਲ ਮਰ ਜਾਣ ਤੋਂ ਬਾਅਦ ਸਮੁੰਦਰ ਦੇ ਸਾਰੇ ਪਾਣੀ ਦਾ ਵੀ ਉਸ ਨੂੰ ਕੋਈ ਲਾਭ ਨਹੀਂ। ਇਸੇ ਤਰ੍ਹਾਂ ਡੁੱਬਣ ਤੋਂ ਬਾਅਦ ਬੇੜੀ ਦਾ ਕਿਸੇ ਮਨੁੱਖ ਨੂੰ ਕੋਈ ਲਾਭ ਨਹੀਂ। ਭਗਤ ਸਧਨਾ ਜੀ ਪ੍ਰਮਾਤਮਾ ਨੂੰ ਪ੍ਰਾਰਥਨਾ ਕਰਦੇ ਹਨ ਕਿ ਉਹ ਜੀਵਨ ਦੇ ਵਿਚ ਵਾਪਰੇ ਅਨਿਆਂ ਨਾਲ ਨਿਪਟਣ ਲਈ ਉਹਨਾਂ ਦੀ ਮਦਦ ਕਰੇ। ਉਹ, ਪ੍ਰਮਾਤਮਾ ਅੱਗੇ ਆਪਣੀ ਲਾਚਾਰੀ, ਭੇਦਤਾ, ਲੁਭਾਵਣੇ, ਆਕਰਸ਼ਕ ਅਤੇ ਨੁਕਸਾਨਦਾਇਕ ਵਿਚਾਰਾਂ ਪ੍ਰਤੀ ਆਪਣੇ ਝੁਕਾਅ ਨੂੰ ਮੰਨਦਾ ਹੈ ਅਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਉਹ ਉਸ ਨੂੰ ਬਚਾਵੇ, ਕਿਉਂਕਿ ਉਹ ਉਸ ਦਾ ਆਪਣਾ ਹੈ ਅਤੇ ਉਹ, ਉਸ ਦੀ ਪੂਜਾ ਕਰਦਾ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ 'ਰਾਗ ਬਿਲਾਵਲ' ਵਿਚ ਦਰਜ਼ ਹੈ।

ਭਗਤ ਰਾਮਾਨੰਦ ਜੀ

ਉਪਦੇਸ਼ ਨੰਬਰ 268

ਗੁਰੂ ਦਾ ਉਪਦੇਸ਼ ਸਿੱਖ ਦੇ ਮਨ ਨੂੰ ਪ੍ਰਮਾਤਮਾ ਦੇ ਸਿਮਰਨ ਵਿਚ ਜੋੜਦਾ ਹੈ

ਜਦੋਂ ਮਨੁੱਖ ਨੂੰ ਘਰ ਬੈਠਿਆਂ ਹੀ ਆਪਣੇ ਉਦੇਸ਼ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਫਿਰ ਉਸ ਨੂੰ ਬਾਹਰ ਕਿਤੇ ਕੁੱਛ ਲੱਭਣ ਦੀ ਲੋੜ ਨਹੀਂ ਹੁੰਦੀ। ਜਦੋਂ ਉਦੇਸ਼ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਮਨ ਅਨੰਦਤ ਹੋ ਜਾਂਦਾ ਹੈ। ਜਦੋਂ ਗੁਰੂ ਨੇ ਇਹ ਸਿਖਾਇਆ ਹੈ ਕਿ ਪ੍ਰਮਾਤਮਾ ਮਨੁੱਖ ਦੇ ਅੰਦਰ ਹੀ ਵਾਸ ਕਰਦਾ ਹੈ ਤਾਂ ਫਿਰ ਪੂਜਾ ਕਰਨ ਲਈ, ਮੰਦਿਰ ਜਾਣ ਦੀ ਲੋੜ ਨਹੀਂ ਹੁੰਦੀ।

ਹਿੰਦੂ ਧਰਮ ਵਿਚ ਪਵਿੱਤਰ ਮੰਨੀਆਂ ਜਾਂਦੀਆਂ ਥਾਵਾਂ 'ਤੇ ਪਾਣੀ ਅਤੇ ਮੂਰਤੀਆਂ ਦਿਖਾਈ ਦਿੰਦੀਆਂ ਹਨ। ਧਾਰਮਿਕ ਯਾਤਰੂਆਂ ਨੂੰ ਜੋ ਚੀਜ਼ ਦਿਖਾਈ ਨਹੀਂ ਦਿੰਦੀ (ਨਹੀਂ ਮਿਲਦੀ), ਉਹ ਹੈ ਸਰਬ-ਵਿਆਪਕ ਪ੍ਰਮਾਤਮਾ, ਜੋ ਹਰ ਜਗ੍ਹਾ ਇੱਕੋ ਜਿੰਨਾ ਹੀ ਮੌਜੂਦ ਹੈ।

ਵੇਦਾਂ ਅਤੇ ਪੁਰਾਨਾਂ (ਹਿੰਦੂ ਧਰਮ ਦੇ ਧਾਰਮਿਕ ਗ੍ਰੰਥ) ਦੇ ਗੰਭੀਰ ਅਧਿਐਨ ਤੋਂ ਇਹ ਗੱਲ ਨਿਸ਼ਚਿਤ ਹੁੰਦੀ ਹੈ, ਉਹ ਇਹ ਹੈ ਕਿ ਪ੍ਰਮਾਤਮਾ ਕਿਸੇ ਖਾਸ ਜਗ੍ਹਾ 'ਤੇ ਨਿਵਾਸ ਨਹੀਂ ਕਰਦਾ—ਉਹ ਹਰ ਥਾਂ ਵਿਆਪਕ ਹੈ।

ਭਗਤ ਰਾਮਾਨੰਦ ਜੀ ਆਪਣੇ ਸਤਿਗੁਰੂ ਦੇ ਤਹਿ-ਦਿਲੋਂ ਧੰਨਵਾਦੀ ਅਤੇ ਉਸ ਲਈ

ਸਲਾਹੁਣ ਯੋਗ ਹਨ, ਜਿਸ ਨੇ ਸੱਚ ਦੇ ਸਰੂਪ ਬਾਰੇ, ਉਸ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ। ਇਸ ਤਬਦੀਲੀ ਦੇ ਕਾਰਣ, ਉਹ ਪ੍ਰਮਾਤਮਾ ਨੂੰ ਹਰ ਥਾਂ 'ਤੇ ਪਾਉਂਦਾ ਹੈ। ਗੁਰੂ ਦਾ ਗਿਆਨ ਮਨ ਨੂੰ ਸ਼ੁੱਧ ਕਰਦਾ ਹੈ—ਸਾਰੇ ਮਾੜੇ ਕਰਮ ਭਾਵੇਂ ਕਿੰਨੇ ਵੀ ਜ਼ਿਆਦਾ ਕਿਉਂ ਨਾ ਹੋਣ ਅਤੇ ਮਨ ਅੰਦਰਲੇ ਸਾਰੇ ਮਾੜੇ ਕਰਮਾਂ ਦੇ ਪ੍ਰਭਾਵ ਨੂੰ ਖ਼ਤਮ ਕਰਦਾ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਰਾਗ ਧਨਾਸਰੀ' ਵਿਚ ਦਰਜ਼ ਹੈ।

ਭਗਤ ਪਰਮਾਨੰਦ ਜੀ

ਉਪਦੇਸ਼ ਨੰਬਰ 269

ਪ੍ਰਮਾਤਮਾ ਦੀ ਭਗਤੀ ਅਤੇ ਮਨੁੱਖਤਾ ਪ੍ਰਤੀ ਸਤਿਕਾਰ ਤੋਂ ਬਗੈਰ ਪੁਰਾਨ ਸੁਨਣ ਜਾਂ ਪੜ੍ਹਨ ਦਾ ਕੋਈ ਲਾਭ ਨਹੀਂ

ਜੇ ਮਨੁੱਖ ਪੂਰੀ ਤਰ੍ਹਾਂ ਪ੍ਰਮਾਤਮਾ ਦੀ ਭਗਤੀ ਲਈ ਸਮਰਪਿਤ ਨਹੀਂ ਹੈ ਜਾਂ ਹੋਰ ਬੇਆਸਰੇ ਅਤੇ ਭੁੱਖੇ ਸਾਥੀ ਮਨੁੱਖਾਂ ਲਈ ਕੋਈ ਚਿੰਤਾ-ਫ਼ਿਕਰ ਨਹੀਂ ਹੈ ਤਾਂ ਫਿਰ ਸਿਰਫ਼ ਹਿੰਦੂ ਧਾਰਮਿਕ ਗ੍ਰੰਥ ਪੁਰਾਨ ਪੜ੍ਹਨ ਜਾਂ ਸੁਨਣ ਦਾ ਕੋਈ ਲਾਭ ਨਹੀਂ।

ਸੰਤਾਂ ਦੀ ਸਿੱਖਿਆ ਤੋਂ ਬਗੈਰ, ਮਾਰਗ ਤੋਂ ਭਟਕਿਆ ਹੋਇਆ ਮਨੁੱਖ, ਅਪਮਾਨਜਨਕ ਕਾਰਜ ਕਰਦਾ ਹੈ। ਉਸ ਦਾ ਵਿਵਹਾਰ ਕਾਮ, ਕ੍ਰੋਧ, ਲੋਭ, ਮੰਦਾ ਬੋਲਣਾ (ਗਾਲ੍ਹਾਂ ਕੱਢਣੀਆਂ) ਡਾਕਾ ਅਤੇ ਧੋਖਾਧੜੀ ਨਾਲ ਲਿਪਤ ਹੁੰਦਾ ਹੈ। ਉਹ ਜੀਵਨ ਤੋਂ ਬਾਅਦ ਅਪਮਾਨ ਦਾ ਭਾਗੀ ਬਣਦਾ ਹੈ।

ਪੁਰਾਣ ਨੂੰ ਪ੍ਰੰਪਰਾਗਤ ਵਿਧੀ ਨਾਲ ਸੁਨਣ ਨਾਲ, ਮਨ ਵਿਚ ਕੋਈ ਸੁਧਾਰ ਨਹੀਂ ਆਉਂਦਾ। ਮਨ ਅਹੰਕਾਰੀ ਹੀ ਰਹਿੰਦਾ ਹੈ ਅਤੇ ਉਸ ਅੰਦਰ ਦੂਸਰਿਆਂ ਪ੍ਰਤੀ ਕੋਈ ਦਇਆ ਭਾਵਨਾ ਨਹੀਂ ਹੁੰਦੀ। ਭਗਤ ਪਰਮਾਨੰਦ ਕਹਿੰਦੇ ਹਨ ਕਿ ਅਜਿਹਾ ਮਨੁੱਖ ਪ੍ਰਮਾਤਮਾ ਦੇ ਸੰਤਾਂ ਦੀ ਸੰਗਤ ਤੋਂ ਸੱਖਣਾ ਰਹਿੰਦਾ ਹੈ ਅਤੇ ਉਹਨਾਂ ਦੇ ਬ੍ਰਹਮ ਗਿਆਨ ਦਾ ਕੋਈ ਲਾਭ ਨਹੀਂ ਉਠਾਉਂਦਾ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਰਾਗ ਸਾਰੰਗ' ਵਿਚ ਦਰਜ ਹੈ।

ਭਗਤ ਰਵਿਦਾਸ ਜੀ

ਉਪਦੇਸ਼ ਨੰਬਰ 270

ਪ੍ਰਮਾਤਮਾ ਜਿਸ ਨੂੰ ਆਪਣਾ ਬਣਾ ਲੈਂਦਾ ਹੈ, ਫਿਰ ਉਸ ਤੋਂ ਕਦੀ ਵੱਖ ਨਹੀਂ ਹੁੰਦਾ

ਪ੍ਰਮਾਤਮਾ ਸਾਰੀ ਧਰਤੀ ਦਾ ਸੁਆਮੀ ਹੈ। ਉਹ ''ਸਭਨਾਂ ਦੀ ਜਿੰਦ ਜਾਨ'' ਹੈ। ਉਹ

ਜਿਸ ਮਨੁੱਖ ਨੂੰ ਆਪਣਾ ਸਮਝਦਾ ਹੈ, ਉਸ ਦੀ ਬੇਨਤੀ ਸੁਣਦਾ ਹੈ। ਭਾਵੇਂ ਉਸ ਦੀ ਸੰਗਤ ਮਾੜੀ ਹੋਵੇ, ਉਹ ਪ੍ਰਵਾਹ ਨਹੀਂ ਕਰਦਾ। ਜਿਸ ਮਨੁੱਖ ਨੂੰ ਉਹ ਆਪਣਾ ਬਣਾ ਲੈਂਦਾ ਹੈ, ਉਸ ਦੇ ਮਾੜੇ ਕਰਮਾਂ ਨਾਲ ਕੋਈ ਨਾਤਾ ਨਹੀਂ ਰੱਖਦਾ। ਉਹ ਇਹ ਵੀ ਪ੍ਰਵਾਹ ਨਹੀਂ ਕਰਦਾ ਕਿ ਉਹ ਮਨੁੱਖ ਉੱਚੀ ਜਾਤ ਦਾ ਹੈ ਜਾਂ ਨੀਵੀਂ ਜਾਤ ਦਾ। ਜਿਸ ਮਨੁੱਖ ਨੂੰ ਉਹ ਆਪਣਾ ਬਣਾ ਲੈਂਦਾ ਹੈ, ਫਿਰ ਉਸ ਦਾ ਕਦੀ ਤਿਆਗ ਨਹੀਂ ਕਰਦਾ।

ਪ੍ਰਮਾਤਮਾ ਆਪਣੇ ਸੇਵਕ ਦੀਆਂ ਸਾਰੀਆਂ ਚਿੰਤਾਵਾਂ ਸਮਾਪਤ ਕਰਦਾ ਹੈ। ਉਹ ਸੇਵਕ ਵਿਚ ਸੁਧਾਰ ਕਰਦਾ ਹੈ। ਪ੍ਰਮਾਤਮਾ ਦਾ ਭਗਤ, ਸਰੀਰਿਕ ਪੱਖੋਂ ਭਾਵੇਂ ਕਿੰਨਾ ਵੀ ਕਮਜ਼ੋਰ ਕਿਉਂ ਨਾ ਹੋ ਜਾਵੇ, ਉਸ ਦਾ ਸਾਥ ਕਦੇ ਨਹੀਂ ਛੱਡਦਾ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਉਹਨਾਂ ਦੀ ਰੱਖਿਆ ਕਰਦਾ ਹੈ। ਉਹ ਪ੍ਰਮਾਤਮਾ ਨੂੰ ਉਹਨਾਂ ਸਾਰੀਆਂ ਰੁਕਾਵਟਾਂ ਨੂੰ ਜਲਦੀ ਦੂਰ ਕਰਨ ਦੀ ਪ੍ਰਾਰਥਨਾ ਕਰਦਾ ਹੈ ਤਾਂ ਕਿ ਕਿਤੇ ਉਹ ਉਸ ਨੂੰ ਪ੍ਰਮਾਤਮਾ ਤੋਂ ਦੂਰ ਨਾ ਕਰ ਦੇਣ, ਕਿਉਂਕਿ ਭਗਤ, ਪ੍ਰਮਾਤਮਾ ਦਾ ਆਪਣਾ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ''ਰਾਗ ਗਉੜੀ ਗੁਆਰੇਰੀ'' ਵਿਚ ਦਰਜ ਹੈ।

ਭਗਤ ਰਵਿਦਾਸ ਜੀ
ਉਪਦੇਸ਼ ਨੰਬਰ 271
ਜੇ ਪ੍ਰਮਾਤਮਾ ਪ੍ਰਤੀ ਇੱਛਾ ਤੀਬਰ ਹੋਵੇ ਤਾਂ ਫਿਰ ਉਹ ਭਗਤ ਅੱਗੇ ਪ੍ਰਗਟ ਹੁੰਦਾ ਹੈ

ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਅੱਗੇ ਨਿਮਾਣਿਆਂ ਤੋਂ ਵੀ ਨਿਮਾਣਾ ਹੁੰਦਾ ਹੈ ਅਤੇ ਪ੍ਰਮਾਤਮਾ, ਭਗਤ ਦੇ ਲਈ ''ਬਹੁਤ ਹੀ ਅਧਿਕ ਦਿਆਲੂ'' ਹੁੰਦਾ ਹੈ। ਇਸ ਸੰਦਰਭ ਵਿਚ ਪ੍ਰਮਾਤਮਾ ਅਤੇ ਭਗਤ ਵਿਚ ਵਿਛੋੜੇ ਦਾ ਕੋਈ ਕਾਰਣ ਨਹੀਂ ਰਹਿ ਜਾਂਦਾ। ਭਗਤ ਪ੍ਰਮਾਤਮਾ ਦੇ ਹਰ ਹੁਕਮ ਪ੍ਰਤੀ ਆਗਿਆਕਾਰ ਰਹਿੰਦਾ ਹੈ। ਇਹੀ ਉਹ ਬਖ਼ਸ਼ਿਸ਼ (ਮਿਹਰ) ਹੈ ਜੋ ਭਗਤ ਮੰਗਦਾ (ਲੱਭਦਾ) ਹੈ ਅਤੇ ਉਸ ਦੀ ਪ੍ਰਾਪਤੀ ਲਈ ਅਰਜ਼ੋਈ ਕਰਦਾ ਹੈ।

ਭਗਤ ਸ਼ਰਧਾ ਨਾਲ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਕਰਦਾ ਹੈ। ਆਪਣੇ ਭਗਤ ਤੋਂ ਪਰ੍ਹੇ ਰਹਿਣ ਦਾ ਪ੍ਰਮਾਤਮਾ ਕੋਲ ਕੋਈ ਵੀ ਕਾਰਣ ਨਹੀਂ ਹੁੰਦਾ।

ਭਗਤ ਜਾਣਦਾ ਹੈ ਕਿ ਉਹ ਕਈ ਜਨਮਾਂ ਤੋਂ ਪ੍ਰਮਾਤਮਾ ਤੋਂ ਵਿਛੜਿਆ ਹੋਇਆ ਹੈ। ਵਰਤਮਾਨ ਜੀਵਨ ਵਿਚ ਉਹ ਪ੍ਰਮਾਤਮਾ ਦੀ ਭਗਤੀ ਵਿਚ ਪੂਰੀ ਤਰ੍ਹਾਂ ਲੀਨ ਹੈ। ਇੰਜ, ਭਗਤ ਰਵਿਦਾਸ ਜੀ, ਪ੍ਰਮਾਤਮਾ ਨੂੰ ਉਸ ਦੇ ਦਰਸ਼ਨਾਂ ਦੀ ਆਸ ਪੂਰੀ ਕਰਨ ਦੀ ਬੇਨਤੀ ਕਰਦੇ ਹਨ। ਉਹ ਕਹਿੰਦੇ ਹਨ ਕਿ ਪ੍ਰਮਾਤਮਾ ਨਾਲ ਮਿਲਾਪ ਹੋਇਆਂ ਬੜਾ ਲੰਬਾ ਸਮਾਂ ਹੋ ਗਿਆ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ''ਰਾਗ ਧਨਾਸਰੀ'' ਅੰਗ 694 'ਤੇ ਦਰਜ਼ ਹੈ। ਇਹ ਸ਼ਬਦ ਸੰਧਿਆ ਵੇਲੇ (ਸ਼ਾਮ ਦਾ) ਦਾ ਹੁਕਮਨਾਮਾ, ਜਦੋਂ ਸ਼ਾਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰਧਾ ਨਾਲ ਪ੍ਰਕਾਸ਼ ਕੀਤਾ ਜਾਂਦਾ ਹੈ, ਜੋ ਸ਼ਬਦ ਸਾਹਮਣੇ ਲਿਖਿਆ ਆਵੇ, ਉਸ ਨੂੰ ਪੜ੍ਹਿਆ ਜਾਂਦਾ ਹੈ—ਲੇਖਕ ਦੇ ਮਾਤਾ ਜੀ ਸਰਦਾਰਨੀ ਰਘਬੰਸ ਕੌਰ ਬਲ ਜੀ ਵੱਲੋਂ 16 ਜੁਲਾਈ 1976 ਵਿਚ ਲਿਆ ਗਿਆ ਸੀ। ਉਹ ਉਸ ਸਮੇਂ ਸਟੌਕਟਨ, ਕੈਲੀਫੋਰਨੀਆ ਵਿਚ ਸਾਡੇ ਨਾਲ ਸੀ।

ਭਗਤ ਨਾਮਦੇਵ ਜੀ

ਉਪਦੇਸ਼ ਨੰਬਰ 272

ਗੁਰੂ ਦੇ ਗਿਆਨ ਤੋਂ ਬਿਨਾਂ ਮਨੁੱਖਾ ਜੀਵਨ ਵਿਅਰਥ ਹੈ

ਗੁਰੂ ਆਪਣੇ ਸਿੱਖ ਦਾ ਜੀਵਨ ਸਫਲ ਅਤੇ ਨੇਕ ਬਣਾਉਂਦਾ ਹੈ। ਸਿੱਖ ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਉਹ ਜੀਵਨ ਵਿਚ ਪ੍ਰਸੰਨਤਾ ਅਨੁਭਵ ਕਰਦਾ ਹੈ। ਗੁਰੂ ਦਾ ਗਿਆਨ ਇਹ ਗੱਲ ਸਾਫ਼ ਤੌਰ 'ਤੇ ਦੱਸਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਤੋਂ ਬਗੈਰ ਮਨੁੱਖ ਦਾ ਜੀਵਨ ਜਿਉਣ ਦਾ ਤਰੀਕਾ ਵਿਅਰਥ ਹੀ ਰਹਿੰਦਾ ਹੈ।

ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਗੁਰੂ ਦੀ ਸ਼ਰਨ ਵਿਚ ਉਸ ਨੂੰ ਇਹ ਗਿਆਨ ਹੋ ਗਿਆ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਕੀ ਤਰੀਕਾ ਹੈ। ਨਤੀਜੇ ਵਜੋਂ, ਉਹ ''ਸੰਸਾਰ ਦੇ ਪਾਲਣਹਾਰ'' ਨਾਲ ਇੱਕ-ਮਿੱਕ ਹੋ ਗਿਆ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ''ਰਾਗ ਬਿਲਾਵਲ'' ਵਿਚ ਦਰਜ਼ ਹੈ।

ਭਗਤ ਸੂਰਦਾਸ ਜੀ

ਉਪਦੇਸ਼ ਨੰਬਰ 273

ਮਨੁੱਖ ਨੂੰ ਉਹਨਾਂ ਬੰਦਿਆਂ ਦੀ ਸੰਗਤ ਤੋਂ ਦੂਰ ਹੋਣਾ ਚਾਹੀਦਾ ਹੈ, ਜੋ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ

ਪ੍ਰਮਾਤਮਾ ਦੇ ਭਗਤ ਪੂਰੇ ਦਿਲ ਨਾਲ ਪ੍ਰਮਾਤਮਾ ਦੀ ਭਗਤੀ ਕਰਦੇ ਹਨ। ਬਦਲੇ ਵਿਚ, ਉਹ ਸਦੀਵੀ ਪ੍ਰਸੰਨਤਾ ਦੀ ਦਾਤ ਪ੍ਰਾਪਤ ਕਰਦੇ ਹਨ। ਪ੍ਰਮਾਤਮਾ ਦੇ ਵਿਅੱਕਤਿੱਤਵ ਤੇ ਇਕ ਝਾਤ, ਸ਼ਰਧਾਲੂ ਨੂੰ ਅਜਿਹੇ ਨੇਕ ਇਨਸਾਨ ਵਿਚ ਤਬਦੀਲ ਕਰ ਦਿੰਦੀ ਹੈ, ਜਿਸ ਨੂੰ ਫਿਰ ਕਿਸੇ ਵੀ ਤਰ੍ਹਾਂ ਦਾ ਕੋਈ ਘਾਟਾ ਨਹੀਂ ਰਹਿੰਦਾ। ਉਹ ਫਿਰ, ਉਸ ਸਭ ਤੋਂ ਵੱਡੇ ਅਪਰੰਪਾਰ ਪ੍ਰਭੂ ਦਾ ਦਰਸ਼ਨ ਪਾ ਕੇ ਹੀ ਸੰਪੂਰਨ ਤੌਰ 'ਤੇ ਸੰਤੁਸ਼ਟ ਹੋ ਜਾਂਦਾ ਹੈ।

ਉਹ ਮਨੁੱਖ ਜੋ ਪ੍ਰਮਾਤਮਾ ਤੋਂ ਇਲਾਵਾ ਬਾਕੀ ਸਾਰੀਆਂ ਚੀਜ਼ਾਂ ਦੀ ਮੰਗ ਕਰਦਾ ਹੈ,

ਉਸ ਜੋਕ ਵਾਂਗ ਹੈ, ਜੋ ਕੋਹੜੀ ਦਾ ਖ਼ੂਨ ਚੂਸਦੀ ਹੈ। ਭਗਤ ਸੂਰਦਾਸ ਜੀ ਦਾ ਮਨ ਪ੍ਰਮਾਤਮਾ ਦੇ ਵੱਸ ਵਿਚ ਹੈ—ਉਹ ਪ੍ਰਮਾਤਮਾ ਨਾਲ ਹੀ ਅਨੰਦਿਤ ਰਹਿੰਦਾ ਹੈ, ਜਿਸ ਨੇ ਭਗਤ ਜੀ ਨੂੰ ਦੋਹਾਂ ਲੋਕਾਂ ਦੀਆਂ ਸਭ ਤੋਂ ਵਧੀਆ ਦਾਤਾਂ ਦੀ ਬਖ਼ਸ਼ਿਸ਼ ਕੀਤੀ ਹੈ।

ਨੋਟ :—ਉਪਰੋਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ''ਰਾਗ ਸਾਰੰਗ'' ਵਿਚ ਦਰਜ਼ ਹੈ। ਇਹ ਸ਼ਬਦ ਭਗਤ ਸੂਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸਾਂਝੇ ਤੌਰ 'ਤੇ ਸੰਕਲਿਤ ਕੀਤਾ ਗਿਆ ਹੈ।

❍

ਅਧਿਆਇ 4

ਭਗਤ ਦੇ ਪ੍ਰਮਾਤਮਾ ਨਾਲ ਭਾਵਨਾਤਮਕ (ਜਜ਼ਬਾਤੀ) ਸੰਬੰਧ

ਬ੍ਰਹਮ ਗਿਆਨ ਵਾਹਿਗੁਰੂ ਨਾਲ ਭਾਵਨਾਤਮਕ ਬੰਧਨ ਬਣਾਉਂਦਾ ਹੈ

ਸਿੱਖ ਗੁਰੂਆਂ—ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ, ਦੇ ਉਪਦੇਸ਼ਾਂ ਦੇ ਅਧਿਐਨ ਨਾਲ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਮਾਂ ਪਾ ਕੇ, ਸਤਿਗੁਰੂ ਦੀਆਂ ਸਿੱਖਿਆਵਾਂ ਦਾ ਚਿੰਤਨ, ਭਗਤ ਨੂੰ ਪ੍ਰਮਾਤਮਾ ਦੇ ਹੋਰ ਨੇੜੇ ਲੈ ਆਉਂਦਾ ਹੈ। ਸਤਿਗੁਰੂ ਆਪਣੇ ਸਿੱਖ ਦੇ ਮਨ ਵਿਚ ਅਜਿਹੇ ਵਿਚਾਰ ਅਤੇ ਭਾਵਨਾਵਾਂ ਉਤਪੰਨ ਕਰ ਦਿੰਦਾ ਹੈ, ਜੋ ਉਸ ਨੂੰ ਪ੍ਰਮਾਤਮਾ ਨਾਲ ਭਾਵਨਾਤਮਕ ਸੰਬੰਧ ਬਣਾਉਣ ਵਿਚ ਸਹਾਇਕ ਹੁੰਦੇ ਹਨ। ਸਮੇਂ ਨਾਲ ਇਹ ਭਾਵਨਾਤਮਕ ਸੰਬੰਧ ਹੋਰ ਵੀ ਪ੍ਰਫੁੱਲਿਤ ਹੁੰਦੇ ਹਨ ਅਤੇ ਜਿਉਂ-ਜਿਉਂ ਮਨੁੱਖ ਗੁਰੂ ਦੇ ਇਹਨਾਂ ਸ਼ਬਦਾਂ ਬਾਰੇ ਉੱਚ ਪੱਧਰ ਦੀ ਜਾਗਰੁਕਤਾ ਹਾਸਿਲ ਕਰਦਾ ਹੈ ਉਹਨਾਂ ਨੂੰ ਹੋਰ ਵੀ ਵਧਾਉਂਦਾ ਹੈ। ਫਿਰ ਇਕ ਸਮਾਂ ਅਜਿਹਾ ਆਉਂਦਾ ਹੈ, ਜਦੋਂ ਗੁਰੂ ਦੇ ਸ਼ਬਦ, ਭਗਤ ਦੇ ਆਪਣੇ ਸ਼ਬਦ ਬਣ ਜਾਂਦੇ ਹਨ। ਇਸ ਅਵਸਥਾ 'ਤੇ, ਸਿੱਖ ਦਾ ਮਨ, ਗੁਰੂ ਵਰਗਾ ਹੋ ਜਾਂਦਾ ਹੈ। ਪਰ ਇਹ ਅਵਸਥਾ ਗੁਰੂ ਪ੍ਰਤੀ ਬਹੁਤ ਅਧਿੱਕ ਨਿਮਰਤਾ ਨਾਲ ਹਾਸਿਲ ਹੁੰਦੀ ਹੈ। ਇਸ ਤਰ੍ਹਾਂ ਸਿੱਖ ਲਈ ਗੁਰੂ ਨਾਲ ਬਰਾਬਰੀ ਦਾਅਵਾ ਕਰਨਾ ਅਸੰਭਵ ਹੋ ਜਾਂਦਾ ਹੈ। ਸਿੱਖ ਦੀ ਪ੍ਰਮਾਤਮਾ ਅਤੇ ਉਸ ਦੇ ਦੈਵੀ ਜੀਵਨ ਬਾਰੇ ਜਾਗਰੁਕਤਾ ਭਾਵੇਂ ਗੁਰੂ ਦੇ ਬਰਾਬਰ ਹੋ ਜਾਵੇ, ਪਰ ਸਿੱਖ, ਆਪਣੇ ਆਪ ਨੂੰ ਹਮੇਸ਼ਾ ਗੁਰੂ ਦੇ ਚਰਨਾਂ ਦੀ ਧੂੜ ਹੀ ਮੰਨਦਾ ਹੈ।

ਮਨੁੱਖ ਦਾ ਸਤਿਗੁਰੂ ਕੋਲ ਆਉਣਾ, ਗੁਰੂ ਦਾ ਸਿੱਖ ਬਣਨਾ ਅਤੇ ਫਿਰ ਵਿਚਾਰਾਂ ਅਤੇ ਭਾਵਨਾਵਾਂ ਵਿਚ ਪ੍ਰਗਤੀ ਕਰਦੇ ਜਾਣਾ, ਪ੍ਰਮਾਤਮਾ ਵੱਲੋਂ ਪਹਿਲਾਂ ਤੋਂ ਹੀ ਨਿਰਧਾਰਿਤ ਹੁੰਦਾ ਹੈ। ਸਿੱਖ ਦੀ ਤਕਦੀਰ (ਕਿਸਮਤ) ਹੀ ਉਸ ਨੂੰ ਜਾਗਰੁਕਤਾ ਦੇ ਸ਼ਿਖਰ ਵੱਲ ਲੈ ਕੇ ਜਾਂਦੀ ਹੈ—ਜਾਗਰੁਕਤਾ ਜੋ ਗੁਰੂ ਦੇ ਸ਼ਬਦਾਂ ਅੰਦਰ ਮੌਜੂਦ ਹੁੰਦੀ ਹੈ ਅਤੇ ਸਤਿਗੁਰੂ ਦੇ ਸ਼ਬਦਾਂ ਦੁਆਰਾ ਜ਼ਾਹਿਰ ਹੁੰਦੀ ਹੈ। ਇਹ ਪੱਧਰ ਲਗਾਤਾਰ ਪ੍ਰਮਾਤਮਾ ਦਾ ਨਾਮ ਧਿਆਉਣਾ—ਪ੍ਰਮਾਤਮਾ ਦੀ ਮਿਹਰ ਨਾਲ ਸਿੱਖ ਨੂੰ ਆਪਣੇ ਨਾਲ ਜੋੜਦਾ ਹੈ। ਜਾਗਰੁਕਤਾ ਦੀ ਇਸ ਅਵਸਥਾ ਨੂੰ 'ਸਹਿਜ' ਕਹਿੰਦੇ ਹਨ—ਸਹਿਜ ਅੰਤਰ ਮਨ ਦੀ

ਪ੍ਰਮਾਤਮਾ ਨਾਲ ਸਰਲ ਅਤੇ ਨਿਰੰਤਰ ਸਾਂਝ। ਸਿੱਖ ਅਧਿਆਤਮਿਕ ਆਨੰਦ—ਅੰਦਰੂਨੀ ਸ਼ਾਂਤੀ, ਸੰਤੁਸ਼ਟੀ ਅਤੇ ਪ੍ਰਸੰਨਤਾ ਦਾ ਅਨੁਭਵ ਕਰਦਾ ਹੈ।

ਪ੍ਰਮਾਤਮਾ ਨਾਲ ਭਾਵਨਾਤਮਕ ਨਾਤਾ ਅਤੇ ਇਹਨਾਂ ਨਾਤਿਆਂ ਦੇ ਪਰਿਣਾਮ ਜੋ ਕਿ ਸਤਿਗੁਰੂ ਦੀਆਂ ਸਿੱਖਿਆਵਾਂ ਪ੍ਰਤੀ ਸਮਰਪਿਤ ਹੋਣ ਨਾਲ ਪੈਦਾ ਹੁੰਦੇ ਹਨ : ਹੇਠ ਲਿਖੇ ਹਨ :

ਪ੍ਰਮਾਤਮਾ 'ਤੇ ਵਿਸ਼ਵਾਸ :

- ✲ ਪ੍ਰਮਾਤਮਾ ਹੋਂਦ ਰੱਖਦਾ ਹੈ ਅਤੇ ਉਹ ਸਦੀਵੀ ਕਾਇਮ ਰਹਿਣ ਵਾਲਾ ਹੈ।
- ✲ ਸਤਿਗੁਰੂ ਪ੍ਰਮਾਤਮਾ ਦੇ ਵਿਅੱਕਤਿੱਤਵ ਦੇ ਗੁਣਾਂ ਦਾ ਵਰਨਣ ਕਰਦਾ ਹੈ।
- ✲ ਪ੍ਰਮਾਤਮਾ ਦੇ ਗੁਣ ਬੇਅੰਤ ਹਨ।
- ✲ ਪ੍ਰਮਾਤਮਾ ਦਾ ਹਰੇਕ ਗੁਣ ਵਿਲੱਖਣ ਹੈ ਅਤੇ ਕਈ ਹੋਰ ਅਜਿਹੇ ਗੁਣਾਂ ਦਾ ਮੁਕਾਬਲਾ (ਬਰਾਬਰੀ) ਨਹੀਂ ਕਰ ਸਕਦਾ।
- ✲ ਪ੍ਰਮਾਤਮਾ 'ਤੇ ਵਿਸ਼ਵਾਸ ਕੀਤੇ ਬਿਨਾਂ ਸਾਰੇ ਜਨਮ-ਮਰਨ ਦੇ ਚੱਕਰ ਵਿਚ ਬੱਝੇ ਰਹਿੰਦੇ ਹਨ।
- ✲ ਕੇਵਲ ਸਤਿਗੁਰੂ ਹੀ ਪ੍ਰਮਾਤਮਾ ਵਿਚ ਵਿਸ਼ਵਾਸ ਸਥਾਪਿਤ ਕਰ ਸਕਦਾ ਹੈ।
- ✲ ਸਤਿਗੁਰੂ ਦੀ ਸ਼ਰਨ ਤੋਂ ਬਿਨਾਂ ਪ੍ਰਮਾਤਮਾ ਵਿਚ ਵਿਸ਼ਵਾਸ ਕਾਇਮ ਨਹੀਂ ਰੱਖਿਆ ਜਾ ਸਕਦਾ।
- ✲ ਪ੍ਰਮਾਤਮਾ ਵਿਚ ਵਿਸ਼ਵਾਸ ਸਵੈ-ਯਥਾਰਥਕ ਨਹੀਂ ਹੋ ਸਕਦਾ, ਕੇਵਲ ਸਤਿਗੁਰੂ ਹੀ ਇਸ ਨੂੰ ਸਥਾਪਿਤ ਕਰ ਸਕਦਾ ਹੈ।
- ✲ ਜੇ ਸਤਿਗੁਰੂ ਅਤੇ ਪ੍ਰਮਾਤਮਾ ਮਨੁੱਖ ਦੀ ਮਦਦ ਕਰਨ ਤਾਂ ਪ੍ਰਮਾਤਮਾ 'ਤੇ ਵਿਸ਼ਵਾਸ ਨਹੀਂ ਡੋਲ ਸਕਦਾ।

ਪ੍ਰਮਾਤਮਾ 'ਤੇ ਭਰੋਸਾ :

- ✲ ਸਤਿਗੁਰੂ, ਪ੍ਰਮਾਤਮਾ 'ਤੇ ਭਰੋਸੇ ਦੀ ਨੀਂਹ ਰੱਖਦਾ ਹੈ।
- ✲ ਸਤਿਗੁਰੂ ਦੇ ਸ਼ਬਦਾਂ ਅਨੁਸਾਰ ਪ੍ਰਮਾਤਮਾ ਮੁਕਤੀ ਦਿੰਦਾ ਹੈ।
- ✲ ਪ੍ਰਮਾਤਮਾ ਮਿਹਰ ਕਰਦਾ ਹੈ ਅਤੇ ਆਪਣੇ ਸੇਵਕ 'ਤੇ ਨਿਰੰਤਰ ਮਿਹਰ ਕਰਦਾ ਰਹਿੰਦਾ ਹੈ।
- ✲ ਪ੍ਰਮਾਤਮਾ ਦੇ ਸੇਵਕ ਨਾਲ ਸੰਬੰਧਿਤ ਗੁਣ ਸੰਪੂਰਨ ਤੌਰ 'ਤੇ ਭਰੋਸੇਯੋਗ ਹੁੰਦੇ ਹਨ।
- ✲ ਪ੍ਰਮਾਤਮਾ ਆਪਣੇ ਉੱਪਰ ਕੀਤੇ ਭਰੋਸੇ ਦਾ ਮਾਣ ਕਰਦਾ ਹੈ।

ਪ੍ਰਮਾਤਮਾ ਪ੍ਰਤੀ ਆਗਿਆਕਾਰੀ :

- ਸਦਾ ਪ੍ਰਮਾਤਮਾ ਦਾ ਭਾਣਾ ਮੰਨਣ ਦੀ ਇੱਛਾ।
- ਪ੍ਰਮਾਤਮਾ ਸਾਹਮਣੇ ਅਹੰਕਾਰ ਤਿਆਗਣ ਦੀ ਇੱਛਾ
- ਇਹ ਪੱਕਾ ਵਿਸ਼ਵਾਸ ਕਿ ਪ੍ਰਮਾਤਮਾ ਦੇ ਹੁਕਮ ਨਿਰਵਿਵਾਦ ਹਨ।
- ਇਹ ਪੱਕਾ ਭਰੋਸਾ ਕਿ ਪ੍ਰਮਾਤਮਾ ਦਾ ਹੀ ਆਪਣੀ ਸ੍ਰਿਸ਼ਟੀ 'ਤੇ ਸੰਪੂਰਨ ਰਾਜ ਹੈ।
- ਵਿਸ਼ਵਾਸ ਕਿ ਪ੍ਰਮਾਤਮਾ ਪ੍ਰਤੀ ਅਹੰਕਾਰ ਅਸਥਿਰ ਹੈ।

ਪ੍ਰਮਾਤਮਾ ਦੇ ਵਿਅੱਕਤਿੱਤਵ ਪ੍ਰਤੀ ਹੈਰਾਨੀ

- ਪ੍ਰਮਾਤਮਾ ਦੀਆਂ ਸ਼ਕਤੀਆਂ ਦਾ ਖੇਤਰ ਬਹੁਤ ਵਿਸ਼ਾਲ ਅਤੇ ਬੇਅੰਤ ਹੈ।
- ਪ੍ਰਮਾਤਮਾ ਦੀ ਸ੍ਰਿਸ਼ਟੀ ਕਥਨ ਤੋਂ ਪਰੇ ਹੈ।
- ਪ੍ਰਮਾਤਮਾ ਦੇ ਗੁਣ ਬੇਅੰਤ ਹਨ।
- ਪ੍ਰਮਾਤਮਾ ਦੀ ਰਚਨਾ ਦੀ ਖੂਬਸੂਰਤੀ ਅਤੇ ਵਿਵਸਥਾ ਦਾ ਕੋਈ ਸਾਨੀ ਨਹੀਂ।
- ਪ੍ਰਮਾਤਮਾ ਦੀ ਰਚਨਾ ਬਹੁਤ ਅਧਿੱਕ ਭਿੰਨ ਹੈ।
- ਪ੍ਰਮਾਤਮਾ ਸਮੇਂ ਤੋਂ ਵੀ ਪ੍ਰਾਚੀਨ ਹੈ।
- ਪ੍ਰਮਾਤਮਾ ਹੈਰਾਨਕੁੰਨ ਤਰੀਕੇ ਨਾਲ ਦੇਖਣਯੋਗ ਹੈ ਅਤੇ ਫਿਰ ਵੀ ਅਦ੍ਰਿਸ਼ ਹੈ। ਕੇਵਲ ਗੁਰੂ ਦੇ ਬ੍ਰਹਮ ਗਿਆਨ ਨਾਲ ਖੁੱਲ੍ਹੀ ਮਨ ਦੀ ਅੱਖ ਨਾਲ ਹੀ ਉਸ ਨੂੰ ਦੇਖਿਆ ਜਾ ਸਕਦਾ ਹੈ।
- ਪ੍ਰਮਾਤਮਾ ਦੀ ਨੈਤਿਕ ਵਿਵਸਥਾ ਨੂੰ ਚੁਨੌਤੀ ਨਹੀਂ ਦਿੱਤੀ ਜਾ ਸਕਦੀ।
- ਪ੍ਰਮਾਤਮਾ ਬਣਾਉਣ, ਪਾਲਣ ਅਤੇ ਨਸ਼ਟ ਕਰਨ ਦੀ ਅਥਾਹ ਸ਼ਕਤੀ ਰੱਖਦਾ ਹੈ।
- ਪ੍ਰਮਾਤਮਾ ਦੇ ਦੋ ਨਿੱਜੀ ਵਿਅੱਕਤਿੱਤਵ ਹੁੰਦੇ ਹਨ। ਇਕ ਉਸ ਦੀ ਰਚਨਾ ਵਿਚ ਵਿਅੱਕਤ ਹੁੰਦਾ ਹੈ ਅਤੇ ਦੂਜਾ ਉਸ ਦੇ ਰਚਨਾਤਮਕ ਕੰਮ ਤੋਂ ਪੂਰਵ ਹੁੰਦਾ ਹੈ।
- ਪ੍ਰਮਾਤਮਾ ਨੇੜੇ ਅਤੇ ਦੂਰ ਹਰ ਥਾਂ 'ਤੇ ਹਾਜ਼ਰ ਹੈ।
- ਪ੍ਰਮਾਤਮਾ ਸਾਰੇ ਮਨੁੱਖਾਂ ਦੇ ਅੰਦਰ ਵੱਸਦਾ ਹੈ।

ਪ੍ਰਮਾਤਮਾ ਨੂੰ ਪਾਉਣ ਦੀ ਇੱਛਾ :

- ਭਗਤ ਪ੍ਰਮਾਤਮਾ ਦੇ ਨਜ਼ਦੀਕ ਆਉਣ ਦੀ ਇੱਛਾ ਰੱਖਦਾ ਹੈ।
- ਭਗਤ ਪ੍ਰਮਾਤਮਾ ਤੋਂ ਵਿਛੋੜਾ ਦੂਰ ਕਰਨ ਲਈ ਕੋਸ਼ਿਸ਼ਾਂ ਕਰਦਾ ਹੈ।
- ਭਗਤ ਪ੍ਰਮਾਤਮਾ ਦੇ ਨੇੜੇ ਹੋਣ ਲਈ ਮਦਦ ਲੱਭਦਾ ਹੈ।

- ਜੇ ਪ੍ਰਮਾਤਮਾ ਨਾਲ ਮਿਲਾਪ ਹੋ ਸਕੇ ਤਾਂ ਭਗਤ ਵਿਛੋੜੇ ਦਾ ਦਰਦ ਭੋਗਦਾ ਹੈ।
- ਭਗਤ ਦੀ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ, ਉਸ ਦੇ ਪ੍ਰਮਾਤਮਾ ਉਤੇ ਵਿਸ਼ਵਾਸ ਕਰਕੇ ਪੈਦਾ ਹੁੰਦੀ ਹੈ।
- ਭਗਤ ਦੀ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਹਰ ਵਾਰ ਵੱਧਦੀ ਹੈ।
- ਭਗਤ ਦੀ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਅੰਤ ਵਿਚ ਉਸ ਨਾਲ ਮਿਲਾਪ ਵਿਚ ਤਬਦੀਲ ਹੋ ਜਾਂਦੀ ਹੈ।
- ਭਗਤ ਗ੍ਰਿਹਸਥੀ ਮਨੁੱਖ ਵਜੋਂ ਜੀਵਨ ਜਿਉਂਦੇ ਹੋਏ ਪ੍ਰਮਾਤਮਾ ਨਾਲ ਮਿਲਾਪ ਦੀ ਇੱਛਾ ਰੱਖਦਾ ਹੈ।

ਪ੍ਰਮਾਤਮਾ ਦੀ ਸੇਵਾ :

- ਪ੍ਰਮਾਤਮਾ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਪਿਆਰ ਅਤੇ ਸ਼ਰਧਾ ਨਾਲ ਸਿਮਰਨ ਹੀ ਉਸ ਦੀ ਸੇਵਾ ਹੈ।
- ਚੰਗੇ ਕਰਮਾਂ ਨਾਲ ਪ੍ਰਮਾਤਮਾ ਦੇ ਭਗਤਾਂ ਦੀ ਸੇਵਾ ਹੀ ਪ੍ਰਮਾਤਮਾ ਦੀ ਸੇਵਾ ਹੈ।
- ਸਤਿਗੁਰੂ ਦੇ ਸ਼ਬਦ ਨੂੰ ਦੂਜਿਆਂ ਨਾਲ ਵੰਡਾਉਣਾ ਹੀ ਪ੍ਰਮਾਤਮਾ ਦੀ ਸੇਵਾ ਹੈ।
- ਸਤਿਗੁਰੂ ਦੇ ਸ਼ਬਦਾਂ ਨੂੰ ਸਮਝਣ ਵਿਚ ਦੂਸਰਿਆਂ ਦੀ ਮਦਦ ਕਰਨਾ ਪ੍ਰਮਾਤਮਾ ਦੀ ਸੇਵਾ ਹੈ।
- ਬਿਨਾਂ ਕਿਸੇ ਫਲ ਦੀ ਚਾਹ ਦੇ, ਨੇਕ ਕਰਮ ਕਰਨੇ, ਪ੍ਰਮਾਤਮਾ ਦੀ ਸੇਵਾ ਹੈ।

ਪ੍ਰਮਾਤਮਾ ਦਾ ਸ਼ੁਕਰਾਨਾ :

- ਇਹ ਵਫ਼ਾਦਾਰ ਸੇਵਕ ਨੂੰ ਪ੍ਰਮਾਤਮਾ ਦੀਆਂ ਮਿਹਰਾਂ ਲਈ ਉਸ ਦੇ ਸ਼ੁਕਰਗੁਜਾਰ ਹੋਣ ਦੇ ਕਾਬਿਲ ਬਣਾਉਣਾ ਹੈ।
- ਭਾਵਨਾ ਨਾਲ ਪ੍ਰਮਾਤਮਾ ਦਾ ਸ਼ੁਕਰਗੁਜਾਰ ਹੋਣਾ, ਉਸ ਨੂੰ ਪ੍ਰਮਾਤਮਾ ਦੇ ਨਜ਼ਦੀਕ ਲਿਆਉਂਦਾ ਹੈ।
- ਭਗਤ ਪ੍ਰਮਾਤਮਾ ਪ੍ਰਤੀ ਸ਼ੁਕਰਾਨੇ ਵਾਲਾ ਰਵੱਈਆ ਜ਼ਾਰੀ ਰੱਖਦਾ ਹੈ।
- ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਨੂੰ ਹਮੇਸ਼ਾ ਯਾਦ ਰੱਖ ਕੇ ਮਨੁੱਖ ਉਸ ਪ੍ਰਤੀ ਆਪਣਾ ਆਭਾਰ ਪ੍ਰਗਟ ਕਰਦਾ ਹੈ।
- ਭਗਤ ਦੀ ਮਿਹਰਾਂ ਦੀ ਮਾਨਤਾ ਨਿੱਜੀ ਜਾਂ ਜਨਤਕ ਹੋ ਸਕਦੀ ਹੈ।

ਪ੍ਰਮਾਤਮਾ ਦੀ ਉਪਾਸ਼ਨਾ :

- ਪ੍ਰਮਾਤਮਾ ਦੀ ਸੰਪੂਰਨ ਮਹਾਨਤਾ ਅਤੇ ਸੰਪੂਰਨ ਸ਼ੁੱਧਤਾ ਹੀ ਸੇਵਕ ਦੀ ਉਸ ਪ੍ਰਤੀ

ਸ਼ਰਧਾ ਦਾ ਕਾਰਣ ਹੈ।

- ਸੇਵਕ, ਭਾਵਨਾਤਮਿਕ ਹੋ ਕੇ ਪ੍ਰਮਾਤਮਾ ਦਾ ਸਤਿਕਾਰ ਕਰਨਾ, ਸਤਿਗੁਰੂ ਕੋਲੋਂ ਸਿੱਖਦਾ ਹੈ।
- ਨਿੱਜੀ ਤੌਰ 'ਤੇ, ਸੇਵਕ ਆਪਣੇ ਵਿਚਾਰਾਂ ਵਿਚ ਪ੍ਰਮਾਤਮਾ ਦਾ ਸਤਿਕਾਰ ਕਰਦਾ ਹੈ। ਜਨਤਕ ਤੌਰ 'ਤੇ, ਉਹ ਪ੍ਰਮਾਤਮਾ ਦੇ ਗੁਣਾਂ ਬਾਰੇ ਗੱਲਬਾਤ ਕਰਕੇ ਅਤੇ ਉਸ ਦੀ ਸਿਫ਼ਤ-ਸਾਲਾਹਿ ਗਾ ਕੇ ਉਸ ਦਾ ਆਦਰ ਸਤਿਕਾਰ ਕਰਦਾ ਹੈ।
- ਜਿੰਨਾ ਗਹਿਰਾਈ ਵਾਲਾ ਪ੍ਰਮਾਤਮਾ ਦਾ ਸਤਿਕਾਰ ਹੋਵੇਗਾ, ਓਨੀ ਹੀ ਪ੍ਰਮਾਤਮਾ ਨਾਲ ਨੇੜਤਾ ਹੋਵੇਗੀ।

ਪ੍ਰਮਾਤਮਾ ਪ੍ਰਤੀ ਵਫ਼ਾਦਾਰੀ :

- ਭਗਤ ਦੀ ਪ੍ਰਮਾਤਮਾ ਪ੍ਰਤੀ ਪੂਰਨ ਸ਼ਰਧਾ ਹੁੰਦੀ ਹੈ। ਉਸ ਦਾ ਪ੍ਰਮਾਤਮਾ ਦਾ ਸਿਮਰਨ ਇਕ-ਮਨ ਹੁੰਦਾ ਹੈ।
- ਭਗਤ ਦਾ ਪ੍ਰਮਾਤਮਾ 'ਤੇ ਦ੍ਰਿੜ ਵਿਸ਼ਵਾਸ ਹੁੰਦਾ ਹੈ।
- ਭਗਤ ਬਿਨਾਂ ਲਾਭ ਜਾਂ ਫਲ ਤੋਂ ਪ੍ਰਮਾਤਮਾ ਨੂੰ ਸਿਮਰਦਾ ਹੈ।

ਪ੍ਰਮਾਤਮਾ ਨਾਲ ਨਜ਼ਦੀਕੀ (ਨੇੜਤਾ) :

- ਭਗਤ ਅਤੇ ਪ੍ਰਮਾਤਮਾ ਦੀ ਨੇੜਤਾ ਆਪਸੀ ਹੁੰਦੀ ਹੈ।
- ਸਤਿਗੁਰੂ ਦੇ ਸ਼ਬਦ ਮਨ ਵਿਚ ਪ੍ਰਮਾਤਮਾ ਨਾਲ ਨੇੜਤਾ ਪੈਦਾ ਕਰਦੇ ਹਨ।
- ਭਗਤ ਦੀ ਪ੍ਰਮਾਤਮਾ ਨਾਲ ਨੇੜਤਾ ਕਈ ਰੂਪ ਲੈਂਦੀ ਹੈ, ਜਿਵੇਂ ਕਿ ਮਾਂ-ਬਾਪ ਦੀ ਬੱਚੇ ਨਾਲ ਨੇੜਤਾ, ਪ੍ਰੇਮੀ ਦੀ ਪ੍ਰੇਮਿਕਾ ਨਾਲ ਨੇੜਤਾ, ਪਰਉਪਕਾਰੀ ਅਤੇ ਹਿਤੈਸ਼ੀ ਨਾਲ ਨੇੜਤਾ।
- ਭਗਤ ਅਤੇ ਪ੍ਰਮਾਤਮਾ ਦੀ ਨੇੜਤਾ ਸਮੇਂ ਨਾਲ ਪ੍ਰਫੁੱਲਿਤ ਹੁੰਦੀ ਹੈ।
- ਜਿਸ ਤਰ੍ਹਾਂ ਸਤਿਗੁਰੂ ਦੇ ਸ਼ਬਦਾਂ ਵਿਚ ਵਿਚਾਰ ਪ੍ਰਗਟ ਕੀਤੇ ਜਾਂਦੇ ਹਨ, ਭਗਤ ਆਪਣੇ ਦਿਲ ਵਿਚ ਪ੍ਰਮਾਤਮਾ ਪ੍ਰਤੀ ਅਜਿਹੇ ਨਿੱਘੇ ਵਿਚਾਰ ਰੱਖਦਾ ਹੈ। ਆਮ ਤੌਰ 'ਤੇ ਪ੍ਰਮਾਤਮਾ ਪ੍ਰਤੀ ਆਪਣੀ ਨੇੜਤਾ ਪ੍ਰਗਟ ਕਰਦੇ ਸਮੇਂ ਉਹ ਸਤਿਗੁਰੂ ਦੇ ਸ਼ਬਦਾਂ ਦਾ ਹਵਾਲਾ ਦਿੰਦਾ ਹੈ।

ਪ੍ਰਮਾਤਮਾ ਅੱਗੇ ਨਿਮਰਤਾ :

- ਸਤਿਗੁਰੂ ਦੇ ਸ਼ਬਦ ਸਿੱਖ ਦਾ ਅਹੰਕਾਰ ਖ਼ਤਮ ਕਰ ਦਿੰਦੇ ਹਨ ਅਤੇ ਉਸ ਦੀ ਜਗ੍ਹਾ ਪ੍ਰਮਾਤਮਾ ਪ੍ਰਤੀ ਨਿਮਰਤਾ ਆ ਜਾਂਦੀ ਹੈ। ਸੇਵਕ ਪ੍ਰਮਾਤਮਾ ਦੀ ਮਹਾਨਤਾ ਅਤੇ ਸ਼ਕਤੀ ਅੱਗੇ ਆਪਣੀ ਤੁੱਛਤਾ ਨੂੰ ਮਹਿਸੂਸ ਕਰ ਲੈਂਦਾ ਹੈ।

- ਸਤਿਗੁਰੂ ਵੱਲੋਂ ਸਿਖਾਇਆ ਗਿਆ, ਮਨੁੱਖ ਅਤੇ ਪ੍ਰਮਾਤਮਾ ਵਿਚਲਾ ਅਸਾਧਾਰਣ ਵਿਰੋਧ ਜਦੋਂ ਸੇਵਕ ਦੀ ਸਮਝ ਵਿਚ ਆਉਂਦਾ ਹੈ, ਉਹ ਸੁਭਾਵਿਕ ਤੌਰ 'ਤੇ ਹੀ ਉਸ ਨੂੰ ਪ੍ਰਮਾਤਮਾ ਪ੍ਰਤੀ ਨਿਮਰਤਾ ਨਾਲ ਲੈ ਜਾਂਦਾ ਹੈ।
- ਸੇਵਕ ਆਪਾ ਮਿਟਾ ਕੇ ਪ੍ਰਮਾਤਮਾ ਪ੍ਰਤੀ ਨਿਮਰਤਾ ਦਾ ਪ੍ਰਗਟਾਵਾ ਕਰਦਾ ਹੈ।
- ਪ੍ਰਮਾਤਮਾ ਆਪਣੇ ਨਿਮਰ ਸੇਵਕ 'ਤੇ ਆਪਣੀਆਂ ਮਿਹਰਾਂ ਵਰਸਾਉਂਦਾ ਹੈ।
- ਪ੍ਰਮਾਤਮਾ ਅੱਗੇ ਬਹੁਤ ਅਧਿੱਕ ਨਿਮਰਤਾ, ਅਹੰਕਾਰ ਦਾ ਪੂਰੀ ਤਰ੍ਹਾਂ ਨਾਸ਼ ਕਰ ਦਿੰਦੀ ਹੈ। ਬਦਲੇ ਵਿਚ, ਪ੍ਰਮਾਤਮਾ ਆਪਣੇ ਸੇਵਕ ਦਾ ਸਨਮਾਨ ਕਰਦਾ ਹੈ।

ਪ੍ਰਮਾਤਮਾ 'ਤੇ ਧਿਆਨ :

- ਪ੍ਰਮਾਤਮਾ 'ਤੇ ਧਿਆਨ ਦਾ ਅਰਥ ਹੈ, ਸ਼ਰਧਾਲੂ ਦੇ ਮਨ ਵਿਚ ਪ੍ਰਮਾਤਮਾ ਦੇ ਗੁਣਾਂ ਦੁਆਰਾ ਪ੍ਰਮਾਤਮਾ ਦੇ ਵਿਅੱਕਤਿੱਤਵ ਦੀ ਸਾਫ ਝਲਕ।
- ਸਤਿਗੁਰੂ ਦੇ ਸ਼ਬਦਾਂ ਦੇ ਮਾਧਿਅਮ ਦੁਆਰਾ ਪ੍ਰਮਾਤਮਾ 'ਤੇ ਧਿਆਨ ਕੇਂਦਰਿਤ ਕੀਤਾ ਹੈ।
- ਜਦੋਂ ਸਤਿਗੁਰੂ ਦੇ ਸ਼ਬਦ, ਸ਼ਰਧਾਲੂ ਦੀ ਜਾਗਰੁਕਤਾ ਨੂੰ ਉਸ ਪੱਧਰ ਤੱਕ ਉੱਚਾ ਚੁੱਕ ਲੈਣ, ਜਿੱਥੇ ਉਹ ਗੁਰੂ ਦੇ ਪੱਧਰ ਦੇ ਕਰੀਬ-ਕਰੀਬ ਹੋਵੇ ਤਾਂ ਫਿਰ ਉਦੋਂ ਸ਼ਰਧਾਲੂ ਦਾ ਪ੍ਰਮਾਤਮਾ 'ਤੇ ਧਿਆਨ ਨਿਰੰਤਰ ਕੇਂਦਰਿਤ ਰਹਿੰਦਾ ਹੈ।
- ਪ੍ਰਮਾਤਮਾ 'ਤੇ ਧਿਆਨ ਸ਼ਰਧਾਲੂ ਲਈ ਸ਼ਾਂਤੀ ਅਤੇ ਪ੍ਰਸੰਨਤਾ ਪੈਦਾ ਕਰਦਾ ਹੈ।
- ਸਤਿਗੁਰੂ ਦੇ ਸ਼ਬਦਾਂ ਦੁਆਰਾ ਸਿਖਾਏ ਗਏ ਸਿਧਾਂਤਾਂ ਨੂੰ ਸੁਣ ਕੇ ਅਤੇ ਮੰਨ ਕੇ, ਪ੍ਰਮਾਤਮਾ 'ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਇਹ ਹੋਰ ਦੂਸਰੇ ਸ਼ਰਧਾਲੂ, ਜੋ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾਉਂਦੇ ਹਨ, ਉਹਨਾਂ ਦੀ ਸੰਗਤ ਵਿਚ ਸ਼ਾਮਿਲ ਨਾਲ ਵੀ ਪ੍ਰਾਪਤ ਹੁੰਦਾ ਹੈ।

ਪ੍ਰਮਾਤਮਾ ਨਾਲ ਨੇੜਤਾ ਦੀ ਅਨਮੋਲਤਾ :

- ਪ੍ਰਮਾਤਮਾ ਦੇ ਨਾਲ ਭਗਤ ਦੇ ਰਿਸ਼ਤੇ ਅੱਗੇ, ਬਾਕੀ ਸਾਰੇ ਨਾਤੇ (ਰਿਸ਼ਤੇ) ਗੌਣ (ਦੂਜੇ ਦਰਜੇ ਦੇ) ਹੁੰਦੇ ਹਨ।
- ਭਗਤ ਦਾ ਪ੍ਰਮਾਤਮਾ ਨਾਲ ਨੇੜਤਾ ਵਾਲਾ ਸੰਬੰਧ, ਪ੍ਰਮਾਤਮਾ ਦੀ ਮਿਹਰ ਅਤੇ ਸਨਮਾਨ ਰਾਖਵਾਂ ਰੱਖਦਾ ਹੈ।
- ਭਗਤ ਦਾ ਪ੍ਰਮਾਤਮਾ ਨਾਲ ਗਹਿਰਾ ਸੰਬੰਧ, ਪਹਿਲੇ ਹੀ ਪ੍ਰਮਾਤਮਾ ਵੱਲੋਂ ਨਿਰਧਾਰਿਤ ਹੁੰਦਾ ਹੈ।
- ਸਤਿਗੁਰੂ ਵੱਲੋਂ ਗੁਰੂ ਦੀਆਂ ਸਿੱਖਿਆਵਾਂ ਅਤੇ ਦਿਆਲਤਾ ਨਾਲ ਭਗਤ ਦਾ

ਪ੍ਰਮਾਤਮਾ ਨਾਲ ਗਹਿਰਾ ਸੰਬੰਧ ਕਾਇਮ ਹੁੰਦਾ ਹੈ।

ਪ੍ਰਮਾਤਮਾ ਨੂੰ ਪ੍ਰਸੰਨ ਕਰਨਾ :

- ✡ ਪ੍ਰਮਾਤਮਾ ਦਾ ਭਗਤ ਆਪਣੇ ਸਾਥੀਆਂ ਨਾਲ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਂਦਾ ਹੈ।
- ✡ ਪ੍ਰਮਾਤਮਾ ਦਾ ਭਗਤ ਆਪਣੇ ਸਾਥੀਆਂ ਨਾਲ ਸੱਚਾਈ ਨਾਲ ਵਿਵਹਾਰ ਕਰਦਾ ਹੈ।
- ✡ ਪ੍ਰਮਾਤਮਾ ਦੇ ਭਗਤ ਨੂੰ ਆਪਣੀਆਂ ਨਿੱਜੀਆਂ ਕਮੀਆਂ ਨੂੰ ਸਵੀਕਾਰਨ ਵਿਚ ਕੋਈ ਸ਼ਰਮ ਜਾਂ ਝਿਜਕ ਨਹੀਂ ਆਉਂਦੀ।
- ✡ ਪ੍ਰਮਾਤਮਾ ਦਾ ਭਗਤ, ਸਤਿਗੁਰੂ ਦੇ ਸ਼ਬਦਾਂ ਵਿਚ ਬੋਲੇ ਗਏ, ਪ੍ਰਮਾਤਮਾ ਦੇ ਸ਼ਬਦ ਨੂੰ ਸਵੀਕਾਰ ਕਰਦਾ ਹੈ।
- ✡ ਪ੍ਰਮਾਤਮਾ ਦਾ ਭਗਤ ਪ੍ਰਮਾਤਮਾ ਦੇ ਗੁਣਾਂ ਦਾ ਸਨਮਾਨ ਕਰਦਾ ਹੈ।
- ✡ ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦੇ ਸੰਤਾਂ ਦੀ ਸੇਵਾ ਦੇ ਮੌਕੇ ਨੂੰ ਪਾਉਣਾ ਆਪਣੀ ਖ਼ੁਸ਼ਕਿਸਮਤੀ ਸਮਝਦਾ ਹੈ।
- ✡ ਪ੍ਰਮਾਤਮਾ ਦਾ ਭਗਤ ਸੱਚਾਈ ਲਈ ਕੁਰਬਾਨੀ ਵੀ ਦਿੰਦਾ ਹੈ।
- ✡ ਪ੍ਰਮਾਤਮਾ ਦਾ ਭਗਤ ਆਪਣੇ ਜੀਵਨ ਵਿਚ ਪ੍ਰਮਾਤਮਾ ਦੇ ਕੇਂਦਰਿਤ ਹੋਣ ਨੂੰ ਮੰਨਦਾ ਹੈ।
- ✡ ਪ੍ਰਮਾਤਮਾ ਦਾ ਭਗਤ ਪ੍ਰਮਾਤਮਾ ਨਾਲ ਇਕਸੁਰਤਾ ਨਾਲ ਆਪਣਾ ਜੀਵਨ ਬਿਤਾਉਂਦਾ ਹੈ।
- ✡ ਪ੍ਰਮਾਤਮਾ ਦਾ ਭਗਤ ਅਹੰਕਾਰ ਦਾ ਤਿਆਗ ਕਰਦਾ ਹੈ, ਜੋ ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਹੈ।

ਪ੍ਰਮਾਤਮਾ ਅੱਗੇ ਅਰਜ਼ੋਈ :

- ✡ ਸੇਵਕ ਗਲਤ ਕੰਮ ਲਈ ਪ੍ਰਮਾਤਮਾ ਕੋਲੋਂ ਮੁਆਫੀ ਲਈ ਅਰਜ਼ੋਈ ਕਰਦਾ ਹੈ।
- ✡ ਸੇਵਕ ਪ੍ਰਮਾਤਮਾ ਨੂੰ ਉਸ ਦੀ ਸਾਂਝ ਲਈ ਅਰਜ਼ੋਈ ਕਰਦਾ ਹੈ।
- ✡ ਸੇਵਕ ਪ੍ਰਮਾਤਮਾ ਨੂੰ ਉਸ ਉੱਪਰ ਆਪਣਾ ਵਿਸ਼ਵਾਸ ਬਣਾਈ ਰੱਖਣ ਦੀ ਅਰਜ਼ੋਈ ਕਰਦਾ ਹੈ।
- ✡ ਸੇਵਕ ਪ੍ਰਮਾਤਮਾ ਨੂੰ, ਉਸ ਦੇ ਸ਼ਬਦ ਉੱਪਰ ਪੱਕਾ ਵਿਸ਼ਵਾਸ ਰੱਖਣ ਦੀ ਮਿਹਰ ਕਰਨ ਦੀ ਅਰਜ਼ੋਈ ਕਰਦਾ ਹੈ।
- ✡ ਸੇਵਕ ਪ੍ਰਮਾਤਮਾ ਅੱਗੇ ਉਸ ਦੀ ਸਿਫ਼ਤ-ਸਾਲਾਹ ਗਾਉਣ ਦੀ ਮਿਹਰ ਦੀ ਅਰਜ਼ੋਈ ਕਰਦਾ ਹੈ।

✲ ਸੇਵਕ ਪ੍ਰਮਾਤਮਾ ਅੱਗੇ ਆਪਣੀ ਮੁਕਤੀ ਅਤੇ ਸੁਧਾਰ ਲਈ ਅਰਜ਼ੋਈ ਕਰਦਾ ਹੈ।

ਪ੍ਰਮਾਤਮਾ ਨਾਲ ਇੱਕ-ਮਿੱਕਤਾ (ਮੇਲ) :

✲ ਸੇਵਕ ਪ੍ਰਮਾਤਮਾ ਤੋਂ ਵਿਛੋੜੇ ਨੂੰ ਨਫ਼ਰਤ ਕਰਦਾ ਹੈ।

✲ ਸੇਵਕ, ਸਤਿਗੁਰੂ ਦੀ ਸਿੱਖਿਆ ਨਾਲ ਪ੍ਰਾਪਤ ਹੋਈ ਗਿਆਨ ਦੀ ਰੌਸ਼ਨੀ ਕਾਰਣ ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ।

✲ ਸੇਵਕ ਦਾ ਆਪਣੀਆਂ ਭਾਵਨਾਵਾਂ ਉੱਪਰ ਕਾਬੂ ਹੁੰਦਾ ਹੈ। ਉਹ ਮਾੜੇ ਵਿਚਾਰਾਂ ਜਾਂ ਮਾੜੇ ਕਰਮਾਂ ਵਿਚ ਨਹੀਂ ਪੈਂਦਾ।

✲ ਸੇਵਕ ਦੀ ਉਹਨਾਂ ਨਾਲ ਗਹਿਰੀ ਮਿੱਤਰਤਾ ਹੁੰਦੀ ਹੈ ਜੋ ਪ੍ਰਮਾਤਮਾ ਨਾਲ ਮੇਲ ਭਾਲਦੇ ਹਨ।

✲ ਸੇਵਕ ਅਹੰਕਾਰ ਦੇ ਪ੍ਰਤੀਕੂਲ (ਉਲਟ, ਵਿਰੋਧੀ) ਹੁੰਦਾ ਹੈ।

ਪ੍ਰਮਾਤਮਾ ਬੰਧਨਾਂ ਤੋਂ ਮੁਕਤੀ ਦਿੰਦਾ ਹੈ :

ਸੇਵਕ ਅਨੁਭਵ ਕਰਦਾ ਹੈ :

✲ ਚਿੰਤਾਵਾਂ ਤੋਂ ਮੁਕਤੀ।

✲ ਭੈਅ ਤੋਂ ਮੁਕਤੀ।

✲ ਹੀਣ ਭਾਵਨਾਂ ਤੋਂ ਮੁਕਤੀ।

✲ ਲੋਭ, ਕ੍ਰੋਧ ਤੋਂ ਮੁਕਤੀ।

✲ ਮਾੜੇ ਵਿਚਾਰਾਂ ਅਤੇ ਮਾੜੇ ਕਰਮਾਂ ਤੋਂ ਮੁਕਤੀ।

ਪ੍ਰਮਾਤਮਾ ਨਾਲ ਦ੍ਰਿੜ ਰਿਸ਼ਤਾ :

✲ ਬਦਲਦੇ ਹਾਲਾਤਾਂ ਅਤੇ ਤਕਦੀਰਾਂ ਦੇ ਕਾਰਣ ਸੇਵਕ ਦੇ ਪ੍ਰਮਾਤਮਾ ਨਾਲ ਰਿਸ਼ਤੇ ਵਿਚ ਕੋਈ ਤਨਾਅ ਨਹੀਂ ਆਉਂਦਾ।

✲ ਜੇ ਪ੍ਰਮਾਤਮਾ ਨਾਲ ਰਿਸ਼ਤੇ ਵਿਚ ਕੋਈ ਅੜਚਨ ਆਉਂਦੀ ਹੈ ਤਾਂ ਸੇਵਕ ਦੁਖੀ ਹੁੰਦਾ ਹੈ।

ਪ੍ਰਮਾਤਮਾ ਨਾਲ ਸਰਲ ਤੇ ਸ਼ੁੱਧ ਰਿਸ਼ਤਾ :

✲ ਸੇਵਕ ਪ੍ਰਮਾਤਮਾ ਕੋਲੋਂ ਕੁੱਛ ਵੀ ਨਹੀਂ ਲੁਕਾਉਂਦਾ।

✲ ਸੇਵਕ ਪ੍ਰਮਾਤਮਾ ਅੱਗੇ ਸੱਚਾ ਹੁੰਦਾ ਹੈ।

✲ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਸੇਵਕ ਪ੍ਰਮਾਤਮਾ ਅੱਗੇ ਸਾਫ਼ ਅਤੇ ਸਪੱਸ਼ਟ ਬੇਨਤੀਆਂ ਕਰਦਾ ਹੈ।

- ਸੇਵਕ ਦੇ ਪ੍ਰਮਾਤਮਾ ਨਾਲ ਸੰਬੰਧ ਵਿਚ ਰੱਤੀ ਭਰ ਵੀ ਧੋਖਾ ਨਹੀਂ ਹੁੰਦਾ।
- ਸੇਵਕ ਆਪਣੇ ਪ੍ਰਤੀ ਦਇਆ ਅਤੇ ਦਿਆਲਤਾ ਲਈ ਪ੍ਰਮਾਤਮਾ ਨੂੰ ਅਜ਼ਾਦੀ ਨਾਲ ਬੇਨਤੀ ਕਰਦਾ ਹੈ।

ਪ੍ਰਮਾਤਮਾ ਦਾ ਚੁੰਬਕੀਕਰਣ :

- ਸੇਵਕ ਪ੍ਰਮਾਤਮਾ-ਸੰਪੂਰਨ ਹਸਤੀ ਪ੍ਰਤੀ ਬਹੁਤ ਅਧਿੱਕ ਆਕਰਸ਼ਣ ਮਹਿਸੂਸ ਕਰਦਾ ਹੈ।
- ਸੇਵਕ ਪ੍ਰਮਾਤਮਾ ਸ਼ੁੱਧ ਅਤੇ ਪਵਿੱਤਰ ਹਸਤੀ ਪ੍ਰਤੀ ਬਹੁਤ ਅਧਿੱਕ ਆਕਰਸ਼ਣ ਮਹਿਸੂਸ ਕਰਦਾ ਹੈ।
- ਸੇਵਕ ਪ੍ਰਮਾਤਮਾ ਦੀ ਬਹੁਤ ਅਧਿੱਕ ਪ੍ਰਸ਼ੰਸਾ ਕਰਦਾ ਹੈ ਜੋ ਬੇਅੰਤ ਅਤੇ ਲਾਸਾਨੀ ਗੁਣਾਂ ਦਾ ਮਾਲਕ ਹੈ।
- ਸੇਵਕ ਪ੍ਰਮਾਤਮਾ ਪ੍ਰਤੀ ਬਹੁਤ ਹੀ ਸਲਾਹੁਣ ਯੋਗ ਹੈ ਜੋ ਦਇਆਵਾਨ ਅਤੇ ਮੁਆਫ਼ ਕਰਨ ਵਾਲਾ ਹੈ।
- ਸੇਵਕ ਪ੍ਰਮਾਤਮਾ ਪ੍ਰਤੀ ਬਹੁਤ ਹੀ ਸਲਾਹੁਣ ਯੋਗ ਹੈ, ਕਿਉਂਕਿ ਉਹ ਉਸ ਮਨੁੱਖ ਨੂੰ ਪਿਆਰ ਕਰਦਾ ਹੈ ਜੋ ਉਸ ਨੂੰ ਪਿਆਰ ਕਰਦਾ ਹੈ।

ਪ੍ਰਮਾਤਮਾ ਨਾਲ ਮੇਲ ਮਿਲਾਪ :

- ਜੋ ਪ੍ਰਮਾਤਮਾ ਕਰਦਾ ਹੈ, ਸੇਵਕ ਉਸ ਨੂੰ ਸਵੀਕਾਰਦਾ ਹੈ।
- ਸੇਵਕ ਪ੍ਰਮਾਤਮਾ ਦੇ ਰਾਜ ਦੀ ਪ੍ਰਭੁਤਾ ਨੂੰ ਮੰਨਦਾ ਹੈ।
- ਸੇਵਕ ਪ੍ਰਮਾਤਮਾ ਦਾ, ਉਸ ਨੂੰ ਆਪਣੀ ਆਗਿਆਕਾਰੀ ਬਣਾਉਣ ਲਈ ਧੰਨਵਾਦੀ ਹੈ।
- ਸੇਵਕ ਆਪਣੀ ਇੱਛਾ ਨੂੰ ਪ੍ਰਮਾਤਮਾ ਦੀ ਇੱਛਾ ਦੇ ਅਧੀਨ ਮੰਨਦਾ ਹੈ।
- ਸੇਵਕ ਉਹਨਾਂ ਸਾਰੀਆਂ ਸ਼ਕਤੀਆਂ 'ਤੇ ਕਾਬੂ ਪਾ ਲੈਂਦਾ ਹੈ ਜੋ ਉਸ ਨੂੰ ਪ੍ਰਮਾਤਮਾ ਤੋਂ ਦੂਰ ਕਰਦੀਆਂ ਹਨ।

ਪ੍ਰਮਾਤਮਾ ਦੇ ਅਹਿਸਾਨ ਚੁਕਾਉਣਾ :

- ਸੇਵਕ, ਪ੍ਰਮਾਤਮਾ ਅਤੇ ਉਸ ਦੇ ਨਾਲ ਪਿਆਰ ਭਰੇ ਨਾਤੇ ਨੂੰ ਹੋਰ ਅੱਗੇ ਵਧਾਉਣ ਲਈ, ਹਮੇਸ਼ਾ ਪ੍ਰਮਾਤਮਾ ਦਾ ਕਰਜ਼ਾਈ ਰਹਿੰਦਾ ਹੈ।
- ਸੇਵਕ ਪ੍ਰਮਾਤਮਾ ਨਾਲ ਨਿਰੰਤਰ ਅੰਦਰੂਨੀ ਸਾਂਝ ਵਿਚ ਹੁੰਦਾ ਹੈ।
- ਸੇਵਕ ਪ੍ਰਮਾਤਮਾ ਦਾ ਧੰਨਵਾਦ ਅਤੇ ਸਿਫ਼ਤ-ਸਾਲਾਹ ਕਰਦਾ, ਕਦੀ ਵੀ ਨਹੀਂ

ਥੱਕਦਾ।

- ਸੇਵਕ ਮਹਿਸੂਸ ਕਰਦਾ ਹੈ ਕਿ ਉਹ ਪ੍ਰਮਾਤਮਾ ਦੀਆਂ ਮਿਹਰਾਂ ਕਦੀ ਵੀ ਨਹੀਂ ਚੁਕਾ ਸਕਦਾ।

ਪ੍ਰਮਾਤਮਾ ਦੀ ਭਗਤੀ :

- ਸਤਿਗੁਰੂ ਦੇ ਸ਼ਬਦਾਂ ਰਾਹੀਂ, ਸੇਵਕ, ਪ੍ਰਮਾਤਮਾ ਦੀ ਸੱਚਾਈ ਬਾਰੇ ਬੋਲਦਾ ਅਤੇ ਵਿਚਾਰਦਾ ਹੈ।
- ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਸੇਵਕ ਦੇ ਅੰਤਰ-ਮਨ ਦੀ ਸ਼ੁੱਧੀ ਕਰਦੀ ਹੈ।
- ਸੇਵਕ ਪ੍ਰਮਾਤਮਾ ਵੱਲੋਂ ਉਸ ਉੱਪਰ ਕੀਤੀਆਂ ਬਖ਼ਸ਼ਿਸ਼ਾਂ ਬਾਰੇ ਵਿਚਾਰਦਾ ਹੈ।
- ਪ੍ਰਮਾਤਮਾ ਦੇ ਗੁਣਾਂ ਨੂੰ ਯਾਦ ਕਰਕੇ, ਸੇਵਕ ਪ੍ਰਮਾਤਮਾ ਨੂੰ ਯਾਦ ਕਰਦਾ ਹੈ।
- ਪ੍ਰਮਾਤਮਾ ਦੀ ਹਾਰਦਿਕ (ਦਿਲੀ) ਯਾਦ, ਸੇਵਕ ਦੀ ਆਤਮਾ ਦੀ ਖੁਰਾਕ ਹੈ।

ਪ੍ਰਮਾਤਮਾ ਦਾ ਆਸਰਾ :

- ਪ੍ਰਮਾਤਮਾ ਦੀ ਓਟ ਲੈ ਕੇ ਸੇਵਕ ਡਰ ਦੀ ਪ੍ਰਵਾਹ ਨਹੀਂ ਕਰਦਾ।
- ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਦੇ ਸਮੇਂ, ਸੇਵਕ ਸਾਹਸੀ ਅਤੇ ਆਤਮ-ਵਿਸ਼ਵਾਸੀ ਰਹਿੰਦਾ ਹੈ।
- ਕਿਸੇ ਹੋਰ ਆਸਰੇ ਦੇ ਮੁਕਾਬਲੇ ਪ੍ਰਮਾਤਮਾ ਦਾ ਆਸਰਾ ਸਭ ਤੋਂ ਉੱਤਮ ਹੈ।
- ਪ੍ਰਮਾਤਮਾ ਦੀ ਸ਼ਰਨ ਵਿਚ ਆਉਣ ਦਾ ਭਾਵ ਹੈ ਕਿ ਪ੍ਰਮਾਤਮਾ ਦੇ ਨਾ ਖ਼ਤਮ ਹੋਣ ਵਾਲੇ ਅਤੇ ਬੇਅੰਤ ਖ਼ਜ਼ਾਨਿਆਂ ਤੱਕ ਪਹੁੰਚ।

ਪ੍ਰਮਾਤਮਾ ਪ੍ਰਤੀ ਵਫ਼ਾਦਾਰੀ :

- ਸੇਵਕ, ਪ੍ਰਮਾਤਮਾ ਨਾਲ ਉਸੇ ਤਰ੍ਹਾਂ ਜੁੜਿਆ ਹੁੰਦਾ ਹੈ, ਜਿਵੇਂ ਵਫ਼ਾਦਾਰ ਕੁੱਤਾ ਆਪਣੇ ਮਾਲਕ ਨਾਲ।
- ਸੇਵਕ, ਪ੍ਰਮਾਤਮਾ ਕੋਲੋਂ ਜੋ ਪਿਆਰ ਅਤੇ ਧਿਆਨ ਹਾਸਿਲ ਕਰਦਾ ਹੈ, ਉਸ ਤੋਂ ਉੱਪਰ ਹੋਰ ਕੁਛ ਨਹੀਂ ਹੁੰਦਾ।
- ਕੋਈ ਵੀ ਪ੍ਰਲੋਭਨ ਏਨਾ ਲੁਭਾਵਨਾ ਨਹੀਂ ਹੋ ਸਕਦਾ, ਜੋ ਸੇਵਕ ਨੂੰ ਪ੍ਰਮਾਤਮਾ ਪ੍ਰਤੀ ਵਫ਼ਾਦਾਰੀ ਤੋਂ ਬਹਿਕਾ ਸਕੇ।
- ਸੇਵਕ ਉਹਨਾਂ ਪ੍ਰਤੀ ਵੀ ਬਹੁਤ ਸਤਿਕਾਰ ਰੱਖਦਾ ਹੈ, ਜੋ ਪ੍ਰਮਾਤਮਾ ਦੇ ਵਫ਼ਾਦਾਰ ਹੁੰਦੇ ਹਨ।

ਪ੍ਰਮਾਤਮਾ ਦੇ ਦਰਸ਼ਨ :

ਦਰਸ਼ਨ ਸੇਵਕ ਨੂੰ ਆਪਣਾ ਦਾਸ ਬਣਾ ਲੈਂਦੇ ਹਨ। ਇਸ ਵਰਗਾ ਹੋਰ ਕੁੱਛ ਨਹੀਂ ਹੈ।

- ✡ ਸੇਵਕ ਸੰਪੂਰਨ ਸੰਤੁਸ਼ਟੀ ਅਨੁਭਵ ਕਰਦਾ ਹੈ।
- ✡ ਸੇਵਕ ਨਫ਼ਰਤ ਤੋਂ ਪੂਰੀ ਤਰ੍ਹਾਂ ਮੁਕਤ ਹੁੰਦਾ ਹੈ।
- ✡ ਸੇਵਕ ਪ੍ਰਮਾਤਮਾ ਦੇ ਦਰਸ਼ਨ ਵਿਚ ਲੀਨ ਹੋ ਜਾਂਦਾ ਹੈ।
- ✡ ਸੇਵਕ ਪਰਮ-ਆਨੰਦ ਅਨੁਭਵ ਕਰਦਾ ਹੈ।

ਪ੍ਰਮਾਤਮਾ ਤੋਂ ਵਿਛੋੜੇ ਦੇ ਦੁੱਖ-ਦਰਦ :

- ✡ ਸੇਵਕ, ਪੂਰੀ ਦ੍ਰਿੜ੍ਹਤਾ ਨਾਲ ਪ੍ਰਮਾਤਮਾ ਨਾਲ ਮਿਲਾਪ ਦੀ ਇੱਛਾ ਰੱਖਦਾ ਹੈ।
- ✡ ਸੇਵਕ, ਪੂਰੀ ਦ੍ਰਿੜ੍ਹਤਾ ਨਾਲ ਉਹਨਾਂ ਵਿਚਾਰਾਂ ਬਾਰੇ ਸੋਚਦਾ ਹੈ, ਜੋ ਉਸ ਨੂੰ ਪ੍ਰਮਾਤਮਾ ਨਾਲ ਜੋੜਨ।
- ✡ ਪ੍ਰਮਾਤਮਾ ਨੂੰ ਭੁਲਾ ਕੇ ਸੇਵਕ ਸੁੱਖ ਦਾ ਅਭਾਵ ਅਤੇ ਕਠਿਨਾਈ ਪ੍ਰਗਟ ਕਰਦਾ ਹੈ।
- ✡ ਸੇਵਕ, ਪ੍ਰਮਾਤਮਾ ਅੱਗੇ ਉਸ ਨਾਲ ਸਾਂਝ ਦੀ ਅਰਜ਼ੋਈ ਕਰਦਾ ਹੈ।
- ✡ ਪ੍ਰਮਾਤਮਾ ਨਾਲੋਂ ਵਿਛੋੜਾ ਖ਼ਤਮ ਹੋਣ ਤੇ, ਸੇਵਕ ਬਹੁਤ ਅਧਿੱਕ ਸਕੂਨ ਮਹਿਸੂਸ ਕਰਦਾ ਹੈ।

ਪ੍ਰਮਾਤਮਾ ਤੋਂ ਵਿਛੋੜੇ ਨਾਲ ਗੁਜ਼ਾਰੇ ਜੀਵਨ ਤੇ ਪਛਤਾਵਾ :

- ✡ ਸੇਵਕ ਉਸ ਬਰਬਾਦ ਸਮੇਂ 'ਤੇ ਪਛਤਾਉਂਦਾ ਹੈ, ਜੋ ਪ੍ਰਮਾਤਮਾ ਨੂੰ ਧਿਆਉਣ 'ਤੇ ਲਗਾਇਆ ਜਾ ਸਕਦਾ ਸੀ।
- ✡ ਸੇਵਕ ਆਸ ਕਰਦਾ ਹੈ ਕਿ ਅਗਿਆਨਤਾ ਅਤੇ ਪ੍ਰਮਾਤਮਾ ਤੋਂ ਵਿਛੜ ਕੇ ਗੁਜ਼ਾਰੇ ਸਮੇਂ ਨੂੰ ਪ੍ਰਮਾਤਮਾ ਅਸਵੀਕਾਰ ਕਰੇਗਾ।
- ✡ ਪ੍ਰਮਾਤਮਾ ਤੋਂ ਵਿਛੜਨ ਲਈ ਸੇਵਕ ਪ੍ਰਮਾਤਮਾ ਕੋਲੋਂ ਮੁਆਫ਼ੀ ਮੰਗਦਾ ਹੈ। ਉਹ ਪ੍ਰਾਰਥਨਾ ਕਰਦਾ ਹੈ ਕਿ ਅਜਿਹਾ ਅੱਗੋਂ ਕਦੀ ਨਹੀਂ ਹੋਵੇਗਾ।

ਪ੍ਰਮਾਤਮਾ ਦੀ ਦਿਆਲਤਾ :

- ✡ ਪ੍ਰਮਾਤਮਾ ਦੀ ਦਿਆਲਤਾ 'ਤੇ ਸੇਵਕ ਪ੍ਰਸੰਨ ਹੁੰਦਾ ਹੈ।
- ✡ ਪ੍ਰਮਾਤਮਾ ਦੀ ਦਿਆਲਤਾ ਨਾਲ ਮਿਲੇ ਆਨੰਦ ਦਾ ਕਿਸੇ ਵੀ ਹਸਰਤ ਜਾਂ ਖਾਹਿਸ਼ ਨਾਲ ਕੋਈ ਮੁਕਾਬਲਾ ਨਹੀਂ।
- ✡ ਸੇਵਕ ਨੇਕ ਬਣਨ, ਠੀਕ ਕਰਮ ਕਰਨ, ਨਿਆਂਪੂਰਵਕ ਅਤੇ ਗੁਣਵਾਨ ਬਣ ਜਾਂਦਾ ਹੈ।

- ਸੇਵਕ ਨਾਸਤਿਕਤਾ ਨੂੰ ਨਫ਼ਰਤ, ਝੂਠ, ਦੂਜਿਆਂ ਨੂੰ ਮੰਦਾ ਬੋਲਣਾ, ਮਾੜੇ ਕਰਮ, ਅਨਿਆਂ ਅਤੇ ਨਫ਼ਰਤ ਨੂੰ ਘ੍ਰਿਣਾ ਕਰਨ ਲੱਗਦਾ ਹੈ।
- ਸੇਵਕ ਪ੍ਰਮਾਤਮਾ ਅਤੇ ਹੋਰ ਧਾਰਮਿਕ ਚੀਜ਼ਾਂ ਨਾਲ ਨੇੜਤਾ ਮਹਿਸੂਸ ਕਰਦਾ ਹੈ।
- ਸੇਵਕ ਆਪਣਾ ਨੀਚਪਨ ਤਿਆਗ ਦਿੰਦਾ ਹੈ। ਸਤਿਗੁਰੂ ਦੇ ਬ੍ਰਹਮ ਗਿਆਨ ਤੋਂ ਪ੍ਰੇਰਿਤ ਹੋ ਕੇ ਸੇਵਕ ਆਪਣੇ ਉੱਚਤਮ ਸੱਤਰ ਨਾਲ ਕਾਰਜ ਕਰਨ ਲੱਗਦਾ ਹੈ।

ਪ੍ਰਮਾਤਮਾ ਦੀ ਉਪਾਸ਼ਨਾ :

- ਸੇਵਕ ਦੇ ਮਨ ਵਿਚ ਪ੍ਰਮਾਤਮਾ ਅਤੇ ਹੋਰ ਧਾਰਮਿਕ ਚੀਜ਼ਾਂ ਪ੍ਰਤੀ ਵਿਲੱਖਣ ਸਤਿਕਾਰ ਹੁੰਦਾ ਹੈ।
- ਪ੍ਰਮਾਤਮਾ ਅਤੇ ਸਤਿਗੁਰੂ ਪ੍ਰਤੀ ਸਤਿਕਾਰ ਨਾਲ ਸੇਵਕ-ਸੱਚਾ, ਨਿਡਰ ਅਤੇ ਆਤਮ-ਵਿਸ਼ਵਾਸੀ ਬਣ ਜਾਂਦਾ ਹੈ।

ਪ੍ਰਮਾਤਮਾ ਨਾਲ ਸਭ ਤੋਂ ਪਿਆਰਾ ਅਤੇ ਸਭ ਤੋਂ ਕੀਮਤੀ ਰਿਸ਼ਤਾ :

- ਕਿਸੇ ਵੀ ਹਾਲਾਤ ਵਿਚ ਪ੍ਰਮਾਤਮਾ ਤੋਂ ਰਿਸ਼ਤਾ ਨਹੀਂ ਤੋੜਿਆ ਜਾਂਦਾ।
- ਪ੍ਰਮਾਤਮਾ ਨਾਲ ਨਾਤਾ ਸਦੀਵੀ ਹੁੰਦਾ ਹੈ।
- ਪ੍ਰਮਾਤਮਾ ਨਾਲ ਨਾਤੇ ਤੋਂ ਵੱਧ ਮਹੱਤਵਪੂਰਨ ਕੁੱਛ ਵੀ ਨਹੀਂ ਹੈ।
- ਸੇਵਕ ਦੀ ਪ੍ਰਮਾਤਮਾ ਨੂੰ ਹਮੇਸ਼ਾ ਪ੍ਰਸੰਨ ਰੱਖਣ ਦੀ ਇੱਛਾ ਹੁੰਦੀ ਹੈ।
- ਪ੍ਰਮਾਤਮਾ ਨਾਲ ਨਾਤਾ ਟੁੱਟਣ ਦੀ ਸੰਭਾਵਨਾ ਬਹੁਤ ਅਧਿੱਕ ਭਾਵਨਾਤਮਕ ਉੱਥਲ-ਪੁੱਥਲ ਪੈਦਾ ਹੋ ਜਾਂਦੀ ਹੈ।

ਪ੍ਰਮਾਤਮਾ ਵੱਲੋਂ ਮੁਆਫ਼ੀ :

- ਸੇਵਕ ਇਹ ਜਾਣ ਕੇ ਆਰਾਮ ਮਹਿਸੂਸ ਕਰਦਾ ਹੈ ਕਿ ਪ੍ਰਮਾਤਮਾ ਸਦਾ ਮੁਆਫ਼ ਕਰਨ ਵਾਲਾ ਹੈ।
- ਸੇਵਕ ਇਹ ਜਾਣ ਕੇ ਧੀਰਜ ਮਹਿਸੂਸ ਕਰਦਾ ਹੈ ਕਿ ਪ੍ਰਮਾਤਮਾ ਸਾਰਿਆਂ ਨੂੰ ਮੁਆਫ਼ ਕਰਨ ਵਾਲਾ ਹੈ।

ਪ੍ਰਮਾਤਮਾ ਦੀ ਮਿਹਰ :

- ਸੇਵਕ ਜਾਣਦਾ ਹੈ ਕਿ ਝੂਠ ਦੇ ਜਾਲ ਵਿਚ ਫਸਿਆ ਕੋਈ ਵੀ ਮਨੁੱਖ, ਪ੍ਰਮਾਤਮਾ ਦੀ ਮਿਹਰ ਨਾਲ, ਸਤਿਗੁਰੂ ਦੇ ਸ਼ਬਦਾਂ ਦੁਆਰਾ ਇਸ ਤੋਂ ਮੁਕਤੀ ਹਾਸਿਲ ਕਰ ਲੈਂਦਾ ਹੈ।
- ਸੇਵਕ ਜਾਣਦਾ ਹੈ ਕਿ ਅਧਿਆਤਮਿਕਤਾ ਦੇ ਮਾਰਗ 'ਤੇ ਉਸ ਦੀ ਪ੍ਰਗਤੀ ਕੇਵਲ

ਪ੍ਰਮਾਤਮਾ ਦੀ ਮਿਹਰ ਨਾਲ, ਸਤਿਗੁਰੂ ਦੇ ਸ਼ਬਦ ਦੁਆਰਾ ਹੋ ਸਕਦੀ ਹੈ।

- ✡ ਸੇਵਕ ਜਾਣਦਾ ਹੈ ਕਿ ਪ੍ਰਮਾਤਮਾ ਦੀ ਮਿਹਰ ਹੀ ਸਭ ਬੀਮਾਰੀਆਂ ਦਾ ਰਾਮ-ਬਾਣ ਹੈ।
- ✡ ਸੇਵਕ ਜਾਣਦਾ ਹੈ ਕਿ ਪ੍ਰਮਾਤਮਾ ਦੀ ਮਿਹਰ ਨਾਲ ਹੀ ਪ੍ਰਮਾਤਮਾ ਦੇ ਨਾਮ ਦਾ ਅੰਮ੍ਰਿਤ ਗ੍ਰਹਿਣ ਕੀਤਾ ਜਾ ਸਕਦਾ ਹੈ।
- ✡ ਸੇਵਕ ਜਾਣਦਾ ਹੈ ਕਿ ਉਹ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਪ੍ਰਮਾਤਮਾ ਦਾ ਨਾਮ ਸਿਮਰ ਸਕਦਾ ਹੈ।
- ✡ ਪ੍ਰਮਾਤਮਾ ਦੀ ਮਿਹਰ (ਨਦਰਿ) ਵਿਚ ਅਜਿਹਾ ਗੁਣ ਹੈ ਕਿ ਉਹ ਕਿਸੇ ਨੂੰ ਵੀ ਬੰਧਨ ਮੁਕਤ ਕਰਕੇ ਆਪਣੇ ਨਾਲ ਜੋੜ ਸਕਦਾ ਹੈ।

ਪ੍ਰਮਾਤਮਾ ਦਾ ਸੰਪੂਰਨ ਰਾਜ :

- ✡ ਸੇਵਕ ਪ੍ਰਮਾਤਮਾ ਦੇ ਉਸ ਦੀ ਸਾਰੀ ਸ੍ਰਿਸ਼ਟੀ ਉੱਪਰ ਰਾਜ ਨੂੰ ਮੰਨਦਾ ਹੈ।
- ✡ ਸੇਵਕ ਝੂਠ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ।
- ✡ ਜਿਸ ਤਰ੍ਹਾਂ ਪ੍ਰਮਾਤਮਾ ਸਾਰੀ ਸ੍ਰਿਸ਼ਟੀ 'ਤੇ ਰਾਜ ਕਰਦਾ ਹੈ, ਸੇਵਕ ਉਸ ਨਾਲ ਇਕਸੁਰਤਾ ਵਿਚ ਹੁੰਦਾ ਹੈ।
- ✡ ਪ੍ਰਮਾਤਮਾ ਦੇ ਸੰਪੂਰਨ ਰਾਜ ਦੀ ਸੇਵਕ ਵੱਲੋਂ ਮਾਨਤਾ, ਉਸ ਨੂੰ ਪ੍ਰਮਾਤਮਾ ਦਾ ਪਿਆਰਾ ਬਣਾ ਦਿੰਦੀ ਹੈ।
- ✡ ਪ੍ਰਮਾਤਮਾ ਸੇਵਕ 'ਤੇ ਆਪਣੇ ਨਾਮ ਅੰਮ੍ਰਿਤ ਦੀ ਬਖ਼ਸ਼ਿਸ਼ ਕਰਦਾ ਹੈ।
- ✡ ਪ੍ਰਮਾਤਮਾ ਵੱਲੋਂ ਨਿਰਧਾਰਿਤ ਜੀਵਨ ਜਿਉਂਦਿਆਂ, ਸੇਵਕ ਉਸ ਨਾਲ ਇਕਸੁਰਤਾ ਨਾਲ ਹੁੰਦਾ ਹੈ।
- ✡ ਪ੍ਰਮਾਤਮਾ ਉਸ ਦਾ ਆਦਰ ਕਰਦਾ ਹੈ ਜਿਸ ਦਾ ਆਦਰ ਕਰਨਾ ਉਸ ਨੂੰ ਭਾਉਂਦਾ ਹੈ।

ਪ੍ਰਮਾਤਮਾ ਦੀ ਸ੍ਰੇਸ਼ਟ ਭਗਤੀ :

ਜਦੋਂ ਪ੍ਰਮਾਤਮਾ ਦੀ ਭਗਤੀ ਵਿਚ ਜੁੜਦਾ ਹੈ, ਤਦੋਂ ਭਗਤ ਇਸ ਤਰ੍ਹਾਂ ਹੁੰਦਾ ਹੈ :

- ✡ ਅਹੰਕਾਰ ਤੋਂ ਪੂਰੀ ਤਰ੍ਹਾਂ ਮੁਕਤ।
- ✡ ਪ੍ਰਮਾਤਮਾ ਦੀ ਵਡਿਆਈ 'ਤੇ ਮੋਹਿਤ।
- ✡ ਪ੍ਰਮਾਤਮਾ ਦੀ ਰਜ਼ਾ ਅੱਗੇ ਸਿਰ ਝੁਕਾਉਣ ਲਈ ਤਤਪਰ।
- ✡ ਚੰਗੇ ਅਤੇ ਮਾੜੇ ਸਮੇਂ ਵਿਚ ਦ੍ਰਿੜ, ਪੱਕੇ ਇਰਾਦੇ ਵਾਲਾ।
- ✡ ਪ੍ਰਮਾਤਮਾ ਨਾਲ ਇੱਕ-ਮਿੱਕ।
- ✡ ਬ੍ਰਹਮ ਗਿਆਨ ਤੋਂ ਜਾਣੂ ਅਤੇ ਪ੍ਰਕਾਸ਼ਿਤ।

ਪ੍ਰਮਾਤਮਾ ਇਕ ਮਿੱਤਰ ਅਤੇ ਮਾਤਾ-ਪਿਤਾ ਵਜੋਂ :

ਸੇਵਕ ਅਨੁਭਵ ਕਰਦਾ ਹੈ :—

- ਕਮੀ (ਘਾਟਾ) ਤੋਂ ਆਜ਼ਾਦੀ।
- ਦੁੱਖਾਂ ਤੋਂ ਆਜ਼ਾਦੀ।
- ਸਭ ਤਰ੍ਹਾਂ ਦੀਆਂ ਮਿਹਰਾਂ ਤੱਕ ਪਹੁੰਚ।

ਭਾਵਨਾਤਮਕ ਬੰਧਨ ਅਤੇ ਉਹਨਾਂ ਦੇ ਪਰਿਣਾਮ ਜੋ ਸੇਵਕ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ, ਸਤਿਗੁਰੂ ਵੱਲੋਂ ਪ੍ਰੋਤਸਾਹਿਤ ਹੁੰਦੇ ਹਨ। ਜਿਉਂ ਹੀ ਸੇਵਕ, ਸਤਿਗੁਰੂ ਦੇ ਸ਼ਬਦਾਂ ਵਿਚਲੇ ਵਿਚਾਰਾਂ ਅਤੇ ਭਾਵਨਾਵਾਂ ਤੋਂ ਪ੍ਰਭਾਵਿਤ ਹੁੰਦਾ ਹੈ, ਉਹ ਪ੍ਰਮਾਤਮਾ ਦੇ ਹੋਰ ਨੇੜੇ ਹੋਰ ਨੇੜੇ ਹੁੰਦਾ ਜਾਂਦਾ ਹੈ। ਇਹ ਸਤਿਗੁਰੂ ਦਾ ਬ੍ਰਹਮ ਗਿਆਨ ਹੀ ਹੈ, ਜੋ ਇਕ ਆਮ ਇਨਸਾਨ ਦੇ ਵਿਅੱਕਤਿੱਤਵ ਨੂੰ ਪ੍ਰਮਾਤਮਾ ਦੇ ਸੇਵਕ ਵਿਚ ਤਬਦੀਲ ਕਰ ਦਿੰਦਾ ਹੈ। ਇਹੀ ਕਾਰਣ ਹੈ ਕਿ ਸਿੱਖ ਧਰਮ ਵਿਚ ਸਤਿਗੁਰੂ ਨੂੰ ਕਿਉਂ ਏਨਾ ਆਦਰ-ਸਨਮਾਨ ਦਿੱਤਾ ਜਾਂਦਾ ਹੈ।

ਜਦੋਂ ਬਹੁਤ ਸਾਰੇ ਵੱਖੋ-ਵੱਖ ਭਾਵਨਾਤਮਕ ਬੰਧਨ ਆਪਸ ਵਿਚ ਮਿਲ ਜਾਂਦੇ ਹਨ, ਤਾਂ ਫਿਰ ਪ੍ਰਮਾਤਮਾ ਨਾਲ ਇਕ 'ਮਾਸਟਰ ਭਾਵਨਾਤਮਿਕ ਰਿਸ਼ਤਾ' ਜਨਮ ਲੈਂਦਾ ਹੈ। ਇਸ ਮਾਸਟਰ ਭਾਵਨਾਤਮਿਕ ਨਾਤੇ ਨੂੰ ''ਅਲੌਕਿਕ ਪਿਆਰ ਜਾਂ ਸਮਰਪਣ'' ਦਾ ਨਾਮ ਦਿੱਤਾ ਜਾ ਸਕਦਾ ਹੈ। ਰੂਹਾਨੀ ਪਿਆਰ, ਗੁਰੂ ਦੇ ਬ੍ਰਹਮ ਗਿਆਨ ਪ੍ਰਤੀ ਬਹੁਤ ਹੀ ਗਹਿਰੀ ਸਿਫ਼ਤ-ਸਾਲਾਹਿ ਉਤਪੰਨ ਕਰਦਾ ਹੈ। ਇਹ ਅਧਿਆਤਮਿਕ ਪ੍ਰਸੰਨਤਾ, ਸੰਪੂਰਨ ਸੰਤੁਸ਼ਟੀ, ਆਜ਼ਾਦੀ ਅਤੇ ਸੁਤੰਤਰਤਾ ਦੀ ਭਾਵਨਾ, ਬਹੁਤ ਅਧਿੱਕ ਪ੍ਰਸੰਨਤਾ, ਅੰਦਰੂਨੀ ਸ਼ਾਂਤੀ, ਡਰ ਤੋਂ ਮੁਕਤੀ, ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਤੇ ਬਹੁਤ ਅਧਿੱਕ ਕੇਂਦਰਿਤ ਧਿਆਨ। ਪ੍ਰਮਾਤਮਾ ਨਾਲ ਪਿਆਰ ਦਾ ਰੌਂਅ (ਮੂਡ), ਪ੍ਰਮਾਤਮਾ ਦੀ ਮਿਹਰ ਸਦਕਾ ਉਸ ਦੇ, ਪ੍ਰਮਾਤਮਾ ਦੇ ਦਰਸ਼ਨ ਕਰਾਉਂਦਾ ਹੈ।

ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਉਹੀ ਆਦਰ-ਸਤਿਕਾਰ ਦਿੰਦੇ ਹਨ, ਜੋ ਉਹ ਗੁਰੂ ਨਾਨਕ ਦੇਵ ਜੀ ਅਤੇ ਸਿੱਖਾਂ ਦੇ ਬਾਕੀ ਨੌਂ ਗੁਰੂਆਂ ਨੂੰ ਦਿੰਦੇ ਹਨ। ਉਹ ਉਹਨਾਂ ਸਾਰਿਆਂ ਨੂੰ ਸਤਿਗੁਰੂ ਮੰਨਦੇ ਹਨ।

ਸਿੱਖਾਂ ਦੇ ਸਾਰੇ ਗੁਰੂਆਂ ਦੇ ਉਪਦੇਸ਼ ਪੂਰੀ ਤਰ੍ਹਾਂ ਅਨੁਕੂਲ ਹਨ। ਉਹ ਸਾਰੇ ਇੱਕੋ ਜਿਹੇ ਸਿਧਾਂਤਾਂ ਦੁਆਰਾ ਜੀਏ ਅਤੇ ਸਿਖਾਏ ਜਾਂਦੇ ਹਨ। ਚੁਨੌਤੀਆਂ ਦਾ ਸਾਹਮਣਾ ਕਰਨ ਲਈ ਜੋ ਮੌਲਿਕ ਫੈਸਲੇ ਉਹਨਾਂ ਨੇ ਕੀਤੇ, ਉਹ, ਸਿੱਖ ਧਰਮ ਦੇ ਬਾਨੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਸਨ ਅਤੇ ਉਹਨਾਂ ਨੇ, ਪ੍ਰਮਾਤਮਾ ਦੇ ਵੱਲੋਂ, ਉਸ ਦੇ ਦੂਤ ਵਾਂਗ ਬ੍ਰਹਮ ਗਿਆਨ ਦਾ ਪ੍ਰਸਾਰ ਕੀਤਾ।

ਸਿੱਖ ਆਪਣੇ ਗੁਰੂਆਂ ਕੋਲੋਂ ਬ੍ਰਹਮ ਗਿਆਨ ਅਤੇ ਮਿਹਰਾਂ ਭਾਲਦੇ ਅਤੇ ਪ੍ਰਾਪਤ ਕਰਦੇ ਹਨ। ਇਕ ਸਿੱਖ, ਸਤਿਗੁਰੂ ਦੀ ਸਿਫ਼ਤ-ਸਾਲਾਹ ਗਾਉਂਦਾ ਹੈ, ਕਿਉਂਕਿ ਸਤਿਗੁਰੂ ਹੀ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਬ੍ਰਹਮ-ਗਿਆਨ ਦੇ ਉਪਦੇਸ਼ ਕੇਵਲ ਸਿਰਫ਼ ਸਿੱਖ ਧਰਮ ਦੇ ਅਨੁਯਾਈਆਂ ਲਈ ਹੀ ਨਹੀਂ ਹਨ ਇਹ ਉਪਦੇਸ਼ ਸਾਰਿਆਂ ਦੇ ਮਹੱਤਵ ਦੇ ਹਨ। ਇਹ ਹਰੇਕ ਉਤੇ ਲਾਗੂ ਹੁੰਦੇ ਹਨ। ਕੋਈ ਵੀ ਬ੍ਰਹਮ ਗਿਆਨ ਸਿੱਖਣ ਦੇ ਲਈ ਪੂਰੀ ਇਮਾਨਦਾਰੀ ਅਤੇ ਨਿਮਰਤਾ ਨਾਲ ਸਤਿਗੁਰੂ ਦੇ ਕੋਲ ਆ ਸਕਦਾ ਹੈ। ਸਤਿਗੁਰੂ ਦੇ ਦਰਵਾਜ਼ੇ ਹਰੇਕ ਲਈ ਖੁੱਲ੍ਹੇ ਹਨ। ਉਸ ਕੋਲ ਆਉਣ ਦੀ ਕਿਸੇ ਨੂੰ ਵੀ ਮਨਾਹੀ ਨਹੀਂ ਹੈ। ਕੋਈ ਸ਼ਰਧਾਲੂ ਅਧਿਆਤਮਿਕ ਤੌਰ 'ਤੇ ਕਿੰਨੀ ਪ੍ਰਗਤੀ ਕਰੇਗਾ, ਇਹ ਸ਼ਰਧਾਲੂ ਦੀ ਕਿਸਮਤ ਅਤੇ ਇਕ ਸਿੱਖ ਹੋਣ ਦੇ ਨਾਤੇ ਉਸ ਦੀ ਵਫ਼ਾਦਾਰੀ 'ਤੇ ਨਿਰਭਰ ਕਰਦਾ ਹੈ।

ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿਚ ਸਾਰੇ ਸਿੱਖਾਂ ਨੂੰ ਇਕੱਠੇ ਕਰ ਕੇ ਇਹ ਹੁਕਮ ਕੀਤਾ ਕਿ ਉਹਨਾਂ ਤੋਂ ਬਾਅਦ, ਉਹ ਸਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਸਿੱਖਾਂ ਦੇ ਪਵਿੱਤਰ ਧਾਰਮਿਕ ਗ੍ਰੰਥ—ਨੂੰ ਆਪਣਾ ਸਤਿਗੁਰੂ ਮੰਨਣਗੇ। ਉਦੋਂ ਤੋਂ, ਸਿੱਖਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦੇ ਗੁਰੂ ਵਜੋਂ ਸਤਿਕਾਰਿਆ ਜਾਂਦਾ ਹੈ ਅਤੇ ਉਹ ਹਮੇਸ਼ਾ ਹੀ ਸਤਿਗੁਰੂ ਰਹਿਣਗੇ।

ਅਧਿਆਇ 5
ਅਧਿਆਤਮਿਕ ਪ੍ਰਗਤੀ (ਉੱਨਤੀ)

'ਸਹਿਜ' ਵੱਲ ਭਗਤ ਦੀ ਪ੍ਰਗਤੀ ਦੀ ਸਮੀਖਿਆ

ਗੁਰੂ ਕੋਲੋਂ ਬ੍ਰਹਮ ਗਿਆਨ ਦੀ ਸਿੱਖਿਆ ਦੀ ਪ੍ਰਕ੍ਰਿਆ ਅਤੇ 'ਸਹਿਜ' ਪ੍ਰਤੀ ਪ੍ਰਗਤੀ ਕਰਦਿਆਂ, ਉਪਦੇਸ਼ਾਂ ਦੇ ਗਿਆਨ ਦੀ ਸਮਝ ਦੀ ਪ੍ਰਗਤੀ ਦਾ, ਸਿੱਖ ਸਭ ਤੋਂ ਵਧੀਆ ਪਾਰਖੀ ਹੁੰਦਾ ਹੈ। ਸਵੈ-ਮੁਲਾਂਕਣ, ਸੱਚਾਈ ਦੀ ਅੰਤਰ-ਆਵਾਜ਼ ਸ਼ਰਧਾਲੂ ਨੂੰ ਗੁਰੂ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਮਝਣ ਵਿਚ ਮਦਦ ਕਰਦੇ ਹਨ। ਜੇ ਸਿੱਖ ਸੱਚਮੁੱਚ ਬ੍ਰਹਮ ਗਿਆਨ ਦੀ ਸਿੱਖਿਆ ਲੈਣਾ ਚਾਹੁੰਦਾ ਹੈ ਤਾਂ ਫਿਰ ਸੱਚ ਦੀ ਅੰਦਰੂਨੀ ਅਵਾਜ਼ ਉਸ ਦੀ ਰਹਿਨੁਮਾਈ ਕਰਦੀ ਹੈ।

ਉਹਨਾਂ ਸਾਥੀਆਂ ਸਿੱਖਾਂ ਦੀ ਸੰਗਤ, ਜੋ ਗੁਰੂ ਦੇ ਬ੍ਰਹਮ ਗਿਆਨ ਦੀ ਸਮਝ ਵਿਚ ਪਹਿਲਾਂ ਹੀ ਕਾਫ਼ੀ ਅੱਗੇ ਨਿਕਲ ਚੁੱਕੇ ਹਨ, ਉਹ ਉਸ ਦੇ ਆਪਣੇ ਬ੍ਰਹਮ ਗਿਆਨ ਦੀ ਸਮਝ ਦੇ ਪੱਧਰ ਨੂੰ ਸਮਝਣ ਵਿਚ ਉਸ ਲਈ ਬੜੇ ਲਾਹੇਵੰਦ ਸਾਬਿਤ ਹੁੰਦੇ ਹਨ। ਉਹਨਾਂ ਦੀ ਸੰਗਤ, ਗੁਰੂ ਦੇ ਵਿਚਾਰ ਅਤੇ ਭਾਵਨਾਵਾਂ ਨੂੰ ਅੰਦਰ ਵਸਾਉਣ ਵਿਚ ਅੱਗੋਂ ਹੋਰ ਵੀ ਮਦਦਗਾਰ ਸਾਬਿਤ ਹੁੰਦੇ ਹਨ।

ਸ਼ਰਧਾਲੂ ਦੀ 'ਸਹਿਜ' ਵੱਲ ਪ੍ਰਗਤੀ ਦੀ ਰਫ਼ਤਾਰ :

ਸਿੱਖ ਧਰਮ ਵਿਚ ਇਕ ਮੌਲਿਕ ਅਤੇ ਮਹੱਤਵਪੂਰਨ ਉਪਦੇਸ਼ ਹੈ। ਇਹ ਉਪਦੇਸ਼ ਇਹ ਕਹਿੰਦਾ ਹੈ ਕਿ ਇਸ ਧਰਤੀ ਉੱਪਰ ਜੀਵ ਜਨਮ-ਮਰਨ ਦੇ ਚੱਕਰ ਨਾਲ ਬੱਝਾ ਹੋਇਆ ਹੈ। ਇਹ ਚੱਕਰ ਮਨੁੱਖ ਦੁਆਰਾ ਜੀਵਨ ਵਿਚ ਕੀਤੇ ਚੰਗੇ ਜਾਂ ਮਾੜੇ ਕਰਮਾਂ ਕਾਰਣ ਜਾਰੀ ਰਹਿੰਦਾ ਹੈ ਅਤੇ ਉਦੋਂ ਤੱਕ ਚੱਲਦਾ ਰਹਿੰਦਾ ਹੈ, ਜਦੋਂ ਤੱਕ ਮਨੁੱਖ ਝੂਠ ਦੇ ਬੰਧਨ ਤੋਂ ਮੁਕਤ ਨਹੀਂ ਹੋ ਜਾਂਦਾ ਹੈ। ਗੁਰੂ ਦੀ ਸਿੱਖਿਆ ਸਿੱਖ ਨੂੰ ਮੁਕਤੀ ਦਿਵਾਉਂਦੀ ਹੈ।

ਮਨੁੱਖਾ ਜਨਮ ਲੈਣਾ, ਵੱਡੇ ਭਾਗਾਂ ਅਤੇ ਪਿਛਲੇ ਜਨਮ ਵਿਚ ਕੀਤੇ ਚੰਗੇ ਕਰਮਾਂ ਦਾ ਫਲ ਹੈ। ਇਹਨਾਂ ਚੰਗੇ ਕਰਮਾਂ ਵਿਚ ਪਿਛਲੇ ਜਨਮ ਵਿਚ ਕੀਤੀ ਪ੍ਰਮਾਤਮਾ ਦੀ ਭਗਤੀ ਅਤੇ ਪਿਛਲੇ ਜਨਮ ਵਿਚ ਕਿਸੇ ਪ੍ਰਮਾਤਮਾ ਦੇ ਭਗਤ, ਜਾਂ ਕਿਸੇ ਸੰਤ ਦੀ ਸੰਗਤ ਦਾ ਪ੍ਰਭਾਵ ਵੀ ਸ਼ਾਮਿਲ ਹੈ। ਇਸ ਉਪਦੇਸ਼ ਤੋਂ ਇਹ ਵਿਚਾਰ ਮਿਲਦਾ ਹੈ ਕਿ ਮਨੁੱਖ, ਇਸ ਸੰਸਾਰ ਵਿਚ ਪ੍ਰਮਾਤਮਾ ਪ੍ਰਤੀ ਗਿਆਨ ਦੇ ਵੱਖ-ਵੱਖ ਪੱਧਰ ਲੈ ਕੇ ਆਉਂਦੇ ਹਨ। ਉਹਨਾਂ ਦੇ ਪ੍ਰਮਾਤਮਾ

ਪ੍ਰਤੀ ਗਿਆਨ ਦੇ ਪੱਧਰ ਵਿਚ ਇਹ ਵਿਭਿੰਨਤਾ ਹੁੰਦੀ ਹੈ : ਕੋਈ ਗਿਆਨ ਨਹੀਂ, ਮੌਲਿਕ ਪ੍ਰਾਥਮਿਕਤਾ, ਗਿਆਨ ਦਾ ਉੱਚ ਪੱਧਰ ਅਤੇ ਪ੍ਰਮਾਤਮਾ ਦੇ ਗਿਆਨ ਦਾ ਉੱਚ ਪੱਧਰ।

ਇਸ ਦਾ ਅਰਥ ਹੈ ਕਿ ਹਰੇਕ ਮਨੁੱਖ ਦੀ ਜਾਗਰੁਕਤਾ ਦੀ ਪ੍ਰਗਤੀ ਦੀ ਰਫ਼ਤਾਰ, ਉਸ ਦੇ ਜਨਮ ਤੋਂ ਹੀ ਪ੍ਰਮਾਤਮਾ ਵੱਲੋਂ ਉਸ ਤੇ ਬਖ਼ਸ਼ਿਸ਼ ਕਾਰਣ, ਵੱਖ-ਵੱਖ ਪੱਧਰ ਦੀ ਹੋਵੇਗੀ। ਕੁੱਛ 'ਸਹਿਜ' ਦੀ ਮਾਨਸਿਕ ਸਥਿਤੀ—ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਨਿਰੰਤਰ ਸਾਂਝ ਦੀ ਅਵਸਥਾ ਤੱਕ ਬਾਕੀਆਂ ਨਾਲੋਂ ਜਲਦੀ ਹਾਸਿਲ ਕਰ ਲੈਂਦੇ ਹਨ। ਇਹ ਸਭ ਉਸ ਦੇ ਪਿਛਲੇ ਜਨਮ ਵਿਚ ਕੀਤੀ ਅਧਿਆਤਮਿਕ ਪ੍ਰਗਤੀ 'ਤੇ ਨਿਰਭਰ ਕਰਦਾ ਹੈ।

ਵਰਤਮਾਨ ਜੀਵਨ ਵਿਚ ਸ਼ੁਰੂ ਹੋਈ ਇਹ ਪ੍ਰਗਤੀ ਸੇਵਕ ਨੂੰ ਆਉਣ ਵਾਲੇ ਜੀਵਨ ਵਿਚ ਸਤਿਗੁਰੂ ਦਾ ਇਮਾਨਦਾਰ ਸਿੱਖ ਬਣਨ ਵਿਚ ਮਦਦ ਕਰਦੀ ਹੈ। ਗੁਰਬਾਣੀ ਦੇ ਭਾਵਨਾਤਮਕ ਪੱਖ ਨੂੰ ਸਮਝਣ ਅਤੇ ਅਨੁਭਵ ਕਰਨ ਨਾਲੋਂ ਗੁਰਬਾਣੀ ਨੂੰ ਬੌਧਿਕ ਤੌਰ 'ਤੇ ਸਮਝਣਾ ਜ਼ਿਆਦਾ ਆਸਾਨੀ ਅਤੇ ਤੇਜ਼ੀ ਨਾਲ ਹੁੰਦਾ ਹੈ। ਭਾਵਨਾਤਮਕ ਪ੍ਰਗਤੀ ਕਰਨਾ ਮੁਸ਼ਕਲ ਹੈ ਅਤੇ ਲੰਬੇ ਸਮੇਂ ਬਾਅਦ ਹੁੰਦੀ ਹੈ।

ਸਿੱਖ ਵੱਲੋਂ ਗੁਰੂ ਤੋਂ ਸਿੱਖੀਆਂ ਸਹਜ ਦੀਆਂ ਦੋ ਅਵਸਥਾ (ਵਿਚਾਰ ਅਤੇ ਭਾਵਨਾਵਾਂ) :

ਪ੍ਰਮਾਤਮਾ, ਗੁਰੂ ਅਤੇ ਸੰਤਾਂ ਬਾਰੇ ਗੁਰੂ ਤੋਂ ਸਿੱਖੇ ਵਿਚਾਰ ਅਤੇ ਭਾਵਨਾਵਾਂ ਸਿੱਖ ਦੇ ਮਨ ਵਿਚ ਦੋ ਅਵਸਥਾ ਵਿਚ ਮੌਜੂਦ ਰਹਿੰਦੀਆਂ ਹਨ : (1) ਅਚੇਤ ਅਵਸਥਾ (2) ਚੇਤਨ ਅਵਸਥਾ। ਅਚੇਤ ਅਵਸਥਾ ਵਿਚ ਵਿਚਾਰ ਅਤੇ ਭਾਵਨਾਵਾਂ ਮਨ ਵਿਚ ਰਹਿੰਦੀਆਂ ਹਨ, ਪਰ ਚੇਤਨਾ ਦੇ ਪੱਧਰ ਤੱਕ ਨਹੀਂ। ਗੁਰੂ ਕੋਲੋਂ ਸਿੱਖੇ ਗਏ ਸਬਕ ਮਨ ਵਿਚ ਪੱਕੇ ਵਚਨਬੱਧਤਾ ਨਾਲ ਜਾਂ ਪੱਕੇ ਵਿਸ਼ਵਾਸ ਵਾਂਗ ਰਹਿੰਦੇ ਹਨ, ਪਰ ਚੇਤਨਾ ਦੇ ਪੱਧਰ ਤੱਕ ਨਹੀਂ। ਚੇਤਨ ਅਵਸਥਾ ਵਿਚ, ਵਿਚਾਰ ਅਤੇ ਭਾਵਨਾਵਾਂ ਚੇਤਨਾ ਦੇ ਪੱਧਰ ਤੱਕ ਅਨੁਭਵ ਕੀਤੀਆਂ ਜਾਂਦੀਆਂ ਹਨ। ਇਸ ਅਵਸਥਾ ਵਿਚ ਸੇਵਕ ਦੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਚੇਤਨ ਸਾਂਝ ਹੁੰਦੀ ਹੈ।

ਚੇਤਨਾ ਦੇ ਪੱਧਰ ਤੱਕ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਾਂਝ ਦੀ ਤਕਨੀਕ :

ਮਨ ਦੀ ਚੇਤਨ ਅਵਸਥਾ, ਮਨ ਵਿਚ ਅਲੌਕਿਕ ਵਿਚਾਰ ਅਤੇ ਅਲੌਕਿਕ ਭਾਵਨਾਵਾਂ ਦੀ ਚੇਤਨ ਅਵਸਥਾ ਤੋਂ ਅਚੇਤ ਅਵਸਥਾ ਵਿਚ ਵਾਪਿਸ ਪਰਤ ਆਉਣ ਦਾ ਰੁਝਾਨ ਹੁੰਦਾ ਹੈ। ਮਨ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਾਂਝ ਦੀ ਚੇਤਨ ਅਵਸਥਾ ਨਹੀਂ ਬਣਾਈ ਰੱਖਦਾ। ਸੁਸਤੀ, ਮਨ ਦੀ ਅਚੇਤਤਾ ਅਤੇ ਵਿਆਕੁਲਤਾ ਪ੍ਰਮਾਤਮਾ ਨਾਲ ਚੇਤਨ ਸਾਂਝ ਵਿਚ ਰੁਕਾਵਟਾਂ ਪਾਉਂਦੇ ਹਨ। ਪ੍ਰਮਾਤਮਾ ਨਾਲ ਮਿਲਾਪ ਲਈ ਮਨ ਦੀ ਵਿਰੋਧਤਾ 'ਤੇ ਕਾਬੂ

ਪਾਉਣ ਦੀ ਕੋਸ਼ਿਸ਼ ਵੀ ਅਕਸਰ ਮੁਸ਼ਕਿਲਾਂ ਪੈਦਾ ਕਰਦੀ ਹੈ ਅਤੇ ਇੰਜ ਹੌਂਸਲੇ ਢਾਉਂਦੀ ਹੈ।

ਹੋ ਸਕਦਾ ਹੈ ਕਿ ਜੀਵਨ ਦੀਆਂ ਬਾਹਰੀ ਪ੍ਰਸਥਿਤੀਆਂ ਏਨੀਆਂ ਨਕਾਰਤਮਿਕ ਅਤੇ ਤਾਕਤਵਰ ਹੋਣ ਕਿ ਉਹ ਸੇਵਕ ਨੂੰ ਪ੍ਰਮਾਤਮਾ ਨਾਲ ਜੁੜੇ ਨਾ ਰਹਿਣ ਦੇਣ। ਅਜਿਹੀਆਂ ਪ੍ਰਸਥਿਤੀਆਂ, ਚੇਤਨਾ ਪੱਧਰ 'ਤੇ ਸਾਂਝ ਵਿਚ ਰੁਕਾਵਟ ਜਾਂ ਵਿਆਕੁਲਤਾ ਪੈਦਾ ਕਰ ਸਕਦੀਆਂ ਹਨ। ਪਰ ਜੇ ਗੁਰੂ ਦੀ ਸਿੱਖਿਆ ਡੂੰਘਿਆਈ ਨਾਲ ਮਨ ਵਿਚ ਵੱਸੀ ਹੋਵੇ, ਤਾਂ ਫਿਰ ਮਨ ਦੀ ਦ੍ਰਿੜਤਾ ਅਤੇ ਲਚਕੀਲਾਪਨ ਸੇਵਕ ਨੂੰ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਫੇਰ ਮਿਲਾ ਦਿੰਦੀ ਹੈ। ਸੇਵਕ ਦੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਸ਼ਕਤੀ, ਕਿਸੇ ਵੀ ਉਲਟ ਪ੍ਰਸਥਿਤੀ 'ਤੇ ਕਾਬੂ ਪਾਉਣ ਦੇ ਕਾਬਿਲ ਹੁੰਦੀ ਹੈ। ਇਸ ਦੇ ਨਾਲ-ਨਾਲ, ਸੇਵਕ ਦੀ ਪ੍ਰਮਾਤਮਾ ਦੀ ਮਿਹਰ ਲਈ ਕੀਤੀ ਗਈ ਅਰਦਾਸ, ਪ੍ਰਮਾਤਮਾ ਨਾਲ ਜੁੜੇ ਰਹਿਣ ਲਈ ਹਮੇਸ਼ਾ ਮਦਦਗਾਰ ਸਾਬਿਤ ਹੁੰਦੀ ਹੈ।

ਪ੍ਰਮਾਤਮਾ ਨਾਲ ਸਾਂਝ ਕਾਇਮ ਰੱਖਣ ਦੀਆਂ ਵੀ ਤਕਨੀਕਾਂ ਹਨ। ਇਹ ਤਕਨੀਕਾਂ ਉਦੋਂ ਮਦਦਗਾਰ ਸਾਬਿਤ ਹੁੰਦੀਆਂ, ਜਦੋਂ ਗੁਰੂ ਦਾ ਸਿੱਖ, ਗੁਰੂ ਕੋਲੋਂ ਪੂਰੀ ਤਰ੍ਹਾਂ ਬ੍ਰਹਮ ਗਿਆਨ ਦੇ ਉਪਦੇਸ਼ ਸਿੱਖ ਲੈਂਦਾ ਹੈ ਅਤੇ ਗੁਰਬਾਣੀ ਦੀ ਮਦਦ ਨਾਲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਭਾਵਨਾਤਮਕ ਨਾਤਾ ਬਣਾ ਲੈਂਦਾ ਹੈ। ਹੋ ਸਕਦਾ ਹੈ ਕਿ ਭਾਵਨਾਤਮਕ ਨਾਤੇ ਅਜੇ ਪੂਰੀ ਤਰ੍ਹਾਂ ਸਥਾਪਿਤ ਨਾ ਹੋਏ ਹੋਣ, ਪਰ ਫੇਰ ਵੀ ਸਮੇਂ ਦੇ ਨਾਲ, ਤਕਨੀਕਾਂ, ਸਿੱਖ ਨੂੰ ਗੁਰੂ ਦੇ ਬ੍ਰਹਮ ਗਿਆਨ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਵਿਚ ਮਦਦ ਕਰਦੀਆਂ ਹਨ। ਇਹ ਤਕਨੀਕਾਂ ਅੱਗੋਂ ਵੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਭਾਵਨਾਤਮਕ ਨਾਤਾ ਹੋਰ ਮਜ਼ਬੂਤ ਕਰਨਗੀਆਂ।

ਤਕਨੀਕਾਂ, ਵਿਚਾਰਾਂ ਅਤੇ ਭਾਵਨਾਵਾਂ ਦੀ ਅਚੇਤ ਅਵਸਥਾ ਨੂੰ ਚੇਤਨ ਕਰਦੀਆਂ ਹਨ। ਇਹ ਤਕਨੀਕਾਂ, ਮਨ ਨੂੰ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਚੇਤਨਾ ਦੇ ਪੱਧਰ ਤੱਕ ਜੋੜਨ ਲਈ ਖ਼ਮੀਰ ਦੀ ਤਰ੍ਹਾਂ ਖ਼ਮੀਰਨ ਵਿਧੀ ਦਾ ਕੰਮ ਕਰਦੀਆਂ ਹਨ। ਜੇ ਪੂਰੇ ਸਮਰਪਣ ਨਾਲ ਅਭਿਆਸ ਕੀਤਾ ਜਾਵੇ, ਤਾਂ ਹੇਠ ਲਿਖੀਆਂ ਤਕਨੀਕਾਂ ਸ਼ਰਧਾਲੂ ਨੂੰ ਪ੍ਰਮਾਤਮਾ ਨਾਲ ਜੋੜਨ ਵਿਚ ਮਦਦ ਕਰਦੀਆਂ ਹਨ :

- ✡ ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਬਣਾਈ ਰੱਖਣਾ।
- ✡ ਪ੍ਰਮਾਤਮਾ ਨਾਲ ਜੁੜਨ ਲਈ ਸਤਿਨਾਮ, ਵਾਹਿਗੁਰੂ (ਪ੍ਰਮਾਤਮਾ ਦੇ ਗੁਣਾਂ) ਦਾ ਜਾਪ ਕਰਨਾ। ਸਤਿਨਾਮ ਦਾ ਅਰਥ ਹੈ—"ਉਹ ਜੋ ਸਦੀਵੀ ਕਾਇਮ ਰਹਿਣ ਵਾਲਾ ਹੈ", ਵਾਹਿਗੁਰੂ ਦਾ ਅਰਥ ਹੈ, "ਸੰਪੂਰਨ ਗੁਰੂ, ਅਦਭੁੱਤ ਗੁਰੂ, ਪ੍ਰਮਾਤਮਾ ਦੇ ਸ਼ਰਧਾਲੂ ਅਤੇ ਗੁਰੂ ਦੇ ਸਿੱਖ ਦੇ ਆਦਰ-ਸਨਮਾਨ ਅਤੇ ਬਹੁਤ ਅਧਿੱਕ ਪ੍ਰਸ਼ੰਸਾ ਦੇ ਕਾਬਿਲ।"

- ਸਤਿਨਾਮ-ਵਾਹਿਗੁਰੂ ਮੂੰਹ ਵਿਚ ਬੋਲਣਾ।
- ਚੁੱਪ-ਚਾਪ ਸਤਿਨਾਮ-ਵਾਹਿਗੁਰੂ 'ਤੇ ਚਿੰਤਨ ਕਰਨਾ।
- ਚੁੱਪ-ਚਾਪ ਸਤਿਨਾਮ-ਵਾਹਿਗੁਰੂ ਬੋਲਦੇ ਹੋਏ ਜ਼ੁਬਾਨ ਹਿਲਾਉਣਾ।
- ਸਾਹ ਅੰਦਰ ਲਿਜਾਂਦੇ ਸਮੇਂ ਸਤਿਨਾਮ ਅਤੇ ਸਾਹ ਬਾਹਰ ਕੱਢਦੇ ਸਮੇਂ ਵਾਹਿਗੁਰੂ ਬਾਰੇ ਸੋਚਣਾ ਇਹ ਉਲਟ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ।
- ਗੁਰਬਾਣੀ ਦੇ ਕਿਸੇ ਵੀ ਸ਼ਬਦ ਦੀ ਧੁਨ ਨੂੰ ਗੁਣ ਗਣਾਉਂਦੇ ਹੋਏ ਚੁੱਪ-ਚਾਪ ਗਾਉਣਾ।
- ਗੁਰਬਾਣੀ ਦੇ ਕਿਸੇ ਵੀ ਸ਼ਬਦ ਦੀ ਧੁਨ ਗੁਣ-ਗੁਣਾਉਣਾ।
- ਗੁਰਬਾਣੀ ਦੇ ਕਿਸੇ ਵੀ ਸ਼ਬਦ ਨੂੰ ਜੱਪਣਾ, ਗਾਉਣਾ।
- ਬਹੁਤ ਉੱਚੀ ਗੁਣਵੱਤਾ ਦਾ ਕੀਰਤਨ ਸੁਨਣਾ ਅਤੇ ਜਦੋਂ ਸੰਭਵ ਹੋਵੇ, ਉਸ ਵਿਚ ਹਿੱਸਾ ਲੈਣਾ।
- ਗੁਰੂ ਦੇ ਬਾਕੀ ਸਿੱਖਾਂ ਦੀ ਸੰਗਤ ਵਿਚ ਸਤਿਨਾਮ-ਵਾਹਿਗੁਰੂ ਦਾ ਜਾਪ ਕਰਨਾ।
- ਪ੍ਰਮਾਤਮਾ ਦੀ ਹੋਂਦ ਨੂੰ ਹਰ ਜਗ੍ਹਾ, ਹਰੇਕ ਦੇ ਅੰਦਰ ਅਤੇ ਆਪਣੇ ਮਨ ਵਿਚ ਮਹਿਸੂਸ ਕਰਨਾ।
- ਗੁਰਬਾਣੀ ਦਾ ਪਾਠ ਪੂਰੀ ਸਮਝ ਅਤੇ ਸ਼ਰਧਾ ਨਾਲ ਪੜ੍ਹਨਾ ਜਾਂ ਸੁਨਣਾ।
- ਪ੍ਰਮਾਤਮਾ ਨਾਲ ਵਿਛੋੜੇ ਦੀ ਜਾਗਰੁਕਤਾ ਨੂੰ ਨਕਾਰਦੇ ਹੋਏ, ਪ੍ਰਮਾਤਮਾ ਨਾਲ ਸਾਂਝ ਨੂੰ ਬਾਰ-ਬਾਰ ਦ੍ਰਿੜਤਾ ਨਾਲ ਪੁਸ਼ਟੀ ਕਰਨਾ।
- ਮਨ ਦੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਾਂਝ 'ਤੇ ਧਿਆਨ ਲਗਾਏ ਰੱਖਣਾ। ਇਹ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਾਂਝ ਦੀ ਜਾਗਰੁਕਤਾ ਨੂੰ ਹੋਰ ਵਧਾਉਂਦੀ ਹੈ।
- ਗੁਰੂ ਦੇ ਬ੍ਰਹਮ ਗਿਆਨ ਵਿਚ ਦਰਸਾਏ, ਪ੍ਰਮਾਤਮਾ ਦੇ ਵਿਅੱਕਤਿੱਤਵ ਦੇ ਵੱਖ-ਵੱਖ ਗੁਣਾਂ 'ਤੇ ਧਿਆਨ ਲਗਾਏ ਰੱਖਣਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਅੱਗੇ ਪ੍ਰਮਾਤਮਾ ਨਾਲ ਮਿਲਾਪ ਉਹਨਾਂ ਦੀ ਮਿਹਰ ਅਤੇ ਆਸ਼ੀਰਵਾਦ ਲਈ ਅਰਜ਼ੋਈ ਕਰਨਾ।
- ਸਿੱਖਾਂ ਦੇ ਮਹਾਨ ਇਤਿਹਾਸ ਅਤੇ ਵਿਰਾਸਤ ਦੀਆਂ ਕਥਾਵਾਂ 'ਤੇ ਲਗਾਤਾਰ ਵਿਚਾਰ ਕਰਨਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਲਈ ਸ਼ਲਾਘਾਯੋਗ ਅਤੇ ਪਿਆਰ ਭਰੇ ਸ਼ਬਦ ਉਚਾਰਨੇ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਤੇ ਉਹਨਾਂ ਦੀ ਓਟ ਅਤੇ ਸ਼ਰਨ ਲਈ ਧਿਆਨ ਕੇਂਦਰਿਤ ਕਰਨਾ, ਜੋ ਉਹਨਾਂ 'ਤੇ ਵਿਸ਼ਵਾਸ ਰੱਖਦੇ ਹਨ।

- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦਾ ਉਹਨਾਂ ਦੀਆਂ ਮਿਹਰਾਂ ਲਈ ਧੰਨਵਾਦੀ ਹੋਣਾ। ਉਹਨਾਂ ਮਿਹਰਾਂ ਨੂੰ ਅਕਸਰ ਆਪ ਵੀ ਯਾਦ ਕਰਨਾ।
- ਸਿੱਖ ਧਰਮ ਦੇ ਗੁਰੂਆਂ, ਸ਼ਹੀਦਾਂ ਅਤੇ ਸੰਤਾਂ ਦੀਆਂ ਜੀਵਨੀਆਂ ਨੂੰ ਯਾਦ ਕਰਨਾ ਅਤੇ ਸਤਿਕਾਰ ਦੇਣਾ।
- ਸਿੱਖ ਅਰਦਾਸ ਨੂੰ ਬੜੇ ਧਿਆਨ ਨਾਲ ਸੁਨਣਾ।
- ਚੰਗੇ ਕਰਮ ਕਰਨਾ।
- ਨੇਕ ਵਿਚਾਰ ਰੱਖਣੇ ਅਤੇ ਉਹਨਾਂ 'ਤੇ ਅਮਲ ਕਰਨਾ।
- ਮਨ ਵਿੱਚੋਂ ਮਾੜੇ ਅਤੇ ਘਟੀਆ ਵਿਚਾਰ ਬਾਹਰ ਕੱਢ ਦੇਣਾ।
- ਗੁਰਬਾਣੀ ਪੜ੍ਹਦੇ ਅਤੇ ਸੁਣਦੇ ਸਮੇਂ ਪੂਰਾ ਧਿਆਨ ਲਗਾਉਣਾ। ਧਿਆਨ ਹਟਾਉਣ ਵਾਲੇ ਵਿਚਾਰਾਂ 'ਤੇ ਕਾਬੂ ਪਾਉਣਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਸਮਝ ਨੂੰ ਦੂਸਰਿਆਂ ਨਾਲ ਵੰਡਾਉਣਾ।
- ਅਹੰਕਾਰੀ ਵਿਚਾਰ ਅਤੇ ਅਹੰਕਾਰੀ ਦਾਅਵਿਆਂ ਨੂੰ ਰੋਕਣਾ।
- ਨਿਮਰ ਵਰਤਾਉ ਪੈਦਾ ਕਰਨਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਨਿਮਾਣਾ ਹੋਣਾ।
- ਕਿਸੇ ਨੂੰ ਵੀ ਨੀਵਾਂ ਨਾ ਦਿਖਾਉਣਾ।
- ਅਕਸਰ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਯਾਦ ਦਿਲਾਉਣਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਅੰਤਿਮ ਸਾਂਝ ਦੀ ਉਮੀਦ ਕਦੀ ਨਾ ਛੱਡਣਾ।
- ਜੀਵਨ ਦੇ ਮਾਮਲਿਆਂ ਨਾਲ ਨਿਪਟਣ ਲਈ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਮਦਦ ਦੀ ਆਸ ਰੱਖਣਾ।
- ਮਨ ਨੂੰ ਇਹ ਸਮਝਾਉਣਾ ਕਿ ਇਹ ਵੱਡਭਾਗੀ ਗੱਲ ਹੈ ਕਿ ਮਨੁੱਖ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਦੀ ਤਾਂਘ ਰੱਖਦਾ ਹੈ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਆਪਣੇ ਗਹਿਰੇ ਪਿਆਰ ਅਤੇ ਸਤਿਕਾਰ ਬਾਰੇ ਚਿੰਤਨ ਕਰਨਾ।
- ਸੇਵਾ ਕਰਨਾ। ਕਿਸੇ ਵਿੱਤੀ ਮੁਆਵਜ਼ੇ ਤੋਂ ਬਿਨਾਂ ਸਿੱਖ ਸਾਥੀਆਂ ਦੀ ਸੇਵਾ ਕਰਨਾ। ਦੂਸਰੇ ਮਨੁੱਖਾਂ ਦੀਆਂ ਲੋੜਾਂ ਦੀ ਪੂਰਤੀ ਲਈ ਸਮਾਂ, ਊਰਜਾ ਅਤੇ ਨਿਪੁੰਨਤਾ ਦਾਨ ਕਰਨਾ। ਕੁਦਰਤ (ਪ੍ਰਕ੍ਰਿਤੀ) ਦਾ ਸਤਿਕਾਰ ਅਤੇ ਸੇਵਾ ਸੰਭਾਲ ਕਰਨਾ।
- ਪ੍ਰਮਾਤਮਾ ਦੇ ਸੰਤਾਂ-ਭਗਤਾਂ/ਗੁਰੂ ਦੇ ਸਿੱਖਾਂ ਦੀ ਸੰਗਤ ਵਿਚ ਸ਼ਾਮਿਲ ਹੋਣਾ। ਇਕੱਠ

ਵਿਚ ਮੈਂਬਰਾਂ ਦੇ ਭਗਤੀ-ਭਾਵ ਵਿਚ ਭਾਗ ਲੈਣਾ। ਸੰਗਤ ਦੀ ਸੇਵਾ ਦੇ ਉਦੇਸ਼ ਨਾਲ ਕੀਤੇ ਗਏ ਉਨ੍ਹਾਂ ਦੇ ਕਾਰਜਾਂ ਵਿਚ ਹਿੱਸਾ ਲੈਣਾ।

- ਸਤਿ, ਸੰਤੋਖ, ਦਇਆ-ਭਾਵਨਾ, ਹਮਦਰਦੀ, ਵਿਸ਼ਵਾਸ, ਨੈਤਿਕਤਾ ਅਤੇ ਸਹਿਨਸ਼ੀਲਤਾ ਵਰਗੇ ਗੁਣ ਪੈਦਾ ਕਰਨਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਜਿੰਨੀ ਹੋ ਸਕੇ ਸਿਫ਼ਤ-ਸਾਲਾਹਿ ਕਰਨਾ। ਇਹ ਨਿੱਜੀ ਤੌਰ 'ਤੇ ਜਾਂ ਸਿੱਖਾਂ ਦੀ ਸੰਗਤ ਵਿਚ ਜਨਤਕ ਰੂਪ ਵਿਚ ਕਰਨਾ।
- ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਅਰਥਾਂ ਨੂੰ ਵਿਚਾਰਨਾ।
- ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਨਣਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਆਪਣੀ ਨਿਮਰਤਾ ਵਧਾਉਣਾ। ਨਿਮਰਤਾ ਨੂੰ ਹੋਰ ਨੀਵੇਂ ਪੱਧਰ ਤੱਕ ਲਿਆਉਣਾ। ਜਿੰਨਾ ਮਨ ਨੀਵਾਂ, ਓਨਾ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਨੇੜਤਾ।
- ਜਦੋਂ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਵਿਛੋੜੇ ਦੀ ਜਾਗਰੁਕਤਾ ਮਨ ਵਿਚ ਆਵੇ ਤਾਂ ਉਸ ਨੂੰ ਪਿਛਾਂਹ ਧਕੇਲਣਾ ਅਤੇ ਨਕਾਰਣਾ ਅਤੇ ਇਸ ਦੀ ਬਜਾਏ ਬਹਾਦਰੀ ਅਤੇ ਦ੍ਰਿੜ੍ਹਤਾ ਨਾਲ ਸਾਂਝ ਦੀ ਪੁਸ਼ਟੀ ਕਰਨਾ ਅਤੇ ਦ੍ਰਿੜ੍ਹਤਾ ਨਾਲ ਇਸ ਗੱਲ ਦੀ ਪੁਸ਼ਟੀ ਕਰਨਾ ਕਿ ਮਨ ਇਹਨਾਂ ਤ੍ਰੈਆਂ ਨਾਲ ਸਤਿਕਾਰ ਅਤੇ ਬਹੁਤ ਪਿਆਰ ਨਾਲ ਜੁੜਿਆ ਹੋਇਆ ਹੈ।
- ਆਪਣੇ ਆਪ ਨੂੰ ਯਾਦ ਕਰਾਉਣਾ ਕਿ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਹੋਰ ਕੋਈ ਬਰਾਬਰੀ ਨਹੀਂ ਕਰ ਸਕਦਾ।
- ਨਰਮ ਦਿਲ ਨਾਲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨੂੰ ਯਾਦ ਕਰੋ। ਇਸ ਦਾ ਅਰਥ ਹੈ ਤਿੰਨਾਂ ਵਿੱਚੋਂ ਹਰੇਕ ਦੇ ਲਈ ਕਿ ਕਾਫ਼ੀ ਸਾਰਾ ਆਦਰ-ਸਤਿਕਾਰ, ਕਾਫੀ ਸਾਰਾ ਧੰਨਵਾਦ, ਕਾਫੀ ਸਾਰੀ ਨਿਮਰਤਾ ਅਤੇ ਕਾਫੀ ਸਾਰਾ ਪਿਆਰ।
- ਜਿਸ ਨਾਜ਼ੁਕਤਾ ਨਾਲ ਗੁਰੂ, ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਕਰਦਾ ਹੈ, ਉਸ ਨੂੰ ਪ੍ਰੋਤਸਾਹਿਤ ਕਰਨ ਦੀ ਕੋਸ਼ਿਸ਼ ਕਰਨਾ।

ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਾਂਝ ਦੀ ਪ੍ਰਾਪਤੀ ਲਈ ਦੱਸੀਆਂ ਗਈਆਂ ਉਪਰੋਕਤ ਤਕਨੀਕਾਂ, ਗੁਰਬਾਣੀ ਵਿਚ ਪ੍ਰਗਟਾਏ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਮਝਣ ਦੇ ਪੱਧਰ, ਸਵੈ-ਮੁਲਾਂਕਣ ਕਰਕੇ, ਸਾਰੀਆਂ ਤਕਨੀਕਾਂ ਨੂੰ ਪ੍ਰਸ਼ਨ ਵਿਚ ਤਬਦੀਲ ਕਰਕੇ, ਮਨੁੱਖ ਉਨ੍ਹਾਂ ਪ੍ਰਸ਼ਨਾਂ ਨੂੰ ਆਪਣੀ ਗੁਰਬਾਣੀ ਦੀ ਸਮਝ ਦਾ ਪੱਧਰ ਮਾਪਣ ਲਈ ਇਸਤੇਮਾਲ ਕਰ ਸਕਦਾ ਹੈ। ਉਦਾਹਰਣ ਵਜੋਂ, ਇਹ ਪ੍ਰਸ਼ਨ ਲੈ ਲਓ : ਕੀ ਤੁਸੀਂ ਨੇਕ ਵਿਚਾਰ ਰੱਖਦੇ ਅਤੇ ਉਹਨਾਂ ਉਤੇ ਅਮਲ ਕਰਦੇ ਹੋ ? ਜੇ ਇਸ ਦਾ ਉੱਤਰ ਨਹੀਂ ਹੈ ਤਾਂ ਇਸ ਦਾ ਅਰਥ

ਹੈ ਕਿ ਮਨੁੱਖ ਨੂੰ ਗੁਰੂ ਦੇ ਗਿਆਨ ਦੀ ਪੂਰੀ ਸਮਝ ਨਹੀਂ ਹੈ। ਕੀ ਤੁਸੀਂ ਪ੍ਰਮਾਤਮਾ, ਗੁਰੂ ਅਤੇ ਸੰਤਾਂ ਅੱਗੇ ਅਰਜ਼ੋਈ ਕਰਦੇ ਹੋ ਅਤੇ ਉਹਨਾਂ ਨਾਲ ਮਿਲਾਪ ਦੀ ਮਿਹਰ ਦੀ ਬੇਨਤੀ ਕਰਦੇ ਹੋ ? ਜੇ ਉੱਤਰ ਹਾਂ ਹੈ ਤਾਂ ਫਿਰ ਇਸ ਦਾ ਅਰਥ ਇਹ ਹੈ ਕਿ ਮਨੁੱਖ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਆਪਣੇ ਮਿਲਾਪ ਦੇ ਮੌਕਿਆਂ ਨੂੰ ਵਧਾਉਣ ਵਿਚ ਆਪਣੀ ਮਦਦ ਕਰ ਰਿਹਾ ਹੈ।

ਪ੍ਰਮਾਤਮਾ ਦੀ ਭਗਤੀ ਅਧਿਆਤਮਿਕ ਅਨੁਭਵ ਵੱਲ ਲੈ ਜਾਂਦੀ ਹੈ:

ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਦੀਆਂ ਉਪਰੋਕਤ ਤਕਨੀਕਾਂ, ਸਮਾਂ ਪਾ ਕੇ ਆਪਣੇ ਆਪ ਹੀ ਇਹਨਾਂ ਨਾਲ ਮਿਲਾਪ ਦੇ ਪ੍ਰਸੰਗਾਂ ਵਿਚ ਬਦਲ ਜਾਂਦੀਆਂ ਹਨ ਅਤੇ ਸਮਾਂ ਪਾ ਕੇ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਦੀ ਕੋਸ਼ਿਸ਼, ਸਿੱਖ ਦੇ ਮਨ ਵਿਚ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਪਿਆਰ ਅਤੇ ਸਤਿਕਾਰ ਸਹਿਤ ਕੁਦਰਤੀ ਝੁਕਾਅ ਪੈਦਾ ਕਰ ਦਿੰਦੀ ਹੈ। ਇਹ ਭਗਤੀ ਮਨ ਵਿਚ ਅਧਿਆਤਮਿਕ ਅਨੁਭਵ ਪੈਦਾ ਕਰਦੀ ਹੈ।

ਅਧਿਆਤਮਿਕ ਅਨੁਭਵ ਦੇ ਮੁੱਢਲੇ ਤੱਤ :

ਪ੍ਰਮਾਤਮਾ ਦੀ ਭਗਤੀ, ਗੁਰੂ ਦੇ ਸਿੱਖ ਨੂੰ ਬੇਅੰਤ ਲਾਭ ਦਿਲਾਉਂਦੀ ਹੈ। ਭਗਤੀ ਦਾ ਸਭ ਤੋਂ ਪਹਿਲਾਂ ਲਾਭ ਅਧਿਆਤਮਿਕ ਅਨੁਭਵ ਹੈ। ਅਲੌਕਿਕ ਅਨੁਭਵ ਜਾਂ ਅਧਿਆਤਮਿਕ ਅਨੁਭਵ, ਪ੍ਰਮਾਤਮਾ ਦੇ ਭਗਤ ਦੇ ਮਨ ਵਿਚ ਹੇਠ ਲਿਖੀਆਂ ਚੀਜ਼ਾਂ ਪੈਦਾ ਕਰਦਾ ਹੈ :

- ਪ੍ਰਸੰਨਤਾ।
- ਰਸ-ਆਨੰਦ, ਚੰਗਾ ਅਹਿਸਾਸ।
- ਆਸ਼ਾਵਾਦ।
- ਅੰਦਰੂਨੀ ਸ਼ਾਂਤੀ।
- ਅੰਦਰੂਨੀ ਪ੍ਰਸੰਨਤਾ।
- ਸੰਤੁਲਨ।
- ਸੰਤੋਖ।
- ਦੂਸਰਿਆਂ ਪ੍ਰਤੀ ਦਿਆਲਤਾ।
- ਆਪਣੇ ਸਰੀਰ ਅਤੇ ਮਨ ਬਾਰੇ ਸਿਹਤਮੰਦ ਭਾਵਨਾਵਾਂ।
- ਡਰ ਤੋਂ ਮੁਕਤੀ।
- ਚਿੰਤਾ ਤੋਂ ਮੁਕਤੀ।

- ਉਤਸਾਹਿਤ ਦ੍ਰਿਸ਼ਟੀਕੋਣ।
- ਮਾੜੇ ਵਿਚਾਰਾਂ ਤੋਂ ਮੁਕਤੀ।
- ਦੂਸਰੇ ਪ੍ਰਤੀ ਕੋਈ ਈਰਖਾ ਜਾਂ ਮੰਦੀ ਭਾਵਨਾ ਨਾ ਹੋਣਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਨਜ਼ਦੀਕੀ ਸਾਂਝ ਦਾ ਅਨੁਭਵ।
- ਕੋਈ ਮੁਹਤਾਜੀ ਨਹੀਂ।
- ਦੂਜਿਆਂ ਨਾਲ ਇਮਾਨਦਾਰ ਅਤੇ ਸੱਚੇ ਲੈਣ-ਦੇਣ ਦੀ ਇੱਛਾ।
- ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਉਤੇ ਕਾਬੂ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸ਼ਰਧਾ-ਭਾਵਨਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਭਗਤੀ-ਭਾਵਨਾ।
- ਕਿਸੇ ਵੀ ਨੁਕਸਾਨ ਤੋਂ ਸੁਰੱਖਿਆ ਦਾ ਪ੍ਰਮਾਤਮਾ 'ਤੇ ਭਰੋਸਾ।
- ਪ੍ਰਮਾਤਮਾ ਦੇ ਵਿਸ਼ਾਲ ਸ੍ਰਿਸ਼ਟੀ ਦੇ, ਹਰ ਚੀਜ਼ ਦੇ ਵਿਸ਼ਾਲ ਕਾਰਣ ਹੋਣ ਦਾ ਭਰੋਸਾ।
- ਗੁਰੂ ਦੇ ਉਪਦੇਸ਼ਾਂ ਪ੍ਰਤੀ ਸਥਾਈ ਵਚਨਬੱਧਤਾ।
- ਇਸ ਗੱਲ 'ਤੇ ਪੱਕਾ ਵਿਸ਼ਵਾਸ ਕਿ ਅਲੌਕਿਕ ਅਨੁਭਵ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਮਿਹਰ ਨਾਲ ਹੀ ਹੁੰਦਾ ਹੈ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੇ ਵਿਅੱਕਤਿੱਤਵ ਦੇ ਗੁਣਾਂ ਬਾਰੇ ਜਾਗਰੁਕਤਾ।
- ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀਆਂ ਮਿਹਰਾਂ ਲਈ ਧੰਨਵਾਦ।
- ਗੁਰਬਾਣੀ ਵਿਚ ਪ੍ਰਗਟਾਈਆਂ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਅਲੌਕਿਕ ਭਾਵਨਾਵਾਂ ਦੀ ਗਹਿਰੀ ਸਮਝ।

ਅਧਿਆਤਮਿਕ ਅਨੁਭਵ ਦੀ ਪ੍ਰਗਤੀ :

ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਭਗਤੀ-ਭਾਵਨਾ ਮਨ ਦੀ ਪ੍ਰਮਾਤਮਾ ਨਾਲ ਲਗਾਤਾਰ ਅਤੇ ਸਰਲ ਸਾਂਝ 'ਤੇ ਸਮਾਪਤ ਹੁੰਦੀ ਹੈ। ਸਮਾਂ ਪਾ ਕੇ, ਸ਼ਰਧਾਲੂ ਜਾਗਰੁਕਤਾ ਸਮੇਂ ਸਮੇਂ 'ਤੇ ਅਨੁਭਵ ਕਰਦਾ ਹੈ, ਜਿਸ ਨੂੰ ਅਸੀਂ ਅਲੌਕਿਕ ਅਨੁਭਵ ਦਾ ਨਾਮ ਦਿੰਦੇ ਹਾਂ। ਇਹ ਅਨੁਭਵ ਕਦੋਂ ਹੁੰਦਾ ਹੈ ? ਹੇਠਾਂ ਕੁੱਛ ਉਦਾਹਰਣ ਦਿੱਤੇ ਗਏ ਹਨ ਜਦੋਂ ਇਹ ਅਨੁਭਵ ਹੁੰਦਾ ਹੈ :—

- ਗੁਰੂ ਦੇ ਸਿੱਖ ਦੇ ਮਨ ਵਿਚ ਆਪਣੇ ਆਪ ਵਾਪਰਦਾ ਹੈ ਅਚਾਨਕ।
- ਕੀਰਤਨ ਸੁਣਦਿਆਂ, ਗੁਰਬਾਣੀ ਗਾਉਂਦਿਆਂ।
- ਸਿੱਖ ਗੁਰੂਆਂ ਅਤੇ ਸੰਤਾਂ ਦੀਆਂ ਜੀਵਨੀਆਂ।

✡ ਗੁਰਬਾਣੀ ਪੜ੍ਹਦਿਆਂ।

✡ ਗੁਰਬਾਣੀ ਦਾ ਪਾਠ ਸੁਣਦਿਆਂ।

✡ ਸੰਤਾਂ ਦੀ ਸੰਗਤ ਵਿਚ।

✡ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖਾਂ ਦੀ ਸੰਗਤ ਵਿਚ।

ਗੁਰੂ ਦੇ ਅਨੁਸਾਰ, ਸੇਵਕ ਦਾ ਪ੍ਰਮਾਤਮਾ ਨਾਲ ਮਿਲਾਪ ਪਹਿਲਾਂ ਤੋਂ ਹੀ ਨਿਰਧਾਰਿਤ ਹੁੰਦਾ ਹੈ। ਵਿਛੋੜੇ ਤੋਂ ਮਿਲਾਪ ਤੱਕ ਦਾ ਸਫ਼ਰ ਵੀ ਪਹਿਲਾਂ ਤੋਂ ਹੀ ਨਿਰਧਾਰਿਤ ਹੁੰਦਾ ਹੈ। ਪ੍ਰਮਾਤਮਾ ਦੀ ਮਿਹਰ ਅਤੇ ਗੁਰੂ ਦੇ ਅਲੌਕਿਕ ਗਿਆਨ ਦੀ ਰਹਿਨੁਮਾਈ ਵਿਚ ਇਹ ਸਫ਼ਰ ਸਫ਼ਲਤਾ ਪੂਰਵਕ ਸਮਾਪਤ ਹੁੰਦਾ ਹੈ।

ਦਸਮ ਦੁਆਰ ਅਤੇ ਅਧਿਆਤਮਿਕ ਅਨੁਭਵ :

ਜਦੋਂ ਅਲੌਕਿਕ ਵਿਚਾਰ ਅਤੇ ਆਤਮਾ ਭਾਵਨਾਵਾਂ ਮਿਲ ਕੇ, ਮਨ ਨੂੰ ਜਾਗਰੁਕ ਕਰਦੀਆਂ ਅਤੇ ਦਸਮ ਦੁਆਰ ਦੀ ਪੌੜੀ ਚੜ੍ਹਦੀਆਂ ਹਨ ਅਤੇ ਸਰੀਰ ਦੇ ਕਿਸੇ ਹੋਰ ਅੰਗ ਦੀ ਬਜਾਏ, ਉਥੇ ਹੀ ਧਿਆਨ ਕੇਂਦਰਿਤ ਕਰਦੀਆਂ ਹਨ, ਤਾਂ ਅਲੌਕਿਕ ਅਨੁਭਵ ਜਾਂ ਅਧਿਆਤਮਿਕ ਅਨੁਭਵ ਹੁੰਦਾ ਹੈ। ਇਹ ਦਸਮ ਦੁਆਰ ਸਿਰ ਦੇ ਅੰਦਰ ਹੁੰਦਾ ਹੈ। ਇਹ ਅਦ੍ਰਿਸ਼ ਹੈ। ਇਥੇ ਹੀ ਪ੍ਰਮਾਤਮਾ ਆਪਣੇ ਸ਼ਰਧਾਲੂ ਨੂੰ, ਆਪਣੀ ਹੋਂਦ ਦਾ ਅਹਿਸਾਸ ਕਰਾਉਂਦਾ ਹੈ। ਅਧਿਆਤਮਿਕ ਅਨੁਭਵ ਉਦੋਂ ਹੁੰਦਾ ਹੈ, ਜਦੋਂ ਜਾਗਰੁਕਤਾ ਦੀ ਪੌੜੀ ਚੜ੍ਹ ਕੇ ਮਨੁੱਖ ਪ੍ਰਮਾਤਮਾ ਦੀ ਹੋਂਦ ਅਨੁਭਵ ਕਰਦਾ ਹੈ।

ਪ੍ਰਮਾਤਮਾ ਦੀ ਮਿਹਰ ਨਾਲ, ਪ੍ਰਮਾਤਮਾ ਅਤੇ ਗੁਰੂ ਦੇ ਸਿੱਖ ਵਿਚ ਪਿਆਰ ਅਤੇ ਸਤਿਕਾਰ ਦਾ ਨਾਤਾ ਹੌਲੀ ਹੌਲੀ ਸਦੀਵੀ ਕਾਇਮ ਰਹਿਣ ਲੱਗਦਾ ਹੈ। ਫਿਰ ਦਸਮ-ਦੁਆਰ ਪਹੁੰਚ ਤੋਂ ਬਾਹਰ ਨਹੀਂ ਰਹਿ ਜਾਂਦਾ। ਪ੍ਰਮਾਤਮਾ ਦੀ ਹਜ਼ੂਰੀ ਵਿਚ ਸ਼ਰਧਾਲੂ ਦੀ ਸੁਰਤਿ ਦਸਮ ਦੁਆਰ ਵਿਚ ਹੀ ਹੁੰਦੀ ਹੈ। ਗੁਰੂ ਦੇ ਅਲੌਕਿਕ ਗਿਆਨ ਵਿਚ ਦਰਸਾਏ ਵਿਚਾਰ ਅਤੇ ਭਾਵਨਾਵਾਂ, ਸ਼ਰਧਾਲੂ ਨੂੰ ਪੂਰੀ ਤਰ੍ਹਾਂ ਸਮਝ ਆਉਣ ਲੱਗਦੇ ਹਨ।

ਸ਼ਰਧਾਲੂ—ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਪਿਆਰ ਅਤੇ ਸਤਿਕਾਰ ਨਾਲ ਸੁਭਾਵਿਕ, ਨਿਰੰਤਰ ਅਤੇ ਆਪਣੇ ਆਪ ਸਾਂਝ ਨਾਲ ਸਹਿਜ ਅਵਸਥਾ ਦਾ ਅਨੁਭਵ ਕਰਦਾ ਹੈ। ਇਸ ਅਵਸਥਾ 'ਤੇ ਆ ਕੇ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਜੁੜਨ ਦੀ ਕੋਸ਼ਿਸ਼ ਦੀ ਲੋੜ ਨਹੀਂ ਰਹਿੰਦੀ। ਪ੍ਰਮਾਤਮਾ ਨਾਲ ਮਿਲਾਪ ਦੀਆਂ ਪਹਿਲਾਂ ਦਰਸਾਈਆਂ ਤਕਨੀਕਾਂ ਦੀ ਵੀ ਲੋੜ ਨਹੀਂ ਰਹਿੰਦੀ। ਕੋਸ਼ਿਸ਼ ਦਾ ਸਰੂਪ ਅਲੌਕਿਕ ਅਨੁਭਵ ਵਿਚ ਤਬਦੀਲ ਹੋ ਜਾਂਦਾ ਹੈ। ਫਿਰ ਇਹ ਮਿਲਾਪ ਸਦੀਵੀ ਬਣ ਜਾਂਦਾ ਹੈ। ਸ਼ਰਧਾਲੂ ਅਲੌਕਿਕ ਜਾਗਰੁਕਤਾ ਦਾ ਸੁਭਾਵਿਕ ਅਤੇ ਕਦੀ ਨਾ ਰੁਕਣ ਵਾਲੇ ਅਨੁਭਵ ਮਹਿਸੂਸ ਕਰਦਾ ਹੈ।

ਮਨ ਪ੍ਰਮਾਤਮਾ 'ਤੇ ਕੇਂਦਰਿਤ ਅਤੇ ਉਸ ਵਿਚ ਲੀਨ ਰਹਿੰਦਾ ਹੈ।

'ਸਹਿਜ' ਅਤੇ ਮਨ ਦੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਦੀ ਕੋਸ਼ਿਸ਼ ਵਿਚ ਅੰਤਰ :

ਉਪਰੋਕਤ ਦਰਸਾਈਆਂ ਅਤੇ ਹੋਰ ਕਈ ਤਕਨੀਕਾਂ ਦੀ ਕੋਸ਼ਿਸ਼ ਨਾਲ ਹਾਸਿਲ ਹੋਏ ਪ੍ਰਮਾਤਮਾ ਦੇ ਮਿਲਾਪ ਅਤੇ ਬਿਨਾਂ ਕਿਸੇ ਕੋਸ਼ਿਸ਼ ਦੇ ਨਾਲ ਪ੍ਰਾਪਤ ਹੋਏ ਪ੍ਰਮਾਤਮਾ ਨਾਲ ਵਿਚ ਅੰਤਰ ਹੁੰਦਾ ਹੈ। ਦੋਨੋਂ ਹੀ ਭਗਤੀ—ਪ੍ਰਮਾਤਮਾ, ਗੁਰੂ ਅਤੇ ਸੰਤਾਂ ਦਾ ਪਿਆਰ ਅਤੇ ਸਤਿਕਾਰ ਨਾਲ ਨਾਮ ਧਿਆਉਣਾ ਦੇ ਰੂਪ ਹਨ। ਜਿਉਂ-ਜਿਉਂ ਪਿਆਰ ਅਤੇ ਸਤਿਕਾਰ ਗਹਿਰਾ ਹੁੰਦਾ ਜਾਂਦਾ ਹੈ, ਅਲੌਕਿਕ ਅਨੁਭਵ ਵੀ ਹੋਰ ਨਿਰੰਤਰ ਹੁੰਦਾ ਜਾਂਦਾ ਹੈ। ਆਖਿਰਕਾਰ, ਅਲੌਕਿਕ ਅਨੁਭਵ ਲਗਾਤਾਰ ਚੱਲਦਾ ਰਹਿੰਦਾ ਹੈ। ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਲਈ, ਕਿਸੇ ਕੋਸ਼ਿਸ਼ ਦੀ ਲੋੜ ਨਹੀਂ ਰਹਿ ਜਾਂਦੀ। ਜਾਗਰੁਕਤਾ ਦੀ ਇਸ ਅਵਸਥਾ ਨੂੰ 'ਸਹਿਜ' ਕਿਹਾ ਜਾਂਦਾ ਹੈ। ਮਨ ਦੀ ਇਹ ਸਥਿਤੀ ਸਾਰਾ ਸਮਾਂ ਇੱਕੋ ਜਿਹੀ ਹੀ ਰਹਿੰਦੀ ਹੈ। ਜਾਗਰੁਕਤਾ ਦੀ ਇਸ ਅਵਸਥਾ ਵਿਚ ਅਧਿਆਤਮਿਕ ਆਨੰਦ ਦਾ ਅਨੁਭਵ ਹੁੰਦਾ ਹੈ।

ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਪਿਆਰ ਅਤੇ ਸਤਿਕਾਰ ਵਧਾਉਣ ਦੀਆਂ ਵਿਧੀਆਂ :

ਆਤਮ ਆਨੰਦ ਅਤੇ ਪ੍ਰਮਾਤਮਾ ਦੀ ਭਗਤੀ ਸਿੱਧੇ ਤੌਰ 'ਤੇ ਇਕ ਦੂਜੇ ਨਾਲ ਜੁੜੇ ਹੋਏ ਹਨ। ਜਿੰਨੀ ਜ਼ਿਆਦਾ ਭਗਤੀ ਹੋਵੇਗੀ, ਆਤਮ ਆਨੰਦ ਓਨਾ ਹੀ ਜ਼ਿਆਦਾ ਹੋਵੇਗਾ, ਜਿੰਨਾ ਜ਼ਿਆਦਾ ਆਤਮ ਆਨੰਦ ਹੋਵੇਗਾ, ਸੇਵਕ ਓਨਾ ਹੀ ਜ਼ਿਆਦਾ ਪ੍ਰਮਾਤਮਾ ਦੇ ਅੰਗ-ਸੰਗ ਹੋਵੇਗਾ। ਭਗਤੀ-ਭਾਵਨਾ ਵਧਾਉਣ ਦੀਆਂ ਕੁੱਛ ਵਿਧੀਆਂ ਹੇਠ ਲਿਖੀਆਂ ਹਨ :—

- ✡ ਗੁਰਬਾਣੀ ਨੂੰ ਵਿਚਾਰ ਕੇ ਪੜ੍ਹੋ।
- ✡ ਸਿੱਖਾਂ ਦੀਆਂ ਧਾਰਮਿਕ ਸਭਾਵਾਂ ਵਿਚ ਭਾਗ ਲਓ।
- ✡ ਜੋ ਵਿਧੀਆਂ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਕਰਾਉਂਦੀਆਂ ਹਨ, ਉਹਨਾਂ ਦਾ ਨਿਰੰਤਰ ਉਪਯੋਗ ਕਰੋ। ਜਿਉਂ-ਜਿਉਂ ਪਿਆਰ ਅਤੇ ਸਤਿਕਾਰ ਵੱਧਦਾ ਜਾਵੇਗਾ, ਤਿਉਂ-ਤਿਉਂ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਭਗਤੀ ਦਾ ਸੱਤਰ ਵੀ ਉੱਚਾ ਹੁੰਦਾ ਜਾਵੇਗਾ। ਜਦੋਂ ਭਗਤੀ ਦੀ ਗੁਣਵੱਤਾ ਵਿਚ ਸੁਧਾਰ ਹੁੰਦਾ ਹੈ, ਤਾਂ ਫਿਰ ਅਲੌਕਿਕ ਅਨੁਭਵ ਦੀ ਨਿਰੰਤਰਤਾ ਵੀ ਵੱਧ ਜਾਂਦੀ ਹੈ। ਆਖਿਰਕਾਰ, ਅਲੌਕਿਕ ਅਨੁਭਵ ਸਦੀਵੀ ਬਣ ਜਾਂਦਾ ਹੈ ਅਤੇ ਮਨ ਦੀ ਸਹਿਜ ਅਵਸਥਾ ਦਾ ਅਨੁਭਵ ਹੁੰਦਾ ਹੈ।
- ✡ ਪ੍ਰਮਾਤਮਾ ਦੀ ਹੋਂਦ ਨੂੰ ਸੱਚ ਜਾਣੋ—ਉਹ ਹੋਂਦ ਜੋ ਸਮੇਂ ਅਤੇ ਸਥਾਨ ਨਾਲ ਸੀਮਿਤ

ਨਹੀਂ ਹੈ। ਉਹ ਹਰ ਜਗ੍ਹਾ ਅਤੇ ਹਰੇਕ ਵਿਅਕਤੀ ਵਿਚ ਮੌਜੂਦ ਹੈ। ਸੇਵਕ ਦੀ ਇਸ ਸੱਚਾਈ ਬਾਰੇ ਮੰਨਣ ਅਤੇ ਜਾਗਰੁਕਤਾ ਪ੍ਰਮਾਤਮਾ ਨੂੰ ਪ੍ਰਸੰਨ ਕਰਦੀ ਹੈ। ਉਹ ਮਨ 'ਤੇ ਮਿਹਰ ਕਰਦਾ ਹੈ। ਉਹ ਆਪਣੀ ਮੌਜ਼ੂਦਗੀ ਨਾਲ ਆਪਣੇ ਸੇਵਕ ਦੇ ਮਨ 'ਤੇ ਮਿਹਰ ਕਰਦਾ ਹੈ। ਫਿਰ ਪ੍ਰਮਾਤਮਾ, ਬਾਹਰੀ ਤੌਰ 'ਤੇ ਆਪਣੀ ਸ੍ਰਿਸ਼ਟੀ ਅਤੇ ਅੰਦਰੂਨੀ ਤੌਰ 'ਤੇ ਸੇਵਕ ਦੇ ਮਨ ਵਿਚ ਨਿਵਾਸ ਕਰਦਾ ਹੈ।

- ਇਸ ਸੱਚਾਈ ਨੂੰ ਧਿਆਨ ਵਿਚ ਰੱਖਦੇ ਹੋਏ, ਪ੍ਰਮਾਤਮਾ ਪ੍ਰਤੀ ਸਮਰਪਿਤ ਹੋਵੋ ਕਿ ਇੰਦ੍ਰੀਆਂ ਦੁਆਰਾ ਦੇਖੀ ਗਈ ਸੱਚਾਈ ਦੇ ਪਿੱਛੇ ਪ੍ਰਮਾਤਮਾ ਹੈ, ਜਿਸ ਨੂੰ ਇੰਦ੍ਰੀਆਂ ਦੁਆਰਾ ਦੇਖਿਆ ਨਹੀਂ ਜਾ ਸਕਦਾ। ਇਸ ਗੱਲ ਨੂੰ ਧਿਆਨ ਵਿਚ ਰੱਖੋ ਕਿ ਪ੍ਰਮਾਤਮਾ ਦੇ ਕਾਰਣ ਹੀ ਮੌਜੂਦਾ ਸੱਚਾਈ ਦੀ ਹੋਂਦ ਹੈ। ਪ੍ਰਮਾਤਮਾ ਆਪਣੇ ਕਾਰਣ ਹੀ ਹੋਂਦ ਵਿਚ ਹੈ।
- ਆਪਣੇ ਆਪ ਨੂੰ ਇਸ ਸੱਚਾਈ ਤੋਂ ਜਾਣੂ ਕਰਾਓ ਕਿ ਪ੍ਰਮਾਤਮਾ ਦੀ ਮਿਹਰ ਨਾਲ ਹੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਸਮਰਪਿਤ ਮਿਲਾਪ ਸੰਭਵ ਹੈ।
- ਯਾਦ ਰੱਖੋ ਕਿ ਪ੍ਰਮਾਤਮਾ ਦੇ ਨਾਮ 'ਤੇ ਕੀਤੀ ਗਈ ਕੋਈ ਵੀ ਸੇਵਾ, ਜਾਂ ਪ੍ਰਮਾਤਮਾ ਦੇ ਨਾਮ 'ਤੇ ਕੀਤਾ ਗਿਆ ਕੋਈ ਵੀ ਨੇਕ ਕਰਮ, ਜਾਂ ਪ੍ਰਮਾਤਮਾ ਦੇ ਨਾਮ 'ਤੇ ਕੀਤੀ ਗਈ ਕੋਈ ਵੀ ਤਪੱਸਿਆ, ਇਥੋਂ ਤੱਕ ਕਿ ਉਸ ਦੀ ਭਗਤੀ ਦਾ ਤਦ ਹੀ ਲਾਭ ਹੈ ਜੇ ਪ੍ਰਮਾਤਮਾ ਇਹਨਾਂ ਸਾਰੇ ਕਰਮਾਂ ਨੂੰ ਮਾਨਤਾ ਦੇਵੇ। ਇਸ ਦਾ ਅਰਥ ਇਹ ਹੈ ਕਿ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਲਈ ਹਮੇਸ਼ਾ ਉਸ ਅੱਗੇ ਨਿਮਾਣਾ ਹੋਣਾ ਚਾਹੀਦਾ ਹੈ।
- ਪ੍ਰਮਾਤਮਾ ਦੀ ਭਗਤੀ ਵਧਾਉਣ ਲਈ, ਸ਼ਰਧਾ, ਪਿਆਰ ਅਤੇ ਨਿਮਰਤਾ ਵਰਗੀਆਂ ਭਾਵਨਾਵਾਂ ਵਧਾਉਣ ਦੇ ਲਈ ਜ਼ਰੂਰੀ ਹੈ ਕਿ ਗੁਰਬਾਣੀ ਨੂੰ ਬਾਰ-ਬਾਰ ਪੜ੍ਹਿਆ ਜਾਵੇ। ਗੁਰੂ ਦੇ ਅਲੌਕਿਕ ਗਿਆਨ ਦੀ ਰਹਿਨੁਮਾਈ ਅਤੇ ਸਹਾਰੇ ਦੀ ਨਿਰੰਤਰ ਪ੍ਰਾਪਤੀ ਲਈ ਇਹ ਮਹੱਤਵਪੂਰਨ ਹੈ।

ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਭਗਤੀ-ਭਾਵਨਾ ਦਾ ਸੇਵਕ ਨੂੰ ਲਾਭ :

ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੀ ਸੇਵਾ-ਸਿਮਰਨ, ਮਨੁੱਖ ਨੂੰ ਹਰ ਤਰ੍ਹਾਂ ਦਾ ਲਾਭ ਪ੍ਰਦਾਨ ਕਰਦੀ ਹੈ। ਪ੍ਰਮਾਤਮਾ ਆਪਣੇ ਸੇਵਕ 'ਤੇ ਖੁੱਲ੍ਹੇ ਦਿਲ ਨਾਲ ਮਿਹਰਾਂ ਕਰਦਾ ਹੈ। ਪ੍ਰਮਾਤਮਾ ਆਪਣੇ ਸੇਵਕ ਦੀਆਂ ਨੇਕ ਇੱਛਾਵਾਂ ਦੀ ਪੂਰਤੀ ਕਰਦਾ ਹੈ। ਸੇਵਕ ਦਾ ਸਰੀਰ ਅਤੇ ਮਨ ਤੰਦਰੁਸਤ ਹੋ ਜਾਂਦਾ ਹੈ। ਪੰਜ ਅਜੇਤੂ ਇੱਛਾਵਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਗੁਰੂ ਦੇ ਸਿੱਖ/ਪ੍ਰਮਾਤਮਾ ਦੇ ਸੇਵਕ ਦੇ ਕਾਬੂ ਆ ਜਾਂਦੇ ਹਨ।

ਪ੍ਰਮਾਤਮਾ ਨਾਲ ਮਿਲਾਪ ਦਾ ਅਰਥ ਹੈ, ਸ਼ਰਧਾਲੂ ਦਾ ਦਇਆਵਾਨ, ਪਰਉਪਕਾਰੀ ਨਾਲ ਨਜ਼ਦੀਕੀ ਗਿਸ਼ਤਾ। ਪ੍ਰਮਾਤਮਾ ਆਪਣੇ ਸੇਵਕ ਦਾ ਸਦੀਵੀ ਮਾਂ-ਬਾਪ

ਅਤੇ ਦੋਸਤ ਹੁੰਦਾ ਹੈ। ਉਹ ਆਪਣੇ ਸੇਵਕ ਨੂੰ ਨੁਕਸਾਨ, ਦੁੱਖ ਅਤੇ ਦਰਦ ਤੋਂ ਬਚਾਉਂਦਾ ਹੈ। ਉਹ ਸੇਵਕ ਦੇ ਦੁੱਖਾਂ ਨੂੰ ਦੂਰ ਕਰਦਾ ਹੈ ਅਤੇ ਆਪਣੀਆਂ ਮਿਹਰਾਂ ਦੀ ਬਖ਼ਸ਼ਿਸ਼ ਕਰਦਾ ਹੈ। ਉਸ ਦੀਆਂ ਮਿਹਰਾਂ ਬੇਅੰਤ ਅਤੇ ਕਦੇ ਨਾ ਖ਼ਤਮ ਹੋਣ ਵਾਲੀਆਂ ਹਨ। ਉਸ ਦੀ ਮਿਹਰ ਨਾਲ ਸੇਵਕ ਦੇ ਪਿਆਰੇ ਵੀ ਬਚ ਜਾਂਦੇ ਹਨ।

ਸੇਵਕ ਅਧਿਆਤਮਿਕਤਾ ਦੀਆਂ ਬਖ਼ਸ਼ਿਸ਼ਾਂ ਵੀ ਹਾਸਿਲ ਕਰਦਾ ਹੈ। ਉਹ ਸਹਿਜ ਅਵਸਥਾ ਦਾ ਅਨੁਭਵ ਕਰਦਾ ਹੈ। ਉਹ ਪ੍ਰਮਾਤਮਾ ਨਾਲ ਮਿਲਾਪ ਕਰਕੇ ਉਸ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਾ ਹੈ। ਪ੍ਰਮਾਤਮਾ ਦੀ ਮਿਹਰ ਸਦਕਾ, ਸੇਵਕ ਮੁਕਤੀ (ਝੂਠ ਦੇ ਜਾਲ ਤੋਂ ਮੁਕਤੀ) ਹਾਸਿਲ ਕਰਦਾ ਹੈ। ਜਨਮ-ਮਰਨ ਦਾ ਚੱਕਰ ਉਸ ਲਈ ਸਮਾਪਤ ਹੋ ਜਾਂਦਾ ਹੈ, ਜਿਵੇਂ ਰੌਸ਼ਨੀ, ਰੌਸ਼ਨੀ ਵਿਚ ਅਤੇ ਪਾਣੀ, ਪਾਣੀ ਵਿਚ ਮਿਲ ਜਾਂਦਾ ਹੈ, ਉਸੇ ਤਰ੍ਹਾਂ ਵਡਭਾਗੇ ਸੇਵਕ ਦੀ ਆਤਮਾ, ਪ੍ਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ।

ਸੇਵਕ ਦਾ ਪਿਆਰ ਅਤੇ ਸਤਿਕਾਰ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਤਿੰਨਾਂ ਪ੍ਰਤੀ ਹੁੰਦਾ ਹੈ :

ਸੇਵਕ ਦਾ ਪ੍ਰਮਾਤਮਾ, ਗੁਰੂ ਅਤੇ ਸੰਤਾਂ—ਤਿੰਨਾਂ ਪ੍ਰਤੀ ਪਿਆਰ ਹੁੰਦਾ ਹੈ। ਇਹ ਅਸੰਭਵ ਹੈ ਕਿ ਪ੍ਰਮਾਤਮਾ ਪ੍ਰਤੀ ਪਿਆਰ ਅਤੇ ਸਤਿਕਾਰ ਹੋਵੇ, ਪਰ ਗੁਰੂ ਅਤੇ ਸੰਤਾਂ ਪ੍ਰਤੀ ਨਾ ਹੋਵੇ। ਇਸੇ ਤਰ੍ਹਾਂ ਇਹ ਵੀ ਅਸੰਭਵ ਹੈ ਕਿ ਗੁਰੂ ਪ੍ਰਤੀ ਪਿਆਰ ਹੋਵੇ, ਪਰ ਪ੍ਰਮਾਤਮਾ ਅਤੇ ਸੰਤਾਂ ਪ੍ਰਤੀ ਨਾ ਹੋਵੇ। ਇਹ ਵੀ ਅਸੰਭਵ ਹੈ ਕਿ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਹੋਵੇ ਅਤੇ ਪ੍ਰਮਾਤਮਾ ਅਤੇ ਗੁਰੂ ਪ੍ਰਤੀ ਨਾ ਹੋਵੇ।

ਪ੍ਰਮਾਤਮਾ ਨਾਲ ਧਾਰਮਿਕ ਸਾਂਝ ਜਾਂ ਮਿਲਾਪ ਦੇ ਕੁੱਛ ਹੋਰ ਵਿਚਾਰ :

ਜੇ ਪ੍ਰਮਾਤਮਾ ਆਪਣੀ ਬਖ਼ਸ਼ਿਸ਼ ਕਰੇ, ਤਾਂ ਹੀ ਸੇਵਕ ਦਾ ਪ੍ਰਮਾਤਮਾ ਨਾਲ ਨਿਰੰਤਰ ਸਮਰਪਿਤ ਮਿਲਾਪ ਕਾਇਮ ਰਹਿ ਸਕਦਾ ਹੈ। ਜੇ ਪ੍ਰਮਾਤਮਾ ਆਪਣੇ ਉੱਚੇ ਤਖ਼ਤ ਤੋਂ ਆਪਣੇ ਨਿਮਾਣੇ ਸੇਵਕ ਸਵਾਗਤ ਕਰਨ ਲਈ ਉਤਰੇ, ਤਾਂ ਫਿਰ ਪ੍ਰਮਾਤਮਾ ਅਤੇ ਸ਼ਰਧਾਲੂ ਵਿਚ ਸਦੀਵੀ ਸਾਂਝ ਕਾਇਮ ਹੁੰਦੀ ਹੈ।

ਗੁਰਬਾਣੀ ਗਾਉਣ, ਪੜ੍ਹਨ ਅਤੇ ਸੁਨਣ ਨਾਲ ਪ੍ਰਮਾਤਮਾ ਨਾਲ ਮਿਲਾਪ ਵਿਚ ਮਦਦ ਮਿਲਦੀ ਹੈ। ਗੁਰੂ ਦਾ ਸ਼ਬਦ ਭਗਤ ਦੀ ਭਾਵਨਾ ਨਾਲ ਗਾਉਣ ਨਾਲ ਖਾਸ ਮਦਦ ਮਿਲਦੀ ਹੈ।

ਗੁਰੂ ਦੇ ਅਲੌਕਿਕ ਗਿਆਨ ਦੇ ਉਪਦੇਸ਼ ਦੀ ਸਮਝ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਕਾਇਮ ਰੱਖਣ ਵਿਚ ਮਦਦ ਕਰਦੀ ਹੈ। ਗੁਰਬਾਣੀ ਹੀ ਹਰ ਭੁੱਕ ਪ੍ਰਮਾਤਮਾ ਬਾਰੇ ਹੁੰਦੀ ਹੈ, ਭਾਵੇਂ ਇਹ ਪ੍ਰਮਾਤਮਾ ਦੇ ਨਾਲ ਮਿਲਾਪ ਅਤੇ ਉਸ ਤੋਂ ਪ੍ਰਾਪਤ ਲਾਭਾਂ ਬਾਰੇ

ਹੋਵੇ ਜਾਂ ਪ੍ਰਮਾਤਮਾ ਤੋਂ ਵਿਛੋੜੇ ਅਤੇ ਉਸ ਦੇ ਨੁਕਸਾਨਾਂ ਬਾਰੇ ਹੋਵੇ। ਹਰੇਕ ਤੁੱਕ ਪ੍ਰਮਾਤਮਾ ਪ੍ਰਤੀ ਤੀਬਰ ਪਿਆਰ ਅਤੇ ਸਤਿਕਾਰ ਜ਼ਾਹਿਰ ਕਰਦੀ ਹੈ।

ਗੁਰੂ ਦੇ ਕਿਸੇ ਤੁੱਕ ਜਾਂ ਸ਼ਬਦ ਦੀ ਭਾਵਨਾਤਮਿਕ ਗਹਿਰਾਈ ਨੂੰ ਓਨੀ ਦੇਰ ਮਾਪਿਆ ਨਹੀਂ ਜਾ ਸਕਦਾ, ਜਦੋਂ ਤੱਕ ਮਨੁੱਖ ਦੀ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਉਹੋ ਜਿਹੀ ਭਾਵਨਾ ਨਾ ਹੋਵੇ। ਗੁਰੂ ਦੇ ਸਿੱਖ ਜਾਂ ਪ੍ਰਮਾਤਮਾ ਦੇ ਸ਼ਰਧਾਲੂ ਲਈ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪੱਧਰ ਗੁਰੂ ਅਤੇ ਸੰਤਾਂ ਦੇ ਪਿਆਰ ਅਤੇ ਸਤਿਕਾਰ ਦੇ ਪੱਧਰ ਤੱਕ ਦਾ ਹੋਣਾ, ਇਕ ਚੁਨੌਤੀ ਹੈ। ਗੁਰੂ ਅਤੇ ਸੰਤਾਂ ਦੇ ਪੱਧਰ ਜਿੰਨਾ ਪਿਆਰ ਅਤੇ ਸਤਿਕਾਰ ਏਨੀ ਜਲਦੀ ਸਥਾਪਿਤ ਕਰਨਾ ਸੰਭਵ ਨਹੀਂ ਹੈ, ਪਰ ਆਦਰਸ਼ ਦੀ ਪ੍ਰਾਪਤੀ ਲਈ ਕੋਈ ਵੀ ਕਦਮ ਸਹੀ ਹੈ, ਕਿਉਂਕਿ ਇਹੀ ਵਧਿਆ ਹੋਇਆ ਕਦਮ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਨਿਰੰਤਰ ਸਾਂਝ ਵੱਲ ਵੱਧਦਾ ਹੈ।

ਗੁਰੂ ਦਾ ਗਿਆਨ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਪੈਦਾ ਕਰਨ ਦੇ ਨਾਲ-ਨਾਲ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਨਿਰੰਤਰ ਮਿਲਾਪ ਵੱਲ ਪ੍ਰਗਤੀ ਵੀ ਕਰਾਉਂਦਾ ਹੈ। ਪਿਆਰ ਅਤੇ ਸਤਿਕਾਰ ਅਜਿਹਾ ਮਾਧਿਅਮ ਹੈ ਜੋ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੇ ਵਿਅੱਕਤਿੱਤਵਾਂ ਨੂੰ ਖੋਜਣ ਵਿਚ ਸਹਾਇਕ ਹੁੰਦਾ ਹੈ। ਸ਼ਰਧਾਲੂ ਦੇ ਮਨ ਵਿਚਲਾ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ, ਸ਼ਰਧਾਲੂ ਦੇ ਮਨ ਵਿਚ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੇ ਵਿਅੱਕਤਿੱਤਵ ਦਾ ਅਸਲੀ ''ਵਿਚਾਰ'' ਬਣਾਉਂਦਾ ਹੈ।

ਪ੍ਰਮਾਤਮਾ ਨਾਲ ਸਾਂਝ ਵਿਚ ਮਜ਼ਬੂਤੀ ਲਿਆਉਣ ਵਿਚ ਪ੍ਰਮਾਤਮਾ ਦੇ ਨਾਮ ਦੀ ਗੁਣਵੱਤਾ ਬਹੁਤ ਮਹੱਤਵ ਰੱਖਦੀ ਹੈ। ਗੁਰੂ ਦੇ ਗਿਆਨ ਦੀ ਠੀਕ ਸਮਝ, ਪ੍ਰਮਾਤਮਾ ਦੇ ਧਿਆਉਣ ਅਤੇ ਉਸ ਨਾਲ ਹੋਰ ਮਜ਼ਬੂਤ ਸਾਂਝ ਕਾਇਮ ਕਰਨ ਵਿਚ ਮਦਦ ਕਰਦੀ ਹੈ। ਇਸ ਲਈ ਗੁਰੂ ਨਾਲ ਸਿੱਖੀ ਜ਼ਾਰੀ ਰੱਖਣਾ ਹੀ ਉਚਿਤ ਹੈ।

ਪ੍ਰਮਾਤਮਾ ਦੇ ਨਾਮ ਨਾਲ ਜੁੜਨ ਲਈ ਮਸ਼ੀਨੀ ਸਾਂਝ ਦੀ ਲੋੜ ਹੁੰਦੀ ਹੈ। ਪ੍ਰਮਾਤਮਾ ਦੇ ਨਾਮ ਦਾ ਮਸ਼ੀਨੀ ਦੋਹਰਾਵ ਅਕੇਂਦਰਿਤ ਅਤੇ ਭਾਵਨਾ ਰਹਿਤ ਹੁੰਦਾ ਹੈ। ਇਹ ਦੋਹਰਾਵ, ਭਾਵੇਂ ਪ੍ਰਮਾਤਮਾ ਨਾਲ ਭਾਵਨਾਤਮਕ ਮਿਲਾਪ ਦਾ ਦਿਖਾਵਾ ਕਰੇ, ਪਰ ਅਸਲ ਵਿਚ ਅਜਿਹਾ ਨਹੀਂ ਹੈ। ਪ੍ਰਮਾਤਮਾ ਦੇ ਕੁੱਛ ਗੁਣਾਂ ਦਾ ਮਸ਼ੀਨੀ ਦੋਹਰਾਵ ਅਸਲ ਵਿਚ ਸਹਿਜ ਅਵਸਥਾ ਵੱਲ ਪ੍ਰਗਤੀ ਵਿਚ ਰੁਕਾਵਟ ਪਾਉਂਦਾ ਹੈ। ਪ੍ਰਮਾਤਮਾ ਦੇ ਨਾਮ ਦੇ ਮਸ਼ੀਨੀ ਦੋਹਰਾਵ (ਰਟਨ) ਨਾਲ ਸੰਤੁਸ਼ਟੀ, ਪ੍ਰਮਾਤਮਾ ਨਾਲ ਡੂੰਘੀ ਨਾ ਹੋਣ ਵਾਲੀ ਅਤੇ ਭਾਵਨਾ ਰਹਿਤ ਸਾਂਝ ਨੂੰ ਪ੍ਰੋਤਸਾਹਿਤ ਅਤੇ ਮਜ਼ਬੂਤ ਕਰਦੀ ਹੈ।

ਜੇ ਇੱਛਾ, ਪ੍ਰਮਾਤਮਾ ਗੁਰੂ ਅਤੇ ਸੰਤਾਂ ਨਾਲ ਭਾਵਨਾਤਮਕ ਅਤੇ ਦਿਲੀ ਸਾਂਝ ਪੈਦਾ ਕਰਨ ਦੀ ਹੈ ਤਾਂ ਫਿਰ ਕੇਵਲ ਤੋਤੇ ਵਾਂਗ ਪ੍ਰਮਾਤਮਾ ਦਾ ਨਾਮ ਰਟਣਾ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸਾਂਝ ਦੀ ਜਾਗਰੁਕਤਾ ਦੇ ਵਿਕਾਸ ਦੀ ਪ੍ਰਕ੍ਰਿਆ ਨੂੰ ਵਧਾਉਣ ਦੀ ਬਜਾਏ,

ਉਸ ਵਿਚ ਰੁਕਾਵਟ ਪੈਦਾ ਕਰਦਾ ਹੈ। ਇਹੀ ਗੱਲ ਸਾਰੇ ਰੀਤੀ ਰਿਵਾਜਾਂ 'ਤੇ ਵੀ ਢੁੱਕਦੀ ਹੈ ਜੋ ਪ੍ਰਮਾਤਮਾ ਦੇ ਸਿਮਰਨ ਦੀ ਜਗ੍ਹਾ ਬਾਹਰੀ ਪਵਿੱਤਰਤਾ/ਸ਼ੁੱਧਤਾ ਦੇ ਦਿਖਾਵੇ ਤੇ ਜ਼ਿਆਦਾ ਜ਼ੋਰ ਪਾਉਂਦੇ ਹਨ।

ਸਤਿਗੁਰੂ ਦਾ ਸਿੱਖ ਬਣਨਾ ਅਤਿ-ਜ਼ਰੂਰੀ ਹੈ, ਜੋ ਉਦੇਸ਼ ਭਾਵਨਾਤਮਕ ਤੌਰ 'ਤੇ ਪ੍ਰਮਾਤਮਾ ਨਾਲ ਜੁੜਨਾ ਹੋਵੇ। ਗੁਰੂ ਦਾ ਗਿਆਨ, ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਦੇ ਦੋਨੋਂ (ਦਿਮਾਗੀ ਅਤੇ ਜਜ਼ਬਾਤੀ) ਤੱਤਾਂ ਦੀ ਕਦਰ ਕਰਨ ਵਿਚ ਸਹਾਈ ਹੁੰਦਾ ਹੈ।

ਮਨੁੱਖ ਦੀ ਪ੍ਰਮਾਤਮਾ ਗੁਰੂ ਅਤੇ ਸੰਤਾਂ ਪ੍ਰਤੀ ਨਿਰੰਤਰ ਭਗਤੀ-ਭਾਵਨਾ ਦਾ ਨਤੀਜਾ ਤਿੰਨਾਂ ਦੇ ਨਾਲ ਮਨ ਦੀ ਨਿਰੰਤਰ ਸਾਂਝ ਹੁੰਦਾ ਹੈ। ਪ੍ਰਮਾਤਮਾ, ਗੁਰੂ ਅਤੇ ਸੰਤ, ਤਿੰਨਾਂ ਦਾ ਆਪਸੀ ਪਿਆਰ ਹੁੰਦਾ ਹੈ। ਸੰਤ ਹਮੇਸ਼ਾ ਪ੍ਰਮਾਤਮਾ ਅਤੇ ਗੁਰੂ ਨੂੰ ਸਨਮਾਨਿਤ ਕਰਦੇ ਹਨ। ਗੁਰੂ ਹਮੇਸ਼ਾਂ ਪ੍ਰਮਾਤਮਾ ਦਾ ਸਨਮਾਨ ਕਰਦਾ ਹੈ।

ਪ੍ਰਮਾਤਮਾ, ਗੁਰੂ ਪੈਦਾ ਕਰਦਾ ਹੈ। ਪ੍ਰਮਾਤਮਾ, ਗੁਰੂ ਦੇ ਗਿਆਨ ਨਾਲ, ਸਿੱਖ ਅਤੇ ਸੰਤ ਪੈਦਾ ਕਰਦਾ ਹੈ। ਜੇ ਗੁਰੂ ਦੇ ਗਿਆਨ ਪ੍ਰਤੀ ਸਮਰਪਣ ਦੇ ਨਾਲ, ਉਸ ਦੇ ਸਿਖਾਏ ਸਬਕਾਂ ਦੀ ਸਮਝ ਵੀ ਸ਼ਾਮਿਲ ਹੋ ਜਾਵੇ, ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੁਭਾਵਿਕ ਤੌਰ 'ਤੇ ਹੀ ਸਿੱਖ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਕਰ ਦੇਂਦੀ ਹੈ।

ਗੁਰੂ ਦੇ ਸਿੱਖ ਦੇ ਤੌਰ 'ਤੇ ਮਨੁੱਖ 'ਸਹਿਜ' ਵੱਲ ਜੁੜਦਾ ਹੈ, ਪਰ ਇਸ ਮਾਮਲੇ ਵਿਚ ਉਹ ਗੁਰੂ ਦੀ ਸਹਾਇਤਾ ਬਾਰੇ ਜਾਣੂ ਰਹਿੰਦਾ ਹੈ। ਗੁਰੂ ਦਾ ਸਿੱਖ, ਸਹਿਜ ਅਵਸਥਾ ਪ੍ਰਾਪਤ ਕਰਨ ਤੋਂ ਬਾਅਦ ਵੀ ਸਿੱਖ, ਗੁਰੂ ਦੇ ਪ੍ਰਤੀ ਸਤਿਕਾਰ ਰੱਖਦਾ ਹੈ। ਉਹ ਗੁਰੂ ਦੀ ਅਧਿਆਤਮਿਕ ਹੈਸੀਅਤ ਦਾ ਕਦੀ ਮੁਕਾਬਲਾ ਨਹੀਂ ਕਰਦਾ।

ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰਕੇ, ਹਰੇਕ ਗੁਰੂ ਨੇ ਆਪਣੇ ਸਿੱਖ ਵਿੱਚੋਂ ਹੀ ਅਗਲਾ ਗੁਰੂ ਚੁਣਿਆ। ਪਰ ਇਹ ਬਰਾਬਰਤਾ, ਉਦਾਹਰਣ ਵਜੋਂ ਬਾਬਾ ਲਹਿਣਾ ਜੀ ਦਾ, ਗੁਰੂ ਨਾਨਕ ਦੇਵ ਜੀ ਦੇ ਬਰਾਬਰ ਅਧਿਆਤਮਿਕ ਹੈਸੀਅਤ, ਗੁਰੂ ਨਾਨਕ ਦੇਵ ਜੀ ਵੱਲੋਂ ਆਪ ਹੀ ਦਿੱਤੀ ਗਈ ਸੀ। ਬਾਬਾ ਲਹਿਣਾ ਜੀ ਨੇ ਆਪਣੇ ਆਪ ਨੂੰ ਗੁਰੂ ਅੰਗਦ ਦੇਵ ਜੀ ਪੇਸ਼ ਨਹੀਂ ਕੀਤਾ ਕੀਤਾ ਸੀ। ਉਹ ਆਪਣੇ ਗੁਰੂ, ਗੁਰੂ ਨਾਨਕ ਦੇਵ ਜੀ ਪ੍ਰਤੀ ਸਤਿਕਾਰ ਅਤੇ ਨਿਮਰ ਰਹੇ ਅਤੇ ਆਪਣੇ ਗੁਰੂ ਨਾਲ ਆਪਣੀ ਬਰਾਬਰੀ ਦਾ ਕਦੀ ਦਾਅਵਾ ਨਹੀਂ ਕੀਤਾ। ਇਹ ਸਾਨੂੰ ਇਕ ਬੜਾ ਮਹੱਤਵਪੂਰਨ ਸਬਕ ਸਿਖਾਉਂਦਾ ਹੈ। ਇਕ ਸਿੱਖ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਜਾਗਰੁਕਤਾ ਦੀ ਸਭ ਤੋਂ ਉੱਚੀ ਅਵਸਥਾ—ਸਹਿਜ ਅਵਸਥਾ ਦੀ ਪੌੜੀ ਚੜ੍ਹ ਕੇ ਵੀ ਆਪਣੇ ਗੁਰੂ ਦੀ ਬਰਾਬਰੀ ਨਹੀਂ ਕਰਦਾ। ਇਕ ਸੱਚਾ ਸੰਤ ਆਪਣੇ ਆਪ ਦੀ ਕਦੀ ਵੀ ਆਪਣੇ ਗੁਰੂ ਨਾਲ ਤੁਲਨਾ ਨਹੀਂ ਕਰਦਾ। ਉਸ ਸੰਤ ਦੇ ਅਨੁਯਾਈ ਪੈਰੋਕਾਰ

ਕਿਉਂ ਉਸ ਨੂੰ ਸੰਤ ਦੇ, ਗੁਰੂ ਦੇ ਬਰਾਬਰ ਸਮਝਣ ?

ਹਰੇਕ ਸਿੱਖ ਜਾਂ ਸਿੱਖ ਸੰਤ ਦਾ ਗੁਰੂ (ਮੁਰਸ਼ਦ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਇਸ ਲਈ, ਜਿਸ ਸੰਤ ਦਾ ਸਿੱਖ ਸਤਿਕਾਰ ਕਰਦਾ ਹੈ ਅਤੇ ਅਧਿਆਤਮਿਕ ਪ੍ਰਗਤੀ ਲਈ ਉਸ ਦੀ ਰਹਿਨੁਮਾਈ ਲੈਂਦਾ ਹੈ, ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਗੁਰੂ ਨਾਨਕ ਦੇਵ ਜੀ ਦੇ ਪੱਧਰ ਤੱਕ ਉੱਪਰ ਉਠਾਉਣਾ ਅਣਉਚਿਤ ਹੈ। ਬਿਨਾਂ ਸ਼ੱਕ, ਇਕ ਸਿੱਖ ਦਾ ਉਸ ਸੰਤ ਪ੍ਰਤੀ ਸਤਿਕਾਰ ਰੱਖਣਾ ਬਿਲਕੁਲ ਸੁਭਾਵਿਕ ਅਤੇ ਠੀਕ ਹੈ, ਜਿਸ ਨੇ ਉਸ ਸਿੱਖ ਦੀ ਅਧਿਆਤਮਿਕ ਪ੍ਰਗਤੀ ਵਿਚ ਮਦਦ ਕੀਤੀ ਹੋਵੇ।

1469 ਤੋਂ ਲੈ ਕੇ 1708 ਦੇ ਸਮੇਂ ਦੌਰਾਨ ਬਹੁਤ ਸਾਰੇ ਵਿਅਕਤੀਆਂ ਨੇ ਉਸ ਸਮੇਂ ਦੇ ਸਤਿਗੁਰੂ ਪ੍ਰਤੀ ਦੁਸ਼ਮਣੀ ਅਤੇ ਨਾ-ਫਰਮਾਨੀ ਦਿਖਾਉਂਦੇ ਹੋਏ, ਆਪਣੇ ਆਪ ਨੂੰ ਸਿੱਖਾਂ ਦੇ ਗੁਰੂ ਵਾਂਗ ਪੇਸ਼ ਕੀਤਾ ਅਤੇ ਉਹਨਾਂ ਵਿਅਕਤੀਆਂ ਦੇ ਬਹੁਤ ਸਾਰੇ ਕੱਟੜਪੰਥੀ ਚੇਲੇ ਵੀ ਸਨ ਜੋ ਉਹਨਾਂ ਦੇ ਸਿੱਖਾਂ ਦੇ ਗੁਰੂ ਹੋਣ ਦੇ ਦਾਅਵੇ ਨੂੰ ਹਿਮਾਇਤ ਦਿੰਦੇ ਸਨ। ਇੱਥੋਂ ਤੱਕ ਕਿ ਅੱਜ ਦੇ ਸਮੇਂ ਵਿਚ ਵੀ ਅਜਿਹਾ ਦੇਖਣ ਨੂੰ ਮਿਲਦਾ ਹੈ। ਇਸ ਲਈ ਸਿੱਖਾਂ ਦੀ ਵਾਸਤਵਿਕ (ਸਹੀ) ਚਿੰਤਾ ਬਣ ਜਾਂਦੀ ਹੈ ਜਦੋਂ ਉਸ ਨੂੰ ਇਹ ਪਤਾ ਲੱਗਦਾ ਹੈ ਕਿ ਕੋਈ ਖਾਸ ਬਾਬਾ, ਸਤਿਗੁਰੂ ਦੇ ਪੱਧਰ ਤੱਕ ਉਠਾਇਆ ਜਾ ਰਿਹਾ ਹੈ।

ਅੱਜ ਦੇ ਸਮੇਂ ਵਿਚ, ਅਸੀਂ ਕਈ ਅਜਿਹੇ ਬਾਬੇ ਵੀ ਦੇਖਦੇ ਹਾਂ, ਜੋ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਮੂਲ-ਮੰਤਰ ਅਤੇ ਗੁਰੂਆਂ ਦੀਆਂ ਹੋਰ ਕਈ ਰਚਨਾਵਾਂ ਦੇ ਹਜ਼ਾਰਾਂ ਪਾਠ ਕਰਨ ਤੇ ਜ਼ੋਰ ਦਿੰਦੇ ਹਨ। ਉਹ ਪੁਰਾਣੇ ਸਮਿਆਂ ਦੇ ਸੰਤਾਂ ਦੀਆਂ ਉਦਾਹਰਣਾਂ ਵੀ ਦਿੰਦੇ ਹਨ, ਜੋ ਇੰਜ ਪਾਠ ਕਰਿਆ ਕਰਦੇ ਸਨ। ਜਦੋਂ ਕਿ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਉਹਨਾਂ ਸੰਤਾਂ ਨੇ ਕਈ ਕਸ਼ਟ ਝੱਲ ਕੇ ਅਤੇ ਕਈ ਸਾਲ ਪ੍ਰਮਾਤਮਾ ਅਤੇ ਗੁਰੂ ਪ੍ਰਤੀ ਨਿਮਰਤਾ, ਸਤਿਕਾਰ ਅਤੇ ਪਿਆਰ ਪੈਦਾ ਕੀਤਾ ਹੈ। ਉਹ ਕੇਵਲ ਮਸ਼ੀਨੀ ਅਤੇ ਭਾਵਨਾ ਰਹਿਤ ਤਰੀਕੇ ਨਾਲ ਸਿਰਫ਼ ਪਾਠ ਹੀ ਨਹੀਂ ਕਰਦੇ। ਇਹ ਇਕ ਸੱਚਾਈ ਹੈ ਕਿ ਜਦੋਂ ਕੋਈ ਮਨੁੱਖ ਉਪਰੋਕਤ ਬਾਣੀਆਂ ਦੇ ਪਾਠ ਪੂਰੀ ਸ਼ਰਧਾ ਨਾਲ, ਗੁਰੂ ਪ੍ਰਤੀ ਪੂਰੇ ਪਿਆਰ ਅਤੇ ਸਤਿਕਾਰ ਨਾਲ ਅਤੇ ਗੁਰੂ ਦੀਆਂ ਸਿੱਖਿਆਵਾਂ ਨੂੰ ਸਮਝਦਾ ਹੈ, ਤਾਂ ਉਹ ਅਧਿਆਤਮਿਕ ਲਾਭ ਪ੍ਰਾਪਤ ਕਰਦਾ ਹੈ।

ਗੁਰਬਾਣੀ ਦੇ ਪਾਠ ਦੇ ਅਭਿਆਸ ਦੀ ਗਿਣਤੀ ਦੀ ਪ੍ਰਥਾ, ਗੁਰਬਾਣੀ ਦੇ ਗੁਣਵੱਤਾ ਦੇ ਪਹਿਲੂ ਦੀ ਮਹੱਤਤਾ ਨੂੰ ਨਿਰਵਾਸਿਤ (ਘੱਟ) ਕਰ ਦਿੰਦੀ ਹੈ । ਜੇ ਮਨੁੱਖ ਦਾ ਉਦੇਸ਼ ਅਧਿਆਤਮਿਕ ਪ੍ਰਗਤੀ ਕਰਨਾ ਹੈ ਤਾਂ ਫਿਰ ਗੁਣ ਨੂੰ ਸਭ ਤੋਂ ਅੱਗੇ ਰੱਖਣਾ ਹੋਵੇਗਾ। ਇਸ ਦਾ ਭਾਵ ਹੈ ਕਿ ਗੁਰੂ ਦੀਆਂ ਸਿੱਖਿਆਵਾਂ ਦੀ ਸਮਝ ਨਾਲ, ਗੁਰਬਾਣੀ ਪ੍ਰਤੀ ਸ਼ਰਧਾ ਮਹੱਤਵਪੂਰਨ ਹੈ। ਇਹ ਤਾਂ ਹੀ ਹੋ ਸਕਦਾ ਹੈ, ਜੇ ਮਨ ਗੁਰੂ ਦੇ ਗਿਆਨ ਨੂੰ ਸਿੱਖਣ ਵਿਚ

ਲੱਗਾ ਹੋਵੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਦੇ ਮੁਸ਼ਕਿਲ ਅੱਖਰਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਬਹੁਤ ਹੀ ਲਾਭਦਾਇਕ ਹੈ। ਇਸ ਮਾਮਲੇ ਵਿਚ, ਗੁਰਬਾਣੀ ਦੇ ਬਾਰ ਬਾਰ ਪਾਠਾਂ ਦਾ ਮਹੱਤਵ ਹੈ। ਪ੍ਰੰਤੂ, ਅਧਿਆਤਮਿਕ ਪ੍ਰਗਤੀ ਦੇ ਲਈ, ਗੁਰਬਾਣੀ ਦੇ ਸ਼ਬਦਾਂ ਦੇ ਅਰਥਾਂ ਨੂੰ ਸਮਝਣਾ ਬਹੁਤ ਮਹੱਤਵਪੂਰਨ ਵੀ ਹੈ ਅਤੇ ਲਾਭਦਾਇਕ ਵੀ। ਇਸ ਲਈ ਗੁਰਬਾਣੀ ਦੇ ਰੱਟੇ ਅਤੇ ਸਮਝ ਤੇ ਲੋੜੀਂਦਾ ਮਹੱਤਵ ਜ਼ਰੂਰ ਦੇਣਾ ਚਾਹੀਦਾ ਹੈ।

ਅੱਜ ਕੱਲ ਦੇ ਬਾਬਿਆਂ, ਮਹਾਂਪੁਰਖਾਂ ਦਾ ਇਕ ਹੋਰ ਪ੍ਰਚੱਲਣ ਦੇਖਣ ਨੂੰ ਮਿਲਦਾ ਹੈ। ਉਹ ਆਪਣੇ ਪਸੰਦੀਦਾ ਸੰਤ ਨੂੰ ਜਾਂਚਣ ਜਾਂ ਉੱਚਾ ਚੁੱਕਣ ਲਈ ਉਸ ਵੱਲੋਂ ਕੀਤੇ ਗਏ ਚਮਤਕਾਰਾਂ ਦੀਆਂ ਉਦਾਹਰਣਾਂ ਦਿੰਦੇ ਹਨ, ਇਸ ਕਰਕੇ ਉਹ, ਸਿੱਖ ਗੁਰੂਆਂ ਦੀ ਚਮਤਕਾਰ ਦਿਖਾਉਣ ਦੀ ਸਿੱਖਿਆ ਦੇ ਵਿਰੁੱਧ ਜਾ ਕੇ ਉਹਨਾਂ ਦਾ ਅਨਾਦਰ ਕਰਦੇ ਹਨ।

ਇਕ ਸਿੱਖ, ਵਰਤਮਾਨ, ਭੂਤਕਾਲ ਅਤੇ ਭਵਿੱਖ ਦੇ ਸਾਰੇ ਸੰਤਾਂ ਨੂੰ ਸਨਮਾਨ ਦਿੰਦਾ ਹੈ, ਪ੍ਰੰਤੂ ਉਹ ਕਿਸੇ ਖਾਸ ਮਨੁੱਖ ਨੂੰ ਸੰਤ ਦਿਖਾਉਣ ਲਈ ਉਸ ਦੀਆਂ ਅਧਿਆਤਮਿਕ ਪ੍ਰਾਪਤੀਆਂ ਉੱਪਰ ਫੈਸਲਾ ਨਹੀਂ ਸੁਣਾਉਂਦਾ। ਇਸ ਤਰ੍ਹਾਂ, ਇਕ ਸਿੱਖ ਦਾ ਕਿਸੇ ਸੰਤ ਪ੍ਰਤੀ ਸਨਮਾਨ, ਉਸ ਦੇ ਪਿਆਰ ਅਤੇ ਸਤਿਕਾਰ ਨਾਲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਨਿਰੰਤਰ ਮਿਲਾਪ ਦੇ ਸਿਧਾਂਤ 'ਤੇ ਆਧਾਰਿਤ ਹੈ ਅਤੇ ਇਹੋ ਹੀ ਕਿਸੇ ਮਨੁੱਖ ਨੂੰ ਸੰਤ ਹੋਣ ਦੇ ਕਾਬਿਲ ਬਣਾਉਂਦਾ ਹੈ। ਜੋ ਕੋਈ ਵੀ, ਇਸ ਸਿਧਾਂਤ ਅਨੁਸਾਰ ਸੰਤ ਬਣਨ ਲਈ ਯੋਗ ਹੁੰਦਾ ਹੈ, ਸਿੱਖਾਂ ਦੁਆਰਾ ਸਨਮਾਨਿਤ ਕੀਤਾ ਜਾਂਦਾ ਹੈ। ਇਕ ਸਿੱਖ, ਕਿਸੇ ਖਾਸ ਵਿਅਕਤੀ ਨੂੰ ਵੀ ਸੰਤ ਵਜੋਂ ਸਨਮਾਨਿਤ ਕਰ ਸਕਦਾ ਹੈ, ਜੇ ਉਸ ਦਾ ਇਹ ਵਿਸ਼ਵਾਸ ਹੋਵੇ ਕਿ ਇਸ ਨੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਨਿਰੰਤਰ ਮਿਲਾਪ ਲਈ ਉਸ ਦੀ ਮਦਦ ਕੀਤੀ ਹੈ।

❍

ਅਧਿਆਇ 6
ਗੁਰੂ ਦੇ ਬ੍ਰਹਮ ਗਿਆਨ ਦੇ ਉਪਦੇਸ਼ਾਂ ਦਾ ਸਾਰ

ਹੇਠਾਂ ਲਿਖੇ ਵਿਵਰਣ (ਕਥਨ) ਅਧਿਆਤਮਿਕ ਖੇਤਰ ਵਿਚ ਓਨੇ ਹੀ ਸਿੱਧ ਹਨ, ਜਿੰਨੇ ਕਿ ਸਰੀਰਿਕ ਸੰਸਾਰ ਦੇ ਸਿਧਾਂਤ। ਇਹਨਾਂ ਸਿਧਾਂਤਾਂ ਦੀ ਮਨਚਾਹੀ ਨਾ-ਫਰਮਾਨੀ ਜਾਂ ਅਗਿਆਨਤਾ, ਮਨੁੱਖ ਨੂੰ ਝੂਠ ਦੇ ਧੰਦੇ ਵਿਚ ਲਾ ਰੱਖਦੀ ਹੈ। ਅਜਿਹਾ ਮਨੁੱਖ ਦੁੱਖ, ਦਰਦ ਅਤੇ ਡਰ ਝੇਲਦਾ ਹੈ। ਇਹ ਨਤੀਜਾ, ਉਸ ਨਤੀਜੇ ਤੋਂ ਭਿੰਨ ਨਹੀਂ ਹੈ, ਉਦਾਹਰਣ ਵਜੋਂ, ਜਾਣ ਬੁੱਝ ਕੇ ਗੁਰੁੱਤਾ-ਆਕਰਸ਼ਣ ਦੇ ਨਿਯਮ ਤੋਂ ਅਨਜਾਣ ਰਹਿਣਾ ਅਤੇ ਪਹਾੜ ਦੀ ਚੋਟੀ ਤੋਂ ਕੁੱਦਣਾ।

ਅਧਿਆਤਮਿਕ ਸਿਧਾਂਤ ਬ੍ਰਹਮ ਗਿਆਨ ਦੇ ਖੇਤਰ ਵਿਚ ਆਉਂਦੇ ਹਨ। ਅਲੌਕਿਕ ਗਿਆਨ, ਸਤਿਗੁਰੂ ਦਾ ਗਿਆਨ ਹੈ। ਇਹ ਗਿਆਨ ਸਦੀਵੀ ਅਤੇ ਸਰਬ-ਵਿਆਪਕ ਮਹੱਤਵ ਵਾਲਾ ਹੈ—ਇਹ ਸਾਰੇ ਮਨੁੱਖਾਂ ਉੱਪਰ ਲਾਗੂ ਹੁੰਦਾ ਹੈ। ਸਤਿਗੁਰੂ ਦੀ ਸਿੱਖਿਆ ਨਾਲ, ਅਹੰਕਾਰ ਦੇ ਖ਼ਾਤਮੇ ਨਾਲ, ਸਿੱਖ ਇਹ ਅਧਿਆਤਮਿਕ ਪ੍ਰਮਾਣ ਆਪਣੇ ਵਿਅੱਕਤਿੱਤਵ ਵਿਚ ਸ਼ਾਮਿਲ ਕਰਕੇ, ਸਿੱਖ ਦਾ ਵਿਅੱਕਤਿੱਤਵ, ਬ੍ਰਹਮ ਗਿਆਨੀ ਉਹ ਮਨੁੱਖ ਜੋ ਬ੍ਰਹਮ ਗਿਆਨ ਜਾਣਦਾ ਹੈ ਅਤੇ ਸਿਰਜਣਹਾਰ ਨਾਲ ਸਾਂਝ ਵਿਚ ਹੁੰਦਾ ਹੈ—ਵਿਚ ਤਬਦੀਲ ਹੋ ਜਾਂਦਾ ਹੈ।

ਸਤਿਗੁਰੂ ਦੇ ਉਪਦੇਸ਼, ਮਨੁੱਖੀ ਜੀਵਨ ਦੇ ਉਦੇਸ਼ਾਂ ਸੰਬੰਧੀ, ਸਿੱਖ ਦੇ ਵਿਚਾਰ ਅਤੇ ਭਾਵਨਾਵਾਂ ਤਬਦੀਲ ਕਰ ਦਿੰਦੇ ਹਨ। ਪਹਿਲਾਂ, ਗੁਰੂ ਆਪਣੀ ਸੱਚਾਈ ਦੀ ਤਾਕਤ ਦੇ ਮਾਧਿਅਮ ਨਾਲ ਇਹ ਦਰਸਾਉਂਦਾ ਹੈ ਕਿ ਕਿਵੇਂ ਜੀਵਨ ਦੇ ਉਦੇਸ਼ਾਂ ਨਾਲ ਸੰਬੰਧਿਤ, ਉਸ ਦੇ ਵਿਚਾਰ ਅਤੇ ਭਾਵਨਾਵਾਂ ਦੋਸ਼ਪੂਰਨ ਹਨ। ਫਿਰ, ਉਹ ਸਿੱਖ ਦੇ ਵਿਚਾਰਾਂ ਅਤੇ ਭਾਵਨਾਵਾਂ ਦੇ ਠੀਕ ਮਾਪਦੰਡਾਂ ਬਾਰੇ ਦੱਸਦਾ ਹੈ। ਜਿਉਂ ਹੀ ਸਿੱਖ, ਇਹਨਾਂ ਵਿਚਾਰਾਂ ਅਤੇ ਭਾਵਨਾਵਾਂ ਨਾਲ ਨਾਤਾ ਜੋੜਦਾ ਹੈ, ਉਹ ਮਨ ਦੀ ਅਜਿਹੀ ਅਵਸਥਾ 'ਤੇ ਪਹੁੰਚ ਜਾਂਦਾ ਹੈ ਜਿੱਥੇ ਮਨ ਡਰ ਅਤੇ ਦੁੱਖਾਂ ਤੋਂ ਮੁਕਤ ਹੋ ਕੇ ਸ਼ਾਂਤ ਅਤੇ ਪ੍ਰਸੰਨ ਹੁੰਦਾ ਹੈ। ਕਿਉਂਕਿ ਗੁਰੂ ਦੀ ਸਿੱਖਿਆ ਸਿਰਜਣਹਾਰ ਉਤੇ ਕੇਂਦਰਿਤ ਹੁੰਦੀ ਹੈ। ਸਿੱਖ ਦੇ ਵਿਚਾਰ ਅਤੇ ਭਾਵਨਾਵਾਂ ਵੀ ਸਿਰਜਣਹਾਰ ਪ੍ਰਤੀ ਪ੍ਰਫੁੱਲਿਤ ਹੁੰਦੇ ਹਨ। ਆਖਿਰਕਾਰ, ਸਿੱਖ ਸਦੀਵੀ ਕਾਇਮ ਰਹਿਣ

ਵਾਲੇ ਸਿਰਜਣਹਾਰ ਨਾਲ ਇੱਕ-ਮਿੱਕ ਹੋ ਜਾਂਦਾ ਹੈ।

ਸਤਿਗੁਰੂ ਦੇ ਗਿਆਨ ਦੇ ਉਪਦੇਸ਼ਾਂ ਦਾ ਸਾਰ, ਸਿੱਖ ਦੇ ਵਿਅੱਕਤਿੱਤਵ ਵਿਚ ਤਬਦੀਲੀ ਲਿਆਉਣ ਲਈ ਇਕ ਸਹਾਇਕ ਦਾ ਕੰਮ ਕਰਦਾ ਹੈ। ਫੇਰ ਵੀ, ਜੇ ਉਦੇਸ਼ ਬ੍ਰਹਮ ਗਿਆਨ ਦਾ ਪੂਰਾ ਗਿਆਨ ਹਾਸਿਲ ਕਰਨਾ ਹੈ ਤਾਂ ਫਿਰ ਇਸ ਸਾਰ ਨੂੰ, ਸਿੱਖ ਗੁਰੂਆਂ ਦੁਆਰਾ ਦੱਸੇ ਪਹਿਲੇ ਤਰੀਕਿਆਂ ਦੀ ਜਗ੍ਹਾ ਨਹੀਂ ਵਰਤਣਾ ਚਾਹੀਦਾ।

- ਕੁਦਰਤ-ਰਚਨਾ—ਅਨੰਤ ਤੌਰ 'ਤੇ ਭਿੰਨ ਹੈ।
- ਸਾਰੀ ਕੁਦਰਤ ਦਾ ਸਿਰਜਣਹਾਰ ਇੱਕੋ ਹੀ ਹੈ। ਉਹ ਕੋਈ ਕਾਲਪਨਿਕ ਨਹੀਂ ਹੈ। ਉਹ ਹੋਂਦ ਰੱਖਦਾ ਹੈ। ਉਹ ਸਦੀਵੀ ਹੈ।
- ਸਿਰਜਣਹਾਰ ਵਿਚ ਬੇਅੰਤ ਗੁਣ ਹਨ, ਜਿਨ੍ਹਾਂ ਵਿਚ ਉਸ ਦਾ ਸਦੀਵੀ ਕਾਇਮ ਰਹਿਣਾ ਅਤੇ ਆਪਣੀ ਸ੍ਰਿਸ਼ਟੀ ਉੱਪਰ ਪੂਰਾ ਕਾਬੂ ਵੀ ਸ਼ਾਮਿਲ ਹੈ।
- ਸਿਰਜਣਹਾਰ ਤੋਂ ਇਲਾਵਾ, ਹੋਰ ਕੋਈ ਵੀ ਨਹੀਂ ਜਾਣਦਾ ਕਿ ਉਸ ਨੇ ਕਦੋਂ ਅਤੇ ਕਿਉਂ ਸ੍ਰਿਸ਼ਟੀ ਦੀ ਰਚਨਾ ਕੀਤੀ।
- ਉਹ ਸਿਰਜਣਹਾਰ ਵਾਹਿਗੁਰੂ ਕਿਸੇ ਪ੍ਰਤੀ ਪੱਖਪਾਤੀ ਨਹੀਂ ਹੁੰਦਾ।
- ਵਾਹਿਗੁਰੂ ਨਿਡਰ ਹੈ।
- ਵਾਹਿਗੁਰੂ ਦੇ ਸਾਹਮਣੇ ਆਦਮੀ ਅਤੇ ਔਰਤਾਂ ਬਰਾਬਰ ਹਨ।
- ਜਨਮ, ਧਰਮ, ਜਾਤ, ਨਸਲ ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਵੀ ਮਨੁੱਖ ਦੂਜੇ ਨਾਲ ਵਧੀਆ (ਉੱਤਮ) ਨਹੀਂ ਹੈ।
- ਉੱਤਮ ਮਨੁੱਖ ਉਹ ਹੈ ਜੋ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਅਗਿਆਨਤਾ ਨੂੰ ਛੱਡਦਾ ਹੈ ਅਤੇ ਦੈਵੀ/ਨੈਤਿਕ/ਗੁਣਵਾਨ ਤਰੀਕੇ ਨਾਲ ਵਿਵਹਾਰ ਕਰਦਾ ਹੈ।
- ਉਹ ਅਕਾਲ ਪੁਰਖ ਵਾਹਿਗੁਰੂ ਨਾ ਤਾਂ ਜਨਮ ਲੈਂਦਾ ਹੈ ਅਤੇ ਨਾ ਹੀ ਮਰਦਾ ਹੈ।
- ਵਾਹਿਗੁਰੂ ਨੂੰ ਜਿਵੇਂ ਭਾਵੇ ਉਹ ਆਪਣੀ ਰਚਨਾ ਨੂੰ ਪਾਲਦਾ ਅਤੇ ਨਸ਼ਟ ਕਰਦਾ ਹੈ।
- ਰਚਨਾ ਅਤੇ ਇਸ ਦੇ ਵਿਨਾਸ਼ ਦੇ ਕਾਰਜ ਲਈ ਕਈ ਵਾਰ ਹੁੰਦੇ ਹਨ।
- ਵਾਹਿਗੁਰੂ ਆਪ ਹੀ ਆਪਣੀ ਸ੍ਰਿਸ਼ਟੀ ਉੱਤੇ ਇਕੱਲਾ ਅਤੇ ਸਰਵਉੱਚ ਹੈ।
- ਉਹ ਸਿਰਜਣਹਾਰ ਨਿਰਗੁਣ ਹੈ। ਇਹ ਉਸ ਦੇ ਹੀ ਵਿਅੱਕਤਿੱਤਵ ਦਾ ਗੁਣ ਹੈ ਕਿ ਉਸ ਤੋਂ ਬਿਨਾਂ ਕੁੱਛ ਵੀ ਨਹੀਂ ਹੈ।
- ਵਾਹਿਗੁਰੂ ਸਰਬ-ਵਿਆਪਕ ਹੈ—ਹਰ ਥਾਂ 'ਤੇ ਅਤੇ ਹਰੇਕ ਅੰਦਰ।
- ਕੁਦਰਤ ਦੇ ਭੇਦ ਮਨੁੱਖ ਦੁਆਰਾ ਲੱਭੇ ਅਤੇ ਖੋਜੇ ਜਾ ਸਕਦੇ ਹਨ। ਪ੍ਰੰਤੂ ਸਿਰਜਣਹਾਰ

ਨੂੰ, ਸਿਵਾਏ ਉਸ ਦੀ ਮਦਦ ਅਤੇ ਰਹਿਨੁਮਾਈ ਦੇ ਜੋ ਸਿਰਜਣਹਾਰ ਨਾਲ ਸਾਂਝ ਵਿਚ ਹੈ ਕਿਸੇ ਵੀ ਤਰੀਕੇ ਨਾਲ ਖੋਜਿਆ ਨਹੀਂ ਜਾ ਸਕਦਾ।

- ਮਨੁੱਖਾ ਜਨਮ ਪ੍ਰਮਾਤਮਾ ਨਾਲ ਮਿਲਾਪ ਦਾ ਇਕ ਸੁਨਹਿਰੀ ਮੌਕਾ ਹੈ।
- ਜਿਸ ਗਿਆਨ ਦੁਆਰਾ, ਪਾਰਬ੍ਰਹਮ ਨੂੰ ਜਾਣਿਆ ਜਾਂਦਾ ਹੈ, ਉਸ ਨੂੰ ਬ੍ਰਹਮ ਗਿਆਨ ਕਹਿੰਦੇ ਹਨ।
- ਜਿਸ ਨੂੰ ਬ੍ਰਹਮ ਗਿਆਨ ਹੁੰਦਾ ਹੈ ਅਤੇ ਜੋ ਬ੍ਰਹਮ ਗਿਆਨ ਸਿਖਾਉਂਦਾ ਹੈ, ਉਸ ਨੂੰ ਸਤਿਗੁਰੂ ਕਹਿੰਦੇ ਹਨ।
- ਸਤਿਗੁਰੂ, ਪਾਰਬ੍ਰਹਮ ਨਾਲ ਸਦੀਵੀ ਮਿਲਾਪ ਵਿਚ ਹੁੰਦਾ ਹੈ। ਉਹ ਇਸ ਜਨਮ ਅਤੇ ਅਗਲੇ ਜਨਮ ਵਿਚ ਵੀ ਪਾਰਬ੍ਰਹਮ ਨਾਲ ਮਿਲਾਪ ਵਿਚ ਰਹਿੰਦਾ ਹੈ।
- ਬ੍ਰਹਮ ਗਿਆਨ ਕੇਵਲ ਸਤਿਗੁਰੂ ਤੋਂ ਹੀ ਹਾਸਿਲ ਕੀਤਾ ਜਾ ਸਕਦਾ ਹੈ।
- ਪ੍ਰਮਾਤਮਾ ਦੀ ਇੱਛਾ ਅਤੇ ਮਿਹਰ ਨਾਲ ਹੀ ਮਨੁੱਖ ਸਤਿਗੁਰੂ ਦਾ ਸੱਚਾ ਸਿੱਖ ਬਣਦਾ ਹੈ।
- ਸਤਿਗੁਰੂ ਦੀ ਮਦਦ ਨਾਲ ਹੀ ਮਨੁੱਖ ਪਾਰਬ੍ਰਹਮ ਨਾਲ ਮਿਲ ਸਕਦਾ ਹੈ।
- ਪ੍ਰਮਾਤਮਾ ਨਾਲ ਮਿਲਾਪ ਤੋਂ ਬਗੈਰ, ਹਰੇਕ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਫਸਿਆ ਹੋਇਆ ਹੈ।
- ਪਾਰਬ੍ਰਹਮ ਨਾਲ ਮਿਲਾਪ ਕਰਕੇ ਹੀ ਮਨੁੱਖ ਸਦੀਵੀ ਮੁਕਤੀ, ਸ਼ਾਂਤੀ ਅਤੇ ਪ੍ਰਸੰਨਤਾ ਦਾ ਆਨੰਦ ਮਾਣਦਾ ਹੈ।
- ਪ੍ਰਮਾਤਮਾ ਨਾਲ ਮਿਲਾਪ ਉਦੋਂ ਹੁੰਦਾ ਹੈ ਜਦੋਂ ਮਨੁੱਖ, ਸਿਰਜਣਹਾਰ ਅਤੇ ਸਤਿਗੁਰੂ ਦੀ ਮਿਹਰ ਨਾਲ ਅਹੰਕਾਰ ਅਤੇ ਦੋਗਲਾਪਨ ਤਿਆਗਦਾ ਹੈ।
- ਜਦੋਂ ਮਨੁੱਖ ਦੀ ਨਿਮਰਤਾ, ਪਿਆਰ, ਸਤਿਕਾਰ, ਆਭਾਰ, ਅਰਦਾਸ, ਖਾਹਿਸ਼ਾਂ ਅਤੇ ਨਾਤਾ-ਆਤਮਿਅਤਾ ਅਤੇ ਲਗਾਓ ਭਾਵਨਾਵਾਂ, ਸਿਰਜਣਹਾਰ ਪ੍ਰਤੀ ਸ਼ਿਖਰ 'ਤੇ ਹੁੰਦੀਆਂ ਹਨ, ਤਦ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।
- ਸਤਿਗੁਰੂ ਅਤੇ ਉਸ ਦੇ ਸਿੱਖ ਤੋਂ ਇਲਾਵਾ, ਹਰ ਕੋਈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਿਚ ਲਿਪਤ ਹੈ।
- ਅਗਲੇ ਜਨਮ ਵਿਚ ਹਰ ਕਿਸੇ ਨੇ ਆਪਣੇ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਦੇਣਾ ਹੁੰਦਾ ਹੈ।
- ਜੀਵਨ ਵਿਚ ਕੀਤੇ ਕਰਮਾਂ ਦੇ ਮਨੁੱਖ ਦੇ ਮਨ 'ਤੇ ਪਏ ਪ੍ਰਭਾਵ ਜਨਮ-ਮਰਨ ਦੇ ਚੱਕਰ ਦਾ ਕਾਰਣ ਬਣਦੇ ਹਨ।
- ਡਰ, ਦੁੱਖ ਅਤੇ ਦਰਦ, ਸਿਰਫ਼ ਪ੍ਰਮਾਤਮਾ ਨਾਲ ਮੇਲ ਨਾਲ ਹੀ ਖ਼ਤਮ ਹੁੰਦੇ ਹਨ।

- ਸਤਿਗੁਰੂ ਦੇ ਸੱਚੇ ਸਿੱਖਾਂ ਦੀ ਸੰਗਤ, ਮਨੁੱਖ ਦੇ ਸਿਰਜਣਹਾਰ ਨਾਲ ਭਾਵਨਾਤਮਕ ਸੰਬੰਧ ਹੋਰ ਮਜ਼ਬੂਤ ਬਣਾ ਦਿੰਦੀ ਹੈ।
- ਸਤਿਗੁਰੂ ਦੇ ਗਿਆਨ ਤੋਂ ਬੇਖ਼ਬਰ ਰਹਿ ਕੇ ਮਨੁੱਖ ਝੂਠ, ਭਰਮ ਅਤੇ ਜ਼ਹਿਰੀਲੇ ਲੁਭਾਵਣਾਂ ਤੋਂ ਬਚ ਨਹੀਂ ਸਕਦਾ ਅਤੇ ਨਾ ਹੀ ਉਹਨਾਂ 'ਤੇ ਕਾਬੂ ਪਾ ਸਕਦਾ ਹੈ।
- ਪ੍ਰਮਾਤਮਾ ਦੀ ਭਗਤੀ ਪ੍ਰਮਾਤਮਾ ਦੀ ਦਾਤ ਹੈ। ਕੋਈ ਵਿਰਲਾ ਮਨੁੱਖ ਹੀ ਇਸ ਦਾਤ ਨਾਲ ਪੈਦਾ ਹੁੰਦਾ ਹੈ। ਬਾਕੀ ਕਈਆਂ ਨੂੰ ਇਹ ਦਾਤ ਗੁਰੂ ਦੇ ਗਿਆਨ ਨਾਲ ਅਧਿਆਤਮਿਕ ਤੌਰ 'ਤੇ ਉੱਪਰ ਉੱਠਣ ਨਾਲ ਪ੍ਰਾਪਤ ਹੁੰਦੀ ਹੈ।
- ਪਾਰਬ੍ਰਹਮ ਦੀ ਭਗਤੀ ਦੀ ਦਾਤ ਨਾਲ ਉਸ ਦੇ ਨਾਮ ਅੰਮ੍ਰਿਤ ਦੀ ਦਾਤ ਵੀ ਪ੍ਰਾਪਤ ਹੁੰਦੀ ਹੈ, ਜਿਸ ਦੇ ਆਨੰਦ ਦਾ ਕੋਈ ਮੁਕਾਬਲਾ ਨਹੀਂ ਹੈ।
- ਮਨ ਸਹਿਜ ਅਵਸਥਾ ਉਦੋਂ ਹਾਸਿਲ ਕਰਦਾ ਹੈ, ਜਦੋਂ ਪਾਰਬ੍ਰਹਮ ਦੀ ਪੂਜਾ— ਪ੍ਰਮਾਤਮਾ ਦਾ ਸਿਮਰਨ, ਸਰਲ ਆਪਣੇ ਆਪ, ਨਿਰੰਤਰ ਦਿਨ ਰਾਤ, ਬਿਨਾਂ ਕਿਸੇ ਰੁਕਾਵਟ ਤੋਂ, ਬਿਨਾਂ ਕਿਸੇ ਸ਼ੱਕ ਤੋਂ, ਅਤੇ ਦੋਗਲੇਪਨ ਤੋਂ ਮੁਕਤ ਹੁੰਦਾ ਹੈ। 'ਸਹਿਜ' ਉਦੋਂ ਆਉਂਦਾ ਹੈ ਜਦੋਂ ਸ਼ਰਧਾਲੂ ਦਾ ਰਚਨਾਕਾਰ ਨਾਲ ਸਦੀਵੀ ਮਿਲਾਪ ਹੁੰਦਾ ਹੈ।
- ਉਹ ਜੋ ਸਿਰਜਣਾ ਕਰਨ ਵਾਲਾ, ਪਾਲਣਹਾਰਾ, ਨਾਸ ਕਰਨ ਵਾਲਾ ਹੈ ਅਤੇ ਜਿਸ ਦੀ ਸਾਰੀ ਸ੍ਰਿਸ਼ਟੀ 'ਤੇ ਹਕੂਮਤ ਚੱਲਦੀ ਹੈ, ਉਹ ਦਇਆਵਾਨ, ਮੁਆਫ਼ ਕਰਨ ਵਾਲਾ ਅਤੇ ਮੁਕਤੀ ਦੇਣ ਵਾਲਾ ਹੈ। ਜੇ ਉਹ ਚਾਹੇ, ਤਾਂ ਹੀ ਉਹ ਪਾਪੀਆਂ ਨੂੰ ਮੁਕਤੀ ਦਿੰਦਾ ਹੈ।
- ਸਤਿਗੁਰੂ ਆਪਣੇ ਸਿੱਖ ਅੰਦਰ ਪ੍ਰਮਾਤਮਾ ਪ੍ਰਤੀ ਵਿਸ਼ਵਾਸ ਹੋਰ ਵਧਾਉਂਦਾ ਹੈ। ਉਹ ਪ੍ਰਮਾਤਮਾ ਪ੍ਰਤੀ ਆਪਣੀ ਸਿੱਖ ਦੇ ਵਿਸ਼ਵਾਸ ਨੂੰ ਕਾਇਮ ਰੱਖਦਾ ਹੈ।
- ਸਤਿਗੁਰੂ ਦੇ ਉਪਦੇਸ਼, ਗੁਰੂ ਲਈ ਇਹ ਲਾਜ਼ਮੀ ਕਰਦੇ ਹਨ ਕਿ ਉਹ ਆਪਣੇ ਸਿੱਖ ਨੂੰ ਉਹਨਾਂ ਉਪਦੇਸ਼ਾਂ ਦੀ ਮਾਨਤਾ ਦਿਖਾਵੇ। ਗੁਰੂ ਆਪਣੇ ਸਿੱਖ ਨੂੰ ਉਹਨਾਂ ਬ੍ਰਹਮ ਗਿਆਨ ਦੇ ਉਪਦੇਸ਼ਾਂ ਮੁਤਾਬਕ ਜੀਵਨ ਜਿਉਣ ਵਿਚ ਸਹਾਇਤਾ ਕਰਦਾ ਹੈ।
- ਮੌਲਿਕ ਸੱਚਾਈਆਂ ਦੋ ਹਨ :—(1) ਸਿਰਜਣਹਾਰ (2) ਰਚਨਾ। ਸਿਰਜਣਹਾਰ ਸਦੀਵੀ ਕਾਇਮ ਰਹਿੰਦਾ ਹੈ। ਰਚਨਾ ਸਦਾ ਕਾਇਮ ਨਹੀਂ ਰਹਿੰਦੀ। ਰਚਨਾ ਦ੍ਰਿਸ਼ ਦਿਖਾਈ ਦਿੰਦੀ ਹੈ। ਸਿਰਜਣਹਾਰ ਅਦ੍ਰਿਸ਼ ਹੈ। ਰਚਨਾ ਦੀ ਹੋਂਦ ਸਿਰਜਣਹਾਰ ਕਰਕੇ ਹੈ। ਸਿਰਜਣਹਾਰ ਆਪਣੇ ਆਪ ਕਾਰਣ ਹੋਂਦ ਵਿਚ ਹੈ।
- ਕਿਸੇ ਵੀ ਮਨੁੱਖ ਲਈ ਉਹਨਾਂ ਤਾਕਤਾਂ ਤੋਂ ਬਚਣਾ ਅਸੰਭਵ ਹੈ, ਜੋ ਪ੍ਰਮਾਤਮਾ ਨੇ ਸ੍ਰਿਸ਼ਟੀ ਚਲਾਉਣ ਲਈ ਲਗਾਈਆਂ ਹੋਈਆਂ ਹਨ। ਜੇ ਕੋਈ ਮਨੁੱਖ, ਪ੍ਰਮਾਤਮਾ ਨਾਲ ਜੁੜਨਾ ਚਾਹੁੰਦਾ ਹੈ ਤਾਂ ਫਿਰ ਮਨੁੱਖ ਨੂੰ ਪ੍ਰਮਾਤਮਾ ਦਾ ਭਾਣਾ (ਰਜ਼ਾ, ਹੁਕਮ)

ਅਤੇ ਉਹਨਾਂ ਤਾਕਤਾਂ, ਜੋ ਪ੍ਰਮਾਤਮਾ ਨੇ ਸ੍ਰਿਸ਼ਟੀ ਚਲਾਉਣ ਲਈ ਲਗਾਈਆਂ ਹਨ, ਦੇ ਪ੍ਰਤੀ ਆਗਿਆਕਾਰੀ ਰਹਿਣਾ ਪਵੇਗਾ।

- ਮਦਦ ਤੋਂ ਬਿਨਾਂ ਕੋਈ ਵੀ ਪ੍ਰਮਾਤਮਾ ਨਾਲ ਜੁੜ ਨਹੀਂ ਸਕਦਾ। ਇਸ ਮਾਮਲੇ ਵਿਚ ਸਿਰਫ ਸਤਿਗੁਰੂ ਹੀ ਮਦਦਗਾਰ ਹੁੰਦਾ ਹੈ। ਪ੍ਰਮਾਤਮਾ, ਸਤਿਗੁਰੂ ਪੈਦਾ ਕਰਦਾ ਹੈ। ਉਸ ਦੀ ਕ੍ਰਿਪਾ ਨਾਲ ਪ੍ਰਮਾਤਮਾ, ਸਤਿਗੁਰੂ ਅਤੇ ਉਸ ਮਨੁੱਖ ਨੂੰ ਮਿਲਾਉਂਦਾ ਹੈ।
- ਸਿਰਜਣਹਾਰ ਹੀ ਸਦੀਵੀ ਸੱਚਾਈ ਹੈ ਅਤੇ ਰਚਨਾ ਦੀ ਸੀਮਤ ਸੱਚਾਈ ਦਾ ਕਾਰਣ ਹੈ। ਗੁਰੂ ਇਕ ਸਦੀਵੀ ਸੱਚਾਈ ਹੈ ਅਤੇ ਸਿੱਖਾਂ ਨੂੰ ਸਿਰਜਣਹਾਰ ਨਾਲ ਮਿਲਾ ਕੇ ਉਹਨਾਂ ਨੂੰ ਸੰਤ ਬਣਾਉਣ ਦਾ ਕਾਰਣ ਵੀ ਹੈ।
- ਸਿਰਜਣਹਾਰ, ਆਪਣੇ ਸਾਰੇ ਗੁਣਾਂ ਸਮੇਤ ਸਰਬ-ਵਿਆਪਕ ਹੈ। ਸਤਿਗੁਰੂ ਆਪਣੇ ਸਰਬ-ਗੁਣਾਂ ਨਾਲ ਸਰਬ-ਵਿਆਪਕ ਹੈ। ਜਦੋਂ ਵੀ ਅਤੇ ਜਿੱਥੇ ਵੀ, ਸੇਵਕ ਨੂੰ ਲੋੜ ਹੁੰਦੀ ਹੈ, ਸਿਰਜਣਹਾਰ ਹਾਜ਼ਰ ਹੁੰਦਾ ਹੈ। ਜਦੋਂ ਵੀ ਅਤੇ ਜਿੱਥੇ ਵੀ ਸਿੱਖ ਨੂੰ ਲੋੜ ਹੁੰਦੀ ਹੈ, ਸਤਿਗੁਰੂ ਮੌਜੂਦ ਹੁੰਦਾ ਹੈ।
- ਸਭ ਤੋਂ ਪਹਿਲਾਂ ਤਾਂ ਉਸ ਨਾਲ (ਪ੍ਰਮਾਤਮਾ ਨਾਲ) ਜੁੜਨ ਲਈ ਮਨੁੱਖ ਉਤੇ, ਉਸ ਦੀ ਮਿਹਰ ਹੋਣੀ ਜ਼ਰੂਰੀ ਹੈ। ਇਸ ਦਾ ਭਾਵ ਹੈ ਕਿ ਉਸ ਦੀ ਮਿਹਰ ਲਈ ਮਨੁੱਖ ਨੂੰ ਪ੍ਰਮਾਤਮਾ ਅੱਗੇ ਨਿਮਾਣਾ ਹੋਣਾ ਚਾਹੀਦਾ ਹੈ। ਦੂਸਰੇ, ਪ੍ਰਮਾਤਮਾ ਦੀ ਮਿਹਰ ਨਾਲ, ਮਨੁੱਖ, ਸਤਿਗੁਰੂ ਦਾ ਸਿੱਖ ਹੋਣਾ ਚਾਹੀਦਾ ਹੈ। ਫਿਰ ਸਿੱਖ ਗੁਰੂ ਕੋਲੋਂ ਪ੍ਰਮਾਤਮਾ ਨਾਲ ਮਿਲਾਪ ਬਾਰੇ ਉਪਦੇਸ਼ ਲੈਂਦਾ ਹੈ। ਸਿੱਖੀ ਦੌਰਾਨ, ਮਨੁੱਖ ਬ੍ਰਹਮ ਗਿਆਨ ਦਾ ਉਪਦੇਸ਼ ਲੈਂਦਾ ਹੈ ਅਤੇ ਪ੍ਰਮਾਤਮਾ ਨਾਲ ਮਿਲਾਪ ਦੇ ਤਰਕ-ਸੰਗਤ ਅਤੇ ਭਾਵਨਾਤਮਕ ਤੱਤਾਂ ਬਾਰੇ ਜਾਣੂ ਹੁੰਦਾ ਹੈ।
- ਗੁਰਬਾਣੀ ਦੀਆਂ ਪੰਕਤੀਆਂ ਵੀ ਪ੍ਰਮਾਤਮਾ ਪ੍ਰਤੀ ਪੂਰੇ ਪਿਆਰ ਅਤੇ ਸਤਿਕਾਰ ਨਾਲ ਮਨੋਂ ਨਿਕਲਦੀਆਂ ਹਨ। ਪ੍ਰਮਾਤਮਾ ਦਾ ਸੇਵਕ ਜਾਂ ਗੁਰੂ ਦਾ ਸਿੱਖ ਵੀ ਉਹ ਤੁੱਕਾਂ ਉਸੇ ਭਾਵਨਾ ਨਾਲ ਬੋਲਣ ਜਾਂ ਗਾਉਣ ਦੇ ਕਾਬਿਲ ਹੋਣਾ ਚਾਹੀਦਾ ਹੈ।
- ਜਿਵੇਂ ਕਿਸੇ ਚੀਜ਼ ਜਿਵੇਂ ਦੌਲਤ ਦੀ ਖਾਹਿਸ਼ ਦੀ ਪੂਰਤੀ ਦੇ ਨਾਲ ਹੀ, ਉਸ ਨੂੰ ਹੋਰ ਹਾਸਲ ਕਰਨ ਦੀ ਲਾਲਸਾ ਵੱਧਦੀ ਜਾਂਦੀ ਹੈ, ਇਸੇ ਤਰ੍ਹਾਂ ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਮਿਲਾਪ ਨਾਲ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸਮਰਪਣ ਹੋਰ ਵੱਧਦਾ ਜਾਂਦਾ ਹੈ। ਆਖਿਰਕਾਰ ਇਹ ਲਾਲਸਾ ਬਹੁਤ ਜ਼ਿਆਦਾ ਤਾਕਤਵਰ ਹੋ ਜਾਂਦੀ ਹੈ।
- ਗੁਰਮਤਿ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬ੍ਰਹਮ ਗਿਆਨ—ਸਿੱਖ ਦੇ ਮਨ ਵਿਚ ਸ਼ਕਤੀਸ਼ਾਲੀ ਭਾਵਨਾਵਾਂ ਬਿਰਾਜਮਾਨ ਕਰਦਾ ਹੈ। ਇਹ ਭਾਵਨਾਵਾਂ, ਮਨਮੁਖ ਦੀਆਂ ਦੂਜੀਆਂ ਅਜੇਤੂ ਅਤੇ ਤਾਕਤਵਰ ਭਾਵਨਾਵਾਂ ਨੂੰ ਦਬਾ ਦਿੰਦੀ ਹੈ। ਇਸ ਪਿਛੋਂ ਸੇਵਕ ਦਾ ਮਨ ਹਮੇਸ਼ਾ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਸਤਿਕਾਰ ਅਤੇ

ਪਿਆਰ ਭਰਿਆ ਰਹਿੰਦਾ ਹੈ। ਮਾਇਆ ਦੀਆਂ ਸ਼ਕਤੀਆਂ ਉਸ ਨੂੰ ਮਾੜੇ ਕਰਮਾਂ ਵੱਲ ਨਹੀਂ ਧਕੇਲਦੀਆਂ।

- ਨਾਮ-ਸਿਮਰਨ, ਪ੍ਰਮਾਤਮਾ ਦੀ ਭਗਤੀ ਦਾ ਪ੍ਰਗਟਾਉ ਹੈ। ਇਹ ਗੁਰਬਾਣੀ ਦਾ ਕੀਰਤਨ ਸੁਨਣ, ਪੜ੍ਹਨ, ਗਾਉਣ, ਸਮਝਣ ਅਤੇ ਧਿਆਉਣ ਨਾਲ ਹੋਰ ਵਧੀਆ ਤਰ੍ਹਾਂ ਹੁੰਦਾ ਹੈ। ਸ਼ਬਦ ਗਾਉਣੇ ਅਤੇ ਗੁਰਬਾਣੀ ਦਾ ਕੀਰਤਨ ਸੁਨਣਾ, ਨਾਮ-ਸਿਮਰਨ ਦੇ ਸਭ ਤੋਂ ਸ੍ਰੇਸ਼ਟ ਤਰੀਕੇ ਹਨ।
- ਹਰ ਸ਼ਬਦ ਦੇ ਸਹੀ ਅਰਥ ਨੂੰ ਚੰਗੀ ਤਰ੍ਹਾਂ ਸਮਝਣ ਦੇ ਲਈ, ਗੁਰਬਾਣੀ ਦੇ ਸ਼ਬਦ ਵਿਚਲੀਆਂ ਤਾਕਤਵਰ ਭਾਵਨਾਵਾਂ, ਤਾਕਤਵਰ ਭਾਵਨਾਵਾਂ ਦੀ ਸ਼ਲਾਘਾ ਕਰਨੀ ਜ਼ਰੂਰੀ ਹੈ। ਅਜਿਹੀ ਸਮਝ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਨਿਰੰਤਰ ਸਿੱਖੀ ਦੀ ਭਾਵਨਾ ਨੂੰ ਕਾਇਮ ਰੱਖਣ ਨਾਲ ਆਉਂਦੀ ਹੈ।
- ਗੁਰੂ ਅਣਗਿਣਤ ਗੁਣਾਂ ਵਾਲੇ ਪ੍ਰਮਾਤਮਾ ਨੂੰ ਸਪੱਸ਼ਟ ਰੂਪ ਵਿਚ ਜਾਣਦਾ ਹੈ।
- ਪ੍ਰਮਾਤਮਾ ਨੂੰ ਜਾਨਣ ਵਿਚ ਗੁਰੂ ਹੀ ਆਪਣੇ ਸਿੱਖਾਂ ਦਾ ਸਹਾਈ ਹੁੰਦਾ ਹੈ।
- ਕੇਵਲ ਸਤਿਗੁਰੂ ਹੀ ਪ੍ਰਮਾਤਮਾ ਦੀ ਸੱਚਾਈ ਨੂੰ ਜਾਨਣ ਅਤੇ ਅਨੁਭਵ ਕਰਨ ਵਿਚ ਮਦਦ ਕਰ ਸਕਦਾ ਹੈ।
- ਪ੍ਰਮਾਤਮਾ ਨਾਲ ਮਿਲਾਪ ਦਾ ਇੱਕੋ-ਇਕ ਸਾਧਨ ਬ੍ਰਹਮ ਗਿਆਨ ਹੈ।
- ਪ੍ਰਮਾਤਮਾ ਦੇ ਉਹ ਗੁਣ, ਜੋ ਉਸ ਦੀ ਮਿਹਰ ਨਾਲ ਸੰਬੰਧਿਤ ਹਨ (ਜਿਵੇਂ ਕਿ ਮੁਆਫ਼ ਕਰਨਾ, ਮੁਕਤੀ ਦੇਣਾ, ਦਇਆ, ਪਿਆਰ ਅਤੇ ਅਰਜ਼ੋਈ ਦਾ ਉੱਤਰ ਦੇਣਾ), ਸੇਵਕ ਨੂੰ ਪ੍ਰਮਾਤਮਾ ਦੇ ਨਿਕਟ ਲੈ ਆਉਂਦੇ ਹਨ।
- ਗੁਰੂ ਦੀਆਂ ਸਿੱਖਿਆਵਾਂ, ਉਸ ਦੇ ਸਿੱਖ ਦੀ ਬੁੱਧੀ ਅਤੇ ਭਾਵਨਾਵਾਂ ਉਤੇ ਬਹੁਤ ਗਹਿਰਾ ਅਸਰ ਛੱਡਦੀਆਂ ਹਨ।
- ਪ੍ਰਮਾਤਮਾ ਦਾ ਅਟੱਲ ਰਾਜ ਇਸ ਲੋਕ ਅਤੇ ਪਰਲੋਕ, ਦੋਨਾਂ ਉੱਪਰ ਚੱਲਦਾ ਹੈ।
- ਜਨਮ-ਮਰਨ ਦੇ ਚੱਕਰ ਵਿਚ ਸੱਚਾਈ ਹੈ।
- ਪ੍ਰਮਾਤਮਾ ਹਰ ਇਕ ਦੇ ਚੰਗੇ ਮਾੜੇ ਕਰਮਾਂ ਦਾ ਮੁਲਾਂਕਣ ਕਰਦਾ ਹੈ।
- ਸੱਚਾਈਆਂ ਦੋ ਤਰ੍ਹਾਂ ਦੀਆਂ ਹਨ : ਆਰਜ਼ੀ ਅਤੇ ਸਦੀਵੀ।
- ਆਰਜ਼ੀ ਸੱਚਾਈ ਨਜ਼ਰ ਆਉਂਦੀ ਹੈ ਅਤੇ ਇੰਦ੍ਰੀਆਂ ਨਾਲ ਜਾਣੀ ਜਾ ਸਕਦੀ ਹੈ। ਸਦੀਵੀ ਸੱਚਾਈ ਕੇਵਲ ਸੰਤਾਂ ਨੂੰ ਨਜ਼ਰ ਆਉਂਦੀ ਹੈ। ਇਹ ਇੰਦ੍ਰੀਆਂ ਨਾਲ ਨਹੀਂ ਜਾਣੀ ਜਾਂਦੀ।
- ਪ੍ਰਮਾਤਮਾ ਦਾ ਅਨੁਭਵ ਕੇਵਲ ਸੰਤਾਂ ਨੂੰ ਹੁੰਦਾ ਹੈ।

ਅਧਿਆਇ 7
ਸਿੱਖ ਗੁਰੂਆਂ ਦੇ ਉਪਦੇਸ਼ਾਂ ਦੀ ਸੂਚੀ

ਉਪਦੇਸ਼ਾਂ ਦੀ ਲੜੀਵਾਰ ਸੂਚੀ ਹੇਠਾਂ ਲਿਖੀ ਹੈ। ਉਮੀਦ ਹੈ ਕਿ ਇਹ ਸੰਯੁਕਤ ਸੂਚੀ, ਕਿਸੇ ਖਾਸ ਉਪਦੇਸ਼ ਨੂੰ, ਜਿਸ ਨੂੰ ਉਹ ਸਮਝਣਾ ਚਾਹੁੰਦਾ ਹੈ, ਚੁਣ ਕੇ ਅਤੇ ਫਿਰ ਉਸ ਨਾਲ ਸੰਬੰਧਿਤ ਪਾਠ ਵਿੱਚੋਂ ਉਸ ਉਪਦੇਸ਼ ਬਾਰੇ ਪੜ੍ਹ ਕੇ ਹਵਾਲਾ ਦੇਣ ਲਈ ਪਾਠਕ ਲਈ ਮਦਦਗਾਰ ਹੋਵੇਗਾ।

1. ਪ੍ਰਮਾਤਮਾ ਹਾਜ਼ਰ-ਨਾਜ਼ਰ ਹੈ। ਉਹ ਕੇਵਲ ਉਸ ਦੀ ਮਿਹਰ ਨਾਲ ਗੁਰੂ ਦੀਆਂ ਸਿੱਖਿਆਵਾਂ ਸਦਕਾ ਜਾਣਿਆ ਜਾ ਸਕਦਾ ਹੈ।
2. ਪ੍ਰਮਾਤਮਾ ਨਾਲ ਮਿਲਾਪ ਲਈ ਸਾਰੀ ਸ੍ਰਿਸ਼ਟੀ ਉਤੇ ਉਸ ਦੇ ਸੰਪੂਰਨ ਰਾਜ ਨੂੰ ਸਵੀਕਾਰੋ।
3. ਪ੍ਰਮਾਤਮਾ ਦੀ ਉਸ ਦੀ ਸ੍ਰਿਸ਼ਟੀ ਉੱਪਰ, ਸਰਵ-ਉੱਚਤਾ ਨੂੰ ਮੰਨ ਕੇ ਹੀ ਅਹੰਕਾਰ ਉਤੇ ਕਾਬੂ ਪਾਇਆ ਜਾ ਸਕਦਾ ਹੈ।
4. ਪ੍ਰਮਾਤਮਾ ਦੇ ਭਾਣੇ ਨਾਲ ਹੀ ਸਭ ਵਾਪਰਦਾ ਹੈ।
5. ਪ੍ਰਮਾਤਮਾ ਪਿਆਰ ਦੀ ਭਾਸ਼ਾ ਨਾਲ ਗੱਲਬਾਤ ਕਰਦਾ ਹੈ।
6. ਪ੍ਰਮਾਤਮਾ ਦੀ ਸਵੈ-ਹੋਂਦ ਹੈ। ਉਹ ਆਪਣੇ ਆਪ ਦੇ ਕਾਰਣ ਹੀ ਹੋਂਦ ਵਿਚ ਹੈ।
7. ਪ੍ਰਮਾਤਮਾ, ਸਤਿਗੁਰੂ ਅਤੇ ਉਸ ਦੇ ਸਿੱਖਾਂ ਵੱਲ ਖਾਸ ਨਜ਼ਰ ਰੱਖਦਾ ਹੈ।
8. ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ।
9. ਪ੍ਰਮਾਤਮਾ, ਮਨੁੱਖ ਦੀਆਂ ਦੁਨਿਆਵੀ ਵਿਸ਼ੇਸ਼ਤਾਈਆਂ ਨਾਲ ਪ੍ਰਭਾਵਿਤ ਨਹੀਂ ਹੁੰਦਾ।
10. ਗੁਰੂ ਆਪਣੇ ਸਿੱਖ ਨੂੰ ਕਈ ਨੇਕ ਸਬਕ ਸਿਖਾਉਂਦਾ ਹੈ।
11. ਪ੍ਰਮਾਤਮਾ ਨਾਲ ਪਿਆਰ, ਸ਼ਰਧਾਲੂ ਦੇ ਮਨ ਵਿਚ ਬਹੁਤ ਸਾਰੀਆਂ ਸਨਮਾਨਯੋਗ

ਤਬਦੀਲੀਆਂ ਲਿਆਉਂਦਾ ਹੈ।

12. ਪ੍ਰਮਾਤਮਾ ਆਪਣੇ ਖਾਸ ਲੋਕਾਂ ਨੂੰ ਉੱਪਰ ਉਠਾਉਂਦਾ ਹੈ।

13. ਪ੍ਰਮਾਤਮਾ ਦੇ ਇਕ ਹੁਕਮ ਨਾਲ ਹੀ ਇਹ ਸ੍ਰਿਸ਼ਟੀ ਹੋਂਦ ਵਿਚ ਆਈ। ਪ੍ਰਮਾਤਮਾ ਦੇ ਹੁਕਮ ਨੂੰ ਕੋਈ ਟਾਲ ਨਹੀਂ ਸਕਦਾ।

14. ਪ੍ਰਮਾਤਮਾ ਦੀ ਮਿਹਰ ਨਾਲ ਪਾਪ ਧੋਤੇ ਜਾਂਦੇ ਹਨ।

15. ਪ੍ਰਮਾਤਮਾ ਦੀ ਮਿਹਰ ਸਦਕਾ ਹੀ ਉਹ ਭਗਤੀ ਦੇ ਕਾਬਿਲ ਹੁੰਦਾ ਹੈ।

16. ਪ੍ਰਮਾਤਮਾ ਦੀ ਸ੍ਰਿਸ਼ਟੀ ਦੀ ਉਤਪਤੀ ਕੋਈ ਨਹੀਂ ਜਾਣਦਾ।

17. ਪ੍ਰਮਾਤਮਾ ਦੀ ਸ੍ਰਿਸ਼ਟੀ ਵਿਚ ਬ੍ਰਹਿਮੰਡ ਉੱਪਰ ਬ੍ਰਹਿਮੰਡ ਹੈ।

18. ਪ੍ਰਮਾਤਮਾ ਨਿਮਾਣਿਆਂ ਦਾ ਮਾਣ ਕਰਦਾ ਹੈ।

19. ਪ੍ਰਮਾਤਮਾ ਦੀ ਦਿਆਲਤਾ ਦਾ ਅੰਤ ਕੋਈ ਨਹੀਂ ਜਾਣ ਸਕਦਾ।

20. ਪ੍ਰਮਾਤਮਾ ਦੀ ਮਿਹਰ ਬੇਅੰਤ ਹੈ।

21. ਪ੍ਰਮਾਤਮਾ ਨਾਲ ਜੁੜੀ ਹਰ ਗੱਲ ਅਨਮੋਲ ਅਤੇ ਅਦਭੁੱਤ ਹੈ।

22. ਪ੍ਰਮਾਤਮਾ ਦਾ ਸਦੀਵੀ ਸ਼ਕਤੀ ਵਾਲਾ ਸਥਾਨ ਇਕ ਭੇਤ ਹੈ। ਅਣਗਿਣਤ ਲੋਕ ਉਸ ਦੀ ਸਿਫ਼ਤ-ਸਾਲਾਹਿ ਕਰਦੇ ਹਨ।

23. ਬ੍ਰਹਮ ਗਿਆਨ ਵਿਸ਼ੇਸ਼ ਹੈ।

24. ਵਿਸ਼ਵਾਸ, ਬ੍ਰਹਮ ਗਿਆਨ, ਦਇਆ ਅਤੇ ਪ੍ਰਮਾਤਮਾ ਦੀ ਸਰਵਉੱਚਤਾ ਸਿਖਾਉਣ ਵਾਲਾ ਹੋਣਾ ਚਾਹੀਦਾ ਹੈ।

25. ਉਸ ਪਰਿਪੂਰਨ ਹਸਤੀ ਵਿਚ ਕੁੱਛ ਵੀ ਅਪੂਰਨ ਨਹੀਂ ਹੈ।

26. ਪ੍ਰਮਾਤਮਾ ਦੀ ਮਿਹਰ ਨਾਲ ਹੀ ਸੇਵਕ ਦਾ ਉਸ ਨਾਲ ਮਿਲਾਪ ਹੁੰਦਾ ਹੈ।

27. ਪ੍ਰਮਾਤਮਾ ਹੀ ਸਭ ਕਾਰਣਾਂ ਦਾ ਕਾਰਣ—ਮਹਾਨ ਕਾਰਣ ਹੈ।

28. ਪ੍ਰਮਾਤਮਾ ਸਕ੍ਰਿਅਤਾ ਨਾਲ ਆਪਣੀ ਸ੍ਰਿਸ਼ਟੀ ਵਿਚ ਰੁੱਝਾ ਹੋਇਆ ਹੈ।

29. ਧਾਰਮਿਕ ਜੀਵਨ ਦਾ ਸਾਰ, ਪ੍ਰਮਾਤਮਾ ਦਾ ਨਾਮ ਅੰਮ੍ਰਿਤ ਗ੍ਰਹਿਣ ਕਰਨਾ ਹੈ।

30. ਸਭ ਤੋਂ ਯੋਗ, ਸਾਰਥਕ ਅਤੇ ਲਾਭਕਾਰੀ ਕਿਰਤ, ਪੂਰੀ ਸ਼ਰਧਾ ਨਾਲ ਪ੍ਰਮਾਤਮਾ ਦਾ ਨਾਮ ਸਿਮਰਨਾ ਹੈ।

31. ਪ੍ਰਮਾਤਮਾ ਦੀ ਹੋਂਦ ਹੈ। ਪ੍ਰਮਾਤਮਾ ਤੋਂ ਹੀ ਬਾਕੀ ਸਭ ਕੁੱਛ ਹੋਂਦ ਵਿਚ ਆਇਆ।

32. ਪ੍ਰਮਾਤਮਾ ਦੀ ਸਦੀਵੀ ਸ਼ਕਤੀ ਦਾ ਸਥਾਨ ਇਕ ਭੇਤ ਹੈ।

33. ਪ੍ਰਮਾਤਮਾ ਦੀ ਮਹਾਨਤਾ ਮਾਪਣ ਦੀ ਸਮਝ ਕਿਸੇ ਵਿਚ ਵੀ ਨਹੀਂ ਹੈ।

34. ਪ੍ਰਮਾਤਮਾ ਨੂੰ ਸਿਮਰ ਕੇ ਹੀ ਸ਼ਾਂਤੀ ਅਤੇ ਪ੍ਰਸੰਨਤਾ ਦਾ ਅਨੁਭਵ ਹੁੰਦਾ ਹੈ।

35. ਝੂਠ ਦੇ ਫੰਦੇ ਤੋਂ ਬਚਣ ਦਾ ਇੱਕੋ-ਇੱਕ ਤਰੀਕਾ, ਉਹਨਾਂ ਕੋਲੋਂ ਸਿੱਖਿਆ ਲੈਣਾ ਹੈ, ਜੋ ਪ੍ਰਮਾਤਮਾ ਨੂੰ ਧਿਆਉਂਦੇ ਹਨ।

36. ਮੌਤ ਨਿਸ਼ਚਿਤ ਹੈ।

37. ਸਿਰਫ਼ ਸਤਿਗੁਰੂ ਹੀ ਸੱਚ ਦਾ ਗਿਆਨ ਕਰਾਉਂਦਾ ਹੈ।

38. ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਗਾਉਂਦੀ ਹੈ।

39. ਪ੍ਰਮਾਤਮਾ ਨੂੰ ਭੁਲਾ ਕੇ ਮਨੁੱਖ ਜੀਵਨ ਵਿੱਚੋਂ ਕਸ਼ਟ ਝੇਲਦਾ ਹੈ ਅਤੇ ਦੁੱਖ ਭੋਗਦਾ ਹੈ।

40. ਜੀਵਨ ਦਾ ਉਦੇਸ਼ ਪ੍ਰਮਾਤਮਾ ਨਾਲ ਗੰਭੀਰ ਅਤੇ ਅੰਦਰੂਨੀ ਸਾਂਝ ਹੋਣਾ ਚਾਹੀਦਾ ਹੈ।

41. ਜੀਵਨ ਦੇ ਸਾਰੇ ਕਾਰਜ ਪ੍ਰਮਾਤਮਾ ਵੱਲੋਂ ਪਰਖੇ ਜਾਂਦੇ ਹਨ।

42. ਕੇਵਲ ਉਹੀ ਵਿਚਾਰ ਅਤੇ ਕਰਮ ਨੇਕ ਹਨ, ਜੋ ਪ੍ਰਮਾਤਮਾ ਨੂੰ ਭਾਉਂਦੇ ਹਨ।

43. ਪ੍ਰਮਾਤਮਾ ਨੂੰ ਭੁਲਾ ਕੇ ਮਨੁੱਖ ਝੂਠ ਦੇ ਜਾਲ ਵਿਚ ਫਸਦਾ ਹੈ।

44. ਗੁਰੂ ਦੀ ਸਿੱਖਿਆ ਝੂਠ ਦਾ ਨਾਸ਼ ਕਰਦੀ ਹੈ।

45. ਆਤਮ-ਸ਼ਲਾਘਾ ਮਨੁੱਖ ਨੂੰ ਪ੍ਰਮਾਤਮਾ ਤੋਂ ਦੂਰ ਲੈ ਜਾਂਦੀ ਹੈ।

46. ਝੂਠੀ-ਸਿੱਖਿਆ ਮਨੁੱਖ ਨੂੰ ਪ੍ਰਮਾਤਮਾ ਦੀ ਯਾਦ ਤੋਂ ਪਰ੍ਹੇ ਲੈ ਜਾਂਦੀ ਹੈ।

47. ਗੁਰੂ ਆਪਣੇ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ।

48. ਗੁਰੂ ਆਪਣੇ ਸਿੱਖ ਨੂੰ ਸਤਸੰਗਤ ਕਰਨ ਅਤੇ ਪ੍ਰਮਾਤਮਾ ਦੀਆਂ ਕਥਾ-ਕਹਾਣੀਆਂ ਇਕ-ਦੂਜੇ ਨੂੰ ਸੁਨਾਉਣ ਦੀ ਸਲਾਹ ਦਿੰਦਾ ਹੈ।

49. ਨਿਰਭਉ ਦਾ ਭਉ ਸਾਰੇ ਡਰ ਮਿਟਾ ਦਿੰਦਾ ਹੈ।

50. ਸੰਤ ਉਹ ਹਨ ਜੋ ਗੁਰੂ ਦੀ ਸਿੱਖਿਆ 'ਤੇ ਤੁਰਦੇ ਹਨ।

51. ਪ੍ਰਮਾਤਮਾ ਤੋਂ ਵਿਛੜ ਕੇ ਸ਼ਾਂਤੀ ਅਤੇ ਪ੍ਰਸੰਨਤਾ ਸੰਭਵ ਨਹੀਂ।

52. ਮੌਤ ਸਭਨਾਂ ਨੂੰ ਆਉਣੀ ਹੈ। ਗੁਰੂ ਦੀ ਸਿੱਖਿਆ ਮੁਤਾਬਿਕ ਮਨੁੱਖ ਨੂੰ ਨੇਕ ਜੀਵਨ ਜਿਉਣਾ ਚਾਹੀਦਾ ਹੈ।

53. ਗੁਰੂ ਦੀ ਸਿੱਖਿਆ, ਮਾੜੇ ਵਿਚਾਰ ਅਤੇ ਮਾੜੇ ਕਰਮਾਂ ਨੂੰ ਟਾਲਦੀ ਹੈ।

54. ਗੁਰੂ ਦੀ ਸਿੱਖਿਆ ਅਜਿਹੀ ਬੇੜੀ ਬਣਾਉਂਦੀ ਹੈ ਜਿਸ ਵਿਚ ਮਨੁੱਖ ਜੀਵਨ ਦੇ ਭਵ-ਸਾਗਰ ਵਿੱਚੋਂ ਸਹਿਜੇ ਪਾਰ ਲੰਘ ਜਾਂਦਾ ਹੈ।

55. ਗੁਰੂ, ਸਮਾਂ ਬਰਬਾਦ ਨਾ ਕਰਨ ਅਤੇ ਪ੍ਰਮਾਤਮਾ ਨੂੰ ਧਿਆਉਣ ਦੀ ਸਲਾਹ ਦਿੰਦਾ ਹੈ।

56. ਜੀਵਨ ਦਾ ਕੇਂਦਰੀ ਉਦੇਸ਼ ਗੁਰੂ ਤੋਂ ਸਿੱਖਿਆ ਲੈਣੀ ਹੈ।

57. ਮੂਰਖ ਨਾਸਵੰਤ ਅਤੇ ਭਰਮਾਊ ਚੀਜ਼ਾਂ ਲੱਭਦਾ ਹੈ।

58. ਪ੍ਰਮਾਤਮਾ ਉਹਨਾਂ ਦਾ ਆਦਰ ਕਰਦਾ ਹੈ, ਜੋ ਉਸ ਨੂੰ ਇਕ ਪਲ ਵੀ ਨਜ਼ਰ-ਅੰਦਾਜ਼ ਨਹੀਂ ਕਰਦੇ।

59. ਉਸ ਅਗਮ ਅਗੋਚਰ ਅਤੇ ਸਰਬ-ਵਿਆਪਕ ਨੂੰ ਪਿਆਰ ਕਰਨ ਲਈ ਗੁਰੂ ਦੀ ਸਿੱਖਿਆ 'ਤੇ ਚੱਲੋ।

60. ਸਤਿਗੁਰੂ ਦੀ ਸਿੱਖਿਆ ਤ੍ਰਿਸ਼ਨਾ ਦੀ ਅੱਗ 'ਤੇ ਕਾਬੂ ਪਾਉਣ ਵਿਚ ਮਦਦ ਕਰਦੀ ਹੈ।

61. ਪ੍ਰਮਾਤਮਾ ਦਾ ਨਾਮ ਸਿਮਰਨ ਸਭ ਤੋਂ ਲਾਭਕਾਰੀ ਵਪਾਰ ਹੈ।

62. ਮਨੁੱਖ ਨੂੰ ਪ੍ਰਮਾਤਮਾ ਨੂੰ ਸਿਮਰ ਕੇ ਇਸ ਛੋਟੇ ਜਿਹੇ ਜੀਵਨ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

63. ਪ੍ਰਮਾਤਮਾ ਬੇਅੰਤ ਕੌਤਕ ਰਚਦਾ ਹੈ।

64. ਦੁਨਿਆਵੀ ਬੰਧਨ ਪ੍ਰਮਾਤਮਾ ਨਾਲ ਮਿਲਾਪ ਤੋਂ ਰੋਕਦੇ ਹਨ।

65. ਸੱਚਾ ਧਰਮ ਮਨੁੱਖ ਨੂੰ ਸਵਰਗ ਅਤੇ ਨਰਕ ਵਿਚ ਅੰਤਰ ਕਰਾਉਣਾ ਸਿਖਾਉਂਦਾ ਹੈ।

66. ਪ੍ਰਮਾਤਮਾ ਦਾ ਪਿਆਰ, ਰੀਤੀ-ਰਿਵਾਜਾਂ ਦੀ ਪਾਲਣਾ ਤੋਂ ਭਿੰਨ ਹੈ।

67. ਮਨਮੁਖ ਮਨੁੱਖ ਅਯੋਗ ਅਤੇ ਅਨੈਤਿਕ ਵਿਵਹਾਰ ਤੋਂ ਕਦੀ ਬਚ ਨਹੀਂ ਸਕਦਾ।

68. ਹਰ ਕੋਈ ਮਨੁੱਖ ਆਪਣੇ ਜੀਵਨ ਦੇ ਉਦੇਸ਼ ਨਾਲ ਲੈ ਕੇ ਪੈਦਾ ਹੁੰਦਾ ਹੈ।

69. ਪ੍ਰਮਾਤਮਾ ਦੀ ਮਹਾਨਤਾ ਨੂੰ ਮਾਪਿਆ ਨਹੀਂ ਜਾ ਸਕਦਾ।

70. ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਨੂੰ ਮੁਕਤੀ ਹਾਸਿਲ ਹੁੰਦੀ ਹੈ।

71. ਨਾਸਵੰਤ ਤੇ ਮਾਇਆ ਦੇ ਪ੍ਰਲੋਭਨ, ਗੁਰੂ ਦੇ ਸਿੱਖ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ।

72. ਪ੍ਰਮਾਤਮਾ ਬਾਰੇ ਅਟਕਲਾਂ, ਕਦੀ ਵੀ ਉਸ ਨੂੰ ਸਹੀ ਤਰ੍ਹਾਂ ਦਰਸਾ ਨਹੀਂ ਸਕਦੀਆਂ।

73. ਭਗਤ ਪੂਰੇ ਮਨ ਨਾਲ ਪ੍ਰਮਾਤਮਾ ਨੂੰ ਪਿਆਰ ਕਰਦਾ ਹੈ।

74. ਪ੍ਰਮਾਤਮਾ ਤੋਂ ਸਿਵਾਏ, ਹੋਰ ਕੋਈ ਵੀ ਉਸ ਦੇ ਗੁਣਾਂ ਦੀ ਸੀਮਾ ਨਹੀਂ ਜਾਣਦਾ।

75. ਬੁਰੇ ਵਿਚਾਰਾਂ ਅਤੇ ਬੁਰੇ ਕਰਮਾਂ ਤੋਂ ਬਚਣ ਲਈ ਮਨੁੱਖ ਨੂੰ ਪ੍ਰਮਾਤਮਾ ਬਾਰੇ ਗੁਰੂ ਦੀਆਂ ਸਿੱਖਿਆਵਾਂ ਉਤੇ ਚੱਲਣਾ ਚਾਹੀਦਾ ਹੈ।

76. ਝੂਠੀ ਜ਼ਿੰਦਗੀ ਨਾਲ, ਮਨੁੱਖ ਦਾ ਸਾਰਾ ਆਪ ਹੀ ਅਪਵਿੱਤਰ ਹੋ ਜਾਂਦਾ ਹੈ।

77. ਮਨੁੱਖ ਜੋ ਬੀਜਦਾ ਹੈ, ਉਹੀ ਕੱਟਦਾ ਹੈ। ਪ੍ਰਮਾਤਮਾ ਦਾ ਨਾਮ ਬੀਜੋ ਅਤੇ ਸ਼ਾਂਤੀ ਅਤੇ ਪ੍ਰਸੰਨਤਾ ਦੀ ਫਸਲ ਕੱਟੋ।

78. ਪ੍ਰਮਾਤਮਾ ਦੇ ਸਿਮਰਨ ਤੋਂ ਬਗੈਰ, ਕੋਈ ਵੀ ਮਨੁੱਖ ਕਦੀ ਵੀ ਆਪਣੇ ਦੋਸ਼ਾਂ ਤੋਂ ਛੁਟਕਾਰਾ ਨਹੀਂ ਪਾ ਸਕਿਆ।

79. ਸੱਚਾ ਖ਼ਜ਼ਾਨਾ ਪ੍ਰਮਾਤਮਾ ਦਾ ਨਾਮ ਹੈ। ਇਹ ਗੁਰੂ ਦੀ ਸਿੱਖਿਆ ਨਾਲ ਪ੍ਰਾਪਤ ਹੁੰਦਾ ਹੈ।

80. ਪ੍ਰਮਾਤਮਾ ਨਾਲ ਪਿਆਰ ਦੀ ਉਹ (ਪ੍ਰਮਾਤਮਾ) ਸਭ ਤੋਂ ਵੱਧ ਕਦਰ ਕਰਦਾ ਹੈ।

81. ਸਤਿਗੁਰੂ ਦੀ ਸਿੱਖਿਆ ਦੀ ਸਹੀ ਸਮਝ, ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੀ ਹੈ, ਜੋ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ।

82. ਪ੍ਰਮਾਤਮਾ ਨਾਲ ਪਿਆਰ ਸਦਾ ਕਾਇਮ ਰਹਿਣ ਵਾਲਾ ਹੁੰਦਾ ਹੈ ਅਤੇ ਇਹ ਗੁਰੂ ਦਾ ਸਿੱਖ ਬਣ ਕੇ ਹੀ ਪਾਇਆ ਜਾ ਸਕਦਾ ਹੈ।

83. ਪ੍ਰਮਾਤਮਾ ਤੋਂ ਬਗੈਰ ਮਨੁੱਖ ਸਹੀ ਰਸਤੇ ਤੋਂ ਭਟਕ ਜਾਂਦਾ ਹੈ ਅਤੇ ਬੇਸਹਾਰਾ ਹੁੰਦਾ ਹੈ।

84. ਸਤਿਗੁਰੂ ਦੇ ਸਿੱਖ ਤੋਂ ਇਲਾਵਾ, ਬਾਕੀ ਸਾਰੇ ਮੋਹ-ਮਾਇਆ ਦੀ ਦਲਦਲ ਵਿਚ ਫਸ ਜਾਂਦੇ ਹਨ।

85. ਗੁਰੂ ਦੇ ਉਪਦੇਸ਼, ਮਨੁੱਖ ਦੇ ਮਨ ਨੂੰ ਪ੍ਰਮਾਤਮਾ ਨਾਲ ਜੋੜ ਕੇ ਰੱਖਦੇ ਹਨ। ਫਿਰ ਮਨੁੱਖ ਸਦੀਵੀ ਸ਼ਾਂਤੀ ਅਤੇ ਪ੍ਰਸੰਨਤਾ ਪ੍ਰਾਪਤ ਕਰਦਾ ਹੈ।

86. ਪ੍ਰਮਾਤਮਾ ਦੇ ਪਿਆਰ ਤੋਂ ਬਗੈਰ, ਬਾਹਰੀ ਜਗਮਗਾਹਟ ਫਜ਼ੂਲ ਹੈ। ਗੁਰੂ ਦਾ ਸਿੱਖ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਫਿਰ ਇਸ ਤੋਂ ਵਿਲੱਖਣ ਆਨੰਦ ਪ੍ਰਾਪਤ

ਕਰਦਾ ਹੈ।

87. ਗੁਰੂ ਦਾ ਸਿੱਖ, ਪ੍ਰਮਾਤਮਾ ਨੂੰ ਆਪਣੇ ਅੰਦਰ ਵੱਸਦਾ ਪਾਉਂਦਾ ਹੈ ਅਤੇ ਡਰ ਅਤੇ ਦੁਨਿਆਵੀ ਪ੍ਰਲੋਭਨਾਂ 'ਤੇ ਕਾਬੂ ਪਾ ਲੈਂਦਾ ਹੈ।

88. ਸਦੀਵੀ ਦਾ ਭਰਮ, ਆਰਜ਼ੀ ਦੀ ਸੱਚਾਈ ਲੁਕੋ ਲੈਂਦਾ ਹੈ।

89. ਪ੍ਰਮਾਤਮਾ ਤਪੱਸਵੀ ਅੰਦਰ ਵੀ ਵਾਸ ਕਰਦਾ ਹੈ ਅਤੇ ਸਵੈ-ਕ੍ਰਿਪਾਲੂ ਅੰਦਰ ਵੀ ਵਾਸ ਕਰਦਾ ਹੈ। ਸਤਿਗੁਰੂ ਇਹ ਸਿਖਾਉਂਦਾ ਹੈ ਕਿ ਗੁਪਤ, ਅਕੱਥ ਪ੍ਰਮਾਤਮਾ ਨੂੰ ਕਿਵੇਂ ਲੱਭਣਾ ਹੈ

91. ਭਰਮ ਦੇ ਜਾਦੂ ਅਧੀਨ ਸੰਸਾਰ ਭਟਕ ਰਿਹਾ ਹੈ।

92. ਗੁਰੂ ਦੀ ਮਿਹਰ, ਮਨੁੱਖ ਨੂੰ ਸਤਿਗੁਰੂ ਦੇ ਨਜ਼ਦੀਕ ਲੈ ਆਉਂਦੀ ਹੈ, ਜੋ ਉਸ ਨੂੰ ਉਸ ਦੇ ਅਹੰਕਾਰ ਤੋਂ ਮੁਕਤ ਕਰਦਾ ਹੈ।

93. ਪ੍ਰਮਾਤਮਾ ਅਤੇ ਉਸ ਦੇ ਆਸੇ-ਪਾਸੇ ਜੋ ਕੁੱਛ ਵੀ ਹੈ, ਉਸ ਦਾ ਇਕੋ-ਇਕ ਅਤੇ ਸਭ ਤੋਂ ਵੱਡਾ ਕਾਰਣ ਉਹ ਆਪ ਹੀ ਹੈ।

94. ਮਨੁੱਖਾ ਜੀਵਨ ਚਾਰ ਵੱਖ-ਵੱਖ ਪੱਧਰਾਂ ਤੋਂ ਮਿਲ ਕੇ ਬਣਿਆ ਹੈ।

95. ਪ੍ਰਮਾਤਮਾ ਅੱਗੇ ਸੱਚੀ ਪ੍ਰਾਰਥਨਾ, ਉਸ ਦੀ ਸਿਫ਼ਤ-ਸਾਲਾਹਿ ਕਰਨ ਲਈ ਉਸ ਦੀ ਮਿਹਰ ਮੰਗਣਾ ਹੈ।

96. ਗੁਰੂ ਦੇ ਬ੍ਰਹਮ ਗਿਆਨ ਨੂੰ ਨਜ਼ਰ-ਅੰਦਾਜ ਕਰਨਾ, ਮਨੁੱਖਾ ਜਨਮ ਪ੍ਰਾਪਤ ਕਰਨ ਦੇ ਵੱਡਭਾਗ ਨੂੰ ਡੁਬਾਉਣਾ ਹੈ।

97. ਸੰਸਾਰ ਦਾ ਅਸਲੀ ਸਰੂਪ ਧੁੰਏਂ ਵਾਂਗ ਸਫ਼ੈਦ ਅਤੇ ਬੁਲੰਦ ਹੈ।

98. ਪ੍ਰਮਾਤਮਾ ਦੇ ਸੱਚੇ ਭਗਤਾਂ ਦੀ ਵਡਿਆਈ ਕਥਨ ਤੋਂ ਪਰ੍ਹੇ ਹੈ।

99. ਅਸੀਂ ਆਪਣੇ ਸਿਰਜਣਹਾਰ ਅਤੇ ਪਾਲਣਹਾਰ ਦੀ ਭਗਤੀ ਲਈ ਪਾਬੰਦ ਹਾਂ।

100. ਪ੍ਰਮਾਤਮਾ ਹੀ ਆਪਣੇ ਨਾਲ ਮਿਲਾਪ ਜਾਂ ਵਿਛੋੜੇ ਦਾ ਹੁਕਮ ਦਿੰਦਾ ਹੈ।

101. ਕੇਵਲ ਪ੍ਰਮਾਤਮਾ ਹੀ ਹੈ ਜੋ ਸਦੀਵੀ ਕਾਇਮ ਰਹਿਣ ਵਾਲਾ ਹੈ। ਸ੍ਰਿਸ਼ਟੀ ਦੇ ਕੌਤਕ ਦਾ ਸਿਰਫ ਉਹ ਕਾਰਣ ਹੈ। ਪ੍ਰਮਾਤਮਾ ਨੂੰ ਪਿਆਰ ਕਰਨਾ ਹੀ ਸਭ ਤੋਂ ਵੱਡਾ ਗੁਣ ਹੈ।

102. ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਕੀਤੇ ਗਏ ਕਰਮਕਾਂਡ ਮਨੁੱਖ ਦੇ ਮਨ ਦੀ ਸ਼ੁੱਧੀ ਨਹੀਂ ਕਰਦੇ।

103. ਪ੍ਰਮਾਤਮਾ ਸਰੀਰ ਅਤੇ ਆਤਮਾ ਦਾ ਮਿਲਾਪ ਕਰਾਉਂਦਾ ਹੈ।

104. ਪ੍ਰਮਾਤਮਾ ਦੀ ਭਗਤੀ ਸਾਰੇ ਹੀਲਿਆਂ ਤੇ ਭੈ ਤੋਂ ਮੁਕਤ ਕਰਨ ਵਾਲੀ ਹੈ।

105. ਇਮਾਨਦਾਰੀ, ਪ੍ਰਮਾਤਮਾ ਦੀ ਭਗਤੀ ਦੀ ਨੀਂਹ ਹੈ।

106. ਪ੍ਰਮਾਤਮਾ ਨਾਲ ਮਿਲਾਪ ਕਰਨ ਦਾ ਇਕ ਖਾਸ ਤਰੀਕਾ ਹੈ।

107. ਕਿਸੇ ਵਿਅਕਤੀ ਨੂੰ ਮੁਸਲਮਾਨ-ਇਸਲਾਮ ਦਾ ਸੱਚਾ ਅਨੁਯਾਈ ਕੌਣ ਬਣਾਉਂਦਾ ਹੈ।

108. ਸੱਚਾ ਦੌਲਤਮੰਦ ਹੋਣਾ ਪ੍ਰਮਾਤਮਾ ਨੂੰ ਪਿਆਰ ਅਤੇ ਸ਼ਰਧਾ ਨਾਲ ਧਿਆਉਣਾ ਹੀ ਅਸਲ ਵਿਚ ਦੌਲਤਮੰਦ ਹੋਣਾ ਹੈ।

109. ਮੁਸਲਮਾਨ ਦਾ ਖਿਤਾਬ ਹਾਸਿਲ ਕਰਨਾ ਔਖਾ ਹੈ।

110. ਇਸ ਸੰਸਾਰ ਵਿਚ ਹਰ ਕੋਈ ਅਤੇ ਹਰ ਚੀਜ਼ ਖਿਨਭੰਗੁਰ ਹੈ।

111. ਪ੍ਰਮਾਤਮਾ ਦਾ ਸੱਚਾ ਸੇਵਕ ਹਰ ਤਰ੍ਹਾਂ ਦੇ ਹਾਲਾਤ ਵਿਚ ਵੀ ਉਸ ਪ੍ਰਤੀ ਵਫ਼ਾਦਾਰ ਰਹਿੰਦਾ ਹੈ।

112. ਗੁਰੂ ਦੀਆਂ ਸਿੱਖਿਆਵਾਂ ਨਾਲ, ਸਹੀ ਵਰਤਾਉ ਨਾਲ ਰੁਸ਼ਨਾਇਆ ਹੋਇਆ ਮਾਰਗ ਜ਼ਿੰਦਗੀ ਦੀ ਸੱਚੀ ਸਫ਼ਲਤਾ ਵੱਲ ਲੈ ਜਾਂਦਾ ਹੈ।

113. ਪ੍ਰਮਾਤਮਾ ਨਾਲ ਨੇੜਤਾ ਮਨੁੱਖ ਨੂੰ ਦੁੱਖ ਅਤੇ ਨੁਕਸਾਨ ਤੋਂ ਬਚਾਉਂਦੀ ਹੈ।

114. ਗੰਨੇ ਦੇ ਰਸ ਦੀ ਗੁੜ ਅਤੇ ਬ੍ਰਾਊਨ ਸ਼ੂਗਰ ਵਿਚ ਤਬਦੀਲੀ ਸਾਨੂੰ ਕੁੱਛ ਗਹਿਰਾ ਸਬਕ ਸਿਖਾਉਂਦੀ ਹੈ।

115. ਜਨਮ-ਮਰਨ ਦਾ ਚੱਕਰ, ਵਰਤਮਾਨ ਜੀਵਨ ਦੀਆਂ ਅਧੂਰੀਆਂ ਖਾਹਿਸ਼ਾਂ ਕਾਰਣ ਹੁੰਦਾ ਹੈ।

116. ਇਕ ਮੂਰਖ ਮਨੁੱਖ ਹਮੇਸ਼ਾ ਉਹ ਬੋਲਦਾ ਹੈ, ਜਿਸ ਦਾ ਕੋਈ ਸਥਾਈ ਮਹੱਤਵ ਨਹੀਂ ਹੁੰਦਾ।

117. ਪ੍ਰਮਾਤਮਾ ਦੀ ਭਗਤੀ ਉਸ ਨਾਲ ਮਿਲਾਪ ਦਾ ਸਾਧਨ ਹੈ।

118. ਪ੍ਰਮਾਤਮਾ ਫੈਸਲਾ ਕਰਦਾ ਹੈ ਕਿ ਕੌਣ ਝੂਠਾ ਹੈ ਅਤੇ ਕੌਣ ਨੇਕ ਹੈ।

119. ਕੇਵਲ ਪ੍ਰਮਾਤਮਾ ਹੀ ਅਜਿਹਾ ਹੈ ਜੋ ਅਮਰ ਹੈ। ਆਪਣੀ ਸ੍ਰਿਸ਼ਟੀ ਦਾ ਅੰਨਦਾਤਾ ਉਹੋ ਹੀ ਹੈ।

120. ਪ੍ਰਮਾਤਮਾ ਦਾ ਆਪਣੀ ਸ੍ਰਿਸ਼ਟੀ 'ਤੇ ਰਾਜ ਅਟੱਲ ਹੈ।

121. ਪ੍ਰਮਾਤਮਾ ਦੀਆਂ ਸ਼ਕਤੀਆਂ ਸੰਭਾਵਨਾ ਦਾ ਖੇਤਰ ਉਤਾਂਹ ਚੁੱਕਦੀਆਂ ਹਨ।

122. ਪ੍ਰਮਾਤਮਾ ਸਦੀਵੀ ਹੈ, ਉਹ ਉਦਾਰ ਅਤੇ ਉਪਕਾਰੀ ਹੈ।

123. ਪ੍ਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ, ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦਾ ਹੈ।

124. ਉਹੀ ਹੁੰਦਾ ਹੈ, ਜੋ ਪ੍ਰਮਾਤਮਾ ਨੂੰ ਭਾਉਂਦਾ ਹੈ।

125. ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਹੁਕਮ ਅਧੀਨ ਹੈ।

126. ਮਨੁੱਖ ਨੂੰ ਗੁਰੂ ਦੀਆਂ ਸਿੱਖਿਆਵਾਂ ਨੂੰ ਸਾਦਗੀ ਅਤੇ ਨਿਸ਼ਕਪਟਤਾ ਨਾਲ ਸਵੀਕਾਰਨਾ ਚਾਹੀਦਾ ਹੈ, ਕਿਉਂਕਿ ਸਤਿਗੁਰੂ ਸੱਚਾਈ ਤੋਂ ਇਲਾਵਾ ਹੋਰ ਕੁੱਛ ਨਹੀਂ ਸਿਖਾਉਂਦਾ।

127. ਜ਼ੁਲਮ, ਭ੍ਰਿਸ਼ਟਾਚਾਰ ਅਤੇ ਅਗਿਆਨਤਾ ਦੀ ਪਹੇਲੀ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਪ੍ਰਮਾਤਮਾ ਦੀ ਭਗਤੀ ਹੈ।

128. ਗੁਰੂ ਦੇ ਸਿੱਖਾਂ ਅਤੇ ਗੁਰੂ ਦੇ ਬ੍ਰਹਮ ਗਿਆਨ ਤੋਂ ਬੇਮੁਖ ਮਨੁੱਖਾਂ ਵਿਚ ਬੇ-ਮੇਲ ਫ਼ਰਕ ਹੁੰਦਾ ਹੈ।

129. ਸੱਚੇ ਵਪਾਰੀ ਉਹ ਹਨ, ਜੋ ਪ੍ਰਮਾਤਮਾ ਦੇ ਨਾਮ ਸਿਮਰਨ ਦਾ ਵਪਾਰ ਕਰਦੇ ਹਨ। ਪ੍ਰਮਾਤਮਾ ਦੀ ਭਗਤੀ ਦੇ ਲਾਭ ਅੱਗੇ, ਪਵਿੱਤਰ ਨਦੀਆਂ ਦੇ ਇਸ਼ਨਾਨ ਫਿੱਕੇ ਪੈ ਜਾਂਦੇ ਹਨ।

130. ਮਨੁੱਖ ਦੇ ਮਨ ਦੀ ਬੇ-ਰਹਿਮੀ, ਪ੍ਰਮਾਤਮਾ ਤੋਂ ਵਿਛੋੜੇ ਦਾ ਕਾਰਣ ਹੈ।

131. ਗੁਰੂ ਦਾ ਬ੍ਰਹਮ ਗਿਆਨ ਮਨੁੱਖ ਨੂੰ ਪ੍ਰਮਾਤਮਾ ਦੀ ਹਰ ਥਾਂ 'ਤੇ ਹਜ਼ੂਰੀ ਦਾ ਅਨੁਭਵ ਕਰਾਉਂਦਾ ਹੈ।

132. ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤ, ਉਸ ਦੀ ਮਿਹਰ ਹੈ, ਜਿਸ ਸਦਕਾ ਉਸ ਦੀ ਭਗਤੀ ਮਨੁੱਖ ਦੇ ਮਨ ਵਿਚ ਵੱਸਦੀ ਹੈ।

133. ਕੇਵਲ ਪ੍ਰਮਾਤਮਾ ਦੇ ਨਾਮ ਨਾਲ ਹੀ ਤ੍ਰਿਸ਼ਨਾ ਦੀ ਅੱਗ ਬੁਝਾਈ ਜਾ ਸਕਦੀ ਹੈ।

134. ਗੁਰੂ, ਸੰਤੋਖ ਦਾ ਉਹ ਦਰੱਖਤ ਹੈ, ਜਿਸ ਉੱਪਰ ਵਿਸ਼ਵਾਸ ਦੇ ਫੁੱਲ ਅਤੇ ਬ੍ਰਹਮ ਗਿਆਨ ਦੇ ਫਲ ਲੱਗਦੇ ਹਨ।

135. ਗੁਰੂ ਦੇ ਬ੍ਰਹਮ ਗਿਆਨ ਦੇ ਸ਼ਬਦ ਸ੍ਰੇਸ਼ਟ ਹੁੰਦੇ ਹਨ।

136. ਸੱਚਾ ਸਿੱਖ ਤ੍ਰਿਸ਼ਨਾ ਦਾ ਸ਼ਿਕਾਰ ਨਹੀਂ ਹੁੰਦਾ।

137. ਪ੍ਰਮਾਤਮਾ ਤੋਂ ਵਿਛੋੜਾ ਦੁਸ਼ਟ ਸੁਭਾਅ ਬਣਾਉਂਦਾ ਹੈ।

138. ਮਨੁੱਖੀ ਸੁਭਾਅ ਸਨਕੀ (ਮਨਮੌਜੀ) ਹੁੰਦਾ ਹੈ, ਪਰ ਪ੍ਰਮਾਤਮਾ ਦੀ ਇੱਛਾ ਦੇ ਅਧੀਨ ਹੈ।

139. ਵਿੱਦਵਤਾ ਅਤੇ ਸੰਪ੍ਰਦਾਇਕ ਨਿਸ਼ਠਾ, ਮਨੁੱਖ ਨੂੰ ਪ੍ਰਮਾਤਮਾ ਨਾਲ ਨਹੀਂ ਮਿਲਾਉਂਦੇ।

140. ਮਨੁੱਖ ਦਾ ਪ੍ਰਮਾਤਮਾ ਨਾਲ ਸੱਚਾ ਪਿਆਰ ਅਟੱਲ ਅਤੇ ਪੂਰਨ ਹੈ।

141. ਭਗਤ ਦੀ ਪ੍ਰਮਾਤਮਾ ਦੇ ਸਿਮਰਨ ਦੀ ਪਿਆਸ ਸੁਭਾਵਿਕ ਅਤੇ ਕਦੇ ਨਾ ਸ਼ਾਂਤ ਹੋਣ ਵਾਲੀ ਹੁੰਦੀ ਹੈ।

142. ਢਾਡੀ—ਜੋ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾਉਂਦਾ ਹੈ, ਪ੍ਰਮਾਤਮਾ ਦੀ ਹਜ਼ੂਰੀ ਵਿਚ ਗਾਉਂਦਾ ਹੈ। ਉਹ ਪ੍ਰਮਾਤਮਾ ਨਾਲ ਮਿਲਿਆ ਹੁੰਦਾ ਹੈ।

143. ਗਲਤ ਦੀ ਦੂਰ ਦੀ ਕਾਮਨਾ ਨਹੀਂ ਕੀਤੀ ਜਾ ਸਕਦੀ। ਇਸ ਨੂੰ ਜਾਂ ਤਾਂ ਸੁਧਾਰਿਆ ਜਾ ਸਕਦਾ ਹੈ ਜਾਂ ਮੁਆਫ਼ ਕੀਤਾ ਜਾ ਸਕਦਾ ਹੈ।

144. ਦੁੱਖ ਅਤੇ ਸੁਖ—ਸਰੀਰਿਕ ਜਾਂ ਮਾਨਸਿਕ, ਪ੍ਰਮਾਤਮਾ ਵੱਲੋਂ ਨਿਰਧਾਰਿਤ ਹੁੰਦੇ ਹਨ।

145. ਪ੍ਰਮਾਤਮਾ ਤੋਂ ਵਿਛੜ ਕੇ ਲੋਕ ਮਦਹੋਸ਼, ਭੈਭੀਤ ਅਤੇ ਆਤਮ-ਘਾਤੀ ਬਣ ਜਾਂਦੇ ਹਨ।

146. ਸਤਿਗੁਰੂ ਦੀ ਮਿਹਰ, ਸਿੱਖ ਲਈ ਚੋਣਵੀਆਂ ਬਖ਼ਸ਼ਿਸ਼ਾਂ ਲੈ ਕੇ ਆਉਂਦੀ ਹੈ।

147. ਧਾਰਮਿਕ ਕਰਮਕਾਂਡ, ਭਾਵੇਂ ਕਿੰਨੇ ਵੀ ਸਾਦਗੀ ਪਸੰਦ ਕਿਉਂ ਨਾ ਹੋਣ, ਅਨੁਯਾਈ ਨੂੰ ਕੋਈ ਅਧਿਆਤਮਿਕ ਜਾਂ ਨੈਤਿਕ ਲਾਭ ਦੀ ਪ੍ਰਾਪਤੀ ਨਹੀਂ ਕਰਾਉਂਦੇ।

148. ਸਤਿਗੁਰੂ ਹਮੇਸ਼ਾ ਅਬਿਨਾਸੀ ਤੇ ਬੇਅੰਤ ਪ੍ਰਭੂ ਦੀ ਸਿਫ਼ਤ-ਸਾਲਾਹਿ ਕਰਦਾ ਹੈ।

149. ਪ੍ਰਮਾਤਮਾ ਦੀ ਮਿਹਰ ਨਾਲ ਸਨਕੀਪਨ (ਮਨ-ਮੌਜੀਪਨ) ਵਫ਼ਾਦਾਰੀ ਵਿਚ ਬਦਲ ਜਾਂਦਾ ਹੈ।

150. ਸਤਿਗੁਰੂ ਦਾ ਕਾਰਜ ਪ੍ਰਮਾਤਮਾ ਦੀ ਸਿਫ਼ਤ-ਸਾਲਾਹਿ ਗਾਉਣਾ ਹੈ। ਇਹ ਕਾਰਜ, ਪ੍ਰਮਾਤਮਾ ਆਪ ਸਤਿਗੁਰੂ ਨੂੰ ਸੌਂਪਦਾ ਹੈ।

151. ਡਰ ਦੇ ਰੋਗ ਉੱਪਰ ਜਿੱਤ ਹਾਸਿਲ ਕਰਨ ਲਈ ਪ੍ਰਮਾਤਮਾ ਪ੍ਰਤੀ ਨਿਮਰ ਵਤੀਰਾ ਜ਼ਰੂਰੀ ਹੈ।

152. ਪ੍ਰਮਾਤਮਾ ਨਾਲ ਮਿਲਾਪ ਪੂਰਵ-ਇਤਿਹਾਸ ਹੁੰਦਾ ਹੈ।

153. ਅਨਮੋਲ ਹੀਰਾ—ਅਬਿਨਾਸੀ ਆਤਮਾ, ਸਰੀਰ ਦੇ ਅੰਦਰ ਵਾਸ ਕਰਦੀ ਹੈ।

154. ਪ੍ਰਮਾਤਮਾ ਉਸ ਦੀ ਭਗਤੀ ਦੇ ਕਾਰਜ ਵਿਚ ਜੁੜਿਆ ਹੋਇਆ ਹੈ।

155. ਪ੍ਰਮਾਤਮਾ ਦੀ ਸਹਾਇਤਾ ਤੋਂ ਬਿਨਾਂ ਮਨੁੱਖ ਪਾਪ ਦੇ ਵਤੀਰੇ ਤੋਂ ਬਚ ਨਹੀਂ ਸਕਦਾ।

156. ਜਦੋਂ ਮਨ ਸਹਿਜਤਾ ਨਾਲ ਗੁਰੂ ਦੀ ਸ਼ਰਨ ਹੁੰਦਾ ਹੈ ਤਾਂ ਮਨੁੱਖ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਾ ਹੈ।

157. ਅਹੰਕਾਰ 'ਤੇ ਜਿੱਤ ਪ੍ਰਾਪਤ ਕਰਨ ਲਈ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਪ ਕਰਨਾ ਚਾਹੀਦਾ ਹੈ।

158. ਪ੍ਰਮਾਤਮਾ ਨਾਲ ਸਾਂਝ ਸਥਾਪਿਤ ਕਰਕੇ ਹੀ ਸਰੀਰ ਅਤੇ ਮਨ ਦੀ ਸ਼ੁੱਧੀ ਪ੍ਰਾਪਤ ਕੀਤੀ ਜਾ ਸਕਦੀ ਹੈ।

159. ਅਕੱਥ ਪ੍ਰਮਾਤਮਾ, ਆਪਣੇ ਬਾਰੇ ਗਿਆਨ, ਗੁਰੂ ਦੁਆਰਾ ਕਰਾਉਂਦਾ ਹੈ। ਉਹ ਆਪਣੇ ਨਾਮ ਅੰਮ੍ਰਿਤ ਦਾ ਪਿਆਲਾ ਪੀਣ ਲਈ ਦਿੰਦਾ ਹੈ।

160. ਪ੍ਰਮਾਤਮਾ ਨਾਲ ਮਿਲਾਪ, ਨੀਤੀ-ਸ਼ਾਸਤਰ, ਦੌਲਤ, ਦੁਨਿਆਵੀ ਸਫਲਤਾ ਅਤੇ ਮੁਕਤੀ ਤੋਂ ਉੱਪਰ ਹੈ।

161. ਪ੍ਰਮਾਤਮਾ ਦਾ ਨਾਮ ਅੰਮ੍ਰਿਤ ਮਨੁੱਖ ਨੂੰ ਸਿਹਤਮੰਦ ਰੱਖਦਾ ਹੈ। ਵਰਨਾ, ਸਰੀਰ ਹਰ ਤਰ੍ਹਾਂ ਦੀਆਂ ਬੁਰਾਈਆਂ ਦਾ ਸਾਧਨ (ਜ਼ਰੀਆ) ਬਣ ਜਾਂਦਾ ਹੈ।

162. ਹਰ ਕੋਈ ਪੰਜ ਅਜੇਤੂ ਖਾਹਿਸ਼ਾਂ ਤੋਂ ਪੀੜਿਤ ਹੈ। ਇਹਨਾਂ ਲਾਲਸਾਵਾਂ ਉਤੇ ਜਿੱਤ ਹਾਸਿਲ ਕਰਨ ਦਾ ਇੱਕੋ-ਇੱਕ ਤਰੀਕਾ ਪ੍ਰਮਾਤਮਾ ਦਾ ਸਿਮਰਨ ਹੈ।

163. ਅੰਦਰੂਨੀ ਸ਼ੁੱਧੀ ਤੋਂ ਬਗੈਰ, ਧਾਰਮਿਕ ਕਰਮਕਾਂਡ ਕਰਨੇ ਵਿਅਰਥ ਹਨ।

164. ਰੋਗ-ਨਿਵਾਰਕ ਸ਼ਕਤੀ ਜਾਂ ਸਮਰਪਣ ਦੇ ਉਦੇਸ਼ ਵਜੋਂ ਪ੍ਰਮਾਤਮਾ ਦੇ ਨਾਮ ਤੋਂ ਉੱਪਰ ਕੁੱਛ ਵੀ ਨਹੀਂ ਹੈ।

165. ਜਨਮ-ਮਰਨ ਦਾ ਚੱਕਰ ਪ੍ਰਮਾਤਮਾ ਤੋਂ ਵਿਛੋੜੇ ਅਤੇ ਮਾੜੇ ਕਰਮਾਂ ਕਾਰਣ ਹੁੰਦਾ ਹੈ।

166. ਮਨੁੱਖਤਾ ਜੀਵਨ ਦਾਤ ਦੇ ਕੀਮਤੀ ਤੋਹਫ਼ੇ ਨੂੰ ਵਿਅਰਥ ਹੀ ਗੁਆਉਂਦੀ ਹੈ—ਕਉਡੀ ਹਾਸਿਲ ਕਰਨ ਲਈ ਹੀਰਾ ਦੇ ਦਿੰਦੀ ਹੈ।

167. ਗੁਰੂ ਦੇ ਸਿੱਖ ਦਾ ਪ੍ਰਮਾਤਮਾ ਲਈ ਪਿਆਰ ਸੁਭਾਵਿਕ ਅਤੇ ਨਿਸ਼ਕਪਟ ਹੁੰਦਾ ਹੈ।

168. ਇਸ ਸੰਸਾਰ ਵਿਚ ਹਰ ਕਿਸੇ ਦੇ ਦਿਨ ਗਿਣੇ ਮਿੱਥੇ ਹੋਏ ਹਨ। ਪ੍ਰਮਾਤਮਾ ਨਾਲ ਮਿਲਾਪ ਦੀ ਤਾਂਘ ਰੱਖੋ।

169. ਗੁਰੂ ਦਾ ਗਿਆਨ ਮਨੁੱਖ ਦਾ ਦ੍ਰਿਸ਼ਟੀਕੋਣ ਅਤੇ ਚਰਿੱਤਰ ਬਦਲ ਦਿੰਦਾ ਹੈ।

170. ਇਕ ਅਨੁਸ਼ਾਸਨਹੀਨ ਮਨ, ਜੰਗਲ ਦੇ ਹਾਥੀ ਵਾਂਗ ਹੁੰਦਾ ਹੈ।

171. ਜੋ ਇੱਛਾਵਾਂ ਮਨ ਨੂੰ ਭ੍ਰਿਸ਼ਟ ਕਰਦੀਆਂ ਹਨ, ਉਹਨਾਂ ਨੂੰ ਦਬਾਏ ਬਿਨਾਂ ਸ਼ਾਂਤੀ, ਪ੍ਰਸੰਨਤਾ ਅਤੇ ਪ੍ਰਮਾਤਮਾ ਦੀ ਭਗਤੀ ਹਾਸਿਲ ਨਹੀਂ ਕੀਤੀ ਜਾ ਸਕਦੀ।

172. ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਦਾ ਇੱਕੋ ਇੱਕ ਮਾਰਗ ਪ੍ਰਮਾਤਮਾ ਦੀ ਭਗਤੀ ਹੈ।

173. ਪ੍ਰਮਾਤਮਾ ਦਾ ਰਾਜ ਅਗਿਆਨੀ ਅਤੇ ਸਮਝਦਾਰ ਦੋਨਾਂ ਉਤੇ ਹੁੰਦਾ ਹੈ।

174. ਝੂਠ ਦੇ ਮਗਰ ਚੱਲਣ ਵਾਲਾ ਕਦੀ ਆਜ਼ਾਦ ਨਹੀਂ ਹੋ ਸਕਦਾ, ਕੇਵਲ ਸੱਚਾਈ ਹੀ ਮਨੁੱਖ ਨੂੰ ਸੁਤੰਤਰ ਕਰਦੀ ਹੈ।

175. ਜੋਗੀ, ਅਜਿਹਾ ਮਨੁੱਖ ਜੋ ਪ੍ਰਮਾਤਮਾ ਨਾਲ ਮਿਲਾਪ ਵਿਚ ਹੁੰਦਾ ਹੈ, ਸਤਿਗੁਰੂ ਕੋਲੋਂ ਸਿੱਖਦਾ ਅਤੇ ਉਸ ਦੀ ਸੇਵਾ ਕਰਦਾ ਹੈ।

176. ਪ੍ਰਮਾਤਮਾ ਨਾਲ ਅਨੰਦਿਤ ਮਨੁੱਖ ਪ੍ਰਤੀ ਗੁਰੂ ਵੀ ਸ਼ਰਧਾ ਰੱਖਦਾ ਹੈ।

177. ਪ੍ਰਮਾਤਮਾ ਅਹੰਕਾਰ ਦਾ ਵਿਰੋਧੀ ਹੈ। ਉਹ ਅਹੰਕਾਰੀ ਦਾ ਨਾਸ਼ ਕਰਦਾ ਹੈ।

178. ਪ੍ਰਮਾਤਮਾ ਦੀ ਭਗਤੀ ਸਾਰੇ ਕੰਮਾਂ ਅਤੇ ਖਾਹਿਸ਼ਾਂ ਨੂੰ ਜਿੱਤਣ ਵਾਲੀ ਹੈ।

179. ਪ੍ਰਮਾਤਮਾ ਦਾ ਭਗਤ ਸਿਰਫ਼ ਪ੍ਰਮਾਤਮਾ ਦੀ ਭਗਤੀ ਨਾਲ ਪ੍ਰਾਪਤ ਹੋਏ ਆਨੰਦ ਨਾਲ ਹੀ ਸੰਤੁਸ਼ਟ ਹੁੰਦਾ ਹੈ।

180. ਉਹ ਗੁਰੂ ਧੰਨ-ਧੰਨ ਹੈ, ਜੋ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ।

181. ਅਹੰਕਾਰ ਪ੍ਰਮਾਤਮਾ ਤੋਂ ਵਿਛੋੜਾ ਪਾਉਂਦਾ ਹੈ। ਪ੍ਰਮਾਤਮਾ ਤੋਂ ਵਿਛੋੜਾ ਜਨਮ-ਮਰਨ ਦੇ ਚੱਕਰ ਦਾ ਕਾਰਣ ਬਣਦਾ ਹੈ।

182. ਸ੍ਰਿਸ਼ਟੀ ਵਿਚ, ਪ੍ਰਮਾਤਮਾ ਦੇ ਨਾਲ ਪ੍ਰੀਤ ਤੋਂ ਇਲਾਵਾ ਹੋਰ ਕੁੱਛ ਵੀ ਸਦੀਵੀ ਨਹੀਂ ਹੈ।

183. ਗੁਰੂ ਦੇ ਸਿੱਖ ਦਾ ਮੌਲਿਕ ਧਿਆਨ ਸੱਚਾਈ 'ਤੇ ਕੇਂਦਰਿਤ ਹੁੰਦਾ ਹੈ। ਸਿੱਖ ਝੂਠ ਅਤੇ ਮਾੜੇ ਕਰਮਾਂ ਵਿਚ ਨਹੀਂ ਪੈਂਦਾ।

184. ਇਕ ਬੇਕਾਰ ਪਾਪੀ ਵੀ ਪ੍ਰਮਾਤਮਾ ਦੀ ਮਿਹਰ ਨਾਲ ਮੁਕਤੀ ਪਾ ਸਕਦਾ ਹੈ।

185. ਪ੍ਰਮਾਤਮਾ ਆਪਣੇ ਗੁਣਾਂ ਦਾ ਪ੍ਰਭਾਵ ਆਪਣੇ ਭਗਤ ਦੇ ਮਨ ਵਿਚ ਵਸਾ ਕੇ ਉਸ ਉੱਪਰ ਮਿਹਰ ਕਰਦਾ ਹੈ।

186. ਕੇਵਲ ਗੁਰੂ ਦਾ ਗਿਆਨ ਹੀ ਸਾਨੂੰ ਅਗਿਆਨਤਾ ਅਤੇ ਝੂਠ ਦੀ ਪਕੜ ਤੋਂ ਬਚਾਅ ਸਕਦਾ ਹੈ।

187. ਪ੍ਰਮਾਤਮਾ ਅਤੇ ਉਸ ਦਾ ਭਗਤ, ਆਪਸੀ ਪਿਆਰ ਨਾਲ ਜੁੜੇ ਹੁੰਦੇ ਹਨ।

188. ਪ੍ਰਮਾਤਮਾ ਨਾਲ ਪਿਆਰ ਤੋਂ ਬਿਨਾਂ ਮਨੁੱਖ ਅਸਲੀ ਸਨਮਾਨਜਨਕ ਜੀਵਨ ਬਤੀਤ ਨਹੀਂ ਕਰ ਸਕਦਾ।

189. ਗੁਰੂ ਦੇ ਗਿਆਨ ਨੂੰ ਕਬੂਲ ਕਰਨਾ ਮਨੁੱਖ ਨੂੰ ਸ਼ਾਂਤੀ ਅਤੇ ਆਤਮ-ਸੰਤੋਖ ਵੱਲ ਲੈ ਜਾਂਦੀ ਹੈ।

190. ਪ੍ਰਮਾਤਮਾ ਨਾਲ ਮੇਲ ਸਰਵਉੱਚ ਪ੍ਰਾਪਤੀ ਅਤੇ ਆਨੰਦ ਉਤਪੰਨ ਕਰਦੀ ਹੈ।

191. ਪ੍ਰਮਾਤਮਾ ਉਸ ਮਨੁੱਖ ਨੂੰ ਪਿਆਰ ਕਰਦਾ ਹੈ ਜੋ ਗੁਰੂ ਦੀਆਂ ਸਿੱਖਿਆਵਾਂ ਦੁਆਰਾ ਉਸ ਦੇ ਪਿਆਰ ਦੇ ਕਾਬਿਲ ਬਣਦਾ ਹੈ।

192. ਗੁਰੂ ਨਾਲ ਬਹੁਤ ਅਧਿੱਕ ਪਿਆਰ, ਸਿੱਖ ਨੂੰ ਝੂਠ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਦਾ ਹੈ।

193. ਸਤਿਗੁਰੂ ਆਪਣੇ ਸਿੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ, ਸ਼ਾਂਤੀ ਦੀ ਬਖ਼ਸ਼ਿਸ਼ ਕਰਦਾ ਹੈ, ਚਿੰਤਾ ਖ਼ਤਮ ਕਰਦਾ ਹੈ।

194. ਪ੍ਰਮਾਤਮਾ ਦੀ ਸ਼ਰਨ ਹੀ ਝੂਠ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਦਾ ਮਾਰਗ ਹੈ।

195. ਝੂਠੇ ਪਦਾਰਥਾਂ ਨਾਲ ਮੋਹ, ਪ੍ਰਮਾਤਮਾ ਦੀ ਭਗਤੀ ਨਾਲ ਸਮਾਪਤ ਹੁੰਦਾ ਹੈ।

196. ਪ੍ਰਮਾਤਮਾ ਦੇਵਣਹਾਰ ਹੈ। ਉਸ ਦਿਆਲੂ ਦਾ ਸਿਮਰਨ ਮਨੁੱਖ ਨੂੰ ਸਭ ਚਿੰਤਾਵਾਂ ਤੋਂ ਮੁਕਤ ਕਰਦਾ ਹੈ।

197. ਮਨੁੱਖੀ ਜੀਵਨ ਦਾ ਉਦੇਸ਼, ਪ੍ਰਮਾਤਮਾ ਦੀ ਭਗਤੀ ਤੋਂ ਇਲਾਵਾ ਹੋਰ ਕੁੱਛ ਨਹੀਂ ਹੋਣਾ ਚਾਹੀਦਾ।

198. ਸਤਿਗੁਰੂ ਦਾ ਬ੍ਰਹਮ ਗਿਆਨ ਸਿੱਖ ਦੇ ਚਰਿੱਤਰ ਨੂੰ ਬਦਲ ਦਿੰਦਾ ਹੈ।

199. ਸਤਿਗੁਰੂ ਦੀ ਸਿੱਖਿਆ, ਸਿੱਖ ਨੂੰ ਬਹੁਤ ਲਾਭ ਪਹੁੰਚਾਉਂਦੀ ਹੈ ਅਤੇ ਉਸ ਨੂੰ ਨੁਕਸਾਨ ਤੋਂ ਬਚਾਉਂਦੀ ਹੈ।

200. ਪ੍ਰਮਾਤਮਾ ਨੂੰ ਪਾਉਣ ਦੀ ਖਾਹਿਸ਼, ਉਸ ਨਾਲ ਮਿਲਾਪ ਕਰਕੇ ਹੀ ਪੂਰੀ ਹੁੰਦੀ ਹੈ।

201. ਝੂਠੇ ਪਦਾਰਥਾਂ ਦੇ ਮੋਹ ਲਈ ਸਦੀਵੀ ਕਾਇਮ ਰਹਿਣ ਵਾਲੇ ਪ੍ਰਮਾਤਮਾ ਤੋਂ ਧਿਆਨ ਨਹੀਂ ਹਟਾਉਣਾ ਚਾਹੀਦਾ।

202. ਪ੍ਰਮਾਤਮਾ ਇੱਕ ਵਿਲਖਣ ਅਤੇ ਅਨਮੋਲ ਹੀਰੇ ਦੀ ਤਰ੍ਹਾਂ ਹੈ, ਜਿਸ ਦੀ ਸਹੀ ਕੀਮਤ ਸਤਿਗੁਰੂ ਦੁਆਰਾ ਦਰਸਾਈ ਜਾਂਦੀ ਹੈ।

203. ਸਿਰਫ ਧਾਰਮਿਕ ਪੁਸਤਕਾਂ ਬਾਰੇ ਵਾਦ-ਵਿਵਾਦ ਕਰਨ ਨਾਲ ਜੀਵਨ ਵਿਚ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਨਹੀਂ ਕੀਤੀ ਜਾ ਸਕਦੀ।

204. ਪ੍ਰਮਾਤਮਾ ਪ੍ਰਤੀ ਉਦਾਸੀਨ ਅਤੇ ਬੇਮੁਖ ਰਵੱਈਆ ਬਹੁਤ ਨੁਕਸਾਨ ਪਹੁੰਚਾਉਂਦਾ ਹੈ।

205. ਮਨੁੱਖ ਦਾ ਪ੍ਰਮਾਤਮਾ ਨਾਲ ਉਦੋਂ ਮਿਲਾਪ ਹੁੰਦਾ ਹੈ, ਜਦੋਂ ਉਹ ਸੁਭਾਵਿਕ ਰੂਪ ਨਾਲ ਪ੍ਰਮਾਤਮਾ ਦੇ ਸਿਮਰਨ ਵਿਚ ਜੁੜਦਾ ਹੈ।

206. ਪ੍ਰਮਾਤਮਾ ਨਾਲ ਮਿਲਾਪ ਦਾ ਮਾਰਗ ਨਿਮਰਤਾ ਅਤੇ ਪ੍ਰਮਾਤਮਾ ਦੀ ਮਿਹਰ ਹੈ।

207. ਪ੍ਰਮਾਤਮਾ ਦਾ ਸਿਮਰਨ ਉਸ ਨਾਲ ਭਾਵਨਾਤਮਕ ਲਗਾਉ ਕਰਕੇ ਹੁੰਦਾ ਹੈ।

208. ਪ੍ਰਮਾਤਮਾ ਦੇ ਦਰਸ਼ਨ ਕਰਨ ਲਈ ਭਗਤ ਸਭ ਕੁੱਛ ਤਿਆਗਣ ਲਈ ਇੱਛੁਕ ਹੁੰਦਾ ਹੈ।

209. ਜੇ ਪ੍ਰਮਾਤਮਾ ਦਾ ਹੁਕਮ ਹੋਵੇ ਤਾਂ ਹੀ ਮਨੁੱਖ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ, ਨਹੀਂ ਤਾਂ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ।

210. ਪ੍ਰਮਾਤਮਾ ਦੀ ਭਗਤੀ ਮਨੁੱਖ ਦਾ ਚਰਿੱਤਰ ਕਲਪਨਾ ਤੋਂ ਵੀ ਅਧਿੱਕ ਬਦਲ ਦਿੰਦੀ ਹੈ।

211. ਪ੍ਰਮਾਤਮਾ ਉਨ੍ਹਾਂ ਦਾ ਸਨਮਾਨ ਕਰਦਾ ਹੈ ਜੋ ਉਸ ਅੱਗੇ ਨਿਮਾਣਾ ਹੁੰਦੇ ਹਨ।

212. ਜੀਵ ਨੂੰ ਮਾਇਆ ਦੀ ਬਜਾਇ ਸਤਿ ਨੂੰ ਸਿਮਰਨਾ ਚਾਹੀਦਾ ਹੈ।

213. ਜੇ ਪ੍ਰਮਾਤਮਾ ਮਿਹਰ ਭਰੀ ਨਦਰਿ ਕਰੇ ਤਾਂ ਸੇਵਕ ਸਹਜ ਸੁਭਾਵਕ, ਉਸ ਦੀ ਭਗਤੀ ਕਰਦਾ ਹੈ। ਸੇਵਕ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।

214. ਸਤਿਗੁਰੂ ਦੀ ਸਿੱਖਿਆ ਦੀ ਕਦਰ ਕੀਤੇ ਬਗੈਰ, ਅੰਦਰੂਨੀ ਸ਼ਾਂਤੀ ਅਤੇ ਪ੍ਰਸੰਨਤਾ ਹਾਸਿਲ ਨਹੀਂ ਕੀਤੀ ਜਾ ਸਕਦੀ।

215. ਪ੍ਰਮਾਤਮਾ ਦਾ ਸਿਮਰਨ ਸ਼ਰਧਾ ਨਾਲ ਕਰਨਾ ਚਾਹੀਦਾ ਹੈ।

216. ਪ੍ਰਮਾਤਮਾ ਸਭਨਾਂ ਨੂੰ ਮੁਆਫ਼ ਕਰਨ ਵਾਲਾ ਹੈ। ਉਹ ਬਿਨਾਂ ਸ਼ਰਤ ਮੁਆਫ਼ ਕਰਦਾ ਹੈ।

217. ਪ੍ਰਮਾਤਮਾ ਨਾਲ ਮਿਲਾਪ ਜਾਂ ਵਿਛੋੜਾ, ਉਸ ਦੇ ਹੁਕਮ ਅਨੁਸਾਰ ਹੁੰਦਾ ਹੈ।

218. ਪ੍ਰਮਾਤਮਾ ਦਾ ਸਿਮਰਨ ਸਭ ਦੁੱਖਾਂ ਦਾ ਅੰਤ ਕਰ ਦਿੰਦਾ ਹੈ।

219. ਪ੍ਰਮਾਤਮਾ ਆਪਣੇ ਭਗਤ ਦੇ ਮਨ ਵਿਚ ਵੱਸਦਾ ਹੈ। ਸੱਚਾ ਭਗਤ ਅਤੇ ਪ੍ਰਮਾਤਮਾ ਇਕ ਰੂਪ ਹਨ।

220. ਪ੍ਰਮਾਤਮਾ ਦੀ ਭਗਤੀ ਸਾਰਿਆਂ ਕਰਮਾਂ ਤੋਂ ਸ੍ਰੇਸ਼ਟ ਕਰਮ ਹੈ।

221. ਪ੍ਰਮਾਤਮਾ ਦਾ ਭਗਤ, ਉਸ ਬਖਸ਼ਿਸ਼ ਦੀ ਇੱਛਾ ਰੱਖਦਾ ਹੈ, ਜੋ ਉਸ ਨੂੰ ਪ੍ਰਮਾਤਮਾ ਦੇ ਬਾਕੀ ਸੰਤਾਂ ਨਾਲ ਬਹੁਤ ਜ਼ਿਆਦਾ ਨਿਮਾਣਾ ਬਣਾਵੇ।

222. ਪ੍ਰਮਾਤਮਾ ਨਾਲ ਅੰਦਰੂਨੀ ਸਾਂਝ ਹੀ ਅਜਿਹੀ ਸਥਿਤੀ ਹੁੰਦੀ ਹੈ, ਜਦੋਂ ਮਨ ਸ਼ਾਂਤੀ ਅਤੇ ਪ੍ਰਸੰਨਤਾ ਅਨੁਭਵ ਕਰਦਾ ਹੈ।

223. ਉਹ ਮਨੁੱਖ ਜਿਸ ਨੂੰ ਪ੍ਰਮਾਤਮਾ ਵੱਲੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ, ਉਹ ਪ੍ਰਮਾਤਮਾ ਪ੍ਰਤੀ ਨਿਮਾਣਾ ਹੁੰਦਾ ਹੈ ਅਤੇ ਕਿਸੇ ਹੋਰ ਦੇ ਅਧੀਨ ਨਹੀਂ ਰਹਿੰਦਾ।

224. ਪੂਰਨ ਹੋਂਦ ਵਾਲੇ ਦਾ ਕੋਈ ਵੀ ਕਾਰਜ ਅਪੂਰਨ ਨਹੀਂ ਹੁੰਦਾ।

225. ਗੁਰੂ ਪ੍ਰਤੀ ਸਨਮਾਨ, ਸਿੱਖ ਨੂੰ ਅੰਦਰੂਨੀ ਸ਼ਾਂਤੀ ਪ੍ਰਦਾਨ ਕਰਦਾ ਹੈ। ਅਪਮਾਨ ਰੁੱਖੇ-ਕੋਰੇ ਇਨਸਾਨ ਨੂੰ ਆਤਮ ਗਿਰਾਵਟ ਵੱਲ ਲੈ ਜਾਂਦਾ ਹੈ।

226. ਉਸ ਪ੍ਰਮਾਤਮਾ ਦੀ ਭਗਤੀ ਕਰੋ ਜੋ ਹਮੇਸ਼ਾ ਰਹਿੰਦਾ ਹੈ। ਇਸ ਭਗਤੀ ਦਾ ਕੋਈ ਮੁਕਾਬਲਾ ਨਹੀਂ ਹੁੰਦਾ।

227. ਪ੍ਰਮਾਤਮਾ ਦੀ ਭਗਤੀ ਛਿਪੇ ਲਾਭ ਦਿਵਾਉਂਦੀ ਹੈ।

228. ਜਿਸ ਮਨੁੱਖ ਉੱਪਰ ਪ੍ਰਮਾਤਮਾ ਮਿਹਰ ਕਰਦਾ ਹੈ, ਉਸ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਹੁੰਦੀਆਂ ਹਨ।

229. ਪ੍ਰਮਾਤਮਾ ਨਿਮਾਣਿਆਂ ਦੇ ਨਾਲ ਹੁੰਦਾ ਹੈ। ਉਹ ਅਹੰਕਾਰੀ ਦੇ ਨਾਲ ਨਹੀਂ ਹੁੰਦਾ।

230. ਮੌਤ ਨਿਸ਼ਚਿਤ (ਯਕੀਨੀ) ਹੈ।

231. ਪ੍ਰਮਾਤਮਾ ਸਭਨਾਂ ਨੂੰ ਮੁਆਫ਼ ਕਰਨ ਵਾਲਾ ਹੈ। ਉਹ ਆਪਣੇ ਸੇਵਕ ਨੂੰ ਸਹੀ ਮਾਰਗ 'ਤੇ ਲਿਆਉਣ ਲਈ ਕਈ ਤਰੀਕੇ ਅਪਣਾਉਂਦਾ ਹੈ।

232. ਗੁਰੂ ਦਾ ਸਿੱਖ, ਪ੍ਰਮਾਤਮਾ ਦੇ ਨਾਮ ਅੰਮ੍ਰਿਤ ਦਾ ਆਨੰਦ ਮਾਣਦਿਆਂ ਸੰਤੁਸ਼ਟ ਰਹਿੰਦਾ ਹੈ।

233. ਸੱਚੇ ਪ੍ਰਮਾਤਮਾ ਦੇ ਸਿਮਰਨ ਵਿਚ ਜੁੜ ਕੇ ਮਨੁੱਖ ਉਸ ਸੱਚੇ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

234. ਪ੍ਰਮਾਤਮਾ ਉੱਪਰ ਵਿਸ਼ਵਾਸ ਕਰਕੇ ਹੀ ਉਸ ਦੀ ਸ਼ਰਨ ਅਤੇ ਉਸ ਦੀ ਮਿਹਰ ਪਾਈ ਜਾ ਸਕਦੀ ਹੈ।

235. ਸਤਿਗੁਰੂ ਦੀ ਮਿਹਰ ਨਾਲ ਹੀ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ।

236. ਪ੍ਰਮਾਤਮਾ ਦੀ ਸ਼ਰਨ ਪਾ ਕੇ, ਮਨੁੱਖ ਸਾਰੇ ਦੁੱਖਾਂ ਤੋਂ ਮੁਕਤ ਹੁੰਦਾ ਹੈ।

237. ਕੋਈ ਵੀ ਵਿਚਾਰ ਜਾਂ ਵਿਚਾਰਕ ਜਾਂ ਕੋਈ ਵੀ ਕਾਰਜ ਜਾਂ ਇਸ ਦਾ ਕਰਤਾ, ਉਦੋਂ ਹੀ ਕਿਸੇ ਕੀਮਤ ਦੇ ਹੁੰਦੇ ਹਨ ਜਦੋਂ ਪ੍ਰਮਾਤਮਾ ਉਹਨਾਂ ਨੂੰ ਮਾਨਤਾ ਦੇਵੇ।

238. ਗੁਰੂ, ਪ੍ਰਮਾਤਮਾ ਦੀ ਬਹੁਤ ਸਿਫ਼ਤ-ਸਾਲਾਹਿ ਕਰਦਾ ਹੈ। ਗੁਰੂ ਪ੍ਰਮਾਤਮਾ ਪ੍ਰਤੀ ਸ਼ਰਧਾ ਰੱਖਦਾ ਹੈ ਅਤੇ ਉਸ ਦਾ ਨਾਮ ਸਿਮਰਦਾ ਹੁੰਦਾ ਹੈ।

239. ਪ੍ਰਮਾਤਮਾ ਦੇ ਭਗਤ ਦਾ ਉਸ ਨਾਲ ਸਾਫ਼-ਸਪੱਸ਼ਟ ਅਤੇ ਉਦਾਰ ਨਾਤਾ ਹੁੰਦਾ ਹੈ।

240. ਗੁਰੂ ਗਿਆਨ ਦੇ ਉਪਦੇਸ਼ ਦਾ ਸਾਰ : ਪ੍ਰਮਾਤਮਾ ਨੂੰ ਸਦਾ ਸਿਮਰੋ, ਕਿਉਂਕਿ ਇਹੋ ਹੀ ਸਭ ਤੋਂ ਪਵਿੱਤਰ ਸੱਚਾ ਹੈ।

241. ਪ੍ਰਮਾਤਮਾ ਦੀ ਭਗਤੀ, ਉਸਦੀ ਸਾਰੀ ਸ੍ਰਿਸ਼ਟੀ ਉਤੇ ਸਰਵ-ਉੱਚਤਾ ਮੰਨ ਕੇ ਸੰਭਵ ਹੈ।

242. ਪ੍ਰਮਾਤਮਾ ਦਾ ਪਿਆਰ, ਸੇਵਕ ਅੰਦਰ ਬਹੁਤ ਸਨਮਾਯੋਗ ਤਬਦੀਲੀਆਂ ਲਿਆਉਂਦਾ ਹੈ।

243. ਗੁਰੂ ਦੀ ਮਿਹਰ ਅਤੇ ਸਿੱਖਿਆ, ਮਨ ਵਿਚ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਸਥਾਈ ਤੌਰ 'ਤੇ ਵਸਾ ਦਿੰਦਾ ਹੈ ਅਤੇ ਇਸ ਨੂੰ ਪਵਿੱਤਰ ਕਰਦਾ ਹੈ।

244. ਸਾਰੇ ਗੁਰਮੁਖ ਅਤੇ ਮਨਮੁਖ, ਪ੍ਰਮਾਤਮਾ ਦੇ ਅਧੀਨ ਅਤੇ ਉਸ ਦੇ ਆਗਿਆਕਾਰ ਹੁੰਦੇ ਹਨ।

245. ਪ੍ਰਮਾਤਮਾ ਪ੍ਰਤੀ ਨਿਮਰਤਾ ਮਨੁੱਖ ਨੂੰ ਉਸ ਦੇ ਨੇੜੇ ਲੈ ਜਾਂਦੀ ਹੈ। ਅਹੰਕਾਰ ਪ੍ਰਮਾਤਮਾ ਤੋਂ ਦੂਰ ਕਰਦਾ ਹੈ।

246. ਜੀਵਨ ਵਿਚ ਦੂਸਰਿਆਂ ਪ੍ਰਤੀ ਲੋੜ ਤੋਂ ਜ਼ਿਆਦਾ ਮੋਹ, ਜੀਵਨ ਦੇ ਅੰਤ ਤੇ ਪਛਤਾਵੇ ਦਾ ਕਾਰਣ ਬਣਦਾ ਹੈ।

247. ਸੱਚੀ ਭਗਤੀ ਮਨੁੱਖ ਨੂੰ ਪ੍ਰਮਾਤਮਾ ਨਾਲ ਇੱਕ-ਮਿੱਕ ਕਰ ਦਿੰਦੀ ਹੈ।

248. ਗੁਰੂ ਦੇ ਸਿੱਖ ਨੂੰ ਸਦੀਵੀ ਦੌਲਤ ਦਾ ਫਲ ਮਿਲਦਾ ਹੈ ਜੋ ਪ੍ਰਮਾਤਮਾ ਦੀ ਭਗਤੀ ਕਰਕੇ ਕਮਾਇਆ ਜਾ ਸਕਦਾ ਹੈ।

249. ਪ੍ਰਮਾਤਮਾ ਦੇ ਵਿਛੋੜੇ ਵਿਚ ਬਿਤਾਇਆ ਜੀਵਨ ਹਮੇਸ਼ਾ ਦੁਖਦਾਈ ਹੁੰਦਾ ਹੈ।

250. ਸੰਤਾਂ ਦੀ ਸੰਗਤ ਹੀ ਪ੍ਰਮਾਤਮਾ ਨਾਲ ਮਿਲਾਪ ਦਾ ਮੁੱਖ ਸਾਧਨ ਹੈ।

251. ਸੇਵਕ : ਭਗਤੀ ਕਰਦਾ ਹੈ, ਸ਼ਰਨ ਲੈਂਦਾ ਹੈ, ਵਿਸ਼ਵਾਸ ਕਰਦਾ ਹੈ, ਉਸ ਤੋਂ ਬਿਨਾਂ

ਨਹੀਂ ਰਹਿ ਸਕਦਾ, ਪ੍ਰਮਾਤਮਾ ਨਾਲ ਮਿਲਾਪ ਵਿਚ ਰਹਿੰਦਾ ਹੈ।

252. ਜੇ ਭਗਤ ਦੀ ਪ੍ਰਮਾਤਮਾ ਦੀ ਭਗਤੀ ਸੁਭਾਵਿਕ, ਅੰਦਰੂਨੀ, ਸੱਚੀ ਅਤੇ ਨਿਰੰਤਰ ਹੈ, ਤਾਂ ਫਿਰ ਮਨੁੱਖ, ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ।

253. ਸੰਸਾਰ ਪ੍ਰਮਾਤਮਾ ਦਾ ਘਰ ਹੈ। ਉਹ ਇਸ ਵਿਚ ਨਿਵਾਸ ਕਰਦਾ ਹੈ ਅਤੇ ਸਭਨਾਂ ਦੇ ਕਰਮਾਂ ਉਤੇ ਨਜ਼ਰ ਰੱਖਦਾ ਹੈ।

254. ਅਹੰਕਾਰ ਦਾ ਇਲਾਜ, ਪ੍ਰਮਾਤਮਾ ਦੀ ਕ੍ਰਿਪਾ ਨਾਲ ਗੁਰੂ ਦੇ ਉਪਦੇਸ਼ਾਂ 'ਤੇ ਤੁਰਨਾ ਹੈ।

255. ਉਹ ਸਿਰਜਣਹਾਰ ਜਿਵੇਂ ਚਾਹੇ ਆਪਣੀ ਰਚਨਾ ਦੀ ਸੰਭਾਲ ਕਰਦਾ ਹੈ।

256. ਗੁਰੂ ਦੀ ਪ੍ਰਮਾਤਮਾ ਅੱਗੇ ਅਰਜ਼ੋਈ।

257. ਪ੍ਰਮਾਤਮਾ ਦੇ ਗੁਣ ਅਦਭੁੱਤ ਅਤੇ ਵਿਲੱਖਣ ਹਨ।

258. ਗੁਰੂ ਗੋਬਿੰਦ ਸਿੰਘ ਜੀ ਕੇਵਲ ਪ੍ਰਮਾਤਮਾ ਦੀ ਸ਼ਰਨ ਚਾਹੁੰਦੇ ਹਨ।

259. ਮੌਤ ਅਤੇ ਮੌਤ ਤੋਂ ਬਾਅਦ ਦੀ ਭਿਆਨਕ ਸਥਿਤੀ ਤੋਂ ਬਚਣ ਦਾ ਇੱਕੋ ਇਕ ਤਰੀਕਾ, ਪ੍ਰਮਾਤਮਾ ਦੀ ਭਗਤੀ ਹੈ।

260. ਸਤਿਗੁਰੂ ਦੀ ਸਿੱਖਿਆ ਤੋਂ ਬਗੈਰ ਜਨਮ-ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ।

261. ਜੋ ਪ੍ਰਮਾਤਮਾ ਪ੍ਰਤੀ ਪਿਆਰ ਵਿਚ ਇਮਾਨਦਾਰ ਹਨ, ਉਹੋ ਹੀ ਸੱਚੇ ਸੇਵਕ ਹਨ।

262. ਧਰਮ-ਭ੍ਰਿਸ਼ਟ ਕਰਮਾਂ ਵਿਚ ਪੈ ਕੇ, ਪਵਿੱਤਰ ਹੋਣ ਦਾ ਬਹਾਨਾ (ਦਿਖਾਵਾ) ਕਰਨ ਵਾਲੇ ਲੋਕ ਪ੍ਰਮਾਤਮਾ ਦੇ ਪਿਆਰੇ ਨਹੀਂ ਹੁੰਦੇ।

263. ਭਗਤੀ ਦਾ ਸ਼ਿਖਰ ਉਦੋਂ ਹੁੰਦਾ ਹੈ, ਜਦੋਂ ਮਨੁੱਖ ਪ੍ਰਮਾਤਮਾ ਵਿਚ ਇੰਜ ਮਿਲ ਜਾਂਦਾ ਹੈ, ਜਿਵੇਂ ਪਾਣੀ ਵਿਚ ਪਾਣੀ

264. ਗੁਰੂ ਦੀ ਮਿਹਰ, ਮਨੁੱਖ ਨੂੰ ਦੁਨਿਆਵੀ ਫੰਦਿਆਂ ਤੋਂ ਮੁਕਤ ਕਰਦੀ ਹੈ।

265. ਪ੍ਰਮਾਤਮਾ ਦਾ ਸੇਵਕ ਸਭ ਤੋਂ ਉੱਚਾ ਆਨੰਦ ਮਾਣਦਾ ਹੈ।

266. ਪ੍ਰਮਾਤਮਾ ਸਰਬ-ਵਿਆਪਕ ਹੈ। ਉਸ ਨੂੰ ਸਰੀਰ ਵਿਚ ਪਛਾਣੋ।

267. ਪ੍ਰਮਾਤਮਾ ਆਪਣੇ ਸੇਵਕ ਦੀਆਂ ਅਰਜ਼ੋਈਆਂ ਦਾ ਉੱਤਰ ਦਿੰਦਾ ਹੈ।

268. ਗੁਰੂ ਦਾ ਗਿਆਨ, ਸਿੱਖ ਦੇ ਮਨ ਨੂੰ ਪ੍ਰਮਾਤਮਾ ਦੇ ਸਿਮਰਨ ਵਿਚ ਜੋੜਦਾ ਹੈ।

269. ਪ੍ਰਮਾਤਮਾ ਦੀ ਭਗਤੀ ਅਤੇ ਮਨੁੱਖਤਾ ਪ੍ਰਤੀ ਸਨਮਾਨ ਤੋਂ ਬਗੈਰ, ਪੁਰਾਨ ਪੜ੍ਹਨ ਜਾਂ

ਸੁਨਣ ਦਾ ਕੋਈ ਲਾਭ ਨਹੀਂ।

270. ਜਿਸ ਨੂੰ ਪ੍ਰਮਾਤਮਾ ਆਪ ਆਪਣਾ ਬਣਾ ਲਵੇ, ਉਸ ਤੋਂ ਪ੍ਰਮਾਤਮਾ ਕਦੇ ਵੱਖ ਨਹੀਂ ਹੋ ਸਕਦਾ।

271. ਜੇ ਪ੍ਰਮਾਤਮਾ ਦੀ ਪ੍ਰਾਪਤੀ ਦੀ ਇੱਛਾ ਤੀਬਰ ਹੋਵੇ, ਤਾਂ ਫਿਰ ਉਹ ਆਪਣੇ ਸੇਵਕ ਅੱਗੇ ਪ੍ਰਗਟ ਵੀ ਹੁੰਦਾ ਹੈ।

272. ਗੁਰੂ ਦੀ ਸਿੱਖਿਆ ਤੋਂ ਬਗੈਰ ਮਨੁੱਖ ਦਾ ਜੀਵਨ ਵਿਅਰਥ ਹੈ।

273. ਮਨੁੱਖ ਨੂੰ ਉਹਨਾਂ ਮਨੁੱਖਾਂ ਦੀ ਸੰਗਤ ਛੱਡ ਦੇਣੀ ਚਾਹੀਦੀ ਹੈ, ਜੋ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ।

ਅਧਿਆਇ 8
ਸਿੱਟਾ : ਗੁਰੂ ਅਤੇ ਪ੍ਰਮਾਤਮਾ ਦਾ ਦਰਸ਼ਨ

ਗੁਰੂ ਅਤੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਰਹਿਣਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗਿਆਨ ਅਤੇ ਦਸਾਂ ਗੁਰੂਆਂ ਦੀਆਂ ਜੀਵਨੀਆਂ, ਗੁਰੂ ਦੇ ਮਨ ਦੀ ਸਹੀ ਸਮਝ ਦਰਸਾਉਂਦੇ ਹਨ। ਗੁਰੂ ਦੇ ਮਨ ਨੂੰ ਜਾਨਣਾ, ਉਸ ਦੀ ਸ਼ਖ਼ਸੀਅਤ ਨੂੰ ਜਾਨਣਾ ਹੈ। ਗੁਰੂ ਦੇ ਵਿਅੱਕਤਿੱਤਵ ਨੂੰ ਜਾਨਣਾ, ਗੁਰੂ ਦੇ ਦਰਸ਼ਨ ਕਰਨਾ ਜਾਂ ਉਸ ਦੀ ਹਜ਼ੂਰੀ ਵਿਚ ਰਹਿਣਾ ਹੈ।

ਗੁਰਬਾਣੀ ਵਿਚ ਦਰਜ਼ ਗੁਰੂ ਦੀਆਂ ਸਿੱਖਿਆਵਾਂ ਵੀ ਪ੍ਰਮਾਤਮਾ ਦੇ ਮਨ ਦੀ ਸਾਫ਼ ਸਮਝ ਕਰਾਉਂਦੇ ਹਨ। ਪ੍ਰਮਾਤਮਾ ਦੇ ਮਨ ਨੂੰ ਜਾਨਣਾ, ਉਸ ਦੇ ਵਿਅੱਕਤਿੱਤਵ ਨੂੰ ਜਾਨਣਾ ਹੈ। ਪ੍ਰਮਾਤਮਾ ਦੇ ਵਿਅੱਕਤਿੱਤਵ ਨੂੰ ਜਾਨਣਾ, ਪ੍ਰਮਾਤਮਾ ਦੇ ਦਰਸ਼ਨ ਕਰਨਾ ਜਾਂ ਉਸ ਦੀ ਹਜ਼ੂਰੀ ਵਿਚ ਰਹਿਣਾ ਹੈ।

ਸੇਵਕ ਦੇ ਸਾਹਮਣੇ ਪ੍ਰਤੱਖ ਪ੍ਰਗਟ ਹੋਣਾ, ਜਾਂ ਸੇਵਕ ਨਾਲ ਮਿਲਾਪ ਦੀ ਬੇਨਤੀ ਪ੍ਰਵਾਨ ਕਰਨਾ, ਪ੍ਰਮਾਤਮਾ ਵੱਲੋਂ ਸੇਵਕ ਲਈ ਸਭ ਤੋਂ ਵੱਡੀ ਮਿਹਰ ਹੈ। ਸੇਵਕ ਸਹਿਜ ਅਵਸਥਾ (ਸੇਵਕ ਦੀ ਪ੍ਰਮਾਤਮਾ ਨਾਲ ਪਿਆਰ ਅਤੇ ਸਤਿਕਾਰ ਨਾਲ ਸੁਭਾਵਿਕ, ਆਨੰਦ ਪੂਰਵਕ, ਨਿਰੰਤਰ ਅਤੇ ਸਰਲਤਾ ਨਾਲ ਸਾਂਝ) ਦੀ ਪ੍ਰਾਪਤੀ ਕਰਕੇ, ਪ੍ਰਮਾਤਮਾ ਦੇ ਦਰਸ਼ਨਾਂ ਦੀ ਤਾਂਘ ਕਰਦਾ ਹੈ। ਕੇਵਲ ਪ੍ਰਮਾਤਮਾ ਹੀ ਜਾਣਦਾ ਹੈ ਕਿ ਕਿਵੇਂ ਅਤੇ ਕਦੋਂ ਉਹ ਸੇਵਕ ਨੂੰ ਠੋਸ ਰੂਪ ਵਿਚ ਦਰਸ਼ਨ ਦੇਵੇਗਾ। ਉਦਾਹਰਣ ਵਜੋਂ, ਪ੍ਰਮਾਤਮਾ ਅਜਿਹੇ ਦਰਸ਼ਨ ਬਾਕੀ ਹੋਰਨਾਂ ਦੇ ਨਾਲ ਭਗਤ ਨਾਮਦੇਵ ਜੀ ਅਤੇ ਭਗਤ ਪ੍ਰਹਿਲਾਦ ਜੀ ਨੂੰ ਪ੍ਰਾਪਤ ਹੋਏ ਸਨ। ਪ੍ਰਮਾਤਮਾ ਦੇ ਆਪਣੇ ਸੇਵਕ ਨੂੰ ਦਰਸ਼ਨ ਦੇਣ ਬਾਰੇ ਖਾਸ ਘਟਨਾਵਾਂ ਦੇ ਵੇਰਵੇ ਲਈ, ਪਾਠਕ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਉਲੇਖਿਤ ਹਨ।

ਪ੍ਰਮਾਤਮਾ ਹਰ ਥਾਂ ਉਤੇ ਅਤੇ ਹਰੇਕ ਅੰਦਰ ਮੌਜੂਦ ਰਹਿੰਦਾ ਹੈ। ਉਸ ਦੀ ਮੌਜੂਦਗੀ ਇਸ ਕਰਕੇ ਨਜ਼ਰ ਨਹੀਂ ਆਉਂਦੀ, ਕਿਉਂਕਿ ਮਨ ਨੇ ਅਜੇ ਬੇਰਹਿਮੀ, ਜਿੱਦੀਪੁਣਾ, ਅਹੰਕਾਰ, ਪੁਰਾਣੀਆਂ ਆਦਤਾਂ ਨਾਲ ਜੁੜਾਵ, ਆਦਤਾਂ ਦੀ ਗੁਲਾਮੀ ਮਾੜੀ ਸੋਚ ਅਤੇ ਮਾੜੇ ਕਰਮਾਂ ਦਾ ਤਿਆਗ ਨਹੀਂ ਕੀਤਾ ਹੁੰਦਾ। ਪ੍ਰਮਾਤਮਾ ਉਦੋਂ ਦਰਸ਼ਨ ਦਿੰਦਾ ਹੈ ਜਦੋਂ ਮਨ ਸੁੱਚਾ, ਦੂਜਿਆਂ ਦਾ ਧਿਆਨ ਰੱਖਣ ਵਾਲਾ, ਵਿਚਾਰਵਾਨ, ਤਰਕ-ਸੰਗਤ,

ਨਿਮਾਣਾ, ਬੁਰਾਈਆਂ ਤੋਂ ਮੁਕਤ ਹੋਣ ਦਾ ਇੱਛੁਕ ਅਤੇ ਗੁਰੂ ਦੇ ਗਿਆਨ ਦਾ ਲਾਭ ਹਾਸਿਲ ਕਰਨ ਦਾ ਖਾਹਿਸ਼ਮੰਦ ਹੋਵੇ।

ਪ੍ਰਮਾਤਮਾ ਉਦੋਂ ਨਜ਼ਰ ਆਉਂਦਾ ਹੈ ਜਦੋਂ ਸ਼ਰਧਾਲੂ ਦੀ ਪ੍ਰਮਾਤਮਾ ਅਤੇ ਪ੍ਰਮਾਤਮਾ ਪ੍ਰਤੀ ਸੂਝ ਦੀ ਵਿਥ, ਗੁਰੂ ਦੀ ਸਿੱਖਿਆ ਨਾਲ ਪਾਰ ਕੀਤੀ ਜਾਵੇ। ਅਜਿਹੇ ਸਮੇਂ, ਸੇਵਕ ਪ੍ਰਮਾਤਮਾ ਦੀ ਹਜ਼ੂਰੀ ਵਿਚ ਹੁੰਦਾ ਹੈ। ਫਿਰ ਸੇਵਕ ਦੇ ਗੁਰੂ ਦੇ ਗਿਆਨ ਤੋਂ ਬਿਨਾਂ ਪ੍ਰਮਾਤਮਾ ਤੋਂ ਦੂਰੀ ਕਾਰਣ ਬੋਲੇ ਗਏ ਬਚਨ, ਪ੍ਰਮਾਤਮਾ ਬਾਰੇ ਬੋਲੇ ਗਏ ਬਚਨ ਉਹਨਾਂ ਬੋਲਾਂ ਦੇ ਮੁਕਾਬਲੇ ਲਾਸਾਨੀ ਹੁੰਦੇ ਹਨ। ਸਤਿਗੁਰੂ ਦੀ ਪ੍ਰਮਾਤਮਾ ਬਾਰੇ ਸੂਝ ਅਤੇ ਪ੍ਰਮਾਤਮਾ ਦੇ ਆਪਣੇ ਬਾਰੇ ਵਿਚ ਕੋਈ ਫਾਸਲਾ ਨਹੀਂ ਹੈ। ਗੁਰੂ ਪ੍ਰਮਾਤਮਾ ਨਾਲ ਨਿਰੰਤਰ ਹਾਜ਼ਰੀ ਵਿਚ ਰਹਿੰਦਾ ਹੈ—ਪ੍ਰਮਾਤਮਾ ਨਾਲ ਮਿਲਾਪ ਵਿਚ ਰਹਿੰਦਾ ਹੈ।

ਹੁਣ ਤੱਕ ਦੀ ਵਾਰਤਾਲਾਪ ਇਸ ਕਲਪਨਾ 'ਤੇ ਆਧਾਰਿਤ ਹੈ ਕਿ ਬ੍ਰਹਮ ਗਿਆਨ ਦਾ ਜਗਿਆਸੂ, ਪ੍ਰਮਾਤਮਾ ਦੀ ਹੋਂਦ 'ਤੇ ਯਕੀਨ ਕਰਦਾ ਹੈ। ਜਗਿਆਸੂ ਕੋਲ ਇਸ ਮੌਲਿਕ ਵਿਸ਼ਵਾਸ ਤੋਂ ਬਗੈਰ, ਅਧਿਆਤਮਿਕ ਪ੍ਰਗਤੀ ਲਈ ਬ੍ਰਹਮ ਗਿਆਨ ਦੀ ਕੋਈ ਸਿਖਲਾਈ ਨਹੀਂ ਹੋ ਸਕਦੀ। ਕੋਈ ਵਿਗਿਆਨ, ਕੋਈ ਦਰਸ਼ਨ ਸ਼ਾਸਤਰ, ਕੋਈ ਹੋਰ ਕਾਰਜ ਇਹ ਗੱਲ ਸਾਬਿਤ ਜਾਂ ਗਲਤ ਸਾਬਿਤ ਨਹੀਂ ਕਰ ਸਕਦੇ ਕਿ ਪ੍ਰਮਾਤਮਾ ਦੀ ਹੋਂਦ ਨਹੀਂ ਹੈ।

ਪ੍ਰਮਾਤਮਾ ਦੇ ਆਪਣੀ ਸ੍ਰਿਸ਼ਟੀ ਉਤੇ ਸਰਵਉੱਚ ਅਧਿਕਾਰ ਨੂੰ ਸਵੀਕਾਰਨਾ ਹੀ ਪ੍ਰਮਾਤਮਾ ਨੂੰ ਜਾਨਣਾ ਸ਼ੁਰੂ ਕਰਨਾ ਹੈ। ਇਕ ਸਿੱਖ ਜਾਂ ਗੈਰ-ਸਿੱਖ, ਜੋ ਸਿੱਖ ਗੁਰੂਆਂ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ) ਦੇ ਬ੍ਰਹਮ ਗਿਆਨ ਦਾ ਇਕ ਗੰਭੀਰ ਵਿਦਿਆਰਥੀ ਬਣਨਾ ਚਾਹੁੰਦਾ ਹੈ, ਉਸ ਦਾ ਪ੍ਰਮਾਤਮਾ ਦੀ ਹੋਂਦ ਉਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ। ਅਧਿਆਤਿਮਕ ਯਾਤਰਾ ਵਿਚ ਉੱਪਰ ਚੜ੍ਹਨ ਲਈ, ਪ੍ਰਮਾਤਮਾ ਦੀ ਹਸਤੀ ਉਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ। ਬ੍ਰਹਮ ਗਿਆਨ ਦੇ ਵਿਦਿਆਰਥੀ ਦਾ ਪ੍ਰਮਾਤਮਾ ਦੀ ਹੋਂਦ 'ਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ। ਬ੍ਰਹਮ ਗਿਆਨ ਦੇ ਸਤਿਗੁਰੂ ਹੋਣ ਦੇ ਨਾਤੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੱਚਾਈ 'ਤੇ ਮੋਹਰ ਲਗਾਉਂਦੇ ਹਨ। ਉਹ ਕਹਿੰਦੇ ਹਨ ਕਿ ਸਿਰਜਣਹਾਰ ਇੱਕ ਹੈ ਅਤੇ ਉਹ ਆਪਣੀ ਰਚਨਾ ਦੀ ਹਰ ਚੀਜ਼ ਅਤੇ ਹਰੇਕ ਦੇ ਅੰਦਰ ਮੌਜੂਦ ਹੈ।

ਇਸ ਸਫ਼ਰ ਤੇ ਅਧਿਆਤਮਿਕ ਪ੍ਰਗਤੀ, ਵਿਦਿਆਰਥੀ ਦੀ ਬ੍ਰਹਮ ਗਿਆਨ ਸਿੱਖਦਿਆਂ, ਉਸ ਦੀ ਕੋਸ਼ਿਸ਼ ਅਤੇ ਮਾਨਸਿਕ ਰਵੱਈਏ ਤੇ ਵੀ ਨਿਰਭਰ ਕਰਦਾ ਹੈ। ਅਧਿਆਤਮਿਕ ਸਫ਼ਰ ਤੇ ਪ੍ਰਗਤੀ ਕਰਨ ਲਈ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਨਿਮਰਤਾ ਦਾ ਹੋਣਾ ਜ਼ਰੂਰੀ ਹੈ।

ਸਿੱਖ ਗੁਰੂਆਂ ਦਾ ਬ੍ਰਹਮ ਗਿਆਨ ਸਭਨਾਂ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਇਸ

ਦਾ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ। ਕੋਈ ਵੀ ਮਨੁੱਖ ਭਾਵੇਂ ਉਹ ਮਨਮੁਖ ਹੋਵੇ ਜਾਂ ਨਾਸਤਿਕ, ਜਾਂ ਸੰਸਾਵਾਦੀ ਜਾਂ ਕਿਸੇ ਹੋਰ ਧਰਮ 'ਤੇ ਵਿਸ਼ਵਾਸ ਕਰਨ ਵਾਲਾ ਹੋਵੇ, ਜਾਂ ਗ੍ਰਹਿਸਤੀ ਹੋਵੇ ਜਾਂ ਜੋ ਸਤਿਗੁਰੂ ਦੇ ਵਿਚਾਰਾਂ ਤੇ ਗੰਭੀਰਤਾ ਨਾਲ ਧਿਆਨ ਲਗਾਉਣ ਵਾਲਾ ਹੋਵੇ, ਉਹ ਇਹਨਾਂ ਵਿਚਾਰਾਂ ਦੇ ਲਾਭ ਪ੍ਰਾਪਤ ਕਰੇਗਾ, ਜੇ ਕੋਈ ਮਨੁੱਖ ਵਿਦਿਆਰਥੀ ਬਣਿਆ ਰਹਿੰਦਾ ਹੈ ਤਾਂ ਫਿਰ ਉਸ ਵਿਦਿਆਰਥੀ ਦੀ ਸ਼ਖਸੀਅਤ ਵਿਚ ਸਾਕਾਰਤਮਿਕ ਤਬਦੀਲੀਆਂ ਆਉਂਦੀਆਂ ਹਨ।

ਗੁਰੂ ਦੇ ਉਪਦੇਸ਼ਾਂ ਤੋਂ ਸਿੱਖਿਆ ਗ੍ਰਹਿਣ ਕਰਕੇ ਫਿਰ ਉਹ ਵਿਦਿਆਰਥੀ ਸਮਾਜਿਕ ਤੌਰ ਤੇ ਜ਼ਿੰਮੇਵਾਰ, ਨੈਤਿਕਤਾ ਵਿਚ ਉੱਚ ਵਿੱਤੀ ਤੌਰ 'ਤੇ ਸੁਰੱਖਿਅਤ ਅਤੇ ਅਧਿਆਤਮਿਕ ਤੌਰ 'ਤੇ ਪ੍ਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਦਾ ਸੇਵਕ ਜਾਂ ਗੁਰੂ ਦਾ ਸਿੱਖ ਬਣ ਕੇ, ਮਨੁੱਖ ਕੋਈ ਵੀ ਨੁਕਸਾਨ ਨਹੀਂ ਉਠਾਉਂਦਾ।

ਗੁਰੂ ਤੋਂ ਸਿੱਖਿਆ ਗ੍ਰਹਿਣ ਕਰਨ ਦੀ ਇੱਕ ਹੀ ਸ਼ਰਤ ਹੈ—ਪ੍ਰਮਾਤਮਾ ਦੀ ਹੋਂਦ 'ਤੇ ਵਿਸ਼ਵਾਸ। ਪ੍ਰਮਾਤਮਾ ਦੀ ਹੋਂਦ ਬਾਰੇ ਜਾਣਕਾਰੀ, ਪੂਰਨ ਗੁਰੂ ਦੇ ਸਿੱਖ ਬਣੇ ਬਗੈਰ ਨਹੀਂ ਹੋ ਸਕਦੀ, ਜੋ ਆਪ ਹਮੇਸ਼ਾ ਪ੍ਰਮਾਤਮਾ ਨਾਲ ਸਾਂਝ ਵਿਚ ਹੁੰਦਾ ਹੈ। ਸਿੱਖਾਂ ਦਾ ਵਿਸ਼ਵਾਸ ਹੈ ਕਿ ਅਜਿਹਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਸਿੱਖਾਂ ਦਾ ਇਹ ਵੀ ਮੰਨਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਦੇ ਦਸ ਗੁਰੂ, ਪੂਰਨ ਗੁਰੂ ਸਨ। 1708 ਵਿਚ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਅਤੇ ਬਾਕੀ ਦੂਜਿਆਂ ਦੇ ਜੋ ਕੋਈ ਵੀ ਜੋ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਿੱਖਿਆ ਹਾਸਿਲ ਕਰਨਾ ਚਾਹੇ, ਦੇ ਸਦੀਵੀ ਗੁਰੂ ਥਾਪਿਆ।

ਜਾਣ-ਪਛਾਣ ਦੇ ਅਧੀਨ ਉਠਾਏ ਗਏ ਪ੍ਰਸ਼ਨਾਂ ਦਾ ਇਸ ਵਾਰਤਾਲਾਪ ਵਿਚ ਉੱਤਰ ਦੇ ਦਿੱਤਾ ਗਿਆ ਹੈ। ਇਹ ਉੱਤਰ ਸੰਖੇਪ ਵਿਚ ਹੇਠ ਲਿਖੇ ਹਨ :

- ✲ ਸਤਿਗੁਰੂ, ਮਨੁੱਖ ਦਾ ਪ੍ਰਮਾਤਮਾ ਨਾਲ ਸਿੱਧਾ, ਨੇੜਤਾ ਭਰਿਆ ਅਤੇ ਨਿਰੰਤਰ ਰਿਸ਼ਤਾ ਬਣਾਉਂਦਾ ਹੈ।
- ✲ ਸਤਿਗੁਰੂ, ਮਨੁੱਖ ਨੂੰ ਬ੍ਰਹਮ ਗਿਆਨ ਦੇ ਕੇ ਉਪਰੋਕਤ ਰਿਸ਼ਤਾ ਕਾਇਮ ਕਰਦਾ ਹੈ।
- ✲ ਸੱਚ ਦੀ ਅੰਦਰੂਨੀ (ਅੰਤਰ ਦੀ) ਅਵਾਜ਼ ਮਨੁੱਖ ਨੂੰ ਪ੍ਰਮਾਤਮਾ ਨਾਲ ਉਸ ਦੇ ਸੰਬੰਧ ਅਤੇ ਉਸ ਦੀ ਤੀਬਰਤਾ ਬਾਰੇ ਦੱਸਦੀ ਹੈ।
- ✲ ਪ੍ਰਮਾਤਮਾ ਅਤੇ ਮਨੁੱਖ ਦੇ ਰਿਸ਼ਤੇ ਦਾ ਸ਼ਿਖਰ, ਮਨ ਦਾ ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਪਿਆਰ ਅਤੇ ਸਤਿਕਾਰ ਨਾਲ ਨਿਰੰਤਰ, ਸੁਭਾਵਿਕ ਅਤੇ ਸਰਲ ਸਾਂਝ ਹੁੰਦਾ ਹੈ।
- ✲ ਮਨੁੱਖ ਨੂੰ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਨਾਤਾ ਜੋੜਨ ਦੇ ਅਣਗਿਣਤ ਲਾਭ ਹਨ, ਕਿਉਂਕਿ ਮਨੁੱਖ ਦੀ ਦਿਆਲੂ, ਦਇਆਵਾਨ, ਧਿਆਨ ਰੱਖਣ ਵਾਲੇ ਅਤੇ

ਉਪਕਾਰੀ ਪ੍ਰਮਾਤਮਾ ਦੀਆਂ ਮਿਹਰਾਂ ਤੱਕ ਸਿੱਧੀ ਪਹੁੰਚ ਹੁੰਦੀ ਹੈ।

ਗੁਰੂ ਦਾ ਸਿੱਖ, ਜਦੋਂ ਗਿਆਨ ਦੀ ਸਹਿਜ ਅਵਸਥਾ ਤੱਕ ਪਹੁੰਚ ਜਾਂਦਾ ਹੈ, ਤਾਂ ਫਿਰ ਉਹ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਦੇ ਕਾਬਿਲ ਨਹੀਂ ਗਹਿੰਦਾ, ਕਿਉਂਕਿ ਉਸ ਕੋਲ ਸ਼ੁਕਰਾਨਾ ਜ਼ਾਹਿਰ ਕਰਨ ਲਈ ਸ਼ਬਦ ਹੀ ਨਹੀਂ ਹੁੰਦੇ ਹਨ। ਸਹਿਜ ਦੇ ਮਾਧਿਅਮ ਨਾਲ ਪ੍ਰਮਾਤਮਾ ਦੀ ਭਗਤੀ ਦੀ ਬਖ਼ਸ਼ਿਸ਼ ਹੀ ਸੇਵਕ ਦੀ ਸਰਵੋਤਮ ਦਾਤ ਹੈ। ਗੁਰੂ ਨੇ ਉਸ ਦੇ ਮਨ ਵਿਚ ਜੋ ਵਿਚਾਰ ਅਤੇ ਭਾਵਨਾਵਾਂ ਬਿਠਾਈਆਂ ਹੁੰਦੀਆਂ ਹਨ ਉਹਨਾਂ ਕਾਰਣ ਪ੍ਰਮਾਤਮਾ ਸ਼ਰਧਾਲੂ ਉਪਰ ਇਸ ਦਾਤ ਦੀ ਮਿਹਰ ਕਰਦਾ ਹੈ। ਇਹ ਵਿਚਾਰ ਅਤੇ ਭਾਵਨਾਵਾਂ ਪ੍ਰਮਾਤਮਾ ਦੇ ਵਿਅੱਕਤਿੱਤਵ ਨਾਲ ਉਂਝ ਹੀ ਮਿਲਦੀਆਂ ਹਨ, ਜਿਵੇਂ ਉਸ ਨੂੰ ਭਾਉਂਦੀਆਂ ਹਨ। ਗੁਰੂ ਅਨੁਸਾਰ, ਜੋ ਸੇਵਕ ਸਹਿਜ ਨਾਲ ਭਗਤੀ ਕਰਦਾ ਹੈ, ਪ੍ਰਮਾਤਮਾ ਉਸ ਨੂੰ ਉੱਪਰ ਉਠਾਉਂਦਾ ਹੈ। ਉਹ ਆਪਣੇ ਸੇਵਕ ਨੂੰ ਇਸ ਜਨਮ ਅਤੇ ਅਗਲੇ ਜਨਮ ਵਿਚ ਵੀ ਉੱਪਰ (ਉੱਚਾ) ਉਠਾਉਂਦਾ ਹੈ। ਸਨਮਾਨਤ ਕਰਦਾ ਹੈ।

ਪ੍ਰਮਾਤਮਾ ਦਾ ਸੇਵਕ ਜੀਵਨ ਦੇ ਉਤਰਾ ਚੜ੍ਹਾਅ ਨੂੰ ਹੇਠ ਲਿਖੇ ਅਨੁਸਾਰ ਨਿਪਟਦਾ ਹੈ : ਜੀਵਨ ਵਿਚ ਉਚਾਈਆਂ ਦੇ ਸਮੇਂ, ਸਿੱਖ, ਪ੍ਰਮਾਤਮਾ ਦਾ ਸ਼ੁਕਰਾਨਾ ਕਰਦਾ ਹੈ। ਜੀਵਨ ਵਿਚ ਉਤਰਾਈ ਦੇ ਸਮੇਂ ਉਹ ਪ੍ਰਮਾਤਮਾ ਅਤੇ ਗੁਰੂ ਨੂੰ ਉਸ ਨੂੰ ਸਰੀਰਿਕ ਅਤੇ ਮਾਨਸਿਕ ਤੌਰ 'ਤੇ ਉਹਨਾਂ ਪ੍ਰਸਥਿਤੀਆਂ ਵਿੱਚੋਂ ਨਿਕਲ ਕੇ ਹੋਰ ਵਧੀਆ ਹਾਲਾਤ ਵਿਚ ਜਾਣ ਦੇ ਕਾਬਿਲ ਬਣਾਉਣ ਦੀ ਬੇਨਤੀ ਕਰਦਾ ਹੈ। ਉਹ ਗੁਰੂ ਅਤੇ ਪ੍ਰਮਾਤਮਾ ਦੀ ਮਦਦ ਦਾ ਸੁਆਗਤ ਕਰਦਾ ਹੈ।

ਅਤਿਅੰਤ ਮੁਸ਼ਕਿਲਾਂ ਵਿਚ ਸਹਿਜ ਨਾਲ ਪ੍ਰਮਾਤਮਾ ਦੀ ਭਗਤੀ ਕਰਨਾ :

ਗਿਆਨ ਦੀ ਸਹਿਜ ਅਵਸਥਾ, ਉਹ ਅਵਸਥਾ ਹੈ, ਜਦੋਂ ਸੇਵਕ ਆਪਣੇ ਆਪ ਅਤੇ ਸੁਭਾਵਕ ਪ੍ਰਮਾਤਮਾ ਨਾਲ ਜੁੜਿਆ ਗਹਿੰਦਾ ਹੈ ਅਤੇ ਜਦੋਂ ਉਹ ਹਰ ਤਰ੍ਹਾਂ ਦੇ ਹਾਲਾਤਾਂ ਵਿਚ ਵੀ ਪ੍ਰਮਾਤਮਾ ਦੀ ਭਗਤੀ ਕਰਦਾ ਗਹਿੰਦਾ ਹੈ। ਕੋਈ ਵੀ ਇਸ ਨਾਤੇ ਵਿਚ ਰੁਕਾਵਟ ਨਹੀਂ ਪਾ ਸਕਦਾ। ਕੋਈ ਦੁੱਖ-ਤਕਲੀਫ ਇਸ ਨਾਤੇ ਨੂੰ ਖ਼ਤਮ ਨਹੀਂ ਕਰ ਸਕਦੇ। ਇੱਥੋਂ ਤੱਕ ਕਿ ਅਸਹਿਣਯੋਗ ਕਸ਼ਟ ਵੀ ਇਸ ਨਾਤੇ ਨੂੰ ਤੋੜ ਨਹੀਂ ਸਕਦੇ। ਇਹ ਨਾਤਾ ਉਦੋਂ ਵੀ ਨਹੀਂ ਟੁੱਟ ਸਕਦਾ, ਜਦੋਂ ਗੁਰੂ ਦਾ ਆਪਣੇ ਸਿੱਖ ਅਤੇ ਪ੍ਰਮਾਤਮਾ ਦਾ ਆਪਣੇ ਭਗਤ ਨਾਲ ਸੰਬੰਧ ਕਿਸੇ ਸ਼ੱਕ ਦੇ ਘੇਰੇ ਵਿਚ ਹੋਵੇ। ਇਹ ਨਾਤਾ ਉਦੋਂ ਵੀ ਨਹੀਂ ਟੁੱਟਦਾ, ਜਦੋਂ ਗੁਰੂ ਆਪਣੇ ਸਿੱਖ ਦੇ ਅਤੇ ਪ੍ਰਮਾਤਮਾ ਆਪਣੇ ਭਗਤ ਦੇ ਦੁੱਖ ਦੂਰ ਨਾ ਕਰ ਰਿਹਾ ਹੋਵੇ। ਪ੍ਰਮਾਤਮਾ ਅਤੇ ਗੁਰੂ ਦੀ ਮਿਹਰ, ਪ੍ਰਮਾਤਮਾ ਦੇ ਭਗਤ ਅਤੇ ਗੁਰੂ ਦੇ ਸਿੱਖ ਨੂੰ ਇਸ ਦੁਬਿਧਾ ਵਿੱਚੋਂ ਬਾਹਰ ਕੱਢ ਲੈਂਦੀ ਹੈ। ਉਹਨਾਂ ਦੀ ਮਦਦ ਅਤੇ ਸਹਾਇਤਾ ਲਈ ਅਰਦਾਸ ਕਰਦੇ

ਹਨ। ਸਿੱਖ ਦੀ ਪ੍ਰਮਾਤਮਾ ਅਤੇ ਗੁਰੂ ਨਾਲ ਸਤਿਕਾਰ ਅਤੇ ਪਿਆਰ ਦੀ ਭਾਵਨਾ ਕਦੀ ਖ਼ਤਮ ਨਹੀਂ ਹੁੰਦੀ।

ਪ੍ਰਮਾਤਮਾ ਦਾ ਭਗਤ ਭਾਵੇਂ ਘੋਰ ਕਸ਼ਟ ਵਿਚ ਹੋਵੇ, ਗਿਆਨ ਦੀ ਸਹਿਜ ਅਵਸਥਾ ਵਿਚ ਉਹ ਪ੍ਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ। ਸਿੱਖ ਇਤਿਹਾਸ ਵਿਚ ਇਸ ਨੂੰ ਦਰਸਾਉਣ ਲਈ ਅਨੇਕਾਂ ਉਦਾਹਰਣਾਂ ਹਨ। ਪ੍ਰਮਾਤਮਾ ਦਾ ਸੇਵਕ, ਉਦੋਂ ਵੀ ਪ੍ਰਮਾਤਮਾ ਨੂੰ ਸਿਮਰਦਾ ਰਹਿੰਦਾ ਹੈ, ਜਦੋਂ ਉਸ ਨੂੰ ਅਧਿਕ ਸੁੱਖ-ਸਹੂਲਤਾਂ ਹਾਸਿਲ ਹੋਣ।

ਭਗਤ ਦੀ ਪ੍ਰਮਾਤਮਾ ਪ੍ਰਤੀ ਹਰੇਕ ਭਾਵਨਾ, ਸਤਿਕਾਰ, ਪਿਆਰ ਅਤੇ ਨਿਮਰਤਾ ਕਾਰਣ ਸਰਬ-ਵਿਆਪਕ ਪ੍ਰਮਾਤਮਾ ਉਸ ਭਗਤ ਦੇ ਮਨ ਵਿਚ ਵਾਸ ਕਰਦਾ ਹੈ। ਇਸੇ ਤਰ੍ਹਾਂ ਭਗਤ ਦੇ ਮਨ ਵਿਚ ਪ੍ਰਮਾਤਮਾ ਪ੍ਰਤੀ ਆਪਣੇ ਨਾਤੇ ਦੀ ਕਦਰ ਕਾਰਣ ਵੀ ਸਰਬ-ਵਿਆਪਕ ਪ੍ਰਮਾਤਮਾ ਉਸ ਦੇ ਮਨ ਵਿਚ ਵਾਸ ਕਰਦਾ ਹੈ। ਭਗਤ ਦੀ ਵਾਸਤਵਿਕ ਅਤੇ ਬਹੁਤ ਅਧਿੱਕ ਨਿਮਰਤਾ ਵੀ ਪ੍ਰਮਾਤਮਾ ਦਾ ਉਸ ਦੇ ਮਨ ਵਿਚ ਵਾਸ ਦਾ ਕਾਰਣ ਬਣਦੀ ਹੈ। ਸਰਬ-ਵਿਆਪਕ ਪ੍ਰਮਾਤਮਾ, ਭਗਤੀ ਦੀ ਭਾਵਨਾ ਦਾ ਚਾਹਵਾਨ ਹੈ। ਸ਼ਰਧਾ, ਪਿਆਰ ਅਤੇ ਨਿਮਰਤਾ ਦੀ ਹਰੇਕ ਭਾਵਨਾ, ਪ੍ਰਮਾਤਮਾ ਦਾ ਧਿਆਨ ਸੁਭਾਵਕ ਭਗਤ ਦੇ ਪ੍ਰਤੀ ਆਕਰਸ਼ਿਤ ਕਰਾਉਂਦੀ ਹੈ।

ਗੁਰੂ ਵੀ ਆਪਣੇ ਸਿੱਖ ਦੇ ਸੇਵਾ ਦੇ ਭਾਵ ਨੂੰ ਪਿਆਰਦਾ ਹੈ। ਗੁਰੂ ਦਾ ਮਨ ਆਪਣੇ ਸਿੱਖ ਦੀਆਂ ਭਾਵਨਾਵਾਂ ਕਾਰਣ ਸਿੱਖ ਵੱਲ ਖਿੱਚਿਆ ਜਾਂਦਾ ਹੈ। ਸਰਵ-ਵਿਆਪਕ ਪ੍ਰਮਾਤਮਾ, ਸਿੱਖ ਦੇ ਪ੍ਰਮਾਤਮਾ ਪ੍ਰਤੀ ਸੇਵਾ ਕਾਰਣ, ਉਸ ਦੇ ਮਨ ਵਿਚ ਵਾਸ ਕਰਦਾ ਹੈ। ਭਗਤ ਪ੍ਰਮਾਤਮਾ ਦਾ ਸਤਿਕਾਰ ਕਰਦਾ ਹੈ, ਉਸ ਨੂੰ ਪਿਆਰ ਕਰਦਾ ਹੈ। ਭਗਤ ਨੂੰ ਸਹਿਜ ਅਵਸਥਾ ਦਾ ਅਨੁਭਵ ਅਤੇ ਇਸ ਅਵਸਥਾ ਦਾ ਅਨੰਦ ਪ੍ਰਮਾਤਮਾ ਦਾ ਮਨ ਵਿਚ ਨਿਵਾਸ ਹੋਣ ਕਾਰਨ ਪ੍ਰਾਪਤ ਹੁੰਦਾ ਹੈ।

ਉਪਰੋਕਤ ਸਾਰੀ ਚਰਚਾ ਸੰਖੇਪ ਰੂਪ ਵਿਚ ਇੰਜ ਦੱਸੀ ਜਾ ਸਕਦੀ ਹੈ :

ਮਨੁੱਖ ਨੂੰ ਇਹ ਦੋ ਸਾਧਾਰਣ ਕਾਰਜ ਕਰਨੇ ਚਾਹੀਦੇ ਹਨ। ਸਭ ਤੋਂ ਪਹਿਲਾਂ ਤਾਂ ਮਨੁੱਖ ਨੂੰ ਸਰੀਰ ਵਿਚ ਆਤਮਾ ਦੇ ਰੂਪ ਵਿਚ ਵਿਆਪਕ ਪ੍ਰਮਾਤਮਾ ਦੀ ਹੋਂਦ ਨੂੰ ਮੰਨਣਾ ਚਾਹੀਦਾ ਹੈ। ਦੂਸਰਾ, ਪ੍ਰਮਾਤਮਾ, ਗੁਰੂ ਅਤੇ ਸੰਤਾਂ ਪ੍ਰਤੀ ਭਗਤੀ-ਭਾਵਨਾ ਹੋਣ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣਾ ਚਾਹੀਦਾ ਹੈ। ਪ੍ਰਮਾਤਮਾ, ਗੁਰੂ ਅਤੇ ਸੰਤਾਂ ਨਾਲ ਭਗਤੀ-ਭਾਵਨਾ ਵਿਚ ਨਿਮਰਤਾ, ਸਤਿਕਾਰ ਅਤੇ ਪਿਆਰ ਤਿੰਨੋਂ ਸ਼ਾਮਿਲ ਹੁੰਦੇ ਹਨ। ਜੇ ਕੋਈ ਮਨੁੱਖ ਹਰ ਪਲ ਅਜਿਹੀ ਭਾਵਨਾ ਕਾਇਮ ਰੱਖੇ, ਤਾਂ ਫਿਰ ਪ੍ਰਮਾਤਮਾ, ਗੁਰੂ ਅਤੇ ਸੰਤ, ਸਿਰਫ਼ ਇਕ ਵਿਚਾਰ ਵਜੋਂ ਨਹੀਂ, ਬਲਕਿ ਇਕ ਸੱਚਾਈ ਬਣ ਕੇ ਉਸ ਦੇ ਮਨ ਵਿਚ ਵੱਸ ਜਾਂਦੇ ਹਨ। ਇਹਨਾਂ ਤਿੰਨਾਂ ਦੀ ਮਨੁੱਖ ਦੇ ਮਨ ਵਿਚ ਹਾਜ਼ਰੀ, ਉਸ ਦੇ ਪ੍ਰਮਾਤਮਾ, ਗੁਰੂ ਅਤੇ ਸੰਤਾਂ ਦੇ ਵਿਅੱਕਤਿੱਤਵ ਦੇ ਪ੍ਰਤੱਖ ਅਨੁਭਵ ਨਾਲ ਸੱਚਾ ਸਾਬਿਤ

ਕਰਦੀ ਹੈ।

ਪ੍ਰਮਾਤਮਾ ਅਤੇ ਗੁਰੂ ਦੀ ਮਿਹਰ ਸਦਕਾ ਹੀ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। ਪ੍ਰਮਾਤਮਾ ਮਨੁੱਖ ਨੂੰ ਆਪਣੀ ਭਗਤੀ ਲਈ ਚੁਣਦਾ ਹੈ ਅਤੇ ਗੁਰੂ ਦੀ ਸਿੱਖਿਆ ਦੁਆਰਾ ਉਸ ਨੂੰ ਆਪਣੀ ਭਗਤੀ ਦੇ ਕਾਬਿਲ ਬਣਾਉਂਦਾ ਹੈ। ਇਕ ਵਾਰ ਚੁਣ ਕੇ, ਪ੍ਰਮਾਤਮਾ ਫਿਰ ਕਦੀ ਆਪਣੇ ਸੇਵਕ ਦਾ ਸਾਥ ਨਹੀਂ ਛੱਡਦਾ। ਜੇ ਪ੍ਰਮਾਤਮਾ ਆਪਣੀ ਮਿਹਰ ਭਰੀ ਨਦਰਿ ਉਸ ਉੱਪਰ ਕਰ ਦੇਵੇ (ਉਸ ਅੰਦਰ ਪਿਆਰ ਦੀ ਭਾਵਨਾ ਜਾਗ੍ਰਿਤ ਕਰ ਦੇਵੇ) ਤਾਂ ਫਿਰ ਉਹ ਮਨੁੱਖ ਸਦਾ ਪ੍ਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ। ਦੋਨਾਂ ਵਿਚ ਪਿਆਰ ਦਾ ਇਹ ਰਿਸ਼ਤਾ ਗੁਰੂ ਦੁਆਰਾ ਬਣਾਇਆ ਜਾਂਦਾ ਅਤੇ ਵਿਕਸਿਤ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਹਿਜ ਅਤੇ ਪ੍ਰਮਾਤਮਾ ਦੇ ਦਰਸ਼ਨ ਬਾਰੇ ਸ਼ਬਦ

ਇਸ ਕਿਤਾਬ ਵਿਚਲੀ ਸਾਰੀ ਵਾਰਤਾਲਾਪ ਦਾ ਸਾਰ ਜਾਨਣ ਲਈ, ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੀ ਹੇਠਾਂ ਵਿਆਖਿਆ ਦਿੱਤੀ ਗਈ ਹੈ :

ਜੇ ਭਗਤ ਦੀ ਪ੍ਰਮਾਤਮਾ ਦੀ ਭਗਤੀ ਸਹਿਜ-ਸੁਭਾਵਕ, ਸੱਚੀ, ਲਗਾਤਾਰ ਅਤੇ ਨਿਹਕਾਮ ਹੈ ਤਾਂ ਫਿਰ ਉਹ ਪ੍ਰਮਾਤਮਾ ਦੇ ਮਿਲਾਪ ਵਿਚ ਹੈ

ਮਨ ਦੀ ਸਹਿਜ ਅਵਸਥਾ, ਜਦੋਂ ਭਗਤ ਸੁਭਾਵਿਕ, ਆਪਣੇ ਆਪ ਅਤੇ ਨਿਹਕਾਮ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਤਾਂ ਉਹ ਉਸ ਦੀ ਪ੍ਰਮਾਤਮਾ ਨਾਲ ਮਿਲਾਪ ਦੀ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਭਗਤ ਦਾ ਪ੍ਰਮਾਤਮਾ ਦੀ ਹਜ਼ੂਰੀ ਵਿਚ ਸੁਆਗਤ ਹੁੰਦਾ ਹੈ। ਭਗਤ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਪ੍ਰਮਾਤਮਾ ਅਤੇ ਉਸ ਦਾ ਨਿਮਾਣਾ ਸੇਵਕ ਇੱਕ-ਮਿੱਕ ਹੋ ਜਾਂਦੇ ਹਨ। ਉਹ ਹਰ ਜਗ੍ਹਾ ਪ੍ਰਮਾਤਮਾ ਹੀ ਦੇਖਦਾ ਹੈ।

ਗੁਰੂ ਦਾ ਸਿੱਖ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਸਹਿਜ ਅਵਸਥਾ ਪ੍ਰਾਪਤ ਕਰਦਾ ਹੈ। ਗੁਰੂ ਦੀ ਸ਼ਰਨ ਅਤੇ ਗਿਆਨ ਤੋਂ ਬਗੈਰ, ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ।

ਉਹੀ ਗੁਰੂ ਸਤਿਗੁਰੂ ਹੁੰਦਾ ਹੈ ਜੋ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਣ ਦਾ ਉਪਦੇਸ਼ ਬਖਸ਼ਦਾ ਹੈ, ਉਸ ਨੂੰ ਅਕੱਥ ਪ੍ਰਮਾਤਮਾ ਦੇ ਵਿਅੱਕਤਿੱਤਵ ਬਾਰੇ ਸਮਝਾਉਂਦਾ ਹੈ ਅਤੇ ਜੋ ਆਪਣੀ ਸਿੱਖਿਆ ਨਾਲ ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਉਂਦਾ ਹੈ। ਪ੍ਰਮਾਤਮਾ ਦਾ ਭਗਤ ਸ਼ਰਧਾ-ਭਾਵ ਨਾਲ ਉਸ ਦਾ ਨਾਮ ਸਿਮਰਦਾ ਹੈ। ਉਸ ਦਾ ਮਾਲਕ ਸਦੀਵੀ ਕਾਇਮ ਰਹਿਣ ਵਾਲਾ ਹੈ ਅਤੇ ਉਹ ਉਸ ਨੂੰ ਪਿਆਰ ਕਰਦਾ ਹੈ।

ਮਨ, ਸਰੀਰ ਵਿਚ ਹੁੰਦਾ ਹੈ। ਸਦੀਵੀ ਕਾਇਮ ਰਹਿਣ ਵਾਲਾ ਪ੍ਰਮਾਤਮਾ, ਭਗਤ ਦੇ ਮਨ ਵਿਚ ਹੁੰਦਾ ਹੈ। ਭਗਤ, ਪ੍ਰਮਾਤਮਾ ਨਾਲ ਜੁੜਿਆ ਹੁੰਦਾ ਹੈ ਅਤੇ ਸ਼ਰਧਾ ਨਾਲ ਉਸ

ਦਾ ਨਾਮ ਸਿਮਰਦਾ ਰਹਿੰਦਾ ਹੈ। ਉਹ ਹਮੇਸ਼ਾ ਪ੍ਰਮਾਤਮਾ ਪ੍ਰਤੀ ਨਿਮਾਣਾ ਹੁੰਦਾ ਹੈ। ਉਪਰੋਕਤ ਸਭ ਕੁੱਛ ਉਦੋਂ ਹੁੰਦਾ ਹੈ, ਜਦੋਂ ਮਨੁੱਖ ਸਤਿਗੁਰੂ ਨਾਲ ਮਿਲਦਾ ਹੈ।

ਪ੍ਰਮਾਤਮਾ, ਆਪਣੇ ਭਗਤ ਨੂੰ ਆਪਣਾ ਦਰਸ਼ਨ ਪ੍ਰਦਾਨ ਕਰਦਾ ਹੈ। ਅਸਲ ਵਿਚ, ਉਹ ਭਗਤ ਵਿਚ ਆਪਣੇ ਆਪ ਨੂੰ ਦੇਖਦਾ ਹੈ। ਪ੍ਰਮਾਤਮਾ ਨਾ ਤਾਂ ਮਨੁੱਖ ਦੇ ਸਖ਼ਤ ਸ਼ਿਸ਼ਟਾਚਾਰ ਤੋਂ ਅਤੇ ਨਾ ਹੀ ਉਸ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਤੋਂ ਪ੍ਰਭਾਵਿਤ ਹੁੰਦਾ ਹੈ। ਪਿਆਰ ਨਾਲ ਕੀਤੀ ਗਈ ਉਸ ਦੀ ਭਗਤੀ, ਉਸ ਦੇ ਭਗਤ ਦੇ ਮਨ ਨੂੰ ਪ੍ਰਸੰਨਚਿੱਤ ਅਤੇ ਸੰਤੁਸ਼ਟ ਕਰਦੀ ਹੈ। ਪ੍ਰਮਾਤਮਾ ਆਪਣੇ ਭਗਤ ਦਾ ਮਨ ਨਾਮ ਅੰਮ੍ਰਿਤ ਗ੍ਰਹਿਣ ਕਰਨ ਦੇ ਯੋਗ ਬਣਾਉਂਦਾ ਹੈ।

ਮਨ ਦੀ ਮਨਮਰਜ਼ੀ ਚਾਲਾਕੀ ਅਤੇ ਸਾਰੇ ਤਰ੍ਹਾਂ ਦੀ ਵਿਦਵਤਾ ਵੀ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਕਰਾਉਂਦੀ ਅਤੇ ਮਨੁੱਖ ਗਲਤੀਆਂ ਤੇ ਗਲਤੀਆਂ ਕਰਦਾ ਜਾਂਦਾ ਹੈ ਅਤੇ ਗਲਤ ਫੈਸਲਿਆਂ ਦੇ ਨਤੀਜਿਆਂ ਕਾਰਣ ਦੁੱਖ ਭੋਗਦਾ ਹੈ। ਸਹੀ ਵਤੀਰਾ, ਪ੍ਰਮਾਤਮਾ ਨੂੰ ਭੈਅ (ਡਰ) ਅਤੇ ਸਤਿਕਾਰ ਨਾਲ ਯਾਦ ਕਰਨਾ ਹੁੰਦਾ ਹੈ। ਪ੍ਰਮਾਤਮਾ ਪ੍ਰਤੀ ਨਿਮਰਤਾ ਅਤੇ ਸੇਵਾ ਭਾਵ ਨਾਲ, ਗੁਰੂ ਦਾ ਸਿੱਖ, ਪ੍ਰਮਾਤਮਾ ਨਾਲੋਂ ਵਿਛੋੜੇ ਉਤੇ ਵੀ ਕਾਬੂ ਪਾ ਲੈਂਦਾ ਹੈ।

ਮੂਰਤੀਆਂ ਦੀ ਪੂਜਾ, ਧਾਰਮਿਕ ਅਸਥਾਨਾਂ ਦੀ ਯਾਤਰਾ, ਜੰਗਲਾਂ ਵਿਚ ਰਹਿਣਾ ਆਦਿ ਮਨੁੱਖ ਦੀ ਜੜ੍ਹ ਹੀਨਤਾ, ਅਸਥਿਰਤਾ ਅਤੇ ਨਿਰਾਸ਼ਾ ਦਰਸਾਉਂਦੇ ਹਨ। ਜੇ ਮਨ ਅਪਵਿੱਤਰ ਹੈ, ਤਾਂ ਉਪਰੋਕਤ ਕਰਮਾਂ ਦਾ ਕੋਈ ਲਾਭ ਨਹੀਂ। ਮਨ ਅਪਵਿੱਤਰ ਹੀ ਰਹਿੰਦਾ ਹੈ। ਮਨੁੱਖ ਉਦੋਂ ਹੀ ਆਤਮ ਮੁੱਲ ਪ੍ਰਾਪਤ ਕਰਦਾ ਹੈ ਜਦੋਂ ਉਹ ਸੱਚਾਈ ਹਾਸਿਲ ਕਰ ਲੈਂਦਾ ਹੈ।

ਜਦੋਂ ਪ੍ਰਮਾਤਮਾ ਕਿਸੇ ਮਨੁੱਖ 'ਤੇ ਦਿਆਲ ਹੁੰਦਾ ਹੈ, ਤਾਂ ਉਹ, ਉਸ ਨੂੰ ਗੁਰੂ ਨਾਲ ਮਿਲਵਾਉਂਦਾ ਹੈ। ਪ੍ਰਮਾਤਮਾ ਏਨਾ ਸ਼ਕਤੀਸ਼ਾਲੀ ਹੈ ਕਿ ਉਹ ਪਲਕ ਝਪਕਦੇ ਹੀ ਅਣਗਿਣਤ ਮਨੁੱਖਾਂ ਨੂੰ ਮੁਕਤੀ ਦਿਵਾ ਸਕਦਾ ਹੈ। ਫਿਰ ਸੇਵਕ ਸਮਝਦਾਰ ਅਤੇ ਨੇਕ ਚਰਿੱਤਰ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸੰਤੁਲਿਤ ਹੋ ਜਾਂਦਾ ਹੈ ਅਤੇ ਉਹ ਸੱਚੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ।

ਪ੍ਰਮਾਤਮਾ ਦਾ ਭਗਤ ਸੁਭਾਵਿਕ ਤੌਰ 'ਤੇ ਅਤੇ ਆਪਣੇ ਆਪ ਪ੍ਰਮਾਤਮਾ ਦੀ ਭਗਤੀ ਵਿਚ ਲੱਗਾ ਰਹਿੰਦਾ ਹੈ। ਉਸ ਲਈ ਪ੍ਰਮਾਤਮਾ ਤੋਂ ਜ਼ਿਆਦਾ ਨਜ਼ਦੀਕੀ ਹੋਰ ਕੋਈ ਨਹੀਂ ਹੁੰਦਾ। ਉਹ ਪ੍ਰਮਾਤਮਾ ਅੱਗੇ, ਹਮੇਸ਼ਾ ਉਸ ਪ੍ਰਤੀ ਵਫ਼ਾਦਾਰ ਰਹਿਣ ਦਾ ਆਸ਼ੀਰਵਾਦ ਦੇਣ ਲਈ ਅਰਜ਼ੋਈ ਕਰਦਾ ਹੈ। ਉਸ ਨੂੰ ਪ੍ਰਮਾਤਮਾ ਪ੍ਰਤੀ ਆਪਣੀ ਪ੍ਰਸ਼ੰਸਾ ਦਿਖਾਉਣ ਦੀ ਲੋੜ ਨਹੀਂ ਰਹਿੰਦੀ। ਉਸ ਲਈ ਜੋ ਚੀਜ਼ ਮਾਇਨਾ ਰੱਖਦੀ ਹੈ, ਉਹ ਹੈ ਪ੍ਰਮਾਤਮਾ ਦਾ ਉਸ ਪ੍ਰਤੀ ਖ਼ਿਆਲ।

ਪਹਿਲੀ ਪਾਤਿਸ਼ਾਹੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 686 'ਤੇ ਦਰਜ਼ ਹੈ। ਇਹ ਸ਼ਬਦ 23 ਫਰਵਰੀ 2013 ਨੂੰ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਹੁਕਮਨਾਮੇ ਵਜੋਂ ਪੜ੍ਹਿਆ ਗਿਆ। ਇਸ ਸ਼ਬਦ ਦਾ ਉਚਾਰਣ, ਇਸ ਕਿਤਾਬ ਦੇ ਹਸਤ ਲੇਖ ਦੀ ਸਮਾਪਤੀ ਤੇ ਸੰਯੋਗੀ ਮੇਲ ਖਾਧਾ।

ਗੁਰੂ ਆਪਣੇ ਸਿੱਖ ਦੇ ਮਾਰਗ-ਦਰਸ਼ਨ ਲਈ, ਉਸ ਨੂੰ ਆਸਰਾ ਦੇਣ ਲਈ, ਉਸ ਨੂੰ ਸਹਾਰਾ ਦੇਣ ਲਈ ਹਮੇਸ਼ਾ ਉਸ ਦੇ ਅੰਗ-ਸੰਗ ਰਹਿੰਦਾ ਹੈ। ਸਿੱਖ, ਪਿਆਰ ਅਤੇ ਸਤਿਕਾਰ ਦੀ ਭਾਵਨਾ ਨਾਲ ਹਮੇਸ਼ਾ ਗੁਰੂ ਬਾਰੇ ਸੋਚਦਾ ਰਹਿੰਦਾ ਹੈ।

ਰਾਗ ਆਸਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ
ਪੰਕਤੀ ਦੀ ਸੰਖੇਪ ਵਿਆਖਿਆ।

ਸ੍ਰਿਸ਼ਟੀ ਨਾਮ ਦਾ ਸ਼ਾਨਦਾਰ ਖੇਡ ਹੈਰਾਨਕੁੰਨ ਹੈ, ਇਹ ਵੀ ਹੈਰਾਨਕੁੰਨ ਹੈ ਕਿ
ਕਿਵੇਂ ਸਿਰਜਣਹਾਰ ਇਸ ਸ਼ਾਨਦਾਰ ਖੇਡ ਦਾ ਪ੍ਰਬੰਧਨ ਕਰਦਾ ਹੈ।

—ਸੰਪੂਰਨ ਤੌਰ 'ਤੇ ਸ਼ਲਾਘਾਯੋਗ—

ਵਾਹ !

(ਲੇਖਕ ਵੱਲੋਂ)

❍